Digitized by Arya Samaj Foundation Chennai and eGangotri



ਜਸਵੰਤ ਸਿੰਘ ਰਾਹੀ

ਮੈਂ ਕਿਵੇਂ ਜੀਵਿਆ 2

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

100068
Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਕਿਵੇਂ ਜੀਵਿਆ-2

[ਸ੍ਵੈ-ਜੀਵਨੀ] 100068

DONATION

ਪੁਸਤਕਾਲਯ
ਗੁਰੂਕੁਲ ਕਾਂਗੜੀ ਵਿਸ਼ਵਵਿਦਿਆਲਯ

ਜਸਵੰਤ ਸਿੰਘ ਰਾਹੀ

ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ-੬

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

MAIN KIVEN JIVIA-2
an Autobiography
by : Jaswant Singh Rahi

©ਜਸਵੰਤ ਸਿੰਘ ਰਾਹੀ

1993

ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼ (ਨੇੜੇ ਗੌਰੀ ਸ਼ੰਕਰ ਮੰਦਰ)
ਚਾਂਦਨੀ ਚੌਕ, ਦਿੱਲੀ-6 ; ਫ਼ੋਨ 3280657

ਛਾਪਕ : ਆਰਸੀ ਪ੍ਰਿੰਟਿੰਗ ਏਜੰਸੀ, ਦਿੱਲੀ-6
(ਸਤਕਾਰ ਕੰਪੋਜ਼ਿੰਗ ਹਾਊਸ, ਵੈਸਟ ਆਜ਼ਾਦ ਨਗਰ, ਦਿੱਲੀ-51)

ਮੁੱਲ : 120 ਰੁਪਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਰਪਣ

ਹਰ ਉਹ ਸੱਤਾ ਮਨੁੱਖ ਦੀ ਦੁਸ਼ਮਣ ਹੈ, ਜੋ ਵਿਅਕਤੀ ਨੂੰ ਦਹਿਸ਼ਤ ਜਾਂ ਜ਼ੋਰ ਜਬਰ ਨਾਲ ਗ਼ੁਲਾਮ ਬਣਾਉਂਦੀ ਹੈ।

ਉਹ ਸੱਤਾ ਚਾਹੇ ਫਾਸਿਸਟ ਝੰਡੇ ਥੱਲੇ ਹੋਂਦ ਵਿਚ ਆਉਂਦੀ ਹੈ ਜਾਂ ਕਮਿਊਨਿਸਟ ਝੰਡੇ ਥੱਲੇ। ਮਨੁੱਖੀ ਸਮਾਜ ਵਿਚ ਜੋ ਕੁਝ ਵੀ ਵੱਡ-ਮੁੱਲਾ ਹੈ, ਉਹ ਵਿਅਕਤੀ ਦੇ ਵਿਕਾਸ ਲਈ ਪੈਦਾ ਕੀਤੇ ਗਏ ਹਾਲਾਤ 'ਤੇ ਨਿਰਭਰ ਹੈ।

—ਆਇਨ ਸਟਾਈਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੇਖਕ ਦੀਆਂ ਹੋਰ ਪੁਸਤਕਾਂ

ਨਾਵਲ :

ਕੌਮੀ ਸ਼ਹੀਦ, ਅਧੂਰਾ ਸਫ਼ਰ, ਟੁੱਟਦੇ-ਜੁੜਦੇ ਜਿਸਮ, ਲਹੂ ਭਿੱਜੀ ਚਾਨਣੀ, ਪਰਛਾਵਿਆਂ ਦਾ ਸ਼ੱਚ ਮੈਂ ਕਿਵੇਂ ਜੀਵਿਆ ਭਾਗ-1

ਕਹਾਣੀਆਂ :

ਦੋਜ਼ਖ਼ ਦੀ ਅੱਗ, ਚਿਖਾ ਦੀ ਚੋਰੀ, ਕੌੜੀਆਂ ਖੁਰਮਾਨੀਆਂ, ਸੱਚਾ ਝੂਠ, ਕਬਰਾਂ ਦਾ ਗੁਲਾਬ, ਸ਼ੋਏ ਫੁੱਲਾਂ ਦਾ ਮੰਦਰ

ਡਰਾਮਾ :

ਰਾਮ-ਕਹਾਣੀ

ਮਹਾਂ ਕਾਵਿ :

ਜੱਸਾ ਸਿੰਘ ਰਾਮਗੜ੍ਹੀਆ

ਕਵਿਤਾ :

ਸੱਟਾਂ, ਲਿਸ਼ਕਾਂ, ਫੁਲਕਾਰੀ, ਲੰਮੀਆਂ ਲਗਰਾਂ, ਮਹਿਕਾਂ ਦੀ ਧਰਤੀ, ਨੂਰ ਉਪਾਇਆ, ਪੌਣਾਂ ਦੇ ਤਰਿਹਾਏ, ਆਦੇਸ ਤਿਸੇ ਆਦੇਸ, ਸਿਮਦੀਆਂ ਤਰੇੜਾਂ ਲਹਿਰਾਂ ਉਡਦੀਆਂ ਰਹੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀ ਕਿੱਥੇ ?

9 ਹਦੂਦਬੰਦੀ
25 ਹਦੂਦਬੰਦੀ ਟੁਟੀ
28 ਤਾਰੀਖ਼ੀ ਮੋੜ
37 ਸਿਆਲਕੋਟ
55 ਆਪਣੇ ਸ਼ਹਿਰ
67 ਰੰਧੀਵੇ ਦੌਰ
88 ਯੋਲ ਕੈਂਪ
95 ਅੰਬਾਲਾ ਜ਼ੇਲ੍ਹ
102 ਪੁੜਾਂ ਵਿਚ
112 ਸਭਿਆਚਾਰ
114 ਤਰੱਕੀ ਪਸੰਦ ਕਾਨਫ਼ਰੰਸ
118 ਪੰਜ ਹਜ਼ਾਰੀ
122 ਵਿਚਾਰਾ ਸਕੂਲ
126 ਆਲ ਇੰਡੀਆ ਅਮਨ ਕਾਨਫ਼ਰੰਸ
131 ਪਹਿਲਾ ਮੈਂਬਰ
134 ਸਾਹਿਤ, ਦਰਦ, ਖਵਾਰੀ
141 ਤੁਰਦੇ ਫਿਰਦੇ
148 ਸ਼ਾਹੋਵਾਲ ਤੋਂ ਸ੍ਰੀਨਗਰ
155 ਪੈਪਸੂ ਚੋਣ
163 ਆਪਣੇ ਪੈਰ
ਪਾਰਟੀਸਿਪੇਸ਼ਨ ਕਾਂਗਰਸ 170
ਸੰਤੋਸ਼ ਦਾ ਵਿਆਹ 174
ਇਹ ਵੀ ਹੋਇਆ 178
ਮਿਉਂਸਪਲ ਕਮਿਸ਼ਨਰ 185
ਸਾਹਿਤਕ ਇਜਲਾਸ 189
ਮੈਂ ਅਸੈਂਬਲੀ ਅਲੈਕਸ਼ਨ ਲੜੀ 192
ਪਠਾਨਕੋਟ 204
ਨਿਰਣਾ 207
ਸੁਪਨ ਮਾਲਾ 212
ਸਾਹਿਤ ਨੂੰ ਹੁੱਝਾਂ 224
ਸੋਕਾ ਡੋਬਾ 236
ਠੋਕਰਾਂ ਤੇ ਸੁਹੱਪਣ 242
ਪੈਂਤੜੇ 251
ਟੁੱਟ-ਭੱਜ 254
ਇਕ ਪਛਤਾਵਾ 260
ਟੁਕੜੀਆਂ 264
ਜੇਲ੍ਹ ਵਿਚ ਸਕੂਲ 269
ਮੈਂ ਬਿਮਾਰ ਪਿਆ 274
ਹਸਪਤਾਲ ਤੇ ਮੈਂ 278

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋ ਧਾਰੇ ਖੰਡੇ 'ਤੇ ਤੁਰਦਾ ਰਾਹੀ

ਏਸੇ ਸਾਲ ਦੇ ਭਰ ਸਿਆਲ ਵਿਚ ਸ: ਜਸਵੰਤ ਸਿੰਘ ਰਾਹੀ ਹੁਰਾਂ ਦੀ ਇਕ ਚਿੱਠੀ ਮਿਲੀ। ਮੈਨੂੰ ਨਿੱਘ ਜਿਹਾ ਚੜ੍ਹ ਗਿਆ। ਦਰਅਸਲ, ਉਹ ਚਿੱਠੀ ਹੀ ਨਹੀਂ ਸੀ ਸਗੋਂ ਮੇਰੇ ਲਈ ਇਕ ਹੁਕਮਨਾਮਾ ਸੀ। ਕਿਉਂਕਿ ਉਹਨਾਂ ਲਿਖਿਆ ਸੀ, ''ਬਰਖ਼ੁਰਦਾਰ ਤੂੰ ਮੇਰੀ ਸਵੈ-ਜੀਵਨੀ (ਮੈਂ ਕਿਵੇਂ ਜੀਵਿਆ) ਦਾ ਦੂਜਾ ਭਾਗ ਪੜ੍ਹਨਾ ਹੈ ਤੇ ਉਸ ਬਾਰੇ ਦੋ ਸ਼ਬਦ ਲਿਖਣੇ ਹਨ।'' ਇਹ ਪੜ੍ਹ ਕੇ ਮੇਰੇ ਖਾਨਿਓਂ ਗਈ। ਮੈਂ ਕਈ ਦਿਨ ਸ਼ਸ਼ੋਪੰਜ ਵਿਚ ਪਿਆ ਰਿਹਾ ਕਿ ਮੈਂ ਇਕ ਅਦਨਾ ਜਿਹਾ ਲੇਖਕ ਤੇ ਰਾਹੀ ਜੀ ਦੋ ਦਰਜਨ ਪੁਸਤਕਾਂ ਤੋਂ ਵੀ ਵਧੇਰੇ ਦੇ ਲੇਖਕ। ਕਈ ਪੁਸਤਕਾਂ ਆਪਣੇ ਪ੍ਰਕਾਸ਼ਨ ਉਪਰੰਤ ਚਰਚਾ ਦਾ ਵਿਸ਼ਾ ਬਣ ਚੁੱਕੀਆਂ ਹਨ। ਖ਼ੈਰ, ਮੈਨੂੰ ਰਾਹੀ ਜੀ ਦੀ ਇਹ ਵਡੱਤਣ ਲੱਗੀ ਤੇ ''ਮੈਂ ਕਿਵੇਂ ਜੀਵਿਆ'' ਦੇ ਖਰੜੇ ਦਾ ਪਾਠ ਆਰੰਭ ਕਰ ਦਿੱਤਾ।

ਆਪਣੀ ਉਮਰ ਦੀਆਂ ਤ੍ਰਕਾਲਾਂ 'ਚੋਂ ਵਿਚਰਦਿਆਂ ਰਾਹੀ ਜੀ ਨੇ ਇਸ ਸਵੈ-ਜੀਵਨੀ ਦੀ ਰਚਨਾ ਕੀਤੀ ਹੈ। ਸ਼ਾਇਦ ਏਸੇ ਕਰਕੇ ਇਹ ਸਮੇਂ ਅਨੁਸਾਰ ਤਰਤੀਬ ਵਿਚ ਨਹੀਂ ਹੈ। ਪਰ ਇਸ ਨੂੰ ਮਾਣੇ ਜਾਣ ਵਿਚ ਇਹ ਗੱਲ ਕੋਈ ਅੜਿੱਕਾ ਨਹੀਂ ਬਣਦੀ।

ਰਾਹੀ ਜੀ ਕਮਿਊਨਿਸਟ ਪਾਰਟੀ ਦੇ ਕੁੱਲ ਵਕਤੀ ਕਾਰਕੁੰਨ ਰਹੇ ਹਨ। ਸਿਆਸੀ ਤੇ ਸਾਹਿੱਤਕ ਸੂਝ ਉਹਨਾਂ ਦੇ ਰੋਮ ਰੋਮ ਵਿਚ ਰਚੀ ਹੋਈ ਹੈ। ਉਹਨਾਂ ਭਾਰਤੀ ਜਮਹੂਰੀਅਤ ਦੇ ਨਿੱਕੇ ਪੱਧਰਾਂ ਤੋਂ ਲੈ ਕੇ ਵਿਧਾਨ ਸਭਾ ਤਕ ਦੀਆਂ ਬਤੌਰ ਪਾਰਟੀ ਉਮੀਦਵਾਰ ਚੋਣਾਂ ਲੜੀਆਂ। ਬਹੁਤੀ ਵਾਰ ਪਾਸਾ ਉਲਟਾ ਹੀ ਪੈਂਦਾ ਰਿਹਾ, ਕਿਉਂਕਿ ਪਾਰਟੀ ਸਫ਼ਾਂ ਅੰਦਰ ਜੱਟਵਾਦ ਭਾਰੂ ਸੀ। ਇਸ ਦੇ ਬਾਵਜੂਦ ਵੀ ਰਾਹੀ ਜੀ ਇਕ ਵਫ਼ਾਦਾਰ ਕਾਰਕੁੰਨ ਦੀ ਭੂਮਿਕਾ ਨਿਭਾਉਂਦੇ ਰਹੇ। ਉਹਨਾਂ ਨੂੰ ਇਸ ਗੱਲ ਦਾ ਮਸੋਸ ਨਹੀਂ ਕਿ ਜੇ ਉਹਨਾਂ ਨੂੰ ਹਵਾ 'ਚ ਤਲਵਾਰਾਂ ਮਾਰਨ ਦਾ 'ਆਰਟ' ਆ ਜਾਂਦਾ ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹਨਾਂ ਵੀ ਪਾਰਟੀ ਦਾ ਵੱਡਾ ਲੀਡਰ ਬਣ ਜਾਣਾ ਸੀ। ਸ਼ਾਇਦ ਇਕ ਸੂਝਵਾਨ ਤੇ ਬੁੱਧੀਜੀਵੀ ਲੇਖਕ ਤੋਂ ਇਉਂ ਤਵੱਕੋ ਕਰਨੀ ਵੀ ਚਿੜੀਆਂ ਦਾ ਦੁੱਧ ਚੋਣ ਦੇ ਤੁੱਲ ਹੈ। ਹਾਂ, ਉਹ ਕਈ ਵਾਰ ਕਿਸੇ ਵਿਚਾਰਧਾਰਾ ਦਾ ਧੁਤਰੂ ਜ਼ਰੂਰ ਬਣ ਜਾਂਦਾ ਹੈ।

ਲੋਕਾਂ ਦਾ ਬੇੜਾ ਬੰਨੇ ਲਾਉਣ ਲਈ ਸਿਆਸਤ ਦੇ ਮੈਦਾਨ 'ਚ ਨਿੱਤਰੇ ਰਾਹੀ ਜੀ ਆਪਣੀਆਂ ਘਰੇਲੂ ਜ਼ੁੰਮੇਵਾਰੀਆਂ ਤੋਂ ਉਤਾਂਹ ਉੱਠ ਗਏ। ਘਰ ਦੀ ਆਰਥਕ ਹਾਲਤ ਨੂੰ ਖੋਰਾ ਲੱਗ ਗਿਆ। ਫਿਰ ਹੋਹਾ ਲੱਗਾ ਤੇ ਖੜੋਤ ਆ ਗਈ। ਪਰ ਰਾਹੀ ਹੁਰੀਂ ਇਸ ਦੋ ਧਾਰੇ ਖੰਡੇ 'ਤੇ ਤੁਰਦੇ ਰਹੇ। ਇਕ ਸੂਰਮੇ ਵਜੋਂ ਕਾਫ਼ਲੇ ਬਣਾਉਂਦੇ ਰਹੇ। ਸਾਲਾਂ ਬੱਧੀ ਜੇਲ੍ਹਾਂ ਕੱਟੀਆਂ। ਜਦੋਂ ਰਾਹੀ ਜੀ ਖ਼ੁਦ ਬੀਮਾਰ ਹੋ ਗਏ ਤਾਂ ਪਾਰਟੀ ਨੇ ਕੋਈ ਸਹਾਇਤਾ ਨਾ ਕੀਤੀ। ਅੰਤ, ਪਾਰਟੀ ਵੱਲ ਪਿੱਠ ਕਰ ਲਈ।

ਪਾਰਟੀ ਕਾਰਕੁੰਨ ਵਜੋਂ ਰਾਹੀ ਜੀ ਜਿੱਥੇ ਵੀ, ਜਿਸ ਘਰ ਰਹੇ ਉੱਥੇ ਘਰ ਦੇ ਜੀਅ ਵਾਂਗ ਰਹੇ। ਜਿਸ ਥਾਲੀ 'ਚ ਖਾਧਾ ਉਸ 'ਚ ਕਦੇ ਛੇਕ ਨਾ ਕੀਤਾ ਤੇ ਨਾ ਹੀ ਲਾਲਾਂ ਸੁੱਟੀਆਂ।

ਉਪਰੋਕਤ ਸਭ ਕੁਝ ਦਾ ਮਤਲਬ ਇਹ ਨਹੀਂ ਕਿ ਰਾਹੀ ਹੁਰੀਂ ਕੋਈ ਫ਼ਰਿਸ਼ਤਾ ਜਾਂ ਦੇਵਤਾ ਹਨ। ਪਰ ਸਵੈ-ਜੀਵਨੀ ਦੀ ਪਾਠਕੀ ਪ੍ਰਕ੍ਰਿਆ ਵਿਚੋਂ ਲੰਘਦਿਆਂ ਮੈਨੂੰ ਲੱਗਿਆ ਕਿ ਰਾਹੀ ਦੰਭੀ, ਫਰੇਬੀ ਨਹੀਂ ਹੈ। ਜੇ ਸਿਆਸਤ ਵਿਚ ਰਹਿੰਦਿਆਂ ਸੈਕਸ ਨੂੰ ਮਾਣਿਆ ਹੈ ਤਾਂ ਆਪਣੀਆਂ ਇਨ੍ਹਾਂ ਪ੍ਰਵਿਰਤੀਆਂ ਉਤੇ ਕੋਈ ਪਰਦਾ ਨਹੀਂ ਪਾਇਆ, ਸਗੋਂ ਦਿਆਨਤਦਾਰ ਲੇਖਕ ਵਜੋਂ ਸਹਿਜ ਹੀ ਪ੍ਰਗਟਾ ਦਿੱਤਾ ਹੈ। ਨਹੀਂ ਤਾਂ ਬਹੁਤੇ ਲੇਖਕ ਆਪਣੀ ਸਵੈ-ਜੀਵਨੀ ਵਿਚ ਆਪਣੇ ਆਪ ਨੂੰ ਸੱਚਾ-ਸੁੱਚਾ, ਨੇਕ ਦਿਲ, ਮਾਸੂਮ ਤੇ ਪਰਉਪਕਾਰੀ ਸਥਾਪਤ ਕਰਨ ਵਿਚ ਹੀ ਪੂਰਾ ਟਿੱਲ ਲਾ ਦਿੰਦੇ ਹਨ।

ਰਾਹੀ ਨੇ ਮੀਸਣਿਆਂ ਵਾਂਗ ਆਪਣੇ ਐਬ ਨਹੀਂ ਛੁਪਾਏ। ਇਨਸਾਨੀ ਜਾਮੇ ਦੇ ਗੁਣਾਂ-ਔਗੁਣਾਂ ਦਾ ਆਪੇ ਹੀ ਨਿਤਾਰਾ ਕਰ ਦਿੱਤਾ ਹੈ। ਕਿਸੇ ਦੇ ਆਰ ਲਾ ਕੇ, ਕਿਸੇ ਨੂੰ ਚੱਕੋਪਾਈ ਕਰਕੇ ਜਾਂ ਹੋਰ ਚਿੰਜੜੀਆਂ ਛੇੜ ਕੇ ਕੋਈ ਮੁਨਾਫ਼ਾ ਤੇ ਚੌਧਰ ਨਹੀਂ ਖੱਟੀ, ਜਿਵੇਂ ਕਿ ਕਈ ਸਿਆਸੀ ਕਾਰਕੁੰਨ ਪੁਲਸ ਦੇ 'ਟਾਊਟ' ਬਣ ਕੇ ਕਰਦੇ ਹਨ। ਜਾਗੀਰੂ ਰਹਿੰਦ-ਖੂੰਹਦ ਦੇ ਵਿਰੁੱਧ ਉਮਰ ਭਰ ਜੂਝਣ ਵਾਲੇ ਸਿਰੜੀ ਰਾਹੀ ਜੀ ਅਖੌਤੀ ਜਾਤੀਵਾਦ ਵੱਲੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਣੀਆਂ 'ਚ ਪਾਈਆਂ ਜਾ ਰਹੀਆਂ ਲੀਕਾਂ ਦੇ ਖ਼ਿਲਾਫ਼ ਤੂਫ਼ਾਨ ਬਣ ਕੇ ਆਉਂਦੇ ਰਹੇ । ਏਸੇ ਕਰਕੇ ਉਹਨਾਂ ਆਪਣੇ ਅੱਠ ਨਿਆਣਿਆਂ 'ਚੋਂ ਬਹੁਤਿਆਂ ਦੇ ਸਾਕ ਆਪਣੀ ਰਾਮਗੜ੍ਹੀਆ ਬਰਾਦਰੀ ਤੋਂ ਬਾਹਰ ਕੀਤੇ, ਪਰ ਜੱਟਾਂ ਦੇ ਨਹੀਂ ।

ਸੁਤੰਤਰਤਾ ਸੰਗਰਾਮੀ ਰਾਹੀ ਦੀ ਇਕ ਹੋਰ ਵਿਸ਼ੇਸ਼ ਗੱਲ ਜੋ ਮੈਨੂੰ ਟੁੰਬਦੀ ਹੈ, ਉਹ ਹੈ ਉਹਨਾਂ ਦੀ ਸਮਕਾਲੀ ਪੰਜਾਬੀ ਸਾਹਿਤ ਦੇ ਮਹਾਰਥੀਆਂ ਤੇ ਉਹਨਾਂ ਦੇ ਮੱਠਾਂ ਤੋਂ ਸੰਨਿਆਸ ਦੀ ਪਰਵਿਰਤੀ । ਉਹ ਸਾਹਿਤ ਦੇ ਇਹਨਾਂ ਧਨੰਤਰਾਂ ਦੇ ਨਾ ਧੜੇ ਚੜ੍ਹੇ ਨੇ ਤੇ ਨਾ ਹੀ ਢਹੇ । ਨਹੀਂ ਤਾਂ ਹੁਣ ਤਕ ਉਹ ਕਿਸੇ ਵੱਡੇ ਇਨਾਮ ਨੂੰ ਹੱਥ ਮਾਰ ਜਾਂਦੇ । ਇਹ ਉਹਨਾਂ ਦਾ ਇਮਾਨਦਾਰ ਲੇਖਕ ਸੁਭਾਅ ਹੈ ਕਿ ਉਹਨਾਂ ਸੁਆਰਥ ਤੇ ਸ਼ੁਹਰਤ ਖ਼ਾਤਰ ਨਾ ਕਿਸੇ ਦੀਆਂ ਲੇਲ੍ਹੜੀਆਂ ਕੱਢੀਆਂ ਹਨ ਅਤੇ ਨਾ ਹੀ ਝੂਠੀ ਲੋਲੋ-ਪੋਪੋ ਕੀਤੀ ਹੈ ।

''ਮੈਂ ਕਿਵੇਂ ਜੀਵਿਆ'' ਪੜ੍ਹਦਿਆਂ ਮੈਨੂੰ ਇਹ ਸਵੈ-ਜੀਵਨੀ ਨਾਵਲ-ਨੁਮਾ ਕ੍ਰਿਤ ਜਾਪੀ । ਰੋਮਾਂਚਿਕਤਾ ਬਰਕਰਾਰ ਰਹਿੰਦੀ ਹੈ । ਇਸ ਵਿਚ ਲੇਖਕ ਦੇ ਸਮਕਾਲ ਦੇ ਸਿਆਸੀ ਉਤਾਰ-ਚੜ੍ਹਾਅ, ਇਤਿਹਾਸਕ ਘਟਨਾਵਾਂ ਤੇ ਦੇਸ਼ ਦੀ ਸਥਿਤੀ ਸਬੰਧੀ ਸਹਿਜ ਜਾਣਕਾਰੀ ਹੋ ਜਾਂਦੀ ਹੈ । ਇਹ ਸਵੈ-ਜੀਵਨੀ ਸੰਨ 1947 ਤੋਂ ਸ਼ੁਰੂ ਹੋ ਕੇ 1985 ਤਕ ਕਾਹਲੀ ਕਾਹਲੀ ਤੁਰਦੀ ਜਾਂਦੀ ਹੈ । ਮੇਰੇ ਲਈ ਇਹ ਖ਼ੁਸ਼ੀ ਦਾ ਸਬੱਬ ਹੈ ਕਿ ਪੁਸਤਕ ਦੇ ਪ੍ਰਕਾਸ਼ਨ ਤੋਂ ਪਹਿਲਾਂ ਹੀ ਮੈਂ ਰਾਹੀ ਜੀ ਨੂੰ 'ਪੜ੍ਹ' ਲਿਆ ।

ਬਲਬੀਰ ਮਾਧੋਪੁਰੀ
ਏ-68, ਪੀ. ਟੀ. ਐੱਸ.
ਮਾਲਵੀਆ ਨਗਰ, ਨਵੀਂ ਦਿੱਲੀ-17

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਦੂਦਬੰਦੀ

ਮੈਂ ਡੇਰਾ ਬਾਬਾ ਨਾਨਕ ਵਿਚ ਮਿਊਂਸਪਲਟੀ ਦੀ ਹਦੂਦ ਅੰਦਰ ਨਜ਼ਰ-ਬੰਦ ਕਰ ਦਿੱਤਾ ਗਿਆ। ਪੁਲਿਸ ਦਾ ਇਕ ਸਿਪਾਹੀ ਹਮੇਸ਼ਾ ਮੇਰੀ ਨਿਗਰਾਨੀ ਲਈ ਨਾਲ ਨਾਲ ਰਹਿੰਦਾ। ਘਰ ਜਾਂਦਾ ਤਾਂ ਉਹ ਗਲੀ ਦੇ ਮੋੜ ਉਤੇ ਬੈਠਾ ਰਹਿੰਦਾ। ਅਜੀਬ ਆਰਡਰ ਸਨ। ਮੈਂ ਧਾਰਮਿਕ ਥਾਵਾਂ ਉਤੇ ਵੀ ਨਹੀਂ ਸੀ ਬੋਲ ਸਕਦਾ ਵਗੈਰਾ ਵਗੈਰਾ। ਠਾਣੇ ਦੇ ਹਲਕੇ ਵਿਚ ਠਾਣੇਦਾਰ ਤੋਂ ਪੁੱਛ ਕੇ ਜਾ ਸਕਦਾ ਸਾਂ। ਹੋਰ ਜਿਲ੍ਹੇ ਵਿਚ ਕਿਤੇ ਜਾਣਾ ਹੋਵੇ ਤਾਂ ਡੀ.ਸੀ. ਤੋਂ ਇਜ਼ਾਜਤ ਲੈਣੀ ਪੈਂਦੀ। ਮੈਨੂੰ ਕਦੇ ਲੋੜ ਹੀ ਨਾ ਪਈ।

ਸਿਆਸੀ ਜ਼ਿੰਦਗੀ ਬਾਰੇ ਮੈਂ 'ਅਧੂਰੇ ਸਫ਼ਰ' ਨਾਵਲ ਵਿਚ ਲਿਖ ਚੁਕਾ ਹਾਂ। ਬਾਕੀ ਦੀ ਜ਼ਿੰਦਗੀ ਬਾਰੇ ਲਿਖ ਰਿਹਾ ਹਾਂ।

(ਮਾਨਸਰ ਤੋਂ ਲੈ ਕੇ ਇਥੋਂ ਤਕ 'ਅਧੂਰੇ ਸਫ਼ਰ' ਨਾਵਲ ਵਿਚ ਹੈ)

ਜ਼ਿੰਦਗੀ ਵਿਚ ਚੰਗੇ ਸੰਗੀ ਸਾਥੀ ਮਿੱਤਰ ਬਣੇ। ਬੇਦੀ ਹਰੀ ਸਿੰਘ ਰਈਸ, ਪਿਆਰਾ ਲਾਲ ਚੋਪੜਾ, ਸਾਲਗਰਾਮ ਸੂਰੀ, ਰਾਮਗੜ੍ਹੀਆ ਤੇਜਾ ਸਿੰਘ, ਬੇਦੀ ਹਰੀ ਸਿੰਘ ਸਹੁਣਾ ਨਹੀਂ, ਬਹੁਤ ਹੀ ਸਹੁਣਾ। ਹਰ ਘੜੀ ਖਿੜਿਆ ਫੁੱਲ 'ਸ਼ਾਹ ਖ਼ਰਚ' ਉਰਦੂ ਜ਼ਬਾਨ ਦਾ ਆਸ਼ਿਕ। ਉਂਜ ਵੀ ਬੀ.ਏ.। ਉਹਨਾਂ ਦੇ ਤਹਿਸੀਲਦਾਰ ਪਿਤਾ ਗੁਜ਼ਰ ਗਏ ਸਨ। ਭੈਣ ਇਕ ਸੀ, ਵਿਆਹੀ ਹੋਈ। ਖ਼ਾਸ ਜੁੱਟ ਸੀ ਚੋਪੜੇ ਤੇ ਸੂਰੀ ਨਾਲ। ਕਵਾਲ, ਰਾਗੀ, ਰਾਸਧਾਰੀਏ, ਡਰਾਮੇ ਵਾਲੇ, ਸ਼ਾਇਰ, ਰਾਮਲੀਲਾ ਖੇਡਣ ਵਾਲੇ ਸਾਰਿਆਂ ਦਾ ਬੇਦੀ ਹਰੀ ਸਿੰਘ ਪੂਰਾ ਸਾਥੀ, ਮਦਦਗਾਰ ਤੇ ਚਹੇਤਾ। ਬੇਹੱਦ ਆਸ਼ਿਕ ਮਿਜ਼ਾਜ ਰੱਜਵਾਂ ਤੇ ਬਾਂਕਾ ਗੱਭਰੂ। ਆਪਣੀ ਧੂਣੀ ਬਾਲ ਕੇ ਆਪ ਸੇਕਦਾ। ਮੈਂ ਬਾਅਦ ਵਿਚ ਇਹਨਾਂ ਤਿੰਨਾਂ ਦਾ ਪਰਮ-ਮਿੱਤਰ ਬਣਿਆ ਰਿਹਾ।

ਪਿਆਰਾ ਲਾਲ ਚੋਪੜਾ ਦਰਬਾਰ ਅੱਗੇ ਪਾਨ-ਸਿਗਰਟਾਂ ਦੀ ਦੁਕਾਨ ਕਰਦਾ। ਬਹੁਤ ਪਿਆਰਾ ਸੋਹਣਾ, ਜਵਾਨ। ਸੰਤ ਰਾਮ ਸ਼ਾਇਰ ਦਾ ਪੁੱਤਰ। ਸਾਲਗਰਾਮ ਸੂਰੀ ਤਿੰਨ ਭਰਾ, ਭੰਗੀਆਂ ਦਾ ਕੰਮ ਕਰਦੇ, ਦਸਵੀਂ ਦਸਵੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਾਰੇ ਪੜ੍ਹੇ । ਨਾਲ ਹੋਰ ਕੰਮ ਵੀ ਕਰਦੇ । ਇਹ ਵੀ ਖ਼ੂਬਸੂਰਤ ਬੜਾ ਸੀ । ਤੇਜਾ ਸਿੰਘ ਰਾਜੜਾ ਕੰਮ ਕਰਦਾ ਸੀ ਕਮਾਲ ਦਾ ਕਾਰੀਗਰ । ਇਸ ਦਾ ਰੰਗ-ਢੰਗ, ਤੁਰਨਾ-ਫਿਰਨਾ, ਮੁਸਕਰਾਉਣਾ ਆਪਣੀ ਕਿਸਮ ਦਾ ਸੀ । ਬੇਦੀ ਹਰੀ ਸਿੰਘ ਮੈਥੋਂ ਵੱਡੇ ਸਨ ਬਾਕੀ ਦੇ ਸਾਰੇ ਥੋੜ੍ਹੇ ਥੋੜ੍ਹੇ ਨਿੱਕੇ । ਰੰਗੀਨ ਸੁਭਾਅ ਦੇ । ਮੇਰਾ ਜੁੱਟ ਥੋਰਿਆ ਉਹਨਾਂ ਸਾਰਿਆਂ ਨਾਲ ਇਸ ਕਰਕੇ ਬਣ ਗਿਆ ਕਿ ਮੈਂ ਵੀ ਰੰਗੀਨ ਮਿਜ਼ਾਜ ਸਾਬਤ ਹੋਇਆ ਹਾਂ । ਕਿਸੇ ਵਿਚ ਵੀ ਕੋਈ ਵਰਤੋਂ ਵਿਹਾਰ ਦੀ ਮਾੜੀ ਵਾਦੀ ਨਹੀਂ ਸੀ । ਕਾਂਗਰਸ ਵੀ ਡੇਰਾ ਬਾਬਾ ਨਾਨਕ ਵਿਚ ਨਾਮ ਮਾਤਰ ਸੀ । ਚੋਪੜਾ, ਬੇਦੀ ਅਮਰੀਕ ਸਿੰਘ, ਪੰਡਤ ਕਾਕਾ ਰਾਮ ਕਾਂਗਰਸੀ । ਸਾਰਾ ਸ਼ਹਿਰ ਅੰਗਰੇਜ਼ ਪੱਖੀ, ਕਿਉਂਕਿ ਅਕਸੀਰੀਅਤ ਜਾਗੀਰਾਂ ਰੱਖਦੇ ਤੇ ਖਾਂਦੇ ਸਨ । ਬਾਕੀ ਲੋਕ ਇਹਨਾਂ ਦੇ ਮੁਤਿਹਤ । ਹੋਰ ਫ਼ਿਰਕਿਆਂ ਤੇ ਧਰਮਾਂ ਦੇ ਜੋ ਲੋਕ ਸਨ ਸਾਰੇ ਅੰਦਰੋਂ ਕਾਂਗਰਸੀ ਹੋਣਗੇ ਪਰ ਜ਼ਾਹਿਰਾ ਕੋਈ ਨਹੀਂ । ਪਾਰਟੀ ਕੀ ਹੁੰਦੀ ਹੈ ? ਹੋਰ ਕਈ ਘਟ ਹੀ ਜਾਣਦੇ ਸਨ । ਬੇਦੀ ਲਾਲ ਚੰਦ ਦਿਲੋਂ ਪੱਕਾ ਕਾਂਗਰਸੀ ਸੀ ਪਰ ਸਨਾਤਨ ਧਰਮ ਪੰਜਾਬ ਦੀ ਸਭਾ ਦਾ ਪੇਂਡੂ ਵਰਕਰ । ਚੰਗਾ ਮੁਕੱਰਰ ਚੰਗਾ ਸਟੇਜੀ ਸ਼ਾਇਰ ।

ਬੀ.ਪੀ.ਐੱਲ. ਬੇਦੀ, ਫਰੀਦ ਬੇਦੀ ਸਣੇ ਮੈਂ ਲਾਹੌਰ ਵਿਚ । ਬੇਦੀ ਹਰੀ ਸਿੰਘ ਹੋਰਾਂ ਤੋਂ ਮੈਨੂੰ ਉਰਦੂ ਦੀਆਂ ਚੰਗੀਆਂ ਪੁਸਤਕਾਂ ਪੜ੍ਹਨ ਨੂੰ ਮਿਲ ਜਾਂਦੀਆਂ । ਚੰਗਿਆਂ ਸ਼ਾਇਰਾਂ ਦੀਆਂ । ਕਈਆਂ ਸ਼ਾਇਰਾਂ ਦਾ ਮਤਲਬ ਵੀ ਸਮਝਾ ਦਿੰਦੇ । ਹੌਲੀ ਹੌਲੀ ਜਾਇਦਾਦ ਵੇਚ ਕੇ ਖਾਈ ਉਡਾਈ ਜਾ ਰਹੇ ਸਨ । ਜ਼ਿਲ੍ਹੇ ਤਹਿਸੀਲ ਦੇ ਅਫ਼ਸਰ ਸਭ ਉਹਨਾਂ ਵਲ ਠਹਿਰਦੇ । ਪਤਨੀ ਉਹਨਾਂ ਦੀ, ਜੇ ਕਿਸੇ ਨੇ ਦੇਵੀ ਦੇ ਪ੍ਰਤੱਖ ਦਰਸ਼ਨ ਕਰਨੇ ਹੋਣ ਤਾਂ ਉਹਨਾਂ ਦੇ ਕਰ ਲਏ । ਕਿਸੇ ਮਰਦ ਸਾਹਮਣੇ ਨਹੀਂ ਸੀ ਹੁੰਦੀ । ਜੋ ਬੇਦੀ ਸਾਹਿਬ ਕਹਿਣ ਹਸਦੇ ਮੱਥੇ ਮੰਨਦੀ । ਬੇਦੀ ਵੱਡੇ ਵੱਡੇ ਲੋਕਾਂ ਦੀਆਂ ਜਵਾਨ ਕੁੜੀਆਂ ਦਾ ਘਰ ਆਉਣ, ਤੇ ਸਵਾਗਤ ਕਰਦਾ । ਸ਼ੁਗਲ ਕਰਦਾ ਅਯਾਸ਼ੀ ਕਰਦਾ । ਪੈਸਾ ਫੂਕਦਾ । ਇਹ ਸਭ ਕੁਝ ਹੋਣ ਦੇ ਬਾਵਜੂਦ ਬੇਦੀ ਹਰੀ ਸਿੰਘ ਸਮਾਜੀ, ਸਿਆਸੀ, ਭਾਈਚਾਰਕ ਜੀਵਨ ਜਾਚ ਸਣੇ ਕਮਾਲ ਦੀ ਹੋਸ਼ਮੰਦੀ ਨਾਲ ਭਰਿਆ ਪਿਆ ਸੀ । ਉਸ ਦੀ ਨਿੰਦਾ ਹੁੰਦੀ ਪਰ ਬੇ-ਅਰਥ, ਹਰ ਕੋਈ ਉਸ ਦੇ ਖਲੂਸ ਸਾਹਮਣੇ ਮਾਤ ਪੈ ਜਾਂਦਾ । ਅੰਮ੍ਰਿਤਸਰ ਲਾਹੌਰ ਦੀਆਂ ਮਸ਼ਹੂਰ ਵੇਸਵਾਵਾਂ ਉਸ ਦੀਆਂ ਜਾਣੂ ਸਨ, ਜਾਂਦਾ ਆਉਂਦਾ ਰਹਿੰਦਾ । ਉਸ ਦਾ ਜੁੱਟ ਯਾਰਾਂ ਨਾਲ ਸੀ । ਵੱਡੇ ਵੱਡੇ ਬੇਦੀ ਸਾਹਿਬਜ਼ਾਦਿਆਂ ਨਾਲ ਨਹੀਂ । ਦੋ ਬੱਚੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਨ । ਇਕ ਸੀ ਜਸਵੰਤ ਅਤੇ ਇਕ ਪੁੱਤਰ ਅਮਰਜੀਤ । ਇਹ ਮੇਰੀ ਜ਼ਿੰਦਗੀ ਦਾ ਪਹਿਲਾ ਇਨਸਾਨ ਸੀ ਜੋ ਇਤਨੀਆਂ ਬਰਕਤਾਂ ਹੋਣ ਦੇ ਬਾਵਜੂਦ ਕਮਾਲ ਦਾ ਇਨਸਾਨ ਸੀ । ਸ਼ਰਾਬ ਦਾ ਨਹਾਇਤ ਸ਼ੌਕੀ ਹੋਰ ਕੋਈ ਨਸ਼ਾ ਨਹੀਂ । ਮੈਂ ਉਹਨਾਂ ਕੋਲੋਂ ਜ਼ਿੰਦਗੀ ਦੇ ਫਾਰਮੂਲੇ ਬੜੇ ਸਿੱਖੇ । ਖ਼ੁਸ਼ ਜੀਵਨ ਭੋਗਣ ਦੇ ਕਈ ਗੁਣ । ਉਹ ਵੀ ਮੇਰੇ ਆਖੇ ਪ੍ਰੀਤਲੜੀ ਪੜ੍ਹਨ ਲੱਗ ਪਏ ਸੀ ।

ਮੇਰੇ ਮਿਲਣ ਤੋਂ ਪਹਿਲਾਂ ਇਕ ਕੇਸ ਉਹ ਜਿੱਤ ਚੁਕੇ ਸਨ । ਅੰਮ੍ਰਿਤਸਰੋਂ ਪੱਕੀ ਸੜਕ ਡੇਰੇ ਆ ਚੁਕੀ ਸੀ । ਜਦ ਉਹ ਅੱਡਾ ਬਣਾਉਣ ਲੱਗੇ ਤਾਂ ਸਾਰਿਆਂ ਨੇ ਆਖਿਆ, ਸ਼ਹਿਰ ਲਾਗੇ ਨਹੀਂ ਬਣਨ ਦੇਣਾ । ਸਰਦਾਰ ਬੜਾ ਮੰਨਿਆ ਹੋਇਆ ਮੁਸਲਮਾਨ ਬਦਮਾਸ਼ ਸੀ । ਅੰਮ੍ਰਿਤਸਰ ਦਾ ਬੜਾ ਵੱਡਾ ਟਰਾਂਸਪੋਰਟਰ । ਉਸ ਨਾਲ ਟੱਕਰ ਹੋਈ । ਸਾਰੇ ਸਾਥੀ ਪਰ੍ਹਾਂ ਹਟ ਗਏ । ਬੇਦੀ ਖ਼ੂਬ ਅੜਿਆ । ਸਰਦਾਰੇ ਨੇ ਬਦਮਾਸ਼ ਨਾਲ ਲੈ ਕੇ ਰਾਤ ਨੂੰ ਬੇਦੀ ਹਰੀ ਸਿੰਘ ਦੇ ਘਰ ਨੂੰ ਅੱਗ ਲਾ ਦਿੱਤੀ । ਜਲਦੀ ਪਤਾ ਲੱਗ ਗਿਆ । ਬੈਠਕ ਅੱਧੀ ਸੜ ਗਈ । ਰੌਲਾ ਪਿਆ ਅੱਗ ਬੁਝਾ ਦਿੱਤੀ ਗਈ । ਉਸ ਅੱਡਾ ਰੇਲਵੇ ਸਟੇਸ਼ਨ ਦੇ ਪਰ੍ਹਾਂ ਕਰਕੇ ਠੇਠਰਕੇ ਲਾਗੇ ਸੀ ।

ਇਕ ਦਿਨ ਲਾਹੌਰ ਦੀ ਮਸ਼ਹੂਰ ਕੰਜਰੀ ਤਿੰਨ ਬਦਮਾਸ਼ ਲੈ ਕੇ ਬੇਦੀ ਕੋਲ ਆਈ । ਇਕ ਕੋਲ ਦੋ ਨਾਲੀ ਬੰਦੂਕ ਦੋਂਹ ਕੋਲ ਮਜਬੂਤ ਟਾਂਗਾ, ਬੂਹਾ ਖੜਕਿਆ । ਬੇਦੀ ਨੇ ਬੂਹਾ ਖੋਲ੍ਹਿਆ, ਦੇਖਦਿਆਂ ਦੋਵੇਂ ਗਲਵਕੜੀ ਵਿਚ ਕੱਸੇ ਗਏ । ਬੈਠਕ ਵਿਚ ਬੈਠ ਗਏ । ਤੇ ਇਕ ਨੌਕਰ ਨੇ ਚੁਬਾਰੇ 'ਚੋਂ ਲਿਆ ਕੇ ਕਿਉੜੇ ਬਦਾਮਾਂ ਵਾਲਾ ਸ਼ਰਬਤ ਪਿਲਾਇਆ । ਨਿੱਕੀ ਨਿੱਕੀ ਗਰਮੀ ਸੀ । ਕੰਜਰੀ ਨੇ ਲੰਮਾਂ ਸਾਹ ਲਿਆ —- ਬਾਵਾ ਸਾਡੀ ਯਾਰੀ ਨੂੰ ਲਾਜ ਲਾਈ ਊ ਅੱਲ੍ਹਾ ਜਾਣਦਾ ਏ ਜਦ ਮੈਨੂੰ ਪਤਾ ਲੱਗਾ ਤੇਰੇ ਮਕਾਨ ਨੂੰ ਅੱਗ ਲਾਈ ਹੈ ਮੈਂ ਸੜ ਬਲ ਕੇ ਕੋਇਲਾ ਹੋ ਗਈ ਸੀ । ਇਕ ਪੈਸੇ ਦਾ ਖ਼ਤ ਨਾ ਤੈਥੋਂ ਪਾਇਆ ਗਿਆ ।

ਬੇਦੀ ਹਰੀ ਸਿੰਘ ਬੇਫ਼ਿਕਰੀ ਦੀ ਮੁਸਕੜੀ ਨਾਲ ਕਹਿਣ ਲੱਗਾ — ਮਸਰਤ, ਮੈਂ ਸਮਝਿਆ ਕਿਤੇ ਬਾਹਰ ਦੂਰ ਮੁਜਰੇ ਉਤੇ ਨਾ ਗਈ ਹੋਵੇ । ਇਸ ਕਰਕੇ ਉੱਖੜ ਗਿਆ । ਤੇਰੀ ਯਾਰੀ ਉਤੇ ਮੈਨੂੰ ਆਪਣੀ ਜਾਨ ਜਿੰਨਾ ਅਕੀਦਾ ਹੈ ।

— ਬਾਵਾ ਇਹ ਕੌਣ ਹੈ ਸਰਦਾਰ ਕੁੱਤਾ ਮੇਰੇ ਅੱਗੇ । ਆਖੇਂ ਤਾਂ ਆਪਣੇ ਚਬਾਰੇ ਥੱਲੇ ਕਈ ਦਿਨ ਚੌਕੀਦਾਰ ਖਲਿਆਰ ਛੱਡਾਂ । ਬਾਵਾ ਮੈਂ ਕੁਝ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਾਂ, ਤੇਰੀ ਯਾਰ ਹਾਂ। ਕੁਰਬਾਨ ਹੋਣ ਆਈ ਹਾਂ।

ਇਹ ਸੀ ਇਕ ਬੇਦੀ ਹਰੀ ਸਿੰਘ ਦੀ ਯਾਰ ਮਸੱਰਤ ਕੰਜਰੀ, ਜਿਸ ਨੇ ਸਰਦਾਰੇ ਦੇ ਅੜਾਟ ਕੱਢ ਦਿੱਤੇ, ਅੱਡਾ ਜਿਥੇ ਹੈ ਸੀ ਉਥੇ ਹੀ ਰਿਹਾ। ਇਹ ਗੱਲ ਨਗਰ ਦੇ ਹਰ ਰੰਨ ਮੁੰਡੇ ਨੂੰ ਪਤਾ ਸੀ। ਸਵਾਦ ਲੈ ਲੈ ਕੇ ਲੋਕੀ ਗੱਲਾਂ ਕਰਦੇ ਬੇਦੀ ਦੀਆਂ। ਆਮ ਗੱਲਾਂ ਵਿਚ ਬੜਾ ਤਜ਼ਰਬਾ ਹੁੰਦਾ। ਅਮਰ ਕਿਸਮ ਦੀਆਂ ਕਥਨੀਆਂ ਹੁੰਦੀਆਂ। ਇਕ ਵਾਰੀ ਮੈਂ ਸਵੇਰੇ ਸਵੇਰੇ ਘਰ ਗਿਆ, ਬੇਦੀ ਜੀ ਰਾਤ ਦੀ ਰੋਟੀ, ਦਹੀਂ, ਮੱਖਣ ਤੇ ਮੀਟ ਦੀ ਤਰੀ ਨਾਲ ਖਾ ਰਹੇ ਸਨ। ਹੱਸ ਕੇ ਆਖਿਆ — ਬਾਬਾ ਜੀ, ਰਾਤ ਦੀ ਬਹੀ ਰੋਟੀ ਖਾ ਰਹੇ ਹੋ ? ਹੱਸ ਕੇ ਉੱਤਰ ਦਿੱਤਾ — ਰਾਹੀ ਅੰਨ ਤੇ ਰੰਨ ਕਦੇ ਬਹਿਆ ਨਹੀਂ ਹੁੰਦਾ। ਨਾ ਮਾੜਾ ਹੁੰਦਾ ਹੈ। ਸਾਰੇ ਸ਼ਹਿਰ ਵਿਚ ਮੈਂ ਇਕ ਅਜੂਬਾ ਤੇ ਚਰਚਾ ਬਣਿਆ ਹੋਇਆ ਸਾਂ। ਲੋਕ ਕਹਿੰਦੇ ਵੇਖੋ ਮਲਾਵਾ ਸਿੰਘ ਦਾ ਪੋਤਰਾ ਸਿੱਧਾ ਸਾਦਾ ਹੁੰਦਾ ਸੀ। ਸਫਾਈ ਪਿੱਛਾ ਨਹੀਂ ਛੱਡਦਾ। ਸ਼ਹਿਰ ਦਾ ਨਾਂ ਰੋਸ਼ਨ ਕਰ ਦਿੱਤਾ ਹੈ। ਬਾਕੀ ਦੇ ਜੁੱਟ ਨਾਲ ਵੀ ਵੰਨ ਸਵੰਨੀਆਂ ਗੱਲਾਂ ਕਰਦੇ ਰਹਿਣਾ ਇਹ ਸਾਰੀਆਂ ਗੱਲਾਂ ਬੜੀਆਂ ਇਸ਼ਕੀਆਂ ਹੁੰਦੀਆਂ, ਖ਼ਾਸ ਤੇਜਾ ਸਿੰਘ ਦੀਆਂ।

ਇਕ ਸਾਲ ਇਸ ਤਰ੍ਹਾਂ ਵਿਚਰਨ ਦੇ ਬਾਅਦ ਮੈਂ ਕਮਿਊਨਿਸਟ ਪਾਰਟੀ ਵਿਚ ਚਲਿਆ ਗਿਆ। ਬੇਦੀ ਹਰੀ ਸਿੰਘ, ਪਿਆਰਾ ਲਾਲ ਚੋਪੜਾ, ਤੇ ਤੇਜਾ ਸਿੰਘ ਇਹ ਮੇਰੇ ਮਿੱਤਰ ਅਤੇ ਪਾਰਟੀ ਦੇ ਹਮਦਰਦ ਬਣੇ ਰਹੇ। ਮੈਂ ਸੈੱਲ ਦਾ ਸੈਕਟਰੀ ਬਣ ਗਿਆ। ਮੇਰੇ ਨਾਲ ਸਾਲਗਰਾਮ ਜਾਹਰਾਂ ਕੰਮ ਕਰਦਾ। ਸਾਲਗਰਾਮ ਦਾ ਨਿੱਕਾ ਭਰਾ ਰਘੁਨਾਥ ਸਹਾਏ ਹਿੰਦੀ, ਅਮਰ ਨਾਥ ਬੱਸ ਵਾਲੇ ਦਾ ਨਿੱਕਾ ਭਰਾ ਰਾਮ ਚੰਦ, ਰਾਜਿੰਦਰ ਸਿੰਘ ਮਾਟਿਲ, ਸੋਢੀ ਜਸਮੇਰ ਸਿੰਘ, ਗੁਰਦਿਆਲ ਸਿੰਘ ਧੀਰ ਦੋ ਮੁਸਲਮਾਨ ਸਾਥੀ। ਇਹ ਸਾਡਾ ਸੈੱਲ ਸੀ। ਹਮਦਰਦ ਕਾਫੀ ਸਨ। ਹਮਦਰਦ ਬਣਾਉਣ ਵਿਚ ਸਾਲਗਰਾਮ ਸੂਰੀ ਦਾ ਕਾਫੀ ਹੱਥ ਹੁੰਦਾ ਸੀ। ਮੇਰਾ ਸ਼ਰੀਕਾ ਖ਼ੂਬ ਖ਼ਿਲਾਫ਼ ਸੀ। ਸਿਰ ਕੱਢ ਰਾਮਗੜੀਏ ਤਾਂ ਚੰਗੀ ਤਰ੍ਹਾਂ ਖ਼ਿਲਾਫ਼ ਸਨ। ਪਹਿਲੀ ਵਾਰੀ ਸ਼ਹਿਰ ਵਿਚ ਇਸ਼ਤਿਹਾਰ ਲੱਗੇ, 'ਮੁਸਲਿਮ ਲੀਗ ਕਾਂਗਰਸ' ਸਮਝੌਤਾ ਕਰੋ। ਸ਼ਹਿਰ ਵਿਚ ਸਾਡੇ ਹੱਕ ਧੜਾ ਇਕ ਖ਼ਿਲਾਫ਼। ਸਾਡੀ ਤੇ ਉਹਨਾਂ ਦੀ ਟੱਕਰ। ਕੋਈ ਸਾਡੀ ਵੀ ਮਦਦ ਕਰਦਾ ਉਹਨਾਂ ਦੀ ਵੀ। ਜਗੀਰਦਾਰੀ ਕਾਫੀ ਮੁੱਕ ਚੁਕੀ ਸੀ, ਕੁਝ ਮੁੱਕ ਰਹੀ ਸੀ। ਸਾਡੀ ਗਲੀ ਵਿਚ ਕਾਮਰੇਡ ਬਿਸ਼ਨ ਸਿੰਘ.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਆਹਿਆ ਹੋਇਆ ਸੀ। ਉਸ ਨੇ ਮੈਨੂੰ [illegible] ਇਕ ਡਾਰਵਨ ਦੀ ਥਿਊਰੀ ਲਿਆ ਦਿੱਤੀ। ਮੈਂ ਦੋ ਤਿੰਨ ਵਾਰੀ ਪੜ੍ਹੀ। ਫਿਰ ਉਸ ਨੇ ਅਵਾਮੀ ਜੰਗ ਬਾਰੇ ਵੀ ਇਕ ਵੱਡਾ ਸਾਰਾ ਸਰਕੂਲਰ ਲਿਆ ਦਿੱਤਾ, 'ਬੰਦੀ ਜੀਵਨ' ਇਕ ਪੁਸਤਕ ਮੈਂ ਸਾਲਗਰਾਮ ਤੋਂ ਹਿੰਦੀ 'ਚ ਗੁਜਾਰੇ ਜੋਗੀ ਪੜ੍ਹ ਲਈ। ਪਹਿਲੀ ਪੁਸਤਕ ਜੋ ਪੜ੍ਹੀ ਉਹ ਰਾਹੁਲ ਸੰਕਰਤਾਇਨ ਦੀ ਸੀ, 'ਸੋਵੀਅਤ ਭੂਮੀ'। 'ਲੈਨਿਨਇਜ਼ਮ ਦੀਆਂ ਨੀਹਾਂ' ਇਹ ਕਾ: ਸੁੰਤਤਰ ਦੀ ਅਨੁਵਾਦ ਕੀਤੀ ਹੋਈ ਸੀ। ਉਰਦੂ ਦਾ ਹਫ਼ਤਾ ਵਾਰੀ ਆਵਾਮੀ ਜੰਗ ਕੁਝ ਇਸ ਤਰ੍ਹਾਂ ਦਾ ਨਾਂ ਸੀ। ਉਹ ਵੀ ਸੈੱਲ ਲਈ ਪੰਜ ਕਾਪੀਆਂ ਲਵਾ ਲਈਆਂ। ਸਾਲਗਰਾਮ ਹਰ ਪਾਸੇ ਤੇਜ਼ ਸੀ। ਸ਼ਕਰ ਗੜ੍ਹ ਤੋਂ ਇਕ ਕਾਮਰੇਡ ਸਰਦਾਰ ਮੁਹੰਮਦ ਆਤਸ਼ ਡੇਰੇ ਆ ਗਿਆ, ਉਸ ਦੇ ਨਾਮ ਧਰੀਕ ਇਕ ਹੱਟੀ ਵਿਚ ਦਰਜੀ ਦਾ ਕੰਮ ਖੋਲ੍ਹ ਲਿਆ। ਬਹੁਤ ਉੱਚੀ ਤੇ ਰਸੀਲਾ ਗਾਉਂਦਾ। ਕਵਿਤਾ ਗੀਤ ਲਿਖ ਲੈਂਦਾ ਜਾਂ ਮੈਂ ਬਣਾ ਦਿੰਦਾ।

ਇਕ ਵੱਡੀ ਕਾਨਫਰੰਸ ਕੀਤੀ। ਠਾਣੇ ਦੇ ਪਿਛਲੇ ਪਾਸੇ। ਕਾਂਗਰਸੀ ਅਕਾਲੀ ਨਹੀਂ ਸੀ ਹੋਣ ਦਿੰਦੇ। ਰਾਮ ਚੰਦ ਦੇ ਉਥੇ ਤਿੰਨ ਚਾਰ ਅੰਬਾਂ ਦੇ ਰੁੱਖ ਸੀ, ਉਥੇ ਸਟੇਜ ਲਾ ਲਈ। ਲੋਕ ਹੁਮ ਹੁਮਾ ਕੇ ਪੁੱਜੇ। ਕਾ: ਜੋਸ਼, ਕਾ: ਛੀਨਾ ਅਤਾਉਲਾ ਹਾਨੀਆਂ; ਬੀ.ਪੀ.ਐੱਲ. ਬੇਦੀ, ਫ਼ਰੀਦ ਬੇਦੀ ਜੈ ਜੈ ਕਾਰ ਹੋ ਗਈ। ਲੋਕ ਬੜੇ ਖ਼ੁਸ਼ ਹਨ। ਰਾਤ ਨੂੰ ਸ਼ਹਿਰ ਦੇ ਵਿਚ ਜਲਸਾ ਹੋਇਆ। ਫਰੀਦ ਨੇ ਤਕਰੀਰ ਕੀਤੀ ਬੇਦੀ ਨੇ ਅਨੁਵਾਦ।...ਮੁੜ ਕੇ ਵੀ ਗਾਹੇ ਬਗਾਹੇ ਦਰਬਾਰ ਅੱਗੇ ਜਿਲ੍ਹੇ ਦੇ ਕਾਮਰੇਡਾਂ ਦੇ ਜਲਸੇ ਹੁੰਦੇ ਰਹੇ। ਆਤਸ਼ ਸਰਗਰਮ ਰਹਿੰਦਾ ਸ਼ਕਰ ਗੜ੍ਹ ਉਸ ਦੇ ਘਰੋਂ ਮੈਂ ਵੀ ਕਈ ਵਾਰ ਹੋ ਆਇਆ ਸੀ। ਸਭ ਖ਼ਿਲਾਫ਼ ਸਨ। ਪਰ ਸਾਡੀ ਸੇਵਾ ਕਰਦੇ।

ਪਾਰਟੀ ਕਾਂਗਰਸ ਨਾਲੋਂ ਵੱਖ ਹੋ ਚੁਕੀ ਹੋਈ ਸੀ। ਆਵਾਮੀ ਜੰਗ ਦਾ ਨਾਹਰਾ ਤੇਜ਼ ਸੀ। 1942 ਦੀ ਤਰੀਕ ਦੀ ਮੁਖਾਲਫ਼ਤ ਕਰ ਰਹੀ ਸੀ। ਹੌਲੀ-ਹੌਲੀ ਮੁਸਲਮ ਲੀਗ ਦੇ ਹੱਕ ਵਿਚ ਹੋ ਰਹੀ ਸੀ। ਹੱਕੇ ਖ਼ੁਦ ਇਰਾਦਿਅਤ ਉਹਨਾਂ ਦਾ ਮਨਜ਼ੂਰ ਕਰ ਰਹੀ ਸੀ। ਵੱਖਰੇ ਹੱਕ ਦੀ ਹਮਾਇਤ। ਮਸਲਨ ਇਹ ਸਮਝ ਲਉ ਕਿ ਪਾਕਿਸਤਾਨ ਦੀ ਹਮੈਤ। ਮੈਂ ਤੇ ਆਤਸ਼ ਨੇ ਉਹਨਾਂ ਦੇ ਜਾ ਕੇ ਬੋਲਣਾ ਵੀ। ਮੈਂ ਆਪਣੀ ਗਲੀ ਦੀ ਲਾਗਲੀ ਗਲੀ ਵਿਚ ਇਕ ਕੁੜੀਆਂ ਦਾ ਸੈੱਲ ਬਣਾਇਆ। ਉਸ ਦੀ ਸੈਕਟਰੀ ਕਾ: ਦਲਾਰੀ ਬਣੀ। ਬੜੀ ਸਿਆਣੀ, ਉੱਦਮੀ, ਚਤੁਰ ਕੁੜੀ ਸੌਲੇ ਰੰਗ ਦੀ। ਗਾਉਂਦੀ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਚੰਗੀਆਂ ਕੁੜੀਆਂ ਕਈ ਕਈ ਕੱਠੀਆਂ ਕਰ ਲੈਂਦੀ। ਸਭ ਤੋਂ ਸਿਆਣੀ ਸੀ ਬੀਬੀ ਦੀਪਾਂ, ਬੇਦੀ ਮੇਗਰਾਜ ਦੀ ਵੱਡੀ ਲੜਕੀ, ਸੌਹਰਿਆਂ ਨਾਲ ਅਣਬਣ ਕਰਕੇ ਪੇਕੇ ਰਹਿੰਦੀ ਸੀ। ਖਰੜ ਬੜੇ ਵੱਡੇ ਸੋਢੀ ਖ਼ਾਨਦਾਨ ਵਿਚ ਵਿਆਹੀ ਹੋਈ ਸੀ। ਸ਼ਹਿਰ ਦੀਆਂ ਕੁੜੀਆਂ ਵਿਚ ਵਿਰਲੀ ਕੋਈ ਓਨੀ ਸਹੁਣੀ ਹੋਏਗੀ। ਮੇਗਰਾਜ ਬੇਦੀ ਨੂੰ ਚਾਚਾ ਜੀ ਕਹਿੰਦਾ ਸੀ। ਇਹ ਸਾਰਾ ਪਰਿਵਾਰ ਬੜਾ ਸਹੁਣਾ ਸੀ। ਚਾਚੀ ਮਰ ਚੁਕੀ ਸੀ। ਬੀਬੀ ਦੀਪਾਂ ਦੋ ਭੈਣਾਂ ਤੇ ਚਾਰ ਭਰਾ ਸਨ। ਉਹਨਾਂ ਦੀ ਇਕ ਹਵੇਲੀ ਸੀ। ਬੜੀ ਖੁਲ੍ਹੀ। ਦੁੱਧ ਵਾਲੀ ਮੱਝ, ਗਾਂ ਬੰਨ੍ਹਣ ਲਈ। ਜ਼ਮੀਨ ਚੰਗੇ ਗੁਜ਼ਾਰੇ ਜੋਗੀ। ਕੋਈ ਜੀਅ ਐਬੀ ਨਹੀਂ ਸੀ। ਸਨੇਹੀ ਪਰਿਵਾਰ। ਬੀਬੀ ਦੀਪਾਂ ਨੇ ਮੈਨੂੰ ਰੱਖੜੀ ਬੱਧੀ ਸੀ। ਇਹ ਮੇਰੀ ਪਹਿਲੀ ਧਰਮ ਦੀ ਭੈਣ ਜਿਹੜੀ ਮਰਨ ਤਕ ਭੈਣ ਰਹੀ ਤੇ ਮੈਂ ਵੀਰ।

ਇਸ ਹਵੇਲੀ ਵਿਚ ਡਰਾਮਿਆਂ ਦੀ ਰਿਹਸਲ ਹੁੰਦੀ ਸੀ। ਮਸ਼ਹੂਰ ਬੇਦੀ ਅੰਮੀਸ਼ਾਹੀਆਂ ਦੇ ਪਰਿਵਾਰ ਦੀ ਬੜੀ ਵੱਡੀ ਇਕ ਥਾਂ ਸੀ। ਚਾਰ ਚਫੇਰਾ ਉੱਚਾ ਉੱਚਾ ਵਲਿਆ ਹੋਇਆ। ਵੱਡਾ ਸਾਰਾ ਫਾਟਕ ਅੰਦਰ ਤਿੰਨ ਚਾਰ ਕਮਰੇ। ਇਥੇ ਡਰਾਮੇ ਖੇਡਦੇ। ਮੈਂ ਲਿਖਦਾ ਗੀਤ ਬਣਾਉਂਦਾ। ਸਾਲਗਰਾਮ ਤੇ ਆਤਸ਼ ਖੇਡਦੇ ਖਡਾਉਂਦੇ। ਨਗਰ ਦੇ ਅੱਧੇ ਮੁੰਡੇ ਕੁੜੀਆਂ ਸਾਡੇ ਹਮੈਤੀ। ਪਹਿਲੀ ਪਾਰਟੀ ਜੱਥੇ-ਬੰਦੀ ਉੱਤੇ ਸਕੂਲ ਸਾਨੂੰ ਡੇਰੇ ਆਏ ਕਾਮਰੇਡ ਸੋਹਣ ਸਿੰਘ ਜੋਸ਼ ਨੇ ਦਿੱਤਾ, ਮੈਂ ਆਦਤ ਅਨੁਸਾਰ ਕੰਨ ਲਾ ਕੇ ਸੁਣਿਆ ਸੀ। ਸਾਰੇ ਜਿਲ੍ਹੇ ਦਾ ਲੀਡਰ ਤੇ ਚੰਗੇ ਵਰਕਰ ਵੀ ਆਏ ਹੋਏ ਸਨ। ਕਾ: ਪੀ.ਸੀ. ਜੋਸ਼ ਸਾਡੇ ਮੂੰਹ ਉਤੇ ਗਾਂਧੀ, ਜਵਾਹਰ ਵਾਂਗ ਚੜ੍ਹਿਆ ਹੋਇਆ ਸੀ। ਪ੍ਰੀਤਲੜੀ ਸਾਡੀ ਬੜੀ ਮਦਦ ਕਰ ਰਹੀ ਸੀ ਦਲੀਲਾਂ ਤੇ ਖ਼ੂਬਸੂਰਤੀ, ਖ਼ਿਆਲਾਂ ਦੀ ਨਰੋਈ ਵਾਕਫੀਅਤ ਬੇ-ਝੱਕ ਕੰਮ ਕਰਨ ਦੀ ਹਿੰਮਤ ਬਖਸ਼ਦੀ ਸੀ। ਵਿਸ਼ਾਲ ਹੋ ਕੇ ਵਿਚਰਨ ਦਾ ਰਾਹ ਦਸਦੀ ਸੀ। ਮੇਰਾ ਇਹ ਪੱਕਾ ਖ਼ਿਆਲ ਹੈ ਕਿ ਇਤਨੀ ਜਲਦੀ ਪਾਰਟੀ ਵਿਚ ਚੜ੍ਹ ਜਾਣਾ ਪ੍ਰੀਤਲੜੀ ਦੇ ਦਾਰ ਜੀ ਦਾ ਹੱਥ ਸੀ। ਬਹੁਤ ਕਵਿਤਾਵਾਂ ਲਿਖਿਆਂ। ਡਰਾਮੇ ਲਿਖੇ, ਕਹਾਵਤਾਂ ਲਿਖੀਆਂ ਬਹੁਤ ਪੜ੍ਹਿਆ। ਦੇਸ਼ ਦਾ ਦੁਨੀਆਂ ਦਾ, ਜ਼ਿੰਦਗੀ ਦਾ, ਜਾਤਾਂ, ਧਰਮਾਂ ਅਤੇ ਜਮਾਤਾਂ ਦਾ। ਮੇਰੇ ਲਈ ਇਹ ਸਾਢੇ ਤਿੰਨ ਸਾਲ ਦਾ ਕੋਰਸ ਸੀ। ਇਕ ਸਾਥੀ ਨੇ ਮੇਰੇ ਕੱਲੇ ਨਾਲ ਦੋ ਦੋ ਦਿਨ ਲਾ ਦੇਣੇ। ਸੂਰਜ ਤੋਂ ਲੈ ਕੇ ਸਬਕ ਦਸਣਾ। ਜਮਾਤਾਂ ਕਿਵੇਂ ਜੰਮੀਆਂ ਹੋਰ ਕਈ ਕੁਝ। ਬਾਬੇ ਆਉਣਾ ਰਾਤ ਰਹਿਣਾ। ਆਪਣੀਆਂ ਤੇ ਪਾਰਟੀ ਦੀਆਂ ਗੱਲਾਂ ਦਸਣੀਆਂ। ਘੋੜਾ ਵਗੈਰਾ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੇਦੀ ਚਾ[illegible] ਹਵੇਲੀ ਬੰਦ ਦੇਣਾ । ਚਾਚੇ ਭਗਵਾਨ ਸਿੰਘ ਹੋਰੀਂ ਸਿਆਲ-ਕੋਟ ਤੋਂ ਘੋਲ ਕੰਮ ਬਦਲ ਕੇ ਆ ਗਏ ਸਨ । ਇਕ ਦਿਨ ਦਾਦੀ ਮਾਂ ਮੈਨੂੰ ਟਾਹਲੀ ਸਾਹਿਬ ਸੰਤਾਂ ਕੋਲ ਲੈ ਗਈ । ਮੱਥਾ ਟੇਕਿਆ ਬਹਿ ਗਿਆ, ਉਹ ਹੱਥ ਬਣਾ ਕੇ ਕਹਿਣ ਲੱਗੇ...ਭਾਈ...ਬਾਬੇ ਦੀ ਮਾਲਕੀ ਪੋਤਰੇ ਕੋਲ ਹੁੰਦੀ ਹੈ । ਤੂੰ ਆਜਾ ਬਾਬੇ ਦੀ ਜਗਾਹ ਉਤੇ । ਨਾਮ...ਜੱਪ...ਏਥੇ ਸੇਵਾ ਕਰ ਬਾਬਾ ਸਿਰੀ ਚੰਦ ਤੈਨੂੰ ਯਾਦ ਕਰਦੇ ਹਨ ।...ਮੈਂ ਕੁਝ ਨਾ ਬੋਲਿਆ । ਘਰ ਆ ਕੇ ਮਾਂ ਨੂੰ ਕਿਹਾ ਮੈਂ ਨਹੀਂ ਉਥੇ ਜਾਣਾ । ਮੈਂ ਆਜ਼ਾਦੀ ਲਈ ਲੜਨਾ ਹੈ । ਸੁਤੰਤਰ ਵੀ ਰਿਹਾ ਹੋ ਕੇ ਆ ਗਿਆ ਸੀ । ਮੈਨੂੰ ਬੇਦੀ ਹਰੀ ਸਿੰਘ ਨੇ ਠਾਣਿਉਂ ਕਾਫੀ ਖੁਲ੍ਹ ਲੈ ਦਿੱਤੀ ਹੋਈ ਸੀ । ਮੁਸਲਮਾਨ ਠਾਣੇਦਾਰ ਨੇ ਮੈਨੂੰ ਕਿਹਾ ..ਕਾਮਰੇਡ ਮੇਰੇ ਠਾਣੇ ਦੇ ਹਲਕੇ ਵਿਚ ਆ ਜਾਇਆ ਕਰ ਫਿਰ ਮੈਂ ਸਾਂਭ ਲਵਾਂਗਾ । ਕਿਤੇ ਬਾਹਰ ਨਾ ਫੜਿਆ ਘੱਤੀਂ ।

ਉਦੋਂ ਲੱਕੜੀ ਦਾ ਟਾਲ ਖੋਲ੍ਹਣ ਲਈ ਲਾਇਸੈਂਸ ਲੈਣਾ ਪੈਂਦਾ ਸੀ । ਬੀਬੀ ਦੀਪਾਂ ਨੇ ਦੋ ਸੌ ਰੁਪਿਆ ਦਿੱਤਾ । ਮੈਂ ਦੀਨਾ ਨਗਰੋਂ ਇਕ ਮਾਲ ਗੱਡੀ ਬਾਲਣ ਦੀ ਭਰ ਲਿਆਂਦੀ । ਸਟੇਸ਼ਨ ਤੋਂ ਗੱਡੇ ਭਰੇ ਹਵੇਲੀ ਵਿਚ ਟਾਲ ਖੋਲ੍ਹ ਲਿਆ । ਦੋ ਬੰਦੇ ਲਾ ਕੇ ਮੋਛੇ ਪੜਵਾ ਲਏ ਆਪ ਕੁਝ ਕੰਮ ਕਰ ਲੈਂਦਾ । ਰਾਤ ਨੂੰ ਜਿੰਨੇ ਪੈਸੇ ਵਟਦਾ । ਕੁਝ ਬੀਬੀ ਨੂੰ ਦਿੰਦਾ ਕੁਝ ਰੱਖ ਲੈਂਦਾ । ਮੈਂ ਕਿਤੇ ਬਾਹਰ ਗਿਆ ਹੋਇਆ ਸਾਂ । ਪੁਲਿਸ ਦੀ ਇਕ ਖ਼ਾਸ ਡਿਊਟੀ ਵਾਲੇ ਬੰਦੇ ਛਾਪਾ ਮਾਰ ਕੇ ਚਾਚਾ ਮੇਗਰਾਜ ਬੇਦੀ ਨੂੰ ਫੜ ਕੇ ਲੈ ਗਏ, ਲਾਇਸੈਂਸ ਹੈ ਨਹੀਂ ਸੀ । ਮੈਂ ਠਾਣੇ ਗਿਆ — ਆਖਿਆ ਟਾਲ ਮੇਰਾ ਹੈ ਤੇ ਮੈਨੂੰ ਫੜੋ । ਉਹਨਾਂ ਚਾਚੇ ਨੂੰ ਛੱਡ ਦਿੱਤਾ ਮੈਨੂੰ ਫੜ ਲਿਆ । ਰਾਤ ਹਵਾਲਾਤ ਵਿਚ ਰਖਿਆ । ਦਿਨੇ ਫਤੇਹਗੜ੍ਹ ਚੂੜੀਆਂ ਲੈ ਗਏ । ਉਥੇ ਦੀਵਾਨ ਆਨਰੇਰੀ ਮਜਿਸਟਰੇਟ ਲੱਗਾ ਹੋਇਆ ਸੀ । ਉਹ ਬੀ.ਪੀ.ਐੱਲ. ਬੇਦੀ ਦੇ ਵੱਡੇ ਭਰਾ ਸੈਸ਼ਨ ਜੱਜ ਟੀ.ਡੀ. ਬੇਦੀ ਦਾ ਯਾਰ ਸੀ । ਕੀ ਹੋਣਾ ਸੀ ? ਦੋ ਤਿੰਨ ਤਰੀਕਾਂ ਪਈਆਂ ਬਰੀ ਕਰ ਦਿੱਤਾ । ਚਾਰ ਪੰਜ ਕਾਮਰੇਡ ਗੱਪਾਂ ਮਾਰਦੇ ਫਤੇਹਗੜ੍ਹ ਤੋਂ ਪੈਦਲ ਆ ਗਏ, ਪੈਂਡਾ ਬਾਰਾਂ ਮੀਲ ਪੱਕਾ । ਇਹਨੀਂ ਦਿਨੀਂ ਮੇਰੇ ਘਰ ਇਕ ਹੋਰ ਲੜਕੀ ਹੋ ਗਈ । ਜਦੋਂ ਉਸ ਨੇ ਜਨਮ ਲੈਣਾ ਸੀ ਤਾਂ ਦਾਦੀ ਮਾਂ ਸਣੇ ਇਹੋ ਕਹਿੰਦੇ ਸਨ ਕੁੜੀ ਹੋਵੇ ਮੁੰਡਾ ਤਿੱਖਲ ਚੰਗਾ ਨਹੀਂ ਹੁੰਦਾ ਭਾਬੀ ਤੇ ਬਹੁਤ ਕਹਿੰਦੀ ਬੱਸ ਹੋ ਗਈ ਕੁੜੀ ।

ਜਦ ਮੈਂ ਗੁਜਰਾਂ ਵਾਲੇ ਫੜਿਆ ਗਿਆ ਸਾਂ ਤਾਂ ਉਥੇ ਮੇਰਾ ਸ਼ਾਗਿਰਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਹੌਰੋਂ [illegible] ਸੀ । ਸਮਾਨ ਉਸ ਕੋਲ ਸੀ । ਉਸ ਨੇ ਰੇਸ ਸਾਈਕਲ ਸਣੇ ਡੇਰੇ ਸਾਡੇ ਘਰ ਪੁਚਾ ਦਿੱਤਾ ਸੀ । ਉਸ ਦਾ ਨਾਂ ਹਰਬੰਸ ਸਿੰਘ ਬਾਗੀ ਸੀ । ਮਾੜੂਆ ਜਿਹਾ ਅੱਗ ਦੀ ਨਾਲ । ਗਾਂਧੀ ਭਗਤ ਸ਼ੋਸ਼ਲਿਸਟ ਪਾਰਟੀ ਵਿਚ ਮੇਰੇ ਨਾਲ ।

ਪੂਰਨ ਸ਼ਾਹ ਨੇ ਮਕਾਨ ਬਾਰੇ ਦਾਅਵਾ ਕਰ ਦਿੱਤਾ । ਮੈਂ ਬੇ-ਪ੍ਰਵਾਹੀ ਨਾਲ ਬਟਾਲੇ ਕਿਸੇ ਤਾਰੀਖ਼ ਉਤੇ ਨਾ ਗਿਆ । ਜਿਲ੍ਹੇ ਵਿਚੋਂ ਇਜਾਜ਼ਤ ਮਿਲੀ ਸੀ ਮਸਾਂ । ਫ਼ੈਸਲਾ ਮੇਰੇ ਖ਼ਿਲਾਫ਼ ਹੋ ਗਿਆ । ਪੂਰਨ ਸ਼ਾਹ ਨੇ ਡੇਰੇ ਆ ਕੇ ਢੰਡੋਰਾ ਫਿਰਵਾ ਦਿੱਤਾ ਨੀਲਾਮੀ ਦਾ । ਸਤਵੰਤ ਕੌਰ ਪਠਾਨਕੋਟ ਗਈ ਹੋਈ ਸੀ । ਭੂਆ ਸੰਤੋ ਆ ਗਈ ਉਸ ਨੇ ਪੂਰਨ ਸ਼ਾਹ ਨੂੰ ਨੌ ਸੌ ਰੁਪਿਆ ਦੇ ਦਿੱਤਾ ਕਾਗਜ਼ ਲੈ ਲਏ । ਉਹਦਾ ਪਿੰਡ ਡੇਰੇ ਦੇ ਨਾਲ ਹੀ ਲਗਦਾ ਹੈ ਜੌੜੀਆਂ ਨੰਗਲ ।

ਇਕ ਕਵੀ ਸਭਾ ਬਣਾਈ । ਉਸ ਵਿਚ ਬੇਦੀ ਜੈ ਪਾਲ ਦਰਸ਼ਨ, ਅਮਰ ਚਿੱਤਰਕਾਰ ਉਦੋਂ ਇਹ ਰਾਜਗੜਾ ਕੰਮ ਕਰਦਾ ਸੀ । ਗੁਰਦਿਆਲ ਸਿੰਘ ਧੀਰ, ਰਤਨ ਸਿੰਘ ਇਸ ਦੇ ਸਾਡੀ ਗਲੀ ਵਿਚ ਨਾਨਕੇ ਸੀ । ਮਾਲਕ ਸੀ ਨਾਨਕਿਆਂ ਦਾ ਦਸਵੀਂ ਵਿਚ ਪੜ੍ਹਦਾ । ਹੁਣ ਇਹ ਉਰਦੂ ਦਾ ਨਾਮਵਰ ਕਹਾਣੀ ਲੇਖਕ ਹੈ । ਸਰਦਾਰ ਮੁੰਹਮਦ ਆਤਿਸ਼ । ਕੁੜੀਆਂ ਦੇ ਸਿੱਲ ਦੀ ਸੈਕਟਰੀ ਰਾਜ ਦੁਲਾਰੀ । ਆਵਾਜ ਬਹੁਤ ਪਿਆਰੀ ਸੀ ਉਹਦੀ । ਇਹਨਾਂ ਨੂੰ ਵੀ ਜਮਾਤੀ ਸਕੂਲ ਦਿੱਤਾ ਤੇ ਦਸਿਆ ਜਿਹੜੀ ਇਕ ਜਮਾਤ ਅਨਾਜ ਪੈਦਾ ਕਰਦੀ ਹੈ ਕਿਸਾਨਾਂ ਤੇ ਉਸ ਨੂੰ ਪੱਕੇ ਰੂਪ ਵਿਚ ਬਦਲਦੀ ਹੈ ਮਜ਼ਦੂਰ । ਸਾਡਾ ਸੱਚਾ ਸੁੱਚਾ ਫਰਜ਼ ਹੈ ਅਸੀਂ ਆਪਣੀਆਂ ਕਵਿਤਾਵਾਂ, ਕਹਾਣੀਆਂ ਨਾਵਲਾਂ, ਡਰਾਮਿਆਂ ਅਤੇ ਹੋਰ ਸਾਰਿਆਂ ਰੂਪਾਂ ਵਿਚ ਇਹਨਾਂ ਦੀ ਵਕਾਲਤ ਕਰੀਏ । ਇਹ ਕੁਝ ਹੀ ਮੈਂ ਉਦੋਂ ਦੱਸ ਸਕਦਾ ਸਾਂ । ਮੁੜ ਇਹ ਸਾਰੇ ਸ਼ਾਇਰ ਪਾਰਟੀ ਮੈਂਬਰ ਬਣ ਗਏ । ਪੰਡਤ ਕਾਕਾ ਰਾਮ ਕਹਿੰਦਾ...ਇਹ ਰਾਹੀ ਜਿਹੜਾ ਸ਼ਹਿਰ ਵਿਚ ਕੁੜੀ ਮੁੰਡਾ ਜੰਮਦਾ ਹੈ ਉਸ ਦੇ ਹੱਥ ਵਿਚ ਲਾਲ ਝੰਡਾ ਫੜਾ ਦਿੰਦਾ ਹੈ । ਮੈਂ ਇਸ ਸਾਹਮਣੇ ਆਵਾਮੀ ਜੰਗ ਅਤੇ ਮੁਸਲਮ ਲੀਗ ਬਾਰੇ ਸ਼ਰਮਿੰਦਾ ਤੇ ਥੋਥਾ ਪੈ ਜਾਂਦਾ ਸਾਂ । ਕਿਉਂਕਿ ਅਸੀਂ ਬਤਾਲੀ ਦੀ ਤਾਰੀਖ਼ ਅਤੇ ਸੁਭਾਸ਼ ਦੇ ਵੀ ਖ਼ਿਲਾਫ਼ ਸਾਂ । ਫਾਸਿਸਟਇਜ਼ਮ ਤੇ ਰੂਸ ਦਾ ਨਜ਼ਾਮ ਆਵਾਮੀ ਜੰਗ ਕਿੱਦਾਂ ਹੋ ਗਿਆ ? ਸਮਝਣ ਦੇ ਅਸਮਰਥ ਸਾਂ । ਸਟੇਜਾਂ ਉਤੇ ਗੱਲ ਬਣਾ ਲੈਂਦੇ ਪਰ ਸਾਹਮਣੋ ਸਾਹਮਣੀ ਛਿੱਥੇ ਪੈਂਦੇ । ਇਤਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਸੀਂ ਸਿਆਣੇ ਨਹੀਂ [illegible] ਨਿਗਰਾਨੀ ਉਤੇ ਲਗਦਾ ਬੜਾ ਮਜ਼ਬੂਤ ਹੁੰਦਾ ਅੰਗਰੇਜ਼ ਦਾ ਪੱਕਾ ਪੁੱਤਰ। ਹਿੰਦੂ ਸਿੱਖ ਚੰਗਾ ਰਹਿੰਦਾ। ਉਹਨਾਂ ਨਾਲ ਮੈਂ ਗੱਲ ਬਣਾ ਲੈਂਦਾ। ਉਹ ਆਪਣੇ ਪਿੰਡੋਂ ਹੋ ਕੇ ਆਉਂਦਾ ਮੈਂ ਨਾਨਕਿਆਂ ਦੇ ਨਾਂ ਤੇ ਜਿਥੋਂ ਮਰਜ਼ੀ। ਮੁੜ ਕੇ ਹਿਸਾਬ ਨਾਲ ਕੱਠੇ ਹੋ ਜਾਂਦੇ। ਮੇਰਾ ਨਿੱਕਾ ਭਣਵਈਆ ਭਰਤੀ ਹੋ ਗਿਆ ਸੀ। ਸਰਨੋ ਡੇਰੇ ਸੀ। ਉਹਦੇ ਬੱਚਾ ਹੋਇਆ ਜਨਮ ਲੈਂਦਾ ਲੈਂਦਾ ਮਰ ਗਿਆ। ਸੋਢੀ ਜਸਮੇਰ ਸਿੰਘ ਹਸਪਤਾਲ ਵਿਚ ਕੰਪੌਂਡਰ ਸੀ। ਉਸ ਨੇ ਬੜੀ ਮਦਦ ਕੀਤੀ।

ਕਾਮਰੇਡਾਂ ਨੇ ਦੱਸਿਆ ਪਿੰਡ ਪਨਿਆੜ 'ਚ ਤੇਜਾ ਸਿੰਘ ਸੁਤੰਤਰ ਨੇ ਬੋਲਣਾ ਹੈ। ਬੜੀ ਵੱਡੀ ਕਾਨਫ਼ਰੰਸ ਹੈ। ਪਾਰਟੀ ਕਾਨੂੰਨੀ ਹੋ ਗਈ ਹੋਈ ਸੀ। ਕਿਰਤੀ ਤੇ ਕਮਿਊਨਿਸਟ ਕੀਕਰ ਦੇਵਲੀ ਕੈਂਪ ਅੰਗਰੇਜ਼ ਨੇ ਕੱਠੇ ਕਰ ਦਿੱਤੇ ਸਨ। ਇਹ ਸਭ ਗੱਲਾਂ ਇਕ ਮੀਟਿੰਗ ਜੋ ਤਿੰਨ ਚਾਰ ਘੰਟੇ ਦੀ ਸੀ ਜੋਸ਼ ਹੋਰੀ ਦੱਸ ਗਏ ਸਨ। ਮੈਂ ਆਪਣੇ ਨਿਗਰਾਨੀ ਵਾਲੇ ਸਿਪਾਹੀ ਨਾਲ ਗੱਲ ਬਣਾ ਕੇ ਰੇਸ-ਸਾਈਕਲ ਉਤੇ ਪਨਿਆੜ ਚਲਿਆ ਗਿਆ। ਬਾਹਰ ਇਕ ਕਮਰਾ ਸੀ। ਉਸ ਵਿਚ ਸਾਥੀਆਂ ਨੇ ਮੈਨੂੰ ਬਿਠਾ ਛੱਡਿਆ। ਜਦ ਸੁਤੰਤਰ ਬੋਲਣ ਲੱਗਾ ਲੋਕ ਕਾਫੀ ਸਨ। ਮੈਂ ਇਕ ਥਾਂ ਵਿਚਕਾਰ ਕਰਕੇ ਬੈਠ ਗਿਆ। ਜਿਉਂ ਉਸ ਦੀ ਤਾਰੀਫ ਇਕ ਸਾਥੀ ਨੇ ਛੋਹੀ ਮਸਾਂ ਮੁਕਾਈ। ਰੂਸ ਕੀਕਰ ਗਿਆ? ਵੇਵਲ ਕਾਣੇ ਨਾਲ ਜਰਨੈਲੀ ਸਿੱਖੀ ਕੀ ਕੀ ਹੋਇਆ? ਵਗੈਰਾ ਵਗੈਰਾ। ਤਕਰੀਰ ਮੇਰੀ ਸਮਝ ਵਿਚ ਘੱਟ ਆ ਰਹੀ ਸੀ। ਕਈ ਵਾਰੀ ਇਹ ਉਸ ਦੇ ਲਫਜ਼ ਮੈਨੂੰ ਯਾਦ ਰਹੇ ਗਾਂਧੀ ਨੇ ਮੋਟਾ ਸਾਰਾ ਸਿਰ ਅੱਗੇ ਰੱਖ ਦਿੱਤਾ ਅਤੇ ਹੋਰ ਕਈ ਕੁਝ। ਕਵਿਤਾ ਵੀ ਕਿਸੇ ਨੇ ਬੋਲੀ। ਰਾਤ ਰਿਹਾ ਦਿਨੇ ਪੱਲੇ ਝਾੜ ਕੇ ਘਰ ਆ ਗਿਆ।

ਖ਼ਾਸ ਗੁਰਦਾਸਪੁਰ ਪਾਰਟੀ ਨੇ ਕਾਨਫ਼ਰੰਸ ਰੱਖੀ। ਮੁਸਲਿਮ ਲੀਗ ਕਾਂਗਰਸ ਤੇ ਕਮਿਊਨਿਸਟ ਪਾਰਟੀ ਦਾ ਝੰਡਾ ਲਾਇਆ। ਸਾਲਗਰਾਮ ਤਿੰਨੇ ਭਰਾ ਸਿਆਲਕੋਟ ਜਾ ਚੁੱਕੇ ਸਨ। ਧੀਰ ਪਿਉ ਕੋਲ ਬਿਹਾਰ ਚਲਿਆ ਗਿਆ ਸੀ। ਰਾਮ ਚੰਦ ਜੰਮੂ ਪਿੱਛਾ ਉਦਰ ਸੀ। ਮੈਂ ਜਿਲ੍ਹੇ ਦਾ ਕੁਝ ਬਣ ਗਿਆ ਸਾਂ। ਸ਼ਹਿਰ ਦਾ ਸੈਕਟਰੀ ਸਾਲਗਰਾਮ ਸੂਰੀ ਦੀ ਥਾਂ ਰਜਿੰਦਰ ਸਿੰਘ ਮਾਇਲ ਬਣ ਗਿਆ। ਬੜਾ ਉਦਮੀ, ਤੇਜ ਚਲਦਾ ਫੁਰਤ ਕਾਪੀਆਂ ਪੈਨਸਿਲਾਂ ਦੀ ਮਾੜੀ ਜਿਹੀ ਹੱਟੀ ਕਰਦਾ। ਖਤਰੀਆਂ ਵਾਲੀ ਗਲੀ ਨਾਨੀ ਦਾ ਘਰ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਨਕਿਆਂ ਦਾ ਮਾਲਿਕ। ਮਾਂ ਪਿਉ ਮਰ ਗਿਆ ਹੋਇਆ ਸੀ। ਵੱਡਾ ਭਰਾ ਇਸ ਦੇ ਢਿੱਡ ਵਿਚ ਚਾਕੂ ਮਾਰ ਕੇ ਕੈਦ ਸੀ। ਉਹਦਾ ਟਿਕਾਣਾ ਸੀ ਕੈਦ।

ਰਾਜਿੰਦਰ ਅੱਠ ਦੱਸ ਵਲੰਟੀਅਰ ਨਾਲ ਲੈ ਕੇ ਬੇ-ਟਿਕਟ ਗੱਡੀ ਰਾਹੀਂ ਗੁਰਦਾਸਪੁਰ ਚਲਿਆ ਗਿਆ। ਮੈਂ ਇਕ ਨਾਥ ਕਾਮਰੇਡ ਭੰਗੀ। ਦੂਜਾ ਬੇਦੀ ਅੰਮੀਸ਼ਾਹੀਆਂ ਦਾ ਕੁਲਦੀਪ ਸਿੰਘ ਉਹ ਵੀ ਭੰਗ ਛੱਕ ਲੈਂਦਾ। ਪੈਦਲ ਤੁਰੇ ਕਿ ਸਿੱਧੇ ਧਾਰੀਵਾਲ ਚੱਲਾਂਗੇ। ਉਥੋਂ ਗੱਡੀ ਚੜ੍ਹਾਂਗੇ ਗੁਰਦਾਸਪੁਰ ਦਾ ਕਿਰਾਇਆ ਬਚੇਗਾ। ਕਲਾਨੌਰ ਗਏ। ਉਥੋਂ ਸ਼ਿਵਾਲੇ ਤੋਂ ਭੰਗ ਘੋਟ ਕੇ ਪੀਤੀ ਦੋਹਾਂ ਨੇ, ਮੈਂ ਨਹੀਂ। ਮੈਨੂੰ ਚੰਗੀ ਨਹੀਂ ਸੀ ਲਗਦੀ। ਨਾਥ ਕੁਝ ਰਾਗ ਦਾ ਜਾਣੂ ਸੀ। ਭੈਰਵੀ ਰਾਗ ਵਿਚ ਰਾਹ ਤੁਰਿਆਂ ਜਾਂਦਿਆਂ ਦੋ ਗੀਤ ਉਸ ਦੀ ਮਦਦ ਨਾਲ ਲਿਖ ਦਿੱਤੇ। ਸ਼ਾਮ ਨੂੰ ਧਾਰੀਵਾਲ ਪਹੁੰਚੇ। ਉਥੋਂ ਹਨੇਰੇ ਪਏ ਗੁਰਦਾਸਪੁਰ। ਪੁਰਾਣੇ ਅੱਡੇ ਲਾਗੇ ਚੁਬਾਰੇ ਵਿਚ ਆਫਸ ਸੀ। ਦਿਨੇ ਇਕ ਊਠ ਉਤੇ ਨਗਾਰਾ ਰੱਖ ਕੇ ਸਾਰੇ ਸ਼ਹਿਰ ਵਿਚ ਫੇਰੇ ਦੇ ਵਲੰਟੀਅਰ ਨੇ ਢੰਡੋਰਾ ਫੇਰਿਆ। ਸ਼ਾਮ ਨੂੰ ਜਲਸਾ ਹੋਇਆ ਭੀੜ ਕਾਫੀ ਸੀ। ਬਹੁਤ ਉੱਚੇ ਉੱਚੇ ਤਿੰਨੇ ਝੰਡੇ ਝੂੱਲ ਰਹੇ ਸਨ। ਮੁਸਲਿਮ ਲੀਗ, ਕਾਂਗਰਸ ਤੇ ਕਮਿਊਨਿਸਟ ਪਾਰਟੀ ਦਾ ਮੇਨ ਨਾਹਰਾ ਸੀ 'ਕਾਂਗਰਸ ਲੀਗ ਸਮਝੌਤਾ ਕਰੇ' ਗਾਂਧੀ ਜਿਨਾਹ ਫਿਰ ਮਿਲਣ। ਅਵਾਮੀ ਜੰਗ ਜਿੱਤੋ। ਹਿਟਲਰ ਦਾ ਫਾਸਿਸਟ ਪੁਣਾ ਖ਼ਤਮ ਕਰਨਾ ਹੈ ਵਗੈਰਾ ਵਗੈਰਾ। ਰਾਤ ਮੇਲਾ ਰਾਮ ਸ਼ਾਇਰ ਨੇ ਕਵਿਤਾਵਾਂ ਸੁਣਾਈਆਂ ਅੰਗਰੇਜ਼ ਦੇ ਖ਼ਿਲਾਫ਼। ਇਹ ਪੱਕਾ ਬਟਾਲੇ ਦਾ ਕਾਂਗਰਸੀ ਸੀ। ਇਕ ਕਾਂਗਰਸੀ ਵੀ ਬੋਲਿਆ। ਸੁਤੰਤਰ ਤੇ ਰਾਮ ਸਿੰਘ ਦੱਤ ਵੀ ਬੋਲੇ। ਸਾਡੇ ਨਾਥ ਤੋਂ ਦੋਵੇਂ ਗੀਤ ਕਈ ਵਾਰੀ ਬੁਲਾਏ ਗਏ। ਭੈਰੋ ਰਾਗ ਵਿਚ ਆਵਾਜ਼ ਰਸੀਲੀ ਸੀ।

ਅਗਲੇ ਦਿਨ ਸੁਤੰਤਰ ਹੋਰਾਂ ਨਾਲ ਮੈਨੂੰ ਮਲਾਇਆ। ਮੈਂ ਮੁੱਕੀ ਵੱਟ ਕੇ ਨਾਲ ਸਲਾਮ ਕੀਤੀ। ਉਹਨਾਂ ਸਿਰ ਨਵਾ ਕੇ ਮਨਜ਼ੂਰ ਕੀਤਾ। ਜਿਲ੍ਹੇ ਦਾ ਸੈਕਟਰੀ ਕਾ: ਚੰਨਣ ਸਿੰਘ ਤੁਗਲਵਾਲਾ ਸੀ। ਮੈਥੋਂ ਨਿੱਕਾ ਪਰ ਮੈਥੋਂ ਸਰੀਰ ਤੇ ਦਿਮਾਗ ਵਿਚ ਤਕੜਾ ਕਾਨਫ਼ਰੰਸ ਵਿਚ ਉਸ ਦਾ ਪਹੀਆ ਸਭ ਪਾਸੇ ਘੁੰਮਦਾ।

ਜਦ ਸੁਤੰਤਰ ਨੇ ਮੇਰੇ ਵਲ ਵੇਖਿਆ ਤਾਂ ਚੰਨਣ ਸਿੰਘ ਨੇ ਕਿਹਾ—ਕਾ: ਸੁਤੰਤਰ ਇਹ ਸਾਥੀ ਜਸਵੰਤ ਸਿੰਘ ਰਾਹੀ ਡੇਰੇ ਬਾਬੇ ਨਾਨਕ ਤੋਂ ਹੈ। ਬੜਾ ਸਫਲ ਸਾਥੀ ਹੈ। ਬੜੇ ਕੰਮ ਕਾਮਰੇਡ ਪਾਰਟੀ ਨੂੰ ਦਿੰਦਾ ਹੈ।......ਸੁਤੰਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਣ ਕੇ ਜ਼ਰਾ ਤਨਜ਼ਨ ਮੁਸਕਰਾ ਦਿੰਦਾ......ਕਿਹੋ ਕੱਚੇ ਆਂਡੇ ਤੇ ਨਹੀਂ ਦਿੰਦਾ ਜਾਂਦਾ।......ਬੱਸ ਇੰਨਾ ਕਹਿ ਕੇ ਤੁਗਲਵਾਲੀਏ ਨਾਲ ਪਰ੍ਹਾਂ ਚਲਾ ਗਿਆ, ਮੈਨੂੰ ਇਸ ਕਾ: ਸੁਤੰਤਰ ਨੇ ਝਾੜ ਕੇ ਬਿਠਾ ਦਿੱਤਾ, ਹੱਲਾਸ਼ੇਰੀ ਵੀ ਨਹੀਂ ਦਿੱਤੀ। ਮੈਂ ਉਦਾਸ ਹੋ ਗਿਆ। ਇਹ ਮੇਰੇ ਉਤੇ ਉਸ ਦਾ ਪਹਿਲਾ ਪ੍ਰਭਾਵ ਸੀ। ਉਹਨੀਂ ਦਿਨੀਂ ਚੰਗੇ ਸਟੱਡੀ ਸਰਕੂਲਰ ਦੱਤ ਦੇ ਮੈਨੂੰ ਮਿਲੇ, ਦੂਜੇ ਜ਼ਿਲ੍ਹੇ 'ਚੋਂ ਆਇਆ ਸੀ ਕਾ: ਬੂਜਾ ਸਿੰਘ ਕਮਾਲ ਦੇ ਨਿਰਣੇ ਕਰਕੇ ਸਮਝਾਉਂਦਾ ਸੀ। ਸੁਤੰਤਰ ਫਿੱਕਾ ਪੀਣ ਪਾਉਂਦਾ ਮੈਂ ਅੱਕ ਜਾਂਦਾ। ਸੁਤੰਤਰ ਆ ਕੇ ਪਾਰਟੀ ਦੀ ਲੀਡਰਸ਼ਿਪ ਦੀ ਛੰਡ ਲਾਉਂਦਾ, ਜੋਸ਼ ਦੇ ਖ਼ਿਲਾਫ਼ ਵੀ। ਹੌਲਾ ਜਿਹਾ ਦੱਤ ਦੇ ਖ਼ਿਲਾਫ਼, ਜੇ ਦੱਤ ਸਟੱਡੀ ਸਰਕਲ ਲਾਉਂਦਾ ਪਾਰਟੀ ਦੀ ਲੀਡਰਸ਼ਿਪ ਦੇ ਖ਼ਿਲਾਫ਼ ਤੋੜਾ ਝਾੜਦਾ ਅਤੇ ਸੁਤੰਤਰ ਦੇ ਖ਼ਿਲਾਫ਼। ਜੇ ਕਦੇ ਆ ਕੇ ਜੋਸ਼ ਜੀ ਸਕੂਲ ਲਾਉਂਦੇ ਤਾਂ ਉਹ ਪਾਰਟੀ ਜਿਥੇ ਜਥੇ-ਬੰਦੀ ਅਤੇ ਪਾਰਟੀ ਡਿਸਿਪਲਨ ਬਾਰੇ ਗੱਲ ਤੋਰ ਕੇ ਕਹਿੰਦੇ—ਜਿਹੜਾ ਸਾਥੀ ਕੋਈ ਵੀ ਪਾਰਟੀ ਦੇ ਇਹਨਾਂ ਬੁਨਿਆਦੀ ਅਸੂਲਾਂ ਦੇ ਖ਼ਿਲਾਫ਼ ਜਾਏਗਾ ਕੰਨੋਂ ਫੜ ਕੇ ਬਾਹਰ ਕੱਢ ਦਿੱਤਾ ਜਾਏਗਾ।

ਮੈਨੂੰ ਜੋਸ਼ ਜੀ ਚੰਗੇ ਲਗਦੇ। ਜਦ ਮੈਨੂੰ ਕੱਲੇ ਨੂੰ ਕੰਮਾਂ ਬਾਰੇ ਪੁੱਛਦੇ ਮੈਂ ਇਹਨਾਂ ਦੀਆਂ ਸਾਰੀਆਂ ਗੱਲਾਂ ਅਤੇ ਤਰੀਕੇ ਬਾਰੇ ਦੱਸ ਦਿੰਦਾ।

ਮੇਰੀ ਇਕ ਕਵਿਤਾ ਫ਼ਾਸਿਜ਼ਮ ਦੇ ਬਾਰੇ 'ਪ੍ਰੀਤਲੜੀ' ਵਿਚ ਛਪੀ। ਉਸ ਦਾ ਇਕ ਸ਼ੇਅਰ ਸੀ, "ਤੜੱਕ ਪਿਆ ਹੱਡ ਰੱਖ ਭੜੋਲਾ" ਗੁਰਬਖ਼ਸ਼ ਸਿੰਘ ਹੋਰਾਂ ਅੱਧੇ ਸਫ਼ੇ ਉਤੇ ਉਸ ਕਵਿਤਾ ਬਾਰੇ ਲਿਖਿਆ ਸੀ ਅਤੇ ਅੱਧੇ ਸਫ਼ੇ ਉਤੇ ਉਹ ਕਵਿਤਾ। ਮੈਨੂੰ ਇਤਨੀ ਖ਼ੁਸ਼ੀ ਹੋਈ, ਅੰਤ ਨਾ ਰਿਹਾ। ਮੈਂ ਦਾਅ ਲਾ ਕੇ ਜਿਉਂ ਤੜਕੇ ਰੋਟੀ ਪੱਲੇ ਬੰਨ੍ਹ ਕੇ ਰੇਸ ਸਾਈਕਲ ਫੜਿਆ, ਅਜਨਾਲੇ ਥਾਣੀਂ ਪ੍ਰੀਤਨਗਰ ਚਲਿਆ ਗਿਆ। ਬਾਰਾਂ ਵਜੇ ਪਹੁੰਚ ਗਿਆ। ਰੋਟੀ ਆਪਣੀ ਖਾਧੀ ਪੁੱਛ ਪੁੱਛ ਕੇ ਪਿਆਰਾ ਸਿੰਘ ਸਹਿਰਾਈ ਦੇ ਕਮਰੇ ਵਿਚ ਜਾ ਬਰਾਜਿਆ। ਉਸ ਨੇ ਮੈਨੂੰ ਜੋ ਮੋਹ ਦਿੱਤਾ ਮੈਂ ਦੱਸ ਨਹੀਂ ਸਕਦਾ। ਹੁਣ ਤਕ ਉਹ ਮੇਰਾ ਖ਼ਾਸ ਆਪਣੇ ਕਿਸਮ ਦਾ ਮਿੱਤਰ ਹੈ। ਸਰੀਰੋਂ ਬੇ-ਬੱਸ ਹੈ। ਏਨੇ ਨੂੰ ਮੁੰਡਾ ਜਿਹਾ ਨਵਤੇਜ ਸਿੰਘ ਵੀ ਸਹਿਰਾਈ ਕੋਲ ਆ ਗਿਆ। ਕਿੰਨਾ ਮਿੱਠਾ ! ਬੜੀ ਖ਼ੁਸ਼ੀ ਮਿਲੀ। ਲੌਢੇ ਵੇਲੇ ਨਵਤੇਜ ਸਿੰਘ ਨੇ ਮੈਨੂੰ ਬਣ ਰਿਹਾ ਪ੍ਰੀਤਨਗਰ ਵਿਖਾਇਆ। ਕੁੜੀਆਂ ਮੁੰਡੇ, ਔਰਤਾਂ ਆਦਮੀ, ਬੱਚੇ ਇਸ ਤਰ੍ਹਾਂ ਫਿਰ ਰਹੇ, ਬੋਲ ਰਹੇ ਤੇ ਮਿਲ ਰਹੇ ਸਨ। ਜਾਪਦਾ ਸੀ ਮੋਹ ਹੀ ਮੋਹ ਇਥੇ ਰਾਜ ਕਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਿਹਾ ਹੈ । ਸ: ਗੁਰਬਖ਼ਸ਼ ਸਿੰਘ ਜੀ ਨੂੰ ਮਿਲਿਆ । ਆਪ ਮੁਹਾਰੇ ਮੈਂ ਉਹਨਾਂ ਦੇ ਗੋਡਿਆਂ ਨੂੰ ਹੱਥ ਲਾ ਕੇ ਸਤਿ ਸਿਰੀ ਅਕਾਲ ਬੁਲਾਈ । ਉਹਨਾਂ ਮੈਨੂੰ ਕੋਲ ਬਹਾਇਆ । ਮੈਂ ਸਮਝ ਰਿਹਾ ਸਾਂ ਮੈਂ ਆਪਣੇ ਰੱਬ ਕੋਲ ਬੈਠਾ ਹੋਇਆ ਹਾਂ । ਅਜੀਬ ਕਿਸਮ ਦੀ ਤਸਕੀਨ ਸੀ । ਦੋ ਚਾਰ ਗੱਲਾਂ ਪੁੱਛੀਆਂ । ਉਹਨਾਂ ਪਿਆਰੇ ਉੱਤਰ ਦਿੱਤੇ । ਇਕ ਸਵਾਲ ਸੀ — ਦਾਰ ਜੀ, ਜਦ ਮੈਂ ਕਿਸੇ ਸਮਾਜੀ ਇਕੱਠ ਵਿਚ ਜਾਂਦਾ ਹਾਂ, ਔਰਤਾਂ, ਬੰਦੇ, ਮੁਟਿਆਰਾਂ, ਗੱਭਰੂ ਵੇਖ ਵੇਖ ਕੇ ਉਦਾਸ ਹੋ ਜਾਂਦਾ ਹਾਂ ।......ਉਹਨਾਂ ਮੇਰੇ ਵੱਲ ਵੇਖਿਆ — ਤੈਨੂੰ ਆਪਣੀ ਪਤਨੀ ਨਾਲ ਪਿਆਰ ਹੈ । ......ਮੈਂ ਉੱਤਰ ਦਿੱਤਾ — ਬਹੁਤ ਪਿਆਰ ਹੈ, ਉਸ ਦੀ ਇੱਜ਼ਤ ਵੀ ਬੜੀ ਕਰਦਾ ਹਾਂ ।

— ਫਿਰ ਤਾਂ ਕੋਈ ਇਹ ਔਖੀ ਗੱਲ ਨਹੀਂ । ਆਪਣੇ ਕਿਸੇ ਦੋਸਤ ਦੀ ਪਤਨੀ ਨਾਲ, ਕਿਸੇ ਰਿਸ਼ਤੇਦਾਰ ਦੀ ਪਤਨੀ ਨਾਲ ਖੁਲ੍ਹ ਕੇ ਗੱਲਾਂ ਕਰ ਲਿਆ ਕਰ ਜਿਸ ਤਰ੍ਹਾਂ ਆਪਣੇ ਕਾਮਰੇਡਾਂ ਨਾਲ, ਮਿੱਤਰਾਂ ਨਾਲ । ਪਤਨੀ ਤੈਨੂੰ ਸਮਾਜ ਨੇ ਦਿੱਤੀ ਹੈ ।......ਹੋਰ ਕਈ ਗੱਲਾਂ ਦੱਸੀਆਂ ।

ਇਹ ਜਿਹੜਾ ਦਾਰ ਜੀ ਦਾ ਸਹਿਜ ਪਿਆਰ ਦਾ ਫ਼ਲਸਫ਼ਾ ਸੀ ਇਹ ਮੈਨੂੰ ਰਾਸ ਨਹੀਂ ਆਇਆ । ਹੱਦਾਂ ਟੱਪਣੋ ਬਾਜ ਨਹੀਂ ਆ ਸਕਿਆ । ਇਸ ਸਹਿਜ ਪਿਆਰ ਦਾ ਝਲਕਾਰਾ ਮੇਰੇ ਨਾਵਲ 'ਟੁੱਟਦੇ ਜੁੜਦੇ ਜਿਸਮ' ਨਾਵਲ ਵਿਚ ਹੈ । ਖੋਰਿਆਂ ਇਹੋ ਜਿਹੇ ਪਿਆਰ ਦੇ ਕਾਬਲ ਨਾ ਹੋਵਾਂ । ਪੰਜਾਬੀ ਦੀ ਇਸ ਕਥਨੀ ਨੂੰ ਠੀਕ ਸਮਝਦਾ ਹਾਂ ਕਿ ਅੱਗੇ ਅੱਗੇ ਘਿਉ ਪਿਗਲਣੋਂ ਨਹੀਂ ਰਹਿੰਦਾ, ਮੈਂ ਔਰਤ ਆਦਮੀ ਦੇ ਦੋ ਹੀ ਰਿਸ਼ਤੇ ਸਮਝਦਾ ਹਾਂ ਜੋ ਮੈਂ ਜ਼ਿੰਦਗੀ ਵਿਚ ਪਰਤਾਏ ਹਨ । ਜਾਂ ਤਾਂ ਪ੍ਰੇਮੀ, ਪ੍ਰੇਮਿਕਾ, ਦਾ ਜਾਂ ਧੀ, ਭੈਣ, ਭਰਾ, ਪਿਉ ਦਾ । ਜਿਹੜਾ ਔਰਤ ਨਾਲ ਦੋਸਤੀ ਦਾ ਰਿਸ਼ਤਾ ਹੈ ਉਹ ਬੁਰਜਵਾਦੀ ਯੁੱਗ ਦੀ ਕਾਢ ਹੈ । ਲੋਕਾਂ ਦੇ ਅੱਖੀਂ ਘੱਟਾ ਪਾਉਣ ਲਈ । ਜਾਂ ਦਾਅ ਲੱਗੇ ਦਾ ਹੌਂਸਲਾ । ਰਿਸ਼ੀ ਮੁਨੀ ਉਲਰ ਗਏ । ਹੁਸਨ ਜਦ ਪੂਰੇ ਜਲਾਲ ਵਿਚ ਨੱਖਰੇ ਭਰੇ ਬੋਲਾਂ ਤੇ ਸੈਨਤਾਂ ਨਾਲ ਗੱਲ ਕਰੇ ਕੋਈ ਫ਼ਲਸਫ਼ਾ ਧਰਮ ਨੇਮ ਉਸ ਅੱਗੇ ਨਾਟਕ ਨਹੀਂ ਕਰ ਸਕਦਾ ਇਸ਼ਕ ਤੇ ਲੈਲਾਂ ਦਾ ਲੈਲਾ ਬਣ ਜਾਂਦਾ ਹੈ । ਸੈਕਸ ਦੇ ਰਿਸ਼ਤੇ ਕੁਦਰਤ ਨੇ ਨਹੀਂ ਸਮਾਜ ਨੇ ਬਣਾਏ ਹਨ । ਸਾਰਿਆਂ ਧਰਮਾਂ ਦੇ ਵੱਖਰੇ ਵੱਖਰੇ ਹਨ । ਕਾਮ ਦੀ ਭੁੱਖ ਅਤੇ ਰੋਟੀ ਦੀ ਭੁੱਖ ਕੁਦਰਤ ਦੇ ਹੱਥ ਵਿਚ ਹੈ । ਜਨਮ ਦੇ ਨਾਲ ਜੰਮਦੇ ਹਨ । ਇਹਨਾਂ ਵਿਚ ਕੋਈ ਤਬਦੀਲੀ ਜਾਂ ਇਨਕਲਾਬ ਨਹੀਂ ਆ ਸਕਦਾ । ਸਿਰਫ਼ ਸੰਜਮ ਆ ਸਕਦਾ ਹੈ । ਸਿਰ ਦਾ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੱਧਾ ਇਸਤਰੀ ਅਤੇ ਅੱਧਾ ਮਰਦ ਰੂਪ ਜੀਉਂਦੀ ਜਾਗਦੀ ਮਿਸਾਲ ਹੈ। ਜੋ ਸਮਾਜ ਨੇ ਹਜ਼ਾਰਾਂ ਸਾਲ ਲਾ ਕੇ ਸਮਾਜੀ ਰਿਸ਼ਤੇ ਬਣਾਏ ਹਨ ਉਹਨਾਂ ਦੀ ਕਦਰ ਕਰਨੀ ਚਾਹੀਦੀ ਹੈ। ਉਹਨਾਂ ਨੂੰ ਹੋਰ ਚੰਗਿਆਂ ਤੇ ਪਵਿੱਤਰ ਕਰਨਾ ਚਾਹੀਦਾ ਹੈ। ਕੰਜਰਖ਼ਾਨੇ ਦੀਆਂ ਸਾਰੀਆਂ ਕਿਸਮਾਂ ਕੰਜਰਖ਼ਾਨਾ ਹੀ ਹੁੰਦੀਆਂ ਹਨ। ਅੱਜ ਕਲ੍ਹ ਬੁਰਜਵਾ ਸਮਾਜ ਵਿਚ ਬੜੀਆਂ ਕਿਸਮਾਂ ਦਾ ਕੰਜਰਖ਼ਾਨਾ ਚਲ ਰਿਹਾ ਹੈ। ਕਈ ਤਾਂ ਭੱਦਰ ਪੁਰਸ਼ ਤੇ ਭੱਦਰ ਪੁਰਸ਼ੀਆਂ ਹਨ ਜੋ ਇਹਨਾਂ ਸਮਾਜੀ ਰਿਸ਼ਤਿਆਂ ਤੇ ਬਾਗ਼ੀ ਹਨ। ਕਈ ਮਸ਼ਹੂਰ ਕਲਮਕਾਰ ਤੇ ਕਲਮਕਾਰ ਵੀ। ਜਿੰਨਾ ਨੂੰ ਆਪਣੇ ਮੁਹੱਲੇ ਤੋਂ ਲੈ ਕੇ ਸਾਰੀ ਦੁਨੀਆਂ ਵਿਚ ਆਪਣੇ ਦੋਸਤ ਤੇ ਆਸ਼ਕ ਹੀ ਦਿਸਦੇ ਹਨ। ਕੰਜਰਖ਼ਾਨਾ ਘਰ ਘਰ ਪਹੁੰਚਣ ਦੇ ਇਨਾਮ ਹਾਸਲ ਹੋ ਰਹੇ ਹਨ। ਸਹਿਜ ਮਿਆਰ ਦਾ ਆਸਰਾ ਲੈ ਕਈਆਂ ਕਾਮਰੇਡਾਂ ਨੇ ਮੌਜਾਂ ਲੁੱਟੀਆਂ ਹਨ। ਪਿਆਰ ਜੀ ਦੀ ਪਵਿੱਤਰਤਾ ਕਿਸੇ ਵਿਰਲੇ ਕੋਲ ਹੋਏਗੀ।

ਇਕ ਕਾਪੀ ਵਿਚ ਮੈਂ ਕੁਝ ਕਹਾਣੀਆਂ ਪੱਕੀਆਂ ਕੀਤੀਆਂ ਹੋਈਆਂ ਸਨ, ਉਹ ਸਹਿਰਾਈ ਨੂੰ ਦੇ ਆਇਆ। ਨਵਤੇਜ਼ ਕਹਿਣ ਲੱਗਾ ਇਕ ਕਵਿਤਾ ਤੁਹਾਡੀ ਹਰ ਪਰਚੇ ਵਿਚ ਛਪੇਗੀ। ਪਰ ਹੋਇਆ ਕੁਝ ਨਾ। ਮੈਂ ਉਹਦੇ ਇਸ ਕਾਬਲ ਵੀ ਨਹੀਂ ਸਾਂ। ਰਾਤ ਦੀ ਰੋਟੀ ਬੀਬੀਆਂ ਹੱਥੋਂ ਖਾਧੀ। ਪਲੇਟਾਂ ਆਪ ਸਾਫ਼ ਕੀਤੀਆਂ। ਸਕੂਲ ਦੇਖਿਆ, ਇਕ ਨਵੀਂ ਦੁਨੀਆਂ ਦਾ ਸੁਪਨਾ ਲੈ ਕੇ ਮੁੜਿਆ।

00062

ਤੇਜਾ ਸਿੰਘ ਜਿਥੇ ਰਾਜਗੜਾ ਕੰਮ ਕਰਦਾ ਉਥੇ ਕੁੜੀਆਂ ਫਸਾ ਲੈਂਦਾ। ਮੈਂ ਬੜਾ ਹੈਰਾਨ ਸਾਂ। ਉਹ ਇਕ ਹਰਫ਼ ਵੀ ਪੜ੍ਹਿਆ ਲਿਖਿਆ ਨਹੀਂ ਸੀ। ਕੁੜੀਆਂ ਚਿੱਠੀਆਂ ਪਾਉਂਦੀਆਂ ਉਹ ਕਿਸੇ ਨਾ ਕਿਸੇ ਕੋਲੋਂ ਜਵਾਬ ਲਿਖਵਾ ਕੇ ਭੇਜ ਦਿੰਦਾ। ਉਹਨਾਂ ਦੇ ਮੁਹੱਲੇ ਇਕ ਤਰਖਾਣਾਂ ਦੀ, ਇਕ ਆਰੀਆਂ ਦੀ, ਇਕ ਬਾਣੀਆਂ ਦੀ ਤਿੰਨੇ ਉਸ ਕੋਲ ਆ ਜਾਂਦੀਆਂ। ਮੈਂ ਉਸ ਨੂੰ ਚੰਗੀ ਤਰ੍ਹਾਂ ਪਰਤਾ ਚੁਕਾ ਸਾਂ। ਮੇਰੀ ਸਮਝ ਤੋਂ ਗੱਲ ਬਾਹਰ ਸੀ। ਬਸੰਤ ਦੇ ਦਿਨ ਮੈਂ ਕਿਤੇ ਜਾ ਰਿਹਾ ਸਾਂ ਇਕ ਗਲੀ ਵਿਚੋਂ ਮੁੜਨ ਲੱਗਾ ਤਾਂ ਕੋਠੇ ਉਤੇ ਬਸੰਤ ਖ਼ੁਦ ਮੌਸਮ ਕੁੱਛੜ ਚੁਕੀ ਕੇ ਖਲੋਤੀ ਹੋਈ ਦਿਸੀ। ਜ਼ਰਾ ਅਟਕਿਆ ਉਹਨੇ ਵੀ ਮੇਰੇ ਵਲ ਵੇਖਿਆ ਮੈਂ ਵੀ। ਇਹ ਗੱਲ ਤੇਜਾ ਸਿੰਘ ਨੂੰ ਸੁਣਾਈ, ਉਸ ਨੇ ਇਕ ਚਿੱਠੀ ਕੱਢ ਕੇ ਕਿਹਾ—ਰਾਹੀ ਪੜ੍ਹ। ਮੈਂ ਪੜ੍ਹੀ ਕਿਸੇ ਕੁੜੀ ਵਲੋਂ ਸੀ। ਕਹਿਣ ਲੱਗਾ — ਇਹ ਉਸ ਕੁੜੀ ਦੀ ਹੈ। ਤੂੰ ਇਸ ਦਾ ਉੱਤਰ ਲਿਖ ਦੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਲਿਖ ਦਿੱਤਾ। ਜਵਾਬ ਆਇਆ — ਇਹੋ ਜਿਹੀ ਚਿੱਠੀ ਤੇ ਮੇਰੇ ਆਦਮੀ ਨੇ ਵੀ ਮੈਨੂੰ ਕਦੇ ਨਹੀਂ ਲਿਖੀ। ਜਵਾਬ ਵਿਚ ਮੈਂ ਆਪਣਾ ਨਾਂ ਵੀ ਲਿਖ ਦਿੱਤਾ। ਉਹਨੇ ਉੱਤਰ ਦਿੱਤਾ ਫਿਰ ਮੈਂ। ਉਹਦਾ ਵੱਡਾ ਭਰਾ ਮੇਰੇ ਕੋਲ ਆਇਆ, ਕਹਿਣ ਲੱਗਾ — ਰਾਹੀ ਜੀ, ਮੈਂ ਵੀ ਕਵਿਤਾ ਲਿਖਦਾ ਹਾਂ, ਤੁਸੀਂ ਸਾਡੇ ਘਰ ਆਉ ਸੁਣਾਵਾਂਗਾ।......ਦੂਜੇ ਦਿਨ ਮੈਂ ਗਿਆ, ਉਹ ਆਪ ਕੰਵਾਰਾ ਸੀ। ਇਹ ਉਸ ਕੁੜੀ ਦਾ ਵੱਡਾ ਭਰਾ ਸੀ। ਇਕ ਦੋ ਕਵਿਤਾਵਾਂ ਮੈਂ ਸੁਣੀਆਂ। ਮੈਂ ਠੀਕ ਕਰ ਦਿੱਤੀਆਂ। ਉਹ ਕੁੜੀ ਬੈਠਕ ਵਿਚ ਸਾਡੇ ਕੋਲ ਆਈ — ਭਾ ਤੂੰ ਦਰਬਾਰ ਅੱਗੋਂ ਜਾ ਕੇ ਪੇੜੇ ਤਾਜੇ ਲਿਆ। ਘਰ ਆਏ ਨੇ ਰਾਹੀ ਹੋਰੀਂ। ਇਹਨਾਂ ਨੂੰ ਲੱਸੀ ਪਿਆਉ। ਤੁਸਾਂ ਖੱਪਾ ਦਿੱਤਾ ਹੈ, ਪਾਣੀ ਵੀ ਨਹੀਂ ਪੁੱਛਿਆ। ਉਹ ਉਠ ਕੇ ਪੇੜੇ ਲੈਣ ਚਲਿਆ ਗਿਆ। "ਕੁੱਤੇ ਨਾ ਵੜਨ" ਕਹਿ ਕੇ ਬਾਹਰਲੇ ਬੂਹੇ ਦਾ ਅੰਦਰੋਂ ਕੁੰਡਾ ਮਾਰ ਦਿੱਤਾ। ਮੇਰੇ ਨਾਲ ਗੱਲਾਂ ਕਰਨ ਲੱਗੀ। ਮੈਂ ਫੜ ਕੇ ਘਚੋਲਿਆ। ਉਹ ਫੜ ਕੇ ਪਿਛਲੇ ਅੰਦਰ ਲੈ ਗਈ। ਪੇੜੇ ਆਉਣ ਤਕ ਅਸੀਂ ਬੈਠਕ ਵਿਚ ਬੈਠੇ ਸਾਂ। ਇਹ ਕੁੜੀ ਡੇਰੇ ਹੀ ਵੱਸ ਗਈ ਸੀ। ਮੇਰਾ ਕਦੇ ਕਦੇ ਸ਼ੁਗਲ ਬਣਿਆ ਰਿਹਾ। ਮੈਂ ਉਸ ਦਾ ਨਾਂ ਬਸੰਤ ਰਖਿਆ ਹੋਇਆ ਸੀ।

ਸਾਡੇ ਘਰ ਇਕ ਦਿਨ ਸਾਡੀ ਬਰਾਦਰੀ ਦਾ ਬਜ਼ੁਰਗ ਆਇਆ। ਮੈਨੂੰ ਆਪਣੇ ਘਰ ਲੈ ਗਿਆ। ਘਰ ਉਸ ਦੀ ਬੁੱਢੜੀ ਪਤਨੀ ਘੀਚਰ ਅਤੇ ਇਕ ਕੁੜੀ ਮੁੰਡਾ ਸਨ। ਮੇਰੀ ਉਮਰ ਨਾਲ ਮਿਲਦੇ ਜੁਲਦੇ, ਕੁੜੀ ਪੜ੍ਹੀ ਲਿਖੀ ਸਹੁਣੀ ਬਹਿਣ ਖਲੋਣ ਗੱਲ ਕਰਨ ਦੀ ਜਾਚ, ਕਪੜੇ ਪਾਉਣ ਮਟਕਾਉਣ ਦੀ ਜਾਚ, ਬਹੁਤ ਖ਼ੂਬਸੂਰਤ ਕਹੀ ਜਾ ਸਕਦੀ ਸੀ। ਉਸ ਨੇ ਮੇਰੀ ਬਹੁਤ ਆਉ ਭਗਤ ਕੀਤੀ। ਬੰਬਈ ਤੋਂ ਆਈ ਸੀ। ਉਸ ਦਾ ਆਦਮੀ ਸਮੁੰਦਰੀ ਜਹਾਜ਼ਾਂ ਵਿਚ ਕੋਈ ਅਫ਼ਸਰ। ਬੱਚਾ ਨਹੀਂ ਸੀ ਹੋਇਆ। ਪਤੀ ਨਾਲ ਅਣਬਣ ਚਲ ਰਹੀ ਸੀ। ਉਸ ਨੇ ਆਪਣੀ ਕਥਾ ਸੁਣਾਈ। ਇਹ ਵੀ ਦਸਿਆ ਕਿ ਮੈਂ ਵਾਇਸਰਾਏ ਤਕ ਪਹੁੰਚ ਗਈ ਹਾਂ। ਆਸ ਹੈ ਮੈਨੂੰ ਉਸ ਦੀ ਤਨਖ਼ਾਹ ਵਿਚੋਂ ਸਰਕਾਰ ਪੈਸੇ ਕੱਟ ਕੇ ਭੇਜ ਦਿਆ ਕਰੇਗੀ। ਉਹ ਆਪ ਪ੍ਰਾਈਵੇਟ ਸਕੂਲ ਵਿਚ ਟੀਚਰ ਸੀ। ਮੈਨੂੰ ਉਸ ਨੇ ਕੋਈ ਕੰਮ ਨਹੀਂ ਸੀ ਦਸਿਆ। ਪਛਾਣ ਗਿਆ ਸਾਂ ਇਹ ਉਹਨਾਂ ਚਾਰ ਕੁੜੀਆਂ ਵਿਚੋਂ ਇਕ ਸੀ ਜਿਹੜੀਆਂ ਰਮਦਾਸ ਵਾਲੇ ਸੰਤ ਕੋਲ ਜਾਂਦੀਆਂ ਹੁੰਦੀਆਂ ਸਨ। ਇਸ ਦਾ ਨਾਂ ਕਰਤਾਰੋ ਸੀ। ਭਰਾ ਦਾ ਨਾਂ ਕਰਤਾਰ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਲਕੱਤੇ ਵਾਲਾ ਰਿਸ਼ਤਾ 'ਚ ਚਾਚਾ ਅਮਰ ਸਿੰਘ ਅਤੇ ਚਾਚੀ ਪ੍ਰਕਾਸ਼ ਕੌਰ ਪਹਿਲੇ ਟੱਬਰ 'ਚੋਂ ਕੁੜੀ ਪ੍ਰੀਤਾਂ ਆਏ ਹੋਏ ਸਨ। ਆਪਸੀ ਝਗੜੇ ਕਰਕੇ ਇਕ ਸਾਲ ਡੇਰੇ ਰਹੇ। ਸਾਡੇ ਘਰ ਦੀ ਕੰਧ ਉਹਨਾਂ ਦੇ ਮਹਿਲ ਨਾਲ ਸਾਂਝੀ ਸੀ ਚਾਚੀ ਪ੍ਰੀਤਲੜੀਆਂ ਸੀ। ਹਰ ਸਾਲ ਦੀ ਪ੍ਰੀਤਲੜੀ ਦੇ ਪਰਚਿਆਂ ਦੀ ਜਿਲਦਾਂ ਬੰਨ੍ਹ ਬੰਨ੍ਹ ਕੇ ਸਾਂਭੀਆਂ ਹੋਈਆਂ ਸਨ। ਮੇਰੇ ਵਿਆਹ ਤੋਂ ਛੇ ਮਹੀਨੇ ਬਾਅਦ ਅਮਰ ਸਿੰਘ ਦਾ ਵਿਆਹ ਹੋਇਆ ਸੀ ਅੰਮ੍ਰਿਤਸਰ। ਬੜਾ ਸੱਭਿਆ ਤੇ ਹੋਸ਼ ਮੰਦ ਰਾਮਗੜੀਆਂ ਦਾ ਘਰ ਸੀ। ਸਿਹਰਾ ਮੈਂ ਪੜ੍ਹਿਆ ਸੀ। ਪ੍ਰਕਾਸ਼ ਕੌਰ ਜਦ ਬਣ ਫੱਬ ਕੇ ਤੁਰਦੀ ਸ਼ਹਿਜ਼ਾਦੀ ਲਗਦੀ। ਮੋਹ ਤੇ ਤਹਿਜੀਬ ਉਸ ਦੇ ਅੰਗ ਅੰਗ ਵਿਚੋਂ ਝਾਕਦਾ। ਮਿੱਠਾ ਮਿੱਠਾ ਪੋਠੋਹਾਰ ਨਾਲ ਮਿਲਦਾ ਜੁਲਦਾ ਬੋਲਚਾਲ। ਪੂਰਾ ਕੱਦ। ਗੋਰੇ ਸੌਲੇ ਦੇ ਵਿਚਕਾਰਲਾ ਰੰਗ। ਥਲਕ ਥਲਕ ਸਰੀਰ। ਸ਼ਰਬਤੀ ਨੈਣ। ਡੌਲੇ ਖਾਂਦੇ ਹੋਏ ਨਕਸ਼ ਤੇ ਬਦਨ। ਮੈਂ ਤੇ ਚਾਚੀ ਨੇ ਕੱਠਿਆਂ ਜ਼ਿੰਦਗੀ ਸੁਨਾਣੀ ਤਾਂ ਕਈ ਵਾਰੀ ਗਲੇਡੂ ਭਰੀ ਜਾਣੇ। ਚਾਚੀ ਕਹਿਣ ਦਾ ਮੁਸ਼ਕਲ ਨਾਲ ਮੌਕਾ ਦਿੰਦੀ। ਝੱਟ ਮੈਨੂੰ ਕਵਾ ਲੈਂਦੀ। ਸਾਨੂੰ ਆਪੋ ਵਿਚ ਬਹਿਣ ਤੇ ਗੱਲਾਂ ਕਰਨ ਦਾ ਆਨੰਦ ਆਉਂਦਾ। ਇਕ ਦੂਜੇ ਨੂੰ ਛੂਹਣ ਤੱਕ ਨੌਬਤ ਆਉਂਦੀ।

ਅਖੰਡਪਾਠ ਉਹਨਾਂ ਰਖਾਇਆ। ਅਰਦਾਸ ਕਰਾਈ ਸਾਡੇ ਘਰ ਪੁੱਤਰ ਹੋਵੇ। ਭੋਗ ਵਾਲੇ ਦਿਨ ਮੈਂ ਬੜੀਆਂ ਬਣਾ ਤਣਾ ਕੇ ਸੋਚੀਆਂ, ਗੱਲਾਂ ਕੀਤੀਆਂ। ਬੜੀਆਂ ਸਲਾਹੀਆ ਗਈਆਂ। ਅਮਰ ਸਿੰਘ ਮੇਰੇ ਨਾਲ ਖ਼ਾਸ ਨਹੀਂ ਸੀ — ਨਾ ਪ੍ਰਕਾਸ਼ ਨੂੰ ਵਰਜਦਾ ਸੀ। ਭੋਗ ਦੇ ਦੂਜੇ ਦਿਨ ਪ੍ਰਕਾਸ਼ ਨੇ ਮੈਨੂੰ ਬੂਹੇ ਤੋਂ ਸੱਦਿਆ — ਘਰ ਆਇਉ ਜ਼ਰਾ। ਮੈਂ ਗਿਆ, ਜਾਪਿਆ ਉਸ ਦਾ ਸਾਰਾ ਸਰੀਰ ਮੇਰੇ ਸਰੀਰ ਨਾਲ ਗੱਲ ਕਰ ਰਿਹਾ ਹੈ, ਕਹਿਣ ਲੱਗੀ — ਮੈਂ ਸੋਚਿਆ ਪਾਠ ਰਖਾਈਏ ਖੌਰਿਆ ਤੁਹਾਡੀ ਅਸੀਸ ਮੈਨੂੰ ਲੱਗ ਜਾਏ। ਕਿਉਂ ਲੱਗ ਜਾਏਗੀ ਨਾ ?...ਮੈਂ ਉਸ ਨੂੰ ਵੇਖਦਾ ਰਹਿ ਗਿਆ, ਮਾਯੂਸ ਹੋਇਆ ਸਾਖਿਆਤ ਹੁਸਨ ਦੀ ਦੇਵੀ ਮੇਰੇ ਸਾਹਮਣੇ ਖਲੋਤੀ ਹੈ।

ਕਰਵਾਚੌਥ ਦਾ ਵਰਤ ਸੀ। ਪ੍ਰਕਾਸ਼ ਦੇ ਘਰ ਹੀ ਜਨਾਨੀਆਂ ਨੇ ਕਰਵਾ ਵਟਾਉਣਾ ਸੀ। ਬਾਮ੍ਹਣੀ ਨੇ ਕਥਾ ਸੁਣਾਈ। ਸਤਵੰਤ ਵੀ ਗਈ ਹੋਈ ਸੀ। ਜਦ ਸ਼ਾਮ ਵੇਲੇ ਅਮਰ ਸਿੰਘ ਹੋਰਾਂ ਵੱਲ ਗਿਆ ਪ੍ਰਕਾਸ਼ ਥੱਲੇ ਮਿਲ ਗਈ। ਬਾਕੀ ਉਤਲੀ ਛੱਤੇ ਸਨ। ਮੈਂ ਕਿਹਾ — ਚਾ:...ਉਸ ਨੇ ਝੱਟ ਵਿਚੋਂ ਟੋਕ ਕੇ ਬੋਲੀ...ਮੈਂ ਬੜੀ ਸੋਹਣੀ ਲਗਦੀ ਹਾਂ ਨਾਂ ? ਤੂੰ ਬਾਮ੍ਹਣੀ ਦੀ ਕਥਾ ਪਿਛੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਉਂਦਾ ਫੇਰ ਵੇਖਦਾ, ਮੈਂ ਤੁਹਾਨੂੰ ਉਡੀਕਿਆ ਸੀ। ਉਸ ਨੇ ਮੈਨੂੰ ਪੂਰੀ ਤਰ੍ਹਾਂ ਚਾਚੀ ਨਾ ਕਹਿਣ ਦਿੱਤਾ।

ਸਾਡਿਆਂ ਬੱਚਿਆਂ ਨੂੰ ਬੜਾ ਪਿਆਰ ਕਰਦੀ। ਮੇਰੀ ਭਾਬੀ ਤੇ ਸਤਵੰਤ ਨਾਲ ਬੜਾ ਸਲੀਕਾ ਰੱਖਦੀ। ਫਿਰ ਉਹਨਾਂ ਦਾ ਆਪੋ ਵਿਚ ਕਲਕੱਤੇ ਸਭ ਠੀਕ ਠਾਕ ਹੋ ਗਿਆ ਮੈਂ ਕਿਤੇ ਬਾਹਰ ਗਿਆ ਹੋਇਆ ਸਾਂ। ਉਹ ਝੱਟ ਪੱਟ ਕਲਕੱਤੇ ਚਲੇ ਗਏ।

ਚਹੁੰ ਕੁੜੀਆਂ ਪਿਛੋਂ ਮੇਰੇ ਘਰ ਲੜਕਾ ਹੋਇਆ ਸੀ। ਬੜੀ ਖ਼ੁਸ਼ੀ ਹੋਈ ਜੈ ਪਾਲ ਨੇ ਹੱਟੀਉਂ ਲਿਆ ਕੇ ਬੜਾ ਗੁੜ ਵੰਡਿਆ। ਬੀਬੀ ਦੀਪਾਂ ਖ਼ੁਸ਼ ਹੋਈ, ਚੋਪੜੇ ਨੇ ਅਤੇ ਬੇਦੀ ਹਰੀ ਸਿੰਘ ਹੋਰਾਂ ਆਪਣੇ ਘਰ ਕੋਲੋਂ ਯਾਰਾਂ ਨੂੰ ਪਾਰਟੀ ਦਿੱਤੀ, ਪਿਛੋਂ ਨਾਰੋਵਾਲੋ ਮੇਰਾ ਧਰਮ ਭਰਾ ਗੁਰਬਚਨ ਸਿੰਘ ਰਮਜ਼ੀ ਦੋ ਤਿੰਨ ਦੇਸੀ ਬੋਤਲਾਂ ਸ਼ਰਾਬ ਲਿਆਇਆ ਗਲੀ ਨੇ ਜਸ਼ਨ ਕੀਤਾ। ਸਾਰਿਆਂ ਸਾਥੀਆਂ ਵੀ ਖ਼ੁਸ਼ੀ ਮਨਾਈ। ਮੇਰੀ ਭੈਣ ਅਤੇ ਭਣਵਈਆ ਉਦੋਂ ਦਿੱਲੀ ਸਨ। ਪੂਰਨ ਨੌਕਰੀ ਉਤੇ ਸੀ।

ਸ਼ਹਿਰ ਵਿਚ ਇਕ ਕੀਰਤਨ ਮੰਡਲੀ ਬੇਦੀ ਲਾਲ ਚੰਦ ਨੇ ਬਣਾਈ ਹੋਈ ਸੀ। ਉਸ ਨੇ ਇਕ ਰਾਤ ਕੀਰਤਨ ਵੀ ਕੀਤਾ। ਉਹਦਾ ਅਸੂਲ ਸੀ ਕੋਈ ਸ਼ਰਾਬ ਪੀ ਕੇ ਕੀਰਤਨ ਨਾ ਕਰੇ, ਨਾ ਕੀਰਤਨ ਵਿਚ ਆਏ। ਬੇਦੀ ਹਰੀ ਸਿੰਘ ਨੇ ਗਲੀ ਵਿਚ ਕੀਰਤਨ ਮੰਡਲ ਬਣਾਇਆ ਹੋਇਆ ਸੀ। ਹਰ ਕੋਈ ਸ਼ਰਾਬ ਪੀ ਕੇ ਕੀਰਤਨ ਕਰੇਗਾ। ਸੁਣਨ ਵਾਲੇ ਵੀ ਪੀ ਕੇ ਆ ਸਕਦੇ ਸਨ। ਬੇਦੀ ਹਰੀ ਸਿੰਘ ਦੇ ਕੀਰਤਨ ਮੰਡਲ ਵਾਲੀ ਰਾਤ ਸਾਡੇ ਬਾਹਰਲੇ ਵਿਹੜੇ ਵਿਚ ਖੂਬ ਭਦੂਲ ਮਚਿਆ। ਭਾਬੀ ਨੇ ਸੰਤਾਂ ਦੇ ਪੁਰਾਣੇ ਚੋਲੇ ਦਾ ਝੱਗਾ ਸਿਉਂ ਕੇ ਮੁੰਡੇ ਦੇ ਗੱਲ ਪਾਇਆ। ਬਾਕੀ ਨੇ ਉਸ ਦਾ ਨਾਂ ਵੀ ਮੇਰੇ ਨਿੱਕੇ ਭਰਾ ਦੇ ਨਾਂ ਉਤੇ ਰੱਖ ਲਿਆ ਰਾਏ ਸਿੰਘ। ਮੈਂ ਤਖੱਲਸ ਰੱਖ ਦਿੱਤਾ ਆਜ਼ਾਦ। ਕਿਉਂਕਿ ਉਹ ਛੱਬੀ ਜਨਵਰੀ ਨੂੰ ਜੰਮਿਆ ਸੀ। ਪਰ ਆਜ਼ਾਦ ਤਖੱਲਸ ਚਲਿਆ ਨਾ। ਸਾਡੀ ਰਾਏ ਦੀ ਖ਼ੁਸ਼ੀ ਵਿਚ ਸਰਦਾਰ ਮੁਹੰਮਦ ਆਤਸ਼ ਮੋਹਰੇ ਸੀ। ਸਾਡੇ ਪਰਿਵਾਰ ਦਾ ਇਕ ਜੀਅ ਸੀ। ਵੱਡਾ ਚਾਚਾ ਜੀ ਯੋਲ ਤੋਂ ਬਦਲ ਕੇ ਕਲਕੱਤੇ ਬਰਮਾ ਦੀ ਹੱਦ ਉਤੇ ਚਲੇ ਗਏ ਸਨ। ਮੈਂ ਉਜਾਰਾਂ ਦੀ ਪੇਟੀ ਕੱਢ ਕੇ ਰਾਏ ਲਈ ਲਕੜੀ ਦਾ ਭੰਗੂੜਾ ਬਣਾਇਆ। ਸਾਲਾਂ ਪਿਛੋਂ ਕੰਮ ਕੀਤਾ ਸੀ। ਪੂੰਨੂਆਂ ਪਿੰਡ ਵਿਚ ਸ਼ਾਹੀ ਕੈਦੀ ਵਾਸਦੇਵ ਸਿੰਘ ਤੇ ਸਾਧੂ ਸਿੰਘ ਜਿਸ ਨੇ ਐਮ.ਟੀ. ਵਿਚ ਬਗ਼ਾਵਤ ਕਰਾਈ ਸੀ, ਆ ਗਏ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਨ । ਇਹ ਦੋਵੇਂ [illegible] ਡੇਰਾ ਸਿੰਘ [illegible] ਦੇ ਸਾਲੇ ਸਨ । ਉਹਨਾਂ ਨੂੰ ਮਿਲਦੇ ਵਾਸਦੇਵ ਸਿੰਘ ਉਸ ਕੋਲ ਇਕ ਹੋਰ ਕੈਦੀ ਆਇਆ ਹੋਇਆ ਸੀ । ਸੀ । ਚਿਲਮਿਲ ਸਿੰਘ ਜਿਹਾ ਨਾਂ ਸੀ । ਦੋਵੇਂ ਕਹਿੰਦੇ — ਕਿ ਸਾਨੂੰ ਲੀਡਰ ਬਣਾ ਦਏ ਪਾਰਟੀ । ਪਾਰਟੀ ਨੂੰ ਵਰਕਰ ਨਹੀਂ ਵਰਕਰ ਬਣਾਉਣ ਵਾਲੇ ਲੀਡਰ ਚਾਹੀਦੇ ਹਨ । ਜਾਪਦਾ ਸੀ ਰੂਸ ਵਿਚੋਂ ਉਹ ਲੀਡਰ ਦੀਆਂ ਡਿਗਰੀਆਂ ਲੈ ਕੇ ਆਏ ਹੋਣ । ਗੱਲਾਂ ਸੁਣਾਉਂਦੇ । ਮੈਨੂੰ ਉਹਨਾਂ ਦੀਆਂ ਗੱਲਾਂ ਵਿਚ ਗੱਪਾਂ ਮਿਲੀਆਂ ਹੋਈਆਂ ਲਗਦੀਆਂ ।

ਹਦੂਦਬੰਦੀ ਟੱਟੀ

ਮੇਰੀ ਹਦੂਦਬੰਦੀ ਟੁੱਟ ਗਈ । ਸਾਡੇ ਸ਼ਹਿਰ ਦਾ ਇਕ ਗੱਭਰੂ ਬੇਦੀ ਜਸਵੰਤ ਸਿੰਘ ਕਿੱਸੇ ਵੇਚਦਾ ਸੀ । ਗਉਂ ਗਉਂ ਕੇ । ਮੇਰੇ ਕੋਲੋਂ ਕਿੱਸੇ ਲਿਖਵਾ ਲੈਂਦਾ । ਵੇਚਦਾ ਤੇ ਵਿਚੋਂ ਮੈਨੂੰ ਵੀ ਕੁਝ ਪੈਸੇ ਦੇ ਛੱਡਦਾ । ਉਹ ਜੰਮੂ ਰਹਿੰਦਾ ਸੀ । ਮੈਂ ਪਹਿਲੋਂ ਸਿਆਲਕੋਟੋਂ ਗੱਡੀ ਬਦਲ ਕੇ ਉਸ ਕੋਲ ਜੰਮੂ ਗਿਆ । ਰਾਏ ਓਦੋਂ ਤਿੰਨ ਚਾਰ ਮਹੀਨੇ ਦਾ ਸੀ ।

ਜੰਮੂ ਰੇਲਵੇ ਸਟੇਸ਼ਨ ਤੋਂ ਉਤਰ ਕੇ ਤਵੀ ਦਾ ਪੁਲ ਲੰਘ ਕੇ ਫਿਰ ਤੁਰ ਕੇ ਖੱਬੇ ਹੱਥ ਨੂੰ ਇਕ ਸੜਕ ਰਘੁਨਾਥ ਮੰਦਰ ਨੂੰ ਤੇ ਬਜ਼ਾਰ ਨੂੰ ਜਾਂਦੀ ਸੀ । ਨਾਲ ਪਾਉੜੀਆਂ ਚੜ੍ਹ ਕੇ ਰਘੁਨਾਥ ਮੰਦਿਰ ਲਾਗੇ ਜਾ ਨਿਕਲਦਾ ਹੈ । ਬੱਸ ਇਥੋਂ ਜੰਮੂ ਆਰੰਭ ਹੁੰਦਾ ਸੀ, ਬਾਕੀ ਬੀਆਬਾਨ ਉਜਾੜ । ਸੜਕ ਤੇ ਰਘੁਨਾਥ ਮੰਦਿਰ ਦੇ ਵਿਚਕਾਰ ਸੜਕ ਦੇ ਹੇਠਾਂ ਥੋੜ੍ਹਾ ਉਤਰ ਕੇ ਇਕ, ਤਿੰਨ, ਚਾਰ ਕਮਰੇ ਦਾ ਸਾਧਾਂ ਦਾ ਡੇਰਾ ਸੀ । ਉਥੇ ਜਸਵੰਤ ਬੇਦੀ ਰਹਿੰਦਾ, ਉਹਦੇ ਕੋਲ ਪਹੁੰਚ ਗਿਆ । ਉਹ ਬੜਾ ਖ਼ੁਸ਼ ਹੋਇਆ ।

ਇਕ ਹਫ਼ਤਾ ਮੈਂ ਉਸ ਕੋਲ ਰਿਹਾ । ਉਸ ਨੇ ਮੈਨੂੰ ਸਾਰਾ ਜੰਮੂ ਵਿਖਾਇਆ । ਰਘੁਨਾਥ ਮੰਦਰ ਤੇ ਹੋਰ ਕਈ ਮੰਦਰ । ਵਿਚਕਾਰ ਜਿਥੇ ਸਾਰੇ ਗਲੀਆਂ ਬਜ਼ਾਰ ਮਿਲਦੇ ਸਨ, ਉਹ ਚੌਂਕ । ਇਕ ਕਿਲ੍ਹਾ ਨੁਮਾ ਬਿਲਡਿੰਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਿਥੇ ਸ਼ਾਹੀ ਰਿਆਸਤ ਦਾ ਹਿਸਾਬ ਕਿਤਾਬ। ਕਚਹਿਰੀ ਰਾਜੇ ਦਾ ਮਹੱਲ। ਹੋਰ ਕਈ ਕੁਝ, ਇਕ ਸ਼ਿਵਲਿੰਗ ਮੰਦਰ ਵਿਖਾਇਆ। ਸੁਰੰਗ ਰਾਹੀਂ ਜਾ ਕੇ ਪਹਾੜ ਦੇ ਵਿਚ ਸੋਨੇ ਦੇ ਪੱਤਰੇ ਨਾਲ ਮੜ੍ਹਿਆ ਹੋਇਆ। ਭੀੜੀਆਂ ਭੀੜੀਆਂ ਕਈ ਕਈ ਗਲੀਆਂ। ਕੁੜੀਆਂ ਉਸ ਦੀਆਂ ਵਾਕਫ਼ ਬਹੁਤ ਸਨ। ਰਘੁਨਾਥ ਮੰਦਰ ਉਸ ਨੂੰ ਕਈ ਮਿਲਦੀਆਂ। ਜੰਮੂ ਸਾਰਾ ਪਹਾੜ ਉਤੇ। ਆਪ ਬੇਦੀ ਮੱਧਰੇ ਕੱਦ ਦਾ, ਸਹੁਣਾ, ਭਾਰੇ ਸਰੀਰ ਦਾ, ਮਿੱਠੇ ਗਲੇ ਤੇ ਸੁਭਾਅ ਵਾਲਾ।

ਉਸ ਨੇ ਮੈਨੂੰ ਕੁਝ ਰੁਪਏ ਦਿੱਤੇ, ਮੈਂ ਸਿਆਲਕੋਟ ਆ ਗਿਆ। ਸਾਲਗਰਾਮ ਸੂਰੀ ਕੋਲ। ਉਹ ਰੇਲਵੇ ਦੇ ਸ਼ਹਿਰ ਵਿਚ ਖੁਲ੍ਹੇ ਟਿਕਟ ਘਰ ਵਿਚ ਟਿਕਟਾਂ ਦਿੰਦਾ ਸੀ। ਰਘੁਨਾਥ ਸਹਾਏ ਹਿੰਦੀ ਅਤੇ ਉਹਨਾਂ ਦਾ ਵੱਡਾ ਭਰਾ ਜਗਨਨਾਥ ਸੂਰੀ ਵੱਡੇ ਬਜ਼ਾਰ ਵਿਚ ਦੁਕਾਨ ਕਰਦੇ ਸਨ। ਗੱਲ ਦੇ ਬਟਨ ਤੇ ਹੋਰ ਕਈ ਚੀਜ਼ਾਂ ਦੰਦ ਖੰਡ ਦੀਆਂ। ਉਹਨਾਂ ਨੇ ਦੱਸਿਆ ਇਹ ਸਮਾਨ ਹਾਥੀ ਦੰਦ ਦਾ ਨਹੀਂ ਹੈ। ਬਾਹਰੋਂ ਗਊ ਦੀਆਂ ਹੱਡੀਆਂ ਅਤੇ ਊਠ ਦੀਆਂ ਹੱਡੀਆਂ ਮੰਗਾਉਂਦੇ ਹਾਂ। ਕਿਉਂਕਿ ਗਊਆਂ ਦੀਆਂ ਹੱਡੀਆਂ ਨਰਮ ਹੁੰਦੀਆਂ ਹਨ। ਵੱਡੇ ਬਜ਼ਾਰ ਦੇ ਚੌਕ ਵਿਚ ਇਕ ਕੋਨੇ ਤੇ ਪਾਰਟੀ ਅਤੇ ਮਜ਼ਦੂਰ ਦਾ ਆਫ਼ਿਸ ਸੀ। ਚਬਾਰੇ ਵਿਚ। ਸਾਹਮਣੇ ਕੋਨੇ ਵਾਲੀਆਂ ਬਿਲਡਿੰਗਾਂ ਵਿਚ ਕੰਜਰ ਪ੍ਰਵਾਰ ਰਹਿੰਦੇ ਸਨ। ਉਥੋਂ ਬੇਰ ਸਾਹਿਬ ਗੁਰਦੁਆਰਾ ਨੇੜੇ ਪੈਂਦਾ ਸੀ।

ਸਾਲਗਰਾਮ ਨੇ ਮੈਨੂੰ ਬੜਾ ਘੁਮਾਇਆ। ਉਥੇ ਪਹੁੰਚਦਿਆਂ ਮੇਰੇ ਮਗਰ ਨਿਗਰਾਨੀ ਵਾਲਾ ਸਿਪਾਹੀ ਲੱਗ ਗਿਆ। ਕਾ: ਸਾਲਗਰਾਮ ਵਿੰਗੇ ਟੇਡੇ ਜਾ ਜਾ ਕੇ ਉਸ ਨੂੰ ਐਵੇਂ ਖਜਾਉਣ ਲਈ ਅਚਾਨੀ ਦਿੰਦਾ ਰਹਿੰਦਾ। ਪਰ ਸਿਪਾਹੀ ਬੜਾ ਢੀਠ ਸੀ।

ਸਾਲਗਰਾਮ ਨੇ ਮੈਨੂੰ ਟਿਕਟ ਦਿੱਤੀ, ਮੈਂ ਲਾਹੌਰ ਜਾ ਅਪੜਿਆ। ਰਾਤ ਸਟੇਸ਼ਨ ਉਤੇ ਸੁੱਤਾ। ਤੜਕੇ ਚਾਰ ਵਜੇ ਪਾਰਟੀ ਆਫ਼ਿਸ ਪਹੁੰਚਿਆ।

ਮੈਂ ਇਹ ਪਾਰਟੀ ਆਫ਼ਿਸ ਪਹਿਲਾਂ ਬਾਹਰੋਂ ਇਸ ਤਰ੍ਹਾਂ ਦੇਖਿਆ ਹੋਇਆ ਸੀ ਕਿ ਵੱਡੇ ਚਾਚਾ ਜੀ ਨੇ ਇਕ ਖੁਲ੍ਹਾ ਸਹੁਣਾ ਮਕਾਨ ਮੁਗਲਪੁਰੇ ਕਿਰਾਏ ਤੇ ਲਿਆ ਹੋਇਆ ਸੀ। ਚਾਚੀ ਜੀ ਜਾਂ ਆਪ ਉਹ ਆਉਂਦੇ ਜਾਂਦੇ ਉਥੇ ਰਹਿੰਦੇ ਸਨ। ਦਾਦੀ ਮਾਂ ਬਿਮਾਰ ਹੋ ਗਈ ਸੀ। ਉਸ ਨੂੰ ਵੱਡੀ ਚਾਚੀ ਲਾਹੌਰ ਲੈ ਆਈ ਅਤੇ ਉਹ ਇਥੇ ਸਵਰਗਵਾਸ ਹੋ ਗਈ। ਮੈਂ ਬੇਦੀ ਹਰੀ ਸਿੰਘ ਨਾਲ ਸਲਾਹ ਕਰਕੇ ਦਾਦੀ ਮਾਂ ਦੇ ਭੋਗ ਉਤੇ ਨੱਠ ਕੇ ਹੋ ਗਿਆ ਸਾਂ। ਪਾਰਟੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਫ਼ਿਸ ਬਾਰੋਂ [illegible] ਗਿਆ ਸਾਂ । ਬੂਹਾ ਜਾ ਖੜਕਾਇਆ ਕੋਈ ਨਾ ਬੋਲੇ, ਨਾ ਬੂਹਾ ਖੋਲ੍ਹੇ । ਮੈਂ ਮੁੜ ਕੇ ਸਟੇਸ਼ਨ ਤੇ ਚਲਿਆ ਗਿਆ । ਚੰਗੇ ਦਿਨ ਚੜ੍ਹੇ ਫਿਰ ਮੈਨੂੰ ਕੋਈ ਲੈਣ ਆਇਆ ਜੋ ਮੈਨੂੰ ਜਾਣਦਾ ਨਹੀਂ ਸੀ । ਕਾਮਰੇਡ ਸੋਹਣ ਸਿੰਘ ਜੋਸ਼ ਨੇ ਆਪਣੇ ਕਮਰੇ ਵਿਚ ਬਿਠਾਇਆ । ਆਨੰਦ ਲੂੰਬਾ ਗੜਗੱਜ ਉਸ ਦੀ ਪਤਨੀ ਲਾਇਲਪੁਰੀ ਉਸ ਦੀ ਲੰਮੀ ਸਹੁਣੀ ਕੁੜੀ-ਵਹੁਟੀ । ਸਭ ਆਪਣੇ ਆਪਣੇ ਕਮਰਿਆਂ ਵਿਚ ਸਨ । ਸਾਰਿਆਂ ਨਾਲ ਮੇਰੀ ਜਾਣ-ਪਛਾਣ ਹੋ ਗਈ ।

ਇੰਨੇ ਸਾਰੇ ਪਾਰਟੀ ਅਖ਼ਬਾਰ ਵੇਚਣ ਨਿਕਲੇ । ਕਾਲਜਾਂ ਦੀਆਂ ਕੁੜੀਆਂ ਮੁੰਡੇ ਹੋਰ ਸਾਰੇ ਕਾਮਰੇਡ ਜੋਸ਼ ਵੀ ਹੋਰ ਵੱਡੇ ਵੱਡੇ ਲੀਡਰ ਵੀ । ਮੇਰੇ ਉਤੇ ਇਸ ਗੱਲ ਦਾ ਬਹੁਤ ਡੂੰਘਾ ਅਸਰ ਹੋਇਆ ਸੀ । ਸਾਰੇ ਬੇ-ਝੱਕ ਪੜ੍ਹੇ ਲਿਖੇ ਸਹੁਣੇ । ਬੋਲਣ ਕੂਣ ਦੀ ਜਾਚ । ਕੋਈ ਮਜਾਜ ਜਾਂ ਹੰਕਾਰ ਨਹੀਂ ਸੀ ਵਡਿਆਈ ਦਾ । ਕਾ: ਜਗਜੀਤ ਸਿੰਘ ਆਨੰਦ ਅਤੇ ਕਾ: ਅਰਜਨ ਸਿੰਘ ਗੜਗੱਜ ਮੇਰੇ ਸਾਰਿਆਂ ਤੋਂ ਨੇੜੇ ਹੋਏ । ਸੁਤੰਤਰ ਵੱਡੇ ਸਾਰੇ ਤਿੰਨ ਪਹੀਆ ਸਾਈਕਲ ਉਤੇ ਆਫ਼ਿਸ ਆਉਂਦਾ । ਰਹਿਣ ਵਾਲਾ ਮਕਾਨ ਕਿਤੇ ਬਾਹਰ ਸੀ । ਇੰਜ ਜਾਪਦਾ ਸੀ ਹਰ ਇਕ ਸਾਥੀ ਸ਼ਹਿਦ ਦੀਆਂ ਮੱਖੀਆਂ ਵਾਂਗ ਆਪਣੇ ਕੰਮ ਰੁੱਝਾ ਹੋਇਆ ਹੈ । ਇਕੋ ਸੋਚ, ਸਾਂਝਾ ਕੰਮ, ਵਿਚਰਦੀ ਲਗਨ ਜਾਤ, ਧਰਮ ਬਰਾਦਰੀ ਇਲਾਕੇ ਦਾ ਕੋਈ ਅੰਤਰ ਨਹੀਂ । ਮੇਰੇ ਅੰਦਰ ਪਾਰਟੀ ਲਈ ਬਹੁਤ ਚੰਗੀ ਸ਼ਰਧਾ ਮਾਣ ਤੇ ਗਰੂਰ ਉਤਪੰਨ ਹੋ ਗਿਆ ਸੀ । ਜਿਵੇਂ ਮੇਰੀ ਪਾਰਟੀ ਜਿਹਾ ਕੋਈ ਨਹੀਂ ਹੈ । ਕਾ: ਪੀ.ਸੀ. ਜੋਸ਼ੀ ਦਾ ਬੜਾ ਨਾਮ ਸੀ ਜ਼ਿੰਦਾਬਾਦ, ਜ਼ਿੰਦਾਬਾਦ ਸੀ ।

ਇਕ ਰਾਤ ਮੈਂ ਮਾਡਲ ਟਾਊਨ ਬੀ.ਪੀ.ਐੱਲ. ਬੇਦੀ ਦੀਆਂ ਝੁੱਗੀਆਂ ਵਿਚ ਰਿਹਾ । ਬੜੀਆਂ ਗੱਲਾਂ ਹੋਈਆਂ । ਰਾਤ ਨੂੰ ਸ਼ੇਖ ਅਬਦੁੱਲਾ ਅਤੇ ਉਸ ਦੇ ਨਾਲ ਤਿੰਨ ਚਾਰ ਜਣੇ ਹੋਰ ਉਥੋਂ ਆਏ । ਮੈਂ ਵੀ ਸ਼ੇਖ ਨਾਲ ਹੱਥ ਮਿਲਾਇਆ । ਬੇਦੀ ਨੇ ਮੇਰੀ ਜਾਣ-ਪਛਾਣ ਕਰਾਈ, ਸ਼ੇਖ ਜੀ ਨੇ ਮੇਰੇ ਨਾਲ ਵੀ ਪੰਜ ਸੱਤ ਮਿੰਟ ਗੱਲਾਂ ਕੀਤੀਆਂ । ਬੜੇ ਕਮਾਲ ਦੀ ਸ਼ਖ਼ਸੀਅਤ ਸੀ । ਇੰਨਾ ਖ਼ੂਬਸੂਰਤ ਇਨਸਾਨ ਦਲੇਰ ਤੇ ਹੋਸ਼-ਮੰਦ ਅੱਗੇ ਅੱਗੇ ਟੱਪਦਾ ਚਤੁਰ । ਉਹ ਤੜਕੇ ਚਲੇ ਗਏ । ਮੈਂ ਦਿਨ ਚੜ੍ਹੇ ਲੋਕਲ ਬੱਸ ਉਤੇ ਬੈਠ ਕੇ ਗਿਆਨੀ ਲਾਭ ਸਿੰਘ ਕੋਲ ਗਿਆ ਜਿਥੇ ਅਸੀਂ ਰਹਿੰਦੇ ਹੁੰਦੇ ਸਾਂ । ਉਹਨਾਂ ਕੋਲ ਇਕ ਦਿਨ ਰਾਤ ਰਿਹਾ । ਉਹਨਾਂ ਕੁਝ ਰੁਪਏ ਦਿੱਤੇ ਮੈਂ ਡੇਰੇ ਬਾਬੇ ਨਾਨਕ ਆ ਗਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੁਪਏ ਮੇਰੇ ਕੋਲ 10 ਬਚ ਗਏ । ਮੇਰਾ ਰੰਗ ਮੇਰੀ ਇਸ ਆਪਣੀ ਉਤੇ ਫ਼ਖ਼ਰ ਤੇ ਕੁਝ ਹੋਰ ਵਡਿੱਤਣ ਵੱਧ ਗਈ ਸੀ ।

ਡਰਾਮਾ ਜਦੋਂ ਬੰਦ ਕੀਤਾ ਡੀਪੂਆਂ ਬਾਰੇ ਬੜਾ ਮਕਬੂਲ ਹੋਇਆ । ਮੇਰੀ ਵੱਡੀ ਲੜਕੀ ਸੁਖਬੀਰ ਓਦੋਂ ਸੱਤਾਂ ਕੁ ਸਾਲਾਂ ਦੀ ਹੋਏਗੀ । ਡਰਾਮੇ ਵਿਚ ਇਕ ਬੁੱਢੜੀ ਦਾਦੀ ਦੀ ਪੋਤਰੀ ਬਣਦੀ ਜਿਹੜੀ ਬੁੱਢੜੀ ਡੀਪੂ ਤੇ ਆਪਣਾ ਨੋਟ ਗਵਾ ਦਿੰਦੀ ਹੈ । ਫਿਰ ਪਿਟਦੀ ਹੈ । ਹਾਏ, ਹਾਏ ਵੇ ਡੀਪੂ ਵਾਲਿਉ । ਮੇਰਾ ਗਵਾਚਾ ਨੋਟ ਏ, ਬਾਬੂ ਦਾ ਬਣਿਆ ਕੋਟ ਏ......।

ਤਾਰੀਖ਼ੀ ਮੋੜ

ਜਿੰਨਿਆਂ ਸਾਲਾਂ ਵਿਚ ਹਿਟਲਰ ਸਟਾਲਨਗਰਾਦ ਪਹੁੰਚਿਆ ਸੀ ਓਨਿਆਂ ਮਹੀਨਿਆਂ ਵਿਚ ਸੋਵੀਅਤ ਰੂਸ ਨੇ ਹਿਟਲਰੀ ਫ਼ਾਸਿਸਟ ਫ਼ੌਜਾਂ ਨੂੰ ਹਿਟਲਰੀ ਜ਼ਾਲਮ ਸ਼ਕਤੀ ਨੂੰ ਜਰਮਨੀ ਵਿਚ ਵਾੜ ਦਿੱਤਾ । ਦੁਨੀਆਂ ਨੇ ਇਕ ਇਕ ਕਰਾਮਾਤ ਵੇਖੀ ਸੁਣੀ ਅਤੇ ਮੂੰਹ ਵਿਚ ਉਂਗਲਾਂ ਪਾਈਆਂ । ਇਹ ਐਸੀ ਸੋਵੀਅਤ ਰੂਸ ਦੀ ਜਿੱਤ ਸੀ ਜਿਸ ਨਾਲ ਸੋਸ਼ਲਿਸਟ ਜੁੱਟ ਦੇ ਜਨਮ ਦੀ ਚੜ੍ਹਤ ਕੁਲ-ਆਲਮ ਉਤੇ ਹੋ ਗਈ । ਹਜ਼ਾਰਾਂ, ਲੱਖਾਂ, ਕਰੋੜਾਂ ਸੋਵੀਅਤ ਦੇ ਜਵਾਨ ਬੱਚੇ, ਬੁੱਢੜੇ ਔਰਤਾਂ ਫ਼ੌਜਾਂ ਨਾਲ ਲੜਦੇ ਸ਼ਹੀਦ ਹੋਏ । ਤਬਾਹੀ ਦਾ ਕੋਈ ਅੰਤ ਨਾ ਰਿਹਾ । ਕਰਾਮਾਤੀ ਬਹਾਦਰੀਆਂ ਹੋਈਆਂ । ਸੋਵੀਅਤ ਰੂਸ ਨੇ ਸਾਰੀ ਦੁਨੀਆਂ ਨੂੰ ਫ਼ਾਸਿਜ਼ਮ ਤੋਂ ਬਚਾਅ ਲਿਆ । ਹਿਟਲਰ ਦੇ ਸਾਥੀ ਜਾਪਾਨ ਅਤੇ ਇਟਲੀ ਵੀ ਹਾਰ ਚੁਕੇ ਸਨ । ਮੂਸੋਲਿਨੀ ਮਰੇ ਹੋਏ ਨੂੰ ਵੀ ਔਰਤਾਂ ਤੇ ਮਰਦਾਂ ਨੇ ਲਾਹਨਤਾਂ ਪਾਈਆਂ, ਉਸ ਉਤੇ ਥੁਕਿਆ । ਜਾਪਾਨ ਆਪ ਨੂੰ ਐਟਮ ਬੰਬ ਅਮਰੀਕਾ ਨਾਲ ਬੁਰੀ ਤਰ੍ਹਾਂ ਹੀਰੋਸ਼ੀਮਾ, ਨਾਗਾਸਾਕੀ ਤਬਾਹ ਕਰਾ ਚੁਕਾ ਸੀ । ਅੱਜ ਦੁਨੀਆਂ ਦੀ ਸਾਰੀ ਚੜ੍ਹਤ ਉਸ ਫ਼ਾਸਿਜ਼ਮ ਦੀ ਹਾਰ ਅਤੇ ਸੋਸ਼ਲਿਸਟ ਸਟੇਟ ਸੋਵੀਅਤ ਦੀ ਜਿੱਤ ਦੇ ਕਾਰਨ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿੱਲੀ ਵਿਚ ਜਸ਼ਨ ਮਨਾਉਂਦੇ [illegible] ਵਾਲਾ ਹਿਟਲਰ ਆਪਣੇ ਘੁਰਨੇ ਵਿਚ ਜ਼ਹਿਰ ਖਾ ਕੇ ਖ਼ੁਦਕਸ਼ੀ ਕਰ ਚੁਕਾ ਸੀ ।

ਮੇਰਾ ਇਕ ਗੀਤ ਓਦੋਂ ਸਟੇਜਾਂ ਉਤੇ ਬੜਾ ਮਸ਼ਹੂਰ ਹੋਇਆ । ''ਚਲ ਤੂੰ ਸਾਰੀ ਜਨਤਾ ਤੇਰੀ ।'' ਸਟਾਲਨ ਗਰਾਦ ਤੋਂ ਤੁਰੀ ਆਜ਼ਾਦੀ ਟੱਪਦੀ ਯੂਰਪ ਆਵੇ ।

ਕਾਂਗਰਸੀ ਸਭ ਰਿਹਾਅ ਹੋ ਚੁਕੇ ਸਨ । ਪਾਰਟੀ ਦੇ ਜਲਸੇ ਹੁੰਦੇ । ਛੀਨੇ, ਸੁਤੰਤਰ, ਦੱਤ ਸਾਰੇ ਸਟੇਜਾਂ ਉਤੇ ਖ਼ੂਬ ਬੋਲਦੇ । ਮੇਰੇ ਡਰਾਮੇ ਅੰਮ੍ਰਿਤਸਰ ਵਿਚ ਵੀ ਖੇਡੇ ਜਾਂਦੇ । ਗੁਰਦਾਸਪੁਰ ਦੇ ਸਾਰੇ ਕਸਬਿਆਂ ਵਿਚ ਵੀ । ਕਾ: ਰਾਮ ਸਿੰਘ ਦੱਤ ਸਾਰੇ ਜਿਲ੍ਹੇ ਉਤੇ ਛਾਇਆ ਹੋਇਆ ਸੀ । ਉਸ ਕੋਲੋਂ ਮੈਂ ਬਹੁਤੇ ਸਕੂਲ ਲਏ । ਕਾ: ਸਰਦਾਰ ਮੁਹੰਮਦ ਆਤਸ਼ ਤੇ ਮੈਂ ਕਈ ਥਾਈਂ ਕੱਲੇ ਹੀ ਜਲਸਾ ਕਰ ਮਾਰਦੇ । ਉਸ ਦੀ ਉੱਚੀ ਸੁਰੀਲੀ ਹਵਾ ਦੁਨੀਆਂ ਨੂੰ ਕੱਠਿਆਂ ਕਰ ਦਿੰਦੀ, ਮੈਂ ਤਕਰੀਰ ਕਰ ਦਿੰਦਾ । ਉਸ ਨੇ ਤੇ ਮੈਂ ਸੁਥਰਿਆਂ ਵਰਗੇ ਮੋਟੇ ਕੜੇ ਤੇ ਡੰਡਿਆਂ ਨਾਲ ਗੀਤ ਗਾਉਣੇ । ਬੜਾ ਰੰਗ ਬੱਝ ਜਾਣਾ । ਪੰਜਾਬ ਵਿਚ ਮਸ਼ਹੂਰ ਤਿੰਨ ਸਭਿਆਚਾਰ ਟੋਲੇ ਸਨ । ਗੁਰਦਾਸਪੁਰ ਦਾ ਸਾਡਾ, ਜਲੰਧਰ ਵਲ ਕਾ: ਲੱਖਾ ਸਿੰਘ ਜੌਹਰ, ਅੰਮ੍ਰਿਤਸਰ ਵਿਚ ਪ੍ਰੀਤਨਗਰ ਦਾ । ਪ੍ਰੀਤਨਗਰ ਦਾ ਟੋਲਾ ਸ਼ਹਿਰਾਂ ਵਿਚ, ਕਾਲਜਾਂ ਵਿਚ, ਵੱਡਿਆਂ ਵੱਡਿਆ ਥਾਵਾਂ ਤੇ ਬਹੁਤ ਮਸ਼ਹੂਰ ਹੋਇਆ । ਪੜ੍ਹੇ ਲਿਖੇ ਸਹੁਣੇ ਸਹੁਣੇ ਮੁੰਡੇ ਕੁੜੀਆਂ ਉਸ ਵਿਚ ਸਨ । ਜਦ ਇਹ ਕੁੜੀਆਂ ਮੁੰਡੇ ਵੱਡੀਆਂ ਸਟੇਜਾਂ ਉਤੇ ਆਉਂਦੇ, ਲੋਕ ਇਕ ਖਾਮੋਸ਼ ਲਮਹਾ ਬੰਨ੍ਹ ਦਿੰਦੇ । ''ਚੀਨਾ ਇੰਜ ਛੜੀਂਦਾ ਯਾਰ'' ਉਹਨਾਂ ਦਾ ਮਸ਼ਹੂਰ ਅਪਰੇਟਾ ਸੀ । ਮੈਂ ਕੰਮ ਦੇ ਨਾਲ ਨਾਲ ਇਹਨਾਂ ਨੂੰ ਵੀ ਸੁਣਨ ਜਾਂਦਾ । ਆਤਸ਼ ਮੇਰੇ ਨਾਲ ਹੁੰਦਾ । ਆਤਸ਼ ਮੇਰਾ ਸਾਥੀ ਸੀ, ਨਿੱਕਾ ਭਰਾ ਸੀ, ਸ਼ਾਗਿਰਦ ਸੀ, ਦੁੱਖ ਸੁੱਖ ਦਾ ਭਾਈਵਾਲ ਸੀ । ਜਦੋਂ ਉਹ ਅਜੇ ਵੀ ਮੈਨੂੰ ਯਾਦ ਆਉਂਦਾ ਹੈ ਮੈਂ ਕਿੰਨਾ ਚਿਰ ਰੋਂਦਾ ਹਾਂ । ਦੇਸ਼ ਵੰਡਿਆ ਗਿਆ ਸਾਡੇ ਦਿਲਾਂ ਨੂੰ ਕੋਈ ਨਹੀਂ ਵੰਡ ਸਕਿਆ ।

ਪਾਰਟੀ ਦੀ ਚੜ੍ਹਤ ਜਿੰਨੀ ਵਧੀ, ਮਕਬੂਲ ਹੋਈ, ਪੜ੍ਹੇ ਲਿਖੇ ਅਤੇ ਦਰਮਿਆਨੇ ਲੋਕ ਹੁਮ-ਹੁਮਾ ਕੇ ਇਸ ਵਿਚ ਆਏ ਓਨੀ ਹੀ ਪਾਰਟੀ ਦੀ ਸਾਰੀਆਂ ਪਾਰਟੀਆਂ ਵਲੋਂ ਮੁਖਾਲਫ਼ਤ ਬਦਨਾਮੀ ਹੋਣੀ ਸ਼ੁਰੂ ਹੋ ਗਈ । ਅਕਾਲੀ ਸਟੇਜ ਉਤੇ ਤਾਂ ਗੰਦੀ ਤੋਂ ਗੰਦੀ ਮੁਖਾਲਫ਼ਤ ਹੁੰਦੀ । ਕਾਂਗਰਸੀਆਂ ਵਲੋਂ ਅਖ਼ਬਾਰੀ ਪ੍ਰਾਪੇਗੰਡਾ ਬੇ-ਤਰਸ ਸਾਡੇ ਖ਼ਿਲਾਫ਼ ਹੁੰਦਾ । ''ਗੁੰਡੇ ਲੁੱਚੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਦਮਾਸ਼, ਧੀਆਂ ਭੈਣਾਂ ਨੂੰ ਧੀਆਂ ਭੈਣਾਂ ਨਾ ਸਮਝਣ ਵਾਲੇ। ਔਰਤਾਂ ਨੂੰ ਜ਼ਾਇਦਾਦ ਵਾਂਗ ਵੰਡਣ ਵਾਲੇ। ਬੇਦੀਨ, ਬੇਧਰਮੇ। ਨਾਸਤਕ ਤੇ ਬੰਦੇ ਮਾਰ ਕੇ ਖਾ ਜਾਣ ਵਾਲੇ। ਹਮ ਜਿਨਸੀ ਕਰਨ ਵਾਲੇ, ਹਰਿਮੰਦਰ ਵਿਚ ਝੋਨਾ ਬੀਜਣ ਵਾਲੇ। ਮੰਦਰ, ਮਸੀਤਾਂ, ਗੁਰਦਵਾਰੇ ਢਾਹ ਦੇਣ ਵਾਲੇ। ਕੌਮ ਨੂੰ ਨੂੰ ਨਸ਼ਟ ਕਰਨ ਵਾਲੇ ਬਤਾਲੀ ਦੇਗਦਾਰ, ਰੂਸ ਦੇ ਏਜੰਟ ਜੋ ਕਿਸੇ ਦੇ ਮੂੰਹ ਚੜਦਾ ਕਹਿੰਦਾ'' ਮੇਰੀ ਇਹ ਜੀਵਨੀ ਪੜ੍ਹਨ ਸੁਨਣ ਵਾਲਿਉ ਉਹਨਾਂ ਕਾਮ-ਰੇਡਾਂ ਅੱਗੇ ਸਿਰ ਝੁਕਾਉ, ਉਹਨਾਂ ਨੂੰ ਯਾਦ ਕਰੋ, ਜਿਹੜੇ ਉਦੋਂ ਵੀ ਲਾਲ ਝੰਡਾ ਉੱਚਾ ਰੱਖਦੇ ਸਨ। ਅਤੇ ਸਾਰਿਆਂ ਦੇ ਤਹੱਮਲ ਮਜਾਜੀ ਨਾਲ ਉੱਤਰ ਦਿੰਦੇ ਸਨ। ਪਾਰਟੀ ਨੂੰ ਅੱਗੇ ਵੱਲ ਖੜਦੇ ਸਨ। ਸਾਰਿਆਂ ਲੋਕਾਂ ਦੀਆਂ ਮੰਗਾਂ ਉਮੰਗਾਂ ਲਈ ਲੜਦੇ ਸਨ। ਭੁੱਖੇ-ਨੰਗੇ ਰਹਿ ਕੇ ਲੋਕਾਂ ਦੀਆਂ ਭੁੱਖਾਂ-ਨੰਗਾਂ ਲਈ ਜੂਝਦੇ ਸਨ। ਮੁੱਢਲੀ ਤਾਲੀਮ ਦੇਣਾ ਆਪਣਾ ਨਿੱਤ ਨੇਮ ਸਮਝਦੇ ਸਨ। ਆਪਣੇ ਘਰ ਬਰਬਾਦ ਕਰਕੇ ਲੋਕਾਂ ਦੇ ਘਰਾਂ ਨੂੰ ਵਸਾਉਣ ਦਾ ਫ਼ਿਕਰ ਕਰਦੇ। ਰੱਬ ਮਗਰ ਨਾ ਨੱਠਦੇ, ਲੋਕਾਂ ਨੂੰ ਰੱਬ ਸਮਝਦੇ, ਆਪਣੀ ਨਜਾਤ ਰੋਲ ਬਹਿੰਦੇ ਲੋਕਾਂ ਦੀ ਨਜਾਤ ਲਈ ਜਦੋ-ਜਹਿਦ ਕਰਦੇ। ਜਦ ਮੈਨੂੰ ਉਹ ਸਭ ਕੁਝ ਯਾਦ ਆਉਂਦਾ ਹੈ ਮੈਂ ਕੰਬ ਜਾਂਦਾ ਹਾਂ। ਉਸ ਸਮੇਂ ਦੇ ਕੰਮ ਅਤੇ ਗੂੰਜ ਅਨੁਸਾਰ ਤਾਂ ਮੈਨੂੰ ਅੱਜ ਦੀ ਕਮਿਊਨਿਸਟ ਪਾਰਟੀ ਡੈਮੋਕਰੇਟਕ ਪਾਰਟੀ ਲਗਦੀ ਹੈ। ਜੋ ਮੈਂ ਲਿਖ ਰਿਹਾ ਹਾਂ ਇਹ ਸਭ ਮੇਰੀ ਇਮਾਨਦਾਰੀ ਨਾਲ ਅਤੇ ਸੱਚੇ ਸੁੱਚੇ ਦਿਲੋਂ ਜ਼ਿੰਦਗੀ ਬਿਤਾਈ ਦਾ ਜ਼ਾਤੀ ਤਜ਼ਰਬਾ ਹੈ।

ਸਾਡੇ ਨਾਲ ਡੇਰੇ ਬਾਬੇ ਨਾਨਕ ਵਿਚ ਇਕ ਨਿੱਕੀ ਉਮਰ ਦਾ ਰਮਦਾਸੀਆ ਕਾਮਰੇਡ ਸੀ। ਕਾ: ਸੋਹਨ ਸਿੰਘ। ਬਾਜ਼ਾਰ ਵਿਚ ਗੰਢ ਤੁਪ ਕਰਦਾ। ਉਹਨੂੰ ਮੈਂ ਪੰਜਾਬੀ ਪੜ੍ਹਾਈ। ਵੇਲੇ ਕੁਵੇਲੇ ਮਦਦ ਕਰਨੀ। ਉਸ ਨੇ ਕੁਝ ਗੀਤ ਯਾਦ ਕਰ ਲਏ। ਡੇਰੇ ਵਿਚ ਸਾਡੇ ਨਾਲ ਆਪਣੀ ਪਹੁੰਚ ਮੁਤਾਬਕ ਕੰਮ ਕਰਦਾ। ਸਾਡੇ ਘਰ ਵੀ ਉਸ ਦੀ ਬੜੀ ਇੱਜ਼ਤ ਸੀ। ਉਸ ਨੂੰ ਹਰ ਥਾਂ ਇੱਜ਼ਤ ਦਿਵਾਉਂਦਾ। ਉਸ ਦਾ ਤਾਏ ਦਾ ਪੁੱਤਰ ਭਰਾ ਸੀ ਵਰਿਆਮ ਸਿੰਘ। ਚੰਗਾ ਖਾੜਕੂ ਰਮਦਾਸੀਆ ਪਰਿਵਾਰ ਸੀ। ਮੇਰੇ ਨਾਲ ਵਰਿਆਮ ਸਿੰਘ ਦੀ ਯਾਰੀ ਹੁਣ ਤਕ ਭਰਾ ਵਰਗੀ ਚਲੀ ਆਉਂਦੀ ਹੈ। ਜੇ ਮੈਂ ਸਾਂਝਾਂ ਦਾ ਬਰਾਦਰੀ ਵਾਰ ਜ਼ਿਕਰ ਕਰਾਂ ਤਾਂ ਮੇਰੀ ਯਾਰੀ ਰਮਦਾਸੀਆ ਬਰਾਦਰੀ ਨਾਲ, ਖਤਰੀਆਂ ਨਾਲ, ਬਹਾਮਣਾਂ ਨਾਲ ਅਤੇ ਜੱਟਾਂ ਨਾਲ ਰਹੀ ਹੈ। ਤਰਖਾਣ ਬਰਾਦਰੀ ਨਾਲ ਅਤੇ ਜੱਟਾਂ ਨਾਲ ਰਹੀ ਹੈ। ਤਰਖਾਣ ਨਾਲ ਨਹੀਂ। ਪਿਛੋਂ ਜਾ ਕੇ ਕਾਰਖ਼ਾਨੇ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾਰਾਂ ਨਾਲ ਕੋਈ ਜਿਹੜੇ ਮੇਰੇ ਯਾਰ ਹੋਏ । ਮੇਰੇ ਰਿਸ਼ਤੇਦਾਰ ਪਹਿਲੋਂ ਵੀ ਸਨ ਅਤੇ ਹੁਣ ਵੀ ਬਣੇ । ਪਰ ਇਹ ਜਮਾਤ ਕਿਸੇ ਦੀ ਯਾਰ ਨਹੀਂ ਪੱਕੇ ਕਾਰਖ਼ਾਨੇਦਾਰ ਮੇਰੇ ਚਾਰ ਪੰਜ ਹੀ ਯਾਰ ਹਨ । ਮੋਹਰੀ ਸਭ ਤੋਂ ਹੈ ਰਤਨ ਸਿੰਘ, ਹੰਸ ਪਾਲ ਬਟਾਲੇ ਜਿਸ ਵਿਚ ਯਾਰੀ ਦਾ ਮਾਦਾ ਹੈ ਅਤੇ ਇਨਸਾਨੀਅਤ ਵੀ ਹੈ ।

ਇਹਨਾਂ ਮੈਨੂੰ ਰਾਮਗੜੀਆ ਤਾਂ ਕਿਹਾ ਨਹੀਂ ਤੇ ਮੈਨੂੰ ਤਰਖਾਣ ਹੀ ਕਹਿੰਦੇ ਰਹੇ । ਇਹ ਵੀ ਇਹਨਾਂ ਮੈਨੂੰ ਕਦੇ ਆਖਿਆ ਸੀ—ਇਹ ਸਾਡੇ ਵਿਚੋਂ ਹਰਾਮ ਦਾ ਜੰਮਿਆ ਹੈ । ਮੇਰਾ ਸ਼ਰੀਕਾ ਜਿਹੜਾ ਮੇਰੇ ਉਤੇ ਫ਼ਖ਼ਰ ਕਰਦਾ ਹੈ ਸਭ ਤੋਂ ਪਹਿਲਾਂ ਮੇਰਾ ਮੁਖਾਲਫ਼ ਬਣਿਆ — ਇਹ ਪਿਉ ਵਾਲੀ ਕਿਹੜੀ ਆਜ਼ਾਦੀ ਮਗਰ ਫਿਰਦਾ ਹੈ । ਅੰਗਰੇਜ਼ ਸਾਡੇ ਮਾਈ ਬਾਪ ਨੇ । ਇਹਨਾਂ ਕਾਰਖ਼ਾਨੇਦਾਰਾਂ 'ਚੋਂ ਕੋਈ ਕੋਈ ਵਿਦਵਾਨ ਹੈ ਬਾਕੀ ਸਭ ਸ਼ੋਅ ਕੇਸ ਹਨ । ਯਹੂਦੀਆਂ ਜਿਹੇ ਹਨ । ਮੇਰੇ ਸਹੁਰੇ ਤੇਜਾ ਸਿੰਘ ਜੀ ਨੇ ਮੈਨੂੰ ਕਦੇ ਨਹੀਂ ਸੀ ਨਿੰਦਿਆ ।

ਉਂਜ ਇਹ ਬਹਾਦਰੀ ਜਿਸ ਪਾਸੇ ਪਈ ਹੈ ਕਾਮਯਾਬ ਹੈ । ਭਾਵੇਂ ਚੰਗੇ ਮੰਦੇ ਪਾਸੇ । ਪੰਡਤ ਜਵਾਹਰ ਲਾਲ ਨਹਿਰੂ ਨੇ ਲਾਹੌਰ ਆਉਣਾ ਸੀ । ਅਖ਼ਬਾਰਾਂ ਵਿਚ ਇੰਜ ਨਿਕਲਿਆ ਕਿ ਜਿਹੜਾ ਜਿਹੜਾ ਕੋਈ ਬਤਾਲੀ ਦੀ ਤਹਿਰੀਕ ਵਿਚ ਕੁਦਿੱਆ ਹੈ, ਕੈਦ ਹੋਇਆ ਹੈ ਉਹ ਮੀਟਿੰਗ ਵਿਚ ਆ ਸਕਦਾ ਹੈ ।

ਮੈਂ ਤੇ ਸਰਦਾਰ ਮੁਹੰਮਦ ਆਤਸ਼ ਸਾਈਕਲਾਂ ਉਤੇ ਲਾਹੌਰ ਗਏ । ਅੰਮ੍ਰਿਤਸਰ ਚਾਚੇ ਗਿਆਨ ਸਿੰਘ ਦਾ ਵੱਡਾ ਲੜਕਾ ਜੋਧ ਸਿੰਘ ਜਿਸ ਨਾਲ ਮੈਨੂੰ ਨਿੱਕੇ ਹੁੰਦੇ ਤੋਂ ਬੜਾ ਮੋਹ ਸੀ । ਉਹ ਖ਼ਾਲਸਾ ਕਾਲਜ ਵਿਚ ਪੜ੍ਹਦਾ ਸੀ ਉਸ ਕੋਲ ਹੋਸਟਲ ਵਿਚ ਰਹੇ । ਰਾਤ ਉਸ ਦੇ ਕਮਰੇ ਵਿਚ ਮੁੰਡਿਆਂ ਨਾਲ ਗੱਲਾਂ ਤੇ ਗੀਤ, ਕਵਿਤਾਵਾਂ ਹੁੰਦੀਆਂ ਰਹੀਆਂ । ਦਿਨੇ ਅਸੀਂ ਦੋਵੇਂ ਲਾਹੌਰ ਪਹੁੰਚ ਗਏ । ਪਾਰਟੀ ਆਫ਼ਿਸ ਵਿਚ । ਪਾਰਟੀ ਨੇ ਵੀ ਲਾਹੌਰ ਤੋਂ ਬਾਹਰਵਾਰ ਜਗ੍ਹਾ ਲਈ ਹੋਈ ਸੀ । ਉਥੇ ਸਾਰੇ ਲੀਡਰ ਗਦਰੀ ਬਾਬੇ ਭਗਤ ਸਿੰਘ ਦੇ ਸਾਥੀ ਹੋਰ ਜਿੰਨ੍ਹਾਂ ਜਿੰਨ੍ਹਾਂ ਕੈਦਾਂ ਕੱਟੀਆਂ ਸਨ, ਸਾਰੇ ਇਕੱਠੇ ਕੀਤੇ ਹੋਏ ਸਨ । ਪ੍ਰੋਗਰਾਮ ਇਹ ਬਣਾਇਆ ਸੀ ਕਿ ਪੰਡਤ ਨਹਿਰੂ ਨੂੰ ਸੱਦ ਕੇ ਇਹਨਾਂ ਸੂਰਮਿਆਂ ਦੇ ਦਰਸ਼ਨ ਕਰਾਏ ਜਾਣ । ਉਹ ਵੀ ਦੇਸ਼ ਭਗਤ ਜਿਨ੍ਹਾਂ ਪੰਡਤ ਨਹਿਰੂ ਨਾਲ ਮਿਲ ਕੇ ਕੰਮ ਕੀਤਾ ਹੋਇਆ ਸੀ । ਉਹ ਵੀ ਸਨ ਜਿਨ੍ਹਾਂ ਨੇ ਮਹਾਤਮਾ ਗਾਂਧੀ ਨਾਲ । ਪਹਿਲੋਂ ਹਰ ਖ਼ਿਆਲ ਦੇ ਸਭ ਕਾਂਗਰਸ ਨਾਲ ਸਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਨਾਰਕਲੀ ਦੀ ਬਾਹਰਲੀ ਸੜਕ ਜਿਹੜੀ ਅੱਗੇ ਜਾਂਦੀ ਸੀ ਅਤੇ ਉਥੇ ਦੋ ਕੱਠੇ ਸਿਨਮੇ ਸਨ ਆਮੋ ਸਾਹਮਣੇ । ਉਧਰ ਇਕ ਵਲਗਣ ਸੀ ਕਾਫੀ ਵੱਡੀ ਉਸ ਅੰਦਰ ਮੀਟਿੰਗ ਹੋਈ ਸੀ । ਮੈਂ ਤੇ ਆਤਸ਼ ਉਥੇ ਚਲੇ ਗਏ । ਖੱਦਰ-ਧਾਰੀ ਹੈ ਹੀ ਸਾਂ । ਅੰਦਰ ਸਟੇਜ ਉਤੇ ਨਹਿਰੂ ਜੀ ਬੈਠੇ ਹੋਏ ਸਨ । ਜਿਸ ਦਾ ਜੀਅ ਕਰੇ ਹੱਥ ਮਿਲਾ ਕੇ ਬੈਠ ਜਾਏ ਜਿਸ ਦਾ ਦਿਲ ਕਰੇ ਉਂਜ ਬੈਠ ਜਾਏ । ਭੀੜ ਕਾਫੀ ਸੀ । ਅਸੀਂ ਦੋਵਾਂ ਨੇ ਪੰਡਤ ਜੀ ਨਾਲ ਹੱਥ ਮਿਲਾਏ । ਖ਼ੁਸ਼ ਹੋਏ । ਪਿਛਲੇ ਪਾਸੇ ਆ ਕੇ ਖਲੋ ਗਏ ਭੀੜ ਭੜੱਕਾ ਬਹੁਤ ਸੀ । ਮੀਟਿੰਗ ਸ਼ੁਰੂ ਹੋਈ । ਪੰਡਤ ਜੀ ਬੋਲੇ । ਰੌਲਾ ਇਤਨਾ ਸੀ ਕਿ ਕੁਝ ਪਿੜ ਪੱਲੇ ਨਾ ਪਿਆ । ਅਸੀਂ ਭੀੜ ਵਿਚੋਂ ਨਿਕਲੇ ਸਾਈਕਲ ਫੜੇ ਤੇ ਬਾਹਰਲੇ ਥਾਂ ਪਹੁੰਚ ਗਏ । ਇਸ ਪਾਸੇ ਬਾਗ਼ ਬਗੀਚੇ ਬਹੁਤ ਸਨ ।

ਵਕਤ ਦਿੱਤੇ ਅਨੁਸਾਰ ਪੰਡਤ ਜਵਾਰਰ ਲਾਲ ਜੀ ਵੀ ਪਹੁੰਚ ਗਏ । ਦੋ ਕਤਾਰਾਂ ਲੱਗੀਆਂ ਹੋਈਆਂ ਸਨ । ਇਕ ਪਾਸੇ ਦੇਸ਼ ਭਗਤ ਬਜ਼ੁਰਗ ਦੂਜੇ ਪਾਸੇ ਅਸੀਂ ਜਿਹੜੇ ਕਾਂਗਰਸ ਵਿਚੋਂ ਆਏ ਸਾਂ । ਸਾਰਿਆਂ ਦੀ ਪੰਡਤ ਜੀ ਨੂੰ ਜਾਣਕਾਰੀ ਕਰਾਈ ਗਈ । ਸਾਰਿਆਂ ਦੀਆਂ ਕੁਰਬਾਨੀਆਂ ਦੱਸੀਆਂ ਗਈਆਂ ਪੰਡਤ ਹੋਰੀਂ ਸਾਡੇ ਸਾਰਿਆਂ ਨਾਲ ਮੁਸਕਰਾ ਕੇ ਹੱਥ ਮਿਲਾਉਂਦੇ ਰਹੇ । ਕਿਤਨੇ ਖ਼ੂਬਸੂਰਤ ਸਨ, ਚਿਹਰਾ ਡਲਕਾਂ ਮਾਰਦਾ ਸ਼ੇਖ ਅਬਦੁੱਲਾ ਵਰਗਾ ਰੰਗ ਤੇ ਜਲਾਲ । ਇਹ ਵੀ ਕਸ਼ਮੀਰੀ ਕੌਲ ਬਰਾਮਣ ਸਨ । ਮੈਂ ਇਹਨਾਂ ਦੀ ਜੀਵਨੀ 'ਮੇਰੀ ਕਹਾਣੀ' ਪੁਸਤਕ ਪੜ੍ਹ ਚੁਕਾ ਸਾਂ ।

ਸਾਰੀ ਜਗ੍ਹਾ ਵਿਚ ਇਕ ਚੋਗਾਠ ਵਾਲਾ ਦਰਵਾਜ਼ਾ ਪੈਂਦਾ ਸੀ । ਉਸ ਦੀ ਸਰਦਲ ਵਿਚ ਖਲੋ ਕੇ ਪੰਡਤ ਜੀ ਨੇ ਤਕਰੀਰ ਕੀਤੀ । ਐਟਮ ਬੰਬ ਅਤੇ ਨੈਸ਼ਲਿਜ਼ਮ ਦ੍ਹਾ ਕਾਫੀ ਜਿਕਰ ਦਿੱਤਾ । ਪਾਰਟੀ ਨੂੰ ਨਿੰਦਿਆ ਨਾ ਖ਼ੁਸ਼ੀ ਖ਼ੁਸ਼ੀ ਲੀਡਰ ਉਹਨਾਂ ਨੂੰ ਕਾਰ ਉਤੇ ਚੜ੍ਹਾ ਆਏ । ਬਾਹਰ ਕਾਰਾਂ ਦਾ ਮੇਲਾ ਜਿਹੜਾ ਨਾਲ ਆਇਆ ਹੋਇਆ ਸੀ, ਨਾਲ ਹੀ ਮੁੜ ਗਿਆ ।

ਪਾਰਟੀ ਦੀ ਆਪਸੀ ਮੀਟਿੰਗ ਹੋਈ । ਜਿੰਨਾਂ ਪੜ੍ਹਿਆ ਲਿਖਿਆ ਅਨਸਰ ਸੀ ਸਾਰਾ ਦੱਤ ਤੇ ਸੁਤੰਤਰ ਸਣੇ ਉਹਨਾਂ ਦੇ ਖ਼ਿਆਲਾਂ ਨੂੰ ਬੜਾ ਪੈ ਰਿਹਾ ਸੀ । ਅਸੀਂ ਸਾਰੇ ਕਾ: ਰਾਮ ਸਿੰਘ ਦੱਤ ਪੱਖੀ ਸਾਂ, ਦਾਅ ਲੱਗੇ ਅੱਗੋਂ ਬੋਲਦੇ, ਉਂਜ ਪਾਰਟੀ ਦੀ ਉਸ ਧੜੇਬੰਦੀ ਤੋਂ ਨਿਰਲੇਪ ਸਾਂ । ਉਥੇ ਇਕ ਨੌਜਵਾਨ ਸਿੰਘ ਗੱਭਰੂ ਵੀਹਾਂ ਕੁ ਸਾਲਾਂ ਦਾ ਹੋਏਗਾ । ਨਾਂ ਪਿਆਰਾ ਸਿੰਘ । ਰੇਲਵੇ ਦੀ ਯੂਨੀਅਨ ਵਿਚ ਕੰਮ ਕਰਦਾ ਸੀ । ਅੱਜ ਦਾ ਉਹ ਸੂਬਾ ਪਾਰਟੀ ਦਾ ਸੈਕਟਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ, ਨਾਂ ਪਿਆਰਾ ਸਿੰਘ ਦਿਓਸੀ ਪਾਰਟੀ ਧੜੇਬੰਦੀ ਹੁਣ ਓਦੋਂ ਨਾਲੋਂ ਤੇਜ਼ ਹੈ, ਭਾਵੇਂ ਓਦੋਂ ਦੀ ਇਕ ਪਾਰਟੀ ਦੀਆਂ ਦੋ ਬਣ ਗਈਆਂ ਹਨ ।

ਉਹ ਕਾਮਰੇਡ ਬੜਾ ਟੁੱਟ ਟੁੱਟ ਕੇ ਕਾ: ਦੱਤ ਨੂੰ ਪੈਂਦਾ ਸੀ । ਆਖ਼ਿਰ ਮੀਟਿੰਗ ਖ਼ਤਮ ਹੋਈ । ਸਾਰੇ ਉਥੋਂ ਤੁਰ ਪਏ । ਕਈ ਸਾਰੇ ਉਥੇ ਰਹੇ । ਅਸੀਂ ਸੜਕ ਉਤੇ ਤੁਰੇ ਜਾ ਰਹੇ ਸਾਂ ਕਿ ਸਾਡੇ ਲਾਗੋਂ ਪਿਆਰਾ ਸਿੰਘ ਸਾਈਕਲ ਦੀ ਘੰਟੀ ਵਜਾਉਂਦਾ ਫੁਰਰ ਕਰਕੇ ਲੰਘ ਗਿਆ । ਉਸ ਨੂੰ ਦੇਖ ਕੇ ਦੱਤ ਹੋਰਾਂ ਆਖਿਆ — ਕੁੱਤਾ ਤਰਖਾਣ ਕਿਸ ਤਰ੍ਹਾਂ ਚੜ੍ਹ ਚੜ੍ਹ ਕੇ ਗੱਲਾਂ ਕਰਦਾ ਹੈ । ਫਿਰ ਮੇਰੇ ਵੱਲ ਵੇਖ ਕੇ ਕਹਿਣ ਲੱਗੇ — ਰਾਹੀ ਤੇਰੀ ਗੱਲ ਨਹੀਂ ਤੂੰ ਬੜਾ ਸਿਆਣਾ, ਸੂਝਵਾਨ ਕਾਮਰੇਡ ਹੈ ।...ਬਾਕੀ ਸਾਰੇ ਹੱਸ ਪਏ । ਮੈਂ ਸ਼ਰਮਿੰਦਾ ਹੋ ਗਿਆ ।

ਦੂਜੇ ਦਿਨ ਮਕਲੋਡ ਰੋਡ ਉਤੇ ਪਾਰਟੀ ਮਿਟਿੰਗ ਹੋਈ । ਸੁਤੰਤਰ, ਲਾਇਲਪੁਰੀ, ਛੀਨਾ, ਦੋ ਤਿੰਨ ਹੋਰ ਲੀਡਰ ਬੋਲੇ । ਮਗਰੋਂ ਕਾਮਰੇਡ ਸੋਹਣ ਸਿੰਘ ਜੋਸ਼ ਬੋਲਿਆ । ਆ ਧਾ ਇੰਜ ਮੁਕਾਇਆ—ਫਲਾਣੇ ਫਲਾਣੇ ਥਾਂ ਸਾਡੇ ਕਾਮਰੇਡ ਫਲਾਣੇ ਫਲਾਣੇ ਕਾਮਯਾਬ ਹੋ ਜਾਣੇ ਹਨ । ਅਸੀਂ ਸਾਰੇ ਅਠਾਰਾਂ ਹੋ ਜਾਵਾਂਗੇ । ਕਾਂਗਰਸ ਲੀਗ ਦੇ ਵਿਚਕਾਰ ਜਿਹੜਾ ਸਾਡੀ ਪਾਲਸੀ ਨਾ ਮੰਨੇਗਾ ਉਸ ਦੇ ਖ਼ਿਲਾਫ਼ ਹੋ ਕੇ ਦੂਜੇ ਨਾਲ ਲੱਗ ਕੇ ਆਪਣੀ ਪਾਲਸੀ ਮਨਵਾ ਲਵਾਂਗੇ । ਕਾਂਗਰਸ ਲੀਗ ਸਮਝੌਤਾ ਇਸ ਤਰ੍ਹਾਂ ਹੋ ਜਾਵੇਗਾ, ਸਾਡੀ ਪਾਲਸੀ ਠੀਕ ਮੰਨੀ ਜਾਏਗੀ ।......ਜੋਸ਼ ਹੋਰਾਂ ਇਹ ਗੱਲਾਂ ਬੜੇ ਚੰਗੇ ਢੰਗ ਨਾਲ ਕਹੀਆਂ ਸਾਰੇ ਤਾੜੀਆਂ ਮਾਰ ਉਠੇ । ਸਾਡੇ ਸਾਰਿਆਂ ਵਿਚ ਵੀ ਇਕ ਅਲੈਕਸ਼ਨਾਂ ਲਈ ਉਤਸ਼ਾਹ ਜਾਗ ਉਠਿਆ । ਅਣ-ਚਾਹੇ ਆਪਣੇ ਅੰਦਰ ਹਕੂਮਤੀ ਚਾਅ ਪਲਸੇਟੇ ਲੈਣ ਲੱਗ ਪਿਆ ।

ਮੈਂ ਤੇ ਆਤਸ਼ ਉਥੋਂ ਫਿਰ ਪੜਾਅ ਅੰਮ੍ਰਿਤਸਰ ਕੀਤਾ ਅਤੇ ਡੇਰੇ ਬਾਬਾ ਨਾਨਕ ਪਹੁੰਚ ਗਏ । ਸਾਰੇ ਸਾਥੀ ਇਕੱਠੇ ਕੀਤੇ ਰਿਪੋਰਟ ਸੁਣਾਈ । ਜ਼ੋਰ ਸ਼ੋਰ ਨਾਲ ਕੰਮ ਸ਼ੁਰੂ ਕਰ ਦਿੱਤਾ ।

ਅਲੈਕਸ਼ਨਾਂ ਆਈਆਂ । ਸਾਡੀ ਅੱਤ ਦੀ ਖੇਹਖਵਾਰੀ ਹੋਈ । ਮੇਰੇ ਘਰ ਅੱਗੇ ਲੋਕਾਂ ਨੇ ਪਿਟਣ ਆਉਣਾ । ਬਤਾਲੀ ਦੇ ਗ਼ੱਦਾਰ ਰੂਸੀ ਏਜੰਟ ਹਾਏ, ਹਾਏ ! ਮੇਰੀ ਭਾਬੀ ਨੇ ਬਾਹਰਲਾ ਬੂਹਾ ਬੰਦ ਕਰ ਦੇਣਾ । ਕੁਝ ਦਿਨ ਸਾਲਗਰਾਮ ਹੋਰੀਂ ਵੀ ਆਏ । ਸਾਡੇ ਇਲਾਕੇ ਵਿਚ ਦੱਤ ਖਲੋਤਾ ਸੀ । ਕਾਂਗਰਸ ਵਲੋਂ ਪਰਬੋਧ ਚੰਦਰ ਬਿਲਕੁਲ ਜਵਾਨ ਕੁੜੀ ਜਾਪਦਾ ਸੀ । ਨਖਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਵੀ ਤੇ ਬੋਲਣ ਚੁੱਲਣ ਵਿਚ ਵੀ । ਬੰਦੀ ਹਰੀ ਸਿੰਘ ਯੂਨਿਸਟਾਂ ਵਲੋਂ ਪ੍ਰਚਾਰ ਕਰਦਾ ਸੀ । ਸਾਡੀ ਇਕ ਮੀਟਿੰਗ ਜਿਲ੍ਹੇ ਵਿਚ ਦਰਮਿਆਨ ਜਿਹੇ ਅਲੈਕਸ਼ਨ ਵਿਚ ਹੋਈ । ਪੰਜ ਛੇ ਕਾਮਰੇਡ ਔਰਤਾਂ ਆਈਆਂ ਹੋਈਆਂ ਸਨ । ਸ਼ਕੁੰਤਲਾ, ਸ਼ਾਰਦਾ ਅਤੇ ਬੀਰ ਕਲਸੀ ਵੀ । ਬੀਰ ਕਲਸੀ ਨੇ ਕੰਨਾਂ ਵਿਚ ਸ਼ਾਨਦਾਰ ਲੰਮੇ ਕਾਂਟੇ ਪਾਏ ਹੋਏ ਸਨ । ਉਸ ਨੇ ਸੁਤੰਤਰ ਦੀ ਅਲੈਕਸ਼ਨ ਬਾਰੇ ਗੱਲ ਕਰਦੀ ਨੇ ਦੱਸਿਆ — ਲੋਕ ਕਹਿੰਦੇ ਹਨ, ਜਿਹੜਾ ਨੇਹ ਕਲੰਕ ਅਵਤਾਰ ਆਉਣਾ ਸੀ ਉਹ ਅਵਤਾਰ ਇਹੋ ਹੈ, ਕਾ: ਤੇਜਾ ਸਿੰਘ ਸੁਤੰਤਰ । ਵੋਟਾਂ ਮੁਸ਼ਕਲ ਨਾਲ ਹੀ ਅਕਾਲੀਆਂ ਨੂੰ ਜਾਣਗੀਆਂ ।......ਹੋਰਾਂ ਨੇ ਵੀ ਫੜ੍ਹਾਂ ਛੜਾਂ ਮਾਰੀਆਂ ।

ਸਾਲਗਰਾਮ, ਮੈਂ ਅਤੇ ਹੋਰ ਸਾਥੀ ਕੱਠੇ ਬਾਜ਼ਾਰ ਵਿਚ ਨਿਕਲਦੇ ਲੋਕ ਰੌਲਾ ਪਾਉਂਦੇ ਅਸੀਂ ਉੱਚੇ ਥਾਂ ਖਲੋ ਜਾਂਦੇ । ਬੋਲਨ ਲਗਦੇ । ਕਦੀ ਮੈਂ ਕਦੀ ਸਾਲਗਰਾਮ ਸੂਰੀ । ਆਖਦੇ --- ਸੁਣੋ, ਸੁਣੋ ਭਰਾਉ ਸਾਡੀ ਗੱਲ ।...... ਲੋਕ ਸੁਣਨ ਲਗਦੇ —- ਸਾਡੇ ਨਾਲ ਫਲਾਣੇ ਭਗਤ ਸਿੰਘ ਦੇ ਸਾਥੀ । ਫਲਾਣੇ-ਫਲਾਣੇ ਪੁਰਾਣੇ ਕਾਂਗਰਸੀ......ਫਲਾਣੇ ਫਲਾਣੇ ਗ਼ਦਰੀ ਬਾਬੇ, ਫਲਾਣੇ-ਫਲਾਣੇ ਬੰਬ ਕੇਸਾਂ ਦੇ ਸੂਰਮੇ ।......ਲੋਕ ਹੈਰਾਨ ਹੁੰਦੇ । ਅਸੀਂ ਜ਼ੋਰ ਨਾਲ ਬੋਲਦੇ ਲੋਕ ਹੋਰ ਕੱਠੇ ਹੁੰਦੇ ਅਤੇ ਸੁਣ ਕੇ ਚੁੱਪ ਚਾਪ ਤੁਰ ਜਾਂਦੇ । ਸ਼ਰੀਕਾਂ ਦਾ ਕਿਹਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ । ਸਾਡੇ ਫਤਿਹਗੜ੍ਹ ਚੂੜੀਆਂ ਦੇ ਇਲਾਕੇ ਸ਼ਾਹੀ ਕੈਦੀ ਵਾਸਦੇਵ ਸਿੰਘ ਅਤੇ ਚੰਨਣ ਸਿੰਘ ਕੋਟ ਕਰਮ ਚੰਦੀਆ ਦੋਵੇਂ ਖਲੋਤੇ ਸਨ । ਅਖੀਰ ਤੇ ਕਾਂਗਰਸ ਦੇ ਹੱਕ ਵਿਚ ਬੈਠ ਗਏ । (ਇਹ ਵਾਇਕਿਆ ਮੈਂ ਨਾਵਲ 'ਅਧੂਰੇ ਸਫ਼ਰ' ਵਿਚ ਦੱਸ ਚੁਕਾ ਹਾਂ ।)

ਮੈਂ ਤੇ ਚੰਨਣ ਸਿੰਘ ਨੇ ਪਹਿਲਾਂ ਲਾਗਲੇ ਪਿੰਡ ਰਾਤ ਦਾ ਜਲਸਾ ਰਖਿਆ । ਗੁਰਦਵਾਰੇ ਉਠ ਕੇ ਮੈਂ ਕਿਸਾਨਾਂ ਵਲੋਂ ਬੋਲਣ ਲੱਗ ਪਿਆ । ਕੋਈ ਅੱਧਾ ਘੰਟਾ ਬੋਲਿਆ । ਇਕ ਜੱਥੇਦਾਰ ਕਿਸਮ ਦਾ ਸਿੰਘ ਉੱਠਿਆ ਕਹਿਣ ਲੱਗਾ — ਵੇਖੋ ਸਿੰਘੋ ਜ਼ਰਾ ਕਿਸਾਨ ਦੇ ਪੁੱਤਰ ਨੂੰ । ਇਹਦੀ ਵਜਾ ਕਤਾ ਕੀ ਹੈ । ਬੜੀਆਂ ਲਤਰ ਲਤਰ ਗੱਲਾਂ ਕਰਦਾ ਹੈ । ਇਹਦੇ ਬੂਟ ਵੇਖੋ ਪਜਾਮਾ ਵੇਖੋ, ਰੱਖੋ ਇਹਦੇ ਸਿਰ ਉਤੇ ਪੱਠਿਆਂ ਦੀ ਪੰਡ । ਕੌਮ ਦਾ ਨਸ਼ਟ ਕਰਨ ਵਾਲੇ ਰੂਸ ਦੇ ਪੁੱਤਰ, ਖਾਂਦੇ ਇਥੋਂ ਨੇ ਢੋਲੇ ਗਾਉਂਦੇ ਰੂਸ ਦੇ, ਕਹਿੰਦੇ ਪਾਕਿਸਤਾਨ ਬਣਾ ਲੈਣ ਦਿਉ ਮੁਸਲਮਾਨਾਂ ਨੂੰ ।...ਸਾਰੇ ਹੱਸ ਪਏ, ਮੈਂ ਬਹਿ ਗਿਆ । ਫਿਰ ਇਕ ਹੋਰ ਕਿਸਾਨ ਆਇਆ ਉਸ ਨੇ ਸਾਨੂੰ ਪ੍ਰਸ਼ਾਦਾ ਪਾਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛਕਾਇਆ। [illegible] ਘਰ ਮੁੜ ਆਏ। [illegible] ਸ਼ੁਕਰਗੜ੍ਹ ਚਲਿਆ ਗਿਆ ਹੋਇਆ ਸੀ। ਕਾ: ਸਾਧੂ ਸਿੰਘ ਝੰਗੀ ਤੇ ਮੈਂ ਫਿਰਦੇ ਰਹੇ। ਇਕ ਥਾਂ ਤੇ ਮੈਂ ਤੇ ਇਕ ਕਾਮਰੇਡ ਸ੍ਰੀ ਦਲੀਪ ਸਿੰਘ ਢਾਂਡਾ, ਫਤੇਹਗੜ੍ਹ ਚੂੜੀਆਂ ਲਾਗਲੇ ਪਿੰਡ ਦਾ। ਉਸ ਨਾਲ ਲੌਢੇ ਵੇਲੇ ਰਜਵਾਹ ਦੇ ਕੰਡੇ ਉਤੇ ਇਕ ਪਿੰਡ ਗਏ। ਪਹਿਲੇ ਦਿਨ ਉਸ ਪਿੰਡ ਅਕਾਲੀ ਸ਼ਹਿਰ 'ਚ ਜਲਸਾ ਕਰ ਚੁਕੇ ਸਨ। ਲੋਕਾਂ ਨੇ ਸਾਨੂੰ ਵੇਖ ਕੇ ਰੌਲਾ ਪਾ ਦਿੱਤਾ — ਰੂਸ ਦੇ ਏਜੰਟ ਆ ਗਏ ਫੜ ਲਉ। ਕਹਿੰਦੇ ਨੇ ਹਰਿਮੰਦਰ ਵਿਚ ਝੋਨਾ ਬੀਜਣਾ ਹੈ। ਮੱਸੇ ਰੰਗੜ ਦੇ ਯੱਦੇ ਹੋਏ। ਪਾਕਿਸਤਾਨ ਦੇ ਮੁਸੱਲੇ ਕੁੱਤੇ।...ਗਭਰੂ ਸਾਨੂੰ ਮਾਰਨ ਲਈ ਤਿਆਰ ਹੋ ਗਏ। ਅਸੀਂ ਨੱਠਣ ਲੱਗੇ। ਮੈਂ ਕਿਹਾ ਕਾਮਰੇਡ ਖਲੋ ਜਾ। ਮੈਂ ਇਕ ਖੁਰਲੀ ਉਤੇ ਚੜ੍ਹ ਕੇ ਖਲੋ ਗਿਆ ਅਤੇ ਲੱਗਾ ਉੱਚੀ ਉੱਚੀ ਤਕਰੀਰ ਕਰਨ। ਲੋਕੀਂ ਸੁਣਦੇ ਰਹੇ। ਵਿਚੋਂ ਇਕ ਬਜ਼ੁਰਗ ਬੋਲਿਆ — ਜਾਓ ਤੁਹਾਨੂੰ ਜਾਣ ਦਿੱਤਾ ਨਹੀਂ ਤੇ ਜੁੱਤੀਆਂ ਨਾਲ ਤੁਹਾਡਾ ਤਾਲੂ ਗੰਜਾ ਕਰ ਦੇਣਾ ਸੀ। ਤੁਸੀਂ ਰੱਬ ਨੂੰ ਨਹੀਂ ਮੰਨਦੇ। ਗੁਰੂਆਂ ਨੂੰ ਗਾਲ੍ਹਾਂ ਕੱਢਦੇ ਹੋ। ਜਨਾਨੀਆਂ ਵੀ ਵੰਡਣਾ ਚਾਹੁੰਦੇ ਹੋ। ਜਾਓ ਨੱਠ ਜਾਓ।...ਅਸਾਂ ਦੋਹਾਂ ਹੀਲ ਹੁੱਜਤ ਨਾ ਕੀਤੀ ਰਜਵਾਹੇ ਦੇ ਬੰਨੇ ਬੰਨੇ ਤੁਰ ਪਏ। ਮੈਂ ਜਿਹੜੀ ਦੇਸੀ ਜੁੱਤੀ (ਬੂਟ) ਲਾਹ ਕੇ ਨਵੀਂ ਪਾਈ ਸੀ ਉਹ ਮੈਨੂੰ ਲਗਦੀ, ਤੁਰਨ ਨਹੀਂ ਸੀ ਦਿੰਦੀ। ਕਾ: ਦਲੀਪ ਸਿੰਘ ਢਾਂਡਾ ਕਹਿਣ ਲੱਗਾ — ਸੁੱਟ ਇਹ ਸਿਆਪਾ ਕਾਮਰੇਡ ਰਾਹੀ ਸਾਨੂੰ ਕਿਤੇ ਮਰਵਾਏਗੀ।...ਉਹ ਲਾਹ ਕੇ ਰਜਵਾਹੇ ਵਿਚ ਸੁੱਟ ਦਿੱਤੀ। ਆਪ ਅਸੀਂ ਕੁੱਤੇ ਚਾਲੇ ਪਿੰਡ ਢਾਂਡੇ ਪਹੁੰਚ ਗਏ। ਖ਼ੂਬ ਹੱਸੇ ਗੱਲਾਂ ਕਰ ਕਰ ਕੇ।

ਸੁਤੰਤਰ ਦੇ ਮੁਕਾਬਲੇ ਉਤੇ ਧਾਰੀਵਾਲ ਦੇ ਲਾਗਲੇ ਪਿੰਡ ਦਾ ਇਕ ਚਾਰੇ ਐਬ ਸ਼ੱਰਈ ਬਹੁਤ ਹੀ ਬਦਨਾਮ ਅਕਾਲੀ ਖਲੋਤਾ ਸੀ। ਜੀਪ ਵਿਚ ਸ਼ਰਾਬ ਦੀਆਂ ਬੋਤਲਾਂ ਬੋਰੀਆਂ ਵਿਚ ਭਰ ਕੇ ਪਿੰਡ ਵੰਡਦਾ ਸੀ। ਠਾਣੇ ਠਮਾਣੇ ਵੀ ਚੱਟੀ ਦੇਣ ਦਾ ਆਗੂ ਸੀ। ਜਨਾਨੀਆਂ ਬਾਰੇ ਤਾਂ ਬਹੁਤ ਹੀ ਬਦਨਾਮ। ਸੁਤੰਤਰ ਨੇ ਇਕ ਦੋ ਕਾਂਗਰਸੀ ਲੀਡਰਾਂ ਦੇ ਨਾਮ ਦਾ ਇਸ਼ਤਿਹਾਰ ਵੀ ਆਪਣੇ ਹੱਕ ਵਿਚ ਕਢਾਇਆ। ਇਕ ਇਸ਼ਤਿਹਾਰ ਆਪ ਕੱਢਿਆ ਉਸ ਦਾ ਹੈਡਿੰਗ ਸੀ, ''ਕਾਂਗਰਸੀਆਂ ਦੀ ਖੁਰਲੀ ਉਤੇ ਅਕਾਲੀਆਂ ਦਾ ਝੋਟਾ''। ਸਾਡੀ ਅਜੀਬ ਹਾਲਤ ਸੀ। ਕਾਂਗਰਸ ਨੂੰ ਆਪਣੀ ਮਾਂ ਵੀ ਕਹਿੰਦੇ ਉਸ ਦੀ ਮੁਖ਼ਾਲਫਤ ਵੀ ਕਰਦੇ। ਮੁਸਲਿਮ ਲੀਗ ਦੀ ਮੁਖ਼ਾਲਫਤ ਵੀ ਕਰਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਤੇ ਉਹਨਾਂ ਦੀ ਖ਼ੁਦਮੁਖਤਾਰੀ ਦੀ ਹਮਾਇਤ ਵੀ ਕਰਦੇ ।

ਨਤੀਜਾ ਇਹ ਹੋਇਆ, ਸੁਤੰਤਰ ਹੋਰੀਂ ਉਸ ਅਕਾਲੀ ਕੋਲੋਂ ਜ਼ਮਾਨਤ ਜ਼ਬਤ ਕਰਾ ਬੈਠੇ । ਪਰਬੋਧ ਕੋਲੋਂ ਦੱਤ ਜੀ । ਇਕ ਹੋਰ ਕਾਮਰੇਡ ਦੱਤ ਦੇ ਨਾਲ ਖਲੋਤਾ ਸੀ ਪਿਆਰਾ ਸਿੰਘ ਅਗਨੀ ਰਾਜਪੂਤ ਗੇਂਦ ਵਾਂਗ ਰਿੜ ਗਿਆ ।

ਅੰਤ ਵਿਚ ਸਾਰੇ ਹਾਰੇ ਹੋਏ ਸੂਰਮੇ ਤੇ ਨਿੱਕੇ ਵੱਡੇ ਵਰਕਰ ਗੁਰਦਾਸਪੁਰ ਕੱਠੇ ਹੋਏ । ਦੱਤ ਦੀ ਤੇ ਸੁਤੰਤਰ ਦੀਆਂ ਕਾਰਾਂ ਮੋੜੀਆਂ । ਇੱਕ ਨੰਗਾ ਟਰੱਕ ਚਹੁੰ ਪਹੀਆਂ ਵਾਲਾ, ਸੁਤੰਤਰ ਹੋਰਾਂ ਲਾਹੌਰੋਂ ਕਿਸੇ ਦਾ ਮੰਗ ਕੇ ਆਂਦਾ ਸੀ । ਉਸ ਉਤੇ ਬਹਿ ਕੇ ਸਾਰੇ ਲੀਡਰ ਲਾਹੌਰ ਚਲੇ ਗਏ । ਮੈਂ ਤੇ ਆਤਸ਼ ਵੀ ਉਹਨਾਂ ਨਾਲ ਹੀ ਲਾਹੌਰ ਚਲੇ ਗਏ । ਰਸਤੇ ਵਿਚ ਗੱਲਾਂ ਗੱਲਾਂ ਵਿਚ ਸੁਤੰਤਰ ਹੋਰਾਂ ਇਕ ਇਹ ਨਤੀਜਾ ਕੱਢਿਆ ਕਿ ਬੱਸ ਕਾਮਰੇਡੋ ਕਾਂਗਰਸ ਦਾ ਖ਼ੂਬ ਭੰਡੀ ਪ੍ਰਚਾਰ ਕਰੋ ।

ਉਥੋਂ ਆ ਕੇ ਆਤਸ਼ ਸ਼ਕਰਗੜ੍ਹ ਚਲਿਆ ਗਿਆ ਅਤੇ ਮੈਂ ਘਰੋਂ ਹੋ ਕੇ ਸਿਆਲਕੋਟ ਸਾਲਗਰਾਮ ਸੂਰੀ ਹੋਰਾਂ ਕੋਲ । ਪੰਜਾਬ ਦਾ ਕੋਈ ਮੈਂਬਰ ਜ਼ਮਾਨਤ ਵੀ ਨਾ ਬਚਾ ਸਕਿਆ । ਸਾਰੇ ਦੇਸ਼ ਵਿਚ ਸਿਰਫ ਸੱਤ ਕਾਮਰੇਡ ਸਫ਼ਲ ਹੋਏ । ਜਿਨ੍ਹਾਂ ਵਿਚ ਕਾਮਰੇਡ ਡਾਂਗੇ ਵੀ ਸੀ ।

ਅਲੈਕਸ਼ਨ ਵਿਚ ਡੇਰੇ ਬਾਬੇ ਨਾਨਕ ਬੀ.ਪੀ.ਐੱਲ. ਬੇਦੀ ਨੂੰ ਸੱਦਿਆ ਸੀ । ਅਕਾਲੀਆਂ ਨੇ ਦਰਬਾਰ ਸਾਹਿਬ ਸਾਹਮਣੇ ਜਲਸਾ ਨਾ ਕਰਨ ਦਿੱਤਾ । ਅਸਾਂ ਡਾ: ਮੁਕੰਦ ਲਾਲ ਬੇਦੀ ਦੀ ਡਿਸਪੈਂਸਰੀ ਅੱਗੇ ਤਖ਼ਤਪੋਸ਼ ਰੱਖ ਕੇ ਜਲਸਾ ਸ਼ੁਰੂ ਕਰ ਦਿੱਤਾ । ਸਾਲਗਰਾਮ ਬੋਲਿਆ, ਮੈਂ ਇਕ ਲੰਮੀ ਕਵਿਤਾ ਸੁਣਾਈ । ਸਾਰਾ ਨਗਰ ਬੀ.ਪੀ.ਐੱਲ. ਬੇਦੀ ਦੇ ਨਾਂ ਉਤੇ ਹੁਮਹੁਮਾ ਕੇ ਪੁੱਜਾ । ਉਸ ਨੇ ਮੋਟੀ ਖੁੱਲ੍ਹੀ ਪੰਜਾਬੀ ਵਿਚ ਤਕਰੀਰ ਕੀਤੀ । ਸ਼ੁਰੂ ਵਿਚ ਆਖਿਆ — ਅਸੀਂ ਨਿੱਕੇ ਹੁੰਦੇ ਗੁਰਦਵਾਰੇ ਦੀ ਬਾਜ਼ਾਰ ਵਾਲੀ ਕੰਧ ਟੱਪ ਕੇ ਅੰਬ ਤੋੜਦੇ ਹੁੰਦੇ ਸਾਂ ਚੋਰੀ । ਗੁਰਦਵਾਰੇ ਵਾਲਿਆਂ ਸਾਡਾ ਪਿੱਛਾ ਕਰਨਾ । ਅਸਾਂ ਨੱਠ ਜਾਣਾ । ਹੁਣ ਤੇ ਮੈਂ ਕਿੱਡਾ ਵੱਡਾ ਹੋ ਗਿਆ ਹਾਂ । ਵਲੈਤੋਂ ਆਇਆ ਹਾਂ । ਕਮਿਊਨਿਸਟ ਪਾਰਟੀ ਦਾ ਸਿਪਾਹੀ ਬਣ ਗਿਆ । ਅਕਾਲੀਆਂ ਨੂੰ ਅੰਬਾਂ ਦਾ ਫਿਕਰ ਸੀ ਹੁਣ ਕਾਹਦਾ ਫਿਕਰ ਸੀ ਹੁਣ ਕਿਹੜੇ ਮੈਂ ਅੰਬ ਤੋੜਨੇ ਸੀ, ਗੁਰਦਵਾਰੇ ਅੱਗੇ ਜਲਸਾ ਨਹੀਂ ਕਰਨ ਦਿੱਤਾ । ਬੜੀਆਂ ਤਾੜੀਆਂ ਵੱਜੀਆਂ ਲੋਕੀਂ ਖ਼ੂਬ ਹੱਸੇ । ਅਸੀਂ ਸਾਰੇ ਫੁੱਲ ਕੇ ਕੁੱਪਾ ਹੋ ਗਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਆਲਕੋਟ

ਸਿਆਲਕੋਟ ਤੋਂ ਮੈਂ ਆਪਣਾ ਡੇਰਾ ਪਾਰਟੀ ਦੇ ਆਫ਼ਿਸ ਲਾ ਲਿਆ। ਕਮਰੇ ਦੇ ਵਿਚ ਇਕ ਹੋਰ ਲੱਕੜੀ ਦਾ ਕੈਬਨ ਸੀ, ਉਸ ਵਿਚ ਸਮਾਨ ਰੱਖ ਦਿੱਤਾ। ਕੁਝ ਦਿਨ ਰੋਟੀ ਸਾਲਗਰਾਮ ਵੱਲ ਖਾਂਦਾ ਰਿਹਾ। ਇਹ ਰਾਮ ਸੀਤਾ ਦੀ ਜੋੜੀ ਸੀ। ਫਰਕ ਸਿਰਫ਼ ਇਤਨਾ ਸੀ ਕਿ ਰਾਮ ਮੈਲਾ ਤੇ ਸੀਤਾ ਗੋਰੀ ਸੀ, ਇਹ ਦੋਵੇਂ ਗੋਰੇ ਤੇ ਸੁਲੱਖਣ ਨਕਸ਼ਾਂ ਵਾਲੇ ਸਨ। ਜਦੋਂ ਡੇਰੇ ਬੇਦੀ ਹਰੀ ਸਿੰਘ ਰਾਮ ਲੀਲਾ ਵਿਚ ਹਿੱਸਾ ਲੈਂਦੇ ਹੁੰਦੇ ਸਨ ਤਾਂ ਕਾ: ਸਾਲਗਰਾਮ ਸੀਤਾ ਦਾ ਪਾਰਟ ਅਦਾ ਕਰਦਾ। ਸਾੜ੍ਹੀ ਤੇ ਅੰਗੀ ਪਤਨੀ ਦੀ ਪਾਉਂਦਾ। ਹੌਕੇ ਲੈ ਕੇ ਜਦੋਂ ਰਾਵਣ ਨਾਲ ਸੰਵਾਦ ਕਰਦਾ ਕਮਾਲ-ਕਮਾਲ ਲੋਕ ਕਰ ਉੱਠਦੇ। ਇਕ ਸ਼ਕਰਗੜ੍ਹ ਵੱਲ ਦਾ ਮਰਾਸੀ ਸੱਦ ਕੇ ਕੇਕਈ ਬਣਾਇਆ ਜਾਂਦਾ। ਇਕ ਵਾਰੀ ਸਰਦਾਰ ਮੁਹੰਮਦ ਆਤਸ਼ ਨੂੰ ਹਨੂੰਮਾਨ ਬਣਾਇਆ। ਮੈਂ ਸੀਤਾ ਰਾਵਣ ਦਾ ਪੰਜਾਬੀ ਬੈਂਤ ਛੰਦ ਵਿਚ ਸੰਵਾਦ ਲਿਖਿਆ ਸੀ, ਉਹ ਬੜਾ ਮਸ਼ਹੂਰ ਹੋਇਆ। ਉਹ ਸੰਵਾਦ ਮੇਰੀ ਧਾਰਮਿਕ ਪੁਸਤਕ "ਨੂਰ ਅਪਾਇਆ" ਵਿਚ ਹੈ।

ਸਿਆਲਕੋਟ ਆਉਣ ਤੋਂ ਪਹਿਲਾਂ ਕੁੜੀਆਂ ਦੇ ਪਾਰਟੀ ਸੈੱਲ ਦੀ ਸੈਕਟਰੀ ਦੁਲਾਰੀ ਦਾ ਮੁੰਡਿਆਂ ਦੇ ਪਾਰਟੀ ਸਿੱਲ ਦੇ ਸੈਕਟਰੀ ਰਾਜਿੰਦਰ ਨਾਲ ਵਿਆਹ ਬੜੇ ਸਾਦੇ ਢੰਗ ਨਾਲ ਹੋ ਗਿਆ ਸੀ। ਇਹ ਖ਼ੁਦ ਦੁਲਾਰੀ ਨੇ ਮੈਨੂੰ ਕਿਹਾ ਸੀ — ਰਾਹੀ ਜੀ ਮੇਰਾ ਸੈਕਟਰੀ ਨਾਲ ਵਿਆਹ ਕਰ ਦਿਉ। ਸ਼ਹਿਰ ਵਿਚ ਚਰਚਾ ਹੋਈ ? ਨਿੰਦਾ ਵੀ ਤੇ ਸਲਾਹੁਤ ਵੀ।

ਮੈਂ ਲੱਕੜੀ ਦਾ ਕੰਮ ਨਹੀਂ ਕਰਨਾ ਚਾਹੁੰਦਾ ਸਾਂ। ਇਕ ਮੁਸਲਮਾਨ ਕਾਮਰੇਡ ਅਲੈਕਟਰੋਪਲੈਟਿੰਗ ਦੇ ਹਿੱਸੇ ਜੋੜਦਾ ਸੀ ਉਸ ਕੋਲ ਸਿੱਖਣ ਤੇ ਲੱਗ ਗਿਆ। ਪਿੱਤਲ ਦੇ ਕੱਪ, ਕੇਤਲੀਆਂ, ਜੱਗ ਸ਼ੀਲਡਾਂ, ਪਿਆਲੇ ਹੋਰ ਕਈ ਕੁਝ ਬਣਦਾ। ਇਹਨਾਂ ਦੇ ਹਿੱਸੇ ਜੋੜ ਕੇ ਪੂਰੀ ਸ਼ਕਲ ਤਿਆਰ ਕਰ ਦੇਣੀ, ਟਾਂਕਾ ਆਪ ਬਨਾਉਣਾ। ਸੁਹਾਗਾ ਵੀ ਆਪ। ਇਕ ਖੁੱਲ੍ਹਾ ਬੱਠਲ ਮਿੱਟੀ ਦਾ। ਉਸ ਵਿਚ ਰੇਤ। ਕੱਪ ਫਸਾ ਕੇ ਦਸਤੀ ਸਟੋਵ ਨਾਲ ਟਾਂਕੇ ਜੋੜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇਣਾ । ਖੱਬੇ ਹੱਥ ਵਿਚ ਸਟੋਵ ਸੱਜੇ ਨਾਲ ਚਿਮਟਾ ਫੜ ਲੈਣਾ ਕੰਮ ਕਰਨਾ । ਰੋਟੀ ਤੰਦੂਰੇ ਖਾ ਲੈਣੀ । ਦਸ ਰੁਪੈ ਮੈਂ ਦਿੱਲੀ ਤੋਂ ਆਪਣੀ ਨਿੱਕੀ ਭੈਣ ਤੋਂ ਵੀ ਮੰਗਾਏ ।

ਇਕ ਮਹੀਨੇ ਵਿਚ ਕੰਮ ਕਰਨਾ ਸਿੱਖ ਲਿਆ । ਇਸ ਨਿੱਕੇ ਜਿਹੇ ਕਾਰਖ਼ਾਨੇ ਦਾ ਫੋਰਮੈਨ ਬੜਾ ਸਖ਼ਤ ਸੀ । ਇਕ ਵਾਰੀ ਉਸ ਨੇ ਰਾਮਤਾਲੀ ਵਿਚ ਸਾਡਾ ਜਲਸਾ ਸੁਣਿਆ, ਮੈਂ ਤਕਰੀਰ ਕੀਤੀ । ਲੋਕਾਂ ਨੇ ਬੜਾ ਸਵਾਦ ਲਿਆ । ਦਿਨੇ ਕੰਮ ਉੱਤੇ ਉਹ ਮੈਨੂੰ ਵੇਖ ਕੇ ਖ਼ੁਸ਼ ਹੋਇਆ । ਮੇਰੀ ਬੜੀ ਇੱਜ਼ਤ ਕਰਨ ਲੱਗ ਪਿਆ । ਇਕ ਚਮੜੇ ਦਾ ਥੈਲਾ ਮੈਨੂੰ ਲੈ ਕੇ ਦਿੱਤਾ । ਉਹ ਬੜਾ ਸੋਹਣਾ ਜਵਾਨ ਹਿੰਦੂ ਸੂਝਵਾਨ ਸੀ । ਉਸ ਨੇ ਮੈਨੂੰ ਇਕ ਹੋਰ ਵਾਕਫ਼ ਕਾਰਖ਼ਾਨੇਦਾਰ ਕੋਲ ਸੱਤਰ ਰੁਪਏ ਮਹੀਨੇ ਤੇ ਲਵਾ ਦਿੱਤਾ । ਇਸ ਦਾ ਮਾਲਕ ਸਾਊ ਤੇ ਫਰਾਖ਼ ਦਿਲ ਸੀ । ਕਾਮੇ ਉਸ ਦੇ ਵਫਾਦਾਰ ਸਨ । ਵੱਡੇ ਭਰਾ ਦਾ ਨਾਂ ਬਨਾਰਸੀ ਲਾਲ ਬਜਾਜ, ਨਿੱਕੇ ਦਾ ਸੌਰੀ ਲਾਲ । ਜੋ ਵੱਡਾ ਕਰੇ ਸਭ ਪ੍ਰਵਾਨ ਹੁੰਦਾ । ਰੋਜ਼ੇ ਆਏ ਤੜਕੇ ਸੱਤ ਵਜੇ ਕੰਮ ਸ਼ੁਰੂ ਕਰਾਉਣਾ । ਇਕ ਵਜੇ ਸਾਰੀ ਛੁੱਟੀ ਕਰ ਦੇਣੀ । ਮੈਂ ਵੀ ਕਾਮਿਆਂ ਨਾਲ ਤਲਾ ਤੇ ਜਾ ਕੇ ਨਹਾਉਂਦੇ ਰਹਿਣਾ । ਮਾਲਕ ਤੇ ਮਜਦੂਰ ਮੇਰੇ ਨਾਲ ਬੜਾ ਮੋਹ ਕਰਦੇ । ਇਕ ਹੋਰ ਕਾਮਰੇਡ ਸੀ । ਪਾਰਟੀ ਮੈਂਬਰ ਪੱਕਾ । ਉਹਦਾ ਵੱਡਾ ਭਰਾ ਵੀ ਪਾਰਟੀ ਨਾਲ ਸੀ । ਉਹਨਾਂ ਦਾ ਪਿਤਾ ਵੀ ਸਾਡਾ ਸਾਰਿਆਂ ਦਾ ਮੀਆਂ ਸੀ । ਸੁਨਿਆਰਾ ਬਰਾਦਰੀ ਦੇ ਸਨ । ਮੈਂ ਸਤਵੰਤ ਰਾਏ, ਸੰਤੋਸ਼ ਤੇ ਸੁਖਬੀਰ ਨੂੰ ਉਥੇ ਲੈ ਕੇ ਗਿਆ । ਇਕ ਕੁੜੀ ਰਾਜ ਭਾਬੀ ਕੋਲ ਰਹਿ ਪਈ । ਭਾਬੀ ਕਦੇ ਕਦੇ ਮੇਰੇ ਧਰਮ ਭਾਈ ਪਟਵਾਰੀ ਗੁਰਬਚਨ ਸਿੰਘ ਰਮਜ਼ੀ ਕੋਲ ਵੀ ਰਹਿ ਆਉਂਦੀ । ਰਮਜ਼ੀ ਦੇ ਪਿਤਾ ਨਾਬੀਨਾ ਸਨ । ਮਾਤਾ ਬੜੀ ਪੁਰਾਣੀ ਪੇਂਡੂ ਚਾਲਾਂ ਵਾਲੀ ਜੱਟੀ ਸੀ । ਨਾਰੋਵਾਲ ਤੋਂ ਪੰਜ ਛੇ ਮੀਲ ਉੱਤੇ ਉਹਨਾਂ ਦਾ ਪਿੰਡ ਸੀ ਤਰਗਾ । ਇਕ ਗਲੀ ਵਿਚ ਸਾਲਗਰਾਮ ਨੇ ਸਾਨੂੰ ਕਰਾਏ ਉੱਤੇ ਚੁਬਾਰਾ ਲੈ ਦਿੱਤਾ । ਗਲੀ ਬਾਰੀਆਂ ਵਾਲੀ ਬੈਠਕ । ਇਕ ਪਿੱਛੇ ਕਮਰਾ । ਬਾਹਰ ਚੁੱਲ੍ਹਾ ਚੌਂਕਾ । ਕੋਠੇ ਉੱਤੇ ਬਰਾਂਡਾ ਬੰਦ । ਬਰਾਂਡੇ ਉੱਤੇ ਅਸੀਂ ਸਾਰੇ ਸੌਂਦੇ । ਸ਼ਾਮ ਨੂੰ ਤਿੰਨ ਚਾਰ ਬਾਲਟੀਆਂ ਪਾਣੀ ਫ਼ਰਸ ਉੱਤੇ ਡੋਲ੍ਹ ਦਿੰਦੇ । ਫਿਰ ਥੱਲੇ ਚਟਾਈਆਂ ਉੱਤੇ ਤਲਾਈਆਂ ਖੇਸ ਜਾਂ ਦਰੀਆਂ । ਸੰਤੋਸ਼ ਜੋ ਪੜ੍ਹ ਕੇ ਆਉਂਦੀ ਸੁਣਾਉਂਦੀ, ਮੇਰੇ ਨਾਲ ਲੱਗ ਕੇ ਸੌਂਦੀ । ਕੁੜੀਆਂ ਦੋਏਂ ਪੰਜਾਬੀ ਗੁਰਦਵਾਰਾ ਕਮੇਟੀ ਦੇ ਸਕੂਲ ਪੜ੍ਹਦੀਆਂ । ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟੀਚਰ ਸਾਡੇ ਲਾਗੇ ਰਹਿੰਦੀ ਸੀ । ਸਾਡੇ ਪੱਛੇ [illegible] ਵਾਸੀ ਔਰਤ ਰਹਿੰਦੀ । ਰਾਏ ਛੇ ਕੁ ਮਹੀਨਿਆਂ ਦਾ ਸੀ । ਬਾਰੀਆਂ ਵਿਚ ਖਲੋ ਕੇ ਜਿਸ ਤਰ੍ਹਾਂ ਗਲੀ ਵਿਚ ਬੱਝੀ ਗਾਂ ਦਾ ਵੱਛਾ ਆਂ ਆਂ ਅੜਿੰਗਦਾ ਉਸ ਤਰ੍ਹਾਂ ਨਕਲ ਕਰਦਾ । ਬੜਾ ਚੁਸਤ ਤੇ ਸ਼ੈਤਾਨ । ਕਾਮਰੇਡਾਂ ਨੇ ਉਸ ਨੂੰ ਕਈ ਖਿਡੌਣੇ ਜਿਹੜੇ ਉੱਥੇ ਬਣਦੇ ਸਨ ਲਿਆ ਕੇ ਦਿੱਤੇ ਹੋਏ ਸਨ । ਘਰ ਘਰ ਵਿਚ, ਬਾਜ਼ਾਰਾਂ ਵਿਚ, ਬਿਲਡਿੰਗਾਂ ਵਿਚ ਕੰਮ ਹੁੰਦੇ ਰਹਿੰਦੇ । ਨਿੱਕੀ ਸਪੋਰਟ ਦੀ ਇੰਡਸਟਰੀ ਅਣਗਿਣਤ । ਹਾਕੀਆਂ, ਬੱਲੇ, ਫੁਟਬਾਲ, ਗੇਂਦਾਂ, ਬੂਟਾਂ ਦੇ ਫਰਮੇ, ਪੈਂਸਲਾਂ, ਖਿਡੌਣੇ ਹੋਰ ਕਈ ਕੁਝ । ਇਕ ਨਿੱਕਾ ਜਿਹਾ ਸ਼ਹਿਰ ਬੜੀ ਭਰਪੂਰ ਵੱਸੋਂ ਦਾ ਸੀ । ਸਪੋਰਟ ਦੀਆਂ ਵੱਡੀਆਂ ਫੈਕਟਰੀਆਂ ਵੀ ਸਨ । ਜਿਵੇਂ ਗੰਡਾ ਸਿੰਘ ਦੀ । ਜਿਹੜੀ ਹੁਣ ਲਖਨਊ ਹੈ । ਇਹ ਇਕ ਵਾਰੀ ਜਿਮਨੀ ਚੋਣ ਵਿਚ ਡਾ: ਸੱਤਪਾਲ ਕੋਲੋਂ ਹਾਰ ਗਿਆ ਸੀ ।

ਜਦ ਮੈਂ ਇਹ ਸਿਆਲਕੋਟ ਕਾਂਡ ਲਿਖ ਰਿਹਾ ਹਾਂ ਤਾਰੀਕ 30-4-1988 ਹੈ । ਮੇਰੇ ਉੱਤੇ ਹਾਲਾਤ ਭਾਰੂ ਹਨ । ਭਾਵੇਂ ਮੇਰੇ ਗੋਡੇ ਦਰਦ ਕਰਦੇ ਨੇ ਹੋਰ ਹੱਡੀਆਂ ਵੀ ਕੁਝ ਦੁਖਦੀਆਂ ਹਨ, ਫਿਰ ਵੀ ਦਿਲ ਅਮੋੜ ਹੋ ਕੇ ਕਹਿ ਰਿਹਾ ਹੈ — ਹੁਣੇ ਹੀ ਕੁਝ ਨਾ ਕੁਝ ਅੱਜ ਉੱਤੇ ਲਿਖ ਭਾਵੇਂ ਲਿਖਤ ਦੀ ਪਰੰਪਰਾ ਦੇ ਖ਼ਿਲਾਫ਼ ਹੋਵੇ ।

ਅੰਮ੍ਰਿਤ ਵੇਲੇ ਰੇਡੀਉ ਬੋਲਿਆ ''ਖ਼ੂਨ ਹੈ ਲੋਕੋ ਖ਼ੂਨ, ਪਿੰਡਾਂ ਦੇ ਵਿਚ ਵਹਿਸ਼ਤ ਫਿਰਦੀ ਸ਼ਹਿਰਾਂ ਵਿਚ ਜਨੂਨ''...ਸਾਰਾ ਪੰਜਾਬ ਸੋਚਾਂ ਵਿਚ ਡੁੱਬਾ ਹੋਇਆ ਹੈ । ਜਿਸ ਦਾ ਜੀਅ ਕਰਦਾ ਹੈ ਅਖ਼ਬਾਰਾਂ ਪਰਚਿਆਂ ਵਿਚ ਆਪਣੀਆਂ ਰਾਵਾਂ, ਦਲੀਲਾਂ ਦੇ ਰਿਹਾ ਹੈ । ਹਾਥੀ ਤੇ ਬੁਲਡੋਜ਼ਰ ਲਿਖਾਰੀ ਉਮਰ ਦੀ ਲਿਖਤ ਉੱਤੇ ਗੰਦੇ ਜਨੂਨੀ ਪੈਰ ਰੱਖ ਕੇ ਸਿੱਖੀ ਫਿਰਕੂ ਰੂਪ ਦੇ ਕੇ ਲਿਖ ਰਹੇ ਹਨ । ਮਾਰਕਸਵਾਦ ਸਣੇ ਸਾਰਿਆਂ ਵਾਦਾਂ ਦੀ ਬੇ-ਇਜ਼ਤੀ ਕਰ ਰਹੇ ਹਨ । ਪਾਰਟੀਆਂ ਆਪਣੀਆਂ ਆਪਣੀਆਂ ਸਿਆਸੀ ਕੁਰਸੀ — ਗਰਜਾਂ ਲਈ ਟਮਣਿਆਂ ਉੱਤੇ ਚੜ੍ਹ ਕੇ ਬਾਂਗਾਂ ਦੇ ਰਹੀਆਂ ਹਨ । ਹਰ ਪੱਖੋਂ ਆਪਣੀਆਂ ਵੋਟਾਂ ਗਿਣੀਆਂ ਜਾ ਰਹੀਆਂ ਨੇ । ਅਫ਼ਸਰਾਂ ਨੇ ਭਲਾਈ ਪ੍ਰੋਗਰਾਮਾਂ ਦੀਆਂ ਸ਼ਕਲਾਂ ਦੇ ਹੋਰ ਹੋਰ ਨਾਂ ਰੱਖ ਕੇ ਸ਼ੁਗਲ ਰਚਾਏ ਹੋਏ ਹਨ ।

ਖ਼ਾਸ ਕਰ ਕੇ ਸਾਡੇ ਸਰਹੱਦੀ ਇਲਾਕੇ ਵਿਚ ਇਕ ਚੁੱਪ ਸਾਹ ਘੁੱਟ ਕੇ ਮਰ ਰਹੀ ਹੈ । ਇਕ ਦੂਜੇ ਉੱਤੇ ਸ਼ੱਕ ਕੀਤਾ ਜਾ ਰਿਹਾ ਹੈ । ਦਿਲੀ ਜਜ਼ਬੇ ਤੱਤੀ ਹਵਾ ਦੇ ਧੂੰਏਂ ਨਾਲ ਮੁਰਝਾ ਰਹੇ ਹਨ । ਮਜਲਸਾਂ, ਮੇਲੇ, ਮੱਸਿਆ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁੰਨਿਆ [illegible] । ਹਾਸਿਆਂ ਦਾ ਗਲ ਘੁੱਟਿਆ ਗਿਆ ਹੈ । ਹਰ ਮੂੰਹ ਉਦਾਸੀਆਂ ਵਿਚੋਂ ਝਿੜਕਾਂ ਖਾ ਕੇ ਖੁੱਲ੍ਹਦਾ ਹੈ । ਹਰ ਗੱਲ ਨੂੰ ਇਤਨਾ ਚਿੱਥਿਆ ਜਾਂਦਾ ਹੈ ਕਿ ਉਸ ਦਾ ਰਹਿਸ ਪਿੱਸ ਜਾਂਦਾ ਹੈ, ਅੱਖਾਂ ਵਿਚ ਹੈਰਾਨੀ ਤੇ ਪਰੇਸ਼ਾਨੀ ਹੈ । ਇਤਬਾਰ ਲੈਣਾ ਦੇਣਾ ਤੇ ਉਧਾਰ ਮੁੱਕ ਮੁੱਕ ਚੱਲਿਆ ਹੈ, ਮਹਿੰਗਾਈ ਬਿਨ ਕੁਝ ਸਮਾਂ ਉਡੀਕ ਵੱਧ ਰਹੀ ਹੈ । ਕੰਮ ਕਾਰ ਬੰਦ ਜਾਂ ਬੰਦ ਵਰਗੇ ਹਨ । ਅੱਧਾ ਮੇਰਾ ਨਗਰ ਉੱਜੜ ਗਿਐ । ਰਾਮ ਲੀਲਾ ਗੋਲੀਆਂ ਮਾਰ ਕੇ ਮੁਕਾ ਦਿੱਤੀ ਹੈ । ਸਵੇਰੇ ਪਤਾ ਨਹੀਂ ਰਾਤ ਨੂੰ ਕੀ ਹੋਣਾ ਹੈ ? ਰਾਤ ਨੂੰ ਪਤਾ ਨਹੀਂ ਸਵੇਰੇ ਕੀ ਹੋਣਾ ਹੈ ? ਪੰਜ ਵਜੇ ਸ਼ਹਿਰ ਬੰਦ ਹੋ ਜਾਂਦਾ ਹੈ । ਹਰ ਕੋਈ ਹਰ ਇਕ ਨੂੰ ਪਹਿਲਾਂ ਤਾੜਦਾ ਹੈ ਫਿਰ ਕੋਈ ਵਿਚਾਰ ਕੇ ਗੱਲ ਕਰਦਾ ਹੈ । ਵਿਸਾਖੀ ਬਿਲਕੁਲ ਆਪਣਾ ਸਭਿਆਚਾਰ ਲੈ ਕੇ ਕਿਤੇ ਲੁਕ ਗਈ ਹੈ । ਉਜਾੜਾਂ ਦੀ ਚੌਧਰ ਹੈ । ਚੰਦ ਦੁਕਾਨਦਾਰ ਨੇ ਜੋ ਨੀਝਾਂ ਲਾ ਲਾ ਕੇ ਗਾਹਕਾਂ ਦੀ ਉਡੀਕ ਕਰਦੇ ਹਨ । ਪਿੱਛੇ ਜਿਹੇ ਸਿੰਘ ਬੱਚੇ ਆ ਕੇ ਦੁਕਾਨਾਂ ਬੰਦ ਕਰਾ ਜਾਂਦੇ ਸੀ । ਹਾਈ ਸਕੂਲ ਵਿਚ ਜੱਟ ਮੁੰਡਿਆਂ ਦੀ ਮਾਸਟਰਾਂ ਉੱਤੇ ਅਤੇ ਮੁੰਡਿਆਂ ਉੱਤੇ ਚੌਧਰ ਹੈ । ਪਿਛਲੇ ਦਿਨ ਦੋ ਸਿੰਘਾਂ ਸਰਦਾਰਾਂ ਨੇ ਠੁੱਡਾਂ ਮਾਰ ਕੇ ਸਬਜ਼ੀ ਤੇ ਫਰੂਟ ਦੀਆਂ ਦੋ ਰੇੜ੍ਹੀਆਂ ਡੇਗ ਦਿੱਤੀਆਂ, ਰੋਹਬ ਨਾਲ ਕਿਹਾ — ਉਏ ਸਿਰਘਸੇ ਮੋਨੇ ਕੁੱਤੇ ਪਤਾ ਨਹੀਂ ਖਾਲਿਸਤਾਨੀ ਲੰਘ ਰਹੇ ਹਨ, ਰੇੜ੍ਹੀ ਪਰ੍ਹਾਂ ਨਹੀਂ ਕੀਤੀ ।''

ਪੁਲਿਸ ਕੋਲ ਬਾਬੇ ਆਦਮ ਦੇ ਵੇਲੇ ਦੀਆਂ ਰਫਲਾਂ ਹਨ । ਥਿਰੀ ਨਾਟ ਥਿਰੀ ਦੀਆਂ । ਦੋ ਰੌਂਦ ਚੱਲਣ 'ਤੇ ਨਾਲੀ ਗਰਮ ਹੋ ਜਾਂਦੀ ਹੈ । ਸ਼ਾਮ ਨੂੰ ਨਾਕੇ ਲੱਗਦੇ ਹਨ ਤਾਂ ਕਿ ਅੱਤਿਵਾਦੀ ਸੌਖੇ ਆ ਜਾ ਸਕਣ । ਕੋਈ ਨਾ ਕੋਈ ਪਰਿਵਾਰ ਹਰਿਮੰਦਰ ਸਾਹਿਬ ਮਿਲੀ ਚਿੱਠੀ ਦਾ ਭੁਗਤਾਨ ਕਰਨ ਜਾਂ ਅੱਧ ਪਚੱਧਾ ਮਾਲ ਤਾਰ ਕੇ ਮਾਫੀ ਮੰਗਣ ਤੁਰਿਆ ਰਹਿੰਦਾ ਹੈ । ਤਰਕਾਲਾਂ ਨੂੰ ਠਾਣਾ ਬੰਦ ਹੋ ਜਾਂਦਾ ਹੈ । ਅੰਦਰ ਵੜ ਕੇ ਖਾੜਕੂਆਂ ਨਾਲ ਜਾਂ ਉਹਨਾਂ ਦਿਆਂ ਪੱਠਿਆਂ ਨਾਲ ਸ਼ਰਾਬ ਪੀਤੀ ਜਾਂਦੀ ਹੈ । ਕਿਸੇ ਦੇ ਮੂੰਹ ਉੱਤੇ ਲਾਲੀ ਵੇਖਣੀ ਹੋਵੇ ਤਾਂ ਪੁਲਿਸ ਦਾ ਮੂੰਹ ਵੇਖ ਲੈਂਦੇ ਹਾਂ । ਨਵੀਂ ਬਲ ਸ਼ਕਤੀ ਖੂਬ ਦਿਖਾਵਾ ਕਰਦੀ ਹੈ । ਕਦੀ ਕਿਤੇ ਇਕ ਅੱਧ ਐਕਸ਼ਨ ਕਰਕੇ ਅਖ਼ਬਾਰਾਂ ਵਿਚ ਕਢਾ ਲੈਂਦੀ ਹੈ । ਠਾਣੇ ਦੀਆਂ ਪੌਂ ਬਾਰਾਂ ਹਨ । ਡਰਦੇ ਲੋਕ ਗੱਫੇ ਦੇ ਜਾਂਦੇ ਹਨ । ਕੋਈ ਸ਼ਿਕਾਇਤ ਨਹੀਂ ਹੁੰਦੀ । ਹਰ ਪਾਸੇ ਉਹ ਸਿੰਘ ਗੱਭਰੂ

CC-0. In Public Domain. Gurukul Kangri Collection, Haridwar

ਫਿਰਦੇ ਤੁਰਦੇ ਹਨ ਜਿਹਨਾਂ ਵਲ ਵੇਖਦਿਆਂ ਡਰ ਲੱਗਦਾ ਹੈ। ਪਿਛਲੇ
Digitized by Arya Samaj Foundation Chennai and eGangotri
ਦਿਨੀਂ ਸ਼ਹਿਰ ਵਿਚ ਮੇਰੇ ਜਮਾਤੀ ਪੁਰਾਣੇ ਗਰੈਜੂਏਟ ਨੂੰ ਸਵੇਰੇ ਸੈਰ ਕਰਕੇ ਮੁੜੇ ਨੂੰ ਮਾਰਕੀਟ ਕਮੇਟੀ ਵਿਚੋਂ ਖਾੜਕੂਆਂ ਨੇ ਨਿਕਲ ਕੇ ਮਾਰ ਦਿੱਤਾ। ਪੰਡਤ ਦੇਵ ਕਿਸ਼ਨ। ਜਿਸ ਦੇ ਜਨਾਜ਼ੇ ਨਾਲ ਸ਼ਹਿਰ ਬਿਲਕੁਲ ਸਭ ਕੁਝ ਬੰਦ ਕਰਕੇ ਗਿਆ। ਪਿੰਡਾਂ ਵਿਚੋਂ ਸਿੱਖ ਸਿੱਖਣੀਆਂ ਉਸ ਦੀ ਚਿਖਾ ਉੱਤੇ ਢਾਈਂ ਮਾਰ ਕੇ ਰੋਂਦੇ ਸਨ। ਬੇ-ਆਸ ਲੋਕ ਜਿਉਂਦੀਆਂ ਲਾਸ਼ਾਂ ਲਈ ਫਿਰਦੇ ਹਨ। ਜਾਣ ਕਿੱਥੇ ? ਕੋਈ ਨਹੀਂ ਝੱਲਦਾ ! ਕਾਂਗਰਸ ਸੂਬੇ ਦੀ ਠਾਪਣਾ ਪਹਿਲਾ ਪ੍ਰਧਾਨ ਬਦਲਾਉਣ ਲਈ ਦਿੱਲੀ ਨੱਠ ਭੱਜ ਰਹੀ ਹੈ। ਸੈਂਟਰ ਗੌਰਮਿੰਟ ਤਮਾਸ਼ਾ ਦੇਖ ਰਹੀ ਹੈ। ਇਥੇ ਕਿਸੇ ਦਾ ਰਾਜ ਨਹੀਂ। ਪੁਲਿਸ ਦਾ ਅਤੇ ਅੱਤਵਾਦੀਆਂ ਦਾ ਰਾਜ ਹੈ। ਵੱਡੇ ਬਜਾਜ ਅਤੇ ਸੈਲਰਾਂ ਦੇ ਮਾਲਕ ਕੰਮ ਬਾਹਰ ਲੈ ਗਏ ਹਨ। ਸ਼ਹਿਰ ਦੀ ਹਰ ਨਾਲੀ ਗੰਦੀ ਹੈ। ਹਰ ਬਾਜ਼ਾਰ ਕੂੜੇ ਨਾਲ ਲਿਬੜਿਆ ਪਿਆ ਹੈ। ਸ਼ਰਾਬ ਦੀ ਵਿਕਰੀ ਬਹੁਤ ਹੈ। ਜੂਏ ਦੀਆਂ ਅਤੇ ਬਦਚਲਣੀ ਦੀਆਂ ਦੋ ਤਿੰਨ ਬੈਠਕਾਂ ਸਰਗਰਮ ਹਨ। ਖ਼ਾਲਿਸਤਾਨ ਦੀ ਪੂਰੀ ਤਸਵੀਰ, ਅੱਜ ਮੇਰਾ ਸੋਹਣਾ ਸ਼ਹਿਰ ਸੁਹੱਪਣ ਗੁਆ ਕੇ ਬਿੰਨ ਅਥਰੂਆਂ ਦੇ ਰੋ ਰਿਹਾ ਹੈ। ਇਕੋ ਕਮਿਊਨਿਸਟ ਪਾਰਟੀ ਹੈ ਜਿਹੜੀ ਪੰਜਾਬ ਵਿਚ ਇਸ ਖ਼ੂਨੀ ਕਾਲੀ ਜ਼ਾਲਮ ਰਾਤ ਵਿਚ ਤਾਰਿਆਂ ਵਾਂਗ ਚਮਕਦੀ ਦਿਸਦੀ ਹੈ। ਹਲਕਾਈ ਹੋਈ ਫ਼ਿਰਕੂ ਡੈਣ ਦੇ ਦੰਦ ਗਿਣ ਗਿਣ ਕੇ ਦੱਸ ਰਹੀ ਹੈ। ਹਨੇਰੇ ਵਿਚ ਰੌਸ਼ਨੀ ਦੇ ਅੰਗਿਆਰ ਮਾਰ ਰਹੀ ਹੈ। ਸਾਰੇ ਦੇਸ਼ ਵਿਚ ਉਸ ਦੀ ਇਕੋ ਪਾਲਸੀ ਹੈ ਦੇਸ਼ ਦੀ ਅਖੰਡਤਾ।

ਪੰਜਾਬ ਵਿਚ ਤਿੰਨਾਂ ਮਹੀਨਿਆਂ ਤੋਂ ਲੈ ਕੇ ਪਚਾਸੀਆਂ ਸਾਲਾਂ ਦੇ ਬੁਢੜਿਆਂ ਤਕ ਮਾਰ ਦਿੱਤੇ ਗਏ ਹਨ। ਦੁੱਧ ਪੀਂਦੀ ਬੱਚੀ ਤੋਂ ਲੈ ਕੇ ਪਚੱਤਰ ਸਾਲ ਤਕ ਦੀਆਂ ਔਰਤਾਂ ਮਾਰੀਆਂ ਹਨ। ਕਈ ਸੁਤੰਤਰਤਾ ਸੰਗਰਾਮੀ ਅਤੇ ਲੀਡਰ ਮਾਰੇ ਹਨ। ਸਾਰੀ ਦੁਨੀਆਂ ਵਿਚ ਫਿਰ ਕੇ ਬਾਣੀ ਸੁਣਾਉਣ ਵਾਲੇ ਰਾਗੀ ਮਾਰ ਦਿੱਤੇ। ਜਿਸਮਾਨੀ ਡਾਕਟਰ, ਸਾਹਿਤਕ ਡਾਕਟਰ, ਮਾਸਟਰ, ਪ੍ਰੋਫੈਸਰ, ਇੰਨਜੀਨੀਅਰ, ਮਜ਼ਦੂਰ, ਕਿਸਾਨ, ਗਵਈਏ, ਢਾਡੀ, ਸੰਤ, ਪੁਜਾਰੀ, ਪਰਚਾਰਕ, ਸਾਇੰਸਦਾਨ ਹਟਵਾਣੀਏ, ਕਾਰੀਗਰ, ਪੰਜਾਬ ਦਾ ਸ਼ਿੰਗਾਰ ਕਤਲ ਕਰ ਦਿੱਤਾ। ਪੰਜਾਬ ਦਾ ਆਰਟ ਮਾਰ ਦਿੱਤਾ। ਪੰਜਾਬ ਦੀ ਕਲਾ, ਪੰਜਾਬ ਦਾ ਸਭਿਆਚਾਰ ਮੁਕਾ ਦਿੱਤਾ ਹੈ। ਹਰ ਕੋਈ ਉਹਲੇ ਉਹਲੇ ਰੋਂਦਾ ਆਪਣੇ ਪਰਿਵਾਰ ਦਾ ਸੁੱਖ ਮੰਗਦਾ ਹੈ। ਜੇ ਸੱਠ ਹਿੰਦੂ ਮਾਰੇ ਚਾਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੱਖ ਮਾਰੇ । ਕਈਆਂ ਘਰਾਂ ਦਾ ਦੀਵਾ ਜਗਾਉਣ ਵਾਲਾ ਵੀ ਕੋਈ ਨਹੀਂ ਛੱਡਿਆ । ਗ਼ੈਬੀ ਸ਼ਕਤੀ ਜਿਹੜੀ ਪੰਛੀਆਂ, ਜਾਨਵਰਾਂ ਅਤੇ ਕੱਲੇ ਮਕੱਲੇ ਭਗਤਾਂ ਨੂੰ ਬਚਾਉਂਦੀ ਸੁਣੀਂਦੀ ਆਈ ਹੈ, ਜਾਪਦਾ ਹੈ ਉਹ ਵੀ ਚੀਨੀ ਰਫ਼ਲਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਈ ਹੈ । ਕਿਸੇ ਧਰਮ ਦੀ ਕੋਈ ਸ਼ਕਤੀ ਨਹੀਂ ਬਹੁੜ ਰਹੀ । ਹਰਿਮੰਦਰ ਸਾਹਿਬ ਦੀ ਸ਼ਾਂਤੀ ਸਾਹਮਣੇ ਰਫ਼ਲਾਂ ਗੰਨਾਂ ਪਈਆਂ ਹਨ । ਬਾਣੀ ਦੇ ਰਸਦਾਇਕ ਸ਼ਲੋਕ ਸਹਿਮੇ-ਸਹਿਮੇ ਉਚਾਰੇ ਜਾ ਰਹੇ ਹਨ । ਪ੍ਰਾਣਾਂ ਦੇ ਡਰ ਦੀ ਪ੍ਰਧਾਨਗੀ ਹੈ । ਅੱਜ ਸਵੇਰੇ ਮੈਂ ਇਕ ਨਿੱਕੀ ਜਿਹੀ ਕ੍ਵਿਤਾ ਲਿਖੀ ਸੀ । ਬੈਂਤ ਛੰਦ ਵਿਚ :

ਸਾਡੇ ਬੇ-ਮਸਾਲ ਪੰਜਾਬ ਅੰਦਰ,
ਚੜ੍ਹਦੇ ਸਾਰ ਦੁਪਹਿਰਾਂ ਢਲਦੀਆਂ ਨੇ,
ਨਜ਼ਰਾਂ ਨਜ਼ਰਾਂ ਤੋਂ ਚੋਰੀ ਕਰਦੀਆਂ ਨੇ,
ਜੀਭਾਂ ਗੱਲਾਂ ਨੂੰ ਫੇਰ ਕੇ ਵਲਦੀਆਂ ਨੇ,
ਸਹਿਮ ਡਰ ਦੀ ਘੁਟਨ ਹੈ ਬਣੀ ਰਹਿੰਦੀ,
ਆਸਾਂ ਕੋਈ ਨਾ ਕਿਸੇ ਨੂੰ ਕਲਦੀਆਂ ਨੇ,
ਸੂਰਜ ਚੰਨ ਨੇ ਰੌਣਕਾਂ ਖਾ ਲਈਆਂ,
ਫਸਲਾਂ ਲਹੂ ਦੀਆਂ ਖ਼ੂਬ ਫਲਦੀਆਂ ਨੇ,
ਰਾਜ ਨਾਂ ਦੇ ਹਰਫ਼ ਬਰਬਾਦ ਹੋਏ,
ਪਿੰਡ ਪਿੰਡ ਚਿਖਾ ਕਈ ਬਦਲੀਆਂ ਨੇ,
ਹੁਕਮੁ ਬਿਨਾਂ ਇਕ ਪੱਤਾ ਨਹੀਂ ਝੂਲ ਸਕਦਾ,
ਬਿਨਾਂ ਹੁਕਮ ਤੋਂ ਗੋਲੀਆਂ ਚਲਦੀਆਂ ਨੇ,

ਅੱਜ ਦੀ ਜੱਗ ਬਾਣੀ ਅਖ਼ਬਾਰ ਦੀ ਸੁਰਖੀ ਹੈ — ਬਟਾਲਾ 'ਚ 5 ਬੰਬ ਸੁੱਟੇ ਜਾਣ ਨਾਲ 3 ਅੱਤਵਾਦੀਆਂ ਸਮੇਤ 8 ਮਰੇ : 100 ਜ਼ਖ਼ਮੀ ਭਾਰੀ ਅਗਜ਼ਨੀ ਦੇ ਬਾਅਦ ਕਰਫਿਊ : ਪੰਜਾਬ 'ਚ ਹੋਰ ਥਾਵਾਂ ਤੇ 24 ਕਤਲ ।

ਇਹੋ ਜਿਹੀਆਂ ਸੁਰਖੀਆਂ ਰੋਜ਼ ਹੁੰਦੀਆਂ ਹਨ । 30-35 ਬੰਦੇ ਬੱਸ ਵਿਚੋਂ ਅਤੇ ਬੱਸਾਂ ਸਣੇ ਮਾਰੇ ਸਾੜੇ ਗਏ ਹਨ । ਇਹਨਾਂ ਦਾ ਕੋਈ ਦੋਸ਼ ਨਹੀਂ ਸੀ । ਪੰਜਾਬ ਵਿਚ ਜਿੰਨੀਆਂ ਗੋਲੀਆਂ ਇਨਸਾਨਾਂ ਨੂੰ ਵੱਜੀਆਂ ਹਨ, ਜਾਪਦੈ ਮੇਰੇ ਸਰੀਰ ਵਿਚ ਵੱਜੀਆਂ ਹਨ । ਇਨਸਾਨੀਅਤ ਨੂੰ ਵੱਜੀਆਂ ਹਨ । ਇਨਸਾਨਾਂ ਨੂੰ ਵੱਜੀਆਂ ਹਨ । ਕਿਸੇ ਸਟੇਜ ਜਾਂ ਕਿਸੇ ਧਰਮ ਨੂੰ ਵੱਜੀਆਂ ਹਨ । ਮੇਰੇ ਸਰੀਰ ਨੂੰ ਵੱਜੀਆਂ ਗੋਲੀਆਂ ਦਾ ਲਹੂ ਮੇਰੇ ਖ਼ਿਆਲਾਂ ਰਾਹੀਂ ਨਿੱਤ ਵੱਗਦਾ ਰਹਿੰਦਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਆਲਕੋਟ ਦੀ ਕਮਿਊਨਿਸਟ ਪਾਰਟੀ ਬਣਾਉਣ ਦਾ ਸਿਹਰਾ ਡੇਰਾ ਬਾਬਾ ਨਾਨਕ ਦਿਆਂ ਕਾਮਰੇਡਾਂ ਦੇ ਸਿਰ ਹੈ । ਜਿਲ੍ਹਾ ਪਾਰਟੀ ਬਣ ਗਈ । ਕਾ: ਛੱਜੂ ਰਾਮ ਵੈਦ ਸੈਕਟਰੀ । ਸ਼ਿਵ ਕੁਮਾਰ ਸ਼ਾਰਦਾ, ਸਾਲਗਰਾਮ ਸੂਰੀ, ਰਘੁਨਾਥ ਸਹਾਏ ਹਿੰਦੀ ਇਹ ਸ਼ਾਇਰ ਵੀ ਸੀ ਵਿਚੇ ਮੈਂ । ਹੋਰ ਦੋ ਸਾਥੀ ਮੁਸਲਮਾਨ ਸਨ । ਇਕ ਸ਼ਾਮ ਰਮਜ਼ੀ ਅਤੇ ਉਸ ਦੇ ਨਾਲ ਤਿੰਨ ਹੋਰ ਪਟਵਾਰੀ ਸਾਡੇ ਘਰ ਆ ਗਏ । ਰੋਟੀ ਖਾਧੀ ਤੇ ਨਾਲ ਦੇਸੀ ਸ਼ਰਾਬ ਵੀ ਪੀਤੀ ਸੀ । ਮੈਂ ਓਦੋਂ ਪੀਣੀ ਬੰਦ ਕਰ ਦਿੱਤੀ ਹੋਈ ਸੀ । ਪਾਰਟੀ ਦੀ ਬਦਨਾਮੀ ਨਾ ਹੋਵੇ । ਸ਼ਾਮ ਨੂੰ ਚਾਰੇ ਪਟਵਾਰੀ ਤੇ ਮੈਂ ਸਿਨੇਮਾ ਵੇਖਣ ਚਲੇ ਗਏ । ਇਕ ਵੱਡੀ ਦਰੀ ਬੈਠਕ ਵਿਚ ਵਿਛਾ ਗਏ, ਕਿਸੇ ਨੂੰ ਕੋਈ ਤਕਲੀਫ਼ ਉੱਠਣ ਦੀ ਨਾ ਹੋਵੇ । ਟਿਕਟਾਂ ਲੈ ਕੇ ਹਾਲ ਦੇ ਦੂਜੇ ਦਰਜੇ ਵਿਚ ਬੈਠ ਗਏ । ਸਿਨਮੇ ਵਿਚ ਇਹ ਪੰਜਾਬੀ ਦੀ 'ਪਟਵਾਰੀ' ਫ਼ਿਲਮ ਵੇਖਣ ਆਏ ਸਨ । .....ਫ਼ਿਲਮ ਚਾਲੂ ਹੋ ਗਈ । ਅੱਧੀ ਫ਼ਿਲਮ ਵਿਚ ਆ ਕੇ ਪਟਵਾਰੀ ਲੰਬੜਦਾਰ ਦੀ ਕੁੜੀ ਨੂੰ ਘੋੜੀ ਤੇ ਬਿਠਾ ਕੇ ਨੱਠਦਾ ਹੈ । ਪਿਛੇ ਘੋੜਿਆਂ ਤੇ ਵਾਹਰ ਲਗਦੀ ਹੈ । ਪਟਵਾਰੀ ਕੁੜੀ ਨੂੰ ਬਠਾਈ ਕਦੇ ਤੇਜ਼ ਹੋ ਜਾਂਦਾ ਹੈ ਅਤੇ ਕਦੇ ਵਾਹਰ ਨੇੜੇ ਆ ਜਾਂਦਾ ਹੈ । ਇਕ ਐਸਾ ਸੀਨ ਆਇਆ । ਰਮਜ਼ੀ ਨਾਲ ਜਿਹੜਾ ਲੰਬਾ ਅਲਬੇਲਾ ਪਟਵਾਰੀ ਸਿੱਖ ਆਇਆ ਹੋਇਆ ਸੀ ਉਹ ਜ਼ੋਰ ਨਾਲ ਉੱਚੀ ਉੱਚੀ ਕਹਿਣ ਲੱਗ ਪਿਆ -- ਨੱਠ ਜਾ ਓਏ, ਉੱਡ ਜਾ ਓਏ, ਗੁਰੂ ਹਰਗੋਬਿੰਦ ਸਾਹਿਬ ਦਿਆ ਪੁੱਤਰਾ ਲੈ ਜਾ, ਲੈ ਜਾ......ਸਾਰਾ ਹਾਲ ਖਿਲਖਿਲਾ ਕੇ ਹੱਸ ਪਿਆ । ਫ਼ਿਲਮ ਮੁੱਕੀ । ਲੋਕ ਇਹਨਾਂ ਚਹੁੰ ਲੋਂਠਿਆਂ ਨੂੰ ਵੇਖੀ ਜਾਣ ।

ਸਵੇਰੇ ਉਹ ਚਲੇ ਗਏ । ਕਾ: ਦਲਾਰੀ ਡੇਰਿਉਂ ਆ ਗਈ ਹੈ । ਮੈਂ ਕੰਮ ਤੋਂ ਸਿਧਾ ਪਾਰਟੀ ਦੇ ਆਫ਼ਿਸ ਗਿਆ । ਜ਼ਰਾ ਹਨੇਰੇ ਹੋਏ ਘਰ ਮੁੜਿਆ — ਦਲਾਰੀਏ ਤੂੰ, ਰਾਜਿੰਦਰ ਕਿੱਥੇ ਹੈ ?......ਉਹ ਨਹੀਂ ਆਇਆ ।...... ਤੂੰ ਕੱਲੀ ਆਈ ਹੈਂ ?......ਦਲਾਰੀ ਚੁੱਪ । ਫਿਰ ਪੁੱਛਿਆ । ਚੁੱਪ, ਫਿਰ ਪੁੱਛਿਆ ਚੁੱਪ । ਮੈਂ ਜ਼ਰਾ ਖਿੱਝ ਕੇ ਆਖਿਆ ਦੱਸਦੀ ਕਿਉਂ ਨਹੀਂ । ਨੀਵੀਂ ਅੱਖੀਂ ਬੋਲੀ — ਮੈਂ ਤੁਹਾਡੇ ਕੋਲ ਰਹਿਣਾ ਹੈ, ਏਥੇ ਪਾਰਟੀ ਵਿਚ ਕੰਮ ਕਰਾਂਗੀ ।......ਤੁਸੀਂ ਦੋਵੇਂ ਆਉ ਨਹੀਂ ਤੇ ਤੂੰ ਵੀ ਜਾ, ਉਥੇ ਵੀ ਪਾਰਟੀ ਹੈ । ਉਹ ਜ਼ਰਾ ਹੌਂਸਲਾ ਕਰਕੇ ਬੋਲੀ — ਮੈਂ ਤੁਹਾਡੇ ਕੋਲ ਰਹਿਣ ਵਾਸਤੇ ਸੈਕਟਰੀ ਨਾਲ ਵਿਆਹ ਕਰਾਇਆ ਸੀ ।......ਮੈਂ ਤੇਰੀ ਮਰਜ਼ੀ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਹ ਕੁਝ ਕੀਤਾ ਸੀ ।......ਹਾਂ ਮੈਨੂੰ ਪਤਾ ਹੈ, ਮੈਂ ਇਹ ਸੋਚਿਆ ਸੀ ਹੋਰ ਕੋਈ ਰਾਹ ਨਹੀਂ ਸੀ ਤੁਹਾਡੇ ਕੋਲ ਅਤੇ ਤੁਹਾਡੇ ਨਾਲ ਰਹਿਣ ਦਾ ।

ਉਸ ਦੀ ਗੱਲ ਸੁਣ ਕੇ ਮੇਰਾ ਅੰਦਰ ਹਿੱਲ ਗਿਆ । ਮੈਂ ਉਸ ਨੂੰ ਕਦੇ-ਕਦੇ ਹਾਸੇ ਵਿਚ ਸਿਰਫ਼ ਇਤਨਾ ਹੀ ਕਿਹਾ ਕਰਦਾ ਸਾਂ, ''ਕਬੂਤਰੀਏ ਆ ਗਈ ਏਂ ?'' ਜਾਂ ਇੰਜ, ''ਕਬੂਤਰੀਏ ਉੱਡ ਚੱਲੀ ਏਂ ।'' ਉਂਜ ਮੈਂ ਉਸ ਨੂੰ ਹਿਰਦਿਉਂ ਨਿੱਕੀ ਭੈਣ ਸਮਝਦਾ ਸਾਂ । ਉਹ ਪਤਲੀ ਸੌਲੀ ਜਿਹੀ ਸੀ । ਜਾਪਦਾ ਸੀ ਜਿਵੇਂ ਧਰਤ ਉਤੇ ਉੱਡਦੀ ਫਿਰਦੀ ਹੈ । ਪਾਰਟੀ ਕੰਮ ਵਿਚ ਤੇਜ਼ । ਪਾਰਟੀ ਦੇ ਗੀਤ ਡਾਢੀ ਮਿੱਠੇ ਸੁਰ ਵਿਚ ਗਾਉਂਦੀ । ਜਲਸਿਆਂ ਵਿਚ ਨਹੀਂ ਆਪਣਿਆਂ ਕੁੜੀਆਂ ਮੁੰਡਿਆਂ ਵਿਚ । ਮੈਂ ਜ਼ਰਾ ਹੋਰ ਨਾ-ਝੱਕ ਹੋ ਕੇ ਪੁੱਛਿਆ — ਉਹ ਗ੍ਰਿਹਸਥ ਵਿਚ ਠੀਕ ?...... ਉਹਨੇ ਸਿਰ ਮਾਰ ਕੇ ਕਿਹਾ — ਬਿਲਕੁਲ ਠੀਕ ਹੈ ।......ਕਮਾਈ ਨਹੀਂ ਕਰਦਾ ?......ਕਰਦਾ ਹੈ ।...... ਤੈਨੂੰ ਕੋਈ ਖਾਣ, ਪੀਣ, ਰਹਿਣ, ਪਾਉਣ ਦੀ ਤੰਗੀ ਹੈ ?...... ਕੋਈ ਨਹੀਂ ।

ਮੈਂ ਪਰੇਸ਼ਾਨੀ ਵਿਚ ਦੋ ਤਿੰਨ ਦਿਨ ਕੱਟੇ । ਉਹ ਘਰੋਂ ਕਦੇ ਆਫ਼ਿਸ ਵਿਚ ਚਲੀ ਜਾਂਦੀ । ਮੇਰੇ ਤੇ ਸਤਵੰਤ ਕੌਰ ਨਾਲ ਸ਼ਾਮ ਨੂੰ ਸੈਰ ਕਰ ਆਉਂਦੀ । ਕਾਕੇ ਰਾਏ ਨੂੰ ਚੁਕ ਲੈਂਦੀ । ਫਿਰ ਰਜਿੰਦਰ ਵੀ ਉਥੇ ਆ ਗਿਆ । ਨਾਲ ਦਲਾਰੀ ਦੀ ਮਾਂ । ਮੈਂ, ਦਲਾਰੀ ਦੀ ਮਾਂ ਅਤੇ ਉਸ ਦੇ ਪਿਤਾ ਨੂੰ ਤਾਇਆ ਤੇ ਤਾਈ ਕਹਿੰਦਾ ਸਾਂ । ਨਾਂ ਸੀ ਬੇਦੀ ਅੰਮੀ ਚੰਦ । ਕਾ: ਰਾਜਿੰਦਰ ਦਾ ਅਸਲੀ ਘਰ ਸਿਆਲਕੋਟ ਸੀ । ਉਹ ਆਪਣਾ ਘਰ ਵੀ ਵੇਖਣ ਆਇਆ ਸੀ, ਗੱਲ ਇਕ ਮੁੱਕੀ ਕਿ ਸਭ ਡੇਰੇ ਚਲੇ ਜਾਣ, ਮੈਂ ਉਥੇ ਆ ਜਾਵਾਂਗਾ ।

ਕਾ: ਜੈਪਾਲ ਦਰਸ਼ਨ ਟਿਕਟ ਘਰ ਵਿਚ ਸਾਲਗਰਾਮ ਕੋਲ ਕੰਮ ਕਰਦਾ ਸੀ । ਉਸ ਦਾ ਚਾਚਾ ਬੇਦੀ ਮੁਕੰਦ ਲਾਲ ਡਾਕਟਰ ਡੇਰੇ ਮਿਉਂਸਪਲ ਕਮੇਟੀ ਦੀਆਂ ਅਲੈਕਸ਼ਨਾਂ ਹੋ ਰਹੀਆਂ ਸਨ ਉਥੇ ਪੂਰਨ ਸ਼ਾਹ ਧੁੱਸੇ ਦੇ ਮੁਕਾਬਲੇ ਵਿਚ ਖਲੋ ਗਿਆ ਸੀ । ਇਹੋ ਪੂਰਨ ਸ਼ਾਹ ਸੀ ਜਿਸ ਕੋਲ ਮੇਰਾ ਮਕਾਨ ਗਹਿਣੇ ਪਿਆ ਹੋਇਆ ਸੀ ਅਤੇ ਉਸ ਨੇ ਬੜੀ ਜਿਆਦਤੀ ਕੀਤੀ ਸੀ । ਮੈਂ ਤੇ ਜੈਪਾਲ ਦਰਸ਼ਨ ਚੁੱਪ ਕੀਤੇ ਡੇਰੇ ਮੁਕੰਦ ਦੀ ਮਦਦ ਕਰਨ ਚਲੇ ਗਏ । ਕਮੇਟੀ ਦੀਆਂ ਮੰਗਾਂ ਦਾ ਇਕ ਇਸ਼ਤਿਹਾਰ ਛਪਵਾਇਆ । ਜਲਸਾ ਕਰਕੇ ਐਲਾਨ ਕੀਤਾ ਕਿ ਜਿਹੜਾ ਕੈਂਡੀਡੇਟ ਇਹਨਾਂ ਮੰਗਾਂ ਦੀ ਹਮਾਇਤ ਕਰੇਗਾ ਕਮਿਊਨਿਸਟ ਪਾਰਟੀ ਉਸ ਦੀ ਮਦਦ ਕਰੇਗੀ । ਸਾਰਿਆਂ ਖਲੋਤਿਆਂ ਮੈਂਬਰਾਂ ਨੇ ਸਾਡੇ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਟੇਜ ਉਤੇ [illegible] ਕੇ, ਬੋਲ ਕੇ [illegible] ਕੀਤੀ । ਪੂਰਨ ਸ਼ਾਹ ਨੇ ਨਹੀਂ ਕੀਤੀ । ਅਸਾਂ ਜਲਸੇ ਕਰਕੇ ਪੂਰਨ ਸ਼ਾਹ ਦੀ ਭੰਡੀ ਕਰਨੀ । ਸਾਧਾਂ ਵਾਲੀ ਪਿੰਡ ਦਾ ਇਕ ਗੱਭਰੂ ਮੁਸਲਮਾਨ ਕਿਸਾਨ ਸਾਡੇ ਘਰ ਆ ਕੇ ਮੈਨੂੰ ਮਿਲਿਆ ਤੇ ਦੱਸਿਆ — ਮੇਰਾ ਪਿਉ ਮਰ ਗਿਆ ਸੀ, ਮੈਂ ਪੂਰਨ ਸ਼ਾਹ ਕੋਲੋਂ ਉਧਾਰ ਕਫਨ ਦਾ ਕਪੜਾ ਖੜਿਆ । ਹੋਰ ਕੁਝ ਕਫਨ ਦਫਣ ਦੀਆਂ ਰਸਮਾਂ ਜੋਗੇ ਪੈਸੇ । ਮੈਥੋਂ ਉਹ ਪੈਸੇ ਨਾ ਦਿੱਤੇ ਗਏ । ਇਸ ਨੇ ਵਿਆਜ ਨੂੰ ਵਿਆਜ ਲਾ ਕੇ ਅਖ਼ੀਰ ਮੇਰੀ ਇਕ ਘੁਮਾ ਜ਼ਮੀਨ ਕੁਰਕ ਕਰਾ ਲਈ । ਮੈਥੋਂ ਮੁਕਦਮਾ ਨਹੀਂ ਸੀ ਲੜਿਆ ਗਿਆ । ਮੈਂ ਵਿਚੋਂ ਪੁੱਛਿਆ — ਇਹਦਾ ਵਕੀਲ ਕਿਹੜਾ ਸੀ ? ਜਿਸ ਵਕੀਲ ਦਾ ਨਾਂ ਦਸਿਆ ਉਹੋ ਮੁਸਲਮਾਨ ਵਕੀਲ ਸੀ, ਜਿਸ ਨੇ ਮੇਰਾ ਮਕਾਨ ਪੂਰਨ ਸ਼ਾਹ ਨੂੰ ਜਿੱਤ ਕੇ ਦਿੱਤਾ ਸੀ ।

ਅਸਾਂ ਕਫਨ ਦੀ ਗੱਲ ਨੂੰ ਖ਼ੂਬ ਮਸਾਲਾ ਲਾ ਲਾ ਕੇ ਜਲਸਿਆਂ ਵਿਚ ਦੱਸਿਆ । ਲੜਨ ਘੁਲਣ ਨੂੰ ਤਕੜੇ ਸਾਂ । ਪੁਲਿਸ ਪਲਸ ਦਾ ਵੀ ਕੋਈ ਡਰ ਸਾਨੂੰ ਨਹੀਂ ਸੀ । ਖ਼ਾਸ ਗੱਲ ? ਲੋਕ ਸਾਡੇ ਦਿਲੋਂ ਹਾਮੀ ਸਨ । ਕਈ ਮਨਚਲੇ ਸਾਡਾ ਜਲਸਾ ਸੁਣ ਕੇ ਆਖਦੇ — ਰਾਹੀ ਨੇ ਇਹਦੀ ਮਾਂ......ਚੰਗਾ...... ਦਿੱਤਾ ਹੈ ।

ਬੇਦੀ ਮੁਕੰਦ ਲਾਲ ਪੰਜਾਂ ਵੋਟਾ ਉਤੇ ਹਾਰ ਗਏ । ਇਹ ਵੋਟਾਂ ਡਾ: ਕੋਲੋਂ ਖ਼ਰੀਦੀਆਂ ਨਾ ਗਈਆਂ । ਪੂਰਨ ਸ਼ਾਹ ਨੇ ਖ਼ੂਬ ਪੈਸਾ ਰੋੜ੍ਹਿਆ । ਸ਼ਰਾਬ ਦੀ ਭਰਮਾਰ ਲਾ ਦਿੱਤੀ । ਉਹ ਹਲਕੇ ਵਿਚ ਠੱਠੀ ਪੈਂਦੀ ਸੀ । ਠੱਠੀ ਦੀਆਂ ਸੜਕ ਤਲ ਚਾਰ ਦੁਕਾਨਾਂ ਸਨ, ਪੂਰਨ ਸ਼ਾਹ ਕੋਲ ਗਹਿਣੇ । ਉਹ ਛੁੱਟ ਗਈਆਂ । ਚਾਰ ਪੰਜ ਹੋਰ ਸਾਮੀਆਂ ਦੀ ਖਲਾਸੀ ਹੋ ਗਈ । ਉਹਨਾਂ ਸਾਰਿਆਂ ਨੇ ਮੈਥੋਂ ਵੋਟਾਂ ਨਾ ਪਾਉਣ ਦੀ ਮਾਫ਼ੀ ਮੰਗੀ ਅਤੇ ਧੰਨਵਾਦ ਕੀਤਾ । ਉਹਨਾਂ ਦੇ ਕਰਜ਼ੇ ਲੱਥ ਗਏ ਸਨ ।

ਮੈਂ ਦਲਾਰੀ ਨੂੰ ਨਾ ਮਿਲਿਆ, ਨਾ ਉਹ ਮਿਲੀ । ਕਾ: ਰਾਜਿੰਦਰ ਕੰਮ ਕਰਦਾ ਰਿਹਾ ਸਾਡੇ ਨਾਲ । ਇਸ ਦਲਾਰੀ ਤੇ ਰਾਜਿੰਦਰ ਬਾਰੇ ਮੈਂ 'ਟੁੱਟਦੇ ਜੁੜਦੇ ਜਿਸਮ' ਵਿਚ ਲਿਖਿਆ ਹੈ । ਕਿਸ ਤਰ੍ਹਾਂ ਉਹਨਾ ਦੇ ਘਰ ਬਚੇ ਹੋਏ । ਇਕ ਵੈਦ ਮਾਲਵੇ ਵਿਚੋਂ ਡੇਰੇ ਆਇਆ । ਉਸ ਨਾਲ ਰਾਜਿੰਦਰ ਦੀ ਸਾਂਝ ਪੈ ਗਈ । ਘਰ ਜਾਣ ਲੱਗ ਪਿਆ । ਦਲਾਰੀ ਦੀ ਮਾਂ ਨਾਲ ਰੱਲ ਕੇ ਸ਼ਰਾਬ ਵਿਚ ਕਾਮਰੇਡ ਨੂੰ ਜ਼ਹਿਰ ਪਿਆ ਦਿੱਤਾ । ਪੋਸਟ ਮਾਰਟਮ ਹੋਇਆ । ਜ਼ਹਿਰ ਨਿਕਲਿਆ । ਕਾਮਰੇਡ ਸੋਢੀ ਹੋਰਾਂ ਮੁਕੱਦਮਾ ਲੜਿਆ ਦਲਾਰੀ ਨੂੰ ਉਮਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੈਦ ਤੋਂ [illegible] ਗਈ, ਕੋਈ ਬੱਚਾ ਮਰ ਗਿਆ, ਕੋਈ ਰਹਿ ਗਿਆ ।

ਸਿਲਾਲਕੋਟ ਆਇਆ ਤਾਂ ਕਾਰਖ਼ਾਨੇਦਾਰਾਂ ਨੇ ਮੈਨੂੰ ਕੰਮ ਤੋਂ ਜਵਾਬ ਦੇ ਦਿੱਤਾ । ਫਿਰ ਪਾਰਟੀ ਮੀਟਿੰਗ ਹੋਈ । ਫ਼ੈਸਲਾ ਹੋਇਆ ਇਥੇ ਟਾਂਗਾ ਯੂਨੀਅਨ ਬਣਾਈ ਜਾਵੇ । ਜੰਮੂ ਇਕ ਕਾਮਰੇਡ ਹੈ, ਸਮਨਾਨੀ ਉਸ ਕੋਲੋਂ ਰਾਹੀ ਇਕ ਹਫ਼ਤਾ ਜਾਚ ਸਿੱਖ ਕੇ ਆਏ । ਉਹਦੀ ਟਾਂਗਾ ਤੇ ਗੱਡਾ ਯੂਨੀਅਨ ਬੜੀਆਂ ਚਲਦੀਆਂ ਹਨ ।

ਮੈਂ ਜੰਮੂ ਕਾ: ਸਮਨਾਨੀ ਕੋਲ ਗਿਆ । ਉਸ ਦੇ ਨਾਲ ਫਿਰਦੇ ਰਹਿਣਾ । ਕੇਸ ਭੁਗਤਣ ਜਾਣਾ । ਉਸ ਦੀ ਬੀਵੀ ਪਰਦਾ ਕਰਦੀ ਸੀ । ਉਹ ਕਾਮਰੇਡਾਂ ਦੀ ਸੇਵਾ ਸਕੀਆਂ ਭੈਣਾਂ ਨਾਲੋਂ ਜ਼ਿਆਦਾ ਕਰਦੀ । ਉਸ ਦਾ ਇਕ ਵੱਡਾ ਲੜਕਾ ਸੀ ਪਿਆਰਾ ਬੱਦਾਮੀ ਅਜੇ ਤਕ ਉਹ ਮੈਨੂੰ ਭੈਣ ਯਾਦ ਹੈ ।

ਜੰਮੂ ਆ ਕੇ ਤਾਂਗੇ ਵਾਲੇ ਇਕੱਠੇ ਕੀਤੇ । ਸਾਲਗਰਾਮ, ਛੱਜੂਰਾਮ, ਵੈਦ ਹਿੰਦੀ ਸਾਰੇ ਗਏ । ਤਿੰਨ ਚਾਰ ਤਾਂਗਿਆਂ ਦਾ ਮਾਲਕ ਇਕ ਬਜ਼ੁਰਗ ਭਲਵਾਨ ਬੜਾ ਦਾਨਾ ਮੁਸਲਮਾਨ । ਉਹਦੇ ਤਬੇਲੇ ਵਿਚ ਇਕੱਠ ਸੀ । ਉਹ ਪ੍ਰਧਾਨ ਬਣਿਆ । ਮੈਂ ਜਨਰਲ ਸੈਕਟਰੀ । ਹੋਰ ਦੋ ਚਾਰ ਆਉਂਦੇ ਇਹ ਵੀ ਫ਼ੈਸਲਾ ਹੋਇਆ ਕੋਈ ਤਾਂਗੇ ਉਤੇ ਚਾਰ ਤੋਂ ਵੱਧ ਸਵਾਰੀਆਂ ਨਾ ਚੜ੍ਹਾਏ । ਜਿਹੜਾ ਚੜ੍ਹਾਏਗਾ ਉਸ ਨੂੰ ਯੂਨੀਅਨ ਵਿਚੋਂ ਕੱਢ ਦਿੱਤਾ ਜਾਏਗਾ । ਬਾਕੀ ਕਿਸੇ ਸਿਪਾਹੀ ਜਾਂ ਅਫ਼ਸਰ ਨੂੰ ਮੁਫ਼ਤ ਨਹੀਂ ਚੜ੍ਹਾਉਣਾ । ਤਿੜ ਕੇ ਰਹਿਣਾ । ਅਗਲੇ ਦਿਨ ਖੁਲ੍ਹਾ ਜਲਸਾ ਕਰਕੇ ਯੂਨੀਅਨ ਦਾ ਐਲਾਨ ਕਰ ਦਿਤਾ । ਸਾਡਾ ਖ਼ੂਬ ਕੰਮ ਚਲਿਆ । ਪ੍ਰਧਾਨ ਮੀਆਂ ਜੀ ਮੈਨੂੰ ਪੁੱਤਰਾਂ ਵਾਂਗ ਸਮਝਦੇ । ਆਵਾਜ਼ ਮਾਰਦੇ ਤਾਂ ਇੰਝ — ਓਏ ਮੇਰਿਆ ਸ਼ੇਰ ਪੁੱਤਰਾ ਕੀ ਹਾਲ ਹੈ । ਤਕੜਾ ਬਣ ਕੇ ਰਿਹਾ ਕਰ । ਭੁੱਖ ਲੱਗੇ ਘਰੋਂ ਅੰਮੀ ਕੋਲੋਂ ਰੋਟੀ ਖਾ ਆਇਆ ਕਰ । ਪੈਸਿਆਂ ਦੀ ਵੀ ਮੈਨੂੰ ਥੋੜ ਨਾ ਆਉਂਦੀ ।

ਲਾਹੌਰ ਪਾਰਟੀ ਆਫਿਸ ਤੋਂ ਚਿੱਠੀ ਆਈ ਲਿਖਿਆ ਸੀ, ਪਰਸੋਂ ਤੁਹਾਡੇ ਕੋਲ ਕਾ: ਟੀਕਾ ਰਾਮ ਸੁਖਨ ਆ ਰਹੇ ਹਨ । ਇਕ ਭਰਵੇਂ ਜਲਸੇ ਦਾ ਇੰਤਜ਼ਾਮ ਕਰੋ ।......ਸਾਡੀ ਮੀਟਿੰਗ ਹੋਈ । ਗੱਲ ਇਹ ਸੀ ਕਿ ਸਾਡਿਆਂ ਜਲਸਿਆਂ ਵਿਚ ਰੌਲਾ ਜ਼ਰੂਰ ਪੈਂਦਾ । ਅਸੀਂ ਗੱਲ ਤਾਂ ਕਰ ਲੈਂਦੇ ਪਰ ਬੇ-ਸੁਆਦੀ ਜ਼ਰੂਰ ਹੁੰਦੀ । ਰੌਲਾ ਬਹੁਤਾ ਕਾਂਗਰਸੀ ਨਹੀਂ, ਅਕਾਲੀ ਸ਼ਹਿਰ ਵਿਚ ਹੈ ਨਹੀਂ ਸਨ । ਰੌਲਾ ਭੈੜੀ ਕਿਸਮ ਦਾ ਕਾਂਗਰਸ ਸੋਸ਼ਲਿਸਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਰਟੀ ਵਾਲੇ ਪਾਉਂਦੇ। ਸਲਾਹ ਇਹ ਹੋਈ......ਰਾਹੀ ਤਾਂਗਾ ਯੂਨੀਅਨ ਦੇ ਪ੍ਰਧਾਨ ਨਾਲ ਗੱਲ ਕਰੇ ਉਸ ਦੀ ਜਲਸੇ ਵਿਚ ਪ੍ਰਧਾਨਗੀ ਵੀ ਰੱਖੀ ਜਾਏ। ਸਾਡਿਆਂ ਵਲੰਟੀਅਰਾਂ ਦੇ ਨਾਲ ਤਾਂਗੇ ਵਾਲੇ ਵੀ ਕਾਫੀ ਹੋਣੇ ਚਾਹੀਦੇ ਹਨ। ਆਪ ਵੀ ਸਾਥੀ ਸਾਰੇ ਖਿਲਰ ਕੇ ਬਹਿਣ। ਰਾਹੀ ਸਟੇਜ ਸੈਕਟਰੀ ਬਣੇ। ਛੱਜੂ ਰਾਮ ਅਤੇ ਸ਼ਿਵ ਕੁਮਾਰ ਸ਼ਾਰਦਾ ਤਕਰੀਰਾਂ ਕਰਨ।

ਮੈਂ ਜਾ ਕੇ ਪ੍ਰਧਾਨ ਮੀਆਂ ਜੀ ਨਾਲ ਸਾਰੀ ਗੱਲ ਕੀਤੀ। ਸੁਖਨ ਦੀਆਂ ਕੁਰਬਾਨੀਆਂ ਦੱਸੀਆਂ। ਉਹ ਬੜੇ ਖ਼ੁਸ਼ ਹੋਏ ਅਤੇ ਮੰਨ ਗਏ।

ਸੁਖਨ ਆਇਆ। ਜਲਸੇ ਦਾ ਢੰਡੋਰਾ ਫੇਰਿਆ ਗਿਆ। ਰਾਮਤਲਾਈ ਵਾਲੀ ਜਗ੍ਹਾ ਸਾਫ਼ ਕਰਾਈ ਗਈ। ਸਟੇਜ ਕੁਦਰਤੀ ਸੀ। ਦੋ ਕੁਰਸੀਆਂ ਮੇਜ਼, ਸਪੀਕਰ ਲਾ ਦਿੱਤਾ ਗਿਆ। ਉਨ੍ਹੀਂ ਦਿਨੀਂ ਜਹਾਜ਼ੀਆਂ ਦੀ ਬਗ਼ਾਵਤ ਹੋਈ ਸੀ। ਸੈਂਟਰ ਪਾਰਟੀ ਅਖ਼ਬਾਰ ਦੇ ਪਹਿਲੇ ਸਫੇ ਉਤੇ ਸਾਹਿਰ ਲੁਧਿਆਣਵੀ ਦੀ ਨਜ਼ਮ ਛਪੀ ਸੀ, "ਯੇ ਕੌਣ ਮਰਾ ਹੈ? ਕਿਸਕਾ ਲਹੂ ਹੈ" ਰਘੁਨਾਥ ਸਹਾਏ ਹਿੰਦੀ ਨੇ ਸੁਣਾਈ ਮੈਂ ਜਹਾਜ਼ੀ ਦੀ ਵਾਰ ਲਿਖੀ ਸੀ। ਉਹ ਸੁਣਾਈ। ਦੋ ਮਜਦੂਰਾਂ ਨੇ ਗੀਤ ਬੋਲੇ। ਰਾਮਤਲਾਈ ਦੀਆਂ ਪੌੜੀਆਂ ਭਰ ਗਈਆਂ ਲੋਕਾਂ ਨਾਲ। ਵਿਚਕਾਰ ਵੀ ਦੁਨੀਆਂ ਬੈਠ ਗਈ ਫਿਰ ਜ਼ਰਾ ਕੁ ਤਕਰੀਰ ਕਰਕੇ ਸੁਖਨ ਦਾ ਨਾਂ ਲਿਆ ਈ ਸੀ ਕਿ ਨਾਹਰਾ ਵੱਜਾ, 'ਚਿੱਟਾ ਬਾਂਦਰ ਮੁਰਦਾਬਾਦ' ਦੂਜੇ ਪਾਸਿਉਂ 'ਬਤਾਲੀ ਦੇ ਗ਼ੱਦਾਰ ਮੁਰਦਾਬਾਦ' ਫਿਰ ਇਕ ਕੋਨੇ ਵਿਚ ਆਵਾਜ਼ ਗੂੰਜੀ 'ਰੂਸ ਦੇ ਏਜੰਟ ਮੁਰਦਾਬਾਦ' ਇਕ ਨੇ ਵਿਚ-ਕਾਰੋਂ ਉੱਠ ਕੇ ਨਾਹਰਾ ਲਾਇਆ 'ਚਿੱਟਾ ਬਾਂਦਰ ਗੋ ਬੈਕ'......ਮੈਂ ਘਾਬਰਿਆ ਨਹੀਂ ਮਾਇਕ ਦੇ ਸਾਹਮਣੇ ਖਲੋਤਾ ਰਿਹਾ ਆਖਿਆ — ਇਹ ਤਰੀਕਾ ਗ਼ਲਤ ਹੈ ਅਸੀਂ ਜਮਹੂਰੀਅਤ ਲਈ ਲੜ ਰਹੇ ਹਾਂ, ਕਿਸੇ ਨੂੰ ਹੱਕ ਨਹੀਂ ਸਾਡੇ ਜਲਸੇ ਵਿਚ ਰੌਲਾ ਪਾਉਣ ਦਾ ਜੋ ਕਹਿਣਾ ਹੈ ਆਪਣੇ ਜਲਸੇ ਵਿਚ ਆਖਿਉ।......ਮੇਰੀ ਕਿਸੇ ਨਾ ਸੁਣੀ ਫਿਰ ਨਾਹਰੇ ਸ਼ੁਰੂ।

ਮੀਆਂ ਜੀ ਪ੍ਰਧਾਨ ਨੇ ਉਠ ਕੇ ਮੈਨੂੰ ਬਾਹੋਂ ਫੜ ਕੇ ਕਹਿਣ ਲੱਗੇ — ਪੁੱਤਰਾ ਜ਼ਰਾ ਤੂੰ ਪਰ੍ਹਾਂ ਹੋ ਜਾ। ਮੀਆਂ ਜੀ ਬੜੇ ਤਹੱਮਲ ਵਿਚ ਸਨ। ਮੈਕ ਉਤੇ ਬੋਲੇ — ਕਿਥੇ ਹੈ ਸਦੀਕਾ, ਕਿਥੇ ਹੈ ਜਾਨ ਮੁਹੰਮਦ, ਕਿਥੇ ਬੈਠੇ ਓ ਤੁਸੀਂ, ਜਿਹੜੇ ਟਾਂਗੇ ਛੱਡ ਕੇ ਆਏ ਹੋ......ਫੜ ਲਉ ਇਹਨਾਂ ਦੀ ਮਾਂ ਦੀ......ਦੇ ਦਿਉ। ਪ੍ਰਧਾਨ ਜੀ ਨੇ ਸੁਰਖ ਹੋ ਕੇ ਤਿੰਨ ਚਾਰ ਮੋਟੀਆਂ ਗਾਲ੍ਹਾਂ ਕਢੀਆਂ ਰੌਲਾ ਪਾਉਣ ਵਾਲਿਆਂ ਨੂੰ। ਮੈਨੂੰ ਕਹਿਣ ਲੱਗੇ — ਆ ਪੁੱਤਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੋਲ ਹੁਣ । ਡਾਗਾਂ ਸਟੇਜਾਂ ਉਤੇ ਅਸਾਂ ਵੀ ਰੱਖੀਆਂ ਹੋਈਆਂ ਸੀ । ਬੱਸ ਚੁੱਪ ਛਾ ਗਈ । ਸ਼ਖਨ ਬੋਲਿਆ । ਜਾਦੂ ਧੂੜੀ ਗਿਆ । ਮੋਤੀਆਂ ਵਾਂਗ ਉਰਦੂ ਦੇ ਲਫ਼ਜ਼ ਸਰੋਤਿਆਂ ਦਿਆਂ ਕੰਨਾਂ ਵਿਚ ਸ਼ਹਿਦ ਘੋਲ ਰਹੇ ਸਨ । ਨਹਾਇਤ ਸਫਲ ਜਲਸਾ ਹੋਇਆ । ਸਾਡੇ ਲਹੂ ਵੱਧ ਗਏ । ਸ਼ਖਨ ਰਾਤ ਸਾਡੇ ਘਰ ਸੁੱਤਾ । ਸਾਰੀ ਰਾਤ ਸਾਥੀ ਉਸ ਨਾਲ ਗੱਲਾਂ ਕਰਨ ਵਿਚ ਰੁੱਝੇ ਰਹੇ । ਮੇਰੀ ਉਹਨਾਂ ਦਿਨਾਂ ਵਿਚ ਨੀਂਦ ਗ਼ਾਇਬ ਹੋ ਗਈ ਸੀ । ਪਾਰਟੀ ਸੀ ਜਾਂ ਪਾਰਟੀ ਦੇ ਸਾਥੀ ।......ਉਹਨੀਂ ਦਿਨੀਂ ਕਾ: ਮੱਖਣ ਸਿੰਘ ਅਫ਼ਰੀਕਨ ਉਥੇ ਆਏ ਮੀਟਿੰਗ ਕੀਤੀ ਅਜੀਬ ਜਿਹੀ ਮੀਟਿੰਗ ਸੀ, ਜਾਪਿਆ ਪਾਰਟੀ ਵਿਚ ਕੋਈ ਗੜਬੜ ਹੈ । ਰਾਤ ਮੇਰੇ ਵੱਲ ਸੁੱਤਾ । ਗੱਲਾਂ ਗੱਲਾਂ 'ਚ ਕਹਿਣ ਲੱਗਾ — ਜੇ ਪਾਰਟੀ ਵਿਚੋਂ ਮਸ਼ਹੂਰ ਸਾਥੀ ਨਿਕਲ ਜਾਣ ਤਾਂ ਤੂੰ ਕੀ ਕਰੇਂਗਾ ? ਮੈਂ ਝੱਟ ਉੱਤਰ ਦਿੱਤਾ — ਮੈਂ ਪਾਰਟੀ ਨਾਲ ਹਾਂ, ਕੋਈ ਜਾਂਦਾ ਫਿਰੇ ।......ਉਹ ਖ਼ੁਸ਼ ਹੋ ਗਿਆ । ਕੁਝ ਦਿਨਾਂ ਬਾਅਦ ਕਾਮਰੇਡ ਧਨਵੰਤਰੀ ਵੀ ਆਏ । ਮੈਨੂੰ ਬਹੁਤ ਚੰਗੇ ਲੱਗੇ । ਆਫ਼ਿਸ ਵਿਚ ਮੀਟਿੰਗ ਹੋਈ । ਇਹ ਮੀਟਿੰਗ ਪਹਿਲੇ ਢੰਗ ਦੀ ਸੀ । ਉਹ ਰਾਤ ਸਾਲਗਰਾਮ ਦੇ ਘਰ ਸੁੱਤੇ । ਮੈਂ ਵੀ ਸਾਲਗਰਾਮ ਦੇ ਘਰ ਗਿਆ । ਗੱਲੀਂ ਪਾ ਕੇ ਸਾਨੂੰ ਦੋਹਾਂ ਨੂੰ ਉਹਨਾਂ ਵੀ ਅਫ਼ਰੀਕਨ ਵਾਲੀ ਗੱਲ ਦੱਸੀ । ਅਸਾਂ ਦੋਹਾਂ ਇਹੋ ਜਵਾਬ ਦਿੱਤਾ — ਕੋਈ ਜਾਏ ਅਸੀਂ ਪਾਰਟੀ ਨਾਲ ਹਾਂ, ਪਾਰਟੀ ਸਾਡੀ ਮਾਂ ਹੈ । ਅਸਾਂ ਮਾਂ ਦੀ ਗੋਦ ਨਹੀਂ ਛੱਡਣੀ । ਕਸ਼ਮੀਰ ਦੀ 'ਕਸ਼ਮੀਰ ਛੋੜ ਦੋ' ਤਾਰੀਕ ਵੀ ਉਹਦੀ ਸੀ । ਜਿਹੜਾ ਕਸ਼ਮੀਰੋਂ ਆਉਂਦਾ ਉਹਦਾ ਜਲਸਾ ਵੀ ਰਾਮਤਲਾਈ ਹੁੰਦਾ । ਮੈਂ ਜ਼ਰੂਰ ਜਾ ਕੇ ਸੁਣਦਾ । ਆਮ ਇਸ ਵਿਚ ਸੋਸ਼ਲਿਸਟ ਪਾਰਟੀ ਪ੍ਰਧਾਨ ਹੁੰਦੀ ।

ਜੰਮੂ ਕਸ਼ਮੀਰ ਦੀਆਂ ਅਲੈਕਸ਼ਨਾਂ । ਕਾ: ਧਨਵੰਤਰੀ ਨੇ ਮੈਨੂੰ ਤੇ ਰਘੁਨਾਥ ਸਹਾਏ ਹਿੰਦੀ, ਅਤੇ ਦੋ ਹੋਰ ਕਾਮਰੇਡਾਂ ਨੂੰ ਦੱਸ ਦਿਨ ਵੋਟਾਂ ਪੈਣ ਤੋਂ ਪਹਿਲਾਂ ਸੱਦ ਲਿਆ । ਅਸੀਂ ਰਘੁਨਾਥ ਬਾਜ਼ਾਰ ਦੇ ਇਕ ਚਬਾਰੇ ਵਿਚ ਅਲੈਕਸ਼ਨ ਆਫ਼ਿਸ ਸੀ, ਉਥੇ ਰਹੇ । ਅਤੇ ਉਥੋਂ ਦਿਆਂ ਸਾਥੀਆਂ ਨਾਲ ਤੁਰਦੇ ਫਿਰਦੇ ਰਹੇ । ਜਿੰਨੀ ਡੋਗਰਾ ਜੰਟਰੀ ਸੀ ਬਹੁਤੇ ਰਾਜਪੂਤ ਰਾਜੇ ਵੱਲ ਸਨ । ਨੈਸ਼ਨਲ ਕਾਨਫ਼ਰੰਸ ਦੀ ਬੜੀ ਮੁਖ਼ਾਲਫ਼ਤ ਕਰਦੇ ਸਨ । ਦੋ ਕੈਂਡੀਡੇਟ ਏਥੇ ਸਨ ਸ਼ੇਖ ਅਬਦੁੱਲਾ ਪਾਰਟੀ ਵਲੋਂ । ਇਕ ਕਾ: ਸਮਨਾਨੀ ਅਤੇ ਦੂਜਾ ਸਰਦਾਰੀ ਲਾਲ ਡੋਗਰਾ । ਅਸੀਂ ਇਹਨਾਂ ਸੀਟਾਂ ਉਤੇ ਸਾਂ । ਰਾਜੇ ਵਲੋਂ ਤਸ਼ੱਦਦ ਕਾਫੀ ਹੋ ਰਿਹਾ ਸੀ । ਅਸੀਂ ਸਿੱਥਲ ਸਾਂ । ਲੋਕ ਨਾਲ ਨਹੀਂ ਸਨ ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਕ ਬਹੁਤ ਵੱਡੇ ਜਲਸੇ ਦਾ ਪ੍ਰਬੰਧ ਕੀਤਾ ਗਿਆ। ਨਵੇਂ ਸ਼ਹਿਰ। ਇਹ ਥਾਂ ਜੰਮੂ–ਸਿਆਲਕੋਟ ਵਾਲੀ ਸੜਕ ਉਤੇ ਹੈ। ਕਾਫੀ ਵੱਡੇ ਮੈਦਾਨ ਵਿਚ ਸਟੇਜ ਲਾਇਆ ਗਿਆ। ਉਹ ਮੈਦਾਨ ਇਕ ਮਾੜੇ ਜਿਹੇ ਬਾਗ਼ ਵਿਚਕਾਰ ਸੀ। ਅਰੁਨਾ ਆਸਿਫ਼ ਅਲੀ ਨੇ ਵੀ ਆਉਣਾ ਸੀ। ਕਾ: ਸਮਨਾਨੀ ਅਤੇ ਗਿਰਧਾਰੀ ਲਾਲ ਵੀ ਪਹੁੰਚ ਗਿਆ। ਸਿਆਲਕੋਟੋਂ ਵੀਹ ਪੰਝੀ ਮਜਦੂਰ ਵਲੰਟੀਅਰ ਡਾਂਗਾ ਵਾਲੇ ਲੈ ਕੇ ਸਾਲਗਰਾਮ ਅਤੇ ਤਿੰਨ ਮੁਸਲਮਾਨ ਪਾਰਟੀ ਦੇ ਮੈਂਬਰ ਵੀ ਪਹੁੰਚ ਗਏ। ਰਾਜੇ ਪੱਖੀ ਪੂਰੀ ਸੱਜ ਧੱਜ ਨਾਲ ਇਕ ਢੋਲ ਲੈ ਕੇ ਆ ਗਏ। ਸਾਡੇ ਸਟੇਜ ਦੇ ਪਿਛਲੇ ਪਾਸੇ ਕੱਠੇ ਹੋ ਗਏ। ਮੈਂ ਸਟੇਜ ਤੇ ਖਲੋਤਾ......ਸ਼ੇਰੇ ਕਸ਼ਮੀਰ ਜ਼ਿੰਦਾਬਾਦ ਉਧਰੋਂ ਬੋਲਾ ਆਇਆ 'ਗੱਦੜੇ ਕਸ਼ਮੀਰ ਮੁਰਦਾਬਾਦ'।......ਗਿਰਧਾਰੀ ਲਾਲ ਡੋਗਰਾ ਬੋਲਣ ਲੱਗਾ ਝੱਟ ਨਾਹਰਾ ਆਇਆ — ਇਹ ਡੋਗਰਾ ਨਹੀਂ ਹਰਾਮ ਦਾ ਹੈ। ਡੋਗਰਾ ਮੁਰਦਾਬਾਦ। ਉਹਦੇ ਸ਼ਰੀਕੇ ਵਾਲੇ ਜਲਸੇ ਦੇ ਸਾਹਮਣੇ ਹੋ ਕੇ ਉਹਨੂੰ ਫਿਟਕਾਰਾਂ ਪਾਉਣ ਲੱਗ ਪਏ। ਉਹ ਬੋਲਦਾ ਰਿਹਾ। ਹਾਜਰੀ ਗੁਜ਼ਾਰੇ ਜੋਗੀ ਸੀ। ਵਲੰਟੀਅਰਾਂ ਨੂੰ ਹੁਕਮ ਸੀ ਕਿਸੇ ਨਾਲ ਲੜਨਾ ਘੁਲਣਾ ਝਗੜਨਾ ਨਹੀਂ। ਸਾਰੇ ਲਾਠੀਆਂ ਫੜ ਕੇ ਖਲੋਤੇ ਹੋਏ ਨਾਅਰੇ ਲਾਉਂਦੇ ਸਨ।

ਫਿਰ ਬੋਲਣ ਲੱਗਾ —- ਕਾ: ਸਮਨਾਨੀ ਉਹ ਚੰਗੀ ਉਰਦੂ ਵਿਚ ਤਕਰੀਰ ਕਰਦਾ ਸੀ। ਮੁਖਾਲਫ਼ਾਂ ਨੇ ਪਿਛੋਂ ਆ ਕੇ ਉਸ ਦੇ ਸਿਰ ਵਿਚ ਕੁਹਾੜੀ ਮਾਰ ਦਿੱਤੀ। ਲਹੂ ਵਗੀ ਜਾਏ ਉਹ ਬੋਲੀ ਜਾਏ। ਸਾਲਗਰਾਮ ਨੇ ਕਿਸੇ ਦੀ ਪ੍ਰਵਾਹ ਨਾ ਕੀਤੀ, ਕਾਮਰੇਡਾਂ ਨੂੰ ਵੰਗਾਰ ਕੇ ਲਾਠੀਆਂ ਨਾਲ ਲੈ ਕੇ ਪੈ ਗਿਆ। ਲਲਕਾਰਾ ਮਾਰਿਆ — ਫੜ ਲਉ, ਇਹਨਾਂ ਮਾਂ ਦੀ......। ਸਾਰੇ ਮੁਖਾਲਫ਼ ਇੰਜ ਨੱਠੇ ਜਿਵੇਂ ਭਾਜੜ ਪਈ ਹੋਵੇ। ਸਮਨਾਨੀ ਦੇ ਚਾਰੇ ਪਾਸੇ ਸਾਡੇ ਸਿਆਲ–ਕੋਟੀ ਮਜ਼ਦੂਰ ਵਲੰਟੀਅਰ ਖਲੋ ਗਏ, ਗ਼ੁੱਸੇ ਵਿਚ ਭਰੇ ਹੋਏ। ਉਸ ਨੇ ਡੱਟ ਕੇ ਤਕਰੀਰ ਕੀਤੀ। ਉਸ ਨੂੰ ਜੰਮੂ ਭਿਜਵਾ ਦਿੱਤਾ। ਮੁਖਾਲਫ਼ ਸਾਡੇ ਸਟੇਜ ਦੇ ਪਿਛਲੇ ਪਾਸੇ ਪਰ੍ਹਾਂ ਹਟ ਕੇ ਢੋਲ ਵਜਾਈ ਜਾਣ।

ਕਾ: ਛੱਜੂ ਰਾਮ ਤੇ ਹੋਰ ਨਾਲ ਅਰੁਨਾ ਆਸਿਫ਼ ਅਲੀ ਆ ਗਈ। ਕਾ: ਛੱਜੂ ਰਾਮ ਨੇ ਸਟੇਜ ਤੋਂ ਉਸ ਦੀ ਵਾਕਫ਼ੀਅਤ ਕਰਾਈ। ਉਦੋਂ ਬੜੀ ਸਹੁਣੀ ਸੀ ਉਹ। ਮੈਂ ਉਹਦੇ ਬੋਲਾਂ ਵੱਲ ਵਜੂਦ ਵੱਲ, ਮਟਕ ਵੱਲ, ਉਹਦੇ ਮੂੰਹੋਂ ਨਿਕਲਦੇ ਉਰਦੂ ਦੇ ਕਮਾਲ ਦੇ ਸ਼ੇਅਰ ਵੱਲ ਰਜੂ ਹੋਇਆ ਰਿਹਾ। ਚੁੱਪ ਚਾਂ ਛਾ ਗਈ। ਉਹ ਤਕਰੀਰ ਕਰਕੇ ਚਲੀ ਗਈ। ਰਾਜੇ ਦੀਆਂ ਫ਼ੌਜਾਂ ਵੱਡਿਆਂ–

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵੱਡਿਆਂ ਫ਼ੌਜੀ ਟਰੱਕਾਂ ਉੱਤੇ ਆ ਗਈਆਂ। ਅਸੀਂ ਕੰਮ ਮੁਕਾ ਆਪਣੇ-ਆਪਣੇ ਟਿਕਾਣਿਆਂ ਨੂੰ ਤੁਰ ਪਏ। ਦੂਜੇ ਦਿਨ ਨੈਸ਼ਨਲ ਕਾਨਫ਼ਰੰਸ ਵਲੋਂ ਅਲੈਕਸ਼ਨ ਦੇ ਬਾਈਕਾਟ ਦਾ ਐਲਾਨ ਹੋ ਗਿਆ। ਰਾਜੇ ਨੇ ਤਸ਼ੱਦਤ ਦੀ ਅੱਤ ਕਰ ਦਿੱਤੀ। ਡੋਗਰਿਆਂ ਨੇ ਭੰਗੜੇ ਪਾਏ ਤੇ ਅਸੀਂ ਬੁੱਧੂ ਲੌਟ ਕੇ ਘਰ ਨੂੰ ਆਏ। ਇਕ ਸ਼ੇਅਰ ਅਰੁਨਾ ਆਫ਼ਿਸ ਅਲੀ ਦਾ ਬੋਲਿਆ, ਹੁਣ ਤਕ ਯਾਦ ਹੈ ਜੋ ਰਾਜੇ ਨੂੰ ਅੰਗਰੇਜ਼ਾਂ ਦਾ ਟਾਊਟ ਦਰਸਾਉਣ ਲਈ ਸੀ, ''ਦਿਲ ਕਿਸ ਕਾ ਹੈ, ਤੀਰ ਪਰ ਤੀਰ ਚਲਾਉ ਤੁਮਹੇਂ ਡਰ ਕਿਸ ਕਾ ਹੈ।''

* * *

ਖ਼ਾਨ ਅਬਦੁੱਲ ਗ਼ਫ਼ਾਰ ਖ਼ਾਂ ਜਿਸ ਨੂੰ ਸਰਹੱਦੀ ਗਾਂਧੀ ਕਿਹਾ ਜਾਂਦਾ ਸੀ, ਮਹਾਤਮਾ ਗਾਂਧੀ ਦਾ ਪੱਕਾ ਸਾਥੀ ਸੀ। ਉਹ ਪਠਾਣ ਉੱਚਾ ਲੰਮਾ, ਚੌੜਾ ਦੇਹ ਕੱਦ। ਅਦਮ ਤਸ਼ੱਦਦ ਦਾ ਮੁਜੱਸਮਾ। ਪੇਸ਼ਾਵਰ ਕਿਸਾ ਖਾਨੀ ਬਾਜ਼ਾਰ ਵਿਚ ਉਸ ਦੇ ਸਿਆਹ ਪੋਸਤ ਵਲੰਟੀਅਰਾਂ ਨੇ ਸਾਰਿਆਂ ਪਠਾਣਾਂ ਨਾਲ ਮਿਲ ਕੇ ਅੰਗਰੇਜ਼ਾਂ ਦੇ ਖ਼ਿਲਾਫ਼ ਜਲੂਸ ਕੱਢਿਆ। ਗੜ੍ਹਵਾਲੀ ਪਲਟਨ ਨੂੰ ਹੁਕਮ ਹੋਇਆ — ਇਹਨਾਂ ਉਤੇ ਗੋਲੀ ਚਲਾਉ। ਜਿਹੜਾ ਪਲਟਨ ਦਾ ਉਸ ਵਕਤ ਅਫ਼ਸਰ ਸੀ ਉਸ ਨੇ ਨਿਹੱਥੇ ਸ਼ਾਂਤਮਈ ਜਲੂਸ ਉਤੇ ਗੋਲੀ ਚਲਾਉਣ ਤੋਂ ਇਨਕਾਰ ਕਰ ਦਿੱਤਾ। ਰਫ਼ਲਾਂ ਥੱਲੇ ਰੱਖ ਦਿੱਤੀਆਂ। ਅੰਗਰੇਜ਼ਾਂ ਨੇ ਉਸ ਨੂੰ ਉਹਦੇ ਸਾਥੀਆਂ ਸਣੇ ਗ੍ਰਿਫ਼ਤਾਰ ਕਰ ਲਿਆ। ਉਹ ਕਾਮਰੇਡ ਚੰਦਰ ਸਿੰਘ ਗੜ੍ਹਵਾਲੀ ਜਦ ਰਿਹਾਅ ਹੋਇਆ, ਪੱਕਾ ਕਮਿਊਨਿਸਟ ਲੀਡਰ ਬਣ ਗਿਆ ਹੋਇਆ ਸੀ। ਬੜਾ ਹੋਸ਼ ਮੰਦ, ਚੁਸਤ ਕਮਿਊਨਿਸਟ ਸਿਧਾਂਤ ਨਾਲ ਲੈਸ। ਆਜ਼ਾਦ ਹਿੰਦ ਫ਼ੌਜ ਦਾ ਮਸ਼ਹੂਰ ਜਰਨਲ ਮੋਹਣ ਸਿੰਘ ਵੀ ਰਿਹਾਅ ਹੋ ਕੇ ਸਿਆਲਕੋਟ ਦੇ ਜ਼ਿਲ੍ਹੇ ਵਿਚ ਉਸ ਦਾ ਪਿੰਡ ਸੀ, ਉਥੇ ਆਇਆ ਹੋਇਆ ਸੀ।

ਪਾਰਟੀ ਵਲੋਂ ਕਾਮਰੇਡ ਗੜ੍ਹਵਾਲੀ ਨੂੰ ਸਿਆਲਕੋਟ ਘੱਲਿਆ ਗਿਆ। ਉਹ ਜਨਰਲ ਮੋਹਣ ਸਿੰਘ ਨਾਲ ਗੱਲ ਕਰੇ। ਹੋ ਸਕੇ ਤਾਂ ਉਹ ਪਾਰਟੀ ਵਿਚ ਆ ਜਾਏ। ਗੜ੍ਹਵਾਲੀ ਦੀ ਅਸਾਂ ਬੜੀ ਸੇਵਾ ਕੀਤੀ। ਰਾਤ ਸਾਡੀ ਮੀਟਿੰਗ ਕਰਕੇ ਦਿਨੇ ਮੋਹਣ ਸਿੰਘ ਕੋਲ ਜਾਣ ਦੀ ਸਲਾਹ ਕਰ ਲਈ। ਕਾ: ਛੱਜੂ ਰਾਮ ਨੇ ਨਾਲ ਜਾਣ ਲਈ ਕਿਹਾ, ਪਰ ਉਹ ਨਾ ਮੰਨਿਆ। 'ਕੱਲਾ ਚਲਿਆ ਗਿਆ। ਉਹ ਦਿਨ ਤੇ ਰਾਤ ਜਨਰਲ ਮੋਹਣ ਸਿੰਘ ਕੋਲ ਰਿਹਾ। ਦੂਜੇ ਦਿਨ ਸਿਆਲਕੋਟ ਪਾਰਟੀ ਆਫ਼ਿਸ ਆ ਗਿਆ। ਰਾਤ ਨੂੰ ਪਾਰਟੀ ਦੀ ਮੀਟਿੰਗ ਹੋਈ ਵੀਹ ਪੰਝੀ ਸਾਥੀ 'ਕੱਠੇ ਹੋ ਗਏ। ਸਾਰੇ ਮੁਸਲਮਾਨ ਸਾਥੀ ਵੀ ਆਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਕ ਵਕੀਲ ਮੁਸਲਮਾਨ ਬਾਜਵਾ ਉਸ ਨਾਲ, ਦੋ ਹੋਰ ਵਕੀਲ । ਗੜ੍ਹਵਾਲੀ ਨੇ ਸਾਰੀ ਰਿਪੋਰਟ ਕੀਤੀ । ਉਸ ਦਾ ਲਹਿਜਾ ਬੜਾ ਚੰਗਾ ਸੀ, ਸੁਣਨ ਵਾਲਿਆਂ ਨੂੰ ਬੋਰ ਨਹੀਂ ਸੀ ਹੋਣ ਦਿੰਦਾ ।

ਮੀਟਿੰਗ ਦਾ ਆਖ਼ਰੀ ਨਤੀਜਾ ਕੱਢਦਿਆਂ ਕ਼ਾਮਰੇਡ ਗੜ੍ਹਵਾਲੀ ਨੇ ਅੰਤ ਵਿਚ ਆਖਿਆ — ਵੋ ਹਮਾਰੀ ਸਭ ਬਾਤ ਮਾਨਤਾ ਹੈ । ਹਮਾਰੀ ਪਾਲਸੀ ਅਤੇ ਕਾਮ ਕੋ ਠੀਕ ਕਹਿਤਾ ਹੈ । ਮਗਰ ਅਸਲੀ ਬਾਤ ਯੇ ਹੈ, ਵੋਹ ਇਤਨੀ ਬੜੀ ਭੈਂਸ ਹੈ ਕਿ ਹਮ ਉਸੇ ਚਾਰਾ ਨਹੀਂ ਦੇ ਸਕਤੇ । ਸਾਰੇ ਸਾਥੀ ਹੱਸ ਪਏ । ਹੋਰ ਵੀ ਜਵਾਬ ਸਵਾਲ ਸਾਥੀਆਂ ਨੇ ਕੀਤੇ ਬੜੇ ਸਾਫ਼ ਤੇ ਸਪੱਸ਼ਟ । ਕਾ: ਗੜ੍ਹਵਾਲੀ ਉੱਤਰ ਦਿੰਦਾ ।

ਸਿਆਲਕੋਟ ਅਸਾਂ ਕਵੀ ਸਭਾ ਬਣਾਈ ਹੋਈ ਸੀ । ਕਿਤੇ ਨਾ ਕਿਤੇ ਤੁਰੇ ਰਹਿੰਦੇ ਉਹਨਾਂ ਕਵੀਆਂ ਵਿਚ ਮੈਂ ਸਿਆਣਾ ਗਿਣਿਆ ਜਾਂਦਾ ਸਾਂ । ਘਾਹ ਬੂਟ ਵਿਚ ਰਿੰਡ ਪ੍ਰਧਾਨ । ਦੀਵਾਨ ਸਿੰਘ ਕਾਲੇ ਪਾਣੀ ਦੇ ਪਿੰਡ ਇਕ ਵੱਡੇ ਕਵੀ ਦਰਬਾਰ ਵਿਚ ਗਏ । ਮੇਰੀ ਕਵਿਤਾ ਸਿਆਸੀ ਕਿਸਮ ਦੀ ਸੀ । ਉਥੇ ਗੁਰਦੇਵ ਸਿੰਘ ਮਾਨ ਕਵੀ ਪ੍ਰਧਾਨ ਸੀ । ਉਸ ਦੀ ਮਾਨ ਸਰੋਵਰ ਪੁਸਤਕ ਛਪ ਚੁਕੀ ਸੀ । ਸ਼ੰਕਰ ਦਾਸ ਵਗ਼ੈਰਾ ਵੀ ਸਨ । ਮੇਰੀ ਕਵਿਤਾ ਲੋਕਾਂ ਨੇ ਸਲਾਹੀ ਪਰ ਨਾਮਵਰ ਸ਼ਾਇਰਾਂ ਨੇ ਨਿੰਦਿਆ । ਉਹ ਬਹੁਤੇ ਅੰਗਰੇਜ਼ ਦੇ ਖ਼ਿਲਾਫ਼ ਨਹੀਂ ਸਨ । ਸਾਡੇ ਗਰੁੱਪ ਨਾਲ ਬੋਲਣਾ ਕੂਣਾ ਪਸੰਦ ਨਹੀਂ ਸਨ ਕਰਦੇ । ਸਿਆਲ-ਕੋਟ ਸ਼ਹਿਰ ਵਿਚ ਆਉਂਦੇ ਸਾਨੂੰ ਨਾ ਬਲਾਉਣ ਦਿੰਦੇ । ਅਸੀਂ ਆਪਣੀ ਵੱਖਰੀ ਝੰਡੀ ਬੁਲੰਦ ਕਰੀ ਰੱਖਦੇ । ਪ੍ਰੋਗਰਾਮਾਂ ਉਤੇ ਜਾਂਦੇ । ਜੰਮੂ ਵੀ ਤੇ ਹੋਰ ਥਾਵਾਂ ਉਤੇ ਵੀ । ਬਾਜਵਿਆਂ ਦੇ ਪਿੰਡ ਵੀ । ਉਥੇ ਮੇਰੀ ਯੁਮਨ ਜੀ ਨਾਲ ਜਾਣ ਪਛਾਣ ਹੋਈ । ਵਾਰਸਸ਼ਾਹ ਉਤੇ ਕਵਿਤਾਵਾਂ ਹੋਈਆਂ ਸਨ । ਯੁਮਨ ਹੋਰਾਂ ਮੇਰੇ ਨਾਲ ਚੰਗਾ ਸਲੂਕ ਕੀਤਾ । ਸਿਆਲਕੋਟ ਮੈਂ ਬਾਵਾ ਬੁੱਧ ਸਿੰਘ ਹੋਤੀ ਮਰਦਾਨ ਵਾਲਿਆਂ ਦੀਆਂ ਸਾਰੀਆਂ ਪੁਸਤਕਾਂ ਪੜ੍ਹੀਆਂ । 'ਵਗ ਵਗ ਵੇ ਝਨਾਅ ਦਿਆ ਪਾਣੀਆਂ' ਦੀ ਤਰਜ ਉਤੇ ਮੈਂ ਇਕ ਨਜ਼ਮ ਪਾਕਿਸਤਾਨ ਬਣਨ ਬਾਅਦ ਲਿਖੀ । ''ਰਾਵੀਏ ਕਿਨਾਰੇ ਤੇਰੇ ਖ਼ੂਨ ਨਾਲ ਰੰਗੇ ਗਏ ।''

ਕਲਕੱਤੇ ਟਰੇਡ ਯੂਨੀਅਨ ਦੀ ਸਰਬਹਿੰਦ ਕਾਂਗਰਸ ਹੋਈ । ਉਥੇ ਸਿਆਲਕੋਟੋਂ ਡੈਲੀਗੇਟ ਮੈਂ ਤਿਆਰ ਹੋਇਆ । ਹੋਰ ਕੌਣ ਗਿਆ ਮੈਨੂੰ ਚੇਤਾ ਨਹੀਂ । ਪਹਿਲੋਂ ਦਿੱਲੀ ਗਿਆ । ਆਪਣੀ ਨਿੱਕੀ ਭੈਣ ਕੋਲ ਰਿਹਾ । ਉਹਨਾਂ ਮੈਨੂੰ ਚੌਦਾਂ ਰੁਪਏ ਦੀ ਕਲਕੱਤੇ ਦੀ ਟਿਕਟ ਲੈ ਦਿੱਤੀ । ਹਾਬੜਾ ਸਟੇਸ਼ਨ ਉਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਰ ਪੰਜਾਬ ਦੇ ਸਾਥੀ ਮਿਲ ਪਏ । ਮੈਂ ਕਾਮਰੇਡ ਦੱਤ ਦੇ ਗਰੁੱਪ ਨਾਲ 'ਕੱਠਾ ਹੋ ਗਿਆ । ਪਾਰਟੀ ਕੋਲ ਉਥੇ ਨਿੱਕੇ ਨਿੱਕੇ ਟਰੱਕ ਸਨ । ਉਹਨਾਂ ਉਤੇ ਨਾਹਰੇ ਮਾਰਦੇ ਜਾ ਰਹੇ ਸਨ ।

'ਵੇਵਲ ਕਾਣੋ ਗੁੰਡੋ ਹੈ ਗੁੰਡੋ ਹੈ' ਬੰਗਾਲ ਦੇ ਸਾਥੀ ਬੜੇ ਤੇਜ਼ ਤਰਾਰ ਸਨ । ਸਾਥਣਾਂ ਵੀ ਬੜੀਆਂ ਸਿਆਣੀਆਂ, ਸਾਦੀਆਂ ਅਤੇ ਸਭਿਆ । ਸਾਨੂੰ ਟੀਪੂ ਸੁਲਤਾਨ ਦੇ ਮਹਿਲ ਵਿਚ ਉਤਾਰ ਦਿੱਤਾ ਗਿਆ । ਲਾਹੌਰ ਤੋਂ ਬਹੁਤ ਸਾਥੀ ਪੜ੍ਹੇ-ਲਿਖੇ ਗਏ ਹੋਏ ਸਨ । ਲੂੰਬਾ, ਚੋਪੜਾ, ਆਨੰਦ, ਹੋਰ ਵੀ । ਜਦ ਉਹ ਗੱਲਾਂ ਕਰਦੇ ਮੈਨੂੰ ਚੰਗੇ ਲਗਦੇ । ਇਹਨਾਂ ਵਿਚ ਬਹੁਤੇ ਕਾਮਰੇਡ, ਜੋ ਹੋਟਲਾਇਮਰ ਜਿਹੜੇ ਮਜ਼ਦੂਰਾਂ ਵਿਚ ਕੰਮ ਕਰਦੇ ਸਨ । ਕਿਰਾਇਆ ਨਾ ਹੋਣ ਕਰਕੇ ਨਹੀਂ ਸਨ ਆਏ ਇਹ ਉਹਨਾਂ ਦੀ ਥਾਂ ਆਏ ਸਨ । ਦੱਤ ਦੇ ਆਖੇ ਅਸੀਂ ਮੀਟਿੰਗ ਵਿਚ ਟੋਕਦੇ ਖ਼ਾਸ ਕਰਕੇ ਮੈਂ । ਉਂਜ ਉਹ ਚੰਗੇ ਲਗਦੇ । ਕਾਮਰੇਡ ਰੰਧਾਵੇ ਦੀ ਸਾਰੀ ਚੌਧਰ ਸੀ । ਰੋਟੀ ਦੀ ਥਾਂ ਪੰਜਾਬੀਆਂ ਨੂੰ ਡਬਲ ਰੋਟੀ ਦਿੱਤੀ ਜਾਂਦੀ । ਰੋਟੀ ਬੰਗਾਲ ਦੀਆਂ ਕਾਮਰੇਡਾਂ ਖਵਾਂਦੀਆਂ ਮੈਨੂੰ ਜਿੰਨੀਆਂ ਉਹ ਚੰਗੀਆਂ ਲਗਦੀਆਂ ਇਤਨੀਆਂ ਚੰਗੀਆਂ ਪਹਿਲੋਂ ਮੈਨੂੰ ਔਰਤ ਕੁੜੀਆਂ ਕਦੇ ਨਹੀਂ ਸੀ ਲੱਗੀਆਂ । ਮੈਨੂੰ ਇਹ ਜਾਪਿਆ ਇਹ ਮੇਰੀਆਂ ਅਸਲੀ ਵੱਡੀਆਂ ਨਿੱਕੀਆਂ ਭੈਣਾਂ ਹਨ । ਪੰਜਾਬੀ ਕਾਮਰੇਡਾਂ ਵਾਂਗ ਨਮੋਸ਼ੀ ਤੇ ਸੂਕਣਾ ਬੂਕਣਾ ਨਹੀਂ ਸਨ । ਰਾਤ ਸਭਿਆਚਾਰ ਪ੍ਰੋਗਰਾਮ ਹੋਵੇ, ਮੈਂ ਵੇਖ ਕੇ ਦੰਗ ਰਹਿਣਾ । ਮੈਨੂੰ ਕਲਕੱਤਾ ਹੋਰ ਹੋਰ ਲੱਗਾ । ਮੈਂ ਇਸ ਰੁਝੇਵੇਂ ਵਿਚ ਆਪਣੇ ਸ਼ਾਲੀਮਾਰ ਨਾ ਗਿਆ ਨਾ ਮੈਨੂੰ ਚਾਚੀ ਪ੍ਰਕਾਸ਼ ਦੇ ਮਿਲਣ ਨੇ ਬਹੁਤਾ ਪ੍ਰੇਰਿਆ । ਨਾ ਆਪਣੇ ਕਿਸੇ ਹੋਰ ਰਿਸ਼ਤੇਦਾਰ ਵਲ ਗਿਆ । ਅਖ਼ੀਰ ਉਤੇ ਸਰਬਹਿੰਦ ਰੇਲਵੇ ਹੜਤਾਲ ਕਰਨ ਦਾ ਫੈਸਲਾ ਹੋਇਆ । ਮੈਂ ਦਿੱਲੀ ਪਹੁੰਚਿਆ । ਉਥੇ ਰੇਲਵੇ ਵਿਚ ਇਕ ਕਾਮਰੇਡ ਗੁਰਮੁਖ ਸਿੰਘ ਕੰਮ ਕਰਦਾ ਸੀ । ਮੇਰੇ ਭਣਵਈਏ ਪੂਰਨ ਸਿੰਘ ਦਾ ਚੰਗਾ ਮਿੱਤਰ ਸੀ । ਉਸ ਨੇ ਮੈਨੂੰ ਰਾਤ ਪਸੰਜਰ ਗੱਡੀ ਉਤੇ ਚੜ੍ਹਾ ਦਿੱਤਾ । ਉਸ ਗੱਡੀ ਦੇ ਪਹਿਲੇ ਦਰਜੇ ਵਿਚ ਫੁੱਫੜ ਸਰੈਣ ਸਿੰਘ ਵੀ ਸਫ਼ਰ ਕਰ ਰਿਹਾ ਸੀ । ਮੈਂ ਉਸ ਦੇ ਸਰਵੈਂਟ ਡੱਬੇ ਵਿਚ ਦੂਜੇ ਦਿਨ ਲਾਹੌਰ ਪਹੁੰਚਿਆ । ਉਥੋਂ ਬੱਸ ਉਤੇ ਸਿਆਲਕੋਟ । ਬੱਚਿਆਂ ਜੋਗੀਆਂ ਨਿੱਕੀਆਂ-ਨਿੱਕੀਆਂ ਚੀਜ਼ਾਂ ਆਂਦੀਆਂ ਸਨ, ਦਿੱਤੀਆਂ । ਇਕ ਜੰਮੇ ਹੋਏ ਗਰੀ ਦੇ ਤੇਲ ਦੀ ਬੋਤਲ ਲਿਆਂਦੀ ਸੀ । ਉਹ ਅੱਗ ਅੱਗੇ ਵੀ ਨਾ ਪਿਘਲੇ । ਜਦ ਤੀਲਿਆਂ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇਲ ਕੱਢਿਆ ਤਾਂ ਉਹ [illegible] ਨਹੀਂ ਕੀ [illegible] ਹੋਇਆ ਸੀ । ਅੱਗ ਉਤੇ ਰਖਿਆ, ਪਾਣੀ ਹੋ ਕੇ ਕੋਲੇ ਬੁਝਾ ਦੇਵੇ । ਬੜਾ ਦਿਲ ਖੱਟਾ ਹੋਇਆ । ਮੈਂ ਕਲਕੱਤੇ ਤੋਂ ਇਕ ਨਵਾਂ ਉਤਸ਼ਾਹ ਅਤੇ ਸੂਝ ਲੈ ਕੇ ਮੁੜਿਆ ਸਾਂ । ਕਾਮਰੇਡਾਂ ਵਿਚ ਅਤੇ ਸ਼ਾਇਰਾਂ ਵਿਚ ਗੱਲਾਂ ਮਾਰਨੀਆਂ ਵੱਧ ਗਈਆਂ ।

ਇਹਨਾਂ ਦਿਨਾਂ ਵਿਚ ਫਿਰਕੂ ਫਸਾਦਾਂ ਦੀ ਹਵਾ ਚਲ ਪਈ । ਗਰਮ ਨਹੀਂ ਸੀ ਹੋਈ । ਲੀਗ ਵਿਚ ਕਾਂਗਰਸ ਨਾਲੋ ਟੁੱਟ ਕੇ ਮੁਸਲਮਾਨ ਆ ਰਹੇ ਸਨ । ਜਿਨ੍ਹਾਂ ਬਾਰੇ ਲੀਗ ਵਾਲੇ ਖ਼ੂਬ ਰੌਲਾ ਪਾਉਂਦੇ । ਜਲਸਿਆਂ ਵਿਚ ਅਜੀਬ ਕਿਸਮ ਦੀ ਗੜਬੜ ਹੁੰਦੀ । ਜਿਹੜਾ ਇਕ ਬਹੁਤ ਪੱਕਾ ਕਾਮਰੇਡ ਮੁਸਲਮਾਨ ਸੀ ਉਸ ਦਾ ਭਰਾ ਵੀ ਪੱਕੇ ਕਿਸਮ ਦਾ ਪਾਰਟੀ ਨਾਲ ਸੀ । ਉਹਨਾਂ ਦੇ ਮੀਆਂ ਜੀ ਮੈਨੂੰ ਤੇ ਸਤਵੰਤ ਨੂੰ ਬੱਚਿਆਂ ਸਣੇ ਆਪਣੇ ਘਰ ਸੱਦ ਲੈਂਦੇ । ਰੋਟੀ ਪਾਣੀ ਖਵਾਉਂਦੇ । ਮੀਆਂ ਕਹਿੰਦਾ ਮੇਰੇ ਤਿੰਨ ਪੁੱਤਰ ਹਨ ਤਿੰਨ ਨੋਹਾਂ । ਉਹਨਾਂ ਕਾਮਰੇਡਾਂ ਦੀਆਂ ਬੀਵੀਆਂ ਮੇਰੀ ਪਤਨੀ ਨਾਲ ਬੜੀਆਂ ਗੱਲਾਂ ਕਰਦੀਆਂ ਰਹਿੰਦੀਆਂ, ਉਂਝ ਮੇਰੇ ਵਲੋਂ ਪਰਦੇ ਵਿਚ ਸਨ । ਉਹਨਾਂ ਮੇਰੀ ਪਤਨੀ ਨੂੰ ਮਾਸ ਬਣਾਉਣ ਦੀ ਇੰਝ ਜਾਚ ਦੱਸੀ । ਮਸਾਲਾ ਪੂਰਾ, ਪੂਰੀ ਤਰ੍ਹਾਂ ਘੋਟ ਲਉ । ਫਿਰ ਗੋਸ਼ਤ ਸਣੇ ਪਾਣੀ ਪਾ ਕੇ ਹਾਂਡੀ ਚੁੱਲੇ ਧਰ ਦਿਉ । ਜਦ ਪਾਣੀ ਸੁਕ ਜਾਏ ਫਿਰ ਘਿਉ ਪਾ ਦਿਉ ਅਤੇ ਭੁੰਨ ਕੇ ਗਰਮ ਪਾਣੀ ਪਾਉ । ਅਸੀਂ ਇਹ ਤਰੀਕਾ ਵਰਤਦੇ ਰਹੇ, ਮੀਟ ਕਮਾਲ ਦਾ ਬਣਦਾ ਰਿਹਾ । ਉਹ ਘਰ ਮੈਨੂੰ ਕਦੇ ਨਾ ਭੁੱਲਿਆ । ਪਾਰਟੀ ਦੇ ਸਰਕੂਲਰ ਮੁਤਾਬਕ ਅਸੀਂ ਅਮਨ ਕਮੇਟੀਆਂ ਬਣਾਉਣ ਤੁਰੇ ਰਹਿੰਦੇ । ਮੁਸਲਮਾਨ ਵਕੀਲ ਅਤੇ ਹੋਰ ਸਾਰੇ ਕਾਮਰੇਡ ਨਾਲ ਹੁੰਦੇ । ਰਾਤ ਨੂੰ ਕਿਤੇ ਅੱਗ ਲੱਗ ਜਾਂਦੀ । ਉਂਜ ਕੋਈ ਕਤਲੋ-ਗਾਰਦ ਬਿਲਕੁਲ ਨਾ ਹੁੰਦੀ । ਸਾਰੇ ਦਿਨੇ ਰਾਤ ਆਰਾਮ ਨਾਲ ਫਿਰਦੇ । ਰਾਤ ਨੂੰ ਕਿਤੇ ਅੱਗ ਲਗਦੀ । ਲੋਕ ਕੋਠਿਆਂ ਉਤੇ ਚੜ੍ਹ ਜਾਂਦੇ । ਚਾਰ ਚੁਫੇਰੇ ਨਾਹਰੇ ਲਗਦੇ । ਯਾ ਅਲੀ, ਸਤ ਸ੍ਰੀ ਅਕਾਲ, ਹਰ ਹਰ ਮਹਾਂਦੇਵ ਹੋਰ ਵੀ ਕਈ ਕਿਸਮ ਦੇ । ਮੀਆਂ ਸਾਡੇ ਘਰ ਆਇਆ — ਪੁੱਤਰ ਰਾਹੀਂ ਪਰਿਵਾਰ ਨੂੰ ਘੱਲ ਦੇ । ਏਥੇ ਅਮਨ ਉਮਨ ਨਹੀਂ ਹੋਣਾ । ਅੰਦਰ ਅੰਦਰ ਮੀਟਿੰਗਾਂ ਹੁੰਦੀਆਂ ਨੇ । ਮੈਨੂੰ ਆਪਣੀ ਇਸ ਨੋਹ ਤੇ ਪੋਤਰੇ ਪੋਤਰੀਆਂ ਦਾ ਬੜਾ ਫਿਕਰ ਹੈ ।......ਮੈਂ ਹੂ ਹਾਂ ਕਰਕੇ ਚੁੱਪ ਕਰ ਰਹਿਣਾ ਅਤੇ ਅਮਨ ਕਮੇਟੀਆਂ ਬਣਾਉਣ ਵਲ ਤੁਰੇ ਰਹਿਣਾ । ਜੋ ਹੋਇਆ ਹੈ ਇਸ ਦਾ ਸੁਪਨਾ ਬਿਲਕੁਲ ਨਹੀਂ ਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਦਿਨ ਮੈਂ [illegible] ਨੂੰ [illegible] ਕਾਮਰੇਡਾਂ ਨਾਲ ਜਦ ਘਰ ਆਇਆ ਤਾਲਾ ਲੱਗਾ ਹੋਇਆ ਸੀ। ਥੱਲੇ ਵਾਲੀ ਬਰਮਣ ਮੈਨੂੰ ਚਾਬੀ ਦਿੰਦੀ ਨੇ ਆਖਿਆ — ਚਾਬੀ ਲੈ ਲੋ ਬਾਈ ਆਪ ਕੇ ਔਰਤ ਬੱਚੇ ਮੀਆਂ ਜੀ ਗਾੜੀ ਪਰ ਬਿਠਾ ਕੇ ਘਰ ਛੋੜ ਆਇਆ ਹੈ।......ਮੀਆਂ ਜੀ ਸਾਰਿਆਂ ਨੂੰ ਨਾਰੋਵਾਲ ਤਕ ਛੱਡ ਕੇ ਮੁੜ ਆਇਆ ਸੀ ਵਾਪਸੀ ਗੱਡੀ। ਮੈਂ ਘਰ ਗਿਆ ਪਹਿਲਾਂ ਮੀਆਂ ਜੀ ਨੇ ਰੋਟੀ ਖਵਾਈ। ਫੇਰ ਕਹਿਣ ਲੱਗੇ — ਪੁੱਤਰਾ ਤੂੰ ਜਦੋਂ ਮਰਜ਼ੀ ਚਲਿਆ ਜਾਈਂ। ਏਥੇ ਤੁਹਾਡਾ ਕੀਤਾ ਕੁਝ ਨਹੀਂ ਹੋਣਾ। ਮੇਰੀ ਮਨ ਜਾ ਤੂੰ ਘਰ ਚਲਿਆ ਜਾ।......ਮੈਂ ਹਾਂ, ਹੂੰ ਕਰਕੇ ਉਥੇ ਰਿਹਾ। ਪਾਰਟੀ ਦਾ ਕੋਈ ਕੰਮ ਨਹੀਂ ਸੀ ਚਲ ਰਿਹਾ। ਮੇਰੇ ਵਾਸਤੇ ਰਹਿਣਾ ਔਖਾ ਹੋ ਗਿਆ। ਪਾਰਟੀ ਨੇ ਫ਼ੈਸਲਾ ਕੀਤਾ ਮੈਂ ਵੀ ਡੇਰੇ ਆਉਣ ਲਈ ਤਿਆਰ ਹੋ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੇ ਸ਼ਹਿਰ

ਮੈਂ ਪੈਦਲ, ਸਾਈਕਲ, ਬੱਸ ਜਾਂ ਗੱਡੀ ਉੱਤੇ 'ਕੱਲਾ ਸਫ਼ਰ ਕਰਾਂ ਤਾਂ ਮੇਰੀ ਸੋਚ ਪਿਛਲੇ ਪਾਸੇ ਚਲੀ ਜਾਂਦੀ ਹੈ ਜਾਂ ਅਗਲੇ ਪਾਸੇ ਸਿਆਸੀ ਪ੍ਰੋਗਰਾਮ ਬਣਾਉਂਦੀ ਰਹਿੰਦੀ ਹੈ। ਸਿਆਲਕੋਟ ਤੋਂ ਡੇਰੇ ਦੀ ਗੱਡੀ ਚੜ੍ਹਿਆ, ਮੇਰੀ ਸੋਚ ਲਾਹੌਰ ਜਾ ਪਈ। ਜੀਏ ਬੱਗੇ ਚਲੀ ਗਈ ਜਿਥੇ ਆਲ ਇੰਡੀਆ ਕਿਸਾਨ ਕਾਨਫ਼ਰੰਸ ਹੋਈ ਸੀ। ਸਾਡਾ ਸਾਰਾ ਕਲੱਬ ਲਾਹੌਰੋਂ ਕਰਾਚੀ ਵਾਲੀ ਗੱਡੀ ਚੜ੍ਹ ਕੇ ਉਥੇ ਜਾ ਉਤਰਿਆ ਸੀ। ਬਹੁਤ ਵੱਡਾ ਪੰਡਾਲ ਲੱਗਾ ਹੋਇਆ ਵਧੀਆ ਸਟੇਜ ਬਣਿਆ ਹੋਇਆ। ਤੰਬੂ ਲੱਗੇ ਹੋਏ। ਇਕ ਤੰਬੂ ਵਿਚ ਅਸੀਂ, ਚਾਰ ਚੁਫੇਰੇ ਖੁਲ੍ਹਾ ਮੈਦਾਨ। ਕਈ ਦੁਕਾਨਾਂ ਲੱਗੀਆਂ ਹੋਈਆਂ, ਲੰਗਰ ਵੀ ਕਿਸਾਨ ਸਭਾ ਦਾ। ਅਸੀਂ ਡਰਾਮੇ ਦੀ ਤਿਆਰੀ ਕਰਕੇ ਨਹੀਂ ਸਾਂ ਗਏ। ਉਥੇ ਇਕ ਮੇਲਾ ਲੱਗਾ ਹੋਇਆ ਸੀ। ਅਲੈਕਸ਼ਨ ਦੀਆਂ ਤਿਆਰੀਆਂ। ਲਾਹੌਰ ਤੋਂ ਕਾਲਜਾਂ ਦੇ ਕੁੜੀਆਂ ਮੁੰਡੇ ਬੜੇ ਆਏ ਹੋਏ ਸਨ। ਆਪੋ ਵਿਚ ਘੁਲ ਮਿਲ ਕੇ ਰਹਿਣ ਦੀ ਤੁਰਨ ਫਿਰਨ ਦੀ ਨਮੈਸ਼ ਕਰਦੇ। ਰਾਤ ਸਾਰੀ ਸਭਿਆਚਾਰ ਪ੍ਰੋਗਰਾਮ ਹੁੰਦੇ ਰਹੇ। ਮੈਂ ਤੇ ਸਰਦਾਰ ਮੁਹੰਮਦ ਆਤਸ਼ ਨੇ ਸਿਰਫ਼ ਨਜ਼ਮਾਂ ਬੋਲੀਆਂ। ਸ਼ੀਲਾ ਭਾਟੀਆ ਦੀ ਜੈ ਜੈ ਕਾਰ ਸੀ। ਉਦੋਂ ਮੈਨੂੰ ਜਾਪਿਆ ਸੀ ਸਟੇਜ ਉਤੇ ਪਰੀਆਂ ਅਪਰੇਟੇ ਕਰ ਰਹੀਆਂ ਹਨ। ਇਲਾਕਾ ਹੁਮ ਹੁਮਾ ਕੇ ਪਹੁੰਚਦਾ ਸੀ। ਪੈਰਨ ਕਿ ਲਿੱਟੋ ਇਹਨਾਂ 'ਚੋਂ ਇਕ ਨੇ ਰਾਤ ਨੂੰ ਤੇ ਦਿਨ ਵੀ ਵਾਰਸਸ਼ਾਹ ਦੀ ਹੀਰ ਲੈਅ ਵਿਚ ਸੁਣਾਈ। ਹਾਜ਼ਰੀ ਇਤਨੀ ਚੁੱਪ ਹੁੰਦੀ ਗਈ ਸੂਈ ਡਿਗਿਆਂ ਵੀ ਖੜਾਕ ਹੁੰਦਾ। ਇਹ ਤੇ ਹੋਰ ਤਿੰਨ ਚਾਰ ਕੁੜੀਆਂ ਸਹੁਣੀਆਂ ਅਤੇ ਅਦਾਵਾਂ ਭਰੀਆਂ ਸਨ। ਦਿਨੇ ਜਿਧਰ ਨੂੰ ਇਹ ਮੁੰਡੇ ਕੁੜੀਆਂ ਜਾਂਦੇ ਲੋਕਾਂ ਦਾ ਇਕ ਜਮ ਗੱਠਾ ਇਹਨਾਂ ਦੇ ਚਾਰ ਚੁਫੇਰੇ 'ਕੱਠਾ ਹੋ ਜਾਂਦਾ। ਇਹ ਸਾਰੇ ਪਾੜ੍ਹੂ ਪਾੜ੍ਹਨੀਆਂ ਬੇ-ਗ਼ਮ, ਬੇ-ਪ੍ਰਵਾਹ ਘੁੰਮਦੇ ਫਿਰਦੇ। ਇਸ ਕਿਸਮ ਦਾ ਇਕੱਠ ਅਸਾਂ ਪਹਿਲੀ ਵਾਰ ਵੇਖਿਆ ਸੀ, ਮੇਰੇ ਅੰਦਰ ਜਿਹੜਾ ਸ਼ਾਇਰ ਅਤੇ ਡਰਾਮਾ ਨਵੀਸ ਤੇ ਐਕਟਰ ਬਣਨ ਦਾ ਕੁਝ ਕੁ ਨਿੰਮਾ ਨਿੰਮਾ

CC-0. In Public Domain. Gurukul Kangri Collection, Haridwar

ਹੰਕਾਰ ਸੀ ਸਾਰਾ ਸਾਫ਼ ਹੋ ਗਿਆ । ਉਹ ਕੁੜੀਆਂ ਮੁੰਡੇ ਮੇਰੇ ਵੱਲ ਅੱਖ ਭਵਾ ਕੇ ਵੀ ਨਹੀਂ ਸਨ ਵੇਖਦੇ ।

Digitized by Arya Samaj Foundation Chennai and eGangotri

ਉਹ ਅਜਲਾਸ ਮੁੱਕਣ ਤੇ ਅਸੀਂ ਅੱਗੜ ਪਿਛੜ ਡੇਰੇ ਬਾਬੇ ਨਾਨਕ ਆਏ । ਜਿਉਂ ਜਿਉਂ ਸਟੇਸ਼ਨ ਤੇ ਉਤਰਦੇ ਪੁਲਸ ਗ੍ਰਿਫ਼ਤਾਰ ਕਰੀ ਜਾਂਦੀ । ਸਾਡੇ ਡਰਾਮਾ ਸਕਵੈਡ ਨੂੰ ਪਰਮਟ ਬੋਲਣ ਵਾਲੇ ਤਕ ਨੂੰ ਵੀ ਗੁਰਦਾਸਪੁਰ ਜੇਲ੍ਹ ਵਿਚ ਸੁੱਟ ਦਿੱਤਾ । ਤਿੰਨ ਮਹੀਨੇ ਜਮਾਨਤ ਨਾ ਹੋਈ । ਬੜੀ ਮੁਸ਼ਕਲ ਕਾ: ਚੰਨਣ ਸਿੰਘ ਦੁਗਲ ਵਾਲੇ ਨੇ ਸਾਡੀਆਂ ਜਮਾਨਤਾਂ ਕਰਾਈਆਂ ਜੇਲ੍ਹ ਵਿਚ ਉਦੋਂ ਵੀ ਹਿੰਦੂ, ਸਿੱਖ, ਮੁਸਲਮਾਨ ਖਿਚਾਅ ਸੀ । ਨਮਾਜ਼ਾਂ ਅਤੇ ਪਾਠਾਂ ਤੇ ਜ਼ੋਰ ਸੀ । ਜੇਲ੍ਹਰ ਨੇ ਮੈਨੂੰ ਤੇ ਆਤਸ਼ ਨੂੰ ਬਾਰਕਾਂ ਵਿਚ ਖੜਨਾ, ਅਸਾਂ ਏਕਤਾ ਉਤੇ ਲੈਕਚਰ ਕਰਨੇ ।

ਤਿੰਨ ਚਾਰ ਤਰੀਕਾਂ ਭੁਗਤ ਕੇ ਹੱਟ ਗਏ । ਅਸਾਂ ਡੇਰੇ ਤੋਂ ਸਾਈਕਲ ਤੇ ਜਾਣਾ ਆਤਸ਼ ਨੇ ਸ਼ਕਰਗੜ੍ਹ ਤੋਂ ਸਾਈਕਲ ਤੇ ਜਾਣਾ ਹੋਰ ਦੋ ਤਿੰਨ ਸਾਥੀ ਆਪਣੀਆਂ ਥਾਵਾਂ ਤੋਂ ਆਉਣਾ । ਮੈਂ ਤੇ ਆਤਸ਼ ਨੇ ਕਾ: ਸੋਢੀ ਤੇ ਰਿਸ਼ਤੇ ਵਿਚੋਂ ਪੋਸਟ ਮਾਸਟਰ ਕਪੂਰ ਸਾਹਿਬ ਦੇ ਘਰ ਰਹਿਣਾ । ਉਸ ਦੀ ਪਤਨੀ ਡਿਗਰੀ ਤੋਂ ਬਿਨਾਂ ਡਾਕਟਰ ਸੀ । ਇਕ ਪੈਰ ਵਿਚ ਮਾੜੀ ਜਿਹੀ ਮਰੋੜ ਸੀ । ਮਲੂਮ ਨਹੀਂ ਸੀ ਹੁੰਦੀ । ਸੋਢੀ ਦੀ ਉਹ ਭਰਜਾਈ ਸੀ, ਪ੍ਰੇਮਿਕਾ ਸੀ, ਲਾਡ ਵਿਚ ਮਾਂ ਵੀ ਕਹਿ ਦਿੰਦਾ । ਉਹਨਾਂ ਦੀਆਂ ਤਿੰਨ ਲੜਕੀਆਂ ਤੇ ਇਕ ਲੜਕਾ ਸੀ । ਕਿਰਪਾਲ ਮੇਰੀ ਧੀ ਬਣੀ ਹੋਈ ਸੀ । ਮੇਰੀ ਅਮਰਜੀਤ ਭਰਜਾਈ ਸੀ । ਮੈਂ ਉਸ ਦਾ ਦਿਉਰ ਦੋਵੇਂ ਸੱਚੇ ਸੁੱਚੇ ਦੁੱਖ ਸੁੱਖ ਦੇ ਹਾਮੀ । ਦਿਲੀ ਭੇਦਾਂ ਦੇ ਸਾਂਝੀ । ਉਹ ਜੋੜਾ ਮਰਨ ਤਕ ਭਰਾ ਭਰਜਾਈ ਰਹੇ । ਉਹ ਭਰਾ ਭਰਜਾਈ ਜਿਹਨਾਂ ਨੂੰ ਯਾਦ ਕਰਕੇ ਰੋ ਲੈਂਦਾ ਹਾਂ । ਲੜਕਾ ਦਿੱਲੀ ਵਿਚ ਸ਼ਾਨਦਾਰ ਕੋਠੀ ਵਿਚ ਹੈ । ਕੁਦਰਤੀ ਕਿਤੇ ਮਿਲ ਪੈਣ ਤਾਂ ਚਾਚਾ ਜੀ ਕਹਿ ਕੇ ਗੱਲਾਂ ਕਰਕੇ ਮੈਨੂੰ ਹਵਾ ਦਿੰਦੇ ਹਨ ।

ਸਾਡੇ ਕਲੱਬ ਵਿਚ ਜਨਾਨਾ ਪਾਰਟ ਇਕ ਦਸਵੀਂ ਪੜ੍ਹਦਾ ਗੱਭਰੂ ਪੰਡਤ ਪਰਮਾਨੰਦ ਕਰਦਾ ਸੀ । ਬੜਾ ਸਾਊ ਮੁੰਡਾ । ਸੂਝ ਵਾਲਾ । ਮੇਰੀ ਲੜਕੀ ਸੁਖਬੀਰ ਦੀ ਮਾਂ ਬਣਦਾ । ਉਹ ਡੇਰੇ ਆਪਣੇ ਪੰਡਤ ਹੰਸਰਾਜ ਮਾਮਾ ਜੀ ਕੋਲ ਪੜ੍ਹਦਾ ਸੀ । ਪਿਤਾ ਗੁਜ਼ਰ ਗਿਆ ਸੀ । ਸਕੂਲ ਉਸ ਦੇ ਵਰੰਟ ਆਏ । ਲਾਇਕ ਬਹੁਤ ਸੀ । ਹੈੱਡ ਮਾਸਟਰ ਨੇ ਉਤੇ ਅਫ਼ਸਰਾਂ ਨਾਲ ਗੱਲ ਕੀਤੀ । ਉਹਨਾਂ ਕਿਹਾ ਮਾਫ਼ੀਨਾਮਾ ਲਿਖ ਦਏ । ਪਰਮਾਨੰਦ ਮੰਨੇ ਨਾ । ਮੈਨੂੰ ਉਹਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਾਤਾ ਤੇ ਮਾਮੇ ਨੂੰ ਸੱਦਿਆ ਮੁੜਾ ਨਾ ਮੰਨੇ। ਅਸੀਂ ਉਸ ਦੀ ਜ਼ਿੰਦਗੀ ਵੱਲ ਸੋਚਦੇ ਹੋਏ ਸਾਰਿਆਂ ਲਿਖ ਦਿੱਤਾ ਕਿ ਉਹ ਪਾਰਟੀ ਵਿਚ ਕੰਮ ਨਹੀਂ ਕਰੇਗਾ। ਪਰਮਾਨੰਦ ਅੜਿਆ ਰਿਹਾ।

ਉਹ ਪਰਮਾਨੰਦ ਪਾਕਿਸਤਾਨ ਤੋਂ ਬਾਅਦ ਦਿੱਲੀ ਇਕ ਪ੍ਰਾਈਵੇਟ ਦੁਕਾਨ ਤੇ ਕਲਰਕੀ ਦਾ ਕੰਮ ਕਰਦਾ ਰਿਹਾ। ਮੈਂ ਮਫਰੂਰ ਉਸ ਕੋਲ ਜਾਂਦਾ। ਪਾਰਟੀ ਦਾ ਅੰਡਰ ਗਰਾਊਂਡ ਪਰਚਾ ਉਹ ਦਿੱਲੀ ਤੋਂ ਸੈਕਲੋਸਟਾਇਲ ਕਰਦਾ, ਉਥੇ ਉਹ ਸਿਪਾਹੀ ਭਰਤੀ ਹੋ ਗਿਆ। ਅੰਬਾਲੇ ਵੱਲ ਲੱਗਾ ਪੁਲਿਸ ਇੰਸਪੈਕਟਰ ਬਣ ਗਿਆ। ਚੰਡੀਗੜ੍ਹ ਰਿਹਾ। ਉਥੋਂ ਰਿਟਾਇਰ ਹੋਇਆ। ਉਸ ਦਾ ਵਿਆਹ ਵੀ ਮਾਮੇ ਨੇ ਹੀ ਕੀਤਾ ਸੀ।

ਮੇਰਾ ਖ਼ਿਆਲ ਲਾਹੌਰ ਮੁੜਿਆ। ਕਈਆਂ ਕਵੀ ਦਰਬਾਰਾਂ ਉਤੇ ਜਿਹੜੇ ਸਿਆਸੀ ਤੇ ਗ਼ੈਰ ਸਿਆਸੀ ਹੁੰਦੇ ਉਹਨਾਂ ਉਤੇ ਗੁਰਮੁਖ ਸਿੰਘ ਮੁਸਾਫ਼ਰ ਅਤੇ ਉਹਨਾਂ ਦੇ ਸ਼ਾਗਿਰਦ ਪ੍ਰੇਮ ਸਿੰਘ ਵੀ ਹੁੰਦੇ। ਮੁਸਾਫ਼ਰ ਜੀ ਦੀ ਬਚਪਨ ਦੀ ਕਵਿਤਾ ਲੋਕੀਂ ਜ਼ਰੂਰ ਸੁਣਦੇ। ਮੇਰਾ ਮਜ਼ਦੂਰ ਦਾ ਸਾਈਕਲ ਵੀ। ਪਰਦੇਸੀ ਜੀ ਤੇ ਮੁਸਾਫ਼ਰ ਹੋਰਾਂ ਦਾ ਮਖੌਲ ਵੀ ਖੁੱਲਾ ਸੀ, ਇਹੋ ਜਿਹੇ ਸਾਰੇ ਥਾਂ ਮੇਰੇ ਮਦਰੱਸੇ, ਸਕੂਲ ਤੇ ਕਾਲਜ ਸਨ। ਅਚੇਤ ਸੁਚੇਤ ਸਿਖਦਾ ਰਹਿੰਦਾ ਸਾਂ। ਹੁਣ ਤੱਕ ਇਹੋ ਆਦਤ ਹੈ।

ਡੇਰੇ ਬਾਬੇ ਨਾਨਕ ਪਹੁੰਚ ਗਿਆ। ਘਰ ਜਾਂਦੇ ਬੱਚਿਆਂ ਨਾਲ ਪਿਆਰ ਕੀਤਾ। ਸੌਹਰੇ ਗਿਆ। ਹੋਰਨੀਂ ਥਾਈਂ ਗਿਆ। ਜ਼ਿਲ੍ਹਾ ਪਾਰਟੀ ਕੋਲ ਗਿਆ। ਸ਼ਹਿਰ ਦਾ ਵਾਤਾਵਰਣ ਬਦਲਿਆ ਪਿਆ ਸੀ। ਤਾਜੀਏ ਨਿਕਲੇ, ਦਰਬਾਰ ਅੱਗੇ ਅੜ ਗਏ। ਪਿਪਲ ਦਾ ਟਾਣਾ ਵੱਡੋ ਤਾਜੀਏ ਨੀਵੇ ਨਹੀਂ ਕਰਨੇ। ਅਕਾਲੀ ਕਹਿਣ ਨਹੀਂ ਵੱਢਣਾ ਹਮੇਸ਼ਾ ਵਾਂਗ ਨਵਾਂ ਕੇ ਲੰਘ ਜਾਉ। ਲੀਗ ਦੇ ਜਲਸੇ ਹੁੰਦੇ। ਕਹਿੰਦੇ — ਪਾਕਿਸਤਾਨ ਮੰਨ ਜਾਉ। ਲੋਕ ਜੇ ਉਧਰ ਹਿੰਦੂ ਹੋਣਗੇ ਏਧਰ ਵੀ ਮੁਸਲਮਾਨ ਹੋਣਗੇ। ਉਧਰ ਗੜਬੜ ਹੋਵੇਗੀ ਏਧਰ ਵੀ ਕਰ ਲਉ।......ਮੈਂ ਪ੍ਰੇਸ਼ਾਨ ਸਾਂ ਇਹ ਕੀ ਹੋ ਰਿਹਾ ਹੈ? ਪਾਰਟੀ ਮੈਂਬਰ ਦਸ ਬਾਰਾਂ ਸ਼ਹਿਰ ਦੇ ਸਨ। ਤਿੰਨ ਚਾਰ ਮੁਸਲਮਾਨ। ਕੋਈ ਪੇਸ਼ ਨਹੀਂ ਸੀ ਜਾਂਦੀ। ਦਿਨ-ਬ-ਦਿਨ ਅੱਖਾਂ ਗਹਿਰੀਆਂ ਹੁੰਦੀਆਂ ਗਈਆਂ। ਬਾਹਰਲੀ ਮਸੀਤ ਵਿਚ ਮੁਸਲਮਾਨ ਪਾਕਿਸਤਾਨ ਜ਼ਿੰਦਾਬਾਦ ਕਹਿਣ। ਗੁਰਦਵਾਰੇ ਤੇ ਦੀਵਾਨ ਵਾਲੀ ਥਾਂ ਉਤੇ ਪਾਕਿਸਤਾਨ ਮੁਰਦਾਬਾਦ। ਕਿਸੇ ਕਿਸੇ ਘਰ ਅੱਗ ਵੀ ਲੱਗ ਜਾਣੀ। ਸ਼ਹਿਰ ਦੇ ਹਿੰਦੂ ਮੁੰਡੇ ਆਰ.ਐੱਸ.ਐੱਸ.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੀਆਂ ਸ਼ਾਖਾ ਵਿਚ ਗਰਮ ਹੋ ਰਹੇ ਸਨ। ਪਿੰਡਾਂ ਵਿਚ ਅਕਾਲੀਆਂ ਦਾ ਬੋਲਬਾਲਾ ਸੀ। ਪਾਰਟੀ ਵਾਲੇ ਅਸੀਂ ਗੇਂਦ ਵਾਂਗ ਠੁੱਡੇ ਖਾਂਦੇ ਫਿਰਦੇ। ਜੋ ਲਾਈਨ ਸੈਂਟਰ ਪਾਰਟੀ ਦੀ ਆਉਂਦੀ ਉਹ ਲਾਗੂ ਨਾ ਹੁੰਦੀ ਨਾ ਸਾਥੋਂ ਲਾਗੂ ਕੀਤੀ ਜਾਂਦੀ। ਆਤਸ਼ ਪੱਕਾ ਸ਼ਕਰਗੜ੍ਹ ਜਾ ਚੁੱਕਾ ਸੀ।

ਜਦ ਐਲਾਨ ਹੋਣ ਲੱਗਾ ਕਦੇ ਗੁਰਦਾਸਪੁਰ ਵਿਚ ਰੌਲਾ ਪੈਂਦਾ ਕਦੇ ਪਾਕਿਸਤਾਨ ਜਾਣ ਦਾ। ਭੁਲੇਖਿਆਂ ਵਿਚ ਕਦੇ ਹਿੰਦੂਆਂ ਸਿੱਖਾਂ ਦੇ ਰੰਗ ਬਦਲਦੇ। ਕਦੇ ਮੁਸਲਮਾਨਾਂ ਦੇ ਰੰਗ ਫਿਰ ਜਾਂਦੇ। ਅਸੀਂ ਪਾਰਟੀ ਵਾਲੇ ਜਾ ਜਾ ਕੇ ਮੁਸਲਮਾਨਾਂ ਨੂੰ ਹੌਂਸਲਾ ਦਿੰਦੇ। ਵੱਡੇ ਚਾਚਾ ਜੀ ਡੇਰੇ ਆ ਚੁਕੇ ਸਨ। ਕਲਕੱਤੇ ਪੰਜਾਂ ਛਿਆਂ ਅਫ਼ਸਰਾਂ ਉਤੇ ਕੋਈ ਕੇਸ ਮਾਲ ਟੁੱਕ ਵੱਡ ਕੇ ਖਾਣ ਦਾ ਸੀ। ਦੋ ਅੰਗਰੇਜ਼ ਵੀ ਨਾਲ ਸਨ। ਸੋਨਾ ਮਹਿੰਗਾ ਹੋ ਗਿਆ, ਅੱਸੀ ਰੁਪਏ ਤੋਲਾ। ਵੱਡੇ ਚਾਚਾ ਜੀ ਨੇ ਕੁਝ ਰੁਪਿਆ ਪਾਇਆ। ਮੇਰਾ ਇਕ ਮਿੱਤਰ ਸੀ ਰਜਿੰਦਰ ਸਿੰਘ ਕਿਲੇ ਵਾਲਾ ਬੇਦੀ। ਉਨ੍ਹਾਂ ਨੂੰ ਚਾਚਾ ਜੀ ਕਹਿੰਦਾ। ਉਹਨਾਂ ਇਕ ਸੌ ਰੁਪਿਆ ਪਾਇਆ। ਸਤਵੰਤ ਨੇ ਗਹਿਣੇ ਵੇਚ ਦਿੱਤੇ। ਭੂਆ ਦਾ ਪੈਸਾ ਤਾਰ ਕੇ ਘਰ ਮੇਰੀ ਪਤਨੀ ਸਤਤਵੰਤ ਕੌਰ ਦੇ ਨਾਂ ਲਿਖਾ ਦਿੱਤਾ। ਭਾਬੀ ਨਾਰਾਜ ਸੀ। ਪਤਾ ਨਹੀਂ ਕਿਉਂ ? ਸਿਆਲਕੋਟੋਂ ਆ ਕੇ ਮੈਂ ਚਾਚਾ ਭਗਵਾਨ ਸਿੰਘ ਜੀ ਨਾਲ ਸਲਾਹ ਕਰਕੇ ਲਾਹੌਰ ਗਿਆ। ਉਥੋਂ ਆਪਣੇ ਭਣਵਈਏ ਜਗਤ ਸਿੰਘ ਹੋਰਾਂ ਦਾ ਖ਼ਾਸ ਸਮਾਨ ਪੰਜ ਸੱਤ ਵੱਡੇ ਟਰੰਕ ਲੈ ਕੇ ਆਇਆ। ਸਾਡੇ ਸ਼ਹਿਰ ਵਿਚ ਜਿਹੜੇ ਪਹਿਲਾਂ ਫਸਾਦ ਫਰੰਟੀਅਰ ਵਿਚ ਹੋਏ ਸਨ ਉਸ ਵਕਤ ਕੁਝ ਟੱਬਰ ਆਏ ਹੋਏ ਸਨ। ਇਕ ਪਿਸ਼ੌਰੀਆਂ ਰੋੜਿਆਂ ਦਾ ਪਰਿਵਾਰ। ਇਕ ਡੇਰਾ ਗਾਜ਼ੀ ਖਾਂ ਦਾ ਪਰਿਵਾਰ ਸਾਡੇ ਗਵਾਂਢ ਚਾਚੇ ਅਮਰ ਸਿੰਘ ਦੇ ਵੱਡੇ ਮਕਾਨ ਦੇ ਥੱਲੇ ਰਹਿੰਦਾ ਸੀ। ਇਕ ਵੱਡਾ ਭਰਾ, ਬੱਚੇ ਸਨ ਨਿੱਕੀ ਭਰਜਾਈ। ਨਿੱਕਾ ਭਰਾ ਉਥੇ ਦੁਕਾਨ ਤੇ ਰਹਿ ਪਿਆ ਸੀ। ਉਸ ਦਾ ਬੱਚਾ ਕੋਈ ਨਹੀਂ ਸੀ। ਉਹ ਘਰ ਦੇ ਸਾਰੇ ਕੰਮ ਅੰਦਰ ਬਾਹਰ ਬਹੁਤ ਕਰਦੀ। ਚੰਗੀ ਜਵਾਨ ਮੂੰਹ ਚਿੱਤ ਲਗਦੀ। ਬੇ-ਪ੍ਰਵਾਹ ਔਰਤ, ਨਾ ਗਹਿਲੋ। ਮੈਂ ਵੀ ਉਸ ਨਾਲ ਕਦੇ ਖ਼ੁਸ਼ ਹੋ ਲੈਂਦਾ। ਬੰਨੂ ਘੁਹਾਟ ਤੋਂ ਇਕ ਸੋਢੀ ਚਹੁੰ ਪੰਜਾਂ ਭਰਾਵਾਂ ਦਾ ਪਰਿਵਾਰ ਆਇਆ ਹੋਇਆ ਸੀ। ਡੇਰੇ ਬਾਬੇ ਨਾਨਕ ਉਹਨਾਂ ਦੇ ਨਾਨਕੇ ਸਨ। ਇਹਨਾਂ ਵਿਚ ਪੂਰਾ ਚਲਦਾ ਪੁਰਜਾ ਆਪਾ ਸੋਚਣ ਵਾਲਾ ਸਭ ਤੋਂ ਵੱਡਾ ਸੋਢੀ ਹਰਚਰਨ ਸਿੰਘ। ਉਸ ਤੋਂ ਨਿੱਕਾ ਸੋਢੀ ਹਰਬੰਸ ਸਿੰਘ। ਇਹ ਹਰਬੰਸ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਇਸ ਦੇ ਨਾਲ ਸਾਡੇ ਇਲਾਕੇ ਦਾ ਇਕ ਕਾਮਰੇਡ ਦੀਵਾਨ ਸਿੰਘ ਇਹ ਦੋਏਂ ਲਾਹੌਰ ਜੱਲੋ ਸਟੇਸ਼ਨ ਉਤੇ ਬਾਟਾ ਕੰਪਨੀ ਦੇ ਕਾਰਖ਼ਾਨੇ ਵਿਚ ਮਜ਼ਦੂਰ ਲੀਡਰ ਹੁੰਦੇ ਸਨ। ਦੀਵਾਨ ਸਿੰਘ ਤੇ ਸੋਢੀ ਹਰਬੰਸ ਸਿੰਘ ਸਾਡੇ ਨਾਲ ਪਾਰਟੀ ਵਿਚ ਕੰਮ ਕਰਦੇ ਸਨ।

ਅਸਾਂ ਸਾਰਿਆਂ ਮਿਲ ਕੇ ਤੀਹ ਕਾਮਰੇਡ ਅਤੇ ਵਲੰਟੀਅਰਾਂ ਸਣੇ ਤਿਆਰ ਕਰ ਲਏ। ਜਿਹੜੇ ਮੀਟਿੰਗਾਂ ਕਰਦੇ ਅਤੇ ਇਸ ਸਮੇਂ ਮਿਲ ਕੇ ਕੰਮ ਕਰਦੇ।

ਪਾਕਿਸਤਾਨ ਦਾ ਐਲਾਨ ਹੋ ਗਿਆ। ਤਸੀਲ ਸ਼ਕਰਗੜ੍ਹ ਛੱਡ ਕੇ ਬਾਕੀ ਗੁਰਦਾਸਪੁਰ ਜਿਲ੍ਹੇ ਦੀਆਂ ਤਿੰਨੇ ਤਸੀਲਾਂ ਹਿੰਦੁਸਤਾਨ ਨਾਲ ਰਹਿ ਗਈਆਂ। ਡੇਰੇ ਬਾਬੇ ਨਾਨਕ ਦਾ ਪੁੱਲ ਰਾਵੀ ਮਸ਼ਹੂਰ ਹੈ। ਇਕ ਪੁੱਲ ਥੱਲੇ, ਗੱਡੀ ਸੜਕ ਉਤੇ। ਕਾਫਲੇ ਇਸ ਉਤੋਂ ਆਉਂਦੇ ਜਾਂਦੇ ਸਨ। ਸਾਡੇ ਸ਼ਹਿਰ ਦੇ ਵੱਡਿਆਂ-ਵੱਡਿਆਂ ਲੋਕਾਂ ਦੇ ਘਰ ਵੱਡਿਆਂ ਵੱਡਿਆਂ ਮੁਸਲਮਾਨਾਂ ਨੇ ਆਪਣਾ ਸਮਾਨ ਰਖਿਆ। ਸ਼ਹਿਰ ਦਿਆਂ ਵੱਡਿਆਂ ਨੇ ਉਹਨਾਂ ਨੂੰ ਕਾਫਲਿਆ ਨਾਲ ਪੁਲੋਂ ਪਾਰ ਪੁਚਾ ਦਿੱਤਾ। ਪੁੱਲ ਦਾ ਪਰਲਾ ਪਾਸਾ ਪਾਕਿਸਤਾਨ ਹੋ ਗਿਆ ਅਤੇ ਉਰਲਾ ਪਾਸਾ ਹਿੰਦੁਸਤਾਨ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਵਾਲਾ ਅਸਥਾਨ ਪਾਕਿਸਤਾਨ ਵਿਚ ਚਲਿਆ ਗਿਆ। ਪਾਰ ਰਾਵੀ ਦੇ ਕੰਢੇ ਕਰਤਾਰਪੁਰ।

ਸਾਥੋਂ ਜਿੰਨਾਂ ਜ਼ੋਰ ਲੱਗਾ ਅਸਾਂ ਮੁਸਲਮਾਨ ਸਾਥੀ ਕੱਢ ਕੇ ਨਾਲ ਹੋ ਕੇ ਪੁਲੋਂ ਪਾਰ ਲੰਘਾਏ। ਜਿਵੇਂ ਜਿਵੇਂ ਕਾਫਲੇ ਲੰਘਦੇ ਉਸ ਪਾਸਿਉਂ ਸ਼ਰਨਾਰਥੀ ਵੀ ਆਉਂਦੇ। ਵੱਢ ਟੁੱਕ ਵੱਧ ਜਾਂਦੀ। ਸਾਡੇ ਸ਼ਹਿਰ ਬਹੁਤ ਹੀ ਘੱਟ ਖ਼ੂਨ ਖ਼ਰਾਬਾ ਹੋਇਆ। ਸਾਡੇ ਸਾਰੇ ਵਲੰਟੀਅਰ ਖ਼ੂਬ ਕੰਮ ਕਰਦੇ। ਸਾਡੇ ਸ਼ਹਿਰ ਸੋਈਮ ਸੰਘ ਸਕੀਮਾਂ ਬਣਾਉਣ ਲੱਗਾ। ਅਸਾਂ ਵੀ ਸਕੀਮ ਬਣਾਈ। ਗਲੀਆਂ ਵਿਚ ਸ਼ਹਿਰੀਆਂ ਨੇ ਪਹਿਰੇ ਲਾਏ ਹੋਏ ਸਨ। ਇਕ ਰਾਤ ਅਸਾਂ ਸਾਰਿਆਂ ਆਪਣੀਆਂ ਆਪਣੀਆਂ ਗਲੀਆਂ ਵਿਚ ਆਪਣੇ ਪਹਿਰੇ ਲਾ ਲਏ। ਵਾਰੀ ਪਹਿਲੇ ਮੈਂ ਲੈ ਲਈ। ਸਾਡੀ ਗਲੀ ਵਾਲੇ ਵੀ ਚਾਚੇ ਜਾਨ ਮੁਹੰਮਦ ਦੇ ਘਰ ਨੂੰ ਲੁੱਟਣਾ ਚਾਹੁੰਦੇ ਸਨ। ਬਾਬਾ ਪਾਲਾ ਸਿੰਘ ਵੀ ਕਲਕੱਤਿਉਂ ਆਏ ਹੋਏ ਸਨ। ਉਹਨਾਂ ਦੀ ਦੋਨਾਲੀ ਬੰਦੂਕ ਵੀ ਸਾਥੋਂ ਚੋਰੀ ਚੋਰੀ ਇਕ ਜਣੇ ਨੇ ਮੰਗੀ। ਉਸ ਰਾਤ ਮੈਂ ਪਹਿਰਾ ਲਗਵਾ ਲਿਆ। ਅੱਧੀ ਰਾਤ ਨੂੰ ਜਾਗਦੇ ਰਹੁ ਕਹਿੰਦਾ ਕਹਿੰਦਾ ਚੁੱਪ ਚਾਪ ਜਾ ਕੇ ਚਾਚੇ ਜਾਨ ਮੁਹੰਮਦ ਦਾ ਬੂਹਾ ਖੜਕਾਇਆ। ਵੱਡੇ ਮੁੰਡੇ ਦਾ ਵਿਆਹ ਤਾਜ਼ਾ ਹੋਇਆ ਸੀ। ਉਹ ਬੋਲਣ ਨਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੈਂ ਹੌਲੀ ਨਾਲ ਕਿਹਾ — ਚਾਚਾ ਮੈਂ ਹਾਂ, ਰਾਹੀ, ਰਾਹੀ। ਉਹਨਾਂ ਨੇ ਚੁੱਪ ਕਰਕੇ ਬੂਹਾ ਖੋਲ੍ਹ ਦਿੱਤਾ। ਮੈਂ ਆਖਿਆ — ਚਾਚਾ ਮੈਂ ਪਹਿਰਾ ਦੇ ਰਿਹਾ ਹਾਂ ਚੁੱਪ ਕਰਕੇ ਹੌਲੀ ਹੌਲੀ ਕੋਠੇ ਥਾਣੀਂ ਖ਼ਾਸ ਮਾਲ ਲੈ ਕੇ ਨਿਕਲ ਜਾਉ। ਦੂਜੇ ਪਾਸੇ ਰਾਈਆਂ ਦੇ ਘਰ ਹਨ। ਬਾਹਰੋਂ ਸਿੱਧੇ ਰਾਵੀ ਲੰਘ ਜਾਇਉ, ਛੇਤੀ ਕਰ ਲਉ।

ਮੈਂ ਉੱਚੀ ਉੱਚੀ ਪਹਿਰਾ ਦਿੰਦਾ ਰਿਹਾ ਉਹ ਸਹੀ ਸਲਾਮਤ ਨਿਕਲ ਗਏ। ਪੂਰੇ ਦੇ ਪੂਰੇ ਜੀਅ ਬਚ ਗਏ। ਮੈਂ ਯੋਲ ਕੈਂਪ ਕੈਦ ਸਾਂ ਉਥੇ ਚਾਚੇ ਜਾਨ ਮੁਹੰਮਦ ਦਾ ਮੈਨੂੰ ਖ਼ਤ ਆਇਆ ਸੀ। ਮੈਂ ਪੜ੍ਹ ਪੜ੍ਹ ਕੇ ਬੜਾ ਰੋਇਆ ਸਾਂ। ਦਿਨੇ ਗਲੀ ਦੇ ਲੋਕਾਂ ਸਾਰਾ ਉਸ ਦਾ ਘਰ ਲੁੱਟ ਲਿਆ। ਗਲੀ ਵਿਚੋਂ ਕਾਮਰੇਡ ਬਸੰਤ ਸਿੰਘ ਦਰਜੀ ਉਸ ਦੀ ਪਤਨੀ ਨੇ ਵੀ ਖਾਸਾ ਹੱਥ ਮਾਰਿਆ। ਸਾਡੇ ਤੀਹਾਂ ਵਿਚੋਂ ਕਿਸੇ ਵੀ ਲੁੱਟ ਮਾਰ ਨਹੀਂ ਕੀਤੀ। ਲੋਕ ਹੈਰਾਨ ਸਨ। ਮੇਰੇ ਨਾਨਕਿਆਂ ਦੀ ਇੱਥੇ ਭੈਣ ਸੀ ਮਾਸੀ ਜੀਵਾਂ। ਉਹ ਸਾਡਿਆਂ ਘਰਾਂ ਵਿਚ ਹੀ ਵਿਚਰਦੀ ਸੀ। ਸਬਜ਼ੀ ਦੇਣੀ। ਮੋਤੀਏ ਦੇ ਫੁੱਲ ਲਿਆਉਣੇ। ਜਨਾਨੀਆਂ ਨੂੰ ਘੁੱਟ ਦੇਣਾ। ਬੱਚਿਆਂ ਨੂੰ ਕੰਡਾ ਪੈ ਜਾਏ ਸਵਾਹ ਦੀਆਂ ਦੋ ਉਂਗਲਾਂ ਲਬੇੜ ਕੇ ਸੰਘ ਸਾਫ਼ ਕਰ ਦੇਣਾ। ਸਾਡਿਆਂ ਘਰਾਂ ਤੋਂ ਉਸ ਨੂੰ ਕੋਈ ਥੁੜ ਨਹੀਂ ਸੀ ਰਹਿੰਦੀ।

ਉਹ ਭਾਂਡੇ ਤੇ ਬਿਸਤਰੇ, ਮਰੱਬਾ ਕੁੜ ਨਾਲ ਪਾਇਆ ਹੋਇਆ ਇਕ ਭਾਂਡਾ ਸਾਡੇ ਘਰ ਛੱਡ ਗਈ। ਅਸਾਂ ਕਾਮਰੇਡਾਂ ਨੇ ਉਹਨਾਂ ਨੂੰ ਵੀ ਪੁੱਲ ਲੰਘਾਇਆ। ਲੋਕ ਸਾਡੇ ਕੰਮ ਵਿਚ ਰੁਕਾਵਟ ਨਾ ਬਣਦੇ। ਅਸੀਂ ਲਾਠੀਆਂ, ਵੱਡੀਆਂ ਕਿਰਪਾਨਾਂ ਨਾਲ ਲੈਸ। ਸਾਡੇ ਨਗਰ ਮਾੜੇ ਮੋਟੇ ਕਈ ਕੇਸ ਹੋਏ। ਸਾਰਾ ਰਾਜੀ ਖ਼ੁਸ਼ੀ ਸਾਫ਼ ਨਿਕਲ ਗਿਆ ਸੀ। ਕਾਫਲੇ ਜਾਂਦੇ ਆਉਂਦੇ ਲੁੱਟੀ ਦੇ। ਠਾਣੇ ਵਿਚ ਪਾਰੋਂ ਪੁਲਿਸ ਵਾਲੇ ਆਏ ਹੋਏ ਸਨ। ਸ਼ਰਨਾਰਥੀ ਤੇ ਲੋਕਲ ਪੂਰੀ ਤਰ੍ਹਾਂ ਕਤਲੇ ਆਮ ਵਿਚ ਅਤੇ ਲੁੱਟ ਮਾਰ ਵਿਚ ਗਰਮ ਹੋ ਗਏ। ਰਾਤ ਪਿੰਡਾਂ ਵਿਚ ਬੰਬਾਂ ਦੀਆਂ ਆਵਾਜ਼ਾਂ। ਰਾਤ ਲੰਘਦੇ ਕਾਫ਼ਲਿਆਂ ਦਾ ਚੀਕ-ਚਿਹਾੜਾ, ਇਨਸਾਨ ਹਲਕਾਇਆ ਵਹਿਸ਼ੀ ਦਰਿੰਦਾ ਬਣ ਗਿਆ ਸੀ। ਜੋ ਆਉਂਦੇ ਕੀ ਲਿਖਾਂ ? ਜੋ ਜਾਂਦੇ ਕੀ ਲਿਖਾਂ ? ਬੁੱਢੇ, ਬੱਚੇ, ਔਰਤਾਂ ਦੇ ਕਤਲ। ਔਰਤਾਂ ਭਜਾਉਣੀਆਂ। ਦਿਨੇ ਅਸਾਂ ਨਿਕਲਣਾ ਰਾਤ ਕਰਫਿਊ ਹੁੰਦਾ। ਲੁੱਟ ਮਾਰ ਕਰਨ ਵਾਲਿਆਂ ਨੂੰ ਛੁੱਟੀਆਂ। ਕੋਈ ਅਵਤਾਰ, ਪੈਗੰਬਰ, ਪੀਰ, ਫਕੀਰ, ਰੱਬ, ਪਰਮੇਸ਼ਰ, ਭਗਵਾਨ, ਵਾਹਿਗੁਰੂ, ਵੇਦ, ਗਰੰਥ, ਕੁਰਾਨ, ਪੈਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਰੁਲਦੇ । ਸਭ ਲੁਕ ਗਏ । ਕੋਈ ਕਰਾਮਾਤ ਨਾ ਰਹੀ । ਸਭ ਕੁਝ ਇਸ ਘੱਲੂਘਾਰੇ ਤੋਂ ਡਰ ਕੇ ਕਿਤੇ ਨੱਠ ਗਏ ਜਾਂ ਅਸਮਾਨਾਂ ਉਤੇ ਆਪਣੀ ਰਚਾਈ ਖੇਡ ਨੂੰ ਦੇਖ ਰਹੇ ਹੋਣਗੇ । ਔਰਤਾਂ ਦੇ ਗੁਪਤ ਅੰਗ ਪਾੜੇ ਗਏ । ਛਾਤੀਆਂ ਵੱਢੀਆਂ ਗਈਆਂ । ਜੁੜੇ ਹੱਥ ਕੱਟੇ ਗਏ । ਪੱਠਿਆਂ ਵਾਂਗ ਗੰਡਾਸਿਆਂ ਨਾਲ ਕੁਤਰੇ ਗਏ । ਸਾਡੇ ਸ਼ਹਿਰ, ਸਕੂਲ, ਸਰਾਂ, ਕਈ ਹੋਰ ਥਾਂ ਸ਼ਰਨਾਰਥੀਆਂ ਨਾਲ ਭਰੇ ਗਏ । ਜਿਉਂ ਪਾਰੋਂ ਆਉਂਦੇ ਤਿਉਂ ਤਿਉਂ ਬੇ-ਰਹਿਮੀ ਦੀ ਚੜ੍ਹਤ ਜ਼ਿਆਦਾ ਹੁੰਦੀ । ਬੁੱਢੀ ਬੁੱਢਾ ਕੋਈ ਵਿਰਲਾ ਬਚਿਆ ਹੋਵੇਗਾ । ਥਾਂ ਥਾਂ ਮਰੇ ਪਏ ਸਨ । ਸ਼ਹਿਰ ਵਾਲੇ, ਪਿੰਡਾਂ ਵਾਲੇ, ਸ਼ਰਨਾਰਥੀ ਸਾਂਭਦੇ । ਦੁਕਾਨਾਂ ਖੋਲਦੇ । ਸਰਕਾਰ ਨੇ ਇੰਤਜ਼ਾਮ ਕੀਤਾ ਪਰ ਅਧੂਰਾ । ਕਈਆਂ ਬੇ-ਰਹਿਮਾਂ ਨੇ ਚਾਕੂਆਂ ਨਾਲ ਕਈ ਬੱਚਿਆਂ ਸਣੇ ਟੱਬਰ ਮਾਰ ਦਿੱਤੇ । ਜੋ ਉਧਰੋਂ ਆਉਂਦੇ ਆਪਣੀ ਵਿਥਿਆ ਦਸਦੇ, ਸੁਣਨ ਵਾਲੇ ਰੋ ਪੈਂਦੇ । ਮੁਸਲਮਾਨਾਂ ਉਤੇ ਗੁੱਸਾ ਛਾਂਟਦੇ । ਅਸੀਂ ਦਿਨ ਚੜ੍ਹੇ ਸੜਕਾਂ ਉਤੇ ਨਿਕਲਦੇ । ਨਿੱਕੇ ਨਿੱਕੇ ਕਮਾਦ ਸਨ । ਉਹਨਾਂ ਵਿਚੋਂ ਸਹਿਮੇ ਹੋਏ ਬੱਚੇ ਕੱਢ ਕੇ ਕੱਠੇ ਕਰਦੇ ਅਤੇ ਪੁਲ ਤੋਂ ਪਾਰ ਕਰਾ ਕੇ ਆਉਂਦੇ । ਅੱਗ ਦੇ ਸਾੜੇ ਦਾ, ਲੁੱਟ ਦਾ; ਤਲਵਾਰ ਦਾ, ਉਜਾੜੇ ਦਾ, ਰਾਜ ਹੋ ਗਿਆ ਸੀ । ਸੜਕਾਂ ਦੇ ਦੋਈਂ ਪਾਸੀਂ ਬੱਚਿਆਂ, ਔਰਤਾਂ, ਮਰਦਾਂ ਦੀਆਂ ਫੁਲੀਆਂ ਲਾਸ਼ਾਂ ਪਈਆਂ ਸਨ । ਸਾਡੇ ਨਾਲ ਹੋਰ ਵੀ ਚੰਗੇ ਸ਼ਹਿਰੀ ਰੱਲ ਗਏ । ਜਦ ਮੈਂ ਇਹ ਕੁਝ ਲਿਖ ਰਿਹਾ ਹਾਂ ਅੱਖੀਆਂ ਪੂੰਝ ਲੈਂਦਾ ਹਾਂ, ਫਿਰ ਲਿਖਣ ਲੱਗ ਪੈਂਦਾ ਹਾਂ । ਜਿੰਨਾਂ ਜ਼ੁਲਮ ਹੋਇਆ ਜਿੱਦਾਂ ਹੋਇਆ, ਕਿਸ ਤਰ੍ਹਾਂ ਕੀਤਾ ਗਿਆ, ਇਹ ਸਭ ਮੈਂ ਲਿਖਣ ਦੇ ਯੋਗ ਨਹੀਂ ਹਾਂ । ਮੈਨੂੰ ਖਿਮਾ ਕਰ ਦੇਣਾ ।

ਮੈਂ ਤੇ ਦੋ ਹੋਰ ਕਾਮਰੇਡ ਰੇਲਵੇ ਲਾਈਨ ਦੇ ਉਤੇ ਉਤੇ ਤੁਰੇ ਜਾ ਰਹੇ ਸਾਂ । ਇਕ ਕਮਾਦ ਵਿਚੋਂ ਬੱਚੇ ਦੇ ਰੋਣ ਦੀ ਆਵਾਜ਼ ਆਈ । ਮੈਂ ਕਮਾਦ ਅੰਦਰ ਚਲਿਆ ਗਿਆ । ਇਕ ਔਰਤ ਦੀ ਲਾਸ਼ ਫੁੱਲੀ ਪਈ ਸੀ । ਇਕ ਬੱਚਾ ਮੈਨੂੰ ਵੇਖ ਕੇ ਚੁੱਪ ਹੋ ਗਿਆ । ਤੇ ਮਾਂ ਦੀ ਫੁੱਲੀ ਛਾਤੀ ਉਤੇ ਸਿਰ ਧਰ ਦਿੱਤਾ । ਮੈਂ ਉਸ ਬੱਚੇ ਨੂੰ ਚੁੱਕਿਆ । ਝਟਪਟ ਉਸ ਦੀ ਸੁਣਤ ਵੇਖੀ ਅਜੇ ਨਹੀਂ ਸੀ ਹੋਈ । ਗਲ ਨਾਲ ਲਾ ਲਿਆ । ਉਹ ਮੈਨੂੰ ਚੰਬੜ ਗਿਆ । ਮੈਂ ਰੋਇਆ ਉਹ ਚੁੱਪ ਕਰਕੇ ਸਹਿਮ ਗਿਆ । ਘਰ ਆਂਦਾ ਨਵਾਇਆ-ਧਵਾਇਆ । ਬੱਚਿਆਂ ਦੇ ਕਪੜੇ ਪਾਏ । ਮੇਰਾ ਸਾਰਾ ਘਰ ਮੇਰਾ ਸਾਥ ਦੇ ਰਿਹਾ ਸੀ, ਅਸਾਂ ਕਿਹਾ ਕੋਈ ਕਾਫ਼ਲਾ ਪਾਰੋਂ ਆਇਆ ਸੀ ਉਹਨਾਂ ਦਾ ਬੱਚਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਹਿ ਗਿਆ। ਬੱਚੇ ਨੂੰ ਅਸਾਂ ਸਮਝਾਇਆ — ਕਾਕਾ ਤੂੰ ਆਪਣਾ ਨਾਂ ਰਾਮ ਦੱਸੀਂ। ਆਪਣੇ ਅੱਬਾ ਦਾ ਨਾਂ ਨਾ ਲਈਂ। ਉਹ ਜਿਵੇਂ ਅਸੀਂ ਕਹਿੰਦੇ ਮੰਨ ਜਾਂਦਾ। ਇਕ ਹਫਤੇ ਵਿਚ ਉਹ ਬਿਲਕੁਲ ਸਾਡੇ ਬੱਚਿਆਂ ਜਿਹਾ ਹੋ ਗਿਆ। ਸਾਡੇ ਸ਼ਹਿਰ ਦੇ ਦੂਜੇ ਪਾਸੇ ਇਕ ਬਜ਼ੁਰਗ ਮਾਤਾ ਸੀ ਬੇਦੀ। ਉਸ ਦੇ ਘਰ ਉਲਾਦ ਨਹੀਂ ਸੀ ਉਸ ਨੂੰ ਖ਼ਬਰ ਹੋਈ। ਉਹ ਸਾਡੇ ਘਰੋਂ ਉਸ ਨੂੰ ਪੁੱਤਰ ਬਣਾ ਕੇ ਲੈ ਗਈ। ਮੁੜ ਕੇ ਨਾ ਸਾਨੂੰ ਮਾਤਾ ਦਾ, ਨਾ ਉਸ ਦੇ ਬੱਚੇ ਦਾ ਕਦੀ ਪਤਾ ਲੱਗਾ।

ਲਾਹੌਰ ਤੋਂ ਜਗਤ ਸਿੰਘ ਠੀਕ ਠਾਕ ਆ ਗਏ ਸਨ। ਪਾਰੋਂ ਮੇਰਾ ਭਰਾ ਗੁਰਬਚਨ ਸਿੰਘ ਰਮਜ਼ੀ ਵੀ, ਸਾਰੇ ਕਾਫ਼ਲਾ ਬਣਾ ਕੇ ਘਰ ਆ ਗਏ ਸਨ। ਮਾਸੀ ਜੀਣਾਂ ਦਾ ਸਾਰਾ ਸਮਾਨ ਅਸੀਂ ਰਮਜ਼ੀ ਦੇ ਪਿੰਡ ਵਾਲਿਆਂ ਨੂੰ ਦੇ ਦਿੱਤਾ। ਰਾਸ਼ਨ ਲਈ ਕੈਂਪ ਖੁਲ੍ਹ ਗਿਆ। ਪਰਮਟ ਬਣਾ ਬਣਾ ਕੇ ਦੇ ਰਹੇ ਸਾਂ। ਰੇਲਵੇ ਸਟੇਸ਼ਨ ਤੇ ਗਏ। ਸਟੇਸ਼ਨ ਮਾਸਟਰ ਨੇ ਕਿਹਾ ਗੱਡੀ ਆ ਸਕਦੀ ਹੈ ਜੇ ਤੁਸੀਂ ਇੰਜਣ ਵਿਚ ਪਾਣੀ ਪਾ ਦਿਆ ਕਰੋ ਅਸੀਂ ਮੰਨ ਗਏ। ਨਿੱਕਾ ਇੰਜਣ ਲੈ ਕੇ ਗੱਡੀ ਆਈ। ਅਸੀਂ ਤੀਹ ਵਲੰਟੀਅਰ ਬਾਲਟੀਆਂ ਲੈ ਕੇ ਨਲਕੇ ਗੇੜ ਕੇ ਪਾਣੀ ਭਰ ਦਿੱਤਾ। ਇਸ ਨਾਲ ਸ਼ਰਨਾਰਥੀ ਅੱਗੇ ਜਾਣ ਲੱਗ ਪਏ। ਪੰਦਰਾਂ ਦਿਨਾਂ ਦੇ ਬਾਅਦ ਵੱਡਾ ਇੰਜਣ ਆ ਗਿਆ...... ਰਾਮਲੀਲਾ ਹੋ ਰਹੀ ਸੀ। ਪਾਰੋਂ ਜੱਸੜਾਂ ਰਾਹੀਂ ਵੱਡੀ ਟੁੱਕੀ ਗੱਡੀ ਆ ਗਈ। ਸਾਰੇ ਹਾਹਾਕਾਰ ਹੋ ਗਈ। ਲੋਕ ਉਮੜ ਪਏ। ਥਾਂ ਥਾਂ ਜ਼ਖ਼ਮੀ ਪਾਏ। ਸਾਡੇ ਨਗਰ ਦੇ ਡਾਕਟਰ ਰਾਸ਼ਨ, ਦੁੱਧ...ਮੈਂ ਫਿਰ ਦਸਣੋਂ ਮਾਫੀ ਮੰਗਦਾ ਹਾਂ। ਜਿਵੇਂ ਉਹ ਟੁੱਕੀ ਵੱਡੀ ਗੱਡੀ ਸੀ। ਬੱਚਿਆਂ, ਔਰਤਾਂ, ਮਰਦਾਂ ਨਾਲ ਆਪਣਾ ਲਹੂ ਮੁਕਾ ਕੇ ਮੁਰਦਿਆਂ ਨਾਲ ਭਰੀ ਪਈ ਸੀ। ਕਈਆਂ ਔਰਤਾਂ ਦੇ ਵੱਢੇ ਥਣ ਲਮਕਦੇ। ਬਾਵਾਂ ਟੁੱਕੀਆਂ ਹੁੰਦੀਆਂ ਲਮਕਦੀਆਂ। ਔਰਤਾਂ, ਮਰਦਾਂ ਦੇ ਟੁਕੇ ਹੋਏ ਲਹੂ ਚੋਂਦੇ ਗੁਪਤ ਅੰਗ।

ਸਾਡੇ ਸ਼ਹਿਰ ਦੇ ਸਰਾਫ਼ ਦਰੀਆਂ ਵਿਛਾ ਕੇ ਬੈਠੇ ਹੋਏ ਸਨ। ਆਇਆਂ ਸ਼ਰਨਾਰਥੀਆਂ ਕੋਲੋਂ ਸੋਨੇ ਚਾਂਦੀ ਦੇ ਗਹਿਣੇ ਸਸਤੇ ਭਾਅ ਖਰੀਦੀ ਜਾ ਰਹੇ ਸਨ। ਕੋਈ ਇਕ ਹੋਏਗਾ ਜਿਸ ਇੰਜ ਨਾ ਕੀਤਾ। ਹਟਵਾਣਿਆਂ ਨੇ ਮੂੰਹ ਮੰਗੇ ਭਾਅ ਰਾਸ਼ਨਾਂ ਦੇ ਲਾਏ।

ਸਾਡੇ ਵਲੋਂ ਵੀ ਅਤੇ ਪਾਕਿਸਤਾਨ ਵਲੋਂ ਵੀ ਕਈਆਂ ਪਿੰਡਾਂ ਨੇ ਹਥਿਆਰਬੰਦ ਹੋ ਕੇ ਆਪਣੇ ਪਿੰਡ ਵਸਦੇ ਮੁਸਲਮਾਨ ਪਾਰ ਲੰਘਾਏ ਅਤੇ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਧਰੋਂ ਵੀ ਕਈਆਂ ਪਿੰਡਾਂ ਦੇ ਆਪਣੇ ਪਿੰਡ ਦੇ ਹਿੰਦੂਆਂ ਨੂੰ ਪੁਲ ਪਾਰ ਕਰਾਇਆ। ਜਾਪਿਆ ਇਨਸਾਨੀਅਤ ਹੈ, ਜਿਉਂਦੀ ਰਹੇਗੀ ਸਦਾ ਲਈ। ਇਸ ਦੀ ਅੰਤ ਨੂੰ ਜਿੱਤ ਹੋਏਗੀ।

ਰਾਵੀ ਵਿਚ ਹੜ੍ਹ ਆਇਆ। ਸਾਡੇ ਸ਼ਹਿਰ ਵੀ ਆ ਵੜਿਆ। ਸਾਰੀਆਂ ਲਾਸ਼ਾਂ ਰਾਵੀ ਆਪਣੀ ਗੋਦ ਵਿਚ ਲੈ ਕੇ ਚਲੀ ਗਈ। ਉਸ ਦੇ ਹੀ ਤੇ ਬੱਚੇ ਸਨ। ਕਿਸੇ ਦੇ ਸੰਸਕਾਰ ਲਈ ਲਕੜੀ ਹੈ ਨਹੀਂ ਸੀ। ਇਸ ਦੌਰ ਵਿਚ ਮਾਰਿਆ ਦੱਬਿਆ ਗਿਆ।

ਇਸ ਸਮੇਂ ਦਾ ਜ਼ਿਕਰ ਅਧੂਰੇ ਸਫ਼ਰ ਨਾਵਲ ਵਿਚ ਵੀ ਕੀਤਾ ਹੈ। ਇਕ ਕਹਾਣੀ 'ਨੂਰਾ ਪਾਂਡੀ' ਨਾਂ ਦੀ ਮਸ਼ਹੂਰ ਹੋਈ। ਹੋਰ ਕਈ ਕਵਿਤਾਵਾਂ ਲਿਖੀਆਂ, 'ਲਾਜ' ਵਰਗੀ ਕਹਾਣੀ ਲਿਖੀ, ਝੰਗੀ ਵਾਲੇ ਕਾਮਰੇਡ ਸਾਧੂ ਸਿੰਘ ਨੇ ਰਮਦਾਸ ਵਾਲੇ ਸੰਤ ਕੋਲੋਂ ਚਾਰ ਬੋਰੀਆਂ ਕਣਕ ਘਲਾਈ। ਬੈਠਕ ਵਿਚ ਚੱਕੀ ਲਾ ਦਿੱਤੀ। ਕਈ ਵਾਰੀ ਮੈਂ ਆਪ ਚੱਕੀ ਪੀਹ ਕੇ ਆਟਾ ਬਿਲਕੁਲ ਭੁਖਿਆਂ ਨੂੰ ਦਿੰਦਾ।

ਤੁਰਿਆ ਜਾਂਦਿਆਂ ਲਾਗਲੀ ਗਲੀ ਵਿਚ ਉਜੜਿਆਂ ਢਠਿਆਂ ਘਰਾਂ ਦੇ ਕੂੜੇ ਵਿਚੋਂ ਉਰਦੂ ਹਰਫਾਂ ਵਿਚ ਛਪੀ ਹੋਈ ਵਾਰਸ ਦੀ ਹੀਰ ਲੱਭ ਪਈ। ਪੈਰ ਨੂੰ ਲੱਗੀ ਮੈਂ ਫੜ ਕੇ ਹਿੱਕ ਨਾਲ ਲਾਈ। ਮੇਰੇ ਮੂੰਹੋਂ ਨਿਕਲ ਗਿਆ — ਹੀਰ ਤੂੰ ਸਾਰਿਆਂ ਦੀ ਸਾਂਝੀ ਤੈਨੂੰ ਕੀ ਹੋ ਗਿਆ।......ਸਾਂਝੇ ਸਭਿਆਚਾਰ ਦਾ ਖ਼ੂਨ ਹੋ ਗਿਆ ਸੀ। ਗੀਤ ਲਹੂ ਲੁਹਾਨ ਹੋ ਗਏ।

*   *   *

ਕਾ: ਸਾਲਗਰਾਮ ਸੂਰੀ, ਰਘੁਨਾਥ ਸਹਾਏ ਹਿੰਦੀ ਉਹਨਾਂ ਦਾ ਵੱਡਾ ਭਰਾ ਜਗਨ ਨਾਥ। ਸਭ ਠੀਕ ਠਾਕ ਆ ਗਏ ਸਨ। ਮੁਸਲਮਾਨ ਕਾਮਰੇਡ ਜੱਸੜਾਂ ਤੱਕ ਛੱਡ ਗਏ ਸਨ। ਉਦੋਂ ਜਿਹੜਾ ਬੱਚ ਕੇ ਆਉਂਦਾ ਸੀ ਉਸ ਸਮਝੋ ਸਭ ਕੁਝ ਲੈ ਆਂਦਾ। ਡੇਰਿਉਂ ਇਹ ਸਾਰੇ ਲਖਨਊ ਚਲੇ ਗਏ। ਜਗਤ ਸਿੰਘ ਹੋਰੀਂ ਵੀ ਦਿੱਲੀ। ਗੁਰਬਚਨ ਸਿੰਘ ਰਮਜ਼ੀ ਬਟਾਲੇ ਜਾਂਦੀ ਸੜਕ ਕੰਢੇ ਪਿੰਡ ਰਾਏ ਚੱਕ ਬੈਠ ਗਏ। ਡੇਰੇ ਤੋਂ ਨੌ ਦੱਸ ਮੀਲ ਉਤੇ।

ਦਿੱਲੀ ਤੋਂ ਮੇਰੀ ਸਕੀ ਭੈਣ ਦੀ ਚਿੱਠੀ ਆਈ। ਲਿਖਿਆ ਸੀ ਮੇਰੀ ਸੱਸ ਫਲਾਣੇ ਪਿੰਡ ਹੈ ਉਸ ਨੂੰ ਲੈ ਆਉ ਤੇ ਦਿੱਲੀ ਘੱਲ ਦਿਉ। ਮੈਂ ਰੇਸ ਸਾਈਕਲ ਤੇ ਉਸ ਨੂੰ ਲੈ ਕੇ ਆਇਆ। ਨਾਲ ਉਹਦੇ ਦੋ ਦੋਹਤੇ ਨਿੱਕੇ ਨਿੱਕੇ ਸਨ। ਉਹ ਵਿਚਾਰੀ ਪਾਰੋਂ ਆਉਣ ਲੱਗੀ ਸੋਨੇ ਦੇ ਗਹਿਣਿਆਂ ਦੀ ਪੋਟਲੀ ਰਾਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚ ਰੁੜ੍ਹ ਆਈ ਉਹ ਸਾਡੇ ਕੋਲੋਂ ਦਿਲੀ ਲਾ ਗਈ। ਸਿੱਧੀ ਜਲਾਈ ਕੋਲ ਲਖਨਊ ਚਲੀ ਗਈ। ਗਹਿਣਿਆਂ ਬਾਰੇ ਮੇਰੀ ਭੈਣ ਸ਼ੱਕੀ ਰਹੀ।

ਮੈਂ ਦਿਮਾਗ਼ੀ ਤੌਰ ਤੇ ਬੜਾ ਪਜ਼ਲ ਜਿਹਾ ਹੋ ਗਿਆ ਸਾਂ। ਪਰੇਸ਼ਾਨ ਉਦਰਿਆ ਉਦਰਿਆ ਹੈਰਾਨ। ਦੇਸ਼ ਦੇ ਟੁੱਕੇ ਜਾਣ ਦਾ ਗ਼ਮ। ਜੋ ਹੋਇਆ ਯਾਦ ਕਰਦਾ ਰਾਤ ਉੱਠ ਕੇ ਬਹਿ ਜਾਂਦਾ। ਵੱਡੇ ਚਾਚਾ ਜੀ ਨੇ ਕਲਕੱਤੇ ਇਕ ਮਕਾਨ ਕਿਰਾਏ ਉਤੇ ਲੈ ਲਿਆ ਹੋਇਆ ਸੀ ਉਸ ਵਿਚ ਜਾ ਰਹਿੰਦੇ। ਕੇਸ ਦੀਆਂ ਤਰੀਕਾਂ ਭੁਗਤਦੇ। ਮੈਂ ਉਹਨਾਂ ਦੇ ਨਾਲ ਕੁਝ ਅਰਸੇ ਲਈ ਕਲਕੱਤੇ ਚਲਿਆ ਗਿਆ। ਚਾਚੀ ਜੀ ਅਤੇ ਮੇਰਾ ਨਿੱਕਾ ਭਰਾ ਮਨਜੀਤ ਨਾਲ। ਉਥੇ ਮੈਂ ਪਾਰਟੀ ਆਫ਼ਿਸ ਗਿਆ। ਬੁੱਕ ਸਟਾਲ ਤੋਂ ਪਾਰਟੀ ਕਾਰਡ ਵਿਖਾ ਕੇ ਸੋਵੀਅਤ ਪਾਰਟੀ ਹਿਸਟਰੀ ਲਈ। ਕਲਕੱਤਾ ਪਾਰਟੀ ਸੈਕਟਰੀ ਉਦੋਂ, ਮੇਰਾ ਖ਼ਿਆਲ ਹੈ, ਕਾ: ਭਵਾਨੀ ਸੈਨ ਸੀ। ਉਸ ਨੂੰ ਮਿਲਿਆ। ਉਸ ਨੇ ਮੇਰੇ ਨਾਲ ਪੰਜਾਬ ਪਾਰਟੀ ਦੀਆਂ ਗੱਲਾਂ ਕੀਤੀਆਂ। ਕਾ: ਸੁਤੰਤਰ ਸਿੰਘ ਤੇ ਕਾ: ਰਾਮ ਸਿੰਘ ਦੱਤ ਨੇ ਪਾਕਿਸਤਾਨੀ ਕਮਿਊਨਿਸਟ ਪਾਰਟੀ ਦਾ ਐਲਾਨ ਕਰ ਦਿੱਤਾ ਹੋਇਆ ਸੀ। ਉੱਥੇ ਪਾਰਟੀ ਨੇ ਇਕ ਜਲੂਸ ਕੱਢਿਆ ਬੜਾ ਵੱਡਾ ਜਲੂਸ। ਇਕ ਦਿਨ ਕਲਕੱਤਾ ਪਾਰਟੀ ਦੀ ਕੌਂਸਲ ਮੀਟਿੰਗ ਸੀ। ਬਾਹਰ ਵੀਹ ਪੰਜੀ ਕਾਰਾਂ ਖਲੋਤੀਆਂ ਹੋਈਆਂ ਸਨ। ਇਕ ਮੁਸਲਮਾਨ ਪੰਜਾਬੀ ਕਾਮਰੇਡ ਮਿਲ ਪਿਆ। ਉਸ ਨਾਲ ਫਿਰਨ-ਤੁਰਨ ਦਾ ਜੁੱਟ ਬਣਿਆ। ਪਾਰਟੀ ਕਾਮਰੇਡਣਾਂ ਵੀ ਬੜੀਆਂ ਸਨ। ਜਿਹੜਾ ਮੇਰੇ ਅੰਦਰ ਸੁਤੰਤਰ ਦੀ ਬਣੀ ਲਾਲ ਪਾਰਟੀ ਵਿਚ ਸੀ। ਜਿਹੜੀ ਉਸ ਨੇ ਪਾਕਿਸਤਾਨ ਛੱਡ ਕੇ ਬਣਾਈ ਸੀ ਇਥੇ ਉਹਦਾ ਸਾਰਾ ਛਾਇਆ ਲੱਥ ਗਿਆ। ਬੰਗਾਲ ਦੀ ਪਾਰਟੀ ਦੇ ਮੇਲ ਜੋਲ ਨੇ ਮੇਰਾ ਬੱਲ, ਹੌਸਲਾ, ਮੇਰੀ ਹੋਸ਼ ਕਾਇਮ ਕਰ ਦਿੱਤੀ। ਮੈਂ ਸੋਚਿਆ ਕੀ ਹੋਏਗੀ ਨਵੀਂ ਲਾਲ ਪਾਰਟੀ ? ਚਲ ਰਾਹੀ ਪੰਜਾਬ ਚਲ ਕੇ ਜਿਲ੍ਹੇ ਵਿਚ ਪਾਰਟੀ ਦਾ ਝੰਡਾ ਖੜਾ ਕਰੀਏ। ਸਾਡੇ ਜਿਲ੍ਹੇ ਵਿਚ ਸਾਰੇ ਦੇ ਸਾਰੇ ਸਾਥੀ ਲਾਲ ਪਾਰਟੀ ਵਿਚ ਚਲੇ ਗਏ ਸੀ। ਉਥੇ ਮੈਨੂੰ ਗੁਰੂ ਨਾਨਕ ਦਾ ਪੁਰਬ ਆਇਆ। ਮੈਂ ਦਿਨੇ ਬੜੀ ਸੰਗਤ ਗੁਰਦਵਾਰੇ ਗਿਆ ਬੜਾ ਭਾਰੀ ਦੀਵਾਨ ਲੱਗਾ ਹੋਇਆ ਸੀ। ਕੰਮ ਚਲਾਉਣ ਦਾ ਪ੍ਰਧਾਨ ਉਥੋਂ ਦੀ ਰੋਜ਼ਾਨਾ ਅਖ਼ਬਾਰ ਦਾ ਪੁਰਾਣਾ ਦੇਸ਼ ਭਗਤ ਬੈਠਾ ਸੀ। ਦੋ ਸ਼ਾਇਰ ਮੈਨੂੰ ਲਾਹੌਰ ਦੇ ਜਾਣੂ ਮਿਲ ਪਏ। ਸਟੇਜ ਉਤੇ ਲੈ ਗਏ। ਪ੍ਰਧਾਨ ਜੀ ਨੂੰ ਕਹਿ ਕੇ ਮੇਰਾ ਨਾਮ ਬੁਲਵਾ ਦਿੱਤਾ। ਕਵਿਤਾ ਬੋਲ ਕੇ ਹਟਿਆ ਤਾਂ ਸਟੇਜ ਉਤੇ ਬੈਠੇ ਮੈਨੂੰ 25

CC-0. In Public Domain. Gurukul Kangri Collection, Haridwar

ਰੁਪੈ [illegible] ਕਰ ਕੇ ਦਿੱਤੇ। ਮੇਰੀ ਜੇਬ ਵਿਚ ਰੌਣਕ ਹੋ ਗਈ। ਮੁੜਨ
Digitized by Arya Samaj Foundation Chennai and eGangotri
ਲਈ ਪੈਸੇ ਚਾਚਾ ਜੀ ਕੋਲੋਂ ਮੰਗਣ ਤੋਂ ਬੱਚ ਗਿਆ। ਜਦ ਇਕ ਸ਼ਾਇਰ ਦੇ ਨਾਲ ਬਾਹਰ ਸੰਗਤ ਦੀਆਂ ਖਲੋਤੀਆਂ ਕਾਰਾਂ ਵਿਚੋਂ ਲੰਘ ਰਿਹਾ ਸਾਂ ਤਾਂ ਕੀ ਵੇਖਿਆ, ਆਪਣੀ ਕਾਰ ਦੀ ਪਿਛਲੀ ਸੀਟ ਉਤੇ ਚਾਚੀ ਪ੍ਰਕਾਸ਼ ਬੈਠੀ ਹੋਈ ਸੀ। ਮੇਰੀ ਤੇ ਉਸ ਦੀ ਆਤਮਾ ਖਿੜ ਗਈ। ਆਪਣੇ ਆਪ ਸਾਡੇ ਦੋਹਾਂ ਦੇ ਹੱਥ ਮਿਲ ਗਏ। ਸਾਡੀ ਖੁਸ਼ੀ ਦੀ ਹੱਦ ਨਹੀਂ ਸੀ। ਸ਼ਾਇਰ ਲਾਗੋਂ ਜਾ ਚੁਕਾ ਸੀ ਪ੍ਰਕਾਸ਼ ਨੇ ਮੈਨੂੰ ਆਪਣੇ ਕੋਲ ਬਿਠਾ ਲਿਆ। ਇਕ ਦੂਜੇ ਦੀਆਂ ਬਾਹਵਾਂ ਇਕ ਦੂਜੇ ਦਿਆਂ ਗਲਾਂ ਵਿਚ ਪੈ ਗਈਆਂ। ਘਰ ਬਾਹਰ ਦੀਆਂ ਗੱਲਾਂ ਹੁੰਦੀਆਂ ਰਹੀਆਂ। ਅਜੀਬ ਕਿਸਮ ਦੀ ਇਹ ਖ਼ੁਸ਼ੀ ਸੀ। ਅੱਧਾ ਘੰਟਾ ਅਸੀਂ ਬੈਠੇ ਰਹੇ। ਮੈਂ ਤੁਰ ਪਿਆ। ਨਾ ਉਸ ਨੇ ਮੈਨੂੰ ਕੁਝ ਕਿਹਾ ਨਾ ਮੈਂ। ਸਿੱਧਾ ਘਰ ਆ ਗਿਆ। ਪੈਸੇ ਕਵਿਤਾ ਦੇ ਮਿਲੇ ਚਾਚੀ ਜੀ ਨੂੰ ਦੱਸੇ। ਚਾਚੀ ਨੂੰ ਪਹਿਲੀ ਵਾਰੀ ਪਤਾ ਲੱਗਾ ਸੀ ਕਿ ਕਵਿਤਾ ਦੇ ਵੀ ਪੈਸੇ ਮਿਲਦੇ ਹਨ। ਉਥੇ ਚਾਚਾ ਕਿਸ਼ਨ ਸਿੰਘ ਤੇ ਨਿੱਕੀ ਮਾਂ ਜੀ ਵੀ ਮਿਲੇ। ਇਹ ਬਾਬਾ ਈਸ਼ਰ ਸਿੰਘ ਦਾ ਲੜਕਾ ਸੀ। ਮੈਥੋਂ ਨਿੱਕਾ ਤੇ ਮੇਰਾ ਭੇਤੀ ਯਾਰ। ਬਾਬਾ ਜੀ ਵਾਂਗ ਖੁਲ੍ਹੇ ਸੁਭਾਅ ਦਾ। ਉਸ ਦੇ ਤਿੰਨ ਲੜਕੇ ਤੇ ਇਕ ਲੜਕੀ ਸੀ। ਚਾਚੀ ਪੜ੍ਹੀ ਲਿਖੀ ਸੁਗੱੜ ਔਰਤ। ਪੰਜਾਬ ਮੇਰੀ ਭੂਆ ਵੀਰਾਂ ਦੀ ਕੁੜੀ ਦਾ ਵਿਆਹ ਆ ਗਿਆ। ਫੁੱਫੜ ਜਗਤ ਸਿੰਘ ਦੀ ਚਿੱਠੀ ਆ ਗਈ ਸੀ। ਚਾਚਾ ਜੀ ਨੇ ਮੈਨੂੰ ਕੁਝ ਸੌ ਰੁਪਏ ਦਿੱਤੇ ਤੇ ਆਖਿਆ — ਤੂੰ ਇਹ ਰੁਪੈ ਜਾ ਕੇ ਵੀਰਾਂ ਨੂੰ ਦੇ ਦਈਂ। ਆਪ ਵੀ ਛਿਛਰਆਲੇ ਜਾ ਕੇ ਕੰਮ ਦੀ ਪੁੱਛ-ਗਿੱਛ ਕਰ ਲਈਂ ਬਾਕੀ ਮੈਂ ਚਾਰ ਪੰਜ ਦਿਨ ਅੱਗੇ ਆ ਜਾਵਾਂਗਾ। ਪਲੰਗ ਪੀੜ੍ਹਾ ਤੇ ਹੋਰ ਚੀਜ਼ਾਂ ਜੋ ਹੋਵੇਗਾ ਕਰ ਲਵਾਂਗਾ। ਸਾਡੀਆਂ ਭੂਆ ਦੇ ਸਾਡੇ ਵਲੋਂ ਵੱਡੇ ਚਾਚਾ ਜੀ ਸਭ ਕਰਦੇ ਸਨ।

ਮੈਂ ਪੰਜਾਬ ਆ ਗਿਆ। ਛਿਛਰਆਲੇ ਤੋਂ ਹੋ ਆਇਆ। ਵਿਆਹ ਉਤੇ ਚਾਚੇ ਨਾਲ ਫਿਰ ਗਿਆ। ਮੇਰੇ ਨਾਲ ਮੋਹ ਮੇਰੇ ਭੂਆ ਫੁੱਫੜ ਸਾਰੇ ਕਰਦੇ ਸਨ। ਮੇਰੀ ਪਤਨੀ ਵੀ ਗਈ। ਚੰਗਾ ਵਿਆਹ ਹੋਇਆ। ਲਾਵਾਂ ਵੇਲੇ ਮੇਲ ਵਿਚੋਂ ਇਕ ਮੁਟਿਆਰ ਨੇ ਵਾਜੇ ਨਾਲ ਅਸੀਸ ਬੋਲੀ। ਮੈਂ ਅਸੀਸ ਦਿੱਤੀ ਇਕ ਸਾਹਿਤ ਕਵਿਤਾ ਸੁਣਾਈ। ਉਹ ਮੁਟਿਆਰ ਮੇਰੇ ਮਨ ਲੱਗੀ। ਉਸ ਨਾਲ ਇੰਜ ਜਾਣ ਪਛਾਣ ਹੋਈ ਜੀਕਰ ਉਹ ਵੀ ਚਾਹੁੰਦੀ ਹੋਵੇ। ਰਾਤ ਨੂੰ ਕੱਠੇ ਗੋਡਿਆਂ ਤੇ ਰਜਾਈਆਂ ਲੈ ਕੇ ਬੈਠੇ। ਉਹ ਮੁਟਿਆਰ ਵੀ। ਭੂਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਕਿਹਾ ਜਸਵੰਤ ਕਵੀ ਕਵਿਤਾ ਸੁਣੋ। ਮੁਟਿਆਰ ਨੇ [illegible]। ਮੈਂ ਕਈ ਕਵਿਤਾਵਾਂ ਸੁਣਾਈਆਂ। ਉਸ ਮੁਟਿਆਰ ਨੇ ਮੇਰੀ ਪਤਨੀ ਨੂੰ ਕਿਹਾ — ਭੈਣ ਜੀ ਤੁਸੀਂ ਕਿਸਮਤ ਵਾਲੇ ਹੋ, ਤੁਹਾਨੂੰ ਕਵੀ ਪਤੀ ਮਿਲਿਆ ਹੈ।...... ਮੇਰੀ ਪਤਨੀ ਨੇ ਝੱਟ ਉੱਤਰ ਦਿੱਤਾ — ਕੋਲ ਰਹੋ ਪਤਾ ਲੱਗੇ ਇਹ ਕੀ ਹਨ।......ਸਾਰੇ ਹੱਸ ਪਏ। ਉਸ ਮੁਟਿਆਰ ਨੇ ਨਾਲ ਦੇ ਘਰ ਆਪਣੇ ਪਿਤਾ ਕੋਲ ਸੌਣਾ ਸੀ। ਨਾਲ ਉਸ ਦਾ ਨਿੱਕਾ ਭਰਾ ਸੀ। ਜੋ ਆਪਣੇ ਪਿਤਾ ਕੋਲ ਸੀ। ਇਹਦੀ ਉਮਰ ਬਾਈਆਂ ਤੇਈਆਂ ਸਾਲਾਂ ਦੀ ਹੋਵੇਗੀ। ਵਿਆਹ ਨੂੰ ਚਾਰ ਸਾਲ ਹੋ ਗਏ ਸਨ। ਪਤੀ ਤਰਖਾਣ ਦਾ ਕੰਮ ਕਰਦਾ ਸੀ। ਮੇਰੀ ਉਮਰ ਦਾ ਸੀ। ਇਹ ਉਸ ਨੂੰ ਯਾਦ ਕਰਕੇ ਵਿਚੋਲੇ ਨੂੰ ਬੁਰਾ ਭਲਾ ਕਹਿੰਦੀ ਕਿ ਮੈਨੂੰ ਉਸ ਬੁਧੂ ਨਾਲ ਵਿਆਹ ਦਿੱਤਾ। ਇਹ ਗੱਲਾਂ ਸਾਡਿਆਂ ਸਾਰਿਆਂ ਵਿਚ ਉਸ ਨੇ ਕਹੀਆਂ ਸਨ। ਰਾਵਲਪਿੰਡੀਉਂ ਆਏ ਸਨ। ਉਥੇ ਇਸ ਦੇ ਪਿਤਾ ਦਾ ਇੱਟਾਂ ਦੇ ਭੱਠੇ ਦਾ ਕੰਮ ਸੀ।

ਭੂਆ ਦੇ ਵਿਹੜੇ ਵਿਚ ਨਿੱਕੀ ਕੰਧ ਟੱਪ ਕੇ ਨਾਲ ਦੇ ਘਰ ਉਸ ਮੁਟਿਆਰ ਨੇ ਜਾਣਾ ਸੀ। ਮੈਂ ਨਾਲ ਹੋ ਕੇ ਇਕ ਪੈਰ ਉਸ ਦਾ ਆਪਣੇ ਸੱਜੇ ਪੱਟ ਉਤੇ ਰਖਾਇਆ ਖੱਬੇ ਹੱਥ ਦੂਜਾ ਪੈਰ ਸੰਭਾਲ ਕੇ ਕੰਧ ਟਪਾ ਦਿੱਤੀ। ਦੂਜੇ ਬੰਨੇ ਉਤਰ ਕੇ ਉਹ ਆਪਣੇ ਕਮਰੇ ਵਿਚ ਚਲੀ ਗਈ। ਅਜੇ ਤੱਕ ਮੇਰੇ ਸੱਜੇ ਪੱਟ ਉਤੇ ਅਤੇ ਖੱਬੇ ਹੱਥ ਉਤੇ ਉਹਦੇ ਪੈਰਾਂ ਦੇ ਦਾਗ਼ ਪਏ ਹਨ। ਇਹ ਕਿਹੋ ਜਿਹੀ ? ਬਿਲਕੁਲ ਪੀਲੂ ਸ਼ਾਇਰ ਦਿਆਂ ਸਾਹਿਬਾਂ ਦੇ ਸ਼ੇਅਰਾਂ ਵਰਗੀ ਜਿਵੇਂ :-

ਸਾਹਿਬਾਂ ਗਈ ਬਜਾਰ ਨੂੰ ਗਈ ਪਸਾਰੀ ਦੀ ਹੱਟ
ਤੇਲ ਤਲੰਦਾਂ ਭੁੱਲਾ ਬਾਣੀਆਂ ਦਿੱਤਾ ਸ਼ਹਿਦ ਪਲੱਟ
ਹਾੜ ਨਾ ਜਾਵੇ ਤੱਕੜੀ ਤੋਲ ਨਾ ਜਾਵੇ ਵੱਟ
ਵਣਜ ਗਵਾ ਲਏ ਬਾਣੀਏ ਬਲਦ ਗਵਾ ਲਏ ਜੱਟ
ਨੌ ਸੌ ਨਾਗਾਂ ਪਿੜ ਰਿਹਾ ਹੋ ਗਏ ਚੌੜ ਚਪੱਟ
ਮਿਰਜੇ ਤੇ ਸਾਹਿਬਾਂ ਦੀ ਦੋਸਤੀ ਰਹੇਗੀ ਸਦਾ ਅਟੱਲ।

ਇਹ ਸੀ ਮੇਰੀ ਕਵਿਤਾ ਅਤੇ ਸਾਹਿਤ ਦੀ ਹੀਰੋ। ਜਿਸ ਦਾ ਨਾਂ ਮੈਂ 'ਟੁਟਦੇ ਜੁੜਦੇ ਜਿਸਮ' ਨਾਵਲ ਵਿਚ ਰੂਪਾ ਰਖਿਆ ਹੈ। ਇਹ ਨਾਵਲ ਦੀ ਹੀਰੋ ਹੈ। ਮੇਰੀ ਸਿਆਸੀ ਜ਼ਿੰਦਗੀ ਦਾ ਨਾਵਲ ਹੈ 'ਅਧੂਰਾ ਸਫ਼ਰ' ਅਤੇ ਰੁਮਾਂਟਿਕ ਜੀਵਨ ਦਾ 'ਟੁਟਦੇ ਜੁੜਦੇ ਜਿਸਮ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੰਧੀਵੇ ਦੌਰ

ਡੇਰੇ ਬਾਬੇ ਨਾਨਕ ਆ ਕੇ ਹਰਬੰਸ ਸਿੰਘ ਸੋਢੀ, ਕਾ: ਦੀਵਾਨ ਸਿੰਘ, ਜੈਪਾਲ, ਦਰਸ਼ਨ, ਅਮਰ ਚਿਤਰਕਾਰ ਹੋਰ ਪੰਜ ਛੇ ਕਾਮਰੇਡ ਇਕੱਠੇ ਕੀਤੇ। ਮੀਟਿੰਗ ਵਿਚ ਫੈਸਲਾ ਲਿਆ — ਅਸਾਂ ਪਾਰਟੀ ਨਾਲ ਰਹਿਣਾ ਹੈ, ਲਾਲ ਨਾਲ ਨਹੀਂ ਜਾਣਾ।......ਅੰਮ੍ਰਿਤਸਰ ਸੂਬਾ ਆਫ਼ਿਸ ਪੁਤਲੀਘਰ ਗਿਆ ਉਹ ਖ਼ੁਸ਼ ਹੋਏ। ਸਿਰਫ ਮੇਰਾ ਸਿੱਲ ਹੀ ਜਿਲ੍ਹੇ ਵਿਚ ਪਾਰਟੀ ਨਾਲ ਰਿਹਾ ਸੀ। ਜਿਲ੍ਹੇ ਵਿਚੋਂ ਫਿਰਿਆ ਕਾ: ਬਿਸ਼ਨ ਸਿੰਘ, ਕਾ: ਪਿਆਰਾ ਸਿੰਘ ਡਿਉੜਾ ਗਵਾਰ ਦਾ ਕਾ: ਦਲੀਪ ਸਿੰਘ ਢਾਂਡਾ। ਹੋਰ ਕੁਝ ਸਾਥੀ। ਸਾਰੇ ਪੰਦਰਾਂ ਸੋਲ੍ਹਾਂ 'ਕੱਠੇ ਹੋ ਗਏ। ਕਾ: ਆਨੰਦ ਆਇਆ ਮੇਰੇ ਸਹੁਰਿਆਂ ਦੇ ਘਰ ਜਿਲ੍ਹਾ ਕਾਂਗਰਸ ਹੋਈ। ਮੈਂ ਸੈਕਟਰੀ ਬਣਿਆ। ਸਾਡੇ ਜਿਲ੍ਹੇ ਦਾ ਸੂਬੇ ਵਲੋਂ ਦਲੀਪ ਸਿੰਘ ਟਪਿਆਲਾ ਆਰਗਨਾਇਜ਼ ਕਰਨ ਲੱਗਾ। ਕਲਕੱਤੇ ਪਾਰਟੀ ਕਾਂਗਰਸ ਹੋਈ। ਜੋਸ਼ੀ ਹਟਿਆ। ਰੰਧੀਵੇ ਜਨਰਲ ਸੈਕਟਰੀ ਬਣਿਆ। ਨਾਹਰਾ ਲਾਇਆ। ਇਹ ਆਜ਼ਾਦੀ ਝੂਠੀ ਹੈ ਇਨਕਲਾਬ ਲਿਆਉਣਾ ਹੈ। ਅਸਲੀ ਆਜ਼ਾਦੀ ਲਿਆਉਣੀ ਹੈ। ਪੁਲਿਸ ਦਾ ਮੁਕਾਬਲਾ ਕਰੋ। ਆਲ ਇੰਡੀਆ ਰੇਲਵੇ ਹੜਤਾਲ ਦਾ ਦਿਨ ਮਿੱਥ ਦਿੱਤਾ। ਕੌਮੀ ਸਰਕਾਰ ਨੇ ਵੱਡੇ ਕਾਮਰੇਡ ਬੈਠੇ ਤੇ ਤੁਰਦੇ-ਫਿਰਦੇ ਬੋਚ ਲਏ। ਜਿਲ੍ਹੇ ਵਿਚ ਮੈਂ ਤੇ ਕਾ: ਟਪਿਆਲਾ ਮਫਰੂਰ ਹੋ ਗਏ। ਬਿਸ਼ਨ ਸਿੰਘ ਫੜਿਆ ਗਿਆ।......ਇਹ ਸਭ ਮੈਂ ਅਧੂਰੇ ਸਫ਼ਰ ਨਾਵਲ ਵਿਚ ਲਿਖ ਚੁੱਕਾ ਹਾਂ।

ਮੈਂ ਪਠਾਨਕੋਟ ਲਾਗੇ ਚੱਕੀ ਤੋਂ ਉਤੇ ਕਰਕੇ ਇਕ ਪਿੰਡ ਹੈ ਕੌਤਰ ਪੁਰਾ। ਉਥੇ ਅੰਮ੍ਰਿਤਸਰ ਦਾ ਕਾ: ਸਾਧੂ ਸਿੰਘ। ਉਹਦੀ ਉਥੇ ਜ਼ਮੀਨ ਤੇ ਰਿਹਾਇਸ਼ ਸੀ। ਅੰਮ੍ਰਿਤਸਰ ਵੀ ਕਦੇ ਆਉਂਦਾ। ਵਿਆਹ ਤੋਂ ਕੋਰਾ। ਬੇ-ਬਾਕ, ਬੇ-ਡਰ, ਬੇ-ਧੜਕ, ਅਲਬੇਲਾ, ਅਧਖੜ ਗਰਿਸਤੀ ਗੁਜ਼ਾਰਾ ਕਿਤੇ ਨਾ ਕਿਤੇ ਲੱਭ ਲੈਂਦਾ। ਸੁਤੰਤਰ ਸੰਗਰਾਮੀ। ਕਦੇ ਆਪਣੇ ਪਿੰਡ ਅੰਮ੍ਰਿਤਸਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜ਼ਿਲ੍ਹੇ ਵਿਚ ਉਸ ਨੇ ਆਏ ਅੰਗਰੇਜ਼ ਡੀ.ਸੀ. ਨੂੰ ਜੁੱਤੀਆਂ ਮਾਰੀਆਂ ਸੀ, ਕੈਦ ਕੱਟੀ ਸੀ। ਹੋਰਨਾਂ ਮੋਰਚਿਆਂ ਵਿਚ ਵੀ ਕਾ: ਸੋਹਣ ਸਿੰਘ ਜੋਸ਼ ਦਾ ਉਪਾਸ਼ਕ ਉਸ ਨੂੰ ਮਖੌਲ ਵੀ ਕਰ ਲੈਂਦਾ।

ਪਹਿਲਾਂ ਜਿਥੇ ਸਰਨਿਉਂ ਉਤਰ ਕੇ ਪਹੁੰਚਾ ਉਹ ਵੀ ਕਿਸੇ ਦੇ ਨਾਂ ਉਤੇ ਲਾਹੜੀ ਪਿੰਡ ਅਖਵਾਉਂਦਾ ਸੀ। ਮੈਂ ਪੁਛਦਾ-ਪੁਛਦਾ ਉਥੇ ਚਲਿਆ ਗਿਆ। ਉਵੇਂ ਇਕ ਸਾਡੀ ਬਰਾਦਰੀ ਦਾ ਬਣਿਆ ਤਣਿਆ ਤਹੱਮਲ ਮਜਾਜੀ ਵਾਲਾ ਗਿਆਨੀ ਰਹਿੰਦਾ ਸੀ। ਉਦੋਂ ਇੱਧਰ ਆਮ ਸਾਰੇ ਪਿੰਡ ਝੁੱਗੀਆਂ ਵੱਡੀਆਂ ਨਿੱਕੀਆਂ ਦੇ ਬਣੇ ਹੁੰਦੇ ਸਨ। ਇਕ ਚੰਗੀ ਜ਼ਮੀਨ ਦਾ ਮਾਲਕ। ਰਾਜਪੂਤ ਚੌਧਰੀ ਮਰ ਚੁਕਾ ਸੀ। ਉਹਦੀ ਚੌਧਰਾਣੀ ਨੇ ਗਿਆਨੀ ਨੂੰ ਕਰਿੰਦਾ ਰਖਿਆ ਹੋਇਆ ਸੀ। ਗਿਆਨੀ ਜਿਥੇ ਚੌਧਰਾਣੀ ਦੀ ਜ਼ਮੀਨ ਸਾਂਭਦਾ ਉਥੇ ਚੌਧਰਾਣੀ ਨੂੰ ਵੀ ਸਾਂਭਦਾ।......ਰਾਤ ਰਿਹਾ ਦਿਨੇ ਬਾਲਟੀ, ਰੱਸੀ, ਸਾਬਣ, ਤੇਲ ਨੌਕਰ ਨੂੰ ਦੇ ਮੈਨੂੰ ਖੂਹੀ ਉਤੇ ਨਹਾਉਣ ਲਈ ਘੱਲ ਦਿੱਤਾ। ਕੁਝ ਲੋਕ ਪਾਣੀ ਭਰ ਰਹੇ ਸਨ। ਜਦ ਖੂਹੀ ਵਿਹਲੀ ਹੋਈ ਤਾਂ ਇਕ ਮਾੜਾ ਜਿਹਾ ਬੁੱਢੜਾ ਘੜਾ ਲੈ ਕੇ ਬੈਠਾ ਰਿਹਾ। ਮੈਂ ਪੁੱਛਿਆ -- ਭਾਈ ਤੂੰ ਵੀ ਭਰ ਲੈ। ਮੈਂ ਫਿਰ ਨਹਾਉਣਾ ਹੈ।......ਉਹਨੇ ਉੱਤਰ ਦਿੱਤਾ — ਜੀ ਕੋਈ ਘੜਾ ਭਰ ਦੇਵੇਗਾ ਤਾਂ ਮੈਂ ਜਾਵਾਂਗਾ।......"ਤੂੰ ਆਪ ਕਿਉਂ ਨਹੀਂ ਭਰ ਲੈਂਦਾ ?" "ਖੂਹੀ ਉਤੇ ਨਹੀਂ ਚੜ੍ਹ ਸਕਦਾ।"......"ਤੂੰ ਕੌਣ ਹੈਂ ?"......"ਮੈਂ ਜੀ ਤਰਖਾਣ ਹਾਂ।"......ਮੈਂ ਉਸ ਨੂੰ ਆਪ ਘੜਾ ਭਰ ਦਿੱਤਾ। ਨੌਕਰ ਮੈਨੂੰ ਪਾਣੀ ਕੱਢ ਕੇ ਨਵਾਹ ਰਿਹਾ ਸੀ। ਮੈਂ ਵੀ ਤਰਖਾਣ ਗਿਆਨੀ ਵੀ ਤਰਖਾਣ ਇਕ ਅਛੂਤ ਵੀ ਤਰਖਾਣ ? ਇਕ ਗੁਰੂ ਨਾਨਕ ਦਾ ਸ਼ਲੋਕ ਮੇਰੇ ਅੰਦਰ ਘੁੰਮਿਆ —- 'ਜਿਸ ਹੱਥ ਜੋਰ ਕਰ ਵੇਖੇ ਸੋਇ ਨਾਨਕ ਉਤਮ ਨੀਚ ਨਾ ਕੋਇ'।

ਉਥੋਂ ਗਿਆਨੀ ਨੇ ਮੈਨੂੰ ਕੋਟਕਪੂਰੇ ਘੱਲ ਦਿੱਤਾ। ਵਗਦੀ ਚੱਕੀ ਨਦੀ ਟੱਪਣੀ ਪਈ। ਇਹੋ ਜਿਹੇ ਇਲਾਕੇ ਵਿਚ ਜਿਹੜਾ ਗ਼ਰੀਬੀ ਦੇ ਨਿੱਕੇ ਹੋਣ ਦੇ ਰੂਹਾਨੀ ਗੁਲਾਮੀ ਥੱਲੇ ਦਬਿਆ ਪਿਆ ਸੀ ਪਹਿਲੀ ਵਾਰੀ ਵੇਖਣ ਤੇ ਵਿਚਰਣ ਵਿਚ ਆਇਆ। ਕੋਟਕਪੂਰਾ ਮੇਰਾ ਹੈਡ ਕੁਆਟਰ ਬਣ ਗਿਆ। ਏਥੋਂ ਹੀ ਸਾਰੇ ਜ਼ਿਲ੍ਹੇ ਵਿਚ ਫਿਰਦਾ। ਫਤੇਹਗੜ੍ਹ ਚੂੜੀਆਂ ਤੱਕ। ਕੋਟਕਪੂਰੋਂ ਅੱਗੇ ਅੱਡੇ ਖੇਹੜੇ ਟੱਪ ਕੇ ਰਮਦਾਸੀਆਂ ਦੀਆਂ ਨਿੱਕੀਆਂ ਝਾੜੀਆਂ ਸਨ ਉਥੇ ਖ਼ੂਬ ਰਹਿੰਦਾ। ਸਰਨੇ ਦੇ ਇਲਾਕੇ ਵਿਚੋਂ ਲੰਘਦੀ ਨਹਿਰ ਦੇ ਕੰਢੇ ਇਕ ਨਿੱਕੀ ਜਿਹੀ ਬਸਤੀ ਸੀ ਸ਼ਰਨਾਰਥੀਆਂ ਦੀ ਜੋ ਪ੍ਰਦੇਸ਼ ਤੋਂ ਆਏ ਹੋਏ ਸਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਹੁਤੇ ਬ੍ਰਾਹਮਣ ਉਹਨਾਂ ਦਾ ਨਾਂ ਮੈਨੂੰ ਯਾਦ ਨਹੀਂ ਇਕ ਅਧਖੜ ਪੰਡਤ ਸੀ ਬਸ ਪੱਕਾ ਸਿਰੜੀ ਕਾਮਰੇਡ। ਕਣਕ ਮਿਲਦੀ ਨਹੀਂ ਸੀ। ਛੋਲਿਆਂ ਦੀ ਰੋਟੀ ਖਾਂਦੇ। ਮੇਰੇ ਨਾਲ ਪੰਡਤ ਦਾ ਪਿਉ ਪੁੱਤ ਵਾਲਾ ਪਿਆਰ ਹੋ ਗਿਆ। ਉਹਦੇ ਲਾਗੇ ਇਕ ਸਰਦਾਰ ਜਗੀਰਦਾਰ ਸੀ। ਖਾਣ-ਪੀਣ ਵਾਲਾ ਦਲੇਰ ਕਾ: ਟਪਿਆਲੇ ਦਾ ਆਸ਼ਿਕ। ਕੌਤਰਪੁਰੀਆਂ ਦੇ ਉਤ ਪੁਣੇ ਦਾ ਯਾਰ। ਮੇਰੇ ਨਾਲ ਪਿਆਰ ਤੇ ਤਰਸ ਰੱਖਦਾ। ਇਥੇ ਟਪਿਆਲਾ ਬਹੁਤਾ ਰਹਿੰਦਾ ਜਾਂ ਕੌਤਰਪੁਰੇ। ਸਾਰੇ ਜਿਲ੍ਹੇ ਵਿਚ ਫਿਰਦਾ। ਬੜੇ ਬੜੇ ਮਫਰੂਰ ਕਾਮਰੇਡ ਇਸ ਪਿੰਡ ਅਤੇ ਕੌਤਰਪੁਰੇ ਆਉਂਦੇ। ਕੁਝ ਦਿਨ ਆਰਾਮ ਕਰਦੇ। ਬਾਬਾ ਗੁਰਮੁਖ ਸਿੰਘ। ਕਾ: ਸਵਰਨ ਸਿੰਘ ਭੰਗਾਲੀ ਹੋਰ ਕਈ। ਪੁਲਿਸ ਨਾਲ ਵੀ ਕਾ: ਸਾਧੂ ਸਿੰਘ ਦੀ ਚੰਗੀ ਬਣੀ ਹੋਈ ਸੀ। ਇਸ ਦਾ ਲਾਭ ਪਾਰਟੀ ਨੂੰ ਬੜਾ ਸੀ।

ਪੰਡਤ ਜੀ ਤੇ ਮੈਂ ਇਸ ਇਲਾਕੇ ਵਿਚ ਰਾਤ ਨੂੰ ਵਿਚਰਦੇ। ਮੀਟਿੰਗਾਂ ਕਰਦੇ। ਮੈਂ ਜਮਾਤਾਂ ਉਤੇ ਬੋਲਦਾ। ਇਕ ਲੁਟਣ ਵਾਲੀ ਇਕ ਲੁਟੀ ਜਾਣ ਵਾਲੀ। ਕਿਹੜੀ ਸ਼ਕਤੀ ਹੈ, ਜਿਹੜੀ ਦੋ, ਅਠਾਨਵਿਆਂ ਨੂੰ ਲੁੱਟੀ ਜਾਂਦੇ ਹਨ। ਦਿਨੇ ਮੈਂ ਪੜ੍ਹਦਾ ਰਹਿੰਦਾ। ਜਾਂ ਪੰਡਤ ਨਾਲ ਨਹਿਰ ਵਿਚ ਨਹਾ ਲੈਂਦਾ। 'ਤਾਰੀਆਂ' ਨਾਂ ਦੀ ਕਹਾਣੀ ਵੀ ਇਕ ਉਦੋਂ ਲਿਖੀ ਸੀ। ਉਹ ਕਿਤੇ ਛਪੀ ਨਹੀਂ ਹੈ। ਕਵਿਤਾਵਾਂ ਕਈ ਲਿਖਦਾ। ਕਈ ਦਿਨ ਕਾ: ਢਾਂਡੇ ਨਾਲ ਆ ਕੇ ਫਿਰਦਾ। ਪਿਆਰਾ ਡੇਉੜਾ ਗਵਾਰ ਕਦੇ ਕਦੇ ਆਪਣੇ ਘਰ ਕਾਮਰੇਡਾਂ ਦੀ ਮੀਟਿੰਗ ਕਰਾ ਛੱਡਦਾ ਅਤੇ ਆਪਣੀ ਅਕਲ ਦਾ ਮੁਜਾਰਾ ਕਰਦਾ। ਕਾ: ਦਲੀਪ ਸਿੰਘ ਤੋਂ ਬਿਨਾਂ ਕਿਸੇ ਨੂੰ ਚੰਗਾ ਨਾ ਲਗਦਾ। ਇਕ ਵਾਰੀ ਲੁਕਦੇ-ਲੁਕਾਉਂਦੇ ਉਹਦੇ ਪਿੰਡ ਮੀਟਿੰਗ ਕੀਤੀ। ਇਕ ਕਤੂਰਾ ਘਰ ਦੇ ਅੰਦਰ ਆ ਵੜੇ, ਮਾੜਾ ਮਾੜਾ ਮੀਂਹ ਵਰ੍ਹੇ। ਦੋ ਵਾਰੀ ਉਸ ਨੂੰ ਵਰਜਿਆ ਉਹ ਫੇਰ ਆ ਗਿਆ। ਫੜ ਕੇ ਗਵਾਰ ਨੇ ਡਾਂਗ ਮਾਰੀ ਉਹਨੂੰ ਮਾਰ ਦਿੱਤਾ। ਰਾਕਸ਼ਾਂ ਵਾਲਾ ਹਾਸਾ ਹੱਸ ਕੇ ਸਾਥੀਆਂ ਵੱਲ ਅੱਖਾਂ ਕੱਢ ਬੋਲਿਆ — ਹੋ ਗਿਆ ਬੰਨੇ ਜਦ ਵੀ ਉਹ ਮੈਨੂੰ ਯਾਦ ਆਉਂਦਾ ਹੈ ਇਹੋ ਸੋਚਦਾਂ ਹਾਂ ਇਹੋ ਜਿਹਾ ਵੀ ਕਾਮਰੇਡ ਹੋ ਸਕਦਾ ਹੈ। ਪਾਰਟੀ ਨਾਲ ਲੱਗ ਉਸ ਦੋ ਕਿੱਲਿਆਂ ਦੇ ਕਈ ਕਿੱਲੇ ਬਣਾ ਲਏ ਹਨ। ਉਹ ਹੁਣ ਧਨੀ ਕਿਸਾਨ ਹੈ। ਮਾਰਕਸੀ ਪਾਰਟੀ ਨੂੰ ਭਾਗ ਲਾਉਂਦਾ ਹੈ। ਇਕ ਵਾਰੀ ਬਰਸਾਤ ਵਿਚ ਚੱਕੀ ਨਦੀ ਚੜ੍ਹੀ ਹੋਈ ਸੀ। ਉਰਲੇ ਪਾਸੇ ਘਰੋਟਾ ਪਿੰਡ ਸੀ। ਮੈਂ ਚੱਕੀ ਲੰਘ ਕੇ ਕੌਤਕਪੁਰੇ ਜਾਣਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਨੂੰ ਕਿਸੇ ਨੇ ਆਖਿਆ — ਪੁਲਿਸ ਘਰੋਟੇ ਆ ਰਹੀ ਹੈ ਤੁਸੀਂ ਨਿਕਲ ਜਾਉ। ਗੁਜ਼ਾਰੇ ਜੋਗਾ ਤਰਨਾ ਜਾਣਦਾ ਸਾਂ। ਮੋਢੇ ਥੈਲਾ ਪਾਇਆ ਚਾਦਰ ਲਪੇਟੀ ਬੂਟਾਂ ਸਣੇ ਚੱਕੀ ਵਿਚ ਕੁੱਦ ਪਿਆ। ਤੇੜ ਖਾਕੀ ਨਿੱਕਰ। ਚੱਕੀ ਪਹਾੜੀ ਬਹੁਤ ਤੇਜ਼ ਨਦੀ ਹੈ। ਉਸ ਨੇ ਮੇਰੇ ਪੈਰ ਉਖੇੜ ਦਿੱਤੇ। ਮੈਂ ਘਾਬਰਿਆ ਨਹੀਂ। ਇਕ ਹੱਥ ਮਾਰਦਾ-ਮਾਰਦਾ ਦੂਰ ਕਿਨਾਰੇ ਪਾਰ ਲੱਗ ਗਿਆ। ਪਰਲੇ ਪਾਸੇ ਚਾਰ ਪੰਜ ਬੰਦੇ ਵੇਖ ਰਹੇ ਸਨ। ਕੰਢੇ ਉਤੇ ਪਹੁੰਚ ਕੇ ਠੀਕ ਠਾਕ ਹੋ ਕੇ ਤੁਰਿਆ। ਉਹ ਬੰਦੇ ਮੇਰੇ ਕੋਲ ਆਏ — ਵਾਹ ਸਰਦਾਰ ਕਮਾਲ ਕਰ ਦਿੱਤੀ ਜੇ ਹੌਂਸਲਾ ਬੜਾ ਹੈ ਤੁਹਾਡਾ। ਇਹਨਾਂ ਦੀ ਡੋਗਰੀ ਵਰਗੀ ਬੋਲੀ। ਮੈਂ ਕੋਤਰਪੁਰੇ ਪਹੁੰਚ ਕੇ ਜੋ ਆਪਣੀ ਕਾਪੀ ਵਿਚ ਲਿਖਿਆ ਉਹ ਇਹ ਸੀ। ਕਾਪੀ ਵੀ ਭਿੱਜ ਗਈ ਸੀ।

18.7.49 ਸੋਮਵਾਰ ਤਿੰਨ ਸੌਣ ਮੈਂ ਕੋਤਰਪੁਰੇ ਆਉਂਦਾ ਚੱਕੀ ਵਿਚ ਰੁੜ ਗਿਆ, ਕਿਨਾਰੇ ਤੋਂ ਥੋੜ੍ਹਾ ਹੀ ਫ਼ਾਸਲਾ ਸੀ ਜਿਸ ਲਈ ਮੈਂ ਕੰਢੇ ਤੇ ਲਗ ਸਕਿਆ। ਤੇ ਨਾਲ ਇਹ ਕਿ ਮੈਂ ਤਰਨਾ ਜਾਣਦਾ ਸਾਂ। ਕੋਠੇ ਵਾਲਿਆਂ ਨੂੰ ਪੁਲਿਸ ਸੱਦ ਕੇ ਲੈ ਗਈ ਸੀ ਅੰਬ ਵੱਢਣ ਬਾਰੇ। ਮੈਂ ਉਥੋਂ ਇਸ ਲਈ ਕਿ ਕੋਈ ਦੇਖ-ਭਾਲ ਕਰਨ ਨਾ ਜਾਏ ਦਲੇਰੀ ਕੀਤੀ ਮੇਰੇ ਇਕ ਹੱਥ ਨਿੱਕਰ ਬਾਲ ਸਿੰਘ ਨੇ ਦਿੱਤੀ ਸੀ। ਤੇ ਉਸੇ 'ਚ ਹੀ ਚਪਲੀ ਤੇ ਥੈਲਾ। ਥੈਲੇ ਵਿਚ ਇਕ ਕਾਪੀ ਸੀ। ਕਾਪੀ ਵਿਚ ਹੀ ਹਿਸਾਬ-ਕਿਤਾਬ ਸੀ। ਕਾਗ਼ਜ਼ ਪੱਤਰ ਸਨ। ਮੈਂ ਰੁੜਦਾ ਹੋਇਆ ਘਾਬਰ ਜ਼ਰੂਰ ਗਿਆ ਪਰ ਅਕਲ ਤੇ ਹੌਂਸਲਾ ਮੈਂ ਨਹੀਂ ਛੱਡਿਆ। ਤੇ ਇਕ ਹੱਥ ਨਾਲ ਹੀ ਕੋਸ਼ਿਸ਼ ਕਰਦਾ ਕੰਢੇ ਤੇ ਆ ਲੱਗਾ। ਨਿੱਕਰ ਰੁੜ ਗਈ। ਘੜੀ ਵਿਚ ਪਾਣੀ ਪੈਣ ਕਰਕੇ ਖ਼ਰਾਬ ਹੋ ਗਈ। ਹੋਰ ਸਭ ਕੁਝ ਮੈਂ ਨਹੀਂ ਛੱਡਿਆ। ਮੇਰੇ ਪੈਰਾਂ ਦੀਆਂ ਉਂਗਲਾਂ ਪੱਥਰਾਂ ਨਾਲ ਵੱਜ ਵੱਜ ਕੇ ਪੱਛੀਆਂ ਗਈਆਂ ਹਨ। ਵੇਖਣ ਵਾਲੇ ਕੁਝ ਲੋਕਾਂ ਨੇ ਮੈਨੂੰ ਦਲੇਰ ਤੇ ਬਹਾਦਰ ਮੰਨਿਆ ਕਿ ਮੈਂ ਕਪੜਿਆਂ ਸਣੇ ਹੀ ਠਿੱਲ ਪਿਆ ਸਾਂ। ਮੈਨੂੰ ਲੰਘਣ ਲਗਿਆਂ ਅਚਾਨਕ ਹੀ ਰੋਹੜੂ ਪਾਣੀ ਨੇ ਘੇਰ ਲਿਆ ਸੀ। ਮੇਰੇ ਪੈਰ ਉਖੜ ਗਏ। ਮੈਂ ਸਿਰਫ਼ ਇਹੋ ਹੀ ਸੋਚਿਆ ਮੈਨੂੰ ਅਜੇ ਨਹੀਂ ਮਰਨਾ ਚਾਹੀਦਾ। ਤੇ ਮੈਂ ਹਿੰਮਤ ਕੀਤੀ ਤੇ ਸਹੀ ਸਲਾਮਤ ਕੋਤਰਪੁਰੇ ਪੁੱਜ ਗਿਆ। ਮੈਂ ਅੱਗੋਂ ਲਈ ਅਕਲ ਪਾਈ ਹੈ ਕਿ ਚੱਕੀ ਕੀ ਚੀਜ਼ ਹੈ। ਮੈਂ ਪਰੇ ਵੀ ਨਹੀਂ ਜਾ ਸਕਦਾ ਸੀ। ਇਸ ਤਰਫ਼ ਅਖ਼ਬਾਰਾਂ ਦਾ ਚੰਦਾ ਘੱਲਣ ਦਾ ਪ੍ਰੋਗਰਾਮ ਸੀ ਇਸ ਲਈ ਮੁੜਿਆ ਸਾਂ। ਅਜੇ ਤਕ ਮੇਰੀ ਹਿੱਕ ਧੜਕ ਰਹੀ ਹੈ। ਪਰ ਡਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਾਂ ਸਹਿਮ ਜਾਂ ਹੋਰ ਕੋਈ ਪਛਤਾਵਾ ਮੇਰੇ ਦਿਲ ਵਿਚ ਨਹੀਂ । ਨਾ ਹੀ ਕੋਈ ਪਾਰਟੀ ਕੰਮ ਲਈ ਅਣਗਹਿਲ ਹੋਣ ਦੀ ਚਿੰਤਾ ਉਠੀ ਹੈ । ਸਿਰਫ਼ ਇਕ ਪ੍ਰਣ ਕੀਤਾ ਹੈ ਕਿ ਅੱਗੇ ਤੋਂ ਕਦੀ ਚੱਕੀ ਦਾ ਉਤਰ ਰਿਹਾ ਹੜ੍ਹ ਦੇਖੇ ਬਗੈਰ ਵਾਕਫ਼ੀਅਤ ਤੋਂ ਇੰਜ ਨਾ ਕਰਾਂ ।

ਅਜੇ ਮੈਂ ਇਨਕਲਾਬ ਦੇਖਣਾ ਸੀ । ਮੈਂ ਬਚਿਆ ਹਾਂ । ਆਸ ਬੱਝ ਗਈ ਹੈ ਮੈਨੂੰ ਕੋਈ ਦੁਸ਼ਮਣ ਇਨਕਲਾਬ ਦੇ ਦੌਰਾਨ ਵਿਚ ਨਹੀਂ ਮਾਰ ਸਕੇਗਾ । ਮੈਂ ਆਪਣੀ ਮੰਜ਼ਿਲ ਤੇ ਅੱਪੜ ਕੇ ਹੀ ਮਰਾਂਗਾ । ਕਮਿਊਨਿਸਟ ਪਾਰਟੀ ਜ਼ਿੰਦਾਬਾਦ ।

(ਯਾਰਾਂ ਵਜ ਕੇ ਦਸ ਮਿੰਟ ਤੇ ਘੜੀ ਖਲੋਤੀ ਹੋਈ ਸੀ) ।

ਪਠਾਨਕੋਟ ਰੇਲਵੇ ਯਾਰਡ ਦੇ ਬਾਹਰਲੇ ਪਾਸੇ ਦੋ ਮਾਲ ਗੱਡੀਆਂ ਸਨ । ਇਕ ਵਿਚ ਈਸਾਈ ਜੋੜਾ ਰਹਿੰਦਾ ਸੀ । ਉਹਨਾਂ ਕੋਲ ਮੈਂ ਰਹਿੰਦਾ । ਉਸ ਕਾਮਰੇਡ ਨਾਲ ਲੁਕ ਛੁੱਪ ਕੇ ਹੜਤਾਲ ਲਈ ਮਜ਼ਦੂਰਾਂ ਨੂੰ ਮਿਲਦਾ । ਉਹਨਾਂ ਦਾ ਇਕ ਬੱਚਾ ਵੀ ਸੀ । ਰੋਟੀ ਟੁੱਕ ਉਹਨਾਂ ਕੋਲੋਂ ਖਾਂਦਾ । ਮੈਂ ਬਥੇਰੀ ਝੱਖ ਮਾਰੀ ਨਾ ਹੜਤਾਲ ਹੋਣੀ ਸੀ ਨਾ ਹੋਈ । ਇਹ ਸੈਂਟਰ ਪਾਰਟੀ ਦਾ ਨਾਅਰਾ ਸੀ । ਕੁਲ ਹਿੰਦ ਹੜਤਾਲ ਦਾ । ਉਥੇ ਹੋਰ ਟਿਕਾਣਾ ਸੀ ਕਾ: ਮੋਹਣ ਸਿੰਘ ਦੇ ਭਰਾ ਕੋਲ ਜਿੰਨਾਂ ਦੀ ਰੇੜ੍ਹੀਆਂ ਮੁਰੰਮਤ ਕਰਨ ਦੀ ਦੁਕਾਨ ਸੀ । ਉਥੇ ਇਕ ਵਾਰੀ ਕਾ: ਗੁਰਬਖ਼ਸ਼ ਦਿਵਾਨ ਵੀ ਗਿਆ ਸੀ । ਚੱਕੀ ਰੋਡ ਉਤੇ ਖੱਲਾਂ ਧੋਣ ਵਾਲਿਆਂ ਦੀ ਇਕ ਜਗ੍ਹਾ ਹੈ । ਉਥੇ ਉਦੋਂ ਸੰਢੇ ਜੋ ਕਿ ਨਿੱਕੀ ਜਿਹੀ ਲਾਈਨ ਉਤੇ ਨਿੱਕੇ ਨਿੱਕੇ ਰੇਹੜੇ ਜਿੰਨਾਂ ਨੂੰ ਸੰਢੇ ਖਿਚਦੇ । ਚੱਕੀ ਨਦੀ ਵਿਚੋਂ ਰੇੜ੍ਹੀ ਲਿਆਉਂਦੇ ਉਹਨਾਂ ਵਿਚ ਬਜ਼ੁਰਗ ਦੇਸ਼ ਭਗਤ ਬਾਬਾ ਸੀ ਉਹਨਾਂ ਕੋਲ ਰਹਿੰਦਾ । ਫੁੱਫੜ ਜਗਤ ਸਿੰਘ ਚੱਕੀ ਲਾਗੇ ਐਮ.ਈ.ਐਸ. ਵਿਚ ਕੰਮ ਕਰਦਾ ਸੀ । ਪਾਣੀ ਵਾਲੀ ਟਾਂਕੀ ਦੀਆਂ ਡਾਟਾਂ ਵਿਚੋਂ ਇਕ ਡਾਟ ਵਿਚ ਰਹਿੰਦਾ । ਮੇਰੇ ਨਾਲ ਉਸ ਦਾ ਮੁੱਢਲਾ ਮੋਹ ਸੀ । ਪਠਾਨਕੋਟ ਇਕ ਕਨਾਤਾਂ ਵਾਲਾ ਸਫਰੀ ਸਿਨੇਮਾ ਸੀ ਦਾਅ ਮਾਰ ਕੇ ਵੇਖ ਲੈਂਦਾ ਸ਼ਹੀਦ ਫ਼ਿਲਮ ਉਥੇ ਵੇਖੀ ।

ਸਾਈਕਲ ਉਤੇ ਤਿਬੜੀ ਪੱਤਣ ਉਤੇ ਜਾਂਦਾ । ਬੇੜੀ ਬਹਿ ਕੇ ਪਾਰ । ਉਥੋਂ ਮਕੇਰੀਆਂ ਬਿਸ਼ਨ ਸਿੰਘ ਕਾਮਰੇਡ ਦੇ ਦੂਰ ਵਾਲੇ ਰਿਸ਼ਤੇਦਾਰਾਂ ਕੋਲ ਸਾਈਕਲ ਰੱਖ ਕੇ ਆਪ ਸਿੱਧਾ ਜਲੰਧਰ ਛਾਉਣੀ ਰਾਹੀਂ ਦਿੱਲੀ ਪਹੁੰਚ ਜਾਂਦਾ । ਮਲੇਰੀਆ ਇੰਸਟੀਚਿਊਟ ਵਿਚ ਮੇਰੀ ਨਿੱਕੀ ਭੈਣ ਸਰਨੋ ਤੇ ਜੀਜਾ ਪੂਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਕਵਾਟਰ ਵਿਚ ਰਹਿੰਦੇ ਸਨ। ਜੀਜਾ ਉਥੇ ਨਿੱਕਾ ਡਾਕਟਰ ਲੱਗਾ ਹੋਇਆ ਸੀ। ਰੂਪਾ ਨੂੰ ਮਿਲਦਾ। ਰੂਪਾ ਦੀ ਦਰਾਣੀ ਦਾ ਭਰਾ ਪਾਰਲੀਮੈਂਟ ਹਾਊਸ ਵਿਚ ਬਿਜਲੀ ਮਕੈਨਿਕ ਸੀ। ਰੂਪਾ ਨੇ ਦਰਾਣੀ ਦੇ ਨਾਲ ਮੈਨੂੰ ਪਾਰਲੀਮੈਂਟ ਹਾਊਸ ਵਿਖਾਇਆ। ਵਿਚਕਾਰ ਕਰਕੇ ਚਾਰ ਥਾਂ ਐਸੇ ਸਨ ਜਿਥੇ ਗੁਲਾਬ ਲੱਗੇ ਹੋਏ। ਇਥੇ ਮੁਕੱਦਮੇ ਵੀ ਪੇਸ਼ ਹੁੰਦੇ। ਸ਼ਾਇਦ ਹਾਈਕੋਰਟ ਲਈ ਸਨ। ਬਿਰਲਾ ਮੰਦਰ, ਲਾਲ ਕਿਲਾ, ਜਮਨਾ ਦੇ ਕਿਨਾਰੇ ਜਿਥੇ ਹੁਣ ਵੱਡਾ ਬੱਸ ਸਟੈਂਡ ਹੈ ਇਥੇ ਬਾਗ਼ ਹੁੰਦਾ ਸੀ ਬੜੇ ਆਰਾਮ ਨਾਲ ਦੁਪਹਿਰਾਂ ਕੱਟਦੇ। ਉਸ ਦਾ ਪਤੀ ਮੇਰੇ ਉਤੇ ਪੂਰਾ ਭਰੋਸਾ ਕਰਦਾ। ਇਹ ਰੂਪਾ ਦੀ ਕਰਾਮਾਤ। ਮੇਰੇ ਤੇ ਖ਼ਰਚ ਕਰਦੀ। ਮੇਰੀਆਂ ਲੋੜਾਂ ਪੂਰੀਆਂ ਕਰਦੀ। ਕਰਾਇਆ ਦਿੰਦੀ। ਮੇਰੇ ਲਈ ਉਹ ਇਕ ਸ਼ਕਤੀ ਸੀ ਤੇ ਹੁਣ ਤਕ ਹੈ ਪਰ ਗਵਾਚੀ ਹੋਈ। ਉਸ ਦੀਆਂ ਗੱਲਾਂ, ਸੌਣਾ, ਫਿਰਨਾ ਖਵਾਉਣਾ ਹੋਰ ਪਤਾ ਨਹੀਂ ਕੀ ਕੀ ਉਸ ਵਿਚ ਸੀ। ਉਹ ਪੰਜਾਬ ਆਈ। ਉਸ ਦਾ ਇਲਾਜ ਗੁਰਦਾਸਪੁਰ ਵਾਲੀ ਡਾ: ਭਰਜਾਈ ਅਮਰਜੀਤ ਕੋਲੋਂ ਕਰਵਾਇਆ ਉਸ ਕਰਕੇ ਉਹਨੂੰ ਦਿੱਲੀ ਲੜਕੀ ਹੋਈ, ਉਦੋਂ ਡਾ: ਭਰਜਾਈ ਹੋਰੀਂ ਵੀ ਦਿੱਲੀ ਜਾ ਚੁਕੇ ਸਨ। 'ਟੁੱਟਦੇ ਜੁੜਦੇ ਜਿਸਮ' ਵਿਚ ਰੂਪਾ ਦੀ ਹੀ ਸਾਰੀ ਕਹਾਣੀ ਉਲੀਕੀ ਹੋਈ ਹੈ। ਜਾਂ ਇਕ ਹੋਰ ਔਰਤ ਹੈ ਉਹ ਹੈ ਰੂਹੀ। ਜਿੰਨਾਂ ਮੈਨੂੰ ਇਹ ਨਾਵਲ ਪਿਆਰਾ ਹੈ ਕਹਿ ਨਹੀਂ ਸਕਦਾ ਉਂਜ ਇਸ ਦੀ ਬਹੁਤੀ ਨਿੰਦਾ ਹੋਈ ਹੈ ਭੂਸ਼ਣ ਨੇ ਲਿਖਿਆ ਸੀ, "ਬੁੱਢੇ ਨੇ ਸਵਾਦ ਲਿਆ ਹੈ" ਹੋਰਨਾਂ ਵੀ ਮੇਰੀ ਡੰਡ ਲਾਹੀ।

ਉਦੋਂ ਜਦ ਦਾਅ ਲਗਦਾ ਕੱਲੇ ਰੂਪਾ ਨੂੰ ਮਿਲਣ ਚਲਾ ਜਾਂਦਾ। 'ਅਧੂਰੇ ਸਫ਼ਰ' ਨਾਵਲ ਵਿਚ ਇਕ ਕਾਂਡ ਸੁੰਦਰੀ ਨਾਂ ਕਰਕੇ ਹੈ।

ਉਹਨੀਂ ਦਿਨੀਂ ਪਹਾੜ ਗੰਜ ਬੋਰਡ ਪੜ੍ਹਦਿਆਂ ਇਕ ਨਾਂ ਪੜ੍ਹਿਆ — ਡਾ: ਸ਼ਾਦ ਦੰਦ ਸ਼ਾਜ।......ਮੈਂ ਅੰਦਰ ਚਲਿਆ ਗਿਆ। ਫੋਰਟ ਸੰਡੇ ਵਾਲਾ ਸਾਦ ਸੀ। ਜੱਫੀ ਪਾ ਕੇ ਖ਼ੂਬ ਮਿਲੇ। ਦਿਲ ਖੋਹਲ ਕੇ ਗੱਲਾਂ ਹੋਈਆਂ। ਸ਼ਾਦ ਨੇ ਮੈਨੂੰ ਉਸ ਪਾਸੇ ਵੱਲ ਰਾਹ ਦਸਿਆ। ਮੈਂ ਗਿਆ ਪ੍ਰਤਾਪ ਸਿੰਘ ਕੰਵਲ ਮਿਲ ਪਿਆ। ਰੋ ਕੇ ਮਿਲੇ ਭਿਖੋਂ ਘਰ ਨਹੀਂ ਸੀ। ਸੰਡੇ ਵਾਲਾ ਦਾ ਕੰਮ ਸੀ ਚਾਲੂ ਜਿਹਾ। ਮੇਰੀ ਸਾਰੀ ਹਕੀਕਤ ਸੁਣ ਕੇ ਕਹਿਣ ਲੱਗਾ — ਮੈਨੂੰ ਸੰਡੇ ਹੀ ਪਤਾ ਸੀ ਕੋਈ ਲੀਡਰ ਬਣੇਗਾ। ਨਾਲੇ ਮਸ਼ਹੂਰ ਸ਼ਾਇਰ ਤੇ ਸਾਹਿਤਕਾਰ। ਉਸ ਨੇ ਮੈਨੂੰ ਦਸਿਆ ਰਾਏ ਦੇ ਕਾਤਲ ਨੂੰ ਉਮਰ ਕੈਦ ਹੋ ਗਈ ਸੀ। ਕੱਛ

CC-0. In Public Domain. Gurukul Kangri Collection, Haridwar

ਜੇਲ੍ਹ ਵਿਚ ਉਹ ਮਰ ਗਿਆ । ਮਾਂ ਉਸ ਨੇ ਜੇਲ੍ਹ ਵਿਚ ਮੰਗਾਈ ਉਹ ਵੀ ਅੰਦਰ Digitized by Arya Samaj Foundation Chennai and eGangotri ਹੀ ਮਰ ਗਈ ।

ਬਾਅਦ ਵਿਚ ਮੈਨੂੰ ਕਿਸੇ ਦੱਸਿਆ ਪ੍ਰਤਾਪ ਸਿੰਘ ਕੰਵਲ ਨਿਰੰਕਾਰੀਆਂ ਦਾ ਬਹੁਤ ਵੱਡਾ ਕਥਾਕਾਰ ਤੇ ਗੁਰੂ ਹੋ ਗਿਆ ਹੈ । ਉਹਨੀਂ ਦਿਨੀਂ ਇਸ ਪਾਸੇ ਹੀ ਮੈਨੂੰ ਸ਼ਿਵ ਰਾਮ ਲੋਰਾ ਲਾਈ ਵਾਲਾ ਮਿਲਿਆ । ਗਲੀ ਇਕ ਵੱਡੇ ਸਾਰੇ ਨਿੰਮ ਦੇ ਰੁੱਖ ਵਾਲੇ ਖੁਲ੍ਹੇ ਘਰ ਵਿਚ ਰਹਿੰਦਾ ਸੀ । ਬੜਾ ਮਿਲੇ, ਉਸ ਦੇ ਦੋ ਬੱਚੇ ਸਨ, ਵਹੁਟੀ ਬੜਾ ਖ਼ੁਸ਼ ਹੋਈ । ਇਸ ਰੰਧਾਵੇ ਦੌਰ ਦੀ ਖੈਰ ਖਵਾਰੀ ਨੇ ਮੈਨੂੰ ਪਵਿੱਤਰ ਮਿੱਤਰਾਂ ਦਾ ਮੇਲ ਕਰਾਇਆ । ਰੂਪਾ ਇਸ ਸਭ ਕੁਝ ਦੀ ਹੀਰੋ ਸੀ ।

ਜਦ ਮੈਂ ਇਹ ਆਪਣੀ ਜੀਵਨੀ ਲਿਖ ਰਿਹਾ ਹਾਂ ਪੰਜਾਬ ਇਕ ਨਹਾਇਤ ਔਕੜਾਂ ਭਰੇ ਸੰਕਟ ਵਿਚੋਂ ਲੰਘ ਰਿਹਾ ਹੈ, ਅੱਜ 18.5.88 ਤਾਰੀਕ ਹੈ । ਕੱਲ੍ਹ ਧਿਆਨਪੁਰ ਉਥੋਂ ਦੀ ਸਭਾ ਦੀ ਮੀਟਿੰਗ ਸੀ । ਤਰੈਮਾਸਿਕ ਪਰਚਾ ਕੱਢਣ ਲਈ । ਰਾਤ ਮੈਂ ਆਪਣੀ ਚੌਥੀ ਧੀ ਦੇ ਪਿੰਡ ਦਰਗਾਬਾਦ ਚਲਿਆ ਗਿਆ । ਦੋਵੇਂ ਸਕੂਲ ਟੀਚਰ ਹਨ । ਮੈਂ ਡੇਰੇ ਆ ਕੇ ਦੇਖਿਆ ਬਾਹਰੋਂ ਦੁੱਧ ਆਉਣਾ ਬੰਦ-ਚਾਰਾ ਵਗੈਰਾ ਆਉਣਾ ਬੰਦ । ਹਲਵਾਈਆਂ ਦੀਆਂ ਦੁਕਾਨਾਂ ਬੰਦ । ਸ਼ਹਿਰ ਕਿਸੇ ਦੇ ਕਹਿਣ ਤੋਂ ਬਿਨਾਂ ਹੀ ਸੁਨਸਾਨ । ਜੋ ਫਿਰਦੇ ਤੁਰਦੇ ਨਜ਼ਰ ਆਉਂਦੇ ਮੁਰਦਾ ਜਾਪਦੇ । ਅੱਤਵਾਦੀਆਂ ਵਿਚ ਸਭ ਬੰਦ ਕੀਤਾ ਹੈ । ਹਰਿਮੰਦਰ ਦੇ ਦੁਵਾਲੇ ਘੇਰੇ ਦੇ ਰੋਸ ਵਿਚ । ਦੁੱਧ ਤੇ ਚਾਰਾ ਵੀ ਸਿੱਖ ਹੀ ਲਿਆਉਂਦੇ ਹਨ । ਜੋ ਵੀ ਕੰਮ ਸਿੱਖ ਅਖਵਾਉਣ ਵਾਲੇ ਅੱਤਵਾਦੀ ਕਰ ਰਹੇ ਹਨ । ਸਭ ਉਹਨਾਂ ਦੇ ਆਪਣੇ ਖ਼ਿਲਾਫ਼ ਹੈ । ਆਪਣਾ ਕੁਹਾੜਾ ਆਪਣੇ ਪੈਰਾਂ ਤੇ ਮਾਰੀ ਜਾ ਰਹੇ ਹਨ । ਸਟੇਟ ਜੋ ਚਾਹੁੰਦੀ ਹੈ ਇਹੋ ਕਰੀ ਜਾ ਰਹੇ ਹਨ । ਬਟਾਲੇ ਸ਼ਹਿਰ ਅਤੇ ਹੋਰਨੀਂ ਥਾਈਂ ਵੀ ਇਹ ਹਰਕਤਾਂ ਹਨ ।

ਹੁਣੇ ਰੇਡਿਉ ਬੋਲਿਆ ਹੈ । ਰੋਪੜ ਜਿਲ੍ਹੇ ਵਿਚ ਇਕ ਮਜ਼ਦੂਰ ਕੈਂਪ ਉਤੇ ਗੋਲੀਆਂ ਚਲਾ ਕੇ ਤੇਤੀ ਸੁੱਤੇ ਪਏ ਮਜ਼ਦੂਰ ਮਾਰ ਦਿੱਤੇ ਹਨ । ਚਾਰ ਜ਼ਖ਼ਮੀ ਹੋਏ ਹਨ । ਅਜੀਤ ਦੀ ਸੁਰਖੀ ਹੈ ''ਬੁੰਗਿਆਂ ਤੇ ਲੰਗਰ ਤੇ ਵੀ ਫੋਰਸ ਕਾਬਜ਼'' ਭਾਰੀ ਮਾਤਰਾ 'ਚ ਅਸਲਾ ਬਰਾਮਦ-ਗੋਲਾਬਾਰੀ ਜਾਰੀ । ਮੁੱਖ ਪੇਜ ਉਤੇ ਤਸਵੀਰਾਂ ਥੱਲੇ ਲਿਖਿਆ ਹੋਇਆ ਹੈ, ''ਤਿੰਨ ਬੱਸ ਮੁਸਾਫ਼ਰਾਂ ਸਮੇਤ ਅਠਾਰਾਂ ਹਲਾਕ'' ਥੱਲੇ ਅਬਾਰਤ ਹੈ, ''ਪੰਜਾਬ ਵਿਚ ਪਿਛਲੇ ਚੌਵੀ ਘੰਟਿਆਂ ਦੌਰਾਨ ਹਿੰਸਕ ਘਟਨਾਵਾਂ ਵਿਚ ਅਠਾਰਾਂ ਬੰਦੇ ਮਾਰੇ ਗਏ । ਅੱਜ ਰਾਤ ਅੰਮ੍ਰਿਤਸਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਗੇ [illegible] ਬੱਸ ਵਿਚੋਂ [illegible] ਤੇ ਤਿੰਨ ਫੱਟੜ ਕਰ ਦਿੱਤੇ ਗਏ। ਕਰਤਾਰਪੁਰ ਸਟੇਸ਼ਨ ਤੇ ਫ਼ਲਾਇੰਗ ਮੇਲ ਤੋਂ ਉਤਰਨ ਵਾਲੇ ਮੁਸਾਫ਼ਰਾਂ ਤੇ ਕੀਤੀ ਗਈ ਅੰਨੇਵਾਹ ਫ਼ਾਈਰਿੰਗ ਨਾਲ ਨੌਂ ਬੰਦੇ ਫੱਟੜ ਹੋ ਗਏ। ਕੱਲ੍ਹ ਦੀਆਂ ਹਿੰਸਕ ਵਾਰਦਾਤਾਂ ਵਿਚ ਜ਼ਖ਼ਮੀ ਹੋਏ ਚਾਰ ਬੰਦੇ ਦਮ ਤੋੜ ਗਏ। ਸਮਾਣਾਂ 'ਚ ਕੱਲ੍ਹ ਵਾਪਰੇ ਗੋਲੀਕਾਂਡ ਪਿਛੋਂ ਕਰਫ਼ਿਊ ਲਾ ਦਿੱਤਾ ਗਿਆ......। ਸਮਾਣਾਂ ਦੀ ਭਰੀ ਰੌਣਕ ਵਿਚ ਅੱਤਵਾਦੀਆਂ ਨੇ ਬੰਦੇ ਮਾਰ ਦਿੱਤੇ ਸਨ। ਇਤਨੇ ਕੁ ਜ਼ਖ਼ਮੀ ਹੋ ਗਏ ਸਨ। 'ਜੱਗ ਬਾਣੀ' ਨੇ ਤਸਵੀਰਾਂ ਵਿਚਕਾਰ ਇਸ ਤਰ੍ਹਾਂ ਲਿਖਿਆ ਹੋਇਆ ਹੈ। ਸੁਰਖੀ ਇੰਜ ਹੈ, "ਦਰਬਾਰ ਸਾਹਿਬ ਕੰਪਲੈਕਸ 'ਚ ਅੱਤਵਾਦੀਆਂ ਵਿਰੁੱਧ ਕਾਰਵਾਈ ਦੇ ਕੁਝ ਦ੍ਰਿਸ਼" ਅਬਾਰਤ ਹੈ, "ਧਰਮ ਅਸਥਾਨ ਪੂਜਾ-ਪਾਠ ਲਈ ਖੁਲ੍ਹੇ ਹੁੰਦੇ ਹਨ — ਹਰ ਸਿਆਣੇ ਵਿਅਕਤੀ ਦੇ ਇਸ ਗੱਲ ਨਾਲ ਮੱਤਭੇਦ ਨਹੀਂ ਹਨ। ਜਦੋਂ ਧਾਰਮਕ ਅਸਥਾਨਾਂ ਵਿਚੋਂ ਪੂਜਾ-ਪਾਠ ਲਈ ਧੁਖਾਏ ਜਾਂਦੇ ਧੂਫ ਦੇ ਖ਼ੁਸ਼ਬੂਦਾਰ ਧੂੰਏਂ ਦੀ ਥਾਂ ਬਾਰੂਦੀ ਧੂੰਏਂ ਦੇ ਬੱਦਲ ਉਠਣੇ ਸ਼ੁਰੂ ਹੋ ਜਾਂਦੇ ਹਨ। ਪਾਕਿ-ਪਵਿੱਤਰ ਰੋਸ਼ਨੀ ਦੀ ਥਾਂ ਇਕ ਅਜੀਬੋ ਗ਼ਰੀਬ ਅੰਧਕਾਰ ਜਿਹਾ ਫੈਲਣ ਲਗਦਾ ਹੈ। ਦਿਲਾਂ ਦੇ ਵਿਚ ਸਾਂਝੀਵਾਲਤਾ ਦਾ ਸੁਨੇਹਾ ਵਸਾਉਣ ਦੀ ਥਾਂ ਕੰਧਾਂ ਖੜੀਆਂ ਕੀਤੀਆਂ ਜਾਣ ਲਗਦੀਆਂ ਹਨ ਤਾਂ ਫਿਰ ਅਜਿਹਾ ਕੁਝ ਤਾਂ ਕਰਨਾ ਹੀ ਪੈਂਦਾ ਹੈ ਜਿਸ ਨਾਲ ਬਾਰੂਦੀ ਧੂੰਏਂ ਦੀ ਥਾਂ ਧੂਫ ਦਾ ਧੂੰਆਂ ਲੈ ਸਕੇ। ਅੰਧਕਾਰ ਦੀ ਥਾਂ ਰੋਸ਼ਨੀ ਹੋ ਸਕੇ। ਦਿਲਾਂ ਵਿਚ ਉਸਾਰੀਆਂ ਜਾਂਦੀਆਂ ਕੰਧਾਂ ਢਾਈਆਂ ਜਾ ਸਕਣ। ਪਿਛਲੇ ਦਿਨੀਂ ਦਰਬਾਰ ਸਾਹਿਬ ਕੰਪਲੈਕਸ ਅੰਮ੍ਰਿਤਸਰ ਵਿਚ ਵੀ ਕੁਝ ਇਸ ਤਰ੍ਹਾਂ ਹੋਇਆ। ਤਸਵੀਰਾਂ ਵਿਚ (ਉੱਪਰ ਖੱਬੇ) ਦਰਬਾਰ ਸਾਹਿਬ ਕੰਪਲੈਕਸ ਦੇ ਪੱਛਮੀ ਪਾਸੇ ਵੱਲ ਸਥਿਤ ਬਜ਼ਾਰ 'ਚ ਅੱਤ-ਵਾਦੀਆਂ ਵਲੋਂ ਉਸਾਰੀ ਗਈ ਉਹ ਕੰਧ ਜਿਸ ਨੂੰ ਢਾਉਣ ਸਾਰ ਹੀ ਅੱਤ-ਵਾਦੀਆਂ ਤੇ ਸੁਰੱਖਿਆ ਦਸਤਿਆਂ ਵਿਚ ਗੋਲੀਬਾਰੀ ਸ਼ੁਰੂ ਹੋ ਗਈ। (ਉੱਪਰ ਸੱਜੇ) ਬਲੈਕ ਕੈਟ ਕਮਾਂਡੋ ਦਸਤੇ ਦੇ ਜੁਆਨ ਜੋ ਆਧੁਨਿਕ ਅਸਲੇ ਨਾਲ ਲੈਸ ਹੋ ਕੇ ਸਥਿਤੀ ਤੇ ਨਜ਼ਰ ਰੱਖੀ ਖੜੇ ਹਨ। (ਹੇਠ ਖੱਬੇ) ਕੱਟੜ ਅੱਤਵਾਦੀ ਸਕੱਤਰ ਸਿੰਘ ਆਪਣੇ ਸਾਥੀਆਂ ਸਮੇਤ ਹੱਥ ਜੋੜ ਕੇ ਆਤਮ-ਸਮਰਪਣ ਕਰਦਾ ਹੋਇਆ। (ਹੋਰ ਸੱਜੇ) ਦਰਬਾਰ ਸਾਹਿਬ ਕੰਪਲੈਕਸ ਵਿਚ ਲੁਕੇ ਅੱਤਵਾਦੀ ਤੇ ਸੁਰੱਖਿਆ ਦਸਤਿਆਂ ਵਿਚਕਾਰ ਹੋ ਰਹੀ ਗੋਲਾਬਾਰੀ ਨੂੰ ਘਰਾਂ ਦੀਆਂ ਛਤਾਂ ਤੇ ਚੜ੍ਹ ਚੜ੍ਹ ਕੇ ਦੇਖਦੇ ਹੋਏ ਲੋਕ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੱਜ ਦੇ ਹੀ ਨਵੇਂ ਜ਼ਮਾਨੇ ਵਿਚ ਕਾਮਰੇਡ ਜਗਜੀਤ ਸਿੰਘ ਆਨੰਦ ਦਾ ਇਕ ਲੇਖ ਛਪਿਆ ਹੈ। ਬਾ-ਦਲੀਲ ਤੇ ਸੱਚੇ ਵਾਕਿਆਂ ਨਾਲ ਭਰਿਆ ਹੋਇਆ। ਜਿਸ ਨੂੰ ਮੈਂ ਤਾਰੀਖ਼ੀ ਮਜਮੂਨ ਕਹਿ ਸਕਦਾ ਹਾਂ ਉਸ ਵਿਚ ਹਰਕਿਸ਼ਨ ਸਿੰਘ ਸੁਰਜੀਤ (ਮਾਰਕਸੀ) ਦੇ ਬਿਆਨਾਂ ਦੀ ਵੀ ਸੁਚੱਜਤਾ ਨਾਲ ਘੁੰਡ ਚੁਕਾਈ ਕੀਤੀ ਹੈ। ਇਹ ਮਾਰਕਸੀ ਲੀਡਰ ਮਾਰਕਸ ਲੈਨਿਨ ਤੋਂ ਬਾਅਦ ਆਪਣੇ ਆਪ ਨੂੰ ਇੰਟਰਨੈਸ਼ਨਲ ਲੀਡਰ ਸਮਝਦਾ ਸੁਰਖੀ ਹੈ, ''ਹਰਿਮੰਦਰ ਸਾਹਿਬ ਮੁਕਤ ਕਰਾਉਣ ਤੋਂ ਉਪਰੰਤ ਹੋਰ ਨਿਰਣਈ ਕਦਮਾਂ ਬਿਨਾਂ ਨਹੀਂ ਸਰਨਾ......'' ਸ਼ੁਰੂ ਦਾ ਇਕ ਹਿੱਸਾ ਪੜ੍ਹ ਰਿਹਾ ਹਾਂ — ਜਿਹੜੀ ਹਰੀ ਦੇ ਮੰਦਰ ਦੇ ਚਾਰੇ ਦਵਾਰੇ ਸਦਾ ਖੁਲ੍ਹੇ ਰਹਿੰਦੇ ਸਨ ਉਹਨਾਂ ਨੂੰ ਅੰਦਰੋਂ ਭੀੜ ਕੇ ਆਪਣੀ ਜਾਨ ਬਚਾਉਣ ਵਾਲੇ ਕਿੰਨੇ ਕੁ ਵਿਸ਼ਵਾਸੀ ਹਨ। ਕਿੰਨੇ ਕੁ ਮਰਿਆਦਾ ਦੇ ਮਾਲਕ ਤੇ ਕਿੰਨੇ ਕੁ ਸੂਰਮੇ। ਇਹ ਜਾਨਣ ਲਈ ਕੋਈ ਬਹੁਤੀ ਤਕਲੀਫ਼ ਨਹੀਂ ਕਰਨੀ ਪੈਂਦੀ ਹੈ ਕਿ ਉਹ ਆਪਣੀ ਨਿੱਤ ਦੀ ਕਿਰਿਆ ਕਿਵੇਂ ਸਾਧਦੇ ਹਨ।

''ਮੈਂ ਚਾਹੁੰਨਾਂ ਹਾਂ ਕਿ ਮਹਾਨਾਂ ਦੇ ਮਹਾਨ ਮਾਰਕਸੀ ਲੀਡਰ ਦੇ ਲੇਖ ਦਾ ਇਕ ਹਿੱਸਾ ਲਿਖਾਂ। ਜੋ ਇੰਜ ਹੈ......ਉਹਨਾਂ ਨੇ ਕਿਹਾ ਕਿ ਸਾਡੀ ਪਾਰਟੀ ਦਾ ਸ਼ੁਰੂ ਤੋਂ ਸਟੈਂਡ ਰਿਹਾ ਹੈ ਕਿ ਦਰਬਾਰ ਸਾਹਿਬ ਕੰਪਲੈਕਸ ਨੂੰ ਦੇਸ਼ ਵਿਰੋਧੀ ਤਾਕਤਾਂ ਦਾ ਅੱਡਾ ਨਾ ਬਣਨ ਦਿੱਤਾ ਜਾਏ ਅਤੇ ਨਾ ਹੀ ਲੋਕਾਂ ਦੇ ਕਤਲ ਕਰਨ ਵਾਲਿਆਂ ਨੂੰ ਸ਼ਰਨ ਦਿੱਤੀ ਜਾਵੇ। ਸਰਕਾਰ ਨੂੰ ਚਾਹੀਦਾ ਸੀ ਕਿ ਉਹ ਸ਼੍ਰੋਮਣੀ ਕਮੇਟੀ, ਅਕਾਲੀ ਦਲ ਅਤੇ ਦੇਸ਼ ਭਰ ਦੇ ਸਿੰਘ ਸਾਹਿਬਾਨਾਂ ਨੂੰ ਬੁਲਾ ਕੇ ਕਹਿੰਦੇ ਕਿ ਉਹ ਅੱਤਵਾਦੀਆਂ ਨੂੰ ਕੰਪਲੈਕਸ ਤੋਂ ਬਾਹਰ ਕੱਢਣ ਲਈ ਅੱਗੇ ਆਉਣ......।'' ਮੈਂ ਇਸ ਉਤੇ ਆਪਣੀ ਕੋਈ ਟਿੱਪਣੀ ਨਹੀਂ ਦੇਣੀ। ਆਨੰਦ ਦੇ ਲੇਖ ਨੇ ਸਭ ਕੀਤਾ ਹੈ। ਬੱਸ ਇਕੋ ਪੰਜਾਬੀ ਦੀ ਕਹਾਵਤ ਕਹਾਂਗਾ — ''ਜੰਵ ਕੁਪੱਤੀ ਸੁਥਰਾ ਭਲਾਮਾਣਸ'' ਕਾਮਰੇਡ ਬਦਨਾਮ ਹਨ ਕਿ ਇਹ ਰੂਸ ਤੋਂ ਲਾਈਨ ਲੈਂਦੇ ਹਨ। ਹੁਣ ਲੋਕ ਵੇਖ ਲੈਣ ਰੂਸ ਵਿਚੋਂ ਹੀ ਨਹੀਂ ਅਮਰੀਕਾ ਕੋਲੋਂ ਵੀ ਲੈਂਦੇ ਹਨ।......ਮੇਰੀ ਹਾਲਤ ਪਰੇਸ਼ਾਨੀਆਂ ਭਰੀ ਹੈ। ਅਸੀਂ ਇਸ ਲਈ ਜ਼ਿੰਦਗੀਆਂ ਨਹੀਂ ਸਨ ਦੇਸ਼ ਦੇ ਲੇਖੇ ਲਾਈਆਂ ਕਿ ਇਸ ਤਰ੍ਹਾਂ ਤਰੱਕੀ ਕਰਦੇ ਹਿੰਦੁਸਤਾਨ ਵਿਚ ਫਿਰਕੂਪੁਣਾ ਅਤੇ ਦੇਸ਼ ਪਾੜੋ ਦਾ ਜਨੂਨ ਵੀ ਤਰੱਕੀ ਕਰ ਜਾਏਗਾ।

ਸਾਡੇ ਘਰ ਡੇਰੇ ਬਾਬੇ ਨਾਨਕ ਤੋਂ ਦੋ ਵਾਰੀ ਮੇਰੀ ਮਾਤਾ ਗੁਪਤ ਜਗ੍ਹਾ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਿਲ ਜਾਂਦੀ ਸੀ । ਘਰ ਤੰਗੀਆਂ ਬਹੁਤ ਸਨ । ਮੇਰੀ ਕੋਈ ਪੇਸ਼ ਨਹੀਂ ਸੀ ਜਾਂਦੀ । ਵੱਡੇ ਚਾਚੇ ਦੀ ਝੋਟੀ ਸਾਡੇ ਕੋਲ ਹੁੰਦੀ ਸੀ । ਮੈਂ ਉਹ ਝੋਟੀ ਡਿਉੜੇ ਗਵਾਰ ਨੂੰ ਦੇ ਕੇ ਉਸ ਤੋਂ ਸਾਈਕਲ ਲੈ ਲਿਆ ਹੋਇਆ ਸੀ ।

ਗੁਰਦਾਸਪੁਰ ਸ਼ਹਿਰ ਤੋਂ ਇਕ ਕੱਚੀ ਸੜਕ ਪੰਡੋਰੀ ਮਹੰਤਾਂ ਜਾਂਦੀ ਹੈ । ਉਸ ਦੇ ਉਤੇ ਇਕ ਪਿੰਡ ਹੈ ਭੰਗਵਾਂ । ਉਥੇ ਟਪਿਆਲੇ ਦੀ ਵਾਕਫੀਅਤ ਨਾਲ ਜਿਲ੍ਹਾ ਕਮੇਟੀ ਦੀ ਇਕ ਮੀਟਿੰਗ ਹੋਈ । ਮੀਟਿੰਗਾਂ ਵਿਚ ਮੇਰੇ ਉਤੇ ਬੜੀ ਨੁਕਤਚੀਨੀ ਹੁੰਦੀ ਸੀ । ਕਾ: ਪਿਆਰਾ ਗਵਾਰ ਜਿਵੇਂ ਮੇਰੇ ਪੇਸ਼ ਰਹਿੰਦਾ — ਤੂੰ ਕਿਸਾਨ ਸਭਾ ਨਹੀਂ ਬਣਾਉਂਦਾ । ਦਿਹਾਤੀ ਮਜ਼ਦੂਰ ਸਭਾ ਨਹੀਂ ਬਣਾਉਂਦਾ । ਇਹ ਨਹੀਂ ਕਰਦਾ ਵੋਹ ਨਹੀਂ ਕਰਦਾ । ਕਾਹਦਾ ਸੈਕਟਰੀ ਹੈ । ਕਾ: ਟਪਿਆਲਾ ਚੁੱਪ ਰਹਿੰਦਾ ਕਾ: ਦਲੀਪ ਸਿੰਘ ਢਾਂਡਾ ਅਤੇ ਕਾ: ਗੁਪਾਲ ਸਿੰਘ ਠੱਠਾ ਮੇਰੇ ਵਲ ਹਮਦਰਦਾਨਾ ਰਵੱਈਆ ਰੱਖਦੇ । ਪਰ ਡਿਉੜੇ ਗਵਾਰ ਨੂੰ ਕੋਈ ਕੁਝ ਨਹੀਂ ਸੀ ਆਖਦਾ । ਕਿਉਂਕਿ ਇਹ ਕਾ: ਟਪਿਆਲੇ ਦਾ ਜਮੂਰਾ ਸੀ । ਉਹਦਾ ਘਰ ਟਪਿਆਲੇ ਲਈ ਪੀਣ ਪਾਣ ਦਾ ਘਰ ਸੀ । ਅਤੇ ਜਿਲ੍ਹੇ ਵਲੋਂ ਗੁੰਮ ਪਰਚੇ ਅਤੇ ਚਿੱਠੀਆਂ ਸੂਬੇ ਦੀਆਂ ਵੀ ਕਈ ਵਾਰੀ ਇਹ ਦੂਜਿਆਂ ਜਿਲ੍ਹਿਆਂ ਵਿਚ ਖੜਦਾ ਸੀ । ਪਾਰਟੀ ਦੇ ਸਰਕੂਲਰ ਆਉਂਦੇ ਚਾਹੇ ਉਹ ਮਰਕਜ਼ ਜਾਂ ਰੰਧੀਵੇ ਦੇ ਹੁੰਦੇ ਜਾਂ ਮਲਹੋਤਰੇ ਦੇ । ਥੋੜ੍ਹੇ-ਥੋੜ੍ਹੇ ਵਕਫੇ ਬਾਅਦ ਇਹੋ ਲਿਖਿਆ ਹੁੰਦਾ — ਪਾਰਟੀ 'ਚੋਂ ਬਾਹਰ ਕੱਢ ਦਿੱਤਾ ਜਾਏਗਾ । ਪਾਰਟੀ ਵਿਚ ਨਹੀਂ ਰਹਿ ਸਕੇਗਾ । ਪੁਲਿਸ ਦਾ ਮੁਕਾਬਲਾ ਕਰੋ । ਨਾਂ ਕਰਿਆਂ ਪਾਰਟੀ 'ਚੋਂ ਕੱਢ ਦਿੱਤਾ ਜਾਏਗਾ । ਇਨਕਲਾਬ ਵੇਲੇ ਬੜੇ ਬੜੇ ਕਾਮਰੇਡ ਮਾਰੇ ਜਾ ਸਕਦੇ ਹਨ । ਮਜ਼ਦੂਰ ਜਮਾਤ ਇਨਕਲਾਬ ਲਿਆਉਣ ਵੱਲ ਪਈ ਹੈ । ਡਾਂਗੇ ਨੇ ਜਿਹਲ ਵਿਚ ਆਪਣੀ ਜਾਣ ਬਚਾਈ ਹੈ । ਜਦ ਕੇ ਮਜ਼ਦੂਰ ਮਰ ਰਹੇ ਹਨ । ਜੋਸ਼ੀ ਨੂੰ ਬੱਲੇ ਸਿੱਲ ਵਿਚ ਘੱਲਿਆ ਹੋਇਆ ਹੈ । ਉਥੋਂ ਉਹ ਤਣੀਆਂ ਵਾਲਾ ਵਾਜਾ ਮੰਗਦਾ ਹੈ......ਬੱਸ ਪਾਰਟੀ ਵਿਚੋਂ ਕਾਮਰੇਡ ਕੱਢਣ ਦਾ ਹੂੰਝਾ ਫਿਰ ਰਿਹਾ ਸੀ । ਮੈਂ ਪਾਰਟੀ ਦੇ ਹੂੰਝਾ ਫਿਰਨ ਦੇ ਡਰ ਨਾਲ ਭਰਿਆ ਰਹਿੰਦਾ ਸਾਂ । ਜੇ ਪਾਰਟੀ 'ਚੋਂ ਕੱਢ ਦਿੱਤਾ ਤਾਂ ਮੇਰਾ ਕੀ ਬਣੇਗਾ !!

ਪਿੰਡ ਭੰਗਵਾਂ ਮੇਰਾ ਆਣ-ਜਾਣ ਹੋ ਗਿਆ । ਉਥੇ ਇਕ ਰਮਦਾਸੀਆ ਟੱਬਰ ਸੀ । ਪਾਰੋਂ ਆਇਆ ਹੋਇਆ ਬੜਾ ਦਲੇਰ ਟੱਬਰ । ਟੱਬਰ ਦੀ ਮਾਂ ਲੰਮੀ ਚੌੜੀ । ਜਵਾਨ ਪੁੱਤਰ ਚੰਗੇ, ਦੋ ਮੰਜ਼ਿਲਾਂ ਮਕਾਨ ਸਾਂਭਿਆ ਹੋਇਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੜਾ ਦਲੇਰ, ਮਿਹਨਤੀ ਤੇ ਨਿਡਰ ਟੱਬਰ। ਉਹਨਾਂ ਦਾ ਵੱਡਾ ਸਜਾਨ ਟਾਹਲੀ ਵਰਗਾ ਜਵਾਨ। ਉਹਨਾਂ ਵੱਲ ਮੇਰੀ ਆਮ ਬੈਠਕ ਹੁੰਦੀ। ਮੈਂ ਸਾਰੇ ਟੱਬਰ ਨੂੰ ਜਮਾਤੀ ਗੱਲਾਂ ਦੱਸਣੀਆਂ ਸਜਾਨ ਧਾਰਟੀ ਦਾ ਗਰਮ ਮੈਂਬਰ ਬਣ ਗਿਆ। ਗੱਲਾਂ ਰੰਧੀਵੇ ਦੌਰ ਵਿਚ ਮਾਰ ਧਾੜ ਦੀਆਂ ਕਰਦੇ ਸਾਂ। ਮਗਰੋਂ ਜਿਹੇ ਜਾ ਕੇ ਉਸ ਨੇ ਪਿੰਡੋਂ ਜਾਂਦੀ ਵਪਾਰੀਆਂ ਦੀ ਕਣਕ ਰੋਕ ਲਈ। ਫੜਿਆ ਗਿਆ। ਦੋ ਸਾਲ ਕੈਦ ਹੋਇਆ। ਅੱਜ ਕੱਲ੍ਹ ਰਾਧਾ ਸਵਾਮੀ ਹੈ। ਘਰ ਦੀ ਤੰਗੀ ਕਾਰਨ ਉਸ ਪਿੰਡ ਦੇ ਕਿਸਾਨ ਕਾਮਰੇਡ ਨਾਲ ਮੇਰਾ ਪੰਜਾਹ ਰੁਪੈ ਦਾ ਸਾਈਕਲ ਦਾ ਸੌਦਾ ਹੋ ਗਿਆ। ਸਾਈਕਲ ਬਿਨਾਂ ਮੇਰਾ ਫਿਰਨਾ ਮੁਸ਼ਕਿਲ ਸੀ। ਮਹੰਤਾਂ ਦੀ ਪੰਡੋਰੀ ਸਾਡੀ ਬਰਾਦਰੀ ਵਾਲੇ ਦੀ ਬੜੀ ਜ਼ਮੀਨ ਸੀ। ਉਹਨਾਂ ਦੇ ਘਰ ਗਿਆ। ਅੱਗੇ ਸੁਤੰਤਰ ਦਾ ਨਿੱਕਾ ਭਰਾ ਮੋਹਨ ਸਿੰਘ ਮਿਲ ਪਿਆ, ਕਵਿਤਾਵਾਂ ਦੀ ਸੁਣ ਸੁਣਾਈ ਹੋਈ। ਉਦੋਂ ਉਸ ਨੇ ਮੈਨੂੰ ਪਸਤੌਲ ਵੀ ਆਪਣਾ ਵਿਖਾਇਆ। ਕਈਆਂ ਗੋਲੀਆਂ ਦਾ ਸੀ। ਪੰਜਾਬੀ ਰਿਆਸਤਾਂ ਨੂੰ ਮਿਲਾ ਕੇ ਨਾ ਪੈਪਸੂ ਰਖਿਆ ਗਿਆ ਸੀ। ਪਟਿਆਲੇ ਦੇ ਪਿੰਡਾਂ ਵਿਚ ਲਾਲ ਪਾਰਟੀ ਨੇ ਇਕਲਾਬ ਅਰੰਭਿਆ ਹੋਇਆ ਸੀ। ਸੁਤੰਤਰ ਉਥੇ ਇਨਕਲਾਬ ਨੂੰ ਲੀਡ ਕਰਦਾ ਸੀ। ਡਾਕੇ ਮਾਰਨ ਵਾਲੇ ਟੋਲੇ ਦੇ ਆਗੂਆਂ ਵਿਚ ਕਾ: ਮੇਦਨ ਸਿੰਘ ਵੀ ਸੀ। ਤਖ਼ੱਲਸ਼ ਉਸ ਨੇ ਹਾਤਮ ਰਖਿਆ ਸੀ। ਗੱਲਾਂ ਕੋਈ ਮੇਰੇ ਨਾਲ ਉਸ ਨੇ ਬਹਿਸ ਦੀਆਂ ਨਹੀਂ ਸਨ ਕੀਤੀਆਂ। ਪੈਪਸੂ ਦੇ ਰਾਜੇ ਵੀ ਡਾਕੂਆਂ ਨੂੰ ਸ਼ੈਹ ਦੇ ਰਹੇ ਸਨ। ਉਹਨਾਂ ਨੂੰ ਬਚਾਉਂਦੇ ਵੀ ਸਨ। ਅੰਨ੍ਹੀ ਪੀਹ ਰਹੀ ਸੀ ਕੁੱਤੇ ਚੱਟ ਰਹੇ ਸਨ। ਇਕ ਪੈਪਸੂ ਦੇ ਵਜ਼ੀਰ ਨਾਲ ਸੁਤੰਤਰ ਦੀ ਬਣੀ ਹੋਈ ਸੀ। ਉਹ ਲਾਲ ਪਾਰਟੀ ਦੇ ਇਨਕਲਾਬੀ ਪਾਸੇ ਪੁਲਿਸ ਜਾਣੋ ਰੋਕ ਛੱਡਦਾ ਸੀ। ਕਈ ਵਾਰੀ। ਸੁਤੰਤਰ ਵੀ ਉਸ ਕੋਲ ਲੁਕ ਲੁਕਾ ਲੈਂਦਾ ਸੀ।

ਪੰਡੋਰੀ ਇਕ ਨਾਈ ਕਾਮਰੇਡ ਸੀ। ਮੈਂ ਉਸ ਕੋਲ ਗਿਆ। ਹਜਾਮਤ ਕਰਵਾ ਲਈ ਫਿਰ ਭੰਗਵੀ ਆ ਕੇ ਪੰਜਾਹ ਰੁਪਏ ਲੈ ਕੇ ਸਾਈਕਲ ਉਸ ਨੂੰ ਦੇ ਦਿੱਤਾ। ਰੁਪਏ ਕਿਸੇ ਤਰ੍ਹਾਂ ਘਰ ਘਲਾ ਦਿੱਤੇ। ਹੁਣ ਮੈਨੂੰ ਤੁਰਨਾ ਬਹੁਤ ਪੈਂਦਾ ਸੀ। ਜਿਥੇ ਜਾਣਾ ਰਾਤ ਰਹਿਣਾ। ਲੋਕ ਇਕੱਠੇ ਕਰਨੇ ਮਗਜ਼ ਪੱਚੀ ਕਰਨੀ ਫਿਰ ਅੱਗੇ। ਜਿਥੇ ਜਿਥੇ ਕਾਮਰੇਡ ਜਿਹੜੇ ਲਾਲ ਪਾਰਟੀ ਦੇ ਮੈਂਬਰ ਹੋ ਗਏ ਸਨ ਉਹਨਾਂ ਨਾਲ ਬਹਿਸਾਂ ਕਰਨੀਆਂ। ਪੁਰਾਣਿਆਂ ਬਾਬਿਆਂ ਕਿਸਮ ਦੇ ਕਾਮਰੇਡਾਂ ਮੇਰੀ ਬੜੀ ਡੰਡ ਲਾਉਣੀ। ਮੇਰੇ ਥੈਲੇ ਵਿਚ ਸਰਕੂਲਰ, ਉਰਦੂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੋ ਪਰਚੇ 'ਸ਼ਾਹ ਰਾਹ' ਅਤੇ 'ਇਲਮ ਦਾਨਸ਼' ਹੁੰਦੇ। ਪ੍ਰੀਤਲੜੀ ਹੁੰਦੀ। ਹੋਰ ਲਾਲ ਪਾਰਟੀ ਦੇ ਖਿਲਾਫ਼ ਲੇਖ ਹੁੰਦੇ। ਲਾਲ ਪਾਰਟੀ ਦਾ ਜਿਲ੍ਹਾ ਸੈਕਟਰੀ ਸਵਰਨ ਸਿੰਘ ਸਲੀਮਪੁਰੀ ਸੀ। ਕਈ ਵਾਰੀ ਕਾਮਰੇਡਾਂ ਉਹਦੀ ਮੇਰੀ ਇਕ ਥਾਂ ਮੀਟਿੰਗ ਸੱਦਣੀ। ਬਹਿਸ ਹੋਣੀ। 'ਕੱਠਿਆਂ ਘੁਣੌਤਰਾਂ ਛੇੜ ਛੇੜ ਕੇ ਰੋਟੀ ਖਾਣੀ ਅਤੇ ਚਲੋ ਆਪਣੇ ਰਾਹ। ਮੈਨੂੰ ਜਮਾਤੀ ਮੀਟਿੰਗ ਤੇ ਸਕੂਲ ਲਾਉਣ ਵਿਚ ਰਮਦਾਸੀਆਂ ਜਾਂ ਮੁਜਾਰਿਆਂ ਵਿਚ ਬਹੁਤਾ ਸਵਾਦ ਆਉਂਦਾ ਸੀ। ਕਿਸਾਨਾਂ ਦੇ ਘਰਾਂ ਵਿਚ ਰੰਧੀਵੇ ਦੌਰ ਸੀ ਮਾਰਧਾੜ ਦੀਆਂ ਗੱਲਾਂ ਕਰਦਾ ਸਾਂ।

ਲਾਲ ਪਾਰਟੀ ਦੇ ਇਨਕਲਾਬ ਸਿਰ ਨੂੰ ਚੜ੍ਹ ਗਿਆ। ਜਿਲ੍ਹੇ ਦੇ ਆਗੂ ਸਲੀਮ ਪੁਰੀਏ ਨਾਲ ਕਾ: ਗੁਰਬਖਸ਼ ਸਿੰਘ। ਇਕ ਪਿੰਡ ਭੰਡਾਲਾ ਵਾਲਾ ਕਾਮਰੇਡ ਸੀ। ਕਾ: ਗੁਰਨਾਮ ਸਿੰਘ ਕੱਤੋਵਾਲੀਆ ਇਹ ਇਨਕਲਾਬ ਦੇ ਰਾਹ ਦੇ ਰੋੜੇ ਵੀ ਹਟਾਉਂਦੇ। ਕਾ: ਰਾਮ ਸਿੰਘ ਦੱਤ ਦਾ ਗਰੁੱਪ ਨਿਊਟਲ ਹੋ ਕੇ ਬੈਠਾ ਸੀ। ਸੁਤੰਤਰ ਨਾਲ ਮੂੰਹ ਸੁਜਾ ਲਿਆ ਸੀ ਲਾਲ ਨੇ। ਪਠਾਨਕੋਟ ਵੱਲ ਪਿੰਡ ਹੈ ਅਨੂਪ ਸ਼ਹਿਰ। ਇਥੇ ਕਾ: ਚੰਨਣ ਸਿੰਘ ਦੇ ਸਹੁਰੇ ਸਨ। ਪਰਵਾਰ ਪਰੋ ਪਾਰਟੀ ਸੀ। ਇਥੋਂ ਇਕੋ ਸੋਹਣੀ ਕੁੜੀ ਤਰਖਾਣਾਂ ਦੀ ਲਾਲ ਇਨਕਲਾਬ ਵਾਸਤੇ ਕੱਢੀ। ਲਈ ਫਿਰੇ। ਸੁਤੰਤਰ ਕੋਲ ਗਏ। ਉਹ ਗੁੱਸੇ ਹੋਏ। ਬੱਲੇ — ਇਹ ਭੇਤ ਦੱਸ ਦਏਗੀ। ਇਨਕਲਾਬੀਆਂ ਦੇ ਅੱਡੇ ਫੜੇ ਜਾਣਗੇ। ਤੁਹਾਡੀਆਂ ਕਰਤੂਤਾਂ ਵੀ ਦੱਸ ਦਏਗੀ। ਇਹਨਾਂ ਕੁੜੀ ਨੂੰ ਇਨਕਲਾਬ ਦੀ ਭੇਟ ਚੜ੍ਹਾ ਦਿੱਤਾ।

ਇਕ ਕਾਮਰੇਡ ਸੀ ਗੁਪਾਲ ਪਨਿਆੜ ਪਿੰਡ ਦਾ। ਬਹੁਤ ਹੀ ਕਾਮਾ। ਮੈਂ ਉਸ ਦੇ ਨਾਲ ਕੰਮ ਕੀਤਾ ਹੋਇਆ ਸੀ। ਆਪੇ ਪਿੰਡਾਂ ਵਿਚ ਟੀਨਾਂ ਖੜਕਾਉਂਦਾ, ਲੋਕ ਇਕੱਠੇ ਕਰਨੇ, ਆਪੇ ਤਕਰੀਰ ਕਰਨੀ। ਸ਼ਰਨਾਰਥੀਆਂ ਵਿਚ ਵੀ ਉਸ ਨੇ ਬੜਾ ਕੰਮ ਕੀਤਾ। ਉਸ ਉਤੇ ਲਾਲ ਸੂਰਮਿਆਂ ਨੂੰ ਸ਼ੱਕ ਹੋ ਗਿਆ। ਇਹ ਇਨਕਲਾਬ ਦਾ ਗ਼ੱਦਾਰ ਹੈ। ਘਰੋਂ ਗੁੰਮ ਥਾਂ ਉਤੇ ਸੱਦਿਆ ਇਨਕਲਾਬ ਦੀ ਭੇਟਾ !!

ਸਾਡੀ ਜਿਲ੍ਹਾ ਕਮੇਟੀ ਦੀ ਮੀਟਿੰਗ ਹੋਈ। ਸਾਰੇ ਜਾਣਦੇ ਸਨ ਕਿ ਮੈਂ ਲਾਲ ਪਾਰਟੀ ਦਿਆਂ ਅੱਡਿਆਂ ਤੇ ਜਾ ਕੇ ਬਹਿਸਾਂ ਕਰਦਾ ਹਾਂ। ਮੈਨੂੰ ਜਿਲ੍ਹਾ ਪਾਰਟੀ ਅਤੇ ਜ਼ੋਰ ਨਾਲ ਕਾ: ਟਪਿਆਲੇ ਨੇ ਵਰਜ ਦਿੱਤਾ।

ਮੈਨੂੰ ਕਾ: ਸਾਧੂ ਸਿੰਘ ਕੌਤਰਪੁਰੀਏ ਨੇ ਉਤਲੇ ਪਾਸੇ ਨੂੰ ਘੱਲ ਦਿੱਤਾ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੇ ਨਾਲ ਗਿਆ ਇਕ ਥਾਂ ਰਮਦਾਸੀਆਂ ਦੀ ਲਾੜੀ ਸੀ। ਤਿਨ ਚਹੁ ਥਾਵਾਂ ਉਤੇ ਲਾਗੇ ਲਾਗੇ ਸੱਤ ਸੱਤ ਅੱਠ ਅੱਠ ਘਰ ਸਨ, ਝੁੱਗੀਆਂ। ਜੁੱਤੀਆਂ ਗੰਢਦੇ। ਡੰਗਰਪਾਲਦੇ। ਕੁਝ ਬਕਰੀਆਂ ਰੱਖਦੇ ਕੁਝ ਜ਼ਮੀਨਾਂ ਚੌਧਰੀਆਂ ਤੇ ਰਾਜਪੂਤਾਂ ਤੋਂ ਲੈ ਕੇ ਵਾਹੁੰਦੇ। ਸਾਧੂ ਸਿੰਘ ਉਹਨਾਂ ਦੇ ਸਪੁਰਦ ਕਰਕੇ ਆਪ ਆ ਗਿਆ।

ਇਹਨਾਂ ਨੇ ਵੱਡੀਆਂ ਵੱਡੀਆਂ ਟੱਲੀਆਂ ਇਕੱਠੀਆਂ ਕਰਕੇ ਉਹਨਾਂ ਨੂੰ ਸਿਊਂ ਕੇ ਦੂਹਰੇ ਜੋੜ ਕੇ ਵਿਚ ਨਿੱਕੀਆਂ ਨਿੱਕੀਆਂ ਟੱਲੀਆਂ ਭਰ ਕੇ ਰਜਾਈਆਂ ਬਣਾਈਆਂ ਹੋਈਆਂ ਸਨ। ਜ਼ਮੀਨ ਉਤੇ ਚਟਾਈਆਂ ਉਣ ਕੇ। ਵਿਚਕਾਰ ਇਕ ਚੌੜਾ ਘੱਟ ਡੂੰਘਾ ਟੋਇਆ ਪੁੱਟ ਕੇ ਅੱਗ ਬਾਲੀ ਹੋਈ। ਰਾਤ ਨੂੰ ਸਾਰਾ ਟੱਬਰ ਉਸ ਟੋਏ ਦੀ ਅੱਗ ਦੁਆਲੇ ਲੇਟ ਰਹਿੰਦਾ। ਮੈਨੂੰ ਉਸ ਰਾਤ ਉਹਨਾਂ ਨੇ ਨਵੀਂ ਚਟਾਈ ਤੇ ਆਪਣੀ ਰਜਾਈ ਵੀ ਦਿੱਤੀ। ਡੂੰਘੇ ਚੁੱਲ੍ਹੇ ਵਿਚ ਰੋਟੀਆਂ ਪਕਾਉਣੀਆਂ। ਸੇਕਣੀਆਂ ਚੁੱਲ੍ਹੇ ਦੀ ਅੱਗ ਉਤੇ। ਕਾਗ਼ਜ਼ ਵਰਗੀਆਂ ਵੱਡੀਆਂ ਵੱਡੀਆਂ ਰੋਟੀਆਂ। ਦਾਲ ਸਿਰਫ਼ ਲੂਣ ਮਿਰਚਾਂ ਵਾਲੀ। ਸਾਰੇ ਘਰ ਨੇ ਮੈਨੂੰ ਬੜਾ ਤੇਹ ਦਿੱਤਾ, ਖ਼ੁਸ਼ ਹੋਏ। ਰਾਖੀ ਕਰਨ ਦਾ ਪ੍ਰਣ ਦਿੱਤਾ। ਮੇਰੇ ਬੈਗ ਵਿਚ ਕੱਛਾ, ਬਣੈਣ, ਕਮੀਜ਼, ਪਜਾਮਾ ਇਕ ਸਲਵਾਰ। ਬਾਕੀ ਮੇਰੀ ਕਾਪੀ ਤੇ ਹੋਰ ਪਰਚੇ। ਜ਼ਦ ਮੈਂ ਵਾਲਾਂ ਤੋਂ ਸੁਰਖਰੂ ਹੋਇਆ ਉਸ ਸਮੇਂ ਆਪਣਾ ਨਾਂ ਸ਼ਾਮ ਬਾਬੂ ਰੱਖ ਲਿਆ ਸੀ। ਉਂਜ ਉਧਰ ਮੈਨੂੰ ਮਾਸਟਰ ਜੀ ਵੀ ਕਹਿੰਦੇ ਸਨ।

ਦੂਜੀ ਰਾਤ ਉਸ ਘਰ ਲਾਗਲੀਆਂ ਝੁੱਗੀਆਂ ਦੀ ਮੀਟਿੰਗ ਸੱਦੀ ਕੋਈ ਵੀਹ ਪੰਝੀ ਬੰਦੇ 'ਕੱਠੇ ਹੋ ਗਏ। ਕਾਨਿਆਂ ਦੀਆਂ ਸਿਰਕੀਆਂ ਦੀ ਝੁੱਗੀ ਵਿਚ ਪਰਦਾ ਸੀ। ਉਸ ਉਹਲੇ ਦੱਸ ਪੰਦਰਾਂ ਔਰਤਾਂ ਵੀ ਆ ਗਈਆਂ। ਸਫ਼ਾਈ ਇਹਨਾਂ ਝੁੱਗੀਆਂ ਵਿਚ ਬਹੁਤ ਹੁੰਦੀ ਸੀ। ਤਿੰਨ ਚਾਰ ਮੁੰਡੇ ਵੀ ਦਸਾਂ ਦਸਾਂ, ਬਾਰਾਂ ਬਾਰਾਂ ਸਾਲਾਂ ਦੇ ਸਨ।

ਮੈਂ ਥੱਲੇ ਚਟਾਈ ਉਤੇ ਮੂਹੜਾ ਰੱਖ ਕੇ ਬਹਿ ਗਿਆ। ਗੱਲਾਂ ਸ਼ੁਰੂ ਕੀਤੀਆਂ। ਅਮੀਰਾਂ ਦੀ ਜ਼ਿੰਦਗੀ ਉਤੇ ਰੋਸ਼ਨੀ ਪਾ ਕੇ ਫਿਰ ਉਹਨਾਂ ਦੀ ਜ਼ਿੰਦਗੀ ਦਾ ਵਰਨਣ ਕੀਤਾ। ਦੋ ਜਣੇ ਅਠਾਨਵਿਆਂ ਨੂੰ ਕਿਵੇਂ ਲੁੱਟਦੇ ਹਨ। ਧਨੀਆਂ ਦੀਆਂ ਔਰਤਾਂ ਵਿਚ ਤੇ ਤੁਹਾਡੀਆਂ ਔਰਤਾਂ ਵਿਚ ਕੀ ਫ਼ਰਕ ਹੈ। ਇਹੋ ਜਿਹੀ ਜੀਵਨੀ ਮੈਂ ਪਹਿਲੀ ਵਾਰੀ ਵੇਖੀ ਸੀ। ਬੜੇ ਜੋਸ਼ ਅਤੇ ਉਬਾਲ ਨਾਲ ਦੋ ਘੰਟੇ ਬੋਲਦਾ ਰਿਹਾ। ਮੀਟਿੰਗ ਖ਼ਤਮ ਹੋ ਗਈ। ਸਾਰੇ ਚੁੱਪ ਚਾਪ ਉਠ ਕੇ ਚਲੇ ਗਏ। ਖ਼ੁਸ਼ ਸਨ। ਕੁਝ ਸੋਚਦੇ ਸਨ। ਜਾਪਦਾ ਸੀ ਉਹਨਾਂ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿਸੇ ਨੇ ਗੱਲ ਕੀਤੀ ਹੈ !!

ਸਭ ਸੁੱਤੇ ਦਿਨੇ ਮੈਂ ਜੰਗਲ ਪਾਣੀ ਹੋ ਕੇ ਜਦ ਆਇਆ ਤਾਂ ਉਸ ਝੁੱਗੀ ਦੇ ਮੁੰਡੇ ਨੇ ਜਿਹੜਾ ਡੰਗਰ ਚਾਰਦਾ ਸੀ ਮੈਥੋਂ ਪੁੱਛਿਆ — ਮਾਸਟਰ ਜੀ ਤੁਸੀਂ ਵੀ ਅਮੀਰ ਆਦਮੀ ਹੋ ।......ਮੈਂ ਹੈਰਾਨ ਹੋ ਕੇ ਪੁੱਛਿਆ — ਮੈਂ ਕਿੱਦਾਂ ਅਮੀਰ ਹਾਂ । ਉਸ ਨੇ ਮੇਰੇ ਬੈਗ ਵੱਲ ਉਂਗਲੀ ਕਰਕੇ ਆਖਿਆ — ਬੈਗ ਵਿਚ ਤੁਸੀਂ ਹੋਰ ਕੱਪੜੇ ਰੱਖੇ ਹੋਏ ਨੇ ਨਾਲੇ ਤੁਹਾਡੇ ਗਲ ਪਏ ਹੋਏ ਨੇ ਤੁਸੀਂ ਅਮੀਰ ਨਾ ਹੋਏ ।......ਮੈਂ ਉਸ ਨੂੰ ਘੁੱਟ ਕੇ ਜੱਫੀ ਪਾ ਲਈ । ਕੁਝ ਸਮਝਾਇਆ । ਉਹ ਖ਼ੁਸ਼ ਹੋ ਗਿਆ । ਇਹ ਚਾਰ ਭਰਾ ਸਨ । ਵੱਡਾ ਪਾਰਟੀ ਮੈਂਬਰ ਬਣਾ ਲਿਆ । ਉਸ ਤੋਂ ਨਿੱਕਾ ਜਿਹੜਾ ਉਸ ਬਰਾਦਰੀ ਦਾ ਪੰਡਤ ਸੀ । ਵਿਆਹ ਵੀ ਕਰਵਾਉਂਦਾ ਸੀ । ਬੜੇ ਪ੍ਰਵਚਨ ਵੀ ਕਰਦਾ ਸੀ । ਪੈਰ ਦੋਏਂ ਅੰਦਰ ਨੂੰ ਸਨ ਉਹ ਸਾਰੀ ਪੰਡਤਾਈ ਛੱਡ ਕੇ ਜੁੱਤੀਆਂ ਦਾ ਕੰਮ ਕਰਦਾ ਜਾਂ ਮੇਰੇ ਨਾਲ ਇਲਾਕੇ ਵਿਚ ਫਿਰਦਾ । ਕੁਝ ਨਾ ਕੁਝ ਪੁੱਛਦਾ ਰਹਿੰਦਾ ਮੈਂ ਦਸਦਾ ਰਹਿੰਦਾ । ਕਈ ਲੇਖ ਉਸ ਨੂੰ ਪੜ੍ਹ ਕੇ ਸੁਣਾਉਂਦਾ । ਵੱਡਾ ਬੜਾ ਤਹੱਮਲ ਵਾਲਾ ਤੇ ਸੂਝਵਾਨ ਸੀ ।

ਇਕ ਦਿਨ ਮੀਲ ਪੈਂਡਾ ਤੁਰ ਕੇ ਪੈਰਾਂ ਵਾਲਾ ਮੈਨੂੰ ਇਕ ਵੱਡੀ ਸਾਰੀ ਝੁੱਗੀ ਵਿਚ ਲੈ ਗਿਆ । ਉਥੇ ਅੱਧੀ ਉਮਰ ਟੱਪਦਾ ਰਮਦਾਸੀਆ ਜੁੱਤੀਆਂ ਮੁਰੰਮਤ ਕਰ ਰਿਹਾ ਸੀ । ਉਸ ਨਾਲ ਗੱਲਾਂ ਸ਼ੁਰੂ ਹੋਈਆਂ । ਉਹ ਨਹਾਇਤ ਗ਼ਰੀਬ । ਚਾਰ ਲੜਕੀਆਂ ਇਕ ਉਹਨਾਂ ਦੀ ਮਾਂ । ਪਰ ਜਿਹੜੀ ਬਾਹਰ ਆਉਂਦੀ ਧੋਤੀ ਪਾ ਕੇ ਆਉਂਦੀ । ਧੋਤੀ ਇਕੋ ਸੀ । ਗਲਾਂ ਦੇ ਕੱਪੜੇ ਬਾਹਰ ਨਿਕਲਣ ਵਾਲੇ ਵੀ ਨਹੀਂ ਸਨ । ਗੱਲਾਂ ਉਸ ਨੇ ਦੁੱਖ ਭਰੀਆਂ ਕੀਤੀਆਂ । ਆਉਣ ਲਗਿਆਂ ਕਹਿਣ ਲੱਗਾ — ਬਾਬੂ ਜੀ, ਤੁਹਾਨੂੰ ਚਾਹ ਪਾਣੀ ਨਹੀਂ ਪੁੱਛ ਸਕਿਆ ਘਰ ਵਿਚ ਕੁਝ ਨਹੀਂ । ਮੁਆਫ਼ ਕਰਿਉ ।......ਮੇਰੀ ਹਾਲਤ ਇਹ ਸੀ ਕਿ ਮੈਂ ਸਿਰ ਹਲਾਇਆ ਕੋਈ ਉਤਰ ਨਾ ਦੇ ਸਕਿਆ ।

ਪੰਡਤ ਜੀ ਨੂੰ ਉਸ ਦੇ ਪਿੰਡ ਸੱਦ ਘਲਿਆ । ਉਹ ਆ ਗਏ । ਉਹਨਾਂ ਨੂੰ ਅਤੇ ਪੈਰਾਂ ਵਾਲੇ ਕਾਮਰੇਡ ਨੂੰ ਨਾਲ ਲਈ ਫਿਰਨਾ । ਮੇਰੇ ਟਿਕਾਣੇ ਵਾਲੇ ਸਾਰੇ ਮੁੰਡੇ ਡੰਗਰ ਚਾਰਦੇ ਹੋਏ ਇਹ ਧਿਆਨ ਰੱਖਦੇ ਕਿ ਕੋਈ ਸਿਪਾਹੀ ਤੇ ਉਧਰੋਂ ਨਹੀਂ ਲੰਘਦਾ । ਉੱਗੜ ਦੁਗੱੜ ਪਹਾੜੀ ਇਲਾਕਾ ।

ਚਹੁੰ ਪਿੰਡਾਂ ਵਿਚ ਮੀਟਿੰਗਾਂ ਰੱਖੀਆਂ । ਇਕ ਦੁਪਹਿਰੇ ਕਰਨੀ, ਇਕ ਰਾਤ ਨੂੰ । ਰੋਟੀ ਵੀ ਉਥੋਂ ਖਾਣੀ । ਉਹ ਲੋਕ ਮਾੜੀ ਮੋਟੀ ਰੋਟੀ ਮੀਟਿੰਗ ਨੂੰ ਖਵਾਉਂਦੇ ਸਨ । ਚਾਹ ਦੀ ਬਹੁਤੀ ਹੈ ਨਹੀਂ ਸੀ । ਪਹਿਲੇ ਦਿਨ ਜਿਸ ਪਿੰਡ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੁਪਹਿਰਾਂ ਨੂੰ ਮੀਟਿੰਗ ਕੀਤੀ, ਬੜੀ ਸਫਲ ਰਹੀ। ਰੋਟੀ ਖਾਧੀ ਅਗਲੇ ਪਿੰਡ। ਦਿਨ ਨਿੱਕੇ ਨਿੱਕੇ ਸਿਆਲੀ ਸਨ ਠੰਢ ਘੱਟ ਸੀ। ਮੀਟਿੰਗ ਮੁੱਕੀ। ਹਾਜ਼ਰੀ ਕਾਫੀ ਹੋਈ। ਖ਼ੂਬ ਦਿਲ ਨਾਲ ਮੈਂ ਜਮਾਤਾਂ ਦਾ ਨਿਰਣਾ ਕੀਤਾ ਚਟਾਈਆਂ ਤੇ ਬਹਿ ਕੇ ਰੋਟੀ ਖਾਣ ਲੱਗੇ ਤਾਂ ਪਿਛਲੇ ਪਿੰਡੋਂ ਚਾਰ ਪੰਜ ਬੰਦੇ ਉਥੇ ਆ ਗਏ। ਮੈਂ ਚੇਤੰਨ ਹੋ ਗਿਆ ਸਮਝਿਆ ਕਿ ਪੁਲਿਸ ਪਈ ਹੋਏਗੀ — ਤੁਸੀਂ ਕਿਧਰ ਆਏ ਹੋ ?......ਮੇਰੀ ਕਾਹਲੀ ਵੇਖ ਕੇ ਉਹਨਾਂ ਆਖਿਆ — ਕੋਈ ਗੱਲ ਨਹੀਂ ਮਾਸਟਰ ਜੀ ਖ਼ੁਸ਼ੀ ਨਾਲ ਆਏ ਹਾਂ। ਜਦ ਵਿਹਲੇ ਹੋ ਗਏ ਉਹਨਾਂ ਮੈਨੂੰ ਤੇ ਕਾ: ਪੰਡਤ ਜੀ ਨੂੰ ਵੱਖਰੇ ਲੈ ਗਏ ਪੁੱਛਿਆ — ਮਾਸਟਰ ਜੀ, ਤੁਸੀਂ ਕੌਣ ਹੋ ?... ਮੈਂ ਹੱਸ ਕੇ ਉੱਤਰ ਦਿੱਤਾ — ਮੈਂ ਤਰਖਾਣ ਹਾਂ।... ਉਹ ਬੜੇ ਖ਼ੁਸ਼ ਹੋਏ। ਇਕ ਨੇ ਦਸਿਆ......ਤੁਸੀਂ ਆ ਗਏ ਸਾਡੇ ਵਿਚ ਬਹਿਸ ਹੋ ਪਈ ਕਿ ਇਹ ਚੌਧਰੀ ਹੈ ਭਾਵ ਰਾਜਪੂਤ ਹੈ। ਫ਼ੈਸਲਾ ਹੋਇਆ ਕਿ ਪੁੱਛਿਆ ਜਾਵੇ ਸੋ ਅਸੀਂ ਖ਼ੁਸ਼ ਹੋ ਗਏ ਹਾਂ। ਅਸਾਂ ਸੋਚਿਆ ਸੀ ਜੇ ਚੌਧਰੀ ਹੋਏ ਤਾਂ ਇਸ ਦੀ ਅਸਾਂ ਕੋਈ ਗੱਲ ਨਹੀਂ ਮੰਨਣੀ ਇਹ ਸਾਨੂੰ ਖ਼ਰਾਬ ਕਰਨ ਆਇਆ ਹੈ।......ਮੈਂ ਸੋਚਿਆ ਕਿਤਨੀ ਨਫ਼ਰਤ ਹੈ ਇਸ ਜਮਾਤ ਨੂੰ ਲੋਟੂਆਂ ਦੇ ਨਾਲ। ਸ਼ਕਲਾਂ ਸੂਰਤਾਂ ਜਾਤ ਬਰਾਦਰੀ ਤਕ ਪਰਖ ਲਈ ਜਾਂਦੇ ਹਨ।

ਅਸੀਂ ਵਾਪਸ ਟਿਕਾਣੇ ਉਤੇ ਆਏ ਤਾਂ ਕਾ: ਪੰਡਤ ਨੇ ਮੈਨੂੰ ਬੜਾ ਕੁਝ ਦਸਿਆ ਕਿ ਰਾਜਪੂਤ ਚੌਧਰੀ ਇਹਨਾਂ ਨਾਲ ਡੰਗਰਾਂ ਤੋਂ ਵੀ ਭੈੜਾ ਸਲੂਕ ਕਰਦੇ ਹਨ। ਗਾਈਆਂ ਮੱਝਾਂ ਦਾ ਅਧਿਆਰਾ ਨਹੀਂ ਦੇਂਦੇ। ਜੇ ਮੰਗੋ ਤਾਂ ਗਾਲ੍ਹਾਂ ਕੱਢਦੇ ਹਨ। ਹੋਰ ਕਈ ਕੁਝ।

ਪਠਾਨਕੋਟ ਵਿਚ ਜਿਲ੍ਹਾ ਪਾਰਟੀ ਦੀ ਮੀਟਿੰਗ ਰੱਖੀ। ਇਕ ਚੰਗੀ ਨੌਕਰੀ ਤੇ ਨੌਜਵਾਨ ਹਿੰਦੂ ਬਾਬੂ ਸੀ ਉਸ ਦੇ ਘਰ। ਮੈਂ ਪੰਜਾਬ ਮੈਂਬਰ ਕਿਸਾਨ ਸਭਾ ਦੇ ਭਰਤੀ ਕੀਤੇ ਸਨ। ਉਹਨਾਂ ਕੋਲੋਂ ਚਾਰ ਚਾਰ ਆਨੇ ਫੀਸ ਵੀ ਲਈ। ਕਾ: ਟਪਿਆਲੇ ਨੇ ਆਖਿਆ — ਇਹ ਜਿਲ੍ਹੇ ਦੀ ਅਸਲੀ ਕਿਸਾਨ ਸਭਾ ਹੈ। ਡੇਢ ਗਵਾਰ ਆਨੇ ਟੱਡ ਟੱਡ ਮੇਰੇ ਵਲ ਵੇਖਦਾ ਰਿਹਾ।

ਇਸ ਬਾਬੂ ਦੇ ਘਰ ਮੈਂ ਆਉਂਦਾ ਜਾਂਦਾ। ਉਹ ਮੈਥੋਂ ਕਈ ਗੱਲਾਂ ਪੁੱਛਦਾ ਰਹਿੰਦਾ, ਬਹਿਸ ਵੀ ਕਰਦਾ। ਮੈਂ ਉਸ ਕੋਲੋਂ ਇਕ ਵਾਰੀ ਫੰਡ ਮੰਗਿਆ ਉਸ ਨੇ ਮੈਨੂੰ ਸੌ ਰੁਪਿਆ ਦਿੱਤਾ ਉਹ ਰੁਪਿਆ ਜਦ ਮੇਰੀ ਮਾਂ ਮੈਨੂੰ ਕਿਸੇ ਥਾਂ ਮਿਲਣ ਆਈ ਉਸ ਨੂੰ ਦੇ ਦਿੱਤਾ। ਮੇਰੇ ਘਰ ਇਕ ਹੋਰ ਕੁੜੀ ਜੰਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਈ ਹੋਈ ਸੀ । ਨਾ ਮਹਣੀ ਰਖਿਆ ਗਿਆ ਸੀ ।

ਜਦ ਫਿਰ ਜਿਲ੍ਹੇ ਦੀ ਅੰਮ੍ਰਿਤਸਰ ਦੀ ਹੱਦ ਉਤੇ ਹਰਦੋਰਵਾਲ ਪਿੰਡ ਵਿਚ ਮੀਟਿੰਗ ਹੋਈ ਤਾਂ ਟਪਿਆਲੇ ਨੇ ਮੇਰੀ ਬੜੀ ਝਾੜ ਕੀਤੀ — ਤੂੰ ਪਾਰਟੀ ਸੈਕਟਰੀ ਹੈ ਕਿਉਂ ਆਪਣੇ ਘਰ ਪੈਸੇ ਘੱਲੇ । ਕਾ: ਪਿਆਰੇ ਨੂੰ ਲੋੜ ਸੀ । ਬਿਸ਼ਨ ਸਿੰਘ ਜੇਲ੍ਹੋਂ ਰਿਹਾਅ ਹੋ ਕੇ ਆਇਆ ਸੀ । ਪਹਿਲਾਂ ਹੋਰਨਾਂ ਨੂੰ ਦੇਣੇ ਸਨ । ਹੋਰ ਕਈ ਗੱਲਾਂ । ਮੈਂ ਵੀ ਰੋਣ ਹਾਕਾ ਹੋ ਗਿਆ । ਮਾਉ ਦਾ ਕਥਨ ਯਾਦ ਆਇਆ — ਜੇ ਕਮਿਊਨਿਸਟ ਹੋਵੇ ਤਾਂ ਉਸ ਦੀ ਫੋਟੋ ਲਈ ਜਾਏ ਤੇ ਲੋਕਾਂ ਨੂੰ ਵਿਖਾਈ ਜਾਏ, ਸਾਰੇ ਲੋਕ ਹੈਰਾਨ ਹੋਣਗੇ ਕਿ ਵੇਖੋ ਵੇਖੋ ਕਮਿਊਨਿਸਟ ਰੋ ਰਿਹਾ ਹੈ ।

ਹੁਣ ਤੱਕ ਇਹ ਗੱਲ ਮੌਜੂਦ ਹੈ ਕਮਿਊਨਿਸਟ ਮਹਾਨ ਹਨ । ਪਰ ਬੇ-ਰਹਿਮ ਵੀ ਇਤਨੇ ਹਨ ਕਿ ਕਸਾਈਆਂ ਤੋਂ ਜ਼ਿਆਦਾ । ਜਦ ਅੰਦਰ ਫੁੱਟ ਜ਼ੋਰ ਫੜਦੀ ਹੈ ਤਾਂ ਕਤਲ ਕਰਕੇ ਕਹਿਣਗੇ ਗ਼ਲਤ ਆਦਮੀ ਕਮਿਊਨਿਸਟ ਪ੍ਰੋਗਰਾਮ 'ਚੋਂ ਮੁੱਕਾ ਹੈ । ਮੈਂ ਇਹਨਾਂ ਲੋਕਾਂ ਨੂੰ ਵਿਦਿਆ ਨਹੀਂ ਸਾਂ ਦੇ ਰਿਹਾ ਵਿਦਿਆ ਲੈ ਰਿਹਾ ਸਾਂ । ਮੇਰੇ ਅੰਦਰ ਤੱਕ ਜਮਾਤੀ ਵੰਡ ਘਰ ਕਰ ਗਈ । ਮੇਰੇ ਲਹੂ ਵਿਚ ਹਮ ਅੰਗ ਹੋ ਗਈ । ਸਾਰੀ ਜ਼ਿੰਦਗੀ ਮੈਨੂੰ ਇਸ ਜਮਾਤੀ ਸਿਧਾਂਤ ਨੇ ਠਿਕਾਣੇ ਰਖਿਆ ਹੈ ।

ਸਾਡੇ ਘਰ ਡੇਰੇ ਬਾਬੇ ਨਾਨਕ ਉਤੇ ਕਾਗਜ਼ ਲੱਗ ਗਿਆ ਕਿ ਫਲਾਣੀ ਤਾਰੀਖ਼ ਤੱਕ ਗਿਰਫ਼ਤਾਰੀ ਦੇ ਦੇਵੇ ਨਹੀਂ ਤੇ ਮਕਾਨ ਨੀਲਾਮ ਕਰ ਦਿੱਤਾ ਜਾਵੇਗਾ । ਬਟਾਲੇ ਫੁੱਫੜ ਕਰਮ ਸਿੰਘ ਵੀ ਕੰਮ ਕਰਦਾ ਸੀ । ਸ਼ਹਿਰ ਦੀ ਆਬਾਦੀ ਵਿਚ ਉਸ ਦਾ ਮਕਾਨ ਸੀ । ਕੱਲਾ ਜਿਹਾ । ਉਥੇ ਗਿਆ ਤਾਂ ਭਾਬੀ ਰਾਏ ਨੂੰ ਕੁੱਛੜ ਚੁੱਕੀ ਮੈਨੂੰ ਮਿਲਣ ਆਈ ਕਹਿਣ ਲੱਗੀ — ਤੂੰ ਆਖ਼ਿਰ ਫੜ੍ਹਿਆ ਹੀ ਜਾਣਾ ਹੈ । ਹੁਣੇ ਫੜਿਆ ਜਾ ਅਸੀਂ ਘਰ ਵਿਚ ਤਾਂ ਬੈਠੇ ਰਹਾਂਗੇ । ਮੈਂ ਉਸ ਨੂੰ ਹੂੰ ਹਾਂ ਕਰਕੇ ਤੋਰ ਦਿੱਤਾ । ਉਸ ਦਿਨ ਹੀ ਉਥੇ ਮੈਨੂੰ ਰੂਪਾ ਨੇ ਮਿਲਣ ਆਉਣਾ ਸੀ । ਉਹ ਆ ਗਈ । ਬਹੁਤ ਘੁੱਟ ਕੇ ਮਿਲੇ । ਚੁੰਮਣ ਲਏ । ਮੰਜੀ ਉਤੇ ਲੰਮੇ ਪੈ ਗਏ । ਮੈਂ ਉਸ ਨੂੰ ਘਰ ਨੀਲਾਮ ਹੋਣ ਵਾਲੀ ਗੱਲ ਸੁਣਾਈ । ਉਸ ਨੇ ਮੈਨੂੰ ਘੁੱਟ ਕੇ ਚੁੰਮ ਲਿਆ ਆਖਿਆ — ਤੁਸੀਂ ਫੜੇ ਨਹੀਂ ਜਾਣਾ । ਮੇਰੇ ਕੋਲ ਮਿਲਾ ਕੇ ਦਸ ਬਾਰਾਂ ਹਜ਼ਾਰ ਰੁਪਿਆ ਹੈ । ਦੱਸੋ ਕਿਤਨੇ ਪੈਸੇ ਵਿਚ ਨੀਲਾਮ ਹੋਵੇਗਾ । ਕਿਸੇ ਨੂੰ ਖਲਿਆਰ ਕੇ ਬੋਲੀ ਦਵਾ ਕੇ ਲੈ ਲਿਉ । ਮੇਰੀ ਸਹੁੰ ਜੇ ਫੜੇ ਗਏ ਤਾਂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਲਕੁਲ ਨਹੀਂ ਫੜੇ ਜਾਣਾ।

ਜਦ ਮੈਨੂੰ ਉਹ ਗੱਲ ਯਾਦ ਆਉਂਦੀ ਹੈ ਮੇਰੇ ਅੱਥਰੂ ਭਰ ਆਉਂਦੇ ਹਨ। ਔਰਤ ਤੂੰ ਮਹਾਨ ਤੇਰਾ ਪਿਆਰ ਮਹਾਨ ਤੇਰੀ ਦੋਸਤੀ ਮਹਾਨ ਤੇਰੀ ਲਿਖੀ ਵਾਰਤਾ ਅਮਰ। ਮੈਂ ਇਸ ਵਾਕਿਆ ਉਤੇ ਇਕ ਡਰਾਮਾ ਲਿਖਿਆ ਸੀ 'ਜਾਇਦਾਦ' ਜੋ ਅਣਛਪਿਆ ਹੈ।

ਘਰ ਨੀਲਾਮ ਨਾ ਹੋ ਸਕਿਆ। ਪਤਨੀ ਦੇ ਨਾਂ ਸੀ। ਸਮਾਨ ਕੁਰਕ ਕਰਕੇ ਬੇਦੀ ਗੁਰਦਿਆਲ ਸਿੰਘ ਕੋਲ ਅਮਾਨਤ ਰੱਖ ਦਿੱਤਾ। ਰਾਏ ਦੇ ਖਡੌਣੇ ਵੀ ਲੈ ਗਏ। ਮੇਰੇ ਘਰੋਂ ਸਿਲਾਈ ਮਸ਼ੀਨ ਵੀ ਚੁੱਕ ਖੜੀ। ਭਾਬੀ ਨੇ ਮੁਕੱਦਮਾ ਕਰ ਦਿੱਤਾ—ਸਮਾਨ ਮੇਰਾ ਹੈ ਮੇਰੇ ਪਤੀ ਦਾ ਨਹੀਂ ਹੈ। ਉਹ ਤੇ ਮੁਢੋਂ ਜੇਲਾਂ ਵਿਚ ਰਿਹਾ ਹੈ। ਮੁਕੱਦਮਾ ਸਾਡੇ ਸ਼ਹਿਰ ਸਿੰਘ ਪੁਰੀਆ ਹਾਊਸ ਵਿਚ ਚਲਦਾ ਸੀ। ਮੈਜਿਸਟਰੇਟ ਕਾ: ਟਪਿਆਲੇ ਦਾ ਚਾਚੇ ਦਾ ਪੁੱਤ ਭਰਾ ਸੀ। ਮੇਰੇ ਖਿਲਾਫ਼ ਸ਼ਹਿਰ ਦੇ ਗੁਰੂ ਬੇਦੀ ਨੇ ਅਤੇ ਸ਼ਹਿਰ ਦੇ ਸਰਾਫ਼ ਬੇਦੀ ਨੇ ਗਵਾਹੀ ਦਿੱਤੀ ਕਿ ਇਹ ਸਮਾਨ ਰਾਹੀ ਦਾ ਹੈ। ਬੇਦੀ ਕੋਲ ਦਾਸ ਸਾਡੇ ਹੱਕ ਵਿਚ। ਖ਼ੂਬ ਸਾਡੀ ਮਦਦ ਕਰਦਾ ਸੀ। ਕਾ: ਟਪਿਆਲੇ ਨੇ ਭਰਾ ਨੂੰ ਪੱਕੀ ਕਰ ਦਿੱਤੀ ਮੇਰੇ ਹੱਕ ਵਿਚ ਫ਼ੈਸਲੇ ਵਿਚ। ਫ਼ੈਸਲੇ ਵਾਲੇ ਦਿਨ ਮੈਜਿਸਟਰੇਟ ਨੇ ਆਵਾਜ਼ ਮਾਰ ਕੇ ਕਿਹਾ—ਆਉ ਜਾਉ ਝੂਠੇ ਗਵਾਹੋ ਤੁਹਾਡਾ ਕੁਝ ਨਹੀਂ ਬਣਿਆ। ਮੁਕੱਦਮਾ ਮਾਈ ਹਰਨਾਮ ਕੌਰ ਦੇ ਹੱਕ ਵਿਚ ਗਿਆ ਹੈ। ਗਲੀ ਦੇ ਬੇਦੀ ਗੁਰਦਿਆਲ ਨੇ ਅਮਾਨਤ ਦੇ ਸਮਾਨ ਸਾਡੇ ਘਰ ਹੀ ਰਹਿਣ ਦਿੱਤਾ ਸੀ।

ਕਾਮਰੇਡ ਟਪਿਆਲੇ ਵਿਚ ਇਹ ਸਿਫ਼ਤ ਬੜੀ ਉਘੜਵੀਂ ਸੀ ਕਿ ਗੱਲਾਂ ਕਰਕੇ ਤਕਰੀਰ ਕਰਕੇ ਮੋਇਆਂ ਨੂੰ ਖਲਿਆਰ ਦਿੰਦਾ ਸੀ। ਪੂਰਾਂ ਦੇ ਪੂਰ ਪਾਰਟੀ ਮੈਂਬਰਾਂ ਦੇ ਉਸ ਨੇ ਰੰਧੀਵੀ ਦੌਰ ਵਿਚ ਮਫਰੂਰ ਰਹਿੰਦਿਆਂ ਤਿਆਰ ਕੀਤੇ ਸਨ।

ਬਟਾਲੇ ਤਿੰਨ ਕਾਮਰੇਡ ਰਹਿੰਦੇ ਸਨ। ਕਾ: ਦੀਵਾਨ ਸਿੰਘ ਅਤੇ ਦੋ ਸਾਥੀ ਹੋਰ। ਇਹ ਦੋਵੇਂ ਕਿਸਾਨ ਸਨ। ਜ਼ਮੀਨ ਨਾ ਮਿਲਣ ਕਰਕੇ ਕਾਰਖ਼ਾਨਿਆਂ ਵਿਚ ਕੰਮ ਕਰਦੇ। ਇਹਨਾਂ ਕੋਲ ਟਪਿਆਲਾ ਵੀ ਤੇ ਮੈਂ ਵੀ ਆਉਂਦੇ ਜਾਂਦੇ ਜਿਥੇ ਇਹ ਮੀਟਿੰਗ ਰਖਾ ਲੈਂਦੇ ਉਥੇ ਇਹ ਸਾਨੂੰ ਲੈ ਜਾਂਦੇ। ਰਹਿੰਦੇ ਅਸੀਂ ਇਹਨਾਂ ਦੇ ਘਰ ਵਿਚ। ਦੀਵਾਨ ਸਿੰਘ ਸ਼ਹਿਰ ਦੇ ਅੰਦਰ ਦੂਜੇ ਦੂਏ ਬਾਹਰ ਵਾਰ। ਦੀਵਾਨ ਸਿੰਘ ਮਜ਼ਦੂਰ ਲੀਡਰ ਸੀ। ਜਦ ਸਾਨੂੰ ਘਰੋਂ ਤੋਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਾਂਦਾ ਪਿਸਤੌਲ ਕੋਲ ਰੱਖਦਾ। ਇਹ ਪਿਸਤੌਲ ਹਰੀਜਨ ਸ਼ਰਨਾਰਥੀ ਕੈਂਪ ਵਿਚ ਇਕ ਸਾਥੀ ਰਹਿੰਦਾ ਸੀ ਫੌਜ ਵਿਚੋਂ ਆਇਆ ਹੋਇਆ ਉਸ ਦਾ ਸੀ। ਇਹਦੀ ਸਾਥਣ ਅਨਪੜ੍ਹ ਤੇ ਬੜੀ ਸਿਰੜੀ ਸੀ। ਦੂਜਿਆਂ ਦੋਏਂ ਆਮ ਪੜ੍ਹੀਆਂ ਲਿਖਿਆਂ ਤੇ ਸਭਿਆ ਸਨ। ਇਕ ਦੇ ਅਜੇ ਕੋਈ ਬੱਚਾ ਨਹੀਂ ਸੀ। ਦੋ ਦੋ ਇਕ ਇਕ ਦੋ ਦੋ ਸਨ। ਮੈਨੂੰ ਇਹਨਾਂ ਸਾਰੀਆਂ ਕੋਲ ਰਹਿਣਾ ਪੈਂਦਾ। ਕਾਮਰੇਡ ਭਾਵੇਂ ਰਾਤ ਦੀ ਸ਼ਿਫਟ ਤੇ ਗਏ ਹੋਣ।

ਕਾ: ਬਿਸ਼ਨ ਸਿੰਘ ਨੂੰ ਮੈਂ ਰੂਪਾ ਬਾਰੇ ਦੱਸ ਦਿੱਤਾ। ਦੱਸਣ ਵਿਚ ਮੈਨੂੰ ਸਵਾਦ ਆਉਂਦਾ। ਫੁੱਫੜ ਕਰਮ ਸਿੰਘ ਨੇ ਵੀ ਕਾ: ਟਪਿਆਲੇ ਨੂੰ ਸਭ ਦੱਸ ਦਿੱਤਾ। ਨਤੀਜਾ ਇਹ ਹੋਇਆ ਕਿ ਜਿਲ੍ਹਾ ਕਮੇਟੀ ਵਿਚ ਮੇਰੀ ਪੁੱਛ ਹੋ ਗਈ। ਮੈਂ ਕੋਈ ਹੀਲ ਹੁੱਜਤ ਨਾ ਕੀਤੀ। ਕੁਝ ਮੰਨ ਲਿਆ। ਕਾ: ਟਪਿਆਲੇ ਨੇ ਬੜੀਆਂ ਨਸੀਹਤਾਂ ਕੀਤੀਆਂ ਫ਼ੈਸਲਾ ਹੋਇਆ ਕਿ ਮੈਂ ਮੁੜ ਕੇ ਉਸ ਨੂੰ ਨਾ ਮਿਲਾਂ ਨਾ ਮਿਲਣ ਜਾਵਾਂ। ਨਾ ਆਪਣੇ ਕੋਲ ਸੱਦਾਂ। ਕੁਦਰਤੀ ਕਿਤੇ ਮਿਲ ਪਏ ਮਿਲ ਪਏ।

ਇਸ ਫ਼ੈਸਲੇ ਦਾ ਬਟਾਲੇ ਵਾਲੇ ਤਿੰਨਾਂ ਸਾਥੀਆਂ ਨੂੰ ਪਤਾ ਲੱਗ ਗਿਆ। ਜਦ ਟਪਿਆਲਾ ਬਟਾਲੇ ਇਕ ਸਾਥੀ ਦੇ ਘਰ ਰਿਹਾ ਤਾਂ ਸ਼ਾਮ ਨੂੰ ਤਿੰਨਾਂ ਕਾਮਰੇਡਾਂ ਦੀਆਂ ਕਾਮਰੇਡਣਾਂ ਟਪਿਆਲੇ ਕੋਲ ਆਈਆਂ ਤੇ ਪੁੱਛਿਆ — ਅਸਾਂ ਸੁਣਿਆ ਹੈ ਟਪਿਆਲਾ ਜੀ ਰਾਹੀ ਹੋਰਾਂ ਉੱਤੇ ਕੋਈ ਇਲਜ਼ਾਮ ਲੱਗਾ ਹੈ ਕਿਸੇ ਜਨਾਨੀ ਬਾਰੇ ਭਈ ਉਸ ਨਾਲ ਵਿਗੜੇ ਹੋਏ ਹਨ......ਕਾਮਰੇਡ ਟਪਿਆਲੇ ਨੇ ਉੱਤਰ ਦਿੱਤਾ, ਨਹੀਂ ਕੋਈ ਗੱਲ ਨਹੀਂ ਤੁਹਾਨੂੰ ਕਿਸੇ ਗਲਤ ਆਖਿਆ ਹੈ।

— ਸਾਨੂੰ ਪੂਰਾ ਪਤਾ ਹੈ ਅਸੀਂ ਤੁਹਾਨੂੰ ਕਹਿਣ ਆਈਆਂ ਹਾਂ ਰਾਹੀ ਹੋਰਾਂ ਤੇ ਇਹ ਇਲਜ਼ਾਮ ਗਲਤ ਹੈ, ਕਿਸੇ ਕਾਮਰੇਡ ਨੇ ਇਹ ਸ਼ਰਾਰਤ ਕੀਤੀ ਹੈ। ਅਸੀਂ ਗਵਾਹ ਹਾਂ ਉਹ ਇਹੋ ਜਿਹੇ ਕਦੇ ਨਹੀਂ ਹੋ ਸਕਦੇ।

ਟਪਿਆਲੇ ਹੋਰਾਂ ਤਸੱਲੀ ਦਿੱਤੀ ਫਿਰ ਉਹ ਗਈਆਂ। ਮੈਨੂੰ ਜਦ ਟਪਿਆਲਾ, ਮਿਲਿਆ ਉਸ ਨੇ ਸਾਰੀ ਗੱਲ ਦੱਸੀ ਤੇ ਆਖਿਆ — ਵੇਖ ਰਾਹੀ ਸਾਥੀਆਂ ਦੇ ਘਰਾਂ ਵਿਚ ਤੇਰਾ ਕਿਤਨਾ ਮਾਣ ਹੈ, ਆਦਰ ਹੈ, ਕਦਰ ਹੈ ਤੂੰ ਕਿਤਨਾ ਸਾਫ਼ ਹੈਂ। ਇਹਨਾਂ ਗੱਲਾਂ ਦੀ ਲਾਜ ਰੱਖਿਆ ਕਰ। ਮੈਨੂੰ ਖ਼ੁਸ਼ੀ ਹੋਈ ਹੈ ਤੇਰਾ ਵਿਚਰਨਾ ਕਿਤਨਾ ਕਾਮਰੇਡਾਂ ਵਾਲਾ ਹੈ।

ਕੋਟਕਪੂਰੇ ਦੇ ਉਤਲੇ ਪਾਸੇ ਮੈਂ ਕਾਫੀ ਮਕਬੂਲ ਹੋ ਗਿਆ ਸਾਂ। ਕਈਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੱਡਿਆਂ ਪਿੰਡਾਂ ਵਿਚ ਮੈਨੂੰ ਘੋੜੇ ਉਤੇ ਚੜ੍ਹਾ ਕੇ ਲੋਕ ਲਈ ਫਿਰਦੇ ਸਨ । ਇਕ ਵੀ ਚੋਧਰੀ ਰਾਜਪੂਤ ਮੇਰੀ ਜ਼ਿੰਦਗੀ ਵਿਚ ਉਥੇ ਨਹੀਂ ਆਇਆ । ਮੈਂ ਕਈ ਵਾਰੀ ਮਾਲ ਗੱਡੀ ਦੇ ਇੰਜਣ ਉਤੇ ਬਹਿ ਕੇ ਅੰਮ੍ਰਿਤਸਰੋਂ ਹੋ ਆਉਂਦਾ । ਰੇਲਵੇ ਯੂਨੀਅਨ ਦੀ ਵਾਕਫ਼ੀਅਤ ਨਾਲ ।

ਅੰਮ੍ਰਿਤਸਰ ਮੇਰੇ ਸ਼ਾਗਿਰਦ ਵੀ ਸਨ । ਕਾਮਰੇਡ ਵੀ, ਕਦੇ ਕਿਸੇ ਵਲ ਰਹਿ ਪੈਂਦਾ ਕਦੇ ਕਿਸੇ ਵਲ । ਬਹੁਤਾ ਅਮਰ ਚਿੱਤਰਕਾਰ ਵਲ । ਜੈਪਾਲ, ਦਰਸ਼ਨ ਲਾਲ, ਤਾਰਾ ਸਿੰਘ ਕੋਮਲ ਕੋਲ । ਜਾਂ ਇਹ ਮੈਨੂੰ ਆਖਣੇ ਕਿਸੇ ਮੇਰੀ ਕਵਿਤਾ ਦੇ ਚਹੇਤੇ ਵਲ ਛੱਡ ਆਉਂਦੇ । ਅਮਰ ਚਿੱਤਰਕਾਰ ਤੇ ਜੈਪਾਲ ਦਰਸ਼ਨ ਨੂੰ ਰੂਪਾ ਬਾਰੇ ਸਭ ਪਤਾ ਸੀ । ਅਮਰ ਚਿੱਤਰਕਾਰ ਕੋਲ ਰੂਪਾ ਮੈਨੂੰ ਮਿਲਣ ਆਈ ਕਈ ਵਾਰ ਰਹਿ ਪੈਂਦੀ ਜਾਂ ਹਾਲ ਦਰਵਾਜ਼ੇ ਘੜੀਆਂ ਵਾਲਾ ਸਾਥੀ ਸੀ । ਉਹ ਸ਼ਰੀਫ਼ਪੁਰੇ ਰਹਿੰਦਾ ਸੀ । ਭਰੇ ਪਰਿਵਾਰ ਵਾਲਾ । ਉਸ ਕੋਲ ਰਹਿੰਦਾ ।

ਫ਼ਿਲਮ ਐਕਟਰੈਸ ਮੀਨਾ ਸ਼ੋਰੀ ਮੇਰੀ ਬੜੀ ਮਨ ਪਸੰਦ ਅਦਾਕਾਰਾ ਸੀ । ਚਾਚੀ ਪ੍ਰਕਾਸ਼ ਕੌਰ ਤੇ ਰੂਪਾ ਨਾਲ ਬਹੁਤ ਸਾਰੀ ਮਿਲਦੀ ਜੁਲਦੀ । ਕੱਦ ਬੁੱਤ ਹੱਸਣਾ ਤੁਰਨਾ ਉਹਨਾਂ ਵਰਗਾ । ਇਕ ਫ਼ਿਲਮ ਆਈ ਮੀਨਾ ਸ਼ੋਰੀ ਦੀ । ਮੇਰੇ ਕੋਲ ਕਿਰਾਇਆ ਹੈ ਸੀ । ਅੰਮ੍ਰਿਤਸਰ ਚਲਿਆ ਗਿਆ । ਰੂਪਾ ਬਾਰੇ ਪਾਰਟੀ ਦਾ ਫ਼ੈਸਲਾ ਮੰਨ ਨਾ ਸਕਿਆ । ਆਪ ਜਲਦੀ ਜਲਦੀ ਦਿੱਲੀ ਜਾਣ ਲੱਗ ਪਿਆ । ਇਸ ਵਾਰੀ ਉਸ ਨੂੰ ਅੰਮ੍ਰਿਤਸਰ ਅਮਰ ਚਿੱਤਰਕਾਰ ਦੇ ਘਰ ਸੱਦਿਆ ਮਿਲਣ ਲਈ ।

ਰਾਤ ਫ਼ਿਲਮ ਵੇਖੀ ਹਾਲ ਦਰਵਾਜ਼ੇ ਵਾਲੇ ਸਿਨੇਮੇ ਵਿਚ । ਜਦ ਵੇਖ ਕੇ ਘੜੀ ਸਾਜ਼ ਸਾਥੀ ਦੇ ਘਰ ਸੁੱਤਾ ਪੁਲਿਸ ਨੇ ਘੇਰਾ ਪਾ ਕੇ ਮੈਨੂੰ ਫੜ ਲਿਆ । ਕਿਸੇ ਪਾਸੇ ਨੱਠਣ ਨਾ ਦਿੱਤਾ । ਬੈਗ ਮੇਰੇ ਸਿਰ੍ਹਾਣੇ ਸੀ ਉਹ ਵੀ ਉਹਨਾਂ ਕਬਜ਼ੇ ਵਿਚ ਕਰ ਲਿਆ । ਕੋਤਵਾਲੀ ਦੀ ਹਵਾਲਾਤ ਸਾਹਮਣੇ ਮਾਲ ਖਾਨਾ ਖਾਲੀ ਕਰਾ ਕੇ ਅੰਦਰ ਦੇ ਦਿੱਤਾ । ਮੈਨੂੰ ਗ਼ਮ ਸਿਰਫ਼ ਇਹ ਸੀ ਕਿ ਮੇਰੇ ਬੈਗ ਵਿਚ ਰੂਪਾ ਦੀ ਫੋਟੋ ਸੀ, ਉਸ ਦਾ ਸਰਨਾਵਾਂ ਸੀ । ਉਸ ਨੂੰ ਵੀ ਫੜ ਨਾ ਲਿਆਉਣ ।

ਪਾਰਟੀ ਦੇ ਕਾਮਰੇਡਾਂ ਜੇਲ੍ਹਾਂ ਵਿਚ ਭੁੱਖ ਹੜਤਾਲ ਕੀਤੀ ਹੋਈ ਸੀ । ਪਟੇਲ ਪਾਰਟੀ ਦੇ ਖ਼ਿਲਾਫ਼ ਹੱਥ ਧੋ ਕੇ ਪਿਆ ਹੋਇਆ ਸੀ । ਉਸ ਨੇ ਪਾਰਲੀ-ਮੈਂਟ ਵਿਚ ਇਹ ਕਾਨੂੰਨ ਪਾਸ ਕੀਤਾ ਸੀ ਕਿ ਜਿਸ ਕਮਿਊਨਿਸਟ ਨੂੰ ਫੜੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋ ਮਹੀਨੇ ਪਿੱਛੋਂ ਫਿਰ ਜੱਥੇ । ਮੈਂ ਹਵਾਲਾਤ ਵਿਚ ਭੁੱਖ ਹੜਤਾਲ ਕਰ ਦਿੱਤੀ । ਪੰਜਵੇਂ ਦਿਨ ਉਹਨਾਂ ਮੈਨੂੰ ਅਖ਼ਬਾਰ ਵਿਖਾ ਕੇ ਭੁੱਖ ਹੜਤਾਲ ਖੁਲਵਾ ਦਿੱਤੀ । ਪਤਾ ਲੱਗਾ ਰੂਪਾ ਇਕਰਾਰ ਤੇ ਅਮਰ ਕੋਲ ਆਈ । ਰੋਈ ਉਦਾਸ ਹੋਈ । ਅਮਰ ਤੇ ਜੈਪਾਲ ਨੇ ਉਸ ਨੂੰ ਸ਼ਹੀਦ ਫਿਲਮ ਵਿਖਾਈ । ਉਹ ਆਪਣੇ ਪੇਕੇ ਸਹੁਰੇ ਨਾ ਗਈ । ਅੰਮ੍ਰਿਤਸਰੋਂ ਦਿੱਲੀ ਮੁੜ ਗਈ ।

ਹਫ਼ਤੇ ਪਿੱਛੋਂ ਮੈਨੂੰ ਇਕ ਦਫ਼ਤਰ ਵਿਚ ਖੜਿਆ ਗਿਆ । ਬਹਾ ਦਿੱਤਾ । ਇਕ ਕਲਮ ਘਸਾਊ ਬਾਬੂ ਮੈਨੂੰ ਕਹਿੰਦਾ — ਮਾਰਕਸਵਾਦ ਤੋਂ ਬਿਨਾਂ ਹੋਰ ਵੀ ਕੋਈ ਵਾਦ ਹੋ ਸਕਦਾ ਹੈ । ਦੁਨੀਆਂ ਨੂੰ ਖ਼ੁਸ਼ਹਾਲ ਕਰਨ ਵਾਲਾ ।...... ਅਸੀਂ ਰੰਧੀਵੇ ਦੌਰ ਵਿਚ ਕਾਫੀ ਅੱਖੜ ਹੋ ਗਏ ਹੋਏ ਸਾਂ ਉੱਤਰ ਦਿੱਤਾ — ਤੂੰ ਬਾਬੂ ਕਮਾਲ ਕਰਦਾ ਹੈਂ ਇਹ ਇੰਜ ਦਾ ਸਵਾਲ ਹੈ ਜਿਵੇਂ ਕੋਈ ਆਖੇ ਔਰਤ ਆਦਮੀ ਨੂੰ ਜਨਮ ਦਿੰਦੀ ਹੈ ਹੋਰ ਵੀ ਕੋਈ ਆਦਮੀ ਨੂੰ ਪਸ਼ੂ ਪੰਛੀ ਜਨਮ ਦੇ ਸਕਦਾ ਹੈ । ਇਸ ਜੁਗ ਦਾ ਨਜ਼ਾਤ ਕਹਿੰਦਾ ਮਾਰਕਸਵਾਦ ਹੈ । ......ਬਾਕੀ ਸਾਰੇ ਹੱਸ ਪਏ । ਹੋਰ ਦੋ ਚਾਰ ਜਣੇ ਸੀ. ਆਈ. ਡੀ. ਦੇ ਆ ਗਏ । ਇਕ ਅਫ਼ਸਰ ਵੀ । ਜਿਸ ਮੈਨੂੰ ਫੜਿਆ ਸੀ । ਉਹ ਵੀ ਮੇਰੇ ਨਾਲ ਥੱਲੇ ਦੀਆਂ ਅਤੇ ਉਤਲੀਆਂ ਮਾਰਨ ਲੱਗਾ । ਮੈਂ ਆਖਿਆ — ਸਾਰੇ ਸੁਣ ਲਉ ਮੈਂ ਲਾਹੌਰ ਸ਼ਾਹੀ ਕਿਲ੍ਹੇ ਦੀ ਮਾਰ ਖਾਧੀ ਹੋਈ ਹੈ । ਸਿਆਸੀ ਬੁੱਚੜਖਾਨੇ ਦੀ । ਤੁਸਾਂ ਜੋ ਮੈਨੂੰ ਕਰਨਾ ਹੈ ਕਰੋ । ਮੈਂ ਜੋ ਤੁਹਾਨੂੰ ਨਹੀਂ ਦੱਸਣਾ ਉਹ ਨਹੀਂ ਦੱਸਣਾ । ਐਵੇਂ ਇਧਰ ਉਧਰ ਦੀਆਂ ਮਾਰਨ ਦਾ ਕੋਈ ਲਾਭ ਨਹੀਂ ਹੈ ।

ਉਹਨਾਂ ਮੈਨੂੰ ਮੁੜ ਕੇ ਹਵਾਲਾਤ ਵਿਚ ਬੰਦ ਕਰ ਦਿੱਤਾ । ਪਾਰਟੀ ਕਾਮਰੇਡਾਂ ਉਦੋਂ ਜੇਲ੍ਹ ਵਿਚ ਜੱਦੋ ਜਹਿਦ ਕਰ ਕੇ ਢਾਈ ਰੁਪੈ ਰੋਜ਼ ਖ਼ੁਰਾਕ ਦਾ ਲਵਾ ਲਿਆ ਸੀ । ਮੈਨੂੰ ਉਹਨਾਂ ਪੌਣੇ ਦੋ ਰੁਪੈ ਰੋਜ਼ ਦੀ ਰੋਟੀ ਤੇ ਚਾਹ ਦੇਣੀ । ਬਾਕੀ ਮੇਰੇ ਕਹਿਣ ਤੇ ਜਮ੍ਹਾਂ ਰੱਖਣਾ ।

ਹਫ਼ਤੇ ਪਿੱਛੋਂ ਸੀ. ਆਈ. ਡੀ. ਇੰਸਪੈਕਟਰ ਮੈਨੂੰ ਕਢਾ ਕੇ ਦਫ਼ਤਰ ਵਿਚ ਲੈ ਗਿਆ ਕਹਿਣ ਲੱਗਾ — ਅੰਗਰੇਜ਼ਾਂ ਦੇ ਦਿਨ ਗਏ । ਅਸਾਂ ਤੁਹਾਨੂੰ ਕੁਝ ਨਹੀਂ ਕਹਿਣਾ ਮਿਹਰਬਾਨੀ ਕਰ ਕੇ ਸਾਡੇ ਪੰਦਰਾਂ ਵੀਹ ਕਾਗ਼ਜ਼ ਭਰਵਾ ਦਿਉ । ਸਾਡੀ ਖਲਾਸੀ......ਮੈਂ ਕਿਹਾ — ਭਾਵੇਂ ਸੌ ਭਰ ਲਉ ਮੈਂ ਲਿਖਾਰੀ ਹਾਂ ਕੋਈ ਔਖਾ ਕੰਮ ਨਹੀਂ । ਉਹ ਲਾਹੌਰ ਵਾਂਗਰ ਕਦ ਜੰਮਿਆ ਕੀ ਹੋਇਆ ਤੁਰਦੇ ਤੁਰਦੇ ਮੇਰੇ ਫੜਨ ਤਕ ਆ ਗਏ । ਵੀਹ ਕਾਗ਼ਜ਼ ਭਰ

CC-0. In Public Domain. Gurukul Kangri Collection, Haridwar

ਗਏ ਮੇਰੀ ਛੁੱਟੀ। ਤਿੰਨ ਚਾਰ ਦਿਨ ਲੱਗੇ ਇਸ ਕਾਰਜ ਨੂੰ। ਇਕ ਸਿੱਖ
Digitized by Arya Samaj Foundation Chennai and eGangotri
ਸਿਪਾਹੀ ਗਿਆਨੀ ਪੜ੍ਹਦਾ ਸੀ। ਉਸ ਕੋਲੋਂ ਉਹਦੀਆਂ ਪੁਸਤਕਾਂ ਲੈ ਲੈ ਕੇ ਪੜ੍ਹਦਾ ਰਹਿੰਦਾ। ਕੋਲ ਕਾਗ਼ਜ਼ ਪੈਂਸਿਲ ਨਹੀਂ ਸੀ। ਗਿਆਨੀ ਤੋਂ ਪੈਂਸਿਲ ਮੰਗ ਕੇ ਹਵਾਲਾਤ ਦੀਆਂ ਕੰਧਾਂ ਤੇ ਊਲ ਜਲੂਲ ਲਿਖਦੇ ਰਹਿਣਾ। ਉਹਨਾਂ ਦਿਨਾਂ ਵਿਚ ਚੇਲਿਆਂ ਵਾਲੀ ਦੇ ਨਿਹੰਗ ਅੱਠ ਦਸ ਮਾਰੇ ਹੋਏ ਕੋਤਵਾਲੀ ਆਏ ਹੋਏ ਸਨ। ਬਾਹਰ ਨਹਾਵਣ ਗਿਆਂ ਲਾਸ਼ਾਂ ਵੇਖੀਆਂ ਸਨ। ਤੜਕੇ ਆਸਾ ਦੀ ਵਾਰ ਵੇਲੇ ਅਮਰ ਹੋਰੀਂ ਮਿਲ ਜਾਂਦੇ ਸਨ। ਵਾਕਫੀਅਤ ਨਾਲ ਭਰਾ ਜੀ ਸਾਧੂ ਸਿੰਘ ਵੀ ਮਿਲ ਜਾਂਦੇ। ਮੇਰਾ ਇੰਚਾਰਜ ਸੀ. ਆਈ. ਡੀ. ਅਫ਼ਸਰ ਰਾਮਗੜ੍ਹੀਆ ਸੀ। ਉਸ ਦਾ ਸਾਂਢੂ ਵੀ ਯੋਲ ਕੈਂਪ ਕਾਮਰੇਡ ਹੋਣ ਕਰ ਕੇ ਪਿਆ ਹੋਇਆ ਸੀ। ਉਸ ਨੇ ਮੈਥੋਂ ਪੁੱਛ ਕੇ ਖ਼ੁਰਾਕ ਦੇ ਵੱਟੇ ਪੈਸਿਆਂ ਦੀਆਂ ਦੋ ਜਨਾਨਾ ਧੋਤੀਆਂ ਲੈ ਕੇ ਜਦ ਭਾਬੀ ਮੈਨੂੰ ਮਿਲਣ ਆਈ ਉਸ ਨੂੰ ਦੇ ਦਿੱਤੀਆਂ। ਦੋ ਮਹੀਨੇ ਬਾਦ ਤੇ ਚਾਰ ਸਿਹਾਹੀਆਂ ਨਾਲ ਰਾਤ ਅੰਮ੍ਰਿਤਸਰ ਜੇਲ੍ਹ ਵਿਚ ਰੱਖਿਆ। ਦੂਜੇ ਦਿਨ ਪਠਾਨਕੋਟ ਤੇ ਅਗਲੇ ਦਿਨ ਨਿੱਕੀ ਰੇਲ ਗੱਡੀ ਉੱਤੇ ਬਿਠਾ ਕੇ ਯੋਲ ਕੈਂਪ ਪੁਚਾ ਦਿੱਤਾ। ਗੱਡੀ ਦਾ ਸਫ਼ਰ ਇੰਟਰ ਕਲਾਸ ਦਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯੌਲ ਕੈਂਪ

ਯੌਲ ਕੈਂਪ ਇਟਲੀ ਦੇ ਕੈਦੀਆਂ ਲਈ ਅੰਗਰੇਜ਼ ਸਰਕਾਰ ਨੇ ਜੇਲ੍ਹ ਬਣਾਈ ਸੀ। ਪਹਾੜ ਦੀ ਚੜ੍ਹਾਈ ਉੱਤੇ। ਵੱਡੀਆਂ ਵੱਡੀਆਂ ਪੌੜੀਆਂ ਵਰਗੀ। ਅੱਗੇ ਇਕ ਇਕ ਮੈਦਾਨ। ਕੋਠੜੀਆਂ ਦੀਆਂ ਕਤਾਰਾਂ ਅੱਗੇ ਬਰਾਂਡਾ। ਪਿਛਲੇ ਪਾਸੇ ਰੋਸ਼ਨਦਾਨ। ਜੰਗਲ ਪਾਣੀ ਲਈ ਪਿੱਛੇ ਵਲ ਨਾ ਦਿੱਸਦੀ ਜਗ੍ਹਾ। ਚਾਰ ਚੁਫੇਰੇ ਹਰਿਆਲੀ, ਪਹਾੜੀਆਂ, ਉੱਚੀਆਂ ਨੀਵੀਆਂ ਡੂੰਘੀਆਂ ਉੱਭਰੀਆਂ। ਬੱਦਲ ਆਏ ਹੁੰਦੇ ਤਾਂ ਬਾਹਰ ਨਿਗ੍ਹਾ ਮਾਰਿਆਂ ਇਕ ਬਹਿਸ਼ਤੀ ਨਜ਼ਾਰਾ ਦਿੱਸਦਾ। ਮੈਂ ਯੋਲ ਕੈਂਪ ਦੀ ਕਵਿਤਾ ਲਿਖੀ ਜਿਹੜੀ ਪ੍ਰੀਤਲੜੀ ਵਿਚ ਛਾਇਆ ਹੋਈ।

ਪਹਿਲੇ ਮੈਨੂੰ ਸਾਰਿਆਂ ਸਾਥੀਆਂ ਤੋਂ ਵੱਖਰੇ ਇਕ ਪਾਸੇ ਕੋਠੜੀ ਮਿਲੀ। ਸਾਡੇ ਨਾਲ ਕੋਈ ਦਸ ਬਾਰਾਂ ਕਾਮਰੇਡ ਸਨ। ਮੇਰੇ ਗੂੜ੍ਹੇ ਮਿੱਤਰ ਕਾ: ਠਾਕਰੇ ਪੂਰਾ ਨਾਮ ਯਾਦ ਨਹੀਂ ਰਿਹਾ। ਬਾਕੀ ਜਿਹੜੇ ਸਨ ਜਿਨ੍ਹਾਂ ਭੁੱਖ ਹੜਤਾਲ ਨਾਲ ਪਾਰਟੀ ਵੀ ਛੱਡ ਦਿੱਤੀ ਸੀ। ਜਿਵੇਂ ਨਰਿੰਜਨ ਸਿੰਘ ਨਥਾਵਾਂ। ਬਾਕੀ ਕੁਝ ਲਾਲ ਪਾਰਟੀ ਦੇ ਸਨ। ਪਾਰਟੀ ਦੇ ਹਰ ਹੁਕਮ ਤੋਂ ਬਾਗ਼ੀ। ਅਸੀਂ ਚਾਰ ਪੰਜ ਸਾਂ ਹੁਕਮ ਮੰਨਣ ਵਾਲੇ।

ਮੇਰੀ ਕੋਠੜੀ ਵਿਚ ਡੋਲੀ ਸੀ। ਮੇਰਾ ਬਿਸਤਰਾ ਚੰਗਾ ਸੀ। ਇਕ ਸਾਦਾ ਜਿਹਾ ਸੂਟ ਕੇਸ। ਪੁਸਤਕ ਕੋਈ ਨਹੀਂ ਸੀ। ਪਹਿਲੀ ਵਾਰੀ ਉਥੇ ਮੈਨੂੰ ਹਿੰਦੀ ਦਾ ਸੋਵੀਅਤ ਦੇਸ ਪਰਚਾ ਮਿਲਿਆ। ਉਹ ਸਾਰਾ ਪੜ੍ਹਿਆ। ਗੱਪ ਸ਼ੱਪ ਲੱਗਦੀ। ਡਰਾਮਿਆਂ ਦੀਆਂ ਨਕਲਾਂ ਹੁੰਦੀਆਂ। ਕਾ: ਠਾਕਰ ਵੀ ਮੇਰੇ ਰੁਮਾਂਟਿਕ ਸੁਭਾ ਨਾਲ ਮਿਲਦਾ ਸੀ। ਕਾ: ਆਨੰਦ ਨੇ ਆਪਣੇ ਪਾਸਿਉਂ ਹੱਦ ਵਾਲੀ ਕੰਧ ਉੱਤੋਂ ਦੀ ਮੈਨੂੰ ਆਖਿਆ — ਰਾਹੀ ਆਰਾਮ ਨਾਲ ਰਹੀਂ। ਕਿਸੇ ਨਾਲ ਕੋਈ ਝਗੜਾ ਨਹੀਂ ਕਰਨਾ। ਕੋਈ ਸ਼ਿਕਾਇਤ ਹੋਵੇ ਤਾਂ ਸਾਨੂੰ ਇਧਰ ਲਿਖ ਕੇ ਘੱਲ ਦੇਣੀ। ਤੈਨੂੰ ਪਤਾ ਨਹੀਂ ਇਥੇ ਸੱਤਰ ਦਿਨ ਦੀ ਹੜਤਾਲ ਵਿਚ ਕੀ ਬੀਤਿਆ ਹੈ। ਤੂੰ ਲੀਡਰ ਹੈਂ ਬੇ-ਸਮਝੀ ਕੋਈ ਨਹੀਂ ਕਰਨੀ......ਮੈਂ ਸਿਰ ਹਿਲਾ ਕੇ ਹਾਂ ਕੀਤੀ। ਜਿਹੜੀ ਮੇਰੇ ਵਿਚ ਖੁੱਲ੍ਹ ਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗਈ ਸੀ ਮੈਂ ਉਸ ਨੂੰ ਵੀ ਸਾਂਭ ਲਿਆ । ਜਿਹੜੇ ਸਾਨੂੰ ਮੁਸ਼ਕਤੀ ਮਿਲੇ ਸਨ ਉਹਨਾਂ ਕੋਲੋਂ ਜ਼ਿੰਦਗੀ ਦੀਆਂ ਗੱਲਾਂ ਸੁਣਦੇ ਰਹਿਣਾ । ਉਹ ਮੇਰੇ ਨਾਲ ਕਾਫੀ ਖੁੱਲ੍ਹ ਗਏ ਸਨ । ਜੇਲ੍ਹਰ ਦੇ ਘਰ ਦੇ ਕੱਪੜੇ ਇਸਤਰੀ ਕਰਨ ਆਏ । ਮੁਸ਼ਕਤੀਆਂ ਨੇ ਇਕ ਸਲਵਾਰ ਫੜ ਲਈ ਉੱਚੀ ਨਾਲ ਹੋਰਨਾਂ ਨੂੰ ਕਹਿਣ ਲੱਗਾ — ਆ ਵੇਖੋ ਉਏ ਜੇਲ੍ਹਰ ਦੀ ਕੁੜੀ ਦੀ ਸਲਵਾਰ ਅਜੇ ਵਿਆਹ ਨਹੀਂ ਹੋਇਆ......ਸਾਰੇ ਸਲਵਾਰ ਫੜ ਕੇ ਅਜੀਬ ਅਜੀਬ ਹਰਕਤਾਂ ਕਰਨ ਲੱਗ ਪਏ । ਮੈਂ ਵੇਖ ਵੇਖ ਕੇ ਖ਼ੁਸ਼ ਹੋ ਰਿਹਾ ਸਾਂ ਅਤੇ ਉਹਨਾਂ ਦੀ ਸੈਕਸੀ ਭੁੱਖ ਦਾ ਅੰਦਾਜ਼ਾ ਲਾ ਰਿਹਾ ਸਾਂ । ਕੁਝ ਹੈਰਾਨ ਵੀ ਸਾਂ ।

ਮਹੀਨੇ ਕੁ ਪਿੱਛੋਂ ਸਾਨੂੰ ਕਾਮਰੇਡਾਂ ਵਲ ਘੱਲ ਦਿੱਤਾ ਗਿਆ । ਬਾਕੀ ਦੇ ਉਥੇ ਹੀ ਰਹਿ ਗਏ । ਮੇਰੇ ਦਵਾਲੇ ਸਾਰੇ ਸਾਥੀ ਇਕੱਠੇ ਹੋ ਗਏ । ਗੱਲਾਂ ਪੁੱਛਦੇ ਰਹੇ ਮੈਂ ਦੱਸਦਾ ਰਿਹਾ । ਮੈਨੂੰ ਆਨੰਦ ਪੁੱਛਣ ਲੱਗਾ ਰਾਹੀ ਤੂੰ ਕਿਹੋ ਜਿਹੀ ਕੋਠੜੀ ਵਿਚ ਰਹਿੰਦਾ ਹੈਂ ? ਮੈਂ ਉੱਤਰ ਦਿੱਤਾ — ਜਿਥੇ ਬਹੁਤਾ ਚਿਰ ਚੰਨ ਨਜ਼ਰ ਆਉਂਦਾ ਰਿਹਾ ਕਰੇ । ਮੈਨੂੰ ਚੰਨ ਵੇਖਣ ਦਾ ਹੁਣ ਤਕ ਬੜਾ ਸ਼ੌਕ ਹੈ । ਜਾਂ ਚੜ੍ਹਦਾ ਤੇ ਡੁੱਬਦਾ ਸੂਰਜ । ਇਕ ਅਜੀਬ ਕਿਸਮ ਦੀ ਮਸਤੀ ਤੇ ਸਕੂਨ ਮਿਲਦਾ ਹੈ । ਆਨੰਦ ਨੇ ਮੈਨੂੰ ਉਤਲੀ ਕਤਾਰ ਵਾਲੀ ਬਾਰਕ ਵਿਚਕਾਰ ਕੋਠੜੀ ਦੇ ਦਿੱਤੀ । ਉਥੇ ਇਕ ਡੋਲੀ ਤੇ ਇਕ ਸੰਦੂਕ । ਸਾਨੂੰ ਢਾਈ ਰੁਪੈ ਖੁਰਾਕ ਮਿਲਦੀ ਸੀ । ਸੋਲ੍ਹਾਂ ਰੁਪਏ ਮਹੀਨਾ ਉਂਜ । ਅੰਦਰੋਂ ਪਾਰਟੀ ਬਾਹਰਲੀ ਪਾਰਟੀ ਨੂੰ ਪੌਣੇ ਦੋ ਰੁਪਏ ਖਰਚ ਕੇ ਬਾਕੀ ਘੱਲ ਦਿੰਦੀ । ਜਿਹੜਾ ਠੇਕੇਦਾਰ ਸਾਨੂੰ ਸਭ ਕੁਝ ਲਿਆ ਕੇ ਦਿੰਦਾ ਉਸ ਨਾਲ ਇਹ ਸਾਰੀ ਗੱਲ ਸੀ ।

ਪਾਰਟੀ ਸਕੂਲ ਲਗਦੇ । ਬਹਿਸਾਂ ਹੁੰਦੀਆਂ ਕਵੀ ਦਰਬਾਰ ਹੁੰਦੇ । ਖੇਡਾਂ ਤੇ ਹੋਰ ਵਰਜਸ਼ਾਂ ਹੁੰਦੀਆਂ । ਸਾਰਿਆਂ ਦੇ ਮੈਨੂੰ ਨਾਂ ਯਾਦ ਨਹੀਂ ਹਨ । ਪੰਜ ਸੱਤ ਸਾਥੀ ਸਨ ਬਾਬਾ ਅਰਜਨ ਸਿੰਘ ਮਾੜੀ, ਗੜਗਜ, ਆਨੰਦ, ਕਾ: ਸੋਹਣ ਸਿੰਘ, ਟੀਕਾ ਰਾਮ ਸੁਖਨ, ਕੁਝ ਊਨੇ ਦੇ ਇਲਾਕੇ ਵਲੋਂ ਮੁਜਾਰੇ ਕਮਿਊਨਿਸਟ ਕਰਕੇ ਫੜੇ ਹੋਏ ਸਨ । ਮੈਨੂੰ ਕੋਈ ਖੇਡ ਨਹੀਂ ਸੀ ਆਉਂਦੀ । ਜਿਹੜੀ ਖੇਡਦਾ ਮੇਰਾ ਮਖੌਲ ਉਡਾਇਆ ਜਾਂਦਾ । ਆਖ਼ਿਰ ਗੜਗਜ ਜੀ ਨੇ ਮੈਨੂੰ ਚਿੜੀ ਛਿੱਕੇ ਦੀ ਖੇਡ ਤੇ ਲਾ ਲਿਆ । ਮੇਰਾ ਲਿਖਣ ਵਲ ਉਥੇ ਬੜਾ ਰੁਝਾਣ ਜਿਹਾ ਰਿਹਾ । ਕਾਫੀ ਮੋਟੀ ਸਾਰੀ ਕਾਪੀ ਮਿਲੀ ਪੈੱਨ ਤੇ ਦਵਾਤ ਹੋਰ ਕਾਗਜ਼ ਵੀ । ਆਉਂਦੀਆਂ ਜਾਂਦੀਆਂ ਚਿੱਠੀਆਂ ਗੜਗਜ ਪੜ੍ਹ ਕੇ ਦਿੰਦਾ ਤੇ ਘੱਲਦਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਡਿਊਟੀ ਉਸ ਦੀ ਸੀ । ਆਨੰਦ ਸਾਰੇ ਇੰਤਜ਼ਾਮ ਨੂੰ ਚਲਾਉਂਦਾ । ਹਰ ਇਕ ਨਾਲ ਵਾਸਤਾ ਰੱਖਦਾ । ਮੈਨੂੰ ਉਹ ਬੜਾ ਚੰਗਾ ਇਲਾਕਾ ਲੱਗਾ । ਮੇਰੇ ਸਾਹਮਣੇ ਇਕ ਪਹਾੜੀ ਉਤੇ ਆਬਸ਼ਾਰ ਸੀ । ਜਦ ਬਰਸਾਤ ਹੁੰਦੀ ਉਹ ਇੰਜ ਜਾਪਦੀ ਜਿਵੇਂ ਢਲੀ ਹੋਈ ਚਾਂਦੀ ਦੀ ਬਾਲਟੀ ਕੋਈ ਡੋਲ੍ਹ ਰਿਹਾ ਹੋਵੇ । ਯੋਲ ਤੇ ਲਿਖੀ ਨਜ਼ਮ ਦੀਆਂ ਦੋ ਤਿੰਨ ਸਤਰਾਂ ਇੰਜ ਸਨ :

ਕੋਨੇ ਤੇ ਪੰਜਾਬ ਦੇ ਧਰਤ ਹੈ ਸੁਹਾਵਣੀ
ਜਿਵੇਂ ਕਿਸੇ ਪਦਮਣੀ ਦੇ ਮੱਥੇ ਉਤੇ ਦਾਮਣੀ
ਹਮਾਲਿਆ ਦੀ ਜੜ੍ਹ ਹੇਠਾਂ ਖਿਲਾਰੀ ਚੌਫੇਰ ਹੈ
ਬਦਲਾਂ ਦਾ ਰਹਿੰਦਾ ਸਦਾ ਚਾਨਣ ਤੇ ਹਨੇਰ ਹੈ
ਚੀਲਾਂ ਮੁਟਿਆਰਾਂ ਜਿਵੇਂ ਜੰਝ ਤੋਰ ਖੜੀਆਂ
ਚੁੰਨੀ ਵਾਂਗ ਵੇਲਾਂ ਹਨ ਮੋਢਿਆਂ ਤੇ ਚੜ੍ਹੀਆਂ
ਨਿੱਕੇ ਨਿੱਕੇ ਖੇਤ ਵਲ ਖਾਂਦੇ ਵਾਂਗ ਸੱਪ ਦੇ
ਢੀਂਗਰ ਕਿਸਾਨ ਵਿਚ ਰਹਿਣ ਸਦਾ ਖੱਪਦੇ ।

ਜੋ ਕੁਝ ਉਸ ਸਮੇਂ ਸਾਡੀ ਪਾਰਟੀ ਪਾਲਸੀ ਅਤੇ ਵਤੀਰਾ ਸੀ ਉਹਦੀ ਸਾਰੀ ਲਿਖਤ ਉਸ ਕਾਪੀ ਵਿਚ ਹੁਣ ਤਕ ਮੇਰੇ ਕੋਲ ਹੈ । ਲਿਖਤ ਇਸ ਕਰਕੇ ਉਹਦੀ ਪੇਸ਼ ਨਹੀਂ ਕਰ ਰਿਹਾ ਕਿ ਇਹ ਬਹੁਤ ਉੱਚ ਪਾਏ ਦੀ ਹੈ । ਸਮੇਂ ਦੀ ਕਦਰ ਕਰ ਰਿਹਾ ਹਾਂ । ਮੈਂ ਖ਼ੁਦ ਬੁਰਜਵਾ ਸਮਾਜ ਵਿਚ ਉੱਚ ਪਾਏ ਦਾ ਨਹੀਂ ਤਾਂ ਮੇਰੀ ਲਿਖਤ ਕਿਸ ਤਰ੍ਹਾਂ ਉੱਚ ਪਾਏ ਦੀ ਹੋ ਸਕਦੀ ਹੈ । ਮੈਂ ਉਥੇ ਸਿਰਫ ਆਨੰਦ, ਕਾ: ਦਲੀਪ ਸਿੰਘ ਟਪਿਆਲੇ ਬਾਰੇ ਵਿਚਰਨ ਦੀ ਗੱਲ ਦੱਸੀ ਅਤੇ ਆਪਣੀਆਂ ਦਿਮਾਗ਼ੀ ਅਤੇ ਆਰਥਿਕ ਤੰਗੀਆਂ ਦੱਸੀਆਂ । ਆਨੰਦ ਨੇ ਮੈਨੂੰ ਕਾਫੀ ਪਾਰਟੀ ਨੁਕਤੇ ਤੋਂ ਸਮਝਾਇਆ । ਉਥੇ ਧਨੀ ਕਿਸਾਨ ਵੀ ਸਨ । ਜਦੋਂ ਉਹ ਪੜ੍ਹਿਆਂ ਅਣ-ਪੜ੍ਹਿਆਂ ਦਾ ਵਰਕਰ ਨਾਲ ਨਿਰਣਾ ਕਰਦੇ ਮੇਰੇ ਚੀਕਣ ਤੇ ਵੀ ਮੈਨੂੰ ਪੜ੍ਹਿਆਂ ਵਿਚ ਦਾਖ਼ਲ ਕਰਦੇ । ਜਿਹੜੀ ਯੋਲ ਕੈਂਪ ਮੈਨੂੰ ਪਹਿਲੀ ਚਿੱਠੀ ਮਿਲੀ ਉਹ ਰੂਪਾ ਦੀ ਸੀ । ਗੜਗਜ ਜੀ ਬਿਨਾਂ ਪੜ੍ਹਿਆਂ ਹੀ ਖ਼ੁਸ਼ੀ ਨਾਲ ਕਹਿ ਰਹੇ ਸਨ — ਰਾਹੀ ਤੇਰੀ ਚਿੱਠੀ ਆਈ ਆ ਲੈ ਕੇ ਪੜ੍ਹ ਲੈ ਤੇ ਜਵਾਬ ਦੇ । ਮੈਂ ਉਹ ਚਿੱਠੀ ਪੜ੍ਹੀ, ਤਿੰਨ ਚਾਰ ਵਾਰੀ ਪੜ੍ਹੀ ਜਾਪਿਆ ਕੋਈ ਬਹੁਤ ਵੱਡਾ ਖ਼ੁਸ਼ੀ ਦਾ ਸੁਨੇਹਾ ਲੈ ਕੇ ਆਈ ਹੈ । ਦਰਖ਼ਾਸਤ ਦਿੱਤੀ ਪੰਜਾਬ ਸਰਕਾਰ ਨੇ ਮੈਨੂੰ ਕਿਉਂ ਫੜਿਆ ਹੈ ? ਮੇਰੇ ਬੱਚਿਆਂ ਨੂੰ ਮਦਦ ਪੁਚਾਈ ਜਾਵੇ । ਕੁਝ ਇਸ ਤਰ੍ਹਾਂ ਦੀ ਪਾਰਟੀ ਨੇ ਹੀ ਲਿਖਵਾ ਕੇ ਪਵਾਈ ਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋ ਮਹੀਨੇ ਬਾਅਦ ਜੇਲ੍ਹਰ ਜੋ ਸਰਦਾਰ ਬਡੌਲ ਜਿਹਾ ਸੀ ਆ ਕੇ ਕਹਿਣ ਲੱਗਾ — ਤੁਹਾਡੇ ਘਰ ਸੱਤਰ ਰੁਪਏ ਮਹੀਨਾ ਹੋ ਗਿਆ ਹੈ। ਮੈਂ ਸ਼ੁਕਰੀਆ ਕੀਤਾ।

ਏਥੇ ਕਾਫੀ ਪੁਸਤਕਾਂ ਵੀ ਪੜ੍ਹਨ ਨੂੰ ਮਿਲਦੀਆਂ ਸਨ। ਮੈਨੂੰ ਹੋਰ ਕਿਸੇ ਨਾਲ ਕੋਈ ਵਾਸਤਾ ਨਹੀਂ ਸੀ। ਪੜ੍ਹਨਾ ਲਿਖਣਾ ਪਾਰਟੀ ਦੇ ਕਹਿਣ ਅਨੁਸਾਰ ਵਿਚਰਨਾ। ਜਿੰਨੇ ਮੁਸ਼ਕਤੀ ਮਿਲੇ ਹੋਏ ਸਨ ਉਹਨਾਂ ਨੂੰ ਸਿਗਰਟ, ਬੀੜੀ, ਗੁੜ ਜਾਂ ਕੋਈ ਚੀਜ਼ ਦੇਣੀ ਹੁੰਦੀ ਉਹ ਸਾਰੀ ਮੇਰੇ ਕੋਲ ਹੁੰਦੀ। ਉਹਨਾਂ ਨੂੰ ਦੇਣ ਦੀ ਡਿਊਟੀ ਮੇਰੀ ਸੀ। ਇਸ ਕਾਰਨ ਮੇਰੀ ਕੋਠੜੀ ਵਿਚ ਬੜੀ ਰੌਣਕ ਰਹਿੰਦੀ। ਇਕ ਕੈਦੀ ਬੇੜੀਆਂ ਖੜਕਾ ਕੇ ਤਾਲ ਦਿੰਦਾ ਤੇ ਗਾਉਂਦਾ ਕਮਾਲ ਕਰਦਾ। ਉਥੇ ਇਖਲਾਕੀ ਕੈਦੀਆਂ ਦੀਆਂ ਕਈ ਸ਼ਿਕਾਇਤਾਂ ਹਮਜਿਨਸੀ ਵੀ ਹੁੰਦੀਆਂ ਤੇ ਜੇਲ੍ਹਰ ਦੀਆਂ ਸਜ਼ਾਵਾਂ ਸੁਣਨ ਨੂੰ ਮਿਲਦੀਆਂ। ਮੈਂ ਉਹਨਾਂ ਸਾਰਿਆਂ ਦੀਆਂ ਜੀਵਨ ਕਥਾਵਾਂ ਸੁਣਦਾ ਰਹਿੰਦਾ।

ਮੈਨੂੰ ਉਥੇ ਕਾਫੀ ਚਿੱਠੀਆਂ ਜਾਣ ਲੱਗ ਪਈਆਂ, ਬੱਚਿਆਂ ਦੀਆਂ, ਮਾਂ ਦੀਆਂ, ਮਿੱਤਰਾਂ ਦੀਆਂ, ਰੂਪਾ ਦੀਆਂ।

ਇਕ ਰਾਤ ਦੱਸ ਵਜੇ ਮੈਂ ਉਠ ਕੇ ਸਾਰੀਆਂ ਚਿੱਠੀਆਂ ਕੱਢੀਆਂ ਅਤੇ ਉਹਨਾਂ ਨੂੰ ਲੈ ਕੇ ਇਕ ਕਹਾਣੀ ਸ਼ੁਰੂ ਕਰ ਦਿੱਤੀ। ਉਸ ਕਹਾਣੀ ਵਿਚ ਚਿੱਠੀਆਂ ਵਾਲੇ ਦੀ ਸ਼ਖਸੀਅਤ ਤੇ ਮੇਰੇ ਨਾਲ ਤੁਅਲੁਕ ਬਿਆਨ ਕਰਕੇ ਅੱਗੇ ਉਸ ਦੀ ਚਿੱਠ ਹੂ-ਬਹੂ ਲਿਖ ਦਿੰਦਾ। ਚਿੱਠੀ ਨੂੰ ਠੀਕ ਵੀ ਨਾ ਕਰਦਾ। ਕੋਈ ਹਰਫ਼ ਵੀ ਨਾ ਛੇੜਦਾ, ਰਾਤ ਦੱਸ ਵਜੇ ਤੋਂ ਲੈ ਕੇ ਸਵੇਰ ਦੇ ਛੇ ਵਜੇ ਤਕ ਉਹ ਕਹਾਣੀ ਪੂਰੀ ਕੀਤੀ। ਇਹ ਮੇਰੀ ਲਿਖਤ ਦੀ ਸਭ ਤੋਂ ਵੱਡੀ ਬੈਠਕ ਹੈ। ਇਸ ਕਹਾਣੀ ਦਾ ਨਾਂ ਰਖਿਆ 'ਚਿੱਠੀਆਂ' ਮੁੜਕੇ ਜਦ ਪੁਸਤਕ ਵਿਚ ਛਪੀ ਕਾਂਟ ਛਾਂਟ ਕਰਕੇ 'ਜੇਲ੍ਹ ਦੀ ਰਾਤ' ਨਾਂ ਤੇ ਛਪੀ। ਉਸ ਵਿਚ ਯੌਲ ਕੈਂਪ ਬਾਰੇ ਕਾਫੀ ਵਰਨਣ ਹੈ।

ਪਾਰਟੀ ਮੀਟਿੰਗਾਂ ਛੇਤੀ ਛੇਤੀ ਹੋਣ ਲੱਗ ਪਈਆਂ। ਮੈਨੂੰ ਬਹੁਤੀ ਸਮਝ ਤੇ ਨਹੀਂ ਸੀ ਪਰ ਪ੍ਰਤੀਤ ਹੁੰਦਾ ਸੀ ਜਿਸ ਤਰ੍ਹਾਂ ਚੱਲ ਕੇ ਕੈਦੀ ਬਣੇ ਹਾਂ ਇਹ ਪਾਲਸੀ ਗਲਤ ਹੈ। ਆਪੋ ਵਿਚ ਜਿਹੜੇ ਟੈਕਨੀਕਲ ਲਫ਼ਜ਼ ਬੋਲੇ ਜਾ ਰਹੇ ਸਨ ਉਹ ਸ਼ਬਦ ਅਸੀਂ ਕਾਫੀ ਕਾਮਰੇਡ ਨਹੀਂ ਸਾਂ ਸਮਝਦੇ। ਆਮ ਕਰਕੇ ਜੋਸ਼ ਹੋਰੀਂ ਜ਼ਿਆਦਾ ਪਾਲਸੀ ਵੱਲ ਅਲਾਰੂ ਸਨ। ਸੁਖਨ ਤੇ ਆਨੰਦ ਕੁਝ ਮੁਖ਼ਾਲਫ਼ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਮੀਟਿੰਗ ਵਿਚ ਬਾਹਰੋਂ ਪਾਰਟੀ ਦਾ ਸਰਕੂਲਰ ਆਇਆ। ਉਹ ਹੂ-ਬਹੂ ਸਾਰਿਆਂ ਨੂੰ ਪੜ੍ਹ ਕੇ ਸੁਣਾਇਆ ਗਿਆ। ਲੰਮਾ ਸਰਕੂਲਰ ਸੀ ਫਿਰ ਵੀ ਧਿਆਨ ਨਾਲ ਸੁਣਿਆ ਗਿਆ। ਰੰਧੀਵੇ ਨੂੰ ਜਨਰਲ ਸੈਕਟਰੀ ਤੋਂ ਹਟਾ ਕੇ ਰਾਜੇਸ਼ਵਰ ਰਾਏ ਨੂੰ ਬਣਾ ਦਿੱਤਾ ਗਿਆ ਸੀ। ਉਸ ਨੇ ਲਿਖਦਿਆਂ ਲਿਖਿਆ ਸੀ ਕਿ ਰੰਧੀਵੇ ਨੇ ਗਲਤੀ ਕੀਤੀ ਹੈ, ਤਾਰੀਕ ਸ਼ਹਿਰਾਂ ਤੋਂ ਅਤੇ ਹੜਤਾਲਾਂ ਤੋਂ ਸ਼ੁਰੂ ਕੀਤੀ। ਤਾਰੀਕ ਪਿੰਡਾਂ ਤੋਂ ਕਰਨੀ ਚਾਹੀਦੀ ਹੈ। ਹੁਣ ਪਿੰਡਾਂ ਤੋਂ ਸ਼ੁਰੂ ਕਰਨੀ ਹੈ ਵਗੈਰਾ ਵਗੈਰਾ। ਇਹ ਵੀ ਦਸਿਆ ਗਿਆ ਸੀ ਕਿ ਰੰਧੀਵੇ ਦੀ ਗਲਤ ਪਾਲਸੀ ਨੇ 80000 (ਅੱਸੀ ਹਜ਼ਾਰ) ਮੈਂਬਰਸ਼ਿਪ ਦੀ ਥਾਂ ਵੀਹ ਹਜ਼ਾਰ ਮੈਂਬਰਸ਼ਿਪ ਰਹਿਣ ਦਿੱਤੀ ਹੈ। ਸੌ ਤੋਂ ਉਤੇ ਕਾਮਰੇਡ ਮਾਰੇ ਗਏ ਹਨ। ਅੱਸੀ ਤੋਂ ਉਤੇ ਜੇਹਲਾਂ ਵਿਚ ਟੱਕਰਾਂ ਨਾਲ ਮਰੇ ਹਨ। ਕੁਝ ਇੰਜ ਸੀ।

ਬੜੀ ਸਖ਼ਤ ਬਹਿਸ ਹੋਈ। ਮੈਂ ਵੀ ਜ਼ਰਾ ਬੋਲਿਆ — ਸ਼ਹਿਰਾਂ ਤੋਂ ਤਾਰੀਕ ਚੱਲੀ ਸੀ ਵੀਹ ਹਜ਼ਾਰ ਸਾਥੀ ਰਹਿ ਗਏ। ਕੁਝ ਪਾਰਟੀ ਛੱਡ ਕੇ ਭੱਜ ਗਏ, ਮਰ ਗਏ। ਹੁਣ ਪਿੰਡਾਂ ਤੋਂ ਸ਼ੁਰੂ ਕਰੋ ਵੀਹ ਹਜ਼ਾਰ ਦੇ ਵੀਹ ਹਜ਼ਾਰ ਰਹਿ ਜਾਣਗੇ ?

ਕੁਝ ਅਰਸੇ ਬਾਅਦ ਰਾਜੇਸ਼ਵਰ ਰਾਉ ਵੀ ਜਨਰਲ ਸੈਕਟਰੀਪੁਣੇ ਤੋਂ ਬੰਨੇ ਹੋ ਗਿਆ। ਫਿਰ ਅਜੇ ਘੋਸ਼ ਆਇਆ। ਅੰਦਰ ਸਰਕੂਲਰ ਆਇਆ। ਬਿਲਕੁਲ ਨਵੀਂ ਪਾਲਸੀ ਦਾ।......ਸਾਥੀਆਂ ਤੋਂ ਮੈਂ ਸੁਣਿਆ ਕਿ ਸੋਵੀਅਤ ਪਾਰਟੀ ਅਤੇ ਹੋਰ ਬਰਾਦਰੀ ਪਾਰਟੀਆਂ ਨੇ ਹਿੰਦ ਪਾਰਟੀ ਮਰਦੀ ਹੋਈ ਨੂੰ ਸਮਝਾਇਆ, "ਮੂਰਖੋ ਸਿਆਸੀ ਆਜ਼ਾਦੀ ਤੇ ਆ ਗਈ ਹੈ ਤੁਸਾਂ ਆਰਥਕ ਆਜ਼ਾਦੀ ਲਈ ਲੜਨਾ ਹੈ" (ਇਹ ਗਲਤੀ ਵੀ ਪਾਰਟੀ ਦੀ ਮੁਸਲਮਾਨਾਂ ਨੂੰ ਕੌਮ ਮੰਨਣ ਵਰਗੀ ਹਾਨੀਕਾਰਕ ਸੀ)।

ਪਹਿਲੀ ਕਤਾਰ ਬੇਦੀ — ਮਜ਼ਦੂਰ ਤੇ ਗ਼ਰੀਬ ਕਿਸਾਨ ਦੀ ਸੀ। ਫਿਰ ਜਿਹੜੀ ਪਾਲਸੀ ਆਈ ਇਹ ਕਤਾਰ ਬੇਦੀ, ਮਜ਼ਦੂਰ, ਕਿਸਾਨ, ਧਨੀ ਕਿਸਾਨ, ਨਿੱਕੀ ਬੁਰਜਵਾਜ਼ੀ ਸੀ ਅਤੇ ਕੌਮੀ ਸਰਮਾਏਦਾਰੀ ਨੂੰ ਪਾੜਨਾ ਸੀ। ਕਾਂਗਰਸ ਨਾਲ ਮਿਲਵਰਤਨ ਵੀ, ਟੱਕਰ ਵੀ।

ਕੱਟੜਵਾਦੀ ਕਾਮਰੇਡ ਬੜੇ ਸੀਖ ਭਾਰ ਹੋਏ। ਗਰਮੀ ਦਿਨੇ ਰਾਤ ਚਲਦੀ। ਮੈਂ ਠੀਕ ਸਮਝਦਾ। ਮੇਰੀ ਰਾਏ ਹਿਰਦਿਉਂ ਲੈ ਕੇ ਅਜੇ ਘੋਸ਼ ਨਾਲ ਹੋ ਗਈ। ਕੱਟੜਾਂ ਮੇਰੇ ਨਾਲ ਵੀ ਚੂੰਜ ਭੜਾਈ ਕਰਨੀ। ਢੀਠ ਮੈਂ ਵੀ ਬਹੁਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਂ । ਮੇਰੀਆਂ ਅੱਖਾਂ ਖੁੱਲ੍ਹੀਆਂ । [illegible] ਵਿਚ [illegible] ਆਂ ਨੇ ਬੁਰਜਵਾਜ਼ੀ ਦੇ ਕਿਤਨੇ ਹਿੱਸੇ ਹਨ ? ਕਾਨੂੰਨ ਕੀ ਹੈ ? ਇੰਟਰਨੈਸ਼ਨਲ ਸੋਚ ਕੀ ਹੈ ? ਕਾਫੀ ਸਾਫ਼ ਹੋਏ । ਕਾਮਰੇਡ ਨੈਸ਼ਨਲਿਸ਼ਟ ਨਹੀਂ ਹੁੰਦੇ ਹਨ । ਸਾਰੀਆਂ ਪਾਰਟੀਆਂ ਦੀ ਮਾਂ ਪਾਰਟੀ ਸੋਵੀਅਤ ਪਾਰਟੀ ਹੈ । ਇਕ ਉਰਦੂ ਅਖ਼ਬਾਰ ਵਿਚ ਸੋਵੀਅਤ ਦਾ ਲੇਖ ਵੀ ਮੈਨੂੰ ਪੜ੍ਹਨ ਨੂੰ ਮਿਲਿਆ । ਜਿਸ ਵਿਚ ਪਾਰਟੀ ਨੂੰ ਸੂਝ ਸੀ ਕਿ ਕਿਸ ਤਰ੍ਹਾਂ ਸਿਆਸੀ ਆਜ਼ਾਦੀ ਮਿਲ ਗਈ ਅਤੇ ਕਿਸ ਤਰ੍ਹਾਂ ਆਰਥਕ ਆਜ਼ਾਦੀ ਲਈ ਲੜਨਾ ਹੈ ।

ਮੇਰੇ ਕਮਰੇ ਦੇ ਬਰਾਂਡੇ ਦੇ ਦੋ ਥੰਮਿਆਂ ਨਾਲ ਇਕ ਬਿਲਕੁਲ ਬਰੀਕ ਪੱਤਿਆਂ ਦੀ ਸੰਘਣੀ ਵੇਲ ਚੜ੍ਹੀ ਹੋਈ ਸੀ । ਦਰਵਾਜ਼ਾ ਜਿਹਾ ਬਣਾਉਂਦੀ । ਹਰੀ ਕਚੂਰ । ਸਾਰੀ ਫੁੱਲਾਂ ਨਾਲ ਭਰੀ ਹੋਈ । ਮੈਂ ਬੜਾ ਚਿਰ ਵੇਖਦਾ ਰਹਿੰਦਾ ।

ਇਕ ਦਿਨ ਲੰਮੇ ਪਿਆਂ ਮੈਨੂੰ ਪਿਛਲਾ ਸਮਾਂ ਯਾਦ ਆਇਆ । ਜਦ ਸੂਬਾ ਪਾਰਟੀ ਕਾਂਗਰਸ ਪਾਕਿਸਤਾਨ ਬਣਨ ਤੋਂ ਬਾਅਦ ਗੁਰੂ ਕੇ ਜੰਡਿਆਲੇ ਹੋਈ ਸੀ । ਮੇਰੇ ਉਤੇ ਸੂਬਾ ਪਾਰਟੀ ਨੇ ਰੈਜ਼ੂਲੇਸ਼ਨ ਕੀਤਾ ਸੀ ਇਸ ਕਾਮਰੇਡ ਰਾਹੀ ਨੇ ਜਿਲ੍ਹਾ ਗੁਰਦਾਸਪੁਰ ਵਿਚ ਪਾਰਟੀ ਬਚਾਈ ਹੈ । ਤਾੜੀਆਂ ਵੱਜੀਆਂ ਮੇਰੇ ਗਲ ਹਾਰ ਪਾਏ ਗਏ । ਉਥੇ ਗਰੁੱਪਾਂ ਦੀ ਬਹਿਸ ਵਿਚ ਇਕ ਗਭਰੂ ਕਾਮਰੇਡ ਬੜੀ ਸੌਖੇ ਲਫਜ਼ਾਂ ਦੀ ਸਿਧਾਂਤਕ ਬਹਿਸ ਕਰਕੇ ਸਾਨੂੰ ਸਮਝਾਉਂਦਾ ਸੀ । ਇਹ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਸੀ । ਗੜਗਜ ਦੀ ਪਤਨੀ ਨਸੰਗ ਸੁਖਨ ਨਾਲ ਫਿਰਦੀ ਤੁਰਦੀ ਇਕੱਠੇ ਰੋਟੀ ਖਾਂਦੇ ਮੋਹ ਭਰੇ ਬੋਲ ਬੋਲਦੇ । ......ਯੌਲ ਬੜੇ ਦੁਖੀ ਹਿਰਦੇ ਨਾਲ ਗੜਗਜ ਨੇ ਮੈਨੂੰ ਦਸਿਆ ਸੀ ਕਿ ਉਹ ਸੁਖਨ ਦੇ ਨਾਲ ਮੈਨੂੰ ਛੱਡ ਕੇ ਭੱਜ ਗਈ ਹੈ । ਪਾਰਟੀ ਵਿਚ ਔਰਤਾਂ ਨੂੰ ਪੂਰਾ ਹੱਕ ਸੀ । ਪਰ ਗੜਗਜ ਜੀ ਉਸ ਨੂੰ ਤੇ ਉਸ ਦੇ ਨਾਲ ਬਿਤਾਏ ਦਿਨ ਯਾਦ ਕਰਕੇ ਰੋਣੋਂ ਘੱਟ ਨਹੀਂ ਸਨ ਰਹਿੰਦੇ ।

ਕਾਮਰੇਡ ਗ੍ਰਿਫ਼ਤਾਰ ਸਨ । ਸਾਡੇ ਸ਼ਹਿਰੋਂ ਹਰਬੰਸ ਸਿੰਘ ਸੋਢੀ ਅਤੇ ਕਾ: ਬਸੰਤ ਸਿੰਘ ਟੇਲਰ ਮਾਸਟਰ ।......ਮੈਨੂੰ ਟਪਿਆਲੇ ਨੇ ਆਖਿਆ — ਤੂੰ ਅੰਦਰ ਇਕ ਕਾਮਰੇਡ ਨੂੰ ਜਾਤੀ ਚਿੱਠੀ ਘਲ ਕਿ ਅਸੀਂ ਤੁਹਾਡੇ ਨਾਲ ਹਾਂ । ਪੂਰੇ ਕਮਿਊਨਿਸਟ ਬਣ ਕੇ ਰਹੋ ।

ਮੈਂ ਚਿੱਠੀ ਵਿਚ ਖ਼ੂਬ ਦਲੇਰੀਆਂ ਦਿੱਤੀਆਂ, ਹੁਸ਼ਿਆਰ ਕੀਤਾ । ਇਨਕਲਾਬ ਨੇੜੇ ਦੱਸਿਆ ਅਤੇ ਵਿਚ ਲਿਖਿਆ — ਤੁਹਾਡੇ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਮਰੇਡ ਸਟਾਲਨ ਹੈ, ਕਾਮਰੇਡ ਰੰਧੀਵੇ ਹੈ, ਕਾਮਰੇਡ ਮਲਹੋਤਰਾ ਹੈ, ਕਾ: ਜਸਵੰਤ ਸਿੰਘ ਰਾਹੀ ।......ਮੈਂ ਇਹ ਕੁਝ ਯਾਦ ਆਉਣ ਉਤੇ ਹੱਸ ਪਿਆ ਕਿਆ ਵਾਹਯਾਤ ਮੂਰਖਤਾ ਸੀ । ਉਹ ਚਿੱਠੀ ਟਪਿਆਲੇ ਨੂੰ ਦੇ ਦਿੱਤੀ । ਅੱਗੇ ਪਤਾ ਨਹੀਂ ਉਸ ਚਿੱਠੀ ਦਾ ਕੀ ਬਣਿਆ ।

ਮੇਰੇ ਨਾਲ ਕਾਫੀ ਚਿਰ ਤੋਂ ਕਾ: ਕਰਤਾਰ ਸਿੰਘ ਰਹਿ ਰਿਹਾ ਸੀ । ਸਾਧੂਆ ਵਾਂਗ । ਬੱਸ ਜਿਵੇਂ ਨਿਰਲੇਪ ਜੇਲ੍ਹ ਕੱਟ ਰਿਹਾ ਹੋਵੇ । ਹੌਲੀ ਹੌਲੀ ਉਹ ਮੇਰੇ ਨਾਲ ਘੁਲ-ਮਿਲ ਗਿਆ ਕਾ: ਕਰਤਾਰ ਸਿੰਘ ਪ੍ਰੀਤ ਨਗਰ ਵਿਚ ਪ੍ਰੀਤਲੜੀ ਦੇ ਪੁਸਤਕਾਲਿਆਂ ਦਾ ਇੰਚਾਰਜ ਸੀ । ਇਕ ਕੁੜੀ ਨਾਲ ਮੋਹ ਕਰਦਾ । ਕੀਕਰ ਗੁਜ਼ਰੀ । ਉਸ ਦਾ ਪਿਤਾ ਕੱਟੜ ਅਕਾਲੀ ਲੀਡਰ । ਮੈਂ ਉਸ ਦੀ ਇਹ ਸਾਰੀ ਕਹਾਣੀ ਲਿਖੀ ਉਸ ਨੂੰ ਸੁਣਾਈ । ਉਹ ਖ਼ੁਸ਼ ਹੋ ਗਿਆ । ਉਹ ਕਹਾਣੀ ਅਣ-ਛਪੀ ਮੇਰੀ ਜੇਲ੍ਹ ਕਾਪੀ ਵਿਚ ਹੈ । ਰੰਧੀਵੇ ਦੌਰ ਦਾ ਜਿੰਨਾ ਮੇਰਾ ਸਾਹਿਤ ਹੈ ਉਸ ਵਿਚੋਂ ਸਿਰਫ ਦੱਸ ਫ਼ੀਸਦੀ ਸ਼ਾਇਆ ਹੋਣ ਦੇ ਕਾਬਲ ਹੈ ਬਾਕੀ ਹੰਕਾਰੀ ਨਾਅਰੇਬਾਜ਼ੀ ਹੈ ।

ਆਨੰਦ ਉਰਮਲਾ ਨਾਲ ਮੋਹ ਪਾ ਕੇ ਆ ਗਿਆ ਹੋਇਆ ਸੀ । ਉਸ ਦੀ ਤਸਵੀਰ ਆਪਣੇ ਸਾਹਮਣੇ ਰੱਖਦਾ ਸੀ । ਉਹ ਯੌਲ ਮਿਲਣ ਵੀ ਆਉਂਦੀ । ਪਾਰਟੀ ਸੁਨੇਹਾ ਵੀ ਲਿਆਉਂਦੀ ਅਤੇ ਮੋੜਦੀ ਵੀ । ਇਕ ਦੂਜੇ ਨੂੰ ਮੋਹ-ਗ੍ਰਸਤ ਹੋ ਕੇ ਲਿਖਦੇ ਕਦੋਂ ਜੇਹਲਾਂ ਸਾਡੇ ਰਸਤਿਆਂ ਤੋਂ ਮੁਕਣਗੀਆਂ ।

ਇਕ ਦਿਨ ਬਾਹਰੋਂ ਸਾਡੇ ਚਲਾਨ ਆ ਗਏ । ਸਾਨੂੰ ਚੰਦ ਕਾਮਰੇਡਾਂ ਨੂੰ ਅੰਬਾਲੇ ਤਬਦੀਲ ਕੀਤਾ ਗਿਆ ਸੀ । ਇਕ ਬਹੁਤ ਹੀ ਪੜ੍ਹਿਆ ਲਿਖਿਆ ਸਿਆਣਾ ਸੋਹਣਾ ਕਾਮਰੇਡ ਵੀ ਸਾਡੇ ਨਾਲ ਸੀ । ਮੇਰੀ ਕਦੇ ਕਦੇ ਖਿਝਵੀਂ ਆਦਤ ਦੀ ਪਰਵਾਹ ਨਾ ਕਰਦਾ ਹੋਇਆ ਮੈਨੂੰ ਬੁਨਿਆਦੀ ਮਾਰਕਸੀ ਲੈਨਿਨੀ ਸਿਧਾਂਤ ਸਮਝਾਉਂਦਾ ਰਹਿੰਦਾ । ਉਸ ਨੇ ਦੱਸਿਆ — ਸਾਡੇ ਘਰ ਦੀ ਅੰਗਰੇਜ਼ੀ ਬੋਲੀ ਹੈ । ਨਿੱਕੇ ਹੁੰਦੇ ਨੇ ਹੀ ਅੰਗਰੇਜ਼ੀ ਨਾਵਲ ਪੜ੍ਹ ਲਿਆ ਸੀ ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਬਾਲਾ ਜੇਲ੍ਹ

ਅੰਬਾਲਾ ਜੇਲ੍ਹ ਵਿਚ ਸਾਨੂੰ ਚਾਰਾਂ ਨੂੰ ਵੱਖਰੀਆਂ ਚੱਕੀਆਂ ਵਿਚ ਰੱਖ ਦਿੱਤਾ ਗਿਆ, ਬਾਹਰਲਾ ਬੂਹਾ ਹਮੇਸ਼ਾ ਬੰਦ ਰਹਿੰਦਾ, ਚੱਕੀਆਂ ਖੁਲ੍ਹੀਆਂ। ਚਾਰ ਪੰਜ ਮੁਸ਼ਕਤੀ ਦੇ ਦਿੱਤੇ ਗਏ। ਰਾਸ਼ਨ ਆ ਗਿਆ। ਉਹਨਾਂ ਰੋਟੀ ਪਕਾ ਦੇਣੀ, ਯੌਲ ਮੀਟ ਬਣਾਉਨ ਵਿਚ ਸੁਖਨ ਜੀ ਦਾ ਨੰਬਰ ਸੀ। ਇਥੇ ਇਕ ਜੇਬ ਕਟੇ ਮੁਸ਼ਕਤ ਦਾ। ਜੇਬ ਕਟੇ ਵਿਚ ਇਕ ਖ਼ਾਸ ਸਿਫਤ ਸੀ ਬਹੁਤ ਚੰਗੀਆਂ ਗ਼ਜ਼ਲਾਂ ਗਾਉਂਦਾ ਸੀ ਇਕ ਉਹਦੀ ਗ਼ਜ਼ਲ ਸੀ "ਜਾਨ ਸੇ ਜਾਲੂੰ ਤੋ ਚਲੇ ਜਾਣਾ।"

ਮੈਂ ਉਸ ਤੋਂ ਜੇਬ ਕਟਿਆਂ ਬਾਰੇ ਬੜੀਆਂ ਗੱਲਾਂ ਪੁਛਦੇ ਰਹਿਣਾ। ਕਮਾਲ ਦੀ ਉਹਨਾਂ ਦੀ ਆਪੋ ਵਿਚ ਮਿਲਵਰਤਨ ਸੀ। ਇਹੋ ਜਿਹੀ ਮੁਸ਼ਕਲ ਨਾਲ ਹੀ ਕਿਸੇ ਹੋਰ ਦੀ ਹੁੰਦੀ ਹੋਏਗੀ। ਉਸ ਕੋਲ ਉਹਦੇ ਸਾਥੀ ਪੈਸੇ ਨਹੀਂ ਮੁੱਕਣ ਦਿੰਦੇ। ਉਹ ਪੜ੍ਹਿਆ ਲਿਖਿਆ ਵੀ ਸੀ।

ਉਹਨਾਂ ਚੱਕੀਆਂ ਵਿਚ ਇਕ ਖ਼ੂਬਸੂਰਤ ਗਭਰੂ ਮੁਸਲਮਾਨ ਸੀ। ਸਿੱਖੀ ਭੇਸ ਸੀ। ਜਾਸੂਸ ਪਾਕਿਸਤਾਨ ਦਾ। ਆਪਣੇ ਦੇਸ਼ ਦਾ ਮੈਜਿਸਟਰੇਟ ਸੀ। ਉਸ ਨੇ ਸਾਨੂੰ ਕਈ ਗੱਲਾਂ ਸੁਣਾਉਣੀਆਂ। 'ਆਸਾ ਦੀ ਵਾਰ' ਜਬਾਨੀ ਯਾਦ। ਰਾਗਾਂ ਦਾ ਜਾਣੂ। ਇਕ ਰਾਗੀ ਜੱਥਾ ਬਣਾ ਕੇ ਭਾਰਤੀ ਪੰਜਾਬ ਵਿਚ ਜਾਸੂਸੀ ਕਰਦਾ ਸੀ, ਪੰਜਾਬ ਕਿਸੇ ਥਾਂ ਫੜੇ ਗਏ ਸਨ। ਮੈਨੂੰ ਯਾਦ ਨਹੀਂ ਰਿਹਾ ਉਸ ਨੇ ਜਾਸੂਸੀ ਦੇ ਬੜੇ ਢੰਗ ਦੱਸੇ।

ਅੰਗਰੇਜ਼ੀ ਸਭਿਅਤਾ ਦਾ ਪਲਿਆ ਜਿਹੜਾ ਨਿਮਰਤਾ ਭਰਿਆ ਸਾਥੀ ਸਾਡੇ ਨਾਲ ਸੀ ਉਸ ਨੇ ਕੋਈ ਬੁਨਿਆਦੀ ਪੁਸਤਕ ਕੱਢ ਲੈਣੀ ਅਤੇ ਅੱਖੀਆਂ ਦੇ ਨਾਲ ਪੜ੍ਹੀ ਜਾਣੀ ਸੂਹ ਨਾਲ ਸ਼ਾਨਦਾਰ ਪੰਜਾਬੀ ਵਿਚ ਦੱਸੀ ਜਾਣੀ। ਮੇਰੀ ਕਿਸੇ ਗੱਲ ਦੀ ਪ੍ਰਵਾਹ ਨਾ ਕਰਦੇ ਹੋਏ ਮੈਨੂੰ ਬਾਹੋਂ ਫੜ ਕੇ ਬਹਾ ਲੈਣਾ। ਹੋਰ ਵੀ ਸਾਡੀ ਚਹੁੰ ਦੀ ਆਪਸ ਵਿਚ ਬਹਿਸ ਹੋਣੀ। ਉਸ ਜਾਸੂਸ ਨੇ ਵੀ

CC-0. In Public Domain. Gurukul Kangri Collection, Haridwar

ਸਾਡੇ ਨਾਲ ਬੈਠ ਜਾਂਦਾ।
Digitized by Arya Samaj Foundation Chennai and eGangotri

ਮੈਂ ਜੋ ਕੁਝ ਲਿਖ ਰਿਹਾਂ ਹਾਂ ਬਿਲਕੁਲ ਸਹੀ ਹੈ, ਸੱਚ ਹੈ। ਇਮਾਨ-ਦਾਰਾਨਾ ਹੈ ਪਰ ਅੱਗੜ-ਪਿੱਛੜ ਹੋ ਸਕਦਾ ਹੈ। ਕੁਝ ਨਾਂ ਜਾਂ ਸਮੇਂ ਵਿਚ ਵੀ ਫ਼ਰਕ ਆ ਸਕਦਾ ਹੈ। ਕੁਝ ਗੱਲਾਂ ਵੀ ਭੁਲ ਸਕਦਾ ਹਾਂ ਗਲਤ ਨਹੀਂ ਹੋ ਸਕਦਾ। ਉੱਚ ਨਰੋਲ ਤੇ ਖਰੇ ਸੋਨੇ ਜਿਹਾ ਸੱਚ ਹੈ। ਬਾਕੀ ਮੇਰਾ ਜਾਤੀ ਅਨੁਭਵ ਹੈ, ਹੋਰ ਕਿਸੇ ਦਾ ਹੋਰ ਅਨੁਭਵ ਵੀ ਹੋ ਸਕਦਾ ਹੈ।

ਦਸ ਪੰਦਰਾਂ ਦਿਨ ਸਾਨੂੰ ਚੱਕੀਆਂ ਵਿਚ ਰੱਖ ਕੇ ਫਿਰ ਸਾਰਿਆਂ ਸਾਥੀਆਂ ਕੋਲ ਵੱਡੀ ਬਾਰਕ ਵਿਚ ਭੇਜ ਦਿੱਤਾ। ਉਹ ਬੜੀ ਖੁੱਲ੍ਹੀ ਬਾਰਕ ਅੱਗੇ ਖੁੱਲ੍ਹਾ ਮੈਦਾਨ ਸੀ। ਮੰਜੀਆਂ ਮਿਲ ਗਈਆਂ ਸਣੇ ਮੱਛਰਦਾਨੀਆਂ। ਇਸ ਬਾਰਕ ਵਿਚ ਮੋਹਰੀ ਲੀਡਰ ਘੱਟ ਸਨ। ਤਿੰਨ ਚਾਰ ਸਾਥੀ ਮਾਸਕੋ ਹੋ ਕੇ ਆਏ ਹੋਏ। ਪੜ੍ਹਾਈ ਵੱਲ ਘੱਟ ਅਤੇ ਖੇਡਣ-ਮੱਲਣ ਵੱਲ, ਖਾਣ-ਪੀਣ ਨਾਲ ਬਹੁਤ ਰਜੂਹ। ਬੜੇ ਨਿਸੰਗ ਸਨ। ਸਹਿਜ ਭਾਵ ਵਾਲੇ ਵੀ ਬੜੇ ਸਨ। ਮੈਨੂੰ ਛਾਲਾਂ ਮਾਰ ਮਾਰ ਢਾਹ ਲੈਂਦੇ। ਮੈਂ ਸੈਰ ਦੀ ਸ਼ਕਲ ਵਿਚ ਫਿਰਦਾ ਤੁਰਦਾ। ਰੂਪਾ ਨੂੰ ਚਿੱਠੀ ਪਾ ਦਿੱਤੀ ਕਿ ਹੁਣ ਮੈਨੂੰ ਕੋਈ ਚਿੱਠੀ ਨਾ ਪਾਵੇ। ਇਕ ਵਾਰੀ ਮੇਰੀ ਮਾਤਾ ਮੇਰੇ ਕਾਕੇ ਰਾਏ ਅਤੇ ਅਤੇ ਗੁੱਡੀ ਮੋਹਣੀ ਨੂੰ ਲੈ ਕੇ ਮਿਲ ਗਈ। ਮੇਰਾ ਭੈਣ ਭਣਵਈਆ ਦਿੱਲੀਉਂ ਮਿਲ ਗਏ। ਜਿਹੜੇ ਸੋਲ੍ਹਾਂ ਰੁਪਏ ਮਹੀਨਾ ਮਿਲਦਾ ਮੈਂ ਉਰਦੂ ਤੇ ਹਿੰਦੀ ਦੀਆਂ ਪੁਸਤਕਾਂ ਮੰਗਾ ਲੈਂਦਾ। ਲਖਨਊ ਸਾਲਗਰਾਮ ਸੂਗੀ ਨੂੰ ਚਿੱਠੀ ਪਾਈ ਉਸ ਨੇ ਮੈਨੂੰ ਕੁਝ ਪੁਸਤਕਾਂ ਵੀ.ਪੀ. ਕਰਾਈਆਂ ਕੁਝ ਆਪ ਘੱਲੀਆਂ। ਮੈਂ ਉਸ ਨੂੰ ਇੰਜ ਹੀ ਲਿਖਿਆ ਸੀ। ਯਸ਼ਪਾਲ ਦੀਆਂ ਪੁਸਤਕਾਂ ਵੀ ਆਈਆਂ। ਰਾਹੁਲ ਸੰਕਰਤਾਇਲ ਦੀਆਂ ਵੀ। ਇਕ ਟਰੰਕ ਮੰਗਾ ਲਿਆ ਉਸ ਵਿਚ ਸਭ ਰਖਣੀਆਂ ਸਾਂਭ ਕੇ ਅਤੇ ਪੜ੍ਹੀ ਜਾਣੀਆਂ। ਇਕ ਕਾਮਰੇਡ ਕੋਲੋਂ ਹਿੰਦੀ ਦੀ ਪੈਂਤੀ ਲਿਖਵਾਈ। ਉਸ ਉਤੇ ਮਸ਼ਕ ਕਰਨੀ। ਹਿੰਦੀ ਲਿਖਣ ਵੀ ਲੱਗ ਪਿਆ।

ਬੁੱਧੀਜੀਵੀ ਕਾਮਰੇਡ ਨੇ ਮੈਨੂੰ ਆਖਿਆ — ਰਾਹੀ ਜੇ ਤੂੰ ਮੁੱਢ ਤੋਂ ਹਿੰਦੀ ਪੜ੍ਹਨੀ ਹੈ ਤਾਂ ਅੰਗਰੇਜ਼ੀ ਪੜ੍ਹ ਹਿੰਦੀ ਨਾਲੋਂ ਸੌਖੀ ਹੈ।

ਉਹ ਕਾਮਰੇਡ ਸਕੂਲ ਲਾਉਂਦਾ। ਬੁਨਿਆਦੀ ਪੁਸਤਕਾਂ ਦਾ। ਅੱਖੀਆਂ ਨਾਲ ਪੜ੍ਹਦਾ ਪੰਜਾਬੀ ਨਾਲ ਸਮਝਾਈ ਜਾਂਦਾ। ਇਤਨਾ ਸੁਹਣਾ ਢੰਗ ਬਹੁਤ ਚੰਗਾ ਲਗਦਾ। ਉਸ ਨੇ ਮੈਨੂੰ ਅੰਗਰੇਜ਼ੀ ਪੜ੍ਹਾਉਣੀ ਸ਼ੁਰੂ ਕਰ ਦਿੱਤੀ। ਅੱਠਵੀਂ ਤੱਕ ਦੀਆਂ ਪੁਸਤਕਾਂ ਪੜ੍ਹਾ ਦਿੱਤੀਆਂ। ਕ ਹਿੰਦਾ ਸੀ ਕੋਈ ਨਾਵਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫੜ ਕੇ ਪੜ੍ਹੀ ਜਾ, ਅੜੀ ਦਾ ਗ਼ਲਤੀਆਂ ਦੀ ਪਰਵਾਹ ਨਾ ਕਰ ਜ਼ਬਾਨ ਚੱਲ ਜਾਏਗੀ। ਉਂਜ ਵੀ ਆਮ ਬੋਲਣ ਦੀ ਕੋਸ਼ਿਸ਼ ਕਰਿਆ ਕਰ। ਮੈਂ ਉਗੜ-ਦੁੱਗੜੀ ਸਟਾਲਨ ਦੀ ਜੀਵਨੀ ਵੀ ਅੰਗਰੇਜ਼ੀ ਵਿਚ ਪੜ੍ਹ ਲਈ। ਯੋਲ ਕੈਂਪ ਮੈਨੂੰ ਗੜਗਜ ਜੀ ਨੇ ਮੁੱਢ ਬਣਾਇਆ ਸੀ। ਗਰੈਮਰ ਨਾਲ। ਅਫਸੋਸ ਹੈ ਕਿ ਮੈਂ ਅੰਗਰੇਜ਼ੀ ਨੂੰ ਉਤਨੀ ਵੀ ਨਹੀਂ ਨਿਭਾ ਸਕਿਆ। ਹਿੰਦੀ ਉਰਦੂ ਦਾ ਰੁਝਾਨ ਭਾਰੂ ਰਿਹਾ। ਪੰਜਾਬੀ ਬਹੁਤ ਤਰੱਕੀ ਕਰ ਗਈ ਸੀ।

ਉਥੇ ਜਦ ਪਾਰਟੀ ਬਹਿਸ ਹੋਣੀ ਤਾਂ ਇਕ ਕਾਮਰੇਡ ਜੋ ਮਾਸਕੋ ਹੋ ਕੇ ਆਇਆ ਹੋਇਆ ਸੀ ਆਪਣੇ ਸਰ੍ਹਾਣੇ ਟੇਬਲ ਉਤੇ ਅੰਗਰੇਜ਼ੀ ਦੀਆਂ ਪੁਸਤਕਾਂ ਦਾ ਢੇਰ ਲਾਈ ਰਖਦਾ ਸੀ। ਜਦੋਂ ਬਹਿਸ ਹੋਣੀ ਉਸ ਨੇ ਬੜੀ ਨੀਵੀਂ ਦਲੀਲ ਦੇਣੀ। ਬੜੀ ਬੇ-ਹਿਸਾਬ ਗੱਲ ਕਰਨੀ। ਮੈਨੂੰ ਖਿੱਝ ਆਉਣੀ। ਬਾਕੀ ਦੋ ਖ਼ੁਸ਼ਦਿਲ ਅਤੇ ਮੌਜੀ ਸਨ। ਇਕ ਦਿਨ ਖਿੱਝ ਚੜ੍ਹੀ ਮੈਂ ਆਖ ਦਿੱਤਾ — ਕਾਮਰੇਡ ਸੈਣ ਜਾਪਦਾ ਹੈ ਕਾਮਰੇਡ ਸਟਾਲਨ ਨੇ ਤੁਹਾਥੋਂ ਉਥੇ ਡੰਗਰ ਚਰਵਾਏ ਹਨ। ਦੱਸਿਆ ਪੜ੍ਹਾਇਆ ਕੁਝ ਨਹੀਂ।...... ਸਾਰਿਆਂ ਸਾਥੀਆਂ ਇਤਰਾਜ ਕੀਤਾ। ਮੈਂ ਮਾਫੀ ਮੰਗੀ। ਜਦ ਲੌਢੇ ਵੇਲੇ ਸੈਰ ਕਰ ਰਿਹਾ ਸਾਂ ਉਦਾਸ ਸਾਂ ਮਾਫੀ ਤੋਂ ਕਿ ਮੈਂ ਕਿਉਂ ਇਹ ਸਭ ਕੁਝ ਆਖਿਆ। ਮੇਰੇ ਪਿਛੇ ਇਕ ਬੜਾ ਜਵਾਨ ਸਾਥੀ ਅਸਮਾਨ ਵਰਗੇ ਦਿਲ ਵਾਲਾ ਤੁਰਿਆ ਆ ਰਿਹਾ ਸੀ। ਮੈਂ ਇਹਨਾਂ ਤਿੰਨਾਂ ਚਹੁੰ ਨੂੰ ਪੰਜਾਬੀ ਪੜ੍ਹਾਉਂਦਾ ਸਾਂ। ਮੈਨੂੰ ਕਹਿਣ ਲੱਗਾ — ਕਾਮਰੇਡ ਰਾਹੀ ਕੀ ਗੱਲ ਹੈ ਚੁੱਪਚਾਪ ਉਦਾਸ ਫਿਰਦੇ ਹੋ ?......ਮੈਂ ਉੱਤਰ ਦਿੱਤਾ ਐਵੇਂ ਖ਼ਿਆਲ ਆ ਰਿਹਾ ਹੈ ਕਾਮਰੇਡ ਨੇ ਪੁਸਤਕਾਂ ਦਾ ਢੇਰ ਲਾਇਆ ਹੋਇਆ ਹੈ ਪੜ੍ਹਦਾ ਵੀ ਰਹਿੰਦੈ, ਗੱਲ ਯਾਵੀ ਮਾਰਦਾ ਹੈ।

ਉਹ ਕਾਮਰੇਡ ਬੜਾ ਹੱਸਿਆ ਮੈਨੂੰ ਆਪਣੇ ਨਾਲ ਘੁੱਟ ਕੇ ਕਹਿਣ ਲੱਗਾ — ਛੱਡ ਕਾਮਰੇਡ ਰਾਹੀ, ਖੋਤਾ ਕਪਾਹ ਦੇ ਖੇਤ ਵਿਚੋਂ ਲੰਘ ਜਾਏ ਉਹ ਖੇਸ ਉਣਾ ਕੇ ਨਹੀਂ ਲੈ ਜਾਂਦਾ।......ਅਸੀਂ ਦੋਵੇਂ ਹੱਸ ਪਏ। ਇਹ ਕਾਮਰੇਡ ਪੰਜੀ ਪੰਜੀ, ਤੀਹ ਤੀਹ ਰੋਟੀਆਂ ਖਾ ਜਾਂਦਾ ਸੀ। ਸਾਰਿਆਂ ਨਾਲੋਂ ਨੰਬਰ। ਇਕ ਕਾਮਰੇਡ ਇਕ ਰੋਟੀ ਸਵੇਰੇ ਇਕ ਰਾਤ ਨੂੰ। ਮੈਂ ਦੋ ਰੋਟੀਆਂ ਸਵੇਰੇ ਇਕ ਸ਼ਾਮ ਨੂੰ। ਮੀਟ ਸੀ, ਚਾਹ ਸੀ, ਹੋਰ ਨਿੱਕ-ਸੁੱਕ ਵੀ ਹੁੰਦਾ ਸੀ।

ਕਦੇ ਉਹ ਬੁੱਧੀਜੀਵੀ ਕਾਮਰੇਡ ਮੈਨੂੰ ਇਕੱਲੇ ਨੂੰ ਪੁਸਤਕ ਖੋਲ੍ਹ ਕੇ ਸਮਝਾਉਂਦਾ। ਅਜੇ ਤੱਕ ਉਸ ਦੀ ਗੱਲ ਮੈਨੂੰ ਯਾਦ ਹੈ ਜਿਵੇਂ —

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਗੀਰਦਾਰੀ ਤੋਂ ਸਰਮਾਇਦਾਰੀ ਨੂੰ ਕੁਝ ਨਹੀਂ ਮਿਲਦਾ। ਸਰਮਾਏਦਾਰੀ ਆਪ ਸਾਰੀ ਉਸਾਰੀ ਕਰਦੀ ਹੈ। ਕਾਰਖ਼ਾਨੇ, ਗੱਡੀਆਂ, ਸੜਕਾਂ ਹੋਰ ਕਈ ਕੁਝ। ਪਰ ਸੋਸ਼ਲਿਜ਼ਮ ਨੂੰ ਸਭ ਬਣਿਆ ਬਣਾਇਆ ਮਿਲਦਾ ਹੈ ਵਗੈਰਾ ਵਗੈਰਾ। ਅਫਸੋਸ ਹੈ ਉਸ ਦਾ ਮੈਨੂੰ ਨਾਂ ਯਾਦ ਨਹੀਂ ਨਾ ਹੀ ਉਸ ਨੂੰ ਮੁੜ ਕੇ ਪਾਰਟੀ ਵਿਚ ਕਿਤੇ ਵੇਖਿਆ। ਅੰਬਾਲੇ ਜੇਲ੍ਹ ਵਿਚ ਮੈਂ ਦੋ ਦਾੜ੍ਹਾਂ ਵੀ ਕਢਵਾਈਆਂ। ਬੜੀ ਵੱਡੀ ਜੇਲ੍ਹ ਸੀ ਯੋਲ ਕੈਂਪ ਵਾਂਗ ਏਥੇ ਵੀ ਹਰ ਇਕ ਕਾਮਰੇਡ ਦੀਆਂ ਡਿਊਟੀਆਂ ਲੱਗੀਆਂ ਹੋਈਆਂ ਸਨ। ਹਰ ਕੰਮ ਬੜੇ ਜੱਥੇਬੰਦਕ ਢੰਗ ਨਾਲ ਹੁੰਦਾ, ਮੈਂ ਰੋਜ਼ ਸਵੇਰੇ ਉਠ ਕੇ ਹਜਾਮਤ ਕਰਦਾ। ਚੰਗਾ ਵਧੀਆ ਸਮਾਨ ਮੰਗਾਇਆ ਹੋਇਆ ਸੀ। ਇਕ ਦਿਨ ਮੈਨੂੰ ਚਾਰ ਪੰਜ ਬਾਬੇ ਇਕੱਠੇ ਹੋ ਕੇ ਕਹਿਣ ਲੱਗੇ — ਸੁਣ ਰਾਹੀ ਗੱਲ ਇਹ ਹੈ ਤੂੰ ਕੇਸ ਦਾੜ੍ਹੀ ਰੱਖ ਲੈ। ਤੇਰਾ ਨਾਂ ਹੈ ਜਿਲ੍ਹੇ ਵਿਚ। ਤੂੰ ਪਾਰਟੀ ਨੂੰ ਉਥੇ ਕਾਇਮ ਰਖਿਆ ਹੈ। ਤੈਨੂੰ ਕੂਣ-ਬੋਲਣ ਦੀ ਜਾਚ ਹੈ। ਤੂੰ ਪੜ੍ਹਿਆ ਲਿਖਿਆ ਵੀ ਹੈ। ਪਾਰਟੀ ਤੈਨੂੰ ਐਕਸ਼ਨ ਵਿਚ ਖਲਿਆਰ ਸਕਦੀ ਹੈ। ਸਾਡੇ ਇਲਾਕੇ ਸਿੱਖ ਨੇ, ਫਿਰ ਸਾਡਾ ਸਮਾਜ ਵੀ ਸਿੱਖ ਹੈ। ਤੇਰਾ ਮੋਨੇ ਹੋਣਾ ਰੋਕ ਬਣ ਸਕਦਾ ਹੈ। ਤੂੰ ਗੱਲ ਮੰਨ ਕੇ ਮੁੜਕੇ ਦਾੜ੍ਹੀ ਕੇਸ ਰੱਖ ਲੈ।......ਮੈਂ ਬੱਸ ਉਸ ਦਿਨ ਤੋਂ ਹਜਾਮਤ ਬੰਦ ਕਰ ਦਿੱਤੀ, ਸਮਾਨ ਟਰੰਕ ਵਿਚ।

ਸਾਨੂੰ ਚਹੁੰ ਪੰਜਾਂ ਜਣਿਆਂ ਨੂੰ ਇਕ ਦਿਨ ਡਿਉੜੀ ਤਿਆਰ ਹੋ ਕੇ ਬਿਨਾਂ ਸਮਾਨ ਦੇ ਆਉਣ ਲਈ ਸੱਦਾ ਆਇਆ। ਅਸੀਂ ਗਏ। ਸਾਨੂੰ ਦਿੱਲੀ ਲਿਜਾਇਆ ਗਿਆ। ਜਿਥੇ ਹੁਣ ਅਜੇ ਘੋਸ਼ ਭਵਨ ਹੈ। ਦਰਿਆ ਗੰਜ ਤੋਂ ਬਾਹਰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਇਕੱਲੇ ਇਕੱਲੇ ਸਾਰਿਆਂ ਨੂੰ। ਜਦੋਂ ਜੇਲ੍ਹ ਦੇ ਅੰਦਰ ਲੰਘੇ ਤਾਂ ਪਹਿਲੀ ਨਜ਼ਰੇ ਸੱਤਾਂ ਸੱਤਾਂ ਅੱਠਾਂ ਅੱਠਾਂ ਸਾਲਾਂ ਦੇ ਮੁੰਡੇ ਕੁੜੀਆਂ ਚਾਲ੍ਹੀ ਪੰਜਾਹ ਮਿਲੇ। ਮੈਂ ਹੈਰਾਨ ਹੋਇਆ। ਆਪ ਨੂੰ ਮਿਲੇ ਮੁਸ਼ੱਕਤੀ ਨੂੰ ਪੁੱਛਿਆ, "ਇਹ ਬੱਚੇ ਕਿਉਂ ਫੜੇ ਹੋਏ ਨੇ ?" ਮੁਸ਼ੱਕਤੀ ਖ਼ੂਬਸੂਰਤ ਜਵਾਨ ਗਭਰੂ ਪਹਾੜੀਆ ਸੀ। ਕਹਿਣ ਲੱਗਾ — ਸਰਦਾਰ ਜੀ, ਇਹ ਸਾਰੇ ਜੇਬ ਕੱਤਰੇ ਹਨ।......ਇਹਨਾ ਨੂੰ ਅਜੇ ਕੀ ਸਮਝ ਹੈ ਇਹਨਾਂ ਚਲਾਕੀਆਂ ਦੀ ?......ਪਿਉ ਜਾਂ ਮਾਂ ਮਾਰਦੇ ਹਨ, ਇਹ ਚਾਂਗਰਾਂ ਮਾਰਦੇ ਸ਼ਾਮੀਂ ਕੋਲ ਖਲੋਤੀ ਨੂੰ ਚੰਬੜ ਜਾਂਦੇ ਹਨ, ਬੱਸ ਮਾਲ ਸਾਫ਼, ਉਹ ਗਏ, ਉਹ ਗਏ।

ਮੈਂ ਸੋਚਿਆ ਠੀਕ ਹੈ, ਜਦ ਤੋਤੇ ਤੇ ਪੰਖੇਰੂ ਅਤੇ ਹੋਰ ਜਾਨਵਰ ਬੰਦੇ ਨੇ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਖਾ ਲਏ ਹਨ, ਬੱਚੇ ਕਿਉਂ ਨਹੀਂ ਸਿਖ ਸਕਦੇ।

ਮੈਨੂੰ ਇਕੱਲੇ ਨੂੰ ਜਿਸ ਥਾਂ ਰਖਿਆ ਉਹ ਜਾਲੀਦਾਰ ਖੁਲ੍ਹਾ ਕਮਰਾ ਸੀ। ਮਸ਼ੱਕਤੀ ਸਭ ਕੁਝ ਲਿਆ ਕੇ ਬਣਾਉਂਦਾ। ਮੈਨੂੰ ਰਤਾ ਵੀ ਬਾਹਰ ਨਾ ਜਾਣ ਦਿੰਦਾ। ਦੋ ਰਾਤਾਂ ਤੇ ਇਕ ਦਿਨ ਅਸੀਂ ਉਥੇ ਰਹੇ। ਮਸ਼ੱਕਤੀ ਨੂੰ ਉਸ ਦਾ ਹਾਲ ਪੁੱਛਿਆ। ਜੋ ਉਸ ਨੇ ਦੱਸਿਆ ਇਕ ਲੰਮੀ ਜਿਹੀ ਕਾਪੀ ਮੇਰੇ ਕੋਲ ਸੀ ਉਸ ਉਤੇ ਲਿਖੀ ਗਿਆ। ਅਫ਼ਸੋਸ ਉਹ ਕਾਪੀ ਕਈ ਸਾਲ ਮੇਰੇ ਕੋਲ ਰਹੀ ਫਿਰ ਗਵਾਚ ਗਈ। ਉਸ ਮਸ਼ੱਕਤੀ ਨੇ ਦਸਿਆ ਕਿ ਸਰਦਾਰ ਜੀ, ਮੈਂ ਇਕ ਬੜੇ ਵੱਡੇ ਅਫ਼ਸਰ ਦੇ ਘਰ ਨੌਕਰ ਸਾਂ। ਅਫ਼ਸਰ ਬੜੇ ਰੋਅਬ ਵਾਲਾ ਸੀ। ਘਰ ਵੀ ਉਸ ਸਾਹਮਣੇ ਕੋਈ ਉੱਚੀਂ ਨੀਵੀਂ ਨਹੀਂ ਸੀ ਕਰਦਾ। ਸਭ ਡਰਦੇ ਤੇ ਝੱਕਦੇ ਰਹਿੰਦੇ। ਘਰ ਵਿਚ ਕੰਮ ਕਰਦਿਆਂ ਉਸ ਦੀ ਜਵਾਨ ਕੁੜੀ ਮੇਰੇ ਨਾਲ ਲੱਗ ਗਈ। ਡਰਦਾ ਸਾਂ, ਪਰ ਫਿਰ ਉਸ ਦੀ ਮੰਨ ਗਿਆ। ਬੜਾ ਮਜ਼ਾ ਬਣ ਗਿਆ। ਖਾਣ ਪੀਣ ਖਰਚਣ ਦਾ। ਕੁੜੀ ਦੀ ਮਾਂ ਨੇ ਵੇਖ ਲਿਆ, ਮੈਨੂੰ ਬੜਾ ਡਾਂਟਿਆ। ਬਾਹੋਂ ਫੜ ਕੇ ਆਪਣੇ ਕਮਰੇ ਵਿਚ ਲੈ ਗਈ। ਬੂਹਾ ਬੰਦ ਕਰਕੇ ਮੇਰੇ ਨਾਲ ਭੋਗ ਕੀਤਾ। ਮੈਂ ਡਰਦਾ ਉਹਨਾਂ ਦੇ ਆਖੇ ਲੱਗੀ ਗਿਆ। ਇਕ ਦਿਨ ਸਾਹਿਬ ਨੂੰ ਪਤਾ ਲੱਗ ਗਿਆ। ਉਸ ਨੇ ਬੇ-ਤਹਾਸ਼ਾ ਮੈਨੂੰ ਮਾਰਿਆ। ਟੈਲੀਫ਼ੋਨ ਕਰਕੇ ਪੁਲਿਸ ਨੂੰ ਫੜਾ ਦਿੱਤਾ। ਠਾਣੇਦਾਰ ਤੇ ਹੋਰਨਾਂ ਠਾਣੇ ਵਿਚ ਮੈਥੋਂ ਸਭ ਕੁਝ ਸਵਾਦ ਲਾ ਲਾ ਕੇ ਸੁਣਿਆ। ਮੈਨੂੰ ਚੰਗੀ ਰੋਟੀ ਖਵਾਈ ਹਵਾਲਾਤ 'ਚ ਦਿੱਤਾ। ਹੁਣ ਮੈਨੂੰ ਜੇਲ੍ਹ ਵਿਚ ਡੱਕਿਆ ਹੋਇਆ ਹੈ। ਚੋਰੀ ਦੇ ਇਲਜ਼ਾਮ ਵਿਚ। ਦੋ ਦੋ ਮਹੀਨੇ ਦੀਆਂ ਤਰੀਕਾਂ ਪੈਂਦੀਆਂ ਹਨ। ਇਹ ਕਹਾਣੀ ਉਸ ਨੇ ਦੋ ਘੰਟੇ ਲਾ ਕੇ ਦੱਸੀ।

ਸਾਨੂੰ ਪਾਰਲੀਮੈਂਟ ਦੇ ਵਿਚਕਾਰ ਜਿਥੇ ਗੁਲਾਬ ਖਿੜੇ ਹੋਏ ਸਨ। ਇਕ ਕਮਰੇ ਵਿਚ ਹਾਈਕੋਰਟ ਦਾ ਸਟੇਜ ਸੀ। ਬਾਕੀ ਬੰਦ ਢੱਠੇ ਹੋਏ। ਸਾਨੂੰ ਹਥਕੜੀਆਂ ਖੋਲ੍ਹ ਕੇ ਬਹਾ ਦਿੱਤਾ ਗਿਆ। ਮੇਰੀ ਸੋਚ ਜ਼ਿੰਦਗੀ ਦੇ ਪਛਵਾੜੇ ਚਲੀ ਗਈ। ਇਥੇ ਮੈਨੂੰ ਰੂਪਾ ਨੇ ਲਿਆਂਦਾ ਸੀ, ਆਪਣੀ ਦਰਾਣੀ ਦੇ ਉਸ ਭਰਾ ਨਾਲ। ਅਸਾਂ ਫੁੱਲ ਤੋੜ ਕੇ ਵਟਾਏ ਸਨ। ਪਾਰਲੀਮੈਂਟ ਵੇਖਦਿਆਂ-ਵੇਖਦਿਆਂ ਜ਼ਰਾ ਇਧਰ ਉਧਰ ਹੋ ਕੇ ਇਕ ਦੂਜੇ ਨੂੰ ਚੁੰਮ ਲੈਂਦੇ ਸਾਂ। ਇੰਨੇ ਨੂੰ ਮੈਨੂੰ ਆਵਾਜ਼ ਪਈ, ਜਸਵੰਤ ਸਿੰਘ ਰਾਹੀ। ਮੈਂ ਉਠ ਕੇ ਖਲੋ ਗਿਆ। ਜੱਜ ਨੇ ਪੁੱਛਿਆ — ਤੈਨੂੰ ਕਿਉਂ ਫੜਿਆ ਗਿਆ ?...... ਮੈਂ ਉੱਤਰ ਦਿੱਤਾ — ਮੈਨੂੰ ਪਤਾ ਨਹੀਂ ਜੀ ਕਿਉਂ ਫੜਿਆ ਗਿਆ ਹੈ ?......ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਪੋ ਵਿਚ ਗੱਲਾਂ ਕਰਦੇ ਰਹੇ ਅਤੇ ਹੋਰਨਾਂ ਨੂੰ ਵੀ ਇਜੇ ਪੁੱਛਦੇ ਰਹੇ। ਜਵਾਬ ਇਕੋ ਸੀ।

ਸਾਨੂੰ ਮੁੜ ਕੇ ਬੰਦ ਜੇਲ੍ਹ–ਬੱਸ ਵਿਚ ਜੇਲ੍ਹ ਛੱਡ ਦਿੱਤਾ ਗਿਆ। ਅੰਬਾਲੇ ਆ ਗਏ। ਕੁਝ ਦਿਨਾਂ ਬਾਅਦ ਹੋਰ ਆ ਗਏ। ਮੇਰਿਆਂ ਗੋਡਿਆਂ ਵਿਚ ਬੜੀ ਪੀੜ ਹੋਣ ਲੱਗ ਪਈ ਸੀ। ਟੱਟੀ ਬੈਠਦਾ, ਉਠਿਆ ਮੁਸ਼ਕਲ ਜਾਂਦਾ। ਡੇਢ ਕੁ ਮਹੀਨੇ ਬਾਅਦ ਮੈਨੂੰ ਸਮਾਨ ਸਣੇ ਡਿਉੜੀ ਵਿਚ ਸੱਦ ਕੇ ਡੇਰੇ ਬਾਬੇ ਨਾਨਕ ਦਾ ਰੇਲ ਪਾਸ ਫੜਾ ਕੇ ਰਿਹਾਅ ਕਰ ਦਿੱਤਾ ਗਿਆ। ਬਾਹਰ ਆ ਕੇ ਮੈਂ ਪੁਸਤਕਾਂ ਵਾਲਾ ਟਰੰਕ ਸਿਰ 'ਤੇ ਚੁੱਕ ਕੇ ਇਕ ਤੁਰੇ ਜਾਂਦੇ ਕੋਲੋਂ ਬਿਸਤਰਾ ਸਿਰ ਉਤੇ ਰਖਵਾ ਲਿਆ। ਤੁਰ ਪਿਆ ਰੇਲਵੇ ਸਟੇਸ਼ਨ ਨੂੰ। ਗੋਡਿਆਂ ਦੀ ਪੀੜ ਦਾ ਚੇਤਾ ਨਾ ਰਿਹਾ। ਪਾਸ ਦੇ ਕੇ ਟਿਕਟ ਲਈ। ਗੱਡੀ ਚੜ੍ਹਿਆ। ਅੰਮ੍ਰਿਤਸਰ ਗੱਡੀ ਬਦਲੀ ਅਤੇ ਡੇਰੇ ਆ ਗਿਆ। ਤਾਂਗਾ ਕੀਤਾ। ਘਰ ਵੜਿਆ ਤਾਂ ਅੱਗੇ ਤੋਸ਼ੀ ਰੋਟੀ ਖਾ ਰਹੀ ਸੀ। ਸਭ ਕੁਝ ਛੱਡ ਕੇ ਚਾਂਗਰਾ ਮਾਰਦੀ ਮੇਰੇ ਨਾਲ ਚੰਬੜ ਕੇ ਰੋਣ ਲੱਗ ਪਈ। ਮੈਂ ਦੋ ਸਾਲ ਮਫ਼ਰੂਰ ਡੇਢ ਸਾਲ ਕੈਦ ਕੱਟ ਕੇ ਸਾਢੇ ਤਿੰਨਾਂ ਸਾਲਾਂ ਪਿਛੋਂ ਘਰ ਦਾ ਮੂੰਹ ਵੇਖਿਆ। ਘਰ ਦੇ ਖ਼ੁਸ਼। ਮੇਰਾ ਸ਼ਹਿਰ ਖ਼ੁਸ਼। ਮੇਰੇ ਮਿੱਤਰ ਮਿਤਰੀਆਂ ਖ਼ੁਸ਼। ਕੋਈ ਜਿਲ੍ਹੇ ਦਾ ਸਾਥੀ ਨਾ ਆਇਆ ਮਿਲਣ ਲਈ। ਟਪਿਆਲਾ ਅਜੇ ਵੀ ਮਫ਼ਰੂਰ ਸੀ। ਦਿੱਲੀ ਤੋਂ ਰੂਪਾ ਦੀ ਚਿੱਠੀ ਮੇਰੀ ਪਾਈ ਚਿੱਠੀ ਦੇ ਉੱਤਰ ਵਿਚ ਆ ਗਈ। ਉਡੀਕ ਰਹੀ ਸੀ। ਉਸ ਦੇ ਕੁੱਛੜ ਚਾਰ ਪੰਜ ਮਹੀਨੇ ਦੀ ਬੱਚੀ ਸੀ। ਇਹ ਬੱਚੀ ਮੇਰੀ ਸੱਕੀ ਭਰਜਾਈ ਡਾ: ਅਮਰਜੀਤ ਕੌਰ ਦੇ ਇਲਾਜ ਨਾਲ ਹੋਈ ਸੀ। ਮੈਨੂੰ ਛਿਆਂ ਮਹੀਨਿਆਂ ਲਈ ਹਦੂਦ ਬੰਦ ਕਰ ਦਿੱਤਾ ਗਿਆ ਸੀ। ਨਿਗਰਾਨੀ ਮਗਰ ਲੱਗ ਗਈ। ਡੀ.ਸੀ. ਨੂੰ ਦਰਖ਼ਾਸਤ ਦਿੱਤੀ — ਮੈਂ ਇਕ ਮਹੀਨੇ ਲਈ ਦਿੱਲੀ ਜਾਣਾ ਚਾਹੁੰਦਾ ਹਾਂ। ਸਰਨਾਵਾਂ ਆਪਣੇ ਭੈਣ ਭਣਵਈਏ ਦਾ ਦੇ ਦਿੱਤਾ। ਉਦੋਂ ਉਹਨਾਂ ਨੂੰ ਕਸ਼ਮੀਰੀ ਗੇਟ ਦੇ ਬਾਹਰਲੇ ਪਾਸੇ ਮਲੇਰੀਆ ਇੰਸਟੀਚਿਊਟ ਵਿਚ ਵੱਡਾ ਕਵਾਟਰ ਮਿਲਿਆ ਹੋਇਆ ਸੀ! ਛੇਤੀ ਇਜਾਜ਼ਤ ਜਾਣ ਦੀ ਆ ਗਈ।

ਇਕ ਦਿਨ ਰਾਤ ਅੰਮ੍ਰਿਤਸਰ, ਅਮਰ ਚਿੱਤਰਕਾਰ ਕੋਲ ਰਿਹਾ। ਜੈਪਾਲ ਦਰਸ਼ਨ ਵੀ ਉਸ ਕੋਲ ਸੀ। ਉਸ ਦੀ ਦੁਕਾਨ ਉਦੋਂ ਹਾਲ ਦਰਵਾਜ਼ੇ ਦੇ ਬਾਹਰ ਇਕ ਕਬਰ ਦੀ ਥਾਂ ਤੇ ਸੀ। ਬੋਰਡ ਲਿਖਣ ਦਾ ਕੰਮ। ਕੁਝ ਹੋਰ ਚਿੱਤਰਕਾਰੀ ਦਾ। ਤਾਰਾ ਸਿੰਘ ਕੋਮਲ ਮਿਲਿਆ ਹੋਰ ਮੇਰੇ ਚਹੇਤੇ ਵੀ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹਨਾਂ ਟਿਕਟ ਲੈ ਦਿੱਤੀ । ਦਿੱਲੀ ਚਲਿਆ ਗਿਆ । ਸਹਿਨੇ ਭੈਣ ਵਲ ਰਾਤ ਰਹਿ ਕੇ ਦਿਨੇ ਪਹਾੜ ਗੰਜ । ਮੇਰੇ ਇਕ ਡੇਰੇ ਵਲੋਂ ਮਿੱਤਰ ਬੇਦੀ ਮਨੋਹਰ ਲਾਲ ਦਾ ਮਕਾਨ ਸੀ, ਨਿੱਕਾ ਜਿਹਾ । ਆਪ ਉਹ ਸ਼ਾਹੀ ਮਸਜਿਦ ਲਾਗੇ ਵਿਲਡਿੰਗ ਦਾ ਕੰਮ ਕਰਦਾ ਸੀ । ਪਹਾੜ ਗੰਜ ਵਾਲੇ ਮਿੱਥੇ ਹੋਏ ਬਸ ਅੱਡੇ ਉਤੇ ਰੂਪਾ ਲੋਕਲ ਬਸ ਵਿਚੋਂ ਉਤਰੀ । ਗੁੱਡੀ ਬਾਂਹ 'ਤੇ ਚੁੱਕੀ ਹੋਈ । ਅੱਗੇ ਨਾਲੋਂ ਕਈ ਹਿੱਸੇ ਸਹੁਣੀ ਲੱਗੀ । ਦੋਹਾਂ ਦੀਆਂ ਅੱਖੀਆਂ ਭਰ ਗਈਆਂ । ਮੈਂ ਆਪਣੀ ਬਾਂਹ ਉਸ ਨਾਲ ਵਲਾ ਲਈ, ਹਟਾ ਲਈ ।

ਮਿੱਥੇ ਘਰ ਵਿਚ ਲੈ ਗਿਆ । ਗੁੱਡੀ ਨੂੰ ਮੰਜੀ ਉਤੇ ਲਿਟਾਇਆ । ਪਹਿਲਾਂ ਮੈਂ ਗੁੱਡੀ ਨੂੰ ਚੁੰਮਿਆ ਅੰਦਰ ਤਕ ਇਹ ਭਾਵਨਾ ਘਰ ਕਰ ਗਈ — ਇਹ ਮੇਰੀ ਬੱਚੀ ਹੈ । ਇਹ ਰਾਹੀ ਦੀ ਬੱਚੀ ਹੈ । ਉਹ ਆਪਣੇ ਪਿਉ ਦੀ ਸੀ ਮੇਰੀ ਨਹੀਂ । ਮੈਂ ਰੂਪਾ ਨੂੰ ਦੋ ਸਾਲ ਬਾਅਦ ਮਿਲਿਆ ਸਾਂ । ਮੇਰੇ ਅੰਦਰੋਂ ਉਹ ਗੱਲ ਨਹੀਂ ਗਈ ਹੁਣ ਤਕ "ਉਹ ਮੇਰੀ ਬੱਚੀ ਹੈ ।"

ਅਸਾਂ ਬੜੀਆਂ ਗੱਲਾਂ ਕੀਤੀਆਂ । ਘੁੱਟ ਘੁੱਟ ਕੇ ਮਿਲੇ ਚੁੰਮ ਚੁੰਮ ਕੇ ਮਿਲੇ । ਲੱਕਾਂ ਨੂੰ ਹੱਥ ਪਾ ਕੇ ਬਹਿ ਗਏ । ਰੂਪਾ ਅੱਗੇ ਨਾਲੋਂ ਕਾਫੀ ਬਦਲੀ ਹੋਈ ਸੀ । ਮੇਰੇ ਕਹਿਣ ਤੇ ਉਹਨੇ ਮੁੜ ਸਕੂਲੇ ਪੜ੍ਹ ਲਿਆ ਸੀ । ਉਸ ਦੀਆਂ ਗੱਲਾਂ ਵਿਚ ਸੂਝ ਸੀ । ਉੱਚੇ ਹੋਣ ਦੀ ਭਾਵਨਾ ਤਿੱਖੀ ਹੋ ਗਈ ਸੀ । ਮੇਰੇ ਨਾਲ ਬਹੁਤ ਨੇੜੇ ਰਹੀ । ਕਹਿਣ ਲੱਗੀ — ਜਦੋਂ ਤੁਹਾਨੂੰ ਪਹਿਲੀ ਵਾਰੀ ਮਿਲੀ ਸਾਂ ਮੇਰੇ ਗਲ ਕਿਰਪਾਨ ਸੀ । ਰੋਜ਼ ਪਾਠ ਕਰਦੀ ਸਾਂ । ਗੁਰਦਵਾਰੇ ਜਾਂਦੀ ਸਾਂ । ਤੁਸਾਂ ਅੱਗੇ ਪੜ੍ਹਨ ਲਾਇਆ ਮੈਨੂੰ ਹੋਸ਼ ਆਈ ਤੁਹਾਡੀਆਂ ਚਿੱਠੀਆਂ ਨੇ ਜਿਉਣ ਦੀ ਜਾਚ ਦੱਸੀ । ਮੈਂ ਪਹਿਲੇ ਗੁਰੂ ਨਾਨਕ ਨੂੰ ਪੂਜਦੀ ਸਾਂ ਫਿਰ ਤੁਹਾਨੂੰ ਪੂਜਣ ਲੱਗ ਪਈ । ਕਈ ਲੋਕ ਮੈਨੂੰ ਇੰਜ ਵੇਖਦੇ ਜਿਵੇਂ ਮੈਨੂੰ ਖਾ ਜਾਣਗੇ ।......ਇਥੇ ਉਹ ਰੁਕ ਗਈ । ਮੈਂ ਘੁੱਟ ਕੇ ਨਾਲ ਲਾ ਲਿਆ । ਘਰ ਬੰਦ ਕੀਤਾ ਜਿਥੇ ਚਾਬੀ ਰੱਖਣੀ ਸੀ ਰੱਖੀ । ਚਾਂਦਨੀ ਚੌਂਕ ਚਲੇ ਗਏ । ਗਰਮੀਆਂ ਉਤਰ ਆਈਆਂ ਸਨ । ਮੈਂ ਗੁੱਡੀ ਲਈ ਛੱਤਰੀ ਲੈ ਦਿੱਤੀ, ਕੁਝ ਖਿਡੌਣੇ । ਇਕੱਠਿਆ ਬੈਠ ਕੇ ਕੁਝ ਖਾਧਾ ਪੀਤਾ । ਜਿਹੜੀ ਉਸ ਮੈਨੂੰ ਛਾਪ ਬਣਵਾ ਕੇ ਦਿੱਤੀ ਹੋਈ ਸੀ ਉਸ ਉਤੇ ਲਿਖਿਆ ਹੋਇਆ ਸੀ 'ਰਾਹੀ ਰੂਪਾ' ।ਇਹ ਘਰ ਘਲਾ ਛੱਡੀ ਸੀ, ਮਫਰੂਰੀ ਵਿਚ । ਹੁਣ ਪਾ ਕੇ ਆ ਗਿਆ ਸਾਂ । ਰੂਪਾ ਨੇ ਪੁੱਛਿਆ — ਤੁਹਾਨੂੰ ਕੋਈ ਪੁੱਛਦਾ ਨਹੀਂ ਇਹ ਰੂਪਾ ਨਾਂ ਕਿਸਦਾ ਹੈ ?......ਮੈਂ ਕਿਹਾ — ਮੈਂ ਕਹਿ ਦਿੰਦਾ ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੋਏਂ ਨਾ ਮੇਰ ਨੇ । ਦੋਵੇਂ ਹੱਸ ਪਏ ।

ਚਾਂਦਨੀ ਚੌਂਕ ਉਸ ਨੂੰ ਘਰ ਦੇ ਨੇੜੇ ਜਾਣ ਵਾਲੀ ਬੱਸ ਤੇ ਚੜ੍ਹਾ ਦਿੱਤਾ ਨਾਲ ਬਹਿ ਗਿਆ । ਗੱਲਾਂ ਚਲਦੀਆਂ ਰਹੀਆਂ । ਬੱਸ ਚੱਲੀ ਖ਼ੂਬ ਇਕ ਦੂਜੇ ਵੱਲ ਵੇਖਿਆ ਹੱਥ ਘੁੱਟੇ, ਮੈਂ ਉਤਰ ਗਿਆ ।

ਸਰਨੋ ਕੋਲ ਆ ਗਿਆ । ਪੂਰਨ ਸਿੰਘ ਤੇ ਮੈਂ ਦਿੱਲੀ ਦੀ ਸੈਰ ਮੋਟਰ-ਸਾਈਕਲ ਉਤੇ ਕਰਦੇ ਰਹੇ । ਮੇਰਾ ਭਣੇਵਾ ਕਾਕਾ ਵਿਨੋਦ ਅਤੇ ਗੁੱਡੀ ਵੀਨਾ ਸਲੇਚ ਪੜ੍ਹਦੇ ਸਨ । ਮੈਂ ਡੇਰੇ ਆ ਗਿਆ ।

ਪੁੜਾਂ ਵਿਚ

ਡੇਰੇ ਬਾਬੇ ਨਾਨਕ ਕਾ: ਬਿਸ਼ਨ ਸਿੰਘ ਮੈਨੂੰ ਮਿਲਣ ਆਇਆ । ਮੇਰੇ ਫੜੇ ਜਾਣ ਕਰਕੇ ਉਹਨੂੰ ਸੈਕਟਰੀ ਬਣਾਇਆ ਹੋਇਆ ਸੀ । ਮੈਨੂੰ ਕਹਿਣ ਲੱਗਾ — ਹੁਣ ਤੂੰ ਆ ਗਿਆ ਏਂ ਆਪਣੀ ਸੈਕਟਰੀਸ਼ਿਪ ਸਾਂਭ ।......ਮੈਂ ਕੋਈ ਉੱਤਰ ਨਾ ਦਿੱਤਾ । ਮੇਰੇ ਅੰਦਰ ਇਹ ਗੱਲ ਸੀ ਕਿ ਮੈਂ ਅੰਦਰੋਂ ਬੜਾ ਕਾਬਲ ਹੋ ਕੇ ਆਇਆ ਹਾਂ । ਹੁਣ ਮੈਂ ਠੀਕ ਜ਼ਿਲ੍ਹੇ ਦਾ ਪਾਰਟੀ ਸੈਕਟਰੀ ਬਣਨ ਦੇ ਲਾਇਕ ਹਾਂ । ਕਾਫੀ ਸਕੂਲ ਤੇ ਪੁਸਤਕਾਂ ਪੜ੍ਹ ਚੁੱਕਾ ਸਾਂ ।

ਗੱਲ ਤਾਂ ਹੋਰ ਨਿਕਲੀ । ਕਾ: ਟਪਿਆਲੇ ਨੇ ਘਣੀਏ ਕੇ ਬਾਂਗਰ ਪਿੰਡ ਦੇ ਇਕ ਖੂਹ ਉਤੇ ਜਿਲ੍ਹਾ ਕੌਂਸਲ ਮੀਟਿੰਗ ਸੱਦੀ । ਇਕ ਪਾਰਟੀ ਸਰਕੁਲਰ ਸੈਂਟਰ ਦਾ ਆਇਆ ਸੀ । ਉਹ ਮੈਥੋਂ ਪੜ੍ਹਵਾਇਆ । ਆਪ ਵਿਆਖਿਆ ਕੀਤੀ । ਚੋਣ ਸ਼ੁਰੂ ਹੋਈ । ਬਿਸ਼ਨ ਸਿੰਘ ਪੱਕਾ ਸੈਕਟਰੀ ਚੁਣ ਲਿਆ ਗਿਆ । ਇਹ ਵੀ ਫ਼ੈਸਲਾ ਹੋਇਆ ਕਿ ਰਾਹੀ ਨੂੰ ਤੀਹ ਰੁਪਏ ਵੇਜ਼ ਦਿੱਤੀ ਜਾਏ । ਇਸ ਮੀਟਿੰਗ ਵਿਚ ਹਿੱਕ ਜ਼ੋਰੀ ਦੀ ਟਪਿਆਲੇ ਆਸਰੇ ਚੌਧਰ ਡੇਰ ਗਵਾਰ ਦੀ ਸੀ । ਜਾਪਦਾ ਟਪਿਆਲੇ ਦੀ ਇਹ ਸਟੇਟ ਹੈ । ਸਭ ਨੂੰ ਘੂਰ ਕੇ ਰੱਖਣ ਵਾਲੀ । ਕੁਝ ਕਾਮਰੇਡਾਂ ਚੂੰ ਚੂੰ ਕੀਤੀ ਪਰ ਵੋਟਾਂ ਬਿਸ਼ਨ ਸਿੰਘ ਵੱਲ ਸਨ । ਟਪਿਆਲੇ ਨੇ ਇੰਜ ਹੀ ਚਾਹੀਆ ਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਮਰੇਡ ਟਪਿਆਲੇ ਨੇ ਮਫ਼ਰੂਰੀ ਵਿਚ ਜ਼ਿਲ੍ਹੇ ਵਿਚ ਬੜੇ ਅੱਡੇ ਬਣਾਏ ਸਨ। ਘਣੀਏ ਬਾਂਗਰ ਵਿਚ ਮਾਸਟਰਾਂ ਦਾ ਨਰੋਇਆ ਸਿੱਲ ਸੀ। ਅੱਠ ਦੱਸ ਵਿਚਕਾਰਲੇ ਮੇਲ ਦੇ ਕਿਸਾਨਾਂ ਦੇ ਅੱਡੇ ਸਨ। ਬਟਾਲੇ ਪ੍ਰੀਤਮ ਸਿੰਘ ਬਾਜਵਾ ਵਕੀਲ ਸੀ। ਇਕ ਗੁਰਦਾਸਪੁਰ ਵਕੀਲ ਅੱਡਾ। ਚਾਰ ਕੁ ਡਾਕਟਰਾਂ ਦੇ ਅੱਡੇ ਸਨ। ਜਿਥੇ ਟਪਿਆਲਾ ਜਾਂਦਾ, ਰਾਤ ਕੱਟਦਾ ਮਗਜ਼ ਪੱਚੀ ਕਰਦਾ ਪਾਰਟੀ ਦਾ ਅੱਡਾ ਬਣਾ ਦਿੰਦਾ। ਬੋਲਚਾਲ ਵਿਚ ਗੂੜ੍ਹੀ ਅੰਗਰੇਜ਼ੀ ਮਾਰ ਕੇ ਬੁੱਧੀ-ਜੀਵੀਆਂ ਨੂੰ ਘੇਰ ਲੈਂਦਾ। ਇਹ ਅੱਡੇ ਮੇਰੇ ਵੀ ਬਹੁਤ ਕੰਮ ਆਉਂਦੇ। ਮੈਨੂੰ ਪਸੰਦ ਕਰਦੇ। ਜਦ ਉਹਨਾਂ ਥਾਵਾਂ ਤੇ ਮੈਂ ਤੇ ਟਪਿਆਲਾ ਇਕੱਠੇ ਹੁੰਦੇ, ਟਪਿਆਲਾ ਕਹਿੰਦਾ — ਵੇਖੋ ਕਾਮਰੇਡ ਇਸ ਸਾਥੀ ਰਾਹੀ ਨੂੰ, ਬਿਲਕੁਲ ਅਨਪੜ੍ਹ ਹੈ ਫਿਰ ਵੀ ਚੰਗਾ ਸ਼ਾਇਰ ਹੈ। ਸਿਆਣਾ ਹੈ।......ਇਹਨਾਂ ਲਫ਼ਜ਼ਾਂ ਨਾਲ ਮੇਰੀ ਝੰਡ ਵੀ ਲੱਥ ਜਾਂਦੀ। ਜਿਹੜੀ ਮੈਂ ਪੰਜਾਬੀ, ਹਿੰਦੀ, ਉਰਦੂ ਜਾਣਦਾ ਸਾਂ ਸਭ ਤੇ ਪੋਚਾ ਫਿਰ ਜਾਂਦਾ। ਮੈਂ ਫਿਰ ਵੀ ਆਪਣਾ ਅਸਰ ਛਡਣੋਂ ਬਾਜ਼ ਨਾ ਆਉਂਦਾ। ਪੜ੍ਹਿਆਂ ਲਿਖਿਆਂ ਨਾਲ ਮੇਰਾ ਜੁਟ ਬਣ ਜਾਂਦਾ। ਮਖੌਲ ਮੈਂ ਆਪ ਤੋਰ ਲੈਂਦਾ। ਆਸ਼ਕੀਆਂ ਦੇ ਚਰਚੇ ਹੁੰਦੇ। ਸਾਹਿਤ ਅਤੇ ਸਾਹਿਤਕ ਕਵਿਤਾਵਾਂ ਦੇ ਬੋਲ ਚਲਦੇ। ਨਾਵਲਾਂ, ਕਹਾਣੀਆਂ ਦੇ ਚਰਚੇ ਹੁੰਦੇ। ਉਹ ਮੇਰੇ ਹਾਣ ਦੇ ਬਣ ਜਾਂਦੇ। ਲਾਹੌਰ ਵਾਲੇ ਰੇਸਿੰਗ ਸਾਈਕਲ ਨੂੰ ਇਕ ਕਾਰਖ਼ਾਨੇਦਾਰ ਰਿਸ਼ਤੇਦਾਰ ਨੇ ਠੀਕ ਕਰਾ ਦਿੱਤਾ। ਬਰੇਕ, ਟਾਇਰ, ਨੀਵਾਂ ਹੈਂਡਲ, ਵਿਚਲੀ ਵੱਡੀ ਗਰਾਰੀ।

ਕਾਂਗਰਸੀ ਹਕੂਮਤ ਨੇ ਸਾਰੇ ਕਾਮਰੇਡ ਰਿਹਾ ਕਰ ਦਿੱਤੇ। ਮਫ਼ਰੂਰੀਆਂ ਵੀ ਖ਼ਤਮ ਹੋ ਗਈਆਂ। ਇਕ ਵੱਡਾ ਇਕੱਠ ਅੰਮ੍ਰਿਤਸਰ ਵਿਚ ਹੋਇਆ। ਬੜਾ ਲੰਮਾ ਚੌੜਾ ਜਲ੍ਹਿਆਂ ਵਾਲੇ ਬਾਗ ਰਾਤ ਨੂੰ ਜਲਸਾ ਹੋਇਆ। ਟਪਿਆਲਾ ਵੀ ਬਾਹਵਾਂ ਖਲਾਰ ਖਲਾਰ ਖ਼ੁਸ਼ੀ ਤੇ ਸ਼ੇਖੀ ਵਿਚ ਇੰਜ ਬੋਲਿਆ, 'ਤਕਰੀਰ ਦੀ ਜੜ੍ਹ ਮਾਰ ਕੇ ਰੱਖ ਦਿੱਤੀ।' ਹੋਰ ਵੀ ਮਫ਼ਰੂਰ ਸਾਥੀ ਬੋਲੇ। ਲੀਡਰ ਬੋਲੇ। ਚੰਗੀ ਰੌਣਕ ਹੋਈ।

ਪਿੰਡ ਫਜ਼ਲਾਬਾਦ ਦਾ ਬੜਾ ਮਜ਼ਬੂਤ ਸਿੱਲ ਸੀ। ਦਰਮਿਆਨੇ ਕਿਸਾਨਾਂ ਦਾ। ਸਾਰੇ ਪੜ੍ਹੇ ਲਿਖੇ ਹੋਏ। ਮਿਹਨਤੀ ਖਾਂਦੇ ਪੀਂਦੇ। ਇਥੇ ਜਿਲ੍ਹੇ ਦੀ ਪਾਰਟੀ ਕਾਨਫਰੰਸ ਰੱਖ ਦਿੱਤੀ। ਸਾਰਾ ਜਿਲ੍ਹਾ ਇਕੱਠਾ ਹੋ ਕੇ ਉਗਰਾਹੀ ਉਤੇ ਲੱਗ ਗਿਆ। ਟਪਿਆਲਾ ਚੌਕੜੀ ਮਾਰ ਕੇ ਬਹਿ ਪਿਆ। ਉਤਸ਼ਾਹ ਦਈ ਜਾਏ। ਕਾਮਰੇਡ ਤੇ ਲੋਕ ਉਸ ਤੋਂ ਸਿੱਖਿਆ ਲੈ ਕੇ ਲੱਗੇ ਰਹਿਣ। ਮੇਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਡਿਊਟੀ ਡਰਾਮੇ ਉਤੇ ਲੱਗੀ। ਮੈਂ ਤਿੰਨ ਦਿਨ ਲਾ ਕੇ ਪਾਰਟੀ ਲਾਈਨ ਉਤੇ ਡਰਾਮਾ ਲਿਖਿਆ। ਗੀਤ ਲਿਖੇ। ਨਾਂ ਸੀ 'ਤਿਕੜੀ' ਖੇਤ ਮਜ਼ਦੂਰ ਗਰੀਬ ਜੱਟ। ਦਰਮਿਆਨਾ ਜੱਟ। ਇਹ ਸਨ ਜਿਸ ਦੁਆਲੇ ਡਰਾਮਾ ਘੁੰਮਦਾ ਸੀ। ਬਾਰਾਂ ਕੁ ਪਾਤਰ ਸਨ। ਮੇਰੀ ਵੱਡੀ ਲੜਕੀ ਸੁਖਬੀਰ ਖੇਤ ਮਜ਼ਦੂਰ ਦਾ ਪਾਰਟ ਕਰਦੀ ਸੀ। ਵੀਹ ਦਿਨ ਰਿਹਸਲ ਕਰਾਈ। ਹੋਰ ਕੋਈ ਆਪਣੇ ਗੀਤ ਗਾਉਂਦਾ ਸੀ। ਪਿੰਡ ਦੇ ਲੋਕ ਜ਼ਨਾਨੀਆਂ ਸਾਨੂੰ ਰਿਹਸਲ ਕਰਦਿਆਂ ਕੋਠਿਆਂ ਤੇ ਚੜ੍ਹ ਕੇ ਵੇਖਦੇ। ਮੈਂ ਆਪਣੀ ਬੁਧ ਅਨੁਸਾਰ ਅਦਾਕਾਰੀ ਦਸਦਾ। ਤਿੰਨ ਜ਼ਨਾਨੇ ਪਾਰਟ ਸਨ।

ਦੋ ਦਿਨ ਕਾਨਫ਼ਰੰਸ ਸੀ। ਬਹੁਤ ਦੁਨੀਆਂ ਇਕੱਠੀ ਹੋਈ। ਤੰਬੂ ਕਨਾਤਾਂ ਅੰਮ੍ਰਿਤਸਰੋਂ ਆਂਦੀਆਂ। ਲੰਗਰ ਵੀ ਲਾਇਆ। ਵੱਡਾ ਇਸ਼ਤਿਹਾਰ ਛਪਵਾਇਆ। ਸਾਰੇ ਜਿਲ੍ਹੇ ਦੇ ਸਾਥੀ ਹਮਦਰਦ ਤੇ ਹੋਰ ਟਪਿਆਲੇ ਦੇ ਉਪਾਸਕ ਵੀ ਆਏ। ਬੁਨਿਆਦੀ ਤੌਰ ਉਤੇ ਇਕੱਠ ਦਾ ਸਿਹਰਾ ਕਾ: ਟਪਿਆਲੇ ਦੇ ਸਿਰ ਸੀ। ਦਿਨੇ ਕਾਨਫ਼ਰੰਸ ਹੋਈ। ਸੱਤ ਅੱਠ ਗੈਸਟ ਸਨ ਸਟੇਜ ਉਤੇ। ਲੋਕਾਂ ਵਿਚ ਵੀ ਢਾਂਗੇ ਗੱਡ ਕੇ ਗੈਸ ਲਏ ਹੋਏ ਸੀ। ਬੜੇ ਵਧੀਆ ਮਾਇਕ ਤੇ ਹਾਰਨ। ਲਾਊਡ ਸਪੀਕਰਾਂ ਨਾਲ ਢੰਡੋਰਾ ਵੀ ਫੇਰਿਆ ਸੀ। ਡਰਾਮੇ ਵਿਚ ਸਾਰੇ ਸਾਥੀ ਲਗਭਗ ਫਜ਼ਲਾਬਾਦ ਦੇ ਸਨ। ਇਕ ਬਹੁਤ ਚੰਗਾ ਗਾਉਂਦਾ ਸੀ। ਕਾ: ਹਰਭਜਨ ਸਿੰਘ ਬਾਕੀ ਕਿਰਪਾਲ ਸਿੰਘ, ਬਲਜੀਤ ਸਿੰਘ ਤੇ ਹੋਰ। ਢਾਈ ਘੰਟੇ ਡਰਾਮਾ ਚਲਿਆ। ਚੁੱਪਚਾਪ ਇੰਜ, ਸੂਈ ਡਿਗਿਆਂ ਆਵਾਜ਼ ਆ ਜਾਂਦੀ। ਹਾਸੇ ਉਤੇ ਹੱਸਦੇ, ਫਿਰ ਚੁੱਪ। ਵਾਹ ਵਾਹ ਦੀਆਂ ਆਵਾਜ਼ਾਂ ਆਉਂਦੀਆਂ ਫਿਰ ਚੁੱਪ।

ਡਰਾਮਾ ਖ਼ਤਮ ਹੋਇਆ। ਟਪਿਆਲੇ ਨੇ ਲੋਕਾਂ ਦਾ ਧੰਨਵਾਦ ਕੀਤਾ। ਮੇਰੀ ਬੜੀ ਤਾਰੀਫ ਕੀਤੀ — ਆਖਿਆ ਇਹ ਸਾਡਾ ਉਸਤਾਦ ਹੈ ਕਾਮਰੇਡ ਰਾਹੀ।......ਉਸ ਸਮੇਂ ਤੋਂ ਮੇਰਾ ਇਕ ਨਾਂ ਉਸਤਾਦ ਵੀ ਪੈ ਗਿਆ। ਟਪਿਆਲਾ ਹੁਣ ਮਾਰਕਸੀ ਪਾਰਟੀ ਵਿਚ ਹੈ ਜੇ ਮਿਲੇ ਤਾਂ ਹੁਣ ਵੀ ਉਸਤਾਦ ਕਹੇਗਾ।......ਉਹੋ ਜਿਹੀ ਰੌਣਕ ਅਤੇ ਕਾਨਫ਼ਰੰਸ ਮੁੜ ਕੇ ਕਦੇ ਵੀ ਜਿਲ੍ਹੇ ਗੁਰਦਾਸਪੁਰ ਵਿਚ ਅਜੇ ਤੱਕ ਨਹੀਂ ਹੋਈ।

ਮੈਂ ਕਈ ਵਾਰੀ ਸੋਚਦਾ ਹਾਂ ਕਿ ਜੇ ਕਾ: ਦਲੀਪ ਸਿੰਘ ਟਪਿਆਲਾ ਨੂੰ ਪੜ੍ਹਨ ਦੀ ਲਗਨ ਵੀ ਹੁੰਦੀ ਤਾਂ ਉਹ ਹੋਰ ਵੀ ਬਹੁਤ ਕਾਮਰੇਡ ਹੁੰਦਾ। ਤਕਰੀਰ ਕਰਨ ਵਿਚ ਜਾਦੂਬਿਆਂ ਤੇ ਹੈ ਈ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਰਟੀ ਨੇ ਪੰਜਾਬ ਅਸੈਂਬਲੀ ਦੀ ਅਲੈਕਸ਼ਨ ਲੜਨ ਦੀ ਖੜੀ ਤਿਆਰੀ ਕੀਤੀ ਹੋਈ ਸੀ। ਅਤੇ ਕਰ ਰਹੀ ਸੀ। ਅਲੈਕਸ਼ਨਾਂ ਆ ਗਈਆਂ। ਅਸੀਂ ਜਿਲ੍ਹਾ ਮੋਹਰੀ ਕਾਮਰੇਡ ਬ ਬੇ ਅਰਜਨ ਸਿੰਘ ਮਾੜੀ ਦੇ ਹਲਕੇ ਵਿਚ ਗਏ। ਕਾ: ਟਪਿਆਲੇ ਨੇ ਵੀ ਬੜੇ ਫ਼ਖ਼ਰ ਨਾਲ ਸਾਨੂੰ ਘੱਲਿਆ। ਉਸ ਦਾ ਅਸਰ ਤੇ ਮਹੱਤੀ ਏਨੀ ਭਾਰੂ ਸੀ ਕਿ ਉਹ ਖ਼ੁਦਾਵੰਦ ਮਸੀਹ ਤੇ ਜਿਲ੍ਹੇ ਦੇ ਸਾਥੀ ਸਾਰੇ ਉਹਦੀਆਂ ਭੇਡਾਂ। ਜਿਧਰ ਹਿੱਕਦਾ ਤੁਰ ਪੈਂਦੀਆਂ। ਹਿੱਕਦਾ ਉਹ ਜਜ਼ਬਾਤਾਂ ਨਾਲ। ਪਾਰਟੀ ਪਾਲਸੀ ਕਈ ਵਾਰ ਉਸ ਦਿਆਂ ਜਜ਼ਬਾਤਾਂ ਦਾ ਸ਼ਿਕਾਰ ਹੋ ਜਾਂਦੀ। ਲੋਕ ਤਾੜੀਆਂ ਮਾਰ ਉਠਦੇ। ਮੈਂ ਉਹਦੀਆਂ ਭੇਡਾਂ ਵਿਚ ਐਸਾ ਕੁਰੱਖਤ ਭੇਡੂ ਸਾਂ ਜਿਹੜਾ ਸਿੰਗ ਅੜਾਈ ਕਰਦਾ ਅਤੇ ਚੋਭਾਂ ਖਾ ਕੇ ਸਾਰਿਆਂ ਨਾਲ ਤੁਰ ਪੈਂਦਾ।

ਬੜੇ ਜ਼ੋਰ ਸ਼ੋਰ ਦੀ ਅਲੈਕਸ਼ਨ ਸੀ। ਸਿਆਲ ਦੀ ਰੁੱਤ। ਖੇਮਕਰਨ ਵੀ ਵਿਚ ਆਉਂਦਾ ਸੀ। ਬਾਬੇ ਮਾੜੀ ਦੇ ਯਾਰ ਮਿੱਤਰ ਰਿਸ਼ਤੇਦਾਰ ਸਾਨੂੰ ਝੱਲਦੇ। ਉਹਦੇ ਯਾਰ ਸਾਨੂੰ ਰਾਤ ਰੱਖਦੇ ਨਾਲੇ ਬਾਬੇ ਦੀਆਂ ਜਵਾਨੀ ਦੀਆਂ ਕਾਰਸਤਾਨੀਆਂ ਦਸਦੇ। ਹੁਣ ਦੇ ਬਾਬੇ ਤੇ ਹੈਰਾਨ ਹੋ ਕੇ ਕਮਿਊਨਿਸਟ ਪਾਰਟੀ ਦੀ ਸਿਫ਼ਤ ਕਰਦੇ। ਇਕ ਨਹਿਰ ਸੀ। ਪਾਰਲੇ ਪਾਸਿਉਂ ਲਾਹੌਰ ਜਾਂਦੀ ਅਗਇਉਂ ਸਿੱਧੀ ਫ਼ਿਰੋਜ਼ਪੁਰ ਨੂੰ। ਉਥੇ ਜਲਸਾ ਹੋਇਆ ਕਾ: ਲੂੰਬਾ ਸੀ ਹੋਰ ਦੋ ਕਾਮਰੇਡ ਗਰੈਜੂਏਟ ਤੇ ਸਿਆਣੇ। ਮੈਂ ਸਟੇਜ ਸੈਕਟਰੀ। ਜਦ ਉਠ ਕੇ ਬੋਲਣ ਲੱਗਾ ਜਿਉਂ ਬਕੜ ਵਾਹ ਕਰਨ ਲੱਗਾ ਸਵਾ-ਘੰਟਾ ਲੈ ਲਿਆ। ਫਿਰ ਕੀ ਸੀ। ਜਲਸਾ ਖ਼ਤਮ ਹੋ ਗਿਆ, ਹੋਰ ਕਿਸੇ ਕੀ ਬੋਲਣਾ ਸੀ। ਕਾਮਰੇਡਾਂ ਗੁੱਝੀ ਗੁੱਝੀ ਮੇਰੀ ਫਿਟ ਲਾਹਨਤ ਵੀ ਕੀਤੀ। ਮੈਂ ਵੀ ਆਪਣੇ ਆਪ ਉਤੇ ਲਾਹਨਤ ਘੱਲੀ। ਉਹਲੇ ਹੋ ਕੇ ਇਕ ਚਪੇੜ ਵੀ ਆਪਣੇ ਮੂੰਹ ਉਤੇ ਮਾਰੀ।

ਪਰਾਪੇਗੰਡਾ ਕਰਦੇ ਅਸੀਂ ਇਕ ਕਾਮਰੇਡ ਦੇ ਘਰ ਚਲੇ ਗਏ। ਉਹ ਪਿੰਡ ਖੇਮਕਰਨ ਦੇ ਨੇੜੇ ਸੀ। ਲੋਢਾ ਵੇਲਾ ਸੀ। ਘਰ ਦੀ ਸਵਾਣੀ ਨੇ ਇਤਨੇ ਸ਼ਾਨਦਾਰ ਮਿੱਟੀ ਦੇ ਕੰਮ ਕੀਤੇ ਹੋਏ ਸਨ ਕਿ ਵੇਖ ਕੇ ਹੈਰਾਨ ਰਹਿ ਜਾਣ ਵਾਲੇ ਸਨ। ਭੜੋਲਾ ਕਮਾਲ। ਚੋਕਾਂ ਤੇ ਉਸ ਦੀ ਕੰਧ ਕਿੰਗਰਿਆਂ ਵਾਲੀ ਕਮਾਲ। ਨਿੱਕੇ ਕੱਦ ਦੇ ਇਕ ਜ਼ਨਾਨੀ ਤੇ ਮਰਦ ਬਣਾਏ ਹੋਏ ਕਮਾਲ। ਉਹ ਸਵਾਣੀ ਉਦਾਸ। ਅਸਾਂ ਪੁੱਛਿਆ, "ਬੀਬੀ ਕੀ ਗੱਲ ਹੈ ?" ਉਹ ਨਾ ਬੋਲੀ। ਉਸ ਲਾਗਿਓਂ ਇਕ ਹੋਰ ਜਣੀ ਨੇ ਦੱਸਿਆ — ਤੁਹਾਡੇ ਕਾਮਰੇਡ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬੜਾ ਮਾਰਿਆ ਹੈ ।...... ਮੈਂ ਤ੍ਰਿਬਕਿਆ ਕਾਮਰੇਡ ਨੇ ਮਾਰਿਆ । ਪਾਰਟੀ ਵਿਚ ਤੇ ਇਹ ਇਜਾਜ਼ਤ ਨਹੀਂ । ਉਸ ਬੀਬੀ ਤੋਂ ਪੁੱਛਿਆ — ਨਿੱਕੀ ਭੈਣ ਕਿਉਂ ਮਾਰਿਆ ਹੈ ?...... ਉਸ ਨੀਵੀਂ ਨਜ਼ਰੇ ਆਖਿਆ — ਕੋਈ ਪਹਿਲੀ ਵਾਰੀ ਹੈ ਭਰਾ ਜੀ, ਕਈ ਵਾਰੀ ਮਾਰਦਾ ਹੈ ।...... ਕਹਿ ਕੇ ਉਹ ਉਠ ਬੈਠੀ, ਰੋਟੀ ਪਾਣੀ ਪਕਾਇਆ । ਅਸਾਂ ਖਾਧਾ । ਉਹਨਾਂ ਦੇ ਤਿੰਨ ਬੱਚੇ ਵੀ ਸਨ । ਧਨੀ ਕਿਸਾਨ ਸੀ ਉਹ ਕਾਮਰੇਡ ।

ਪੋਲਿੰਗ ਸਮੇਂ ਮੈਂ ਬਾਬੇ ਮਾੜੀ ਨਾਲ ਰਿਹਾ । ਦੋਵੇਂ ਸਾਈਕਲ ਤੇ ਸਾਂ । ਸੋਸ਼ਲਿਸਟ ਪਾਰਟੀ ਵਲੋਂ ਮਰਿਗਿੰਦ ਪੁਰੀ ਸੀ । ਆਜ਼ਾਦ ਹਿੰਦ ਫ਼ੌਜ ਦਾ ਢਿੱਲੋਂ ਉਤਲੀ ਤੇ ਥੱਲੇ ਦੀ ਸੀਟ ਤੇ ਖਲੋਤਾ ਹੋਇਆ ਸੀ ।...... ਮੈਂ, ਬਾਬਾ, ਜਦ ਪੋਲਿੰਗ ਖ਼ਤਮ ਹੋ ਜਾਂਦਾ ਹਿਸਾਬ ਲਾਉਂਦੇ । ਇਸ ਤਰ੍ਹਾਂ ਜੋੜ ਮੇਲ ਕਰਦੇ ਕਿ ਜਿਵੇਂ ਅਸਾਂ ਜਿੱਤ ਜਾਣਾ ਹੋਵੇ । ਉਦੋਂ ਵੋਟਾਂ ਤਿੰਨ ਤਿੰਨ ਚਾਰ ਚਾਰ ਦਿਨ ਪੈਂਦੀਆਂ ਰਹਿੰਦੀਆਂ ਸਨ । ਮੈਂ ਕੈਂਪ ਲਾ ਕੇ ਇਸ਼ਤਿਹਾਰਾਂ ਦਾ ਖਲਾਰ ਪਾ ਦੇਣਾ । ਤਿੰਨ ਚਾਰ ਸਾਥੀ ਹੋਰ ਮਿਲ ਪੈਣੇ । ਵੋਟਾਂ ਵੀ ਕੱਟਦਾ ਦੂਜੇ ਨਾਲ ਨਾਲ ਵੋਟਰਾਂ ਦੇ ਜਾਂਦੇ । ਬਾਕੀ ਹੋਰ ਹੋਰ ਥਾਂ ਹੁੰਦੇ । ਆਖ਼ਰੀ ਦਿਨ ਪਤਾ ਨਹੀਂ ਕਿੱਥੇ ਰਹੇ ਸਾਂ । ਉਸ ਥਾਂ ਸਾਰੇ ਗੁਰਦਾਸਪੁਰੀਏ ਇਕੱਠੇ ਹੋ ਗਏ । ਕਿਰਾਇਆ ਮਿਲ ਗਿਆ । ਆਪਣੇ ਘੁਰਨਿਆਂ ਵਿਚ ਅੱਪੜ ਗਏ । ਬਾਬਾ ਮਾੜੀ ਹਾਰ ਗਿਆ ਸੀ । ਇਹ ਤਿੱਕੜੀ ਹਾਰ ਗਿਆ ਸੀ । ਇਹ ਤਿੱਕੜੀ ਡਰਾਮਾ ਸਾਰੇ ਜਿਲ੍ਹੇ ਵਿਚ ਕੁਝ ਅੰਮ੍ਰਿਤਸਰ ਵਿਚ ਵੀ ਖੇਡਿਆ ਗਿਆ । ਡੇਰੇ ਬਾਬੇ ਨਾਨਕ ਦਾ ਇਕ ਬੇਦੀ ਮਹਿੰਦਰ ਸਿੰਘ ਲੰਙਾ ਡਰਾਮੇ ਵਿਚ ਆਮ ਪਾਰਟ ਕਰਦਾ ਸੀ । ਇਕ ਉਜੜੇ ਬੇਦੀ ਘਰਾਨੇ ਦਾ ਸੀ । ਚੰਗੀ ਮੁਹੱਰਰੀ ਛੱਡ ਕੇ ਪਾਰਟੀ ਨਾਲ ਆ ਗਿਆ ਸੀ, ਸਾਡੇ ਘਰ ਨਾਲ ਸਬੰਧ ਜ਼ਿਆਦਾ ਸੀ । ਹੋਰ ਡੇਰੇ ਉਸ ਦਾ ਹੈ ਕੋਈ ਨਹੀਂ ਸੀ । ਬੇਦੀ ਅੰਮੀਸ਼ਾਹੀਆਂ ਦੇ ਘਰ ਪਲਿਆ ਸੀ ਬਹੁਤਾ ।

ਆਲਮੀ ਅਮਨ ਦੀ ਤਰੀਕ ਜ਼ੋਰਾਂ ਤੇ ਸ਼ੁਰੂ ਹੋਈ । ਜਿਲ੍ਹਾ ਕਮੇਟੀ ਵਿਚ ਸਲਾਹ ਹੋਈ ਇਕ ਡਰਾਮਾ ਲਿਖਿਆ ਜਾਏ । ਮੈਂ ਕੁਝ ਦਿਨ ਲਾ ਕੇ ਅੰਗਰੇਜ਼ ਵੇਲੇ ਕਿਸ ਤਰ੍ਹਾਂ ਭਰਤੀ ਹੁੰਦੀ ਸੀ ਅਤੇ ਕਿਸਾਨ ਬਰਬਾਦ ਹੁੰਦਾ ਸੀ, ਇਹ ਡਰਾਮੇ ਦੀ ਚੂਲ ਸੀ, ਲਿਖਿਆ ।

ਡੇਰੇ ਬਾਬੇ ਨਾਨਕ ਗੁਰੂ ਨਾਨਕ ਦੇ ਚੋਲੇ ਦਾ ਮੇਲਾ ਲਗਦਾ ਹੈ ਚਾਰ ਪੰਜ ਮਾਰਚ ਨੂੰ । ਦਿਨੇ ਸਾਡਾ ਜਲਸਾ । ਰਾਤ ਗੀਤ ਤੇ ਲੀਡਰਾਂ ਦੀਆਂ ਤਕਰੀਰਾਂ ।
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਰੇ ਕੋਲ ਸਟੇਜ ਸੀ । ਕਾ: ਦਲੀਪ ਸਿੰਘ ਢਾਂਡਾ ਬੜਾ ਹੋਸ਼ ਮੰਦ ਅਤੇ ਹੌਸਲੇ ਵਾਲਾ ਸਾਥੀ ਸੀ । ਫਤੇਹਗੜ੍ਹ ਚੂੜੀਆਂ ਲਾਗੇ ਪਿੰਡ ਹੈ ਢਾਂਡਾ, ਉਥੋਂ ਦਾ । ਉਸ ਨੇ ਸਟੇਜ ਉਤੇ ਮੈਨੂੰ ਕਿਹਾ — ਇਕ ਨਵਾਂ ਸਾਥੀ ਕਮਾਲ ਦਾ ਗਾਉਂਦਾ ਹੈ ਉਸ ਨੂੰ ਟਾਈਮ ਦੇ ।...... ਮੈਂ ਕਿਹਾ — ਖੌਰਿਆ ਕਿਹੋ ਜਿਹਾ ਹੈ । ਸਟੇਜ ਵਿਗੜੇਗਾ ।...... ਪਰ ਕਾਮਰੇਡ ਨੇ ਜ਼ਿੱਦ ਕੀਤੀ । ਮੈਂ ਮੰਨ ਲਿਆ । ਅਨਾਊਂਸ ਕੀਤਾ, ਹੁਣ ਇਕ ਸਾਥੀ ਅਮਰਜੀਤ ਸਿੰਘ ਗੀਤ ਸੁਣਾਏਗਾ । ਉਹ ਖ਼ੂਬਸੂਰਤ ਜੱਟ ਗਭਰੂ ਬੜੇ ਤਹੱਮਲ ਨਾਲ ਸਟੇਜੇ ਚੜ੍ਹਿਆ । ਮਾਈਕ ਸਾਹਮਣੇ ਗੀਤ ਸ਼ੁਰੂ ਕੀਤਾ, ਗਾਇਆ ਲੰਮੀਆਂ ਹੇਕਾਂ ਲਾਈਆਂ ਮੇਰੇ ਸਣੇ ਲੋਕਾਂ ਤੇ ਸਾਥੀਆਂ ਨੂੰ ਹੈਰਾਨ ਤੇ ਖ਼ੁਸ਼ ਕਰ ਦਿੱਤਾ । ਮੈਂ ਉਸ ਨੂੰ ਘੁੱਟ ਕੇ ਜੱਫੀ ਪਾ ਲਈ । (ਜਿਹੜੀ ਹੁਣ ਤਕ ਪਈ ਹੋਈ ਹੈ) ਉਸ ਦਾ ਨਾਂ ਅਸੀਂ ਅਮਰਜੀਤ ਸਿੰਘ ਗੁਰਦਾਸਪੁਰੀ ਰੱਖ ਦਿੱਤਾ । ਉਸ ਦਾ ਇਕ ਮਿੱਤਰ ਸੀ ਪਿੰਡ ਸ਼ਿਕਾਰ ਦਾ ਦਲੀਪ ਸਿੰਘ । ਲੰਮਾਂ ਚੌੜਾ ਫੁੱਲ ਬਣਿਆ ਰਹਿੰਦਾ ਆਵਾਜ਼ ਮਿੱਠੀ ਉੱਚੀ ਲੰਮੀ । ਖਾਂਦੇ ਪੀਂਦੇ ਜੱਟਾਂ ਦਾ ਗਭਰੂ । ਇਹ ਜੋੜੀ ਪਾਰਟੀ ਲਈ ਸਾਨੂੰ ਸਮੇਂ ਨੇ ਬਖ਼ਸ਼ੀ ।

ਘਣੀਏ ਬਾਂਗਰ ਅਮਨ ਦਾ ਡਰਾਮਾ ਤਿਆਰ ਹੋਇਆ । ਮੈਂ ਡਰਾਮੇ ਵੇਖੇ ਸਨ, ਸਮਝੇ ਹੋਏ ਸਨ । ਪੜ੍ਹਿਆ ਇਹਨਾਂ ਬਾਰੇ ਕੁਝ ਨਹੀਂ ਸੀ । ਇਹੋ ਸੋਚ ਹੁੰਦੀ ਲੋਕਾਂ ਵਿਚ ਕਿਵੇਂ ਮਕਬੂਲ ਹੋਣ । ਲੋਕੀਂ ਅੱਕ ਨਾ ਜਾਣ । ਡੱਟ ਕੇ ਸੁਣਨ । ਲੋਕਾਂ ਵਲ ਪਾਤਰਾਂ ਦੀ ਪਿੱਠ ਨਾ ਹੋਏ ਜਾਂ ਕੋਈ ਐਸੀ ਹਰਕਤ ਨਾ ਹੋਏ ਜਿਹੜੀ ਭੈੜੀ ਲੱਗੇ । ਡਰਾਮੇ ਵਿਚ ਲਿਖੇ ਪਾਤਰਾਂ ਦੇ ਸੁਭਾਅ ਅਨੁਸਾਰ ਪਾਤਰ ਲੱਭੇ । ਜੀਤੋ ਨਵੀਂ ਸੱਜਰ ਵਹੁਟੀ । ਇਹ ਮੇਰੀ ਪਤਨੀ ਦੀ ਭੂਆ ਦਾ ਪੁੱਤਰ ਭਰਾ ਸੀ । ਦੋ ਗੁੱਤਾਂ ਕਰਦਾ ਕੋਈ ਨਹੀਂ ਸੀ ਕਹਿ ਸਕਦਾ ਕਿ ਇਹ ਮੁੰਡਾ ਹੈ । ਬੋਲੀ ਕੁੜੀਆਂ ਜਿਹੀ । ਜੱਟ ਦੀ ਵਹੁਟੀ ਇਕ ਲੰਮਾ ਮੁੰਡਾ ਸੀ । ਬਿਲਕੁਲ ਜ਼ਨਾਨੀਆਂ ਵਰਗਾ । ਬੋਲਚਾਲ ਵੀ । ਜੱਟ ਮੈਂ । ਹੀਰੋ ਜੱਟ ਦਾ ਮੁੰਡਾ ਅਮਰਜੀਤ ਇਕ ਰਿਆਲੀ ਦਾ ਖਤਰੀ ਸੀ ਲੰਮਾ ਗੋਰਾ ਉਹ ਅੰਗਰੇਜ਼ । ਬੇਦੀ ਲੰਡਾ ਇਸ ਤਰ੍ਹਾਂ ਮੈਂ ਚੋਣ ਕੀਤੀ । ਸਾਰਿਆਂ ਨੂੰ ਡਰਾਮਾ ਸੁਣਾਇਆ ਪਾਰਟ ਵੰਡੇ । ਸ਼ਾਹ ਕਾ: ਬਲਜੀਤ ਬਟਾਲਿਉਂ ਬਿਜਲੀ ਦੀ ਮੋਟਰ ਅਤੇ ਤੇਲ ਵਾਲਾ ਇੰਜਣ ਲਿਆਉਂਦਾ । ਸਟੇਜ ਉਤੇ ਬਲਬ ਲਾਏ । ਲੋਕਾਂ ਵਿਚ ਲਾਏ । ਦਿਨ ਦੇ ਜਲਸੇ ਵਿਚ ਕਾ: ਅੱਛਰ ਸਿੰਘ ਛੀਨਾ ਆਇਆ ਸੀ । ਉਹ ਰਾਤ ਰਿਹਾ । ਪਿੰਡ ਬਹੁਤ ਵੱਡਾ ਸੀ, ਸਾਰਾ ਆਇਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਾਗੋਂ ਚਾਗੋਂ ਵੀ ਆਏ । ਇਕ ਗੀਤ ਅਮਨ ਉਤੇ ਚਿੱਤਰਕਾਰ ਦਾ ਸੀ। ਇਕ ਜੈਪਾਲ ਦਰਸ਼ਨ ਦਾ । ਉਹ ਜਵਾਨੀ ਵਿਚ ਮਰ ਗਿਆ । ਗੀਤ ਦੇ ਬੋਲ ਯਾਦ ਸਨ : "ਵੱਢ ਵੱਢ ਖਾਂਦੀ ਜਾਏ ਸੱਜਣ ਦੀ ਯਾਦ ਪੁਰਾਣੀ, ਦਿਨ ਆਉਣੇ ਜਦੋਂ ਕਪਾਹਾਂ 'ਤੇ ਫੁੱਲ ਖਿੜਨੇ ਪਿੰਡ ਦੀਆਂ ਰਾਹਾਂ ਤੇ । ਤੂੰ ਚੜਤੋਂ ਜਾਏ ਪਛਾਣੀ ।" ਸੱਜਣ ਨੇ ਡਰਾਮਾ ਅਜੀਬ ਢੰਗ ਨਾਲ ਆਰੰਭਿਆ ਸੀ । ਸਟੇਜ ਉਤੇ ਲੋਕ ਕਵੀ ਸੁੱਤਾ ਪਿਆ ਹੈ । ਕਵਿਤਾ ਸੁਪਨੇ ਵਿਚ ਆਉਂਦੀ ਹੈ । ਕਹਿੰਦੀ ਹੈ, ਅਮਨ ਉਤੇ ਡਰਾਮਾ ਲਿਖ ਲੋਕਾਂ ਦੀ ਲੋੜ ਹੈ ਵਗੈਰਾ । ਉਹ ਜਾਂਦੀ ਹੈ ਤੇ ਇਕ ਬੁੱਢੜੀ ਮਾਈ ਆਉਂਦੀ, ਉਹ ਲੋਕ ਕਵੀ ਨੂੰ ਆਪਣੀ ਕਹਾਣੀ ਸੁਣਾਉਂਦੀ ਹੈ — "ਸੁਣ ਵੇ ਭਾਈਆ ਜਾਂਦਿਆਂ ਰਾਹੀਆ ਮੈਂ ਬੁੱਢੜੀ ਦੀ ਰਾਮ ਕਹਾਣੀ ।" ਪਰਦਾ ਉਠਦਾ ਹੈ । ਲੋਕ ਕਵੀ ਅਲੋਪ — ਨੂੰਹ ਸੱਸ ਚਰਖਾ ਕੱਤ ਰਹੀਆਂ ਤੇ ਗਾ ਰਹੀਆਂ ਹਨ : "ਅੰਬਾਂ ਤੇ ਤੂਤਾ ਠੰਡੀ ਛਾਂ ਕੋਈ ਪਰਦੇਸੀ ਜੋਗੀ ਆਣ ਲੱਥਾ ਚੱਲ ਨੀ ਭਾਬੋ ਚੱਲੀਏ ਪਾਣੀਆਂ ਨੂੰ ਪਾਣੀ ਦੇ ਪੱਜ ਜੋਗੀ ਵੇਖੀਏ ।" ਕਾ: ਦਲੀਪ ਸ਼ਿਕਾਰ ਬੈਕ ਗਰਾਊਂਡ ਵੀ ਦੋ ਤਿੰਨ ਗੀਤ ਗਾਉਂਦਾ ਸੀ । ਬਲਜੀਤ ਸ਼ਾਹ ਦੇ ਪਾਰਟ ਉਤੇ ਲੋਕੀਂ ਉੱਚੀ ਉੱਚੀ ਗਾਲ੍ਹਾਂ ਕੱਢਦੇ ਬਸ ਖ਼ਾਮੋਸ਼ ।

ਸਾਡੇ ਹਰ ਡਰਾਮੇ ਵਿਚ ਕਾਂਗਰਸ ਦੀ ਭੰਡੀ ਹੁੰਦੀ ਸੀ । ਇਸ ਵਿਚ ਇਕ ਰੁਮਾਂਸ ਸੀ । ਅੰਗਰੇਜ਼ ਵੇਲੇ ਦੀ ਭਰਤੀ ਸੀ । ਅਮਨ ਲਈ ਲੋਕਾਂ ਦੀ ਤਾਂਘ ਸੀ । ਅਮਰ ਚਿੱਤਰਕਾਰ ਦਾ ਗੀਤ ਅਖ਼ੀਰ ਉਤੇ ਝੁੰਮਰ ਬੰਨ੍ਹ ਕੇ ਗਾਇਆ ਜਾਂਦਾ । ਕਾ: ਛੀਨੇ ਨੇ ਆਖਿਆ ਸੀ — ਮੈਂ ਪਹਿਲੀ ਵਾਰ ਪਾਰਟੀ ਡਰਾਮਾ ਵੇਖਿਆ ਹੈ, ਮੈਂ ਕਦੇ ਨਹੀਂ ਵੇਖਦਾ ਹੁੰਦਾ ।

1952-1953 ਵਿਚ ਇਹ ਡਰਾਮਾ ਪੰਜਾਬ ਦੇ ਸ਼ਹਿਰਾਂ, ਕਸਬਿਆਂ ਨਗਰਾਂ ਵਿਚ ਖੇਡਿਆ ਗਿਆ । ਗੁਰਦਾਸਪੁਰ ਵਿਚ ਹੀ ਨਹੀਂ ਅੰਮ੍ਰਿਤਸਰ, ਤਰਨਤਾਰਨ ਹੋਰ ਵੀ ਇਕ ਦੋ ਜਿਲ੍ਹਿਆਂ ਵਿਚ । ਜੈਪਾਲ ਦਾ ਗੀਤ ਅਮਰਜੀਤ ਗਾਉਂਦਾ ਸੀ ।

ਤਿੱਕੜੀ ਅਤੇ ਰਾਮ-ਕਹਾਣੀ ਦੇ ਗੀਤਾਂ ਦਾ ਇਕ ਪੰਫਲਿਟ ਵੀ ਛਪਿਆ। ਚਾਰ ਚਾਰ ਆਨੇ ਵਿਕਦਾ । ਨਿੱਕੇ ਨਿੱਕੇ ਹੋਰ ਵੀ ਕਈ ਡਰਾਮੇ ਇਹਨਾਂ ਖੇਡੇ । ਇਸ ਸਾਡੇ ਡਰਾਮੇ ਦਾ ਇਕ ਟੱਬਰ ਜਿਹਾ ਬਣ ਗਿਆ ਸੀ । ਡੇਢ ਘੰਟੇ ਦਾ ਡਰਾਮਾ । ਨਾਲ ਗੀਤ, ਕੋਈ ਵਾਕਫ਼ੀਅਤ ਦੋ ਘੰਟੇ ਲੱਗ ਜਾਂਦੇ । ਪੰਜਾਬ ਕਮੇਟੀ ਵਿਚ ਕਾ: ਟਪਿਆਲੇ ਦਾ ਜਿਲ੍ਹਾ ਯਾਦ ਕੀਤਾ ਜਾਂਦਾ ਸੀ।
CC-0. In Public Domain. Gurukul Kangri Collection, Haridwar

ਇਸ ਦੌਰ ਵਿਚ ਮੈਂ ਕਵਿਤਾਵਾਂ ਤੇ ਪੁਸਤਕਾਂ ਬਹੁਤ ਘੱਟ ਪੜ੍ਹ ਲਿਖ ਸਕਿਆ । ਲਿਖਣਾ, ਰਿਹਸਲ ਕਰਾਉਣੀ । ਆਪ ਸਟੇਜ ਬਣਨਾ । ਸਾਰਾ ਸਮਾਨ ਇਕੱਠਾ ਕਰਨਾ । ਰੌਸ਼ਨੀ ਦਾ ਇੰਤਜ਼ਾਮ ਕਰਨਾ । ਥਾਂ ਵੇਖਣਾ, ਇਸ ਸਾਰੇ ਕੰਮ ਨੇ ਮੈਨੂੰ ਹਫਾ ਦਿੱਤਾ ਸੀ । ਡਰਾਮਾ ਮੁਕਣਾ ਉਹੋ ਲੰਗਰ ਦੀ ਕਿਸਮ ਦੀ ਠੰਡੀ ਰੋਟੀ, ਗਿਣਤੀ ਮਿਣਤੀ ਦੇ ਕਰਾਏ ਵਗੈਰਾ ਤੇ ਪੈਸੇ । ਬੁਨਿਆਦੀ ਗੱਲ ਇਹ ਸੀ ਕਿ ਲੀਡਰਾਂ ਸਣੇ ਆਮ ਕਾਮਰੇਡ ਇਸ ਨੂੰ ਕੰਮ ਨਹੀਂ ਸਨ ਸਮਝਦੇ । ਫੀਲਡ ਵਿਚ ਵੀ ਸਾਥੋਂ ਆਮ ਕਾਮਰੇਡਾਂ ਵਾਂਗ ਕੰਮ ਲੈਂਦੇ ਸਨ । ਕਾ: ਹਰਭਜਨ ਸਿੰਘ ਫਜ਼ਲਾਬਾਦੀ ਨਹਿਰੂ ਦੀ ਘੋੜੀ ਬੋਲਦਾ । ਉਸ ਉਤੇ ਮੁਕੱਦਮਾ ਚਲਿਆ । ਛੇ ਮਹੀਨੇ ਕੈਦ ਕੱਟੀ । ਜ਼ਲਸੇ ਸਫਲ ਕਰਨੇ ਵੀ ਸਾਡਾ ਜ਼ੁੰਮਾ ਹੁੰਦਾ । ਮੇਰਾ ਤੇ ਤਕਰੀਰ ਕਰਨਾ ਵੀ ਜ਼ਰੂਰੀ । ਇਹਨਾਂ ਕਾਰਨਾਂ ਕਰਕੇ ਮੈਂ ਮਹਾਜ਼ ਚਲਾ ਨਾ ਸਕਿਆ । ਕਿਉਂ ਉਹ ਸਭਿਆਚਾਰ ਗਰੁੱਪ ਮੁੱਕਾ (ਹੁਣ ਤੱਕ ਸਾਡਾ ਜਿਲ੍ਹਾ ਸਭਿਆਚਾਰ ਪੱਖੋਂ ਫਾਡੀ ਹੈ । ਜਿਲ੍ਹੇ ਦੀ ਕੋਈ ਫਰੈਕਸ਼ਨ ਸਭਿਆਚਾਰ ਮਹਾਜ਼ ਤੇ ਨਹੀਂ ਹੈ) ।

ਸਾਰੇ ਪੰਜਾਬ ਵਿਚ ਵੀ ਮੈਂ ਅਮਰਜੀਤ ਤੇ ਦਲੀਪ ਸ਼ਿਕਾਰ ਜਾਂਦੇ ਸਾਂ । ਮੇਰੇ ਨਾਲੋਂ ਉਹਨਾਂ ਦੀ ਮੰਗ ਜਿਆਦਾ ਸੀ । ਇਹ ਦੋਵੇਂ ਮੈਨੂੰ ਜ਼ਰੂਰ ਨਾਲ ਧੂੰਦੇ ।

ਪੰਜਾਬ ਟਰੇਡ ਯੂਨੀਅਨ ਦਾ ਇਜਲਾਸ ਸੀ ਅੰਮ੍ਰਿਤਸਰ । ਕਾ: ਡਾਂਗੇ ਵੀ ਆਇਆ ਹੋਇਆ ਸੀ । ਮੇਰੀ ਸੱਕੀ ਭਰਜਾਈ ਡਾ: ਅਮਰਜੀਤ ਉਦੋਂ ਸੁਲਤਾਨ ਵਿੰਡ ਰੋਡ ਦੇ ਇਕ ਚਬਾਰੇ ਵਿਚ ਰਹਿੰਦੀ ਸੀ । ਥੱਲੇ ਡਾਕਟਰ ਦੀ ਦੁਕਾਨ ਸੀ । ਪਤਾ ਨਹੀਂ ਕਿਤਨਾ ਮੋਹ ਆਇਆ ਰੂਪਾ ਉਹਦੇ ਕੋਲ ਆਈ । ਉਸ ਨੇ ਆਖਿਆ ਪਾਰਟੀ ਦੇ ਆਫ਼ਿਸ ਵਿਚੋਂ ਪਤਾ ਕਰੋ । ਰੂਪਾ ਪਾਰਟੀ ਦੇ ਆਫ਼ਿਸ ਚਲੀ ਗਈ । ਗੁੱਡੀ ਘਰ ਛੱਡ ਗਈ । ਆਫ਼ਿਸ ਦਾ ਬਾਹਰਲਾ ਪੌੜੀਆਂ ਦਾ ਬੂਹਾ ਬੰਦ ਕਰਕੇ ਮੀਟਿੰਗ ਚਲ ਰਹੀ ਸੀ । ਬੂਹਾ ਖੜਕਾਇਆ । ਅੰਦਰੋਂ ਇਕ ਸਾਥੀ ਨੇ ਬੂਹਾ ਖੋਲ ਕੇ ਪੁੱਛਿਆ — ਕਿਸ ਨੂੰ ਮਿਲਣਾ ਹੈ ?......ਰੂਪਾ ਨੇ ਉੱਤਰ ਦਿੱਤਾ — ਰਾਹੀ ਜੀ ਨੂੰ ।

ਉਹ ਕਾਮਰੇਡ ਅੰਦਰੋਂ ਟਪਿਆਲੇ ਨੂੰ ਸੱਦ ਲਿਆਇਆ । ਉਸ ਨੇ ਆ ਕੇ ਆਖਿਆ — ਬੀਬੀ, ਉਹ ਪੁਤਲੀ ਘਰ ਗੁਰੂ ਨਾਨਕ ਰਿਕਸ਼ਾ ਕੰਪਨੀ ਤੇ ਕੰਮ ਕਰਦਾ ਹੈ, ਉਸ ਦਾ ਸ਼ਾਗਿਰਦ ਅਮਰ ਚਿੱਤਰਕਾਰ ਉਸ ਨੂੰ ਪੁੱਛੋ ਉਥੇ ਤੈਨੂੰ ਮਿਲ ਪਏਗਾ ।

Digitized by Arya Samaj Foundation Chennai and eGangotri
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੂਪਾ ਉਥੇ ਗਈ। ਦੋਏ ਜਾਣੂ ਪਹਿਲਾਂ ਹੀ ਸਨ। ਅਮਰ ਨੇ ਕਿਹਾ — ਤੁਸੀਂ ਘਰ ਜਾਉ ਉਹਨਾਂ ਦਾ ਡਰਾਮਾ ਹੈ ਬਟਾਲੇ। ਮੈਂ ਜਾ ਕੇ ਲੈ ਆਉਂਦਾ ਹਾਂ।

ਬਟਾਲੇ ਰਾਮ-ਕਹਾਣੀ ਡਰਾਮਾ ਮੁਕਿਆ ਸੀ। ਅਮਰ ਪਹੁੰਚ ਗਿਆ। ਮੈਨੂੰ ਬਹੁਤ ਖ਼ੁਸ਼ੀ ਹੋਈ। ਦੋਵੇਂ ਇਕ ਟਰੱਕ ਤੇ ਚੜ੍ਹ ਕੇ ਅੰਮ੍ਰਿਤਸਰ ਪਹੁੰਚ ਗਏ। ਪੈਸੇ ਮੇਰੇ ਕੋਲ ਥੋੜ੍ਹੇ ਬਹੁਤ ਸਨ। ਰਾਤ ਅਮਰ ਵਲ ਤੜਕੇ ਡਾਕਟਰਨੀ ਵਲ ਚਲਿਆ ਗਿਆ। ਰੂਪਾ ਸੜਕ ਵਾਲੀ ਬਾਰੀ ਖੋਲ ਕੇ ਬੈਠੀ ਹੋਈ ਸੀ। ਝੱਟ ਉੱਠੀ ਨੱਠੀ ਪੌੜੀਆਂ ਉਤਰ ਆਈ, ਮੈਨੂੰ ਇੰਜ ਚੰਬੜੀ ਜਿਵੇਂ ਕਿਸੇ ਜਨਮ ਦੀ ਵਿਛੜੀ ਹੋਵੇ।

ਦੋਏਂ ਗੁੱਡੀ ਸਣੇ ਹਰਿਮੰਦਰ ਸਾਹਿਬ ਗਏ। ਬਾਜ਼ਾਰ ਗਏ। ਮੈਨੂੰ ਦੋ ਬਣੈਨਾਂ ਲੈ ਦਿੱਤੀਆਂ ਕੁਝ ਆਪ ਖ਼ਰੀਦ ਕੀਤੀ। ਮੈਨੂੰ ਮਿਲਣ ਦੀ ਹਾਲਤ ਦੱਸਦੀ ਰਹੀ, ਮੈਂ ਮੂਰਖਾਂ ਵਾਂਗ ਸੁਣਦਾ ਰਿਹਾ।

ਰਾਤ ਟਰੇਡ ਯੂਨੀਅਨ ਵਲੋਂ 'ਰਾਮ-ਕਹਾਣੀ' ਡਰਾਮਾ ਤੇ ਕਵੀ ਦਰਬਾਰ ਸੀ। ਡੀ.ਸੀ. ਨੇ ਡਰਾਮੇ ਉਤੇ ਪਾਬੰਦੀ ਲਾ ਦਿੱਤੀ। ਪ੍ਰੋ: ਮੋਹਨ ਸਿੰਘ ਦੀ ਪ੍ਰਧਾਨਗੀ ਥੱਲੇ ਕਵੀ ਦਰਬਾਰ ਹੋਇਆ। ਕਾ: ਤੇਜਾ ਸਿੰਘ ਪੂਰਾ ਇਥੇ ਸਭਿਆਚਾਰ ਦਾ ਇੰਚਾਰਜ ਸੀ। ਕਾਂਗਰਸ ਦੇ ਖਿਲਾਫ਼ ਇਕ ਕਵਿਤਾ ਲਿਖੀ ਹੋਈ ਸੀ ਇਸ ਮਿਸਰੇ ਉਤੇ, "ਤੇਰੇ ਖੂਹ ਤੇ ਮੇਲਾ ਪਿਆਸਿਆਂ ਦਾ" ਰੂਪਾ ਨੇ ਉਹ ਯਾਦ ਕੀਤੀ ਹੋਈ ਸੀ ਬੜੀ ਚੰਗੀ ਤਰ੍ਹਾਂ, ਸੁਣਾਈ ਸਾਰਿਆਂ ਸਲਾਹੀ। ਇਕ ਸ਼ਾਇਰ ਨੇ ਉਸ ਨੂੰ ਪੁੱਛਿਆ — ਰਾਹੀ ਜੀ ਤੁਹਾਡੇ ਕੀ ਲਗਦੇ ਨੇ ?......ਰੂਪਾ ਨੇ ਉੱਤਰ ਦਿੱਤਾ......ਮਾਸੀ ਦੇ ਪੁੱਤਰ।......ਜਦ ਰੂਪਾ ਨੇ ਮੈਨੂੰ ਇਹ ਗੱਲ ਦੱਸੀ, ਨਾਲ ਕਹਿਣ ਲੱਗੀ ਮਾਸੀ ਦੇ ਪੁੱਤ ਨਾਲ ਵਿਆਹ ਹੋ ਸਕਦਾ ਹੈ।

ਉਥੋਂ ਡੇਰੇ ਆਈ। ਡੇਰਿਉਂ ਸੁਖਬੀਰ ਨਾਲ ਆਪਣੇ ਸਹੁਰੇ ਪਿੰਡ ਗਈ। ਆ ਕੇ ਆਪਣੇ ਪੇਕੇ ਗਈ ਫਿਰ ਜਦ ਡੇਰਿਉਂ ਉਸ ਨੂੰ ਫਲਾਇੰਗ ਉਤੇ ਚੜ੍ਹਾਉਣ ਘਰੋਂ ਤੁਰਿਆ ਤਾਂ ਵਿਹੜੇ ਵਿਚ ਇਕ ਗੁਲਾਬ ਦਾ ਬੂਟਾ ਲਾਇਆ ਹੋਇਆ ਸੀ। ਉਸ ਉਤੇ ਇਕ ਲਾਲ ਸੂਹਾ ਜਿਹਾ ਫੁੱਲ ਲੱਗਾ ਸੀ। ਉਸ ਨੇ ਤੋੜ ਕੇ ਆਪਣੇ ਜੂੜੇ ਦੇ ਇਕ ਪਾਸੇ ਨੂੰ ਕਰਕੇ ਲਾ ਲਿਆ। ਕਈ ਵਾਰੀ ਮੈਂ ਮੂਰਖਾਂ ਵਾਂਗ ਰੂਪਾ ਦੀਆਂ ਗੱਲਾਂ ਕਰਨ ਲੱਗ ਪੈਂਦਾ ਸਾਂ।

ਜੰਮੂ ਕਸ਼ਮੀਰ ਵਿਚ ਉਹਨੀਂ ਦਿਨੀਂ ਕਾ: ਧਨਵੰਤਰੀ ਦੀ ਇਕ ਕਿਸਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਜੁੜਿਆ ਸੀ । ਪਠਾਨਕੋਟੋਂ ਪਰਮਟ ਬਣਾ ਕੇ ਜਾਣਾ ਪੈਂਦਾ । ਉਥੇ ਉਦੋਂ ਦੀ ਪਾਰਟੀ ਦੇ ਆਗੂ ਕਾ: ਸੇਠੀ ਤੇ ਕਾ: ਸਰਾਫ । ਲੋਕ ਇਕੱਠਾ ਨਾਂ ਲੈਂਦੇ ਕਾ: ਸੇਠੀ ਸਰਾਫ । ਉਥੇ ਨੌਜਵਾਨ ਸਭਾ ਦੀ ਕਾਨਫ਼ਰੰਸ ਹੋਈ । ਮੈਂ, ਦਲੀਪ ਸ਼ਿਕਾਰ ਤੇ ਅਮਰਜੀਤ ਗਏ । ਕਾ: ਜਗਜੀਤ ਆਨੰਦ ਵੀ ਗਿਆ ਹੋਇਆ ਸੀ । ਦਲੀਪ ਸ਼ਿਕਾਰ ਤੇ ਅਮਰਜੀਤ ਗੁਰਦਾਸਪੁਰੀ ਨੇ ਧੁੰਮਾ ਪਾ ਦਿੱਤੀਆਂ । ਸਾਹਮਣੇ ਪ੍ਰਸ਼ਾਦ ਨੇ ਜਲਸਾ ਲਾ ਦਿੱਤਾ । ਜਦ ਇਹਨਾਂ ਦੋਹਾਂ ਸਾਂਝਾ ਗੀਤ ਛੋਹਣਾ ਤਾਂ ਉਧਰੋਂ ਨੱਠ ਕੇ ਖਲਕਤ ਇੱਧਰ । ਕਵੀ ਦਰਬਾਰ ਰਾਤ ਨੂੰ ਹੋਇਆ । ਪੰਜਾਬੀ, ਉਰਦੂ, ਡੋਗਰੀ ਤੇ ਕਸ਼ਮੀਰੀ ਵਿਚ । ਮੇਰੀ ਚੰਗੀ ਚੜ੍ਹਤ ਰਹੀ । ਉਥੋਂ ਦਿਆਂ ਸਿੱਖਾਂ ਨੇ ਮੈਨੂੰ ਗੁਰਪੁਰਬ ਲਈ ਬੁੱਕ ਕਰ ਲਿਆ । ਕਾ: ਧਨਵੰਤੀ ਨੇ ਮੈਨੂੰ ਉਥੇ ਚਾਰ ਦਿਨ ਹੋਰ ਰਖਿਆ । ਜਮਾਤੀ ਸਕੂਲ ਦੇਣ ਲਈ । ਜਾਪਦਾ ਸੀ ਏਥੇ ਪਾਰਟੀ ਦੀ ਹਕੂਮਤ ਹੈ, ਬੜੇ ਨੱਢੂ ਖਾਂ ਸਾਨੂੰ ਰੋਟੀਆਂ ਵਰਜਦੇ । ਸਮਨਾਨੀ ਮਿਲ ਪਿਆ । ਬੜਾ ਵੱਡਾ ਹਕੂਮਤੀ ਚੌਧਰੀ ਬਣਿਆ ਹੋਇਆ ਸੀ । ਸਾਨੂੰ ਰੇਡਿਉ ਉਤੇ ਬੁਲਵਾ ਦਿੱਤਾ । ਸੋਹਣ ਸਿੰਘ ਸੀਤਲ ਦਾ ਗੀਤ ਉਹਨੀਂ ਦਿਨੀਂ ਗੁਰਦਾਸਪੁਰੀ ਦੇ ਬਹੁਤ ਮੂੰਹ ਚੜ੍ਹਿਆ ਹੋਇਆ ਸੀ । "ਨਿੱਕੀ ਨਿੱਕੀ ਕੰਧ ਮੇਰੇ ਸਹੁਰਿਆਂ ਦੇ ਵਿਹੜੇ ਦੀ" ਪਹਿਲੀ ਵਾਰ ਉਥੇ ਰੇਡਿਉ ਉਤੇ ਬੋਲੇ ਸਾਂ ।

ਵਾਪਸ ਚੰਗੀ ਖ਼ੁਸ਼ੀ ਨਾਲ ਮੁੜੇ । ਪੈਸੇ ਉਹਨਾਂ ਪੰਜਾਬ ਵਾਂਗ ਨਹੀਂ ਸਨ ਦਿੱਤੇ । ਖੁੱਲ੍ਹੇ ਗੱਫੇ ਸਨ ।

ਪੰਜਾਬ ਵਿਚ ਹੁਣ ਲਾਲ ਪਾਰਟੀ ਤੋਂ ਸੁਤੰਤਰ ਨਾਲੋਂ ਕਾ: ਰਾਮ ਸਿੰਘ ਦਾ ਟੋਲਾ ਪੂਰੀ ਤਰ੍ਹਾਂ ਟੁੱਟ ਚੁੱਕਾ ਸੀ ਅਤੇ ਘਰ ਬੈਠਾ ਹੋਇਆ ਸੀ । ਜਿਲ੍ਹੇ ਗੁਰਦਾਸਪੁਰ ਵਿਚ ਜੇ ਬੁਨਿਆਦੀ ਕੰਮ ਆਵਾਮ ਵਿਚ ਹੈ ਸੀ ਤਾਂ ਉਹ ਕਾਮਰੇਡ ਰਾਮ ਦੱਤ ਦਾ ਸੀ । ਸਾਰੀ ਮੁਜਾਰਾ ਤਾਰੀਕ ਉਸ ਦੀ ਚਲਾਈ ਹੋਈ ਸੀ । ਹਜ਼ਾਰਾਂ ਘੁਮਾਵਾਂ ਦੇ ਮਾਲਕ ਕਥਲੌਰੀਏ ਰਾਜਪੂਤ ਉਸ ਅੱਗੇ ਦਮ ਨਹੀਂ ਸਨ ਮਾਰਦੇ । ਕਾ: ਸੁਤੰਤਰ ਵੀ ਇਸ ਜਿਲ੍ਹੇ ਦਾ ਸੀ । ਪਰ ਉਸ ਦਾ ਕੰਮ ਜਿਲ੍ਹੇ ਵਿਚ ਕੋਈ ਨਹੀਂ ਸੀ । ਜੋ ਪੁਰਾਣੇ ਸਾਥੀ ਉਸ ਨਾਲ ਸਨ ਉਹੋ ਹੀ ਤੁਰੇ ਆਉਂਦੇ ਸਨ । ਚੰਦ ਹੋਰ ਹੋਣਗੇ । ਉਹ ਇਸ ਦੇ ਭਗਤ ਇਹ ਉਹਨਾਂ ਦਾ ਮਹੰਤ ਉਸ ਦੀ ਗੁੜ੍ਹਤੀ ਬੜੇ ਬੰਦੇ ਦੀ ਹੁੰਦੀ ਸੀ ।

ਸੂਬੇ ਵਿਚ ਕਾ: ਤੇਰਾ ਸਿੰਘ ਚੰਨ ਨੇ ਸਾਰੇ ਪੰਜਾਬ ਦਾ ਕੰਮ ਸਾਂਭਿਆ ਸੀ । ਸਾਰੇ ਸਾਥੀ ਲਿਖਣ ਬੋਲਣ ਵਾਲੇ ਉਸ ਨੇ ਇਕ ਮੁੱਠ ਕੀਤੇ ਸਨ ।

CC-0. In Public Domain. Gurukul Kangri Collection, Haridwar

ਅਪੇਰੇ ਲਿਖੇ ਪੰਜਾਬ ਤੇ ਲੱਕੜ ਦੀ ਲੱਤ ਮਸ਼ਹੂਰ ਹੋਏ। ਜੋਗਿੰਦਰ ਬ੍ਹਾਹਰਲਾ ਅਣ-ਥੱਕ ਵਰਕਰ ਤੇ ਕਲਾਕਾਰ ਸੀ, ਉਸ ਮੁਹਾਜ਼ ਦਾ। ਉਸ ਦਾ ਅਪਰੇਟਾ ਹਾੜੀ ਸੌਣੀ ਅਮਰ ਸੀ, ਚੰਨ ਦੇ ਪੰਜਾਬ ਵਾਂਗ। ਉਦੋਂ ਦੇ ਗੀਤ ਅਪਰੇਟੇ ਹੁਣ ਤੱਕ ਸਰਕਾਰੀ ਮਹਿਕਮੇ ਵਿਚ ਚਲਦੇ ਹਨ। ਅਮਰਜੀਤ ਗੁਰਦਾਸਪੁਰੀ ਚੰਨ ਦਿਆਂ ਸਾਰਿਆਂ ਪ੍ਰੋਗਰਾਮਾਂ ਵਿਚ ਹੁੰਦਾ ਸੀ।

Digitized by Arya Samaj Foundation Chennai and eGangotri

ਸਭਿਆਚਾਰ

ਸਾਰੇ ਪੰਜਾਬ ਵਿਚ ਸਭਿਆਚਾਰਕ ਲਹਿਰ ਪਾਰਟੀ ਨੇ ਬੜੇ ਜ਼ੋਰ-ਸ਼ੋਰ ਨਾਲ ਚਲਾਈ ਸੀ। ਤੇਰਾ ਸਿੰਘ ਚੰਨ, ਨਵਤੇਜ ਸਿੰਘ, ਜਗਜੀਤ ਸਿੰਘ ਆਨੰਦ ਇਸ ਅਮਨ ਅਤੇ ਇਸ ਕੰਮ ਦੀ ਲਹਿਰ ਦੇ ਆਗੂ ਸਨ। ਤੇਰਾ ਸਿੰਘ ਚੰਨ ਨੇ ਦਿਨ ਰਾਤ ਇਕ ਕੀਤਾ ਹੋਇਆ ਸੀ। ਉਹ ਲਿਖਦਾ ਵੀ। ਲਿਖਤਾਂ ਲੱਭਦਾ ਤੇ ਪਰਖਦਾ ਵੀ। ਰਿਹਸਲਾਂ ਕਰਾਉਂਦਾ। ਜੋਗਿੰਦਰ ਬਾਹਰਲਾ ਨਾਲ ਹੁੰਦਾ। ਜੇਕਰ ਤੇਰਾ ਸਿੰਘ ਚੰਨ ਤੇ ਜੋਗਿੰਦਰ ਬਾਹਰਲੇ ਉਤੇ ਇਕ ਮੋਟੀ ਪੁਸਤਕ ਲਿਖੀ ਜਾਏ ਤਾਂ ਵੀ ਉਹਨਾਂ ਦੀ ਉਸ ਤਾਰੀਕ ਵਿਚ ਕੀਤਾ ਕੰਮ ਅਤੇ ਕੁਰਬਾਨੀਆਂ ਪੂਰੀਆਂ ਨਹੀਂ ਆ ਸਕਦੀਆਂ।

ਗੱਲ ਇਕ ਕਮਾਲ ਸੀ। ਇਸ ਸਭਿਆਚਾਰਕ ਟੋਲੇ ਨੂੰ ਹਰਕਿਸ਼ਨ ਸਿੰਘ ਸੁਰਜੀਤ ਦਾ ਟੋਲਾ ਉੱਕਾ ਨਹੀਂ ਸੀ ਗੌਲਦਾ। ਟਿੱਚ ਸਮਝਦਾ। ਸਾਡਾ ਜਿਲ੍ਹਾ ਆਪਣੇ ਆਪ ਵਿਚ ਸਿਮਟ ਕੇ ਰਹਿ ਗਿਆ। ਨਾ ਅਸੀਂ ਸੂਬੇ ਦੀ ਜਾਂ ਹੋਰ ਕੋਈ ਟੀਮ ਮੰਗਾਉਂਦੇ ਨਾ ਅਸੀਂ ਬਾਹਰਲੇ ਕਿਸੇ ਜਿਲ੍ਹੇ ਜਾਂ ਪ੍ਰੋਗਰਾਮ ਵਿਚ ਜਾਂਦੇ। ਸਾਡੇ ਜਿਲ੍ਹੇ ਕੋਲ ਕੁੜੀਆਂ ਸਨ, ਮੁੰਡੇ ਸਨ, ਹਰ ਸਫ਼ਲ ਕੰਮ ਨੂੰ ਸਿਰੇ ਚਾੜ੍ਹ ਦਿੰਦੇ ਸਨ, ਤਿੰਨ ਚਾਰ ਹੋਰ ਜੁੱਟ ਬਣਾਏ ਹੋਏ ਸਨ। ਸੂਬੇ ਵਿਚ। ਅਮਨ ਦੇ ਗੀਤ ਗਾਉਂਦੇ ਹੋਰ ਅਪੇਰੇ ਝਲਕੀਆਂ ਪੇਸ਼ ਕਰਦੇ। ਇਹਨਾਂ ਜੁੱਟਾਂ ਵਿਚ ਗਭਰੂ ਤੇ ਸੁਹਣੇ ਜਵਾਨ ਕੁੜੀਆਂ ਮੁੰਡੇ ਸਨ। ਜਿਵੇਂ ਪ੍ਰੋਫੈਸਰ ਨਰਿੰਜਨ ਸਿੰਘ ਅਤੇ ਹੋਰ। ਇਹ ਟੋਲੇ ਪੜ੍ਹੇ-ਲਿਖੇ, ਖਾਂਦੇ-ਪੀਂਦੇ ਘਰਾਂ ਦੇ ਸਨ। ਬੜੀਆਂ ਧੂੰਮਾਂ ਮਚਾਉਂਦੇ। ਲੋਕ ਟੁੱਟ ਕੇ ਪੈਂਦੇ। ਆਪੋ

CC-0. In Public Domain. Gurukul Kangri Collection, Haridwar

ਵਿਚ ਵੀ ਖੁੱਲ੍ਹ ਕੇ ਵਿਚਰਦੇ। ਮੈਂ ਜਿਥੇ ਕਿਤੇ ਜਾ ਸਕਦਾ। ਆਪਣੀਆਂ ਦੋ ਲੜਕੀਆਂ ਜਾਂ ਇਕ ਨੂੰ ਨਾਲ ਖੜਦਾ ਇਕੱਲਿਆਂ ਨਾ ਘੱਲਦਾ। ਸਿਰਫ਼ ਤੇਰਾ ਸਿੰਘ ਚੰਨ ਸੀ ਜਿਸ ਉਤੇ ਮੈਨੂੰ ਪੂਰਾ ਇਤਮਾਦ ਸੀ। ਉਹ ਆਪਣੀ ਜ਼ਿੰਮੇਦਾਰੀ ਉਤੇ ਵੱਡੀ ਲੜਕੀ ਸੁਖਬੀਰ ਨੂੰ ਲੈ ਜਾਂਦਾ।

Digitized by Arya Samaj Foundation Chennai and eGangotri

ਅਮਨ ਵਾਲੇ ਟੋਲਿਆਂ ਵਿਚ ਤਿੰਨ ਚਾਰ ਵਿਆਹ ਵੀ ਆਪੋ ਵਿਚ ਹੋ ਗਏ। ਚਰਚਾ ਨਹੀਂ ਹੋਈ ਕਿਉਂਕਿ ਸਾਰੇ ਘਰੋਂ ਬਾਹਰੋਂ ਆਰਥਿਕ ਤੌਰ ਉਤੇ ਬਾਗਬਾਰ ਸਨ। ਨਰੋਲ ਮੋਹ ਵੱਸ ਵੀ ਅਤੇ ਹੋਸ਼ ਵੱਸ ਵੀ ਦੋ ਜੋੜੇ ਇਕੱਠੇ ਹੋਏ ਸਨ।

ਚੰਨ ਦਾ ਪੰਜਾਬ ਦਾ ਅਪਰੇਟਾ। ਬਾਹਰਲੇ ਦਾ ਹਾੜ੍ਹੀ ਸਾਉਣੀ। ਇਹ ਸਾਰੇ ਹਿੰਦੁਸਤਾਨ ਵਿਚ ਖੇਡੇ ਗਏ। ਬਾਕੀ ਹੋਰ ਵੀ ਨਾਲ ਨਾਲ ਰਹੇ। ਇਸ ਪੰਜਾਬ ਦੀ ਪਾਰਟੀ ਦੇ ਜ਼ੋਰ ਅਸਰ ਬਣੇ ਗਰੁੱਪ ਨੇ ਪੰਜਾਬ ਦੀ ਧਰਤੀ ਅਤੇ ਅਸਮਾਨ ਮੱਲ ਲਏ ਸਨ। ਜਾਪਦਾ ਸੀ ਅਤੇ ਲੋਕ ਕਹਿੰਦੇ ਸਨ — ਕਾਂਗਰਸ ਤੋਂ ਬਾਅਦ ਜੇ ਕੋਈ ਪਾਰਟੀ ਆਏਗੀ ਤਾਂ ਉਹ ਕਮਿਊਨਿਸਟ ਪਾਰਟੀ ਆਏਗੀ।

ਤੇਰਾ ਸਿੰਘ ਚੰਨ, ਨਵਤੇਜ ਸਿੰਘ ਅਤੇ ਆਨੰਦ ਦੀ ਤਾਰੀਕ ਦੇ ਮੁਕਾਬਲੇ ਉਤੇ ਹਰਕਿਸ਼ਨ ਸਿੰਘ ਸੁਰਜੀਤ ਨੇ ਨਰਿੰਦਰ ਦੁਸਾਂਝ ਨੂੰ ਤਿਆਰ ਕੀਤਾ, ਉਸ ਨੇ ਡਰਾਮੇ ਬਣਾਏ, ਗੀਤ ਬਣਾਏ, ਲੱਗਦੇ ਭੱਗਦੇ ਨਾਂਗ ਨਿਹਾਂਦ ਅਪਰੇਟ ਬਣਾਏ। ਖ਼ੂਬ ਖੇਡੇ। ਪਿੰਡਾਂ ਅਤੇ ਨਗਰਾਂ ਨੂੰ ਉਸ ਨੇ ਮੱਲ ਲਿਆ। ਸ਼ਹਿਰਾਂ ਕਾਲਜਾਂ ਅਤੇ ਉੱਚ ਪਾਏ ਦੇ ਥਾਵਾਂ ਉਤੇ ਚੰਨ ਦੀ ਮਿਹਨਤ ਚਲਦੀ ਰਹੀ। ਕੋਈ ਪਾਰਟੀ ਸਰਕਾਰ ਸਣੇ ਮੁਕਾਬਲਾ ਨਾ ਕਰ ਸਕੀ। ਮੇਰੀ ਪੁੱਛ ਗਿੱਛ ਨਾਮ ਮਾਤਰ ਰਹਿ ਗਈ। ਨਾ ਤੇ ਨਰਿੰਦਰ ਦੁਸਾਂਝ ਮੈਨੂੰ ਨੇੜੇ ਲੱਗਣ ਦੇਵੇ ਨਾ ਤੇਰਾ ਸਿੰਘ ਚੰਨ ਨੂੰ। ਬਦੋਬਦੀ ਕੋਈ ਪਾਰਟ ਲੈ ਲਵਾਂ ਤੇ ਲੈ ਲਵਾਂ ਮੈਨੂੰ ਲਾਹੁਣ ਦੀ ਕਰਦੇ।

ਮੈਂ ਬਾਅਦ ਵਿਚ ਸਮਝਿਆ ਕਿ ਮੇਰਾ ਇਹ ਹਾਲ ਕਿਉਂ ਸੀ। ਨਾ ਤੇ ਮੈਂ ਪੂਰੀ ਤਰ੍ਹਾਂ ਆਨੰਦ ਹੋਰਾਂ ਨਾਲ ਸਾਂ ਨਾ ਹਰਕਿਸ਼ਨ ਸਿੰਘ ਹੋਰਾਂ ਨਾਲ। ਅਮਲੀ ਤੌਰ ਤੇ ਪਾਰਟੀ ਦਾ ਕੰਮ ਹਰਕਿਸ਼ਨ ਦੇ ਟੋਲੇ ਨਾਲ ਜ਼ਿਲ੍ਹੇ ਵਿਚ ਕਰਦਾ। ਬਾਹਰ ਪ੍ਰੀਤਲੜੀ ਅਤੇ ਆਨੰਦ ਹੋਰਾਂ ਨਾਲ ਸਾਂ। ਦੋਏਂ ਮੈਨੂੰ ਟਿੱਚ ਬਟਨ ਸਮਝਦੇ। ਮੈਂ ਅਨਪੜ੍ਹ ਇਕ ਪਾਸੇ ਲੱਗਣ ਦੇ ਲਾਇਕ ਨਹੀਂ ਸਾਂ, ਦੂਜਾ ਆਰਥਿਕ ਤੌਰ ਉਤੇ ਆਪਣੇ ਪੈਰਾਂ ਉਤੇ ਖਲੋਤਾ ਨਹੀਂ ਸਗੋਂ ਮੇਰੀ ਵੇਜ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟਪਿਆ [illegible] ਗੱਲ। ਮੈਂ ਇਹ ਗੱਲ ਕਦੇ ਨਹੀਂ ਭੁੱਲ ਸਕਦਾ ਕਿ ਜਿਸ ਤਰੀਕੇ ਨਾਲ ਮੈਨੂੰ ਤੀਹ ਰੁਪੈ ਵੇਜ਼ ਮਿਲਦੀ, ਉਸ ਨਾਲੋਂ ਕੁੱਤੇ ਨੂੰ ਬੁਰਕੀ ਸੌਖੀ ਮਿਲਦੀ ਹੈ। ਮੇਰੇ ਵੱਡੇ ਚਾਚਾ ਜੀ; ਮੇਰਾ ਸਹੁਰਾ ਸਾਹਿਬ ਤੇ ਮੇਰੀ ਮਾਂ ਸਿਲਾਈ ਦਾ ਕੰਮ ਕੁਝ ਕਰ ਲੈਂਦੀ। ਬਾਕੀ ਇਹ ਵੇਜ਼ ਛੱਡ ਕੇ ਸੋਚ ਹੀ ਨਹੀਂ ਸੀ ਸਕਦੀ।

ਪਾਰਟੀ ਦੇ ਆਪਸੀ ਮਤਭੇਦਾਂ ਅਤੇ ਟੱਕਰਾਂ ਨੇ ਸਾਰੇ ਸਭਿਆਚਾਰ ਨੂੰ ਘਸਾ ਦਿੱਤਾ। ਦੁਸਾਂਝ ਅਮਰੀਕਾ ਚਲਿਆ ਗਿਆ। ਮੈਂ ਕਵੀ ਦਰਬਾਰਾਂ ਵਿਚ। ਚੰਨ ਹੰਭ ਕੇ ਦਿੱਲੀ ਸੋਵੀਅਤ ਦੇਸ਼ ਵਿਚ। ਇਕ ਉਠਿਆ ਕਾ: ਹਰਨਾਮ ਸਿੰਘ ਨਰੂਲਾ ਅੱਠ ਦੱਸ ਸਾਲ ਪਾਰਟੀ ਵਿਚ ਘਸਿਆ ਤੇ ਮੁੱਕਾ ਤੇ ਹੁਣ ਸਤਨਾਮ, ਸਤਨਾਮ।

ਤਰੱਕੀ ਪਸੰਦ ਕਾਨਫ਼ਰੰਸ

ਉੱਨੀ ਸੌ ਤਰਵੰਜਾ ਵਿਚ ਦਿੱਲੀ ''ਅਜੰਮਨ ਤਰੱਕੀ ਪਸੰਦ ਸਸੱਨਫੀਨ'' ਦੀ ਆਲ ਇੰਡੀਆ ਕਾਨਫ਼ਰੰਸ ਹੋਈ ਜਿਸ ਨੂੰ ਹੁਣ ''ਨੈਸ਼ਨਲ ਫੈਡਰੇਸ਼ਨ ਆਫ਼ ਪ੍ਰੋਗਰੈਸਵ ਰਾਇਟਰਸ'' ਕਹਿੰਦੇ ਹਨ। ਅਸੀਂ ਪੰਜਾਬ ਵਾਲੇ ਸਿੱਧਾ ਨਾਂ ਲੈਂਦੇ ਸਾਂ ''ਤਰੱਕੀ ਪਸੰਦ ਲਿਖਾਰੀ ਸਭਾ''। ਚਾਂਦਨੀ ਚੌਂਕ ਦੇ ਸਾਹਮਣੇ ਬੜਾ ਖੁੱਲ੍ਹਾ ਸੋਹਣਾ ਮੈਦਾਨ ਮੈਦਾਨ ਹੁੰਦਾ ਸੀ। ਇਥੇ ਹੋਈ ਕਾਨਫ਼ਰੰਸ ਦੀ ਇਕ ਵੱਖਰੀ ਸ਼ਾਨ ਸੀ। ਮੇਰੀ ਜ਼ਿੰਦਗੀ ਦਾ ਪਹਿਲਾ ਮੌਕਾ ਸੀ ਕਿ ਹਿੰਦੁਸਤਾਨ ਦੇ ਇਤਨੇ ਵੱਡੇ ਸਾਹਿਤਕਾਰ ਅਤੇ ਸ਼ਾਇਰ ਦੇਖੇ ਸਨ। ਜਿਹਨਾਂ ਨੂੰ ਪਰਚਿਆਂ ਵਿਚ ਪੜ੍ਹਦਾ ਸਾਂ ਉਹਨਾਂ ਨਾਲ ਸਾਂਝ ਪਈ ਸੀ। ਪੰਜਾਬ ਵਿਚੋਂ ਤੇਰਾ ਸਿੰਘ ਆਗੂ ਸੀ। ਨਵਤੇਜ, ਆਨੰਦ, ਸਹਿਰਾਈ, ਬਾਵਾ ਬਲਵੰਤ, ਬਾਵਾ ਘਨਸ਼ਾਮ, ਅੰਮ੍ਰਿਤਸਰ ਦੀ ਲੋਕ ਲਿਖਾਰੀ ਸਭਾ ਦੇ ਹੋਰ ਸਾਹਿਤਕਾਰ ਵੀ ਸਨ। ਪੰਜਾਬ ਦੇ ਸਾਡੇ ਸਭਿਆਚਾਰ ਜੱਥੇ ਉਥੇ ਨਹੀਂ ਸਨ। ਪ੍ਰੀਤਮ ਬੇਲੀ ਸੀ। ਪੂਰਾ-ਪੂਰਾ ਸਭ ਯਾਦ ਨਹੀਂ।

ਦੇਸ਼ ਅਤੇ ਬੰਬਈ ਵਿਚੋਂ ਬੇਦੀ ਰਜਿੰਦਰ ਸਿੰਘ, ਸਾਹਿਰ ਲੁਧਿਆਣਵੀ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਰਦਾਰ ਜਾਫਰੀ, ਵੱਡਾ ਚੌਧਰੀ ਸੀ । ਕ੍ਰਿਸ਼ਨ ਚੰਦਰ, ਮਜਰੂਹ ਸੁਲਤਾਨਪੁਰੀ, ਵਾਮਕ ਜੌਨਪੁਰੀ, ਫਰਾਕ ਗੋਰਖਪੁਰੀ, ਜਿਗਰ ਮੁਰਾਦਾਬਾਦੀ, ਹੋਰ ਕਈ । ਬਿਹਾਰ, ਯੂ.ਪੀ., ਬੰਗਾਲ, ਦੇਸ਼ ਦੇ ਸਾਰਿਆਂ ਹਿੱਸਿਆਂ ਵਿਚੋਂ ਆਏ ਹੋਏ ਸਨ । ਸਯਦ ਸਯਾਦ ਜਹੀਰ ਉਦੋਂ ਪਾਕਿਸਤਾਨ ਵਿਚ ਕੈਦ ਸੀ । ਬੇਗਮ ਉਸ ਦੀ ਪੂਰੇ ਠਾਠ ਨਾਲ ਸਿਗਰਟ ਪੀਂਦੀ ਫਿਰਦੀ । ਹੋਰ ਨੌਜਵਾਨ ਕਲਮਕਾਰ ਬੜੇ ਸਨ । ਪਤਾ ਨਹੀਂ ਕੀ ਗੱਲ ਸੀ ਮੈਨੂੰ ਉਥੇ ਇੱਜ਼ਤ ਮਿਲਦੀ ਸੀ ।

ਦਿਨੇ ਬਹਿਸਾਂ ਹੋਈਆਂ । ਬੜਾ ਵੱਡਾ ਪੰਡਾਲ ਸੀ । ਸੋਹਣਾ ਸਟੇਜ । ਬਹੁਤੇ ਉਰਦੂਦਾਨ ਅੱਗੇ ਅੱਗੇ ਸਨ । ਬਹਿਸ ਵਿਚ ਜਿਹੜਾ ਕੋਈ ਉਰਦੂ ਗਲਤ ਬੋਲਦਾ ਉਸ ਨੂੰ ਕੋਈ ਹੋਰ ਬੈਠਾ ਹੋਇਆ ਬੁਰੀ ਤਰ੍ਹਾਂ ਟੁੱਟ ਕੇ ਪੈਂਦਾ । ਮੈਂ ਸੋਚਦਾ ਉਰਦੂ ਕੈਸੀ ਠੁੱਕ ਜ਼ਬਾਨ ਹੈ ।

ਸਟੇਜ ਸੈਕਟਰੀ ਆਮ ਕਰਕੇ ਸਰਦਾਰ ਜਾਫਰੀ ਸਨ । ਬੰਬਈ ਦੇ ਬਹੁਤੇ ਸ਼ਾਇਰ ਅਦੀਬ ਅਤੇ ਰੰਧੀਵੇ ਦੌਰ ਵਿਚ ਜੇਲ੍ਹ ਕੱਟ ਚੁਕੇ ਸਨ । ਫਿਰ ਵੀ ਬੜੇ ਤੇਜ਼ । ਮੇਰੇ ਅੰਦਰ ਪਾਰਟੀ ਲਈ ਬੜਾ ਫਖ਼ਰ ਪੈਦਾ ਹੋਇਆ । ਸਾਡੀ ਪਾਰਟੀ ਵਿਚ ਦੇਸ਼ ਦੇ ਸਭ ਤੋਂ ਵੱਡੇ ਕਲਮਕਾਰ ਹਨ । ਮੁਲਕ ਰਾਜ ਆਨੰਦ ਵੀ ਬੜੀ ਗੱਲ ਕਰਦਾ ਸੀ । ਭਾਵੇਂ ਹੁਣ ਜੋਸ਼ੀ ਪਾਰਟੀ ਦਾ ਸੈਕਟਰੀ ਨਹੀਂ ਸੀ । ਇਹ ਸਾਰੇ ਉਸ ਦੇ ਕੰਮ ਸਨ । ਬੁੱਧੀਜੀਵੀ ਪੀ.ਸੀ. ਜੋਸ਼ੀ ਸਮੇਂ ਜਿਤਨੇ ਸਨ ਮੁੜ ਕੇ ਨਹੀਂ ਆਏ । ਸਾਰੀ ਫ਼ਿਲਮੀ ਦੁਨੀਆਂ ਉਤੇ ਉਹ ਛਾਇਆ ਹੋਇਆ ਸੀ । ਕਈ ਐਕਟਰ, ਡਾਇਰੈਕਟਰ ਵੀ ਆਏ ਹੋਏ ਸਨ । ਮਹਿਬੂਬ ਦਾ ਫਿਲਮੀ ਮਾਰਕਾ ਵੀ ਐੱਮ ਉਤੇ ਦਾਤੀ ਹਥੌੜਾ ਹੁੰਦਾ । ਪੀ.ਸੀ. ਜੋਸ਼ੀ ਕੋਈ ਜਾਦੂਗਰ ਸੀ ਕਲਾ ਵਾਲਿਆਂ ਦੇ ਮੈਦਾਨ ਵਿਚ । ਇਕ ਗੱਲ ਲਿਖਣ ਉਤੇ ਬੇ-ਮੌਕੇ ਜੀ ਕਰ ਆਇਆ ਹੈ ਉਹ ਹੈ । ਪਿਛਲੇ ਸਾਲਾਂ ਵਿਚ ਸੈਂਟਰ ਪਾਰਟੀ ਨੇ ਰਾਜੇਸ਼ਵਰ ਰਾਓ ਦੀ ਜ਼ੇਰ ਸ਼ਾਇਆ ਇਕ ਕਮੇਟੀ ਨੇ ਹਿੰਦ ਪਾਰਟੀ ਇਤਿਹਾਸ ਦਾ ਇਕ ਖਾਕਾ ਸ਼ਾਇਆ ਕੀਤਾ ਹੈ । ਮੈਂ ਜਦ ਉਹ ਲੈ ਕੇ ਪੜ੍ਹਿਆ ਹੈਰਾਨ, ਉਸ ਵਿਚ ਕਾ: ਪੀ.ਸੀ. ਜੋਸ਼ੀ ਦਾ ਨਾਂ ਨਹੀਂ ਸੀ । ਮੈਂ ਇਸ ਬਾਰੇ ਇਕ ਲੇਖ ਨਵੇਂ ਜ਼ਮਾਨੇ ਦੇ ਇਕ ਐਡੀਟਰ ਕਾ: ਬੰਨੂਆਣਾ ਨੂੰ ਲਿਖ ਕੇ ਭੇਜਿਆ ਪਰ ਉਹ ਲੇਖ ਸ਼ਾਇਆ ਨਹੀਂ ਕੀਤਾ ਗਿਆ । ਜੋ ਹੋਰ ਕਿਸੇ ਥਾਂ ਮੈਂ ਛਪਾਇਆ ਨਹੀਂ ।

ਦਿੱਲੀ ਦੇ ਚਾਂਦਨੀ ਚੌਂਕ ਦੇ ਸਟੇਜ ਦੇ ਪਿੱਛੇ ਢੋਅ ਵਾਲੇ ਪਾਸੇ ਬੜੀ

CC-0. In Public Domain. Gurukul Kangri Collection, Haridwar

ਵੱਡੀ ਮੁਨਸ਼ੀ ਪ੍ਰੇਮ ਚੰਦ ਦੀ ਫੋਟੋ ਲਗੀ ਹੋਈ ਸੀ। ਵਾਮਕ ਜੌਨਪੁਰੀ ਨੇ ਇਕ ਅਮਨ ਉਤੇ ਲੰਮੀ ਖੁੱਲ੍ਹੀ ਕਵਿਤਾ ਕਮਾਲ ਦੇ ਅੰਦਾਜ਼ ਨਾਲ ਦਿਨੇ ਪੜ੍ਹੀ ਬੋਲਦਾ ਬੋਲਦਾ ਮੁਨਸ਼ੀ ਪ੍ਰੇਮ ਚੰਦ ਦੀ ਤਸਵੀਰ ਵੱਲ ਬੜੇ ਮਾਣ ਤੇ ਫ਼ਖ਼ਰ ਨਾਲ ਇਸ਼ਾਰਾ ਕਰਦਾ।

ਰਾਤ ਨੂੰ ਇਕ ਬਹੁਤ ਵੱਡਾ ਕਵੀ ਦਰਬਾਰ ਹੋਇਆ। ਦਿੱਲੀ ਦਿਆਂ ਪੰਜਾਬੀ ਸਾਇਰਾਂ ਵਿਚੋਂ ਸਿਰਫ਼ ਤੇਜਾ ਸਿੰਘ ਸਾਬਰ ਇਸ ਕਾਨਫ਼ਰੰਸ ਵਿਚ ਬਿਨ ਬੁਲਾਏ ਰਿਹਾ। ਮੁਸ਼ਾਇਰੇ ਵਿਚ ਬੋਲਿਆ ਵੀ। ਸਟੇਜ ਉਤੇ ਚੰਨ, ਨਵਤੇਜ, ਸਹਿਰਾਈ ਤੇ ਮੈਂ ਬੈਠੇ ਹੋਏ ਸਾਂ। ਮੁਸ਼ਾਇਰਾ ਸ਼ੁਰੂ ਹੋਇਆ ਕੋਈ ਨੌ ਕੁ ਵਜੇ ਮੌਸਮ ਗਰਮ ਨਹੀਂ ਸੀ।

ਸਟੇਜ ਸਾਹਮਣੇ ਨਿਹਾਇਤ ਖ਼ੂਬਸੂਰਤ ਔਰਤਾਂ, ਮੁਟਿਆਰਾਂ, ਅੱਧਖੜਾਂ ਬੈਠੀਆਂ ਹੋਈਆ ਸਨ। ਬਿਲਕੁਲ ਸਾਹਮਣੇ ਜਿਹੜੀ ਟੁਕੜੀ ਸੀ ਉਤਨੀ ਸੋਹਣੀ ਟੁਕੜੀ ਹੁਸਨ ਦੀ ਮੈਂ ਸਾਰੀ ਉਮਰ ਨਹੀਂ ਦੇਖੀ। ਜੁਲਫਾਂ ਰੱਬ ਜਾਣੇ ਉਹਨਾਂ ਕਿਸ ਤਰ੍ਹਾਂ ਖਮ ਪਾ ਪਾ ਕੇ ਬਣਾਈਆਂ ਹੋਈਆਂ ਸਨ। ਸ਼ੀਲਾ ਭਾਟੀਆ ਵੀ ਔਰਤਾਂ ਵਾਲੇ ਪਾਸੇ ਬੈਠੀ ਹੋਈ ਸੀ। ਮੈਂ ਆਪਣੀ ਭੈਣ ਦੇ ਘਰ ਟਿਕਾਣਾ ਰਖਿਆ। ਜਾਂ ਰੂਪਾ ਵੱਲ। ਭੈਣ ਦਾ ਟਿਕਾਣਾ ਇਥੋਂ ਨੇੜੇ ਸੀ।

ਮੁਸ਼ਾਇਰਾ ਚੱਲ ਰਿਹਾ ਸੀ। ਬਹੁਤੇ ਉਰਦੂ ਵਾਲੇ ਬੋਲਦੇ। ਫਿਰ ਬਿਹਾਰ ਵਾਲੇ। ਫਿਰ ਹਿੰਦੀ ਵਾਲੇ ਤੇ ਸਭ ਤੋਂ ਥੋੜ੍ਹੇ ਪੰਜਾਬੀ ਵਾਲੇ। ਤੇਰਾ ਸਿੰਘ ਚੰਨ ਅਤੇ ਮੈਂ ਪੰਜਾਬੀਆਂ ਵਿਚੋਂ ਬਹੁਤਾ ਵੱਸੇ ਅਤੇ ਬੜੀ ਦਾਦ ਲਈ। ਮੇਰੀ ਕਵਿਤਾ ਸੀ — ਦੱਸੋ ਕਿਹੜੇ ਗੀਤ ਸੁਣੋਗੇ। ਇਹ ਫਿਕਰਾ, ਦਿਨ ਵੀ ਮੈਨੂੰ ਵੇਖ ਕੇ ਹੋਰ ਜ਼ਬਾਨ ਦੇ ਅਦੀਬ ਅਤੇ ਸ਼ਾਇਰ ਬੋਲਦੇ। ਇਹ ਕਵਿਤਾ ਟਿਕਾ ਕੇ ਜਮਾਤੀ ਵੰਡ ਕਰਦੀ ਅਤੇ ਮੇਰੇ ਬਿਨ ਜਾਨੇ ਬੁਰਜਵਾ ਤੇ ਪਰਲੋਤਾਰੀ ਸਾਹਿਤ ਦੀ ਵੰਡ ਕਰਦੀ। ਹਰ ਇਕ ਨੂੰ ਗੂੜ੍ਹੀ ਭਰਵੀਂ ਦਾਦ ਮਿਲਦੀ। ਫਰਾਕ ਗੋਰਖਪੁਰੀ ਨੇ ਚੀਨ ਦੀ ਸਿਫ਼ਤ ਉਤੇ ਬੜੀਆਂ ਰੁਬਾਈਆਂ ਸੁਣਾਈਆਂ। ਸਟੇਜ ਸੈਕਟਰੀ ਸਰਦਾਰ ਜਾਫਰੀ ਦੀ ਉਹਨਾਂ ਨਾਲ ਝੜਪ ਹੋ ਗਈ। ਸਟੇਜ ਵਾਲਿਆਂ ਮਜ਼ਾ ਲਿਆ। ਸਰਦਾਰ ਜਾਫਰੀ ਤੋਂ ਸੁਨਣ ਵਾਲਿਆਂ ਤੇ ਸ਼ਾਇਰਾਂ ਨੇ ਕਾ: ਸਟਾਲਨ ਦੀ ਲੰਮੀ ਨਜ਼ਮ ਸੁਣੀ। ਜਿਹੜੀ ਬਿਹਾਰੀ ਲੋਕ ਬੋਲੀ ਤੇ ਲੋਕ ਤਰਜ਼ ਵਿਚ ਇਕ ਪੰਮਫਿਲਟ ਦੀ ਸ਼ਕਲ ਵਿਚ ਸੀ।

ਜਿਗਰ ਮੁਰਾਦਾਬਾਦੀ ਦੀ ਵਾਰੀ ਆਈ, ਪੁਰਾਣੀ ਜਿਹੀ ਅਚਕਨ। ਪੁਰਾਣੀ ਜਿਹੀ ਉੱਚੀ ਟੋਪੀ। ਮੂੰਹ ਦੇ ਵਾਲ ਥੋੜ੍ਹੇ ਬਹੁਤੇ ਵਧੇ ਹੋਏ। ਬੜੇ

Digitized by Arya Samaj Foundation Chennai and eGangotri
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਹਿਜ ਸੁਭਾਅ ਨਾਲ ਮਾਈਕ ਅੱਗੇ ਬਹਿ ਗਿਆ । ਚਾਹ ਦਾ ਕੱਪ ਪੀਤਾ । ਲੋਕ ਜੰਗਲ ਦੀ ਰਾਤ ਵਾਂਗ ਚੁੱਪ । ਉਸ ਨੇ ਸ਼ਾਇਰਾਂ ਵਾਂਗ ਠਹਿਰਾਵੀਂ ਤਰਜ਼ ਨਾਲ ਗ਼ਜ਼ਲ ਗਾ ਕੇ ਸੁਣਾਈ, ਬੜਾ ਮਜ਼ਾ ਆ ਰਿਹਾ ਸੀ । ਇਕ ਸ਼ੇਅਰ ਕੁਝ ਇਸ ਤਰ੍ਹਾਂ ਸੀ, ''ਮੇਰਾ ਬੇ-ਬਸੀ ਪੇ ਤਨਜ਼ ਨਾ ਕਰ ਅਪਨੇ ਗੇਸੂ ਭੀ ਦੇਖ ਕਹਾਂ ਤੱਕ ਪਹੁੰਚੇ'' ਵਾਹ ਵਾਹ ਹੁੰਦੀ ਤੇ ਚੁੱਪ । ਇਕ ਹੋਰ ਸ਼ੇਅਰ ਸੀ, ''ਉਨਕਾ ਜੋ ਫਰਜ਼ ਹੈ ਬਾਬੇ ਸਿਆਸਤ ਜਾਨੇ, ਮੇਰਾ ਪੈਗਾਮ ਮੁਹੱਬਤ ਹੈ ਜਹਾਂ ਤੱਕ ਪਹੁੰਚੇ !''

ਗ਼ਜ਼ਲ ਮੁੱਕੀ ਚਾਹ ਦਾ ਕੱਪ ਫੇਰ ਆ ਗਿਆ । ਜਿਗਰ ਸਟੇਜ ਉਤੇ ਬੈਠਿਆਂ ਨਾਲ ਲੋਕਾਂ ਵਲੋਂ ਮੂੰਹ ਫੇਰ ਕੇ ਗੱਲਾਂ ਕਰ ਰਿਹਾ ਸੀ । ਸਾਹਮਣਿਉਂ ਤਿੰਨ ਚਾਰ ਹਸੀਨਾਂ ,ਜਿੰਨਾਂ ਅੱਗੇ ਇਕ ਸੋਹਣੀ, ਉਮਰੋਂ ਜ਼ਿਆਦਾ, ਖਲੋ ਗਈਆਂ । ਜਾਪਦਾ ਸੀ ਉਸ ਰਾਤ ਚੰਦ ਵੱਡੇ ਛੋਟੇ ਟੋਟਿਆਂ ਵਿਚ ਖਲੋ ਗਿਆ ਹੈ । ਜਦੋਂ ਜਿਗਰ ਦਾ ਮੂੰਹ ਸਾਹਮਣੇ ਵੱਲ ਹੋਇਆ ਉਹਨਾਂ ਇਕ ਸਾਂਝੀ ਅਦਾ ਨਾਲ ਦੋ ਤਿੰਨ ਸਲਾਮਾਂ ਝੁੱਕ ਕੇ ਕੀਤੀਆਂ । ਜਿਗਰ ਨੇ ਉਨ੍ਹਾਂ ਵੱਲ ਸਿਰ ਚੁਕਿਆ ਉਹ ਬੋਲੀਆਂ — ਆਜ ਆਪ ਹਮਾਰੇ ਯਹਾਂ ਰਹੀਏਗਾ ।

ਜਿਗਰ ਨੇ ਬੇ-ਪਰਵਾਹੀ ਨਾਲ ਉੱਤਰ ਦਿੱਤਾ — ਨਹੀਂ ਨਹੀਂ ਹਮੇਂ ਔਰ ਕਹੀਂ ਰਹਿਣਾ ਹੈ ।......ਉਹ ਇਸ ਤਰ੍ਹਾਂ ਮਾਜੂਮ ਹੋ ਕੇ ਬੈਠ ਗਈਆਂ ਜਿਵੇਂ ਬੜੀਆਂ ਤਰਸਯੋਗ ਹੋਣ । ਹੁਸਨ ਸ਼ਾਇਰੀ ਦੇ ਦਰ ਤੋਂ ਨਾਕਾਮ ਮੁੜਿਆ ਸੀ । ਕਲਾ ਨੂੰ ਇਸ ਕਰਕੇ ਕਰਤਾਰੀ ਦੇਣ ਕਿਹਾ ਜਾਂਦਾ ਹੈ । ਜਿਗਰ ਨੇ ਇਕ ਗ਼ਜ਼ਲ ਹੋਰ ਬੋਲੀ । ਮਜ਼ਰੂਹ ਸੁਲਤਾਨ ਪੁਰੀ ਸੂਰਤ, ਕੱਦ, ਆਵਾਜ਼ ਦਾ ਮਾਲਕ ਸੀ । ਸ਼ੀਲਾ ਭਾਟੀਆ ਰੁੱਸੀ ਹੋਈ ਨੂੰ ਉਸ ਨੇ ਬਾਹੋਂ ਫੜ ਕੇ ਸਟੇਜ ਉਤੇ ਲਿਆ ਖਲਹਾਰਿਆ । ਉਸ ਨੇ ਵੀ ਜੌਹਰ ਦੱਸੇ । ਇਕ ਪੁਸਤਕ ਜਿਹੜੇ ਖਤ ਬੰਨੇ ਮੀਆਂ ਦੇ ਪਾਕਿਸਤਾਨ ਜੇਲ੍ਹ ਵਿਚੋਂ ਬੇਗਮ ਨੂੰ ਘੱਲੇ ਸਨ ਅਤੇ ਜਿਹੜੇ ਬੇਗਮ ਨੇ ਪਾਏ ਹੋਏ ਸਨ ਉਹਨਾਂ ਨੂੰ ਕਿਤਾਬੀ ਸ਼ਕਲ ਦਿੱਤੀ ਗਈ ਸੀ । ਉਹ ਕਿਤਾਬ ਨੀਲਾਮ ਕੀਤੀ ਗਈ । ਚੜ੍ਹ ਚੜ੍ਹ ਕੇ ਬੋਲੀ ਹੋਈ । ਕਈ ਕਾਪੀਆਂ ਮੁੱਕੀਆਂ । ਤੜਕੇ ਚਾਰ ਵਜੇ ਮੁਸ਼ਾਇਰਾ ਖ਼ਤਮ ਹੋਇਆ । ਦਿਨੇ ਸਾਡੇ ਖਿਲਾਫ਼ ਇਕ ਨਿੱਕਾ ਮੁਜ਼ਾਰਾ ਹੋਇਆ । ਸੈਂਟਰ 'ਚੋਂ ਪਾਰਟੀ ਤਾਰ ਆਈ । ਤਰੱਕੀ ਪਸੰਦ ਅੰਜਮਨ ਤੋੜ ਦਿਉ । ਇਸ ਤਜਬਜਬ ਵਿਚ ਇਹ ਕਾਨਫ਼ਰੰਸ ਮੁੱਕੀ । ਇਸ ਕਾਨਫ਼ਰੰਸ ਦਾ ਸ਼ਾਹ ਰਾਹ ਮੋਟਾ ਨੰਬਰ ਨਿਕਲਿਆ । ਜਿਸ ਵਿਚ ਮੇਰਾ ਤੇ ਤੇਰਾ ਸਿੰਘ ਚੰਨ ਦਾ ਖ਼ਾਸ ਜ਼ਿਕਰ ਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜ ਹਜ਼ਾਰੀ

ਸਾਡੇ ਲੋਹੇ ਦੇ ਸ਼ਹਿਰ ਬਟਾਲਾ ਦੀ ਦਿਹਾਤੀ ਅਸੈਂਬਲੀ ਸੀਟ ਉਤੇ ਕਾਂਗਰਸੀ ਮੈਂਬਰ ਵਰਿਆਮ ਸਿੰਘ ਅਕਾਲੀ ਮੈਂਬਰ ਨਰਿੰਦਰ ਸਿੰਘ ਭਲੇਰ ਤੋਂ ਦੋ ਸੌ ਵੋਟ ਵੱਧ ਲੈ ਕੇ ਕਾਮਯਾਬ ਹੋਇਆ ਸੀ। ਭਲੇਰ ਨੇ ਪਟੀਸ਼ਨ ਕਰ ਦਿੱਤੀ ਕਿ ਵਰਿਆਮ ਸਿੰਘ ਬੇਈਮਾਨੀ ਨਾਲ ਸਫ਼ਲ ਹੋਇਆ ਹੈ। ਦੋ ਸਾਲ ਮੁਕੱਦਮਾ ਚੱਲਣ ਦੇ ਬਾਅਦ ਭਲੇਰ ਜਿੱਤ ਗਿਆ ਵਰਿਆਮ ਸਿੰਘ ਹਾਰ ਗਿਆ। ਜਿਮਨੀ ਚੋਣ ਦੀ ਤਰੀਕ ਮਿੱਥੀ ਗਈ।

ਜਿਲ੍ਹਾ ਪਾਰਟੀ ਨੇ ਫ਼ੈਸਲਾ ਕੀਤਾ ਕਿ ਕਾ: ਦਲੀਪ ਸਿੰਘ ਟਪਿਆਲਾ ਨੂੰ ਖਲਿਆਰਿਆ ਜਾਏ। ਮੈਂ ਉਹਨੀਂ ਦਿਨੀਂ ਬਟਾਲਾ ਦੀ ਸਟੀਲ ਐਂਡ ਵਰਕਰ ਯੂਨੀਅਨ ਦਾ ਜਨਰਲ ਸੈਕਟਰੀ ਸਾਂ। ਜਿਹੜਾ ਹਰ ਸਾਲ ਬਟਾਲਾ ਵਿਚ ਗੁਰੂ ਨਾਨਕ ਦੇ ਵਿਆਹ ਦਾ ਮੇਲਾ ਲਗਦਾ ਹੈ ਉਸ ਮੇਲੇ ਵਿਚ ਪਾਰਟੀ ਦਾ ਰਾਤ ਨੂੰ ਵੱਡਾ ਜਲਸਾ ਵੀ ਕਰਾਉਂਦਾ। ਮੇਰੇ ਭਲੇਰ ਹੋਰੀਂ ਵਾਕਫ਼ ਸਨ। ਟਪਿਆਲੇ ਨਾਲ ਮਿਲ ਕੇ ਉਸ ਕੋਲੋਂ ਪਾਰਟੀ ਫੰਡ ਵੀ ਸੌ ਦੋ ਸੌ ਲੈਂਦੇ ਸਾਂ।

ਜਿਵੇਂ ਜਿਲ੍ਹਾ ਪਾਰਟੀ ਨੇ ਫ਼ੈਸਲਾ ਕੀਤਾ। ਮੈਂ ਨਾਂਹ ਨਾ ਕੀਤੀ। ਜਿਲ੍ਹਾ ਪਾਰਟੀ ਟਪਿਆਲਾ ਸੀ ਅਤੇ ਟਪਿਆਲਾ ਜਿਲ੍ਹਾ ਪਾਰਟੀ। ਸੂਬੇ ਤੱਕ ਸਲਾਹ ਘੱਲ ਦਿੱਤੀ ਗਈ। ਸੂਬੇ ਦੇ ਸਾਥੀ ਆਏ ਕਾਮਰੇਡ ਸੋਹਣ ਸਿੰਘ ਜੋਸ਼ ਵੀ ਆਇਆ। ਮੀਟਿੰਗ ਦੇ ਪਹਿਲੋਂ ਮੈਨੂੰ ਕਾਮਰੇਡ ਜੋਸ਼ ਨੇ ਇਕਲਿਆਂ ਕਰਕੇ ਪੁੱਛਿਆ — ਰਾਹੀ ਠੀਕ ਦੱਸ ਟਪਿਆਲਾ ਕਾਮਯਾਬ ਹੋ ਜਾਏਗਾ ?...... ਮੈਂ ਇਹ ਗੱਲ ਆਪਣੇ ਅੰਦਰ ਚੰਗੀ ਤਰ੍ਹਾਂ ਸਮਝਦਾ ਸਾਂ ਕਿ ਟਪਿਆਲਾ ਨਹੀਂ ਹੋ ਸਕਦਾ। ਇਕ ਤੇ ਭਲੇਰ ਨੇ ਪਟੀਸ਼ਨ ਜਿੱਤੀ ਸੀ। ਲੋਕਾਂ ਉਤੇ ਮਨੋ-ਵਿਗਿਆਨਿਕ ਅਸਰ ਪਏਗਾ। ਦੂਸਰੇ ਉਹ ਬਟਾਲੇ ਸਾਡੇ ਨਾਲ ਮਿਲ ਗਿਲ ਕੇ ਵੀ ਚੱਲ ਪੈਂਦਾ ਸੀ। ਪਰ ਮੇਰੀ ਜ਼ੁੱਰਤ ਨਾ ਪਈ ਸੱਚ ਬੋਲਣ ਦੀ। ਵੇਜ਼ ਨੇ ਮੈਥੋਂ ਝੂਠ ਬੁਲਾਇਆ — ਜੋਸ਼ ਜੀ, ਜ਼ਰੂਰ ਇਹ ਪਾਰਟੀ ਸੀਟ ਜਿੱਤ ਲਏਗੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਦਾਸਪੁਰ ਸਾਰੇ ਜਿਲ੍ਹੇ ਦਿਆਂ ਸਾਥੀਆਂ ਦੀ ਮੀਟਿੰਗ ਹੋਈ ਪੱਕਾ ਫ਼ੈਸਲਾ ਹੋਇਆ। ਸੀਟ ਲੜਨ ਦਾ। ਮੇਰੇ ਕੋਲ ਬਟਾਲੇ ਦੇ ਮੇਲੇ ਵਾਲੇ ਫੰਡ ਵਿਚੋਂ ਪੈਸੇ ਬਚੇ ਹੋਏ ਸਨ, ਹੁਕਮ ਹੋਇਆ ਕਿ ਰੇਸ ਸਾਈਕਲ ਦੀਆਂ ਟਿਊਬਾਂ ਪਵਾ ਲਵਾਂ ਹੋਰ ਮੁਰੰਮਤ ਵੀ ਕਰਾ ਲਵਾਂ।

ਵੱਡੀਆਂ ਟਿਊਬਾਂ ਵਿਲਡਿੰਗ ਕਰਾ ਕੇ ਨਿੱਕੀਆਂ ਤੇ ਪਤਲੀਆਂ ਕਰਵਾਈਆਂ ਗਈਆਂ। ਸੂਬਾ ਜਿਲ੍ਹਾ ਬਟਾਲੇ ਵਿਚ ਅਲੈਕਸ਼ਨ ਆਫ਼ਿਸ ਬਣਾ ਕੇ ਬੈਠ ਗਿਆ। ਕੰਮ ਆਰੰਭ ਦਿੱਤਾ ਗਿਆ। ਇਕ ਦਿਨ ਭਲੇਰ ਮੈਨੂੰ ਬਜ਼ਾਰ ਵਿਚ ਮਿਲ ਕੇ ਕਹਿਣ ਲੱਗਾ — ਰਾਹੀ ਤੂੰ ਠੀਕ ਨਹੀਂ ਕਰਨ ਲੱਗਾ ਇਹ ਸਭ ਤੇਰੀ ਕਾਰਸਤਾਨੀ ਹੈ। ਤੂੰ ਮੇਰੇ ਮੁਕਾਬਲੇ ਉਤੇ ਟਪਿਆਲੇ ਨੂੰ ਖਲਾਰਿਆ ਹੈ।......ਮੈਂ ਹੂੰ ਹਾਂ ਕਰ ਦਿੱਤੀ। ਉਸ ਨੂੰ ਕੀ ਪਤਾ ਸੀ ਕਿ ਰਾਹੀ ਤੇ ਤੀਹਾਂ ਰੁਪਿਆਂ ਦਾ ਪਰਿਵਾਰ ਸਣੇ ਗੁਲਾਮ ਹੈ ਟਪਿਆਲੇ ਦਾ। ਉਹ ਭਲੇਰ ਹੁਣ ਤੱਕ ਇਹੋ ਸਮਝਦਾ ਹੈ ਕਿ ਇਹ ਸਭ ਮੇਰੀ ਸ਼ੈਤਾਨੀ ਸੀ। ਕਿਉਂਕਿ ਬਟਾਲੇ ਵਿਚ ਸਾਂਝੀਆਂ ਥਾਂਵਾਂ ਉਤੇ ਇਕੱਠੇ ਬੋਲਦੇ ਸਾਂ। ਬਟਾਲੇ ਵਾਲੇ ਮੈਨੂੰ ਪਾਰਟੀ ਦਾ ਵੀ ਲੀਡਰ ਸਮਝਦੇ ਸਨ। ਮੇਰਾ ਕੌਡੀ ਮੁੱਲ ਨਹੀਂ ਸੀ ਪਾਰਟੀ ਵਿਚ।

ਸੂਬੇ ਵਿਚੋਂ ਵੱਡੇ ਸਾਥੀ ਆਏ। ਫੌਜਾ ਸਿੰਘ ਭੁੱਲਰ ਇਨਜਾਰਜ ਬਣਿਆ। ਇਸ ਅਲੈਕਸ਼ਨ ਦਾ। ਹੋਰ ਵੀ ਪੜ੍ਹਿਆ ਲਿਖਿਆਂ ਦੇ ਸਾਥੀ ਲੀਡਰ ਆਏ। ਜਾਪਦਾ ਸੀ ਸਾਰੀ ਸੂਬਾ ਕਮੇਟੀ ਟਪਿਆਲੇ ਦੀ ਅਲੈਕਸ਼ਨ ਲੜਨ ਆ ਚੁੱਕੀ ਹੈ। ਕਈ ਜਲੂਸ ਵੀ ਨਿਕਲਣੇ। ਔਰਤਾਂ ਦੇ ਜਲੂਸ ਦੀ ਅਗਵਾਈ ਮੇਰੀ ਮਾਂ ਲਾਲ ਝੰਡਾ ਫੜ ਕੇ ਕਰਦੀ। ਕਈ ਥਾਈਂ ਮੇਰੀ ਪਤਨੀ ਤੇ ਵੱਡੀ ਲੜਕੀ ਸੁਖਬੀਰ ਵੀ ਆਉਂਦੀਆਂ। ਪਾਰਟੀ ਬੜੇ ਜੋਸ਼ ਖਰੋਸ਼ ਨਾਲ ਲੜ ਰਹੀ ਸੀ। ਸੂਬਾ ਪੈਸਾ ਲਾ ਰਿਹਾ ਸੀ ਕਿਉਂਕਿ ਲੋਕ-ਅਗਵਾਈ ਨਹੀਂ ਸੀ ਹੁੰਦੀ। ਜਿਲ੍ਹੇ ਦੇ ਸਾਥੀਆਂ ਪੈਸੇ ਦਿੱਤੇ। ਮੈਂ ਇਕ 'ਵਾਰ' ਵੀ ਟਪਿਆਲੇ ਉਤੇ ਲਿਖੀ ਉਹ ਵੀ ਬੋਲਣੀ। ਜਨਰਲ ਮੋਹਣ ਸਿੰਘ ਵੀ ਸਾਡੀ ਮਦਦ ਕਰਦਾ ਸੀ। ਉਸ ਦੀ ਆਜ਼ਾਦ ਹਿੰਦ ਫੌਜ ਦੇ ਸਿਪਾਹੀ ਵੀ। ਵੱਡੇ ਵੱਡੇ ਜਲਸੇ ਹੁੰਦੇ। ਤਿੰਨ ਤਕਰੀਰਾਂ ਹੁੰਦੀਆਂ। ਪਹਿਲੇ ਮੇਰੀ, ਫਿਰ ਜਨਰਲ ਮੋਹਣ ਸਿੰਘ ਦੀ ਅਤੇ ਅੰਤ ਉਤੇ ਟਪਿਆਲੇ ਦੀ। ਆਮ ਜਲਸਿਆਂ ਉਤੇ ਮੈਂ ਟਪਿਆਲੇ ਦੀ ਕਵਿਤਾ ਬੋਲਦਾ। ਜਿੰਨੇ ਖ਼ਾਸ ਟਪਿਆਲੇ ਦੀ ਪੂਛ ਚੁੱਕ ਸਨ ਉਹ ਮੈਨੂੰ ਹਰਾਕਤ ਨਾਲ ਵੇਖਦੇ। ਰੱਬ ਜਾਣੇ ਕਿਉਂ।

ਇਲਾਕੇ ਵੰਡੇ ਗਏ। ਵੱਖੋ ਵੱਖਰੇ ਢੰਗ ਨਾਲ ਡਿਊਟੀਆਂ ਲੱਗ ਗਈਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੀਜੇ ਦਿਨ ਵੱਡ ਹਲਕਿਆਂ ਦੀ ਰਿਪੋਰਟ ਹੋਈ। ਵੱਡ ਕਰਨ ਵਿਚ ਕਾ: ਸਵਰਨ ਸਿੰਘ ਭੰਗਾਲੀ ਗਰੈਜੂਏਟ ਬੜਾ ਸਿਆਣਾ ਸੀ। ਮੈਂ ਕੱਲਾ ਵੀ ਕਈ ਥਾਈਂ ਰੇਸ ਸਾਈਕਲ ਉਤੇ ਚਲਿਆ ਜਾਂਦਾ। ਭਲੇਰ ਦੇ ਆਮ ਜਲਸੇ ਗੁਰਦਵਾਰਿਆਂ ਵਿਚ ਹੁੰਦੇ। ਕਾਂਗਰਸ ਵਲੋਂ ਜਥੇਦਾਰ ਗੁਰਮੇਜ਼ ਸਿੰਘ ਨੂੰ ਟਿਕਟ ਮਿਲੀ। ਵਰਿਆਮ ਸਿੰਘ ਦਾ ਉਹ ਖ਼ਾਸ ਬੰਦਾ ਸੀ। ਕਾਂਗਰਸ ਵੀ ਟਿਕਾ ਕੇ ਮੈਦਾਨ ਵਿਚ ਉਤਰੀ ਹੋਈ ਸੀ। ਮੈਂ ਇਹ ਦੋ ਮਹੀਨੇ ਬਿਲਕੁਲ ਘਰ ਭੁਲਾ ਛੱਡਿਆ। ਰੱਬ ਆਸਰੇ ਚਲ ਰਿਹਾ ਸੀ। ਮੇਰਾ ਲੜਕਾ ਰਾਏ ਇਹਨਾਂ ਅਣ-ਗਹਿਲੀਆਂ ਕਰਕੇ ਅਵਾਰਾ ਹੋ ਰਿਹਾ ਸੀ। ਭਾਵੇਂ ਅਜੇ ਨਿੱਕਾ ਸੀ।

ਪੋਲਿੰਗ ਦਾ ਦਿਨ ਆਇਆ। ਉਸ ਰਾਤ ਕੋਈ ਸੁੱਤਾ ਨਾ। ਕਾਮਰੇਡ ਥਾਂ ਥਾਂ ਅੱਪੜ ਗਏ। ਪੋਲਿੰਗ ਹੋ ਗਿਆ। ਨਤੀਜੇ ਦੀ ਉਡੀਕ ਜਾਗ ਜਾਗ ਕੇ ਕੱਟੀ, ਬਕਸਿਆਂ ਨਾਲ ਸਾਥੀ ਗਏ।

ਨਤੀਜਾ ਨਿਕਲਿਆ। ਟਪਿਆਲਾ ਹਾਰ ਗਿਆ। ਨਰਿੰਦਰ ਭਲੇਰ ਵੀ ਪਹਿਲੋਂ ਦੋ ਸੋ ਵੋਟਾਂ ਤੇ ਹਾਰਿਆ ਸੀ, ਇਸ ਵਾਰੀ ਪੰਜ ਵੋਟਾਂ ਤੇ ਹਾਰਿਆ। ਪਾਰਟੀ ਨੇ ਪੰਜ ਹਜ਼ਾਰ ਰੁਪਿਆ ਖ਼ਰਚਿਆ ਅਤੇ ਪੰਜ ਹਜ਼ਾਰ ਵੋਟਾਂ ਲਈਆਂ। ਬਾਕੀ ਸੂਬੇ ਤਕ ਦਾ ਅਤੇ ਅੰਮ੍ਰਿਤਸਰ ਅਤੇ ਗੁਰਦਾਸਪੁਰ ਦਿਆਂ ਸਾਰਿਆਂ ਸਾਥੀਆਂ ਦਾ ਜ਼ੋਰ ਵੀ ਗਹਿ ਕੇ ਲੱਗਾ। ਕਾਮਰੇਡਣੀਆਂ ਵੱਖਰੀਆਂ ਵੱਖਰੀਆਂ ਧੂੜ ਝਾੜਦੀਆਂ ਰਹੀਆਂ। ਮਗਰੋਂ ਮੀਟਿੰਗਾਂ ਵਿਚ ਕਈ ਨਿਰਣੇ ਅਤੇ ਕਿਆਫ਼ੇ ਲਗਦੇ ਰਹੇ। ''ਯੇ ਸੀ ਵੋਹ ਸੀ।''

ਘਰ ਆਇਆ ਤੇ ਭੰਗ ਭੁੱਜ ਰਹੀ ਸੀ। ਅੰਮ੍ਰਿਤਸਰੋਂ ਕੁਝ ਮਹੀਨੇ ਠਹਿਰ ਕੇ ਇਕ ਸਾਵਨ ਕਵੀ ਦਰਬਾਰ ਆਇਆ। ਮੇਰੇ ਚਹੇਤੇ ਅਤੇ ਸ਼ਾਗਿਰਦ ਇਕ ਸਿਨੇਮੇ ਹਾਲ ਵਿਚ ਪ੍ਰੋਗਰਾਮ ਕਰ ਰਹੇ ਸਨ। ਮੇਰੇ ਬਾਬੇ ਉਸਤਾਦ ਦੀ ਪ੍ਰਧਾਨਗੀ ਵਿਚ। ਸਭ ਤੋਂ ਮੋਹਰੀ ਸਨ ਤਾਰਾ ਸਿੰਘ ਕੋਮਲ, ਅਮਰ ਚਿੱਤਰਕਾਰ ਜੈ ਪਾਲ ਦਰਸ਼ਨ ਅਤੇ ਹੋਰ ਉਹਨਾਂ ਦੇ ਸਾਥੀ। ਦੀਵਾਨ ਸਿੰਘ ਮਹਿਰਮ ਵੀ ਆਇਆ ਹੋਇਆ ਸੀ। ਸਾਰਾ ਹਾਲ ਭਰਿਆ ਪਿਆ ਸੀ। ਉਦੋਂ ਮੈਂ ਪਰਚਿਆਂ ਵਿਚ, ਅਖ਼ਬਾਰਾਂ ਵਿਚ ਛਾਇਆ ਹੋਣ ਲੱਗ ਪਿਆ ਸਾਂ।

ਕਵੀ ਦਰਬਾਰ ਆਰੰਭ ਹੋਇਆ। ਮੈਂ ਨਜ਼ਮ ਬੋਲੀ ਕੁਝ ਮੁਖੜਾ ਇੰਜ ਸੀ, ''ਵੱਸ ਵੇ ਸਾਵਣ ਤੂੰ ਹੀ ਅੱਖਾਂ ਮੇਰੀਆਂ ਨੂੰ ਵੱਸਣਾ ਸਿਖਾਵਣਾ'' ਮੁੜ ਕੇ ਬੁਲਾਇਆ ਤਾਂ ਮੈਂ 'ਦੱਸੋ ਕਿਹੜੇ ਗੀਤ ਸੁਣੋਗੇ' ਸੁਣਾਈ। ਮਹਿਰਮ ਅਜੀਬ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਢੰਗ ਨਾਲ ਗਾ ਕੇ ਬੋਲਦਾ, ਖ਼ੂਬ ਹੱਸਦਾ। ਜੈਪਾਲ ਦਰਸ਼ਨ ਦੀ ਨਜ਼ਮ ਸੀ, ''ਸਾਵੇ ਉਹਨਾਂ ਦੇ ਸਾਵੇ ਨੇ, ਸਾਵੇ ਜਿੰਨਾਂ ਦੇ ਸਾਵੇ ਨੇ, ਭਈ ਸਾਡੇ ਕਾਹਦੇ ਸਾਵੇ ਨੇ''......ਵੱਜ ਜਾਣਾ ਉਹਦਾ ਕੰਮ ਸੀ। ਬੜਾ ਸਫਲ ਇਹ ਸਾਵਣ ਕਵੀ ਦਰਬਾਰ ਹੋਇਆ। ਜੋ ਦਿੱਤਾ ਲੈ ਕੇ ਮੈਂ ਤੇ ਮਹਿਰਮ ਇਕੱਲੇ ਬਟਾਲੇ ਨੂੰ ਮੁੜੇ। ਉਹ ਮਿਰਜੇ ਕਾਦੀਆਂ ਰਹਿੰਦਾ ਸੀ। ਉਸ ਨੇ ਮੈਨੂੰ ਰਾਹ ਵਿਚ ਕਿਹਾ — ਰਾਹੀ, ਇਕ ਗੱਲ ਪੁੱਛਾਂ ?......ਮੈਂ ਉੱਤਰ ਦਿੱਤਾ ਪੁੱਛ — ਤੂੰ ਧਾਰਮਕ ਕਵਿਤਾ ਨਹੀਂ ਬੋਲ ਸਕਦਾ।......ਪਾਰਟੀ ਵਲੋਂ ਮਨ੍ਹਾ ਹੈ ?...... ਨਹੀਂ ਕੋਈ ਖ਼ਾਸ ਨਹੀਂ।......ਉਸ ਨੇ ਫਿਰ ਕਹਿਣਾ ਸ਼ੁਰੂ ਕੀਤਾ — ਮੈਂ ਤੈਨੂੰ ਚਿਰ ਤੋਂ ਜਾਣਦਾ ਹਾਂ, ਛਪੇ ਨੂੰ ਵੀ ਪੜ੍ਹਦਾ ਹਾਂ, ਤੇਰੇ ਕੋਲ ਸਾਹਿੱਤ ਹੈ, ਬੋਲ ਵੀ ਚੰਗਾ ਲੈਂਦਾ ਹੈਂ। ਫਿਰ ਕਿਉਂ ਭੁੱਖਾ ਮਰਦਾ ਹੈਂ, ਤੇਰਾ ਇਹ ਹਾਲ ਵੇਖ ਕੇ ਮੈਨੂੰ ਤਰਸ ਆਉਂਦਾ ਹੈ।...... ਉਸ ਦੀ ਇਸ ਸੱਚੀ ਹਮਦਰਦੀ ਨੇ ਮੇਰੇ ਅੰਦਰ ਮੇਰੇ ਆਪਣੇ ਉਤੇ ਤਰਸ ਪੈਦਾ ਕੀਤਾ। ਮੈਂ ਮਸਾਂ ਅੱਥਰੂ ਰੋਕੇ। ਪਾਰਟੀ ਵਿਚ ਕੋਈ ਨੁਕਤਾਚੀਨੀ ਤੋਂ ਬਿਨਾਂ ਦਿਲੀ ਹਮਦਰਦੀ ਘੱਟ ਵੱਧ ਹੀ ਰੱਖਦਾ ਹੈ।

ਉਸ ਨੇ ਤੀਜੇ ਦਿਨ ਬਟਾਲੇ ਵਿਚ ਇਕ ਵੱਡੇ ਕਾਰਖ਼ਾਨੇ ਦੇ ਹਾਲ ਵਿਚ ਹੋ ਰਹੇ ਧਾਰਮਿਕ ਕਵੀ ਦਰਬਾਰ ਉਤੇ ਆਉਣ ਦਾ ਸੱਦਾ ਦਿੱਤਾ। ਮੈਂ ਮਨਜ਼ੂਰ ਕਰ ਲਿਆ। ਲਾਹੌਰ ਦੀਆਂ ਮੇਰੇ ਕੋਲ ਧਾਰਮਿਕ ਕਵਿਤਾਵਾਂ ਹੈ ਸਨ। ਮੈਂ ਘਰ ਆ ਕੇ ਫੋਲਾ ਫਾਲੀ ਕਰਕੇ ਤਿੰਨ ਚਾਰ ਲੱਭ ਲਈਆਂ।

ਕਵੀ ਦਰਬਾਰ ਹੋਇਆ। ਕਾਰਖ਼ਾਨੇਦਾਰ ਹੈਰਾਨ ਸਨ ਖ਼ਾਸ ਕਰਕੇ ਰਾਮਗੜ੍ਹੀਏ। ਮੈਂ ਬੋਲਣ ਵਿਚ ਗੁਜ਼ਾਰਾ ਕਰ ਲਿਆ। ਪੰਜ ਰੁਪਏ ਉਤੋਂ ਹੋਏ ਵੀ ਉਹਨਾਂ ਦਿੱਤੇ। ਇਹ ਮੇਰੀ ਤੇ ਮਹਿਰਮ ਦੀ ਅਮਰ ਯਾਰੀ ਦਾ ਆਰੰਭ ਅਤੇ ਮੇਰਾ ਕਵੀ ਦਰਬਾਰਾਂ ਵਿਚ ਜਾਣ ਦਾ ਦਿਲੋਂ ਆਰੰਭ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚਾਰਾ ਸਕੂਲ

ਬਟਾਲੇ ਤੋਂ ਕਲਾਨੌਰ ਨੂੰ ਸੜਕ ਜਾਂਦੀ ਹੈ। ਕਲਾਨੌਰ ਦੇ ਰੁਖ ਵੱਲ ਕਰਕੇ ਪਿੰਡ ਹੈ ਵਡਾਲਾ ਬਾਂਗਰ। ਫਜ਼ਲਾਬਾਦ ਦੇ ਬਿਲਕੁਲ ਗਵਾਂਢ। ਉਥੇ ਕਾ: ਟਪਿਆਲਾ ਨੇ ਬੜੀਆਂ ਚੌਂਕੜੀਆਂ ਲਾਈਆਂ। ਲੋਕਾਂ ਵਿਚ ਪਾਰਟੀ ਦਾ ਕਾਫੀ ਅਸਰ ਪੈਦਾ ਕੀਤਾ। ਉਸ ਪਿੰਡ ਵਿਚ ਇਕ ਹਾਈ ਸਕੂਲ ਸੀ ਪੰਚਾਇਤ ਨੇ ਖੋਹਲਿਆ ਹੋਇਆ। ਉਹ ਐਵੇਂ ਊਜ਼ ਬਾਜ਼ ਸਕੂਲ ਸੀ। ਸਿਰਫ਼ ਦੋ ਕਮਰੇ। ਰੁਖ ਚਾਰ ਪੰਜ। ਏਥੇ ਹੀ ਬੱਚੇ ਬੜੀਆਂ ਤੰਗੀਆਂ ਨਾਲ ਪੜ੍ਹਦੇ। ਉਸ ਦੇ ਸਾਰੇ ਮਾਸਟਰ ਕਾ: ਟਪਿਆਲੇ ਨੇ ਪਾਰਟੀ ਵਿਚ ਲੈ ਆਂਦੇ। ਮਾਸਟਰਾਂ ਦਾ ਵੱਖਰਾ ਸੈੱਲ ਬਣ ਗਿਆ। ਜਿਹੜਾ ਸਾਰੀ ਜਿਲ੍ਹਾ ਕਮੇਟੀ ਤੇ ਵੀ ਆਪਣੇ ਕੰਮ ਨੂੰ ਓਹਲੇ ਰੱਖਦਾ। ਸਿੱਧਾ ਵਾਸਤਾ ਟਪਿਆਲੇ ਨਾਲ। ਪਿੰਡ ਵਾਲਿਆਂ ਨੂੰ ਨਾਲ ਲਿਆ ਤੇ ਨਾਲ ਫ਼ਜ਼ਲਾਬਾਦੀ ਕਾਮਰੇਡ ਵੀ ਹੋਏ। ਉਗਰਾਈ ਸ਼ੁਰੂ ਕੀਤੀ। ਉਸਾਰੀ ਆਰੰਭ ਹੋਈ। ਸਾਰੇ ਸਾਥੀ ਵੀ ਉਸ ਕੰਮ ਲਗੇ ਰਹੇ। ਮਾਸਟਰ ਪ੍ਰੀਤਮ ਸਿੰਘ ਢੰਡ ਵਿਚ ਅੱਗੇ ਹੁੰਦਾ। ਪਿਆਰਾ ਸਿੰਘ ਨੇ ਸਾਰਾ ਲੱਕੜੀ ਦਾ ਕੰਮ ਕੀਤਾ ਇਹ ਕਾਰੀਗਰ ਸਿੰਘ ਸੀ। ਸਾਰਿਆਂ ਬੱਚਿਆਂ ਰਲ ਕੇ ਬੜੀ ਮਿਹਨਤ ਕੀਤੀ। ਮੈਂ ਵੀ ਕਈ ਵਾਰੀ ਜਾ ਕੇ ਰਹਿਣਾ ਅਤੇ ਉਸਾਰੀ ਵਿਚ ਹੱਥ ਵਟਾਉਣਾ। ਸਾਥੀਆਂ ਇੱਟਾਂ ਵੀ ਢੋਣੀਆਂ। ਸਕੂਲ ਚੰਗਾ ਹੋ ਗਿਆ। ਇਕ ਹੈੱਡ ਮਾਸਟਰ ਆ ਗਿਆ। ਪੱਕਾ ਪਾਰਟੀ ਨਾਲ ਨਾਮ ਸੀ, ਜੋਗਿੰਦਰ ਸਿੰਘ। ਵੇਖਣ ਸੁਣਨ, ਫਿਰਨ ਤੁਰਨ, ਮਿਹਨਤ ਕਰਾਉਣ ਵਿਚ ਸਿਆਣਾ। ਸਮਝਦਾਰ ਅਤੇ ਤਹੱਮਲ ਵਾਲਾ। ਸਾਰਿਆਂ ਲੋਕਾਂ ਨਾਲ ਅਤੇ ਮਾਸਟਰਾਂ ਤੇ ਬੱਚਿਆਂ ਨਾਲ ਮਿਲ ਕੇ ਰਹਿਣ ਵਾਲਾ। ਉਹ ਸਕੂਲ ਇਲਾਕੇ ਵਿਚ ਬੜਾ ਮਕਬੂਲ ਹੋਇਆ। ਸਾਥੀਆਂ ਦੇ ਕੁੜੀਆਂ ਮੁੰਡੇ ਵੀ ਉਥੇ ਪੜ੍ਹਨ ਲੱਗ ਪਏ। ਟਪਿਆਲੇ ਦਾ ਇਕ ਲੜਕਾ ਵੀ ਉਥੇ ਪੜ੍ਹਨ ਆ ਗਿਆ। ਮੇਰੀਆਂ ਦੋਵੇਂ ਕੁੜੀਆਂ ਵੀ। ਮਾ: ਮਹਿੰਦਰ ਸਿੰਘ ਬੜਾ ਸਿਰੜੀ ਮਿਹਨਤੀ ਬੱਚਿਆਂ ਨੂੰ ਪੜ੍ਹਾਉਂਦਾ ਪੂਰੀ ਲਗਨ ਨਾਲ। ਪਾਰਟੀ ਦਾ ਤਨੋ ਮਨੋ ਲਾਇਕ। ਉਸ ਦੀਆਂ ਦੋ ਭੈਣਾਂ ਦੇ ਨਾਲ ਜਿਹੜੀਆਂ ਉਥੇ ਪੜ੍ਹਦੀਆਂ ਸਨ, ਮੇਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੜਕੀ ਵੀ ਉਹਨਾਂ ਨਾਲ ਪੜ੍ਹਦੀ ਤੇ ਰਹਿੰਦੀ । ਉਸ ਤੋਂ ਨਿੱਕੀ ਤੋਸ਼ੀ ਕਾ: ਹਰਭਜਨ ਸਿੰਘ ਫ਼ਜ਼ਲਾਬਾਦੀ ਦੇ ਘਰ ਰਹਿੰਦੀ । ਇਹ ਛੇਵੀਂ ਵਿਚ ਪੜ੍ਹਦੀ ਸੀ । ਹਰਭਜਨ ਨੇ ਕਿਹਾ — ਰਾਹੀ ਜੀ, ਮੈਂ ਕੱਲਾ ਹਾਂ, ਇਹ ਮੇਰੀ ਨਿੱਕੀ ਭੈਣ ਸਮਝੋ । ਉਸ ਦੀ ਪਤਨੀ ਬੜੀ ਸਹੁਣੀ ਸੁਘੜ ਤੇ ਗਊ ਸੁਭਾਅ ਵਾਲੀ ਸੀ । ਮੇਰੀ ਲੜਕੀ ਤੇ ਉਹ ਬਿਲਕੁਲ ਭੈਣਾਂ ਲਗਦੀਆਂ ਸਨ ।

ਮੇਰੀ ਤੀਹ ਰੁਪਏ ਵੇਜ ਵੀ ਇਸ ਸਕੂਲ ਦਾ ਸਿੱਲ ਦਿੰਦਾ । ਮਹੀਨੇ-ਮਹੀਨੇ ਮੈਂ ਸੌਖੇ ਢੰਗ ਨਾਲ ਲੈ ਜਾਂਦਾ ਸਾਂ । ਜਿਲ੍ਹਾ ਕਮੇਟੀ ਦਾ ਮੈਂਬਰ ਸਾਂ ਮੈਨੂੰ ਉਸ ਸਕੂਲ ਬਾਰੇ ਕੁਝ ਪਤਾ ਨਹੀਂ ਸੀ ਉਹ ਕਿਸ ਤਰ੍ਹਾਂ ਚਲਦਾ ਹੈ । ਕੀ ਹਿਸਾਬ ਕਿਤਾਬ ਹੈ ? ਉਸ ਨੂੰ ਪਸੰਦ ਬਹੁਤ ਕਰਦਾ ਸਾਂ । ਸਲਾਨਾ ਖੇਡਾਂ ਹੁੰਦੀਆਂ ਜਾਂ ਹੋਰ ਕੋਈ ਸਮਾਗਮ ਸਕੂਲ ਕਰਦਾ ਕਾਮਰੇਡ ਦੀਆਂ ਕਾਮਰੇਡਣੀਆਂ ਵੀ ਆਉਂਦੀਆਂ । ਮੇਰੀ ਪਤਨੀ ਸਤਵੰਤ ਦੀ ਉਹ ਸਾਰੇ ਬਹੁਤ ਇੱਜ਼ਤ ਕਰਦੇ । ਕਈ ਸਲਾਹਾਂ ਉਹਨਾਂ ਦੀਆਂ ਪਤਨੀਆਂ ਇਸ ਨਾਲ ਕਰਦੀਆਂ । ਬਹੁਤ ਚੰਗੀ ਸ਼ੋਹਰਤ ਸਕੂਲ ਦੀ ਹਰ ਪੱਖੋਂ ਬਣ ਗਈ ।

ਇਕ ਮੀਟਿੰਗ ਵਿਚ ਡੇਢ ਗਵਾਰ ਕਾਮਰੇਡ ਪਿਆਰੇ ਨੇ ਸਵਾਲ ਉਠਾਇਆ ਕਿ ਵੇਜ਼ ਰਾਹੀ ਨੂੰ ਨਹੀਂ ਮੈਨੂੰ ਮਿਲਣੀ ਚਾਹੀਦੀ ਹੈ । ਮੈਂ ਸਕੂਲ ਬਹੁਤਾ ਆਉਂਦਾ ਜਾਂਦਾ ਹਾਂ । ਉਸ ਦਾ ਪਿੰਡ ਲਾਗੇ ਸੀ । ਟਪਿਆਲੇ ਦਾ ਲਾਡਲਾ ਤੇ ਕਮਜ਼ੋਰੀਆਂ ਦਾ ਭੇਤੀ । ਇਹ ਗੱਲ ਸੁਣ ਕੇ ਸਿੱਲ ਕੋਈ ਹੂੰ ਹਾਂ ਨਾ ਕਰ ਸਕਿਆ । ਟਪਿਆਲੇ ਨੇ ਕਿਹਾ — ਨਹੀਂ ਇਹ ਅਜੇ ਹੋਰ ਕੁਝ ਚਿਰ ਰਾਹੀ ਨੂੰ ਮਿਲਣ ਦਿਉ । ਗੱਲ ਮਨਜ਼ੂਰ ਹੋ ਗਈ ।

ਮੈਨੂੰ ਵੇਜ਼ ਉਹਨਾਂ ਤੋੜ ਤੋੜ ਕੇ ਪੱਜ ਪਾ ਕੇ ਦੇਣੀ ਸ਼ੁਰੂ ਕਰ ਦਿੱਤੀ । ਮੈਂ ਇਹ ਹਾਲਤ ਵੇਖ ਕੇ ਆਪਣੇ ਯਾਰ ਮਹਿਰਮ ਨੂੰ ਮਿਲਿਆ ਹੋਰਨਾਂ ਸ਼ਾਇਰਾਂ ਨੂੰ ਵੀ ਮਿਲਿਆ ਆਖਿਆ — ਮੈਨੂੰ ਸੱਦਿਆ ਕਰੋ, ਮੈਂ ਆਇਆ ਕਰਾਂਗਾ । ਜੋ ਕਿਹਾ ਕਰੋਗੇ, ਬੋਲਿਆ ਕਰਾਂਗਾ । ਅੰਮ੍ਰਿਤਸਰ ਤੋਂ ਕਰਤਾਰ ਸਿੰਘ ਬੱਲਗਣ ਦਾ ਮਾਸਕ ਖਰਚਾ ਨਿਕਲਦਾ ਸੀ, 'ਕਵਿਤਾ' ਉਹ ਤੋਲ ਤੁਕਾਂਤ ਵਾਲਿਆਂ ਦਰਬਾਰੀ ਕਵੀਆਂ ਦਾ ਪਰਚਾ ਸੀ । ਉਸ ਵਿਚ ਛਾਇਆ ਵੀ ਹੋਣ ਲੱਗ ਪਿਆ । ਮੈਂ ਸ਼ਾਇਰਾਂ ਨਾਲ ਸਾਂਝ ਵਧਾ ਲਈ । ਵੇਜ਼ ਜਦੋਂ ਮਿਲਦੀ ਠੀਕ ਹੈ ਨਾ ਮਿਲਦੀ, ਮੈਂ ਗ਼ਮ ਨਾ ਕਰਦਾ ।

ਮੀਟਿੰਗ ਜਿਲ੍ਹੇ ਦੀ ਹੋਈ, ਗੱਲ ਤੁਰੀ — ਰਾਹੀ ਕਮਿਊਨਿਸਟ ਹੋ ਕੇ ਧਾਰਮਿਕ ਕਵਿਤਾਵਾਂ ਬੋਲਦਾ ਹੈ ।......ਟਪਿਆਲੇ ਨੇ ਆਖਿਆ — ਬੋਲਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਕੋਈ [illegible] ਕਰਾਮਾਤਾਂ ਅਤੇ ਫਾਲਤੂ ਗੱਲਾਂ ਲਾਈਆਂ ਜਾਂਦੀਆਂ ਹਨ ਉਹ ਨਹੀਂ ਲਗਣੀਆਂ ਚਾਹੀਦੀਆਂ। ਬਾਕੀ ਰਾਹੀ ਪਾਰਟੀ ਦਾ ਕੁਲ ਵਕਤੀ ਹੈ, ਲੀਡਰ ਹੈ, ਇਸ ਗੱਲ ਦਾ ਖ਼ਿਆਲ ਰਹਿਣਾ ਚਾਹੀਦਾ ਹੈ। ਅਤੇ ਪਾਰਟੀ ਨੂੰ ਹਿਸਾਬ ਦੇਣਾ ਚਾਹੀਦਾ ਹੈ। ਆਪਣੀ ਵੇਜ਼ ਤੇ ਖ਼ਰਚ ਕੱਟ ਕੇ ਬਾਕੀ ਦੇ ਪੈਸੇ ਪਾਰਟੀ ਨੂੰ ਆਉਣੇ ਚਾਹੀਦੇ ਹਨ।...... ਮੈਂ ਮੰਨ ਗਿਆ। ਜਦ ਮੀਟਿੰਗ ਹੋਣੀ ਹਿਸਾਬ ਦੇਣਾ। ਖ਼ਰਚ ਕਾਫ਼ੀ ਹੋ ਜਾਂਦਾ ਸੀ। ਜੋ ਪੈਸੇ ਬਚਣੇ ਕਦੀ ਪਾਰਟੀ ਨੇ ਮੈਨੂੰ ਮਦਦ ਵਜੋਂ ਦੇ ਛੱਡਣੇ, ਕਦੀ ਜਿਲ੍ਹਾ ਪਾਰਟੀ ਨੇ ਲੈ ਲੈਣੇ, ਮੇਰਾ ਹੱਥ ਠੀਕ ਹੋ ਗਿਆ।

ਸਕੂਲ ਇਕ ਨਮੂਨੇ ਦਾ ਸਕੂਲ ਸੀ। ਸਾਰੀ ਕਰਾਮਾਤ ਕਾ: ਟਪਿਆਲੇ ਦੀ ਸੀ। ਹੈੱਡ ਮਾਸਟਰ ਜੋਗਿੰਦਰ ਸਿੰਘ ਦੀ ਗੱਲ ਜਿਹੜਾ ਉਥੇ ਗਿਆਨੀ ਮਾਸਟਰ ਸੀ, ਉਸ ਦੀ ਲੜਕੀ ਨਾਲ ਬਣ ਗਈ। ਹੋਰਨਾਂ ਕਮਜ਼ੋਰ ਬੱਚਿਆਂ ਵਾਂਗ ਉਸ ਨੂੰ ਵੀ ਉਹ ਫਾਲਤੂ ਸਮੇਂ ਵਿਚ ਪੜ੍ਹਾਉਂਦਾ ਸੀ। ਉਸ ਨੂੰ ਇਕੱਲੀ ਨੂੰ ਪੜ੍ਹਾਉਂਦਾ। ਉਹ ਦਸਵੀਂ ਵਿਚ ਪੜ੍ਹਦੀ ਸੀ। ਵੇਖਣ ਵਿਚ ਬਹੁਤ ਭੋਲੀ ਭਾਲੀ ਸਹਿਜ ਨਾਲ ਤੁਰਨ ਤੇ ਸਹਿਜ ਨਾਲ ਗੱਲਬਾਤ ਕਰਨ ਵਾਲੀ। ਮੈਂ ਸੁਣ ਕੇ ਬੜਾ ਹੈਰਾਨ ਹੋਇਆ ਸਾਂ। ਇਹ ਗੱਲ ਮਾਸਟਰੀ ਸਿੱਲ ਵਿਚ ਚਲੀ। ਸਵਾਏ ਕਾ: ਡੇਢ ਗਵਾਹ ਦੇ ਹੋਰ ਕਿਸੇ ਨੂੰ ਪਤਾ ਨਹੀਂ ਸੀ। ਸਾਰੀ ਜਿਲ੍ਹਾ ਕਮੇਟੀ ਇਸ ਤੋਂ ਕੋਰੀ ਸੀ। ਨਾ ਇਹ ਗੱਲ ਜਿਲ੍ਹਾ ਕਮੇਟੀ ਵਿਚ ਆਂਦੀ ਗਈ। ਮਾਸਟਰ ਮਹਿੰਦਰ ਸਿੰਘ ਇਸ ਗੱਲ ਨੂੰ ਬੜਾ ਚੁੱਕਦਾ ਸੀ। ਘੁਸਰ ਪੁਸਰ 'ਚੋਂ ਮੈਨੂੰ ਪਤਾ ਲੱਗਾ। ਪਰ ਸਾਨੂੰ ਵਿਚ ਨਹੀਂ ਸੀ ਲਿਆ ਗਿਆ। ਬਹੁਤ ਗੱਲ ਚੜ੍ਹ ਗਈ। ਹੈਰਾਨੀ ਇਹ ਸੀ ਕਿ ਮਾ: ਜੋਗਿੰਦਰ ਸਿੰਘ ਉਸ ਨਾਲ ਵਿਆਹ ਕਰਾਉਣ ਤੇ ਰਾਜ਼ੀ ਸੀ। ਧੀ ਵਾਲਾ ਗਿਆਨੀ ਮਾਸਟਰ ਰਾਜ਼ੀ ਸੀ। ਫਿਰ ਵੀ ਇਸ ਗੱਲ ਨੂੰ ਤੂਲ ਦਿੱਤਾ ਜਾ ਰਿਹਾ ਸੀ। ਗੱਲ ਪਿੰਡ ਵਿਚ ਵੀ ਖਿਲਰ ਗਈ। ਦੋ ਮਾਸਟਰ ਨੌਕਰੀ ਛੱਡ ਕੇ ਚਲੇ ਗਏ। ਮਾ: ਮਹਿੰਦਰ ਸਿੰਘ ਤੇ ਇਕ ਹੋਰ ਗੱਲ ਚੁੱਕੀ ਜਾ ਰਹੇ ਸਨ। ਇਖ਼ਲਾਕ ਦਾ ਢੋਲ ਵਜਾ ਰਹੇ ਸਨ। ਅੰਤ ਉਤੇ ਹੈੱਡ ਮਾਸਟਰ ਵੀ ਉਥੋਂ ਨੌਕਰੀ ਛੱਡ ਕੇ ਚਲਿਆ ਗਿਆ। ਸਕੂਲ ਦੀ ਕੋਈ ਬਣਤਰ ਨਾ ਰਹੀ। ਕਾ: ਡਿਉੜਾ ਗਵਾਹ ਪਾਰਟੀ ਦਾ ਨਾਂ ਲੈ ਕੇ ਮਾਸਟਰਾਂ ਨੂੰ ਅੱਖੀਆਂ ਟੱਡ ਟੱਡ ਕੇ ਵਿਖਾਉਂਦਾ। ਆਪ ਨੂੰ ਊੜਾ ਐੜਾ ਵੀ ਨਹੀਂ ਸੀ ਆਉਂਦਾ। ਬਿਲਕੁਲ ਮਾਰੂ ਲੰਮਿਆਂ ਸਿੰਗਾਂ ਨਾਲ ਸੰਡਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਾ: ਟਪਿਆਲਾ ਬਥੇਰਾ ਜ਼ੋਰ ਲਾਉਂਦਾ ਰਿਹਾ ਪਰ ਬੇਅਰਥ । ਜਿਲ੍ਹਾ ਸੈਕਟਰੀ ਬਿਸ਼ਨ ਸਿੰਘ ਇਸ ਗੱਲ ਵਿਚ ਨਾ ਆਉਂਦਾ ਅਤੇ ਨਾ ਕਦੇ ਸਕੂਲ ਦੇ ਸਿੱਲ ਦੀ ਉਸ ਮੀਟਿੰਗ ਕਰਾਈ ਸੀ ।

ਮੈਂ ਦਿਲੋਂ ਇਹ ਸੋਚਦਾ ਸਾਂ ਕਿ ਇਸ ਇਖ਼ਲਾਕੀ ਮਸਲੇ ਨੂੰ ਲੈ ਕੇ ਇਤਨਾ ਤੂਲ ਨਾ ਦਿੱਤਾ ਜਾਵੇ । ਬਹਿ ਕੇ ਤਸਫੀਆ ਕਰ ਲਿਆ ਜਾਏ । ਗੱਲ ਨੂੰ ਦੱਬ ਘੁੱਟ ਦਿੱਤਾ ਜਾਏ । ਇਸ ਇਖ਼ਲਾਕੀ ਗ਼ਲਤੀ ਨੂੰ ਲੈ ਕੇ ਸਕੂਲ ਦੀ ਜੜ੍ਹ ਨਾ ਮਾਰੀ ਜਾਏ । ਇਸ ਨੂੰ ਉਸਾਰਨ ਦੀ ਸਾਰੀ ਤਾਰੀਖ਼ ਨੂੰ ਹੁਜੋਕਿਆਂ ਨਾਲ ਢਾਇਆ ਨਾ ਜਾਏ । ਜਵਾਨੀਆਂ ਟਕਰਾਉਂਦੀਆਂ ਆਈਆਂ ਹਨ । ਤੇ ਟਕਰਾਉਂਦੀਆਂ ਰਹਿਣਗੀਆਂ । ਦਿਲ ਦੀ ਗੱਲ ਕਿਸੇ ਸਾਥੀ ਨਾਲ ਕਰਦਾ ਨਹੀਂ ਸਾਂ । ਜੇ ਉਸ ਟਪਿਆਲੇ ਨੂੰ ਦੱਸ ਦਿੱਤਾ ਮੇਰੇ ਉਤੇ ਗੁੱਟ ਬੰਦੀ ਦਾ ਦੋਸ਼ ਲੱਗ ਜਾਏਗਾ । ਇਸ ਗੱਲ ਦਾ ਮੈਨੂੰ ਪਤਾ ਨਹੀਂ ਸੀ ਕਾ: ਟਪਿਆਲੇ ਨੇ ਸੂਬੇ ਵਿਚ ਇਹ ਗੱਲ ਤੋਰੀ ਹੈ ਕਿ ਨਹੀਂ ।

ਕੀ ਹੋਣਾ ਸੀ ? ਹੋਇਆ ਸਕੂਲ ਪਾਰਟੀ ਹੱਥੋਂ ਨਿਕਲ ਕੇ ਅਕਾਲੀਆਂ ਕੋਲ ਚਲਿਆ ਗਿਆ । ਨਾ ਰਿਹਾ ਸਕੂਲ ਨਾ ਰਹੇ ਦੋ ਪਿੰਡਾਂ ਦੇ ਸਿੱਲ । ਮੇਰੀ ਕੁੜੀ ਵੱਡੀ ਡੇਰੇ ਸਕੂਲ ਵਿਚ ਆ ਗਈ । ਨਿੱਕੀ ਨਾਨਕੇ ਪੜ੍ਹਨ ਚਲੀ ਗਈ । ਜੇ ਮੈਂ ਇਹ ਗੱਲ ਕਹਿ ਦਿਆਂ ਕਿ ਟਪਿਆਲੇ ਨੇ ਦੁਸਹਿਰਾ ਬਣਾਇਆ । ਬੁੱਤ ਖੜੇ ਕੀਤੇ । ਮੇਲਾ ਲਾਇਆ । ਮਗਰੋਂ ਅੱਗ ਲਾ ਕੇ ਸਭ ਕੁਝ ਸਵਾਹ ਕਰ ਦਿੱਤਾ । ਜਿਲ੍ਹਾ ਕਮੇਟੀ ਨੇ ਵੀ ਇਹ ਸਾਰਾ ਤਮਾਸ਼ਾ ਵੇਖਿਆ । ਜੈ ਜੈ ਕਾਰ ਕਾ: ਟਪਿਆਲੇ ਦੀ ਜਿਹੜੀ ਹੁੰਦੀ ਸੀ ਉਸ ਵਿਚ ਤਰੇੜਾਂ ਪੈ ਗਈਆਂ । ਜਦ ਮੈਂ ਇਹ ਕੁਝ ਲਿਖ ਰਿਹਾ ਹਾਂ ਉਹਨਾਂ ਪਿੰਡਾਂ ਵਿਚ ਪਾਰਟੀ ਦਾ ਨਾਂ ਵੀ ਖ਼ਤਮ ਹੈ ।

ਇਸ ਸਕੂਲ ਦਾ ਇਕ ਮੁੰਡਾ ਸੀ ਸਾਡੀ ਬਰਾਦਰੀ ਦਾ ਪ੍ਰਤਾਪ ਸਿੰਘ ਨਾਗੀ । ਉਸ ਦਾ ਪਿਤਾ ਉਹਨੂੰ ਅਠਵੀਂ ਤੋਂ ਵੱਧ ਨਹੀਂ ਸੀ ਪੜ੍ਹਾਉਂਦਾ । ਸਕੂਲ ਵਿਚ ਪੜ੍ਹਿਆ । ਨਾਲੇ ਡਰਾਇੰਗ ਮਾਸਟਰੀ ਕਰਦਾ ਰਿਹਾ । ਉਹ ਮੁੰਡਾ ਪ੍ਰਤਾਪ ਸਿੰਘ ਆਪ ਮਿਹਨਤ ਕਰਕੇ ਐਮ. ਏ. ਬੀ. ਐਡ. ਕਰ ਗਿਆ । ਮੇਰੀ ਤੀਜੀ ਧੀ ਰਾਜ ਉਸ ਦੀ ਹੁਣ ਪਤਨੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਲ ਇੰਡੀਆ ਅਮਨ ਕਾਨਫ਼ਰੰਸ

ਇਸ ਸਮੇਂ ਮੇਰਾ ਅੰਦਰ ਬਾਹਰ ਪੰਜਾਬ ਦੇ ਹਾਲਾਤ ਨੇ ਮੱਲਿਆ ਹੋਇਆ ਹੈ। ਜੇ ਥੋੜ੍ਹੀ ਝਾਤ ਇਸ ਉਤੇ ਨਾ ਪਾਵਾਂ ਤਾਂ ਮੇਰੇ ਅੰਦਰ ਚੈਨ ਤੜਫਦਾ ਰਹੇਗਾ। ਭਾਵੇਂ ਮੇਰੀ ਇਸ ਜੀਵਨੀ ਦਾ ਸਫ਼ਰ ਅਜੇ ਪਿਛੇ ਹੈ। ਇਹ ਜੂਨ 1988 ਦਾ ਮਹੀਨਾ ਹੈ। ਗੌਰਮਿੰਟ ਨੇ ਸ਼ਕਤੀ ਨਾਲ ਹਰਿਮੰਦਰ ਸਾਹਿਬ ਦਾ ਘੇਰਾ ਪਾ ਕੇ ਅੱਤਵਾਦੀਆਂ ਜੁਝਾਰੂਆਂ ਨੂੰ ਹੱਥ ਖੜੇ ਕਰਕੇ ਬਾਹਰ ਆਉਣ ਲਈ ਮਜਬੂਰ ਕਰ ਦਿੱਤਾ। ਦੋਹੀਂ ਬੰਨੀ ਕੋਈ ਖ਼ੂਨ ਖ਼ਰਾਬਾ ਹੋਇਆ। ਇਹ ਸਫ਼ਲ ਐਕਸ਼ਨ ਹੋਇਆ ਸਰਕਾਰ ਦਾ। ਦੇਸ਼ ਪ੍ਰਦੇਸ਼ ਦੇ ਪੱਤਰਕਾਰ ਸੱਦੇ ਗਏ। ਉਹਨਾਂ ਫ਼ਿਲਮਾਂ ਲਈਆਂ, ਫੋਟੋਆਂ ਲਈਆਂ। ਰੋਜ਼ ਟੈਲੀਵਿਜ਼ਨ ਉਤੇ ਹਾਲਾਤ ਵਿਖਾਏ ਗਏ।

ਮੱਸੇ ਰੰਗੜ ਨੇ ਹਰਿਮੰਦਰ ਨੂੰ ਮੰਦਖ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ। ਇਹਨਾਂ ਅੱਤਵਾਦੀਆਂ ਨੇ ਪਰਕਰਮਾਂ ਵਿਚ ਬਣਾਏ ਕਮਰਿਆਂ ਵਿਚ ਜਲਮਤ ਖਾਨੇ, ਤਸੀਹੇ ਖਾਨੇ, ਚਿੱਠੀਆਂ ਘੱਲ ਘੱਲ ਕੇ ਲੱਖਾਂ ਰੁਪਏ ਬਟੋਰ ਖਾਨੇ, ਲਹੂ ਪੀਣ ਖਾਨੇ, ਹੋਰ ਪਤਾ ਨਹੀਂ ਕੀ ਕੀ ਖਾਨੇ ਖੋਹਲੇ। ਤਸੀਹਾਂ ਨਾਲ ਮਾਰਿਆਂ ਗਿਆਂ ਦੀਆਂ ਲਾਸ਼ਾਂ ਮੰਜੀ ਸਾਹਿਬ ਦੇ ਸਾਹਮਣੇ ਮਿੱਟੀ ਦੇ ਟਿੱਲੇ ਵਿਚ ਦਬਾਈਆਂ। ਉਹ ਵੀ ਨਿਕਲੀਆਂ।

ਸਾਰੇ ਹਿੰਦੁਸਤਾਨ ਵਿਚ ਅਤੇ ਪ੍ਰਦੇਸਾਂ ਵਿਚ ਸਿੱਖ ਮੂੰਹ ਦੇਣ ਜੋਗੇ ਨਹੀਂ ਰਹੇ। ਹਰਿਮੰਦਰ ਵਿਚ ਆ ਕੇ ਜਿਥੇ ਸਦੀਆਂ ਤੋਂ ਕਰੋੜਾਂ ਸੀਸ ਝੁਕਦੇ ਆ ਰਹੇ ਸਨ ਜੋ ਲੋਕਾਂ ਦੀਆਂ ਆਸਾਂ ਤੇ ਤਮੰਨਾਵਾਂ ਦਾ ਪਵਿੱਤਰ ਸ਼ਾਂਤੀ ਅਸਥਾਨ ਹੈ। ਕੀਰਤਨ ਦਾ ਪ੍ਰਵਾਹ ਚਲਦਿਆਂ ਸੈਂਕੜੇ ਸਾਲ ਹੋ ਗਏ ਹਨ। ਹਰ ਤਰ੍ਹਾਂ ਨਾਲ ਪਲੀਤ ਕੀਤਾ। ਇਹ ਸਭ ਹੱਥ ਖੜੇ ਕਰਕੇ ਆਉਣ ਵਾਲਿਆਂ ਨੇ ਬਿਆਨ ਦਿੱਤੇ। ਬੀਬੀਆਂ ਨੇ ਬਿਆਨ ਦਿੱਤੇ। ਸੁਣ ਕੇ ਲੂੰ ਕੰਡੇ ਖੜ੍ਹੇ ਨਹੀਂ ਹੁੰਦੇ ਸਾਰਾ ਸਰੀਰ ਲਹੂ ਸਣੇ ਕੰਬਣ ਲੱਗ ਪੈਂਦਾ ਹੈ। ਜਿਥੇ ਕੁਝ ਜਨੂਨੀ ਸਿੱਖ ਇਕੱਠੇ ਹੋਣ ਉਥੇ ਤੇ ਕੋਈ ਗ਼ਲਤ ਮਲਤ ਜਨੂਨੀ ਗੱਲ ਕਰਦੇ ਹਨ। ਉਂਜ ਲੋਕਾਂ ਵਿਚ ਸ਼ਰਮਿੰਦਗੀ ਕਾਰਨ ਧੌਣ ਥੱਲੇ ਝੁਕੀ ਰਹਿੰਦੀ ਹੈ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਣ ਬੰਬ ਮਾਰ [illegible] ਅੰਮ੍ਰਿਤਸਰ ਵਿਚ । ਬੱਚੇ, ਬੁੱਢੇ, ਔਰਤਾਂ ਸਾਰਿਆਂ ਦੀਆਂ ਕੀਤੀਆਂ ਉੱਡ ਰਹੀਆਂ ਹਨ ।

ਸਾਮਰਾਜ ਕੋਲ ਹੁਣ ਸਭ ਤੋਂ ਵੱਡਾ ਵਿਉਪਾਰ ਹੈ ਅਸਲੇ ਦਾ । ਮਜ਼ਬੀ ਜਨੂਨ ਅਤੇ ਅਲਾਕਈ ਜਨੂਨ ਭੜਕਾ ਕੇ ਅਸਲਾ ਫਰੋਖਤ ਕਰਨ ਲਈ ਮੰਡੀਆਂ ਬਣਾ ਰਿਹਾ ਹੈ । ਕੋਈ ਮੁਲਕ ਗ਼ੁਲਾਮ ਨਹੀਂ, ਕੋਈ ਤਰੱਕੀ ਕਰ ਗਿਆ ਹੈ, ਕੋਈ ਕਰ ਰਿਹਾ ਹੈ, ਕੋਈ ਕਰਨ ਦੀ ਤਿਆਰੀ ਕਰ ਰਿਹਾ ਹੈ । ਸਾਮਰਾਜ ਆਮ ਮਾਲ ਕਿਥੇ ਵੇਚੇ, ਉਹ ਅਸਲਾ ਵੇਚਣ ਉਤੇ ਜ਼ੋਰ ਲਾ ਰਿਹਾ ਹੈ। ਹਰ ਦੇਸ਼ ਵਿਚ ਲੋਕ-ਦੁਸ਼ਮਣ ਲੋਕਾਂ ਦਾ ਲਹੂ ਚੂਸ ਗ਼ੱਦਾਰ ਉਸ ਨੂੰ ਮਿਲ ਰਹੇ ਹਨ । ਜਿੰਨਾਂ ਚਿਰ ਸਾਮਰਾਜੀ ਦੇਸ਼ਾਂ ਦੇ ਲੋਕਾਂ ਨਾਲ ਬਰਬਾਦ ਹੋ ਰਹੇ ਦੇਸ਼ਾਂ ਜਿਹਾ ਸਲੂਕ ਨਹੀਂ ਹੁੰਦਾ ਉਹਨਾਂ ਆਪਣੇ ਰਾਕਸ਼ ਹਾਕਮਾਂ ਦੇ ਗਲ ਨਹੀਂ ਪੈਣਾ । ਪਤਾ ਨਹੀਂ ਕਿਤਨੇ ਸਾਲ ਇਕ ਤਰਫਾ ਖ਼ੂਨ ਦੀ ਹੋਲੀ ਖੇਡੀ ਜਾਂਦੀ ਰਹੇ ।

ਪੰਜਾਬ ਦੇ ਬਹੁਤੇ ਸਿੱਖ, ਕਿਸਾਨ ਅੱਤਵਾਦ ਦੀ ਅਗਵਾਈ ਕਰ ਰਹੇ ਹਨ । ਕਾਂਗਰਸ ਕੋਲੋਂ ਲੋਕ ਪੁੱਛਣ ਤੁਸਾਂ ਚਾਲੀ ਸਾਲ ਕੀ ਕੀਤਾ ਹੈ ? ਫਿਰ ਦੋਹਾਂ ਕਮਿਊਨਿਸਟ ਪਾਰਟੀਆਂ ਨੂੰ ਪੁੱਛਣ ਚਾਲੀ ਸਾਲ ਕਿਸਾਨੀ ਵਿਚ ਤੁਸਾਂ ਕੀ ਕੀਤਾ ਹੈ ? ਸਟੇਟ ਹੋਰ ਸ਼ਕਤੀਸ਼ਾਲੀ ਹੋ ਰਹੀ ਹੈ । ਕਿਸਾਨੀ ਵਿਉਪਾਰ ਅਤੇ ਕਾਰੋਬਾਰ ਤਬਾਹ ਹੋ ਰਿਹਾ ਹੈ ।

ਕੁਲ ਹਿੰਦ ਕਾਨਫ਼ਰੰਸ ਜਲੰਧਰ ।ਵਚ ਹੋਈ । ਜਿਥੇ ਹੁਣ ਅਜੀਤ ਦਾ ਅਤੇ ਨਵੇਂ ਜ਼ਮਾਨੇ ਅਖ਼ਬਾਰਾਂ ਦਾ ਆਫ਼ਿਸ ਹੈ, ਇਥੇ ਬੜੇ ਵੱਡੇ ਗਰਾਊਂਡ ਵਿਚ ਬੜਾ ਵੱਡਾ ਪੰਡਾਲ ਲੱਗਾ ਹੋਇਆ ਸੀ । ਸਾਰੇ ਹਿੰਦੁਸਤਾਨ ਵਿਚੋਂ ਕਲਚਰਲ ਗਰੁੱਪ ਆਏ ਸਨ । ਬੜਾ ਤਗੜਾ ਅਤੇ ਸ਼ਾਨਦਾਰ ਪ੍ਰੋਗਰਾਮ ਅਤੇ ਇੰਤਜ਼ਾਮ ਸੀ । ਤੇਰਾ ਸਿੰਘ ਚੰਨ, ਆਨੰਦ ਨਵਤੇਜ, ਹੋਰ ਬੁੱਧੀਜੀਵੀ ਵੀ ਦਿਨ ਰਾਤ ਇਕ ਕਰ ਰਹੇ ਸਨ । ਪੰਜਾਬ ਦੀ ਪਾਰਟੀ ਦੇ ਲਗਭਗ ਸਾਰੇ ਕਲਾਕਾਰ ਅਤੇ ਲੀਡਰ ਪੁੱਜੇ ਹੋਏ ਸਨ । ਦੋ ਰਾਤਾਂ ਸਟੇਜ ਉਤੇ ਡਰਾਮੇ ਖੇਡੇ ਗਏ । ਸ਼ੀਲਾ ਭਾਟੀਆ ਦਾ ਅਪਰੇਟਾ 'ਚੰਨ ਦਾ ਲੱਕੜ ਦੀ ਲੱਤ' 'ਪੋਰਸ ਤੇ ਸਕੰਦਰ', ਹੋਰ ਬਾਹਰਲੇ ਦੇ ਪ੍ਰੋਗਰਾਮ । ਦੁਨੀਆਂ ਟੁੱਟ ਕੇ ਪੈਂਦੀ । ਖਲਕਤ ਗਿਣਨੋਂ ਬਾਹਰ । ਦਿਨੇ ਵੀ ਅਸੀਂ ਕਈਆਂ ਥਾਵਾਂ ਉਤੇ ਬੈਠ ਕੇ ਕਵਿਤਾਵਾਂ ਸੁਣਦੇ ਸੁਣਾਉਂਦੇ ਰਹਿੰਦੇ । ਸਾਡੇ ਜਿਲ੍ਹੇ ਦੇ ਗਰੁੱਪ ਨੂੰ ਨਾਲ ਨਹੀਂ ਸੀ ਲਿਆ ਗਿਆ । ਸਾਡੇ ਨਾਲ ਸੂਬੇ ਵਾਲਿਆਂ ਕੋਈ ਗੱਲ ਨਹੀਂ ਸੀ ਕੀਤੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਮਰਜੀਤ ਕੱਲਾ ਹਿੱਸਾ ਲੈ ਰਿਹਾ ਸੀ। ਇਥੋਂ ਤੱਕ ਗੱਲ ਚਲੀ, ਜਦ ਮੈਂ ਕਿਹਾ ਕਿ ਮੈਂ ਕਵਿਤਾ ਬੋਲਣੀ ਹੈ ਤਾਂ ਮੈਨੂੰ ਰੋਕਣਾ ਮੁਸ਼ਕਲ ਹੋ ਗਿਆ। ਮੈਨੂੰ ਖਿਝ ਸੀ ਕਿਸੇ ਵੇਖਿਆ ਨਹੀਂ ਸੀ। ਕਾ: ਆਨੰਦ ਨੇ ਵੱਖਰਾ ਕਰਕੇ ਆਖਿਆ ਕਿ ਤੂੰ ਨਾ ਬੋਲ ਮੇਰੀ ਗੱਲ ਮੰਨ ਜਾ।......ਮੈਂ ਮੰਨ ਗਿਆ। ਇਸ ਭੇਦ ਦਾ ਮੈਨੂੰ ਕੁਝ ਪਤਾ ਨਹੀਂ। ਕੁੜੀਆਂ ਦੀ ਸਟੇਜ ਉਤੇ ਕਾਫੀ ਭੀੜ ਰਹਿੰਦੀ। ਜਾਪਦਾ ਸੀ ਆਨੰਦ ਹੋਰੀਂ ਪੂਰੀ ਤਰ੍ਹਾਂ ਨਾਲ ਹਰਕਿਸ਼ਨ ਸਿੰਘ ਸੁਰਜੀਤ ਦੇ ਪੱਖ ਨੂੰ ਨੀਚਾ ਵਿਖਾ ਰਹੇ ਹਨ। ਇਕ ਵਧੀਆ ਸ਼ਾਨਦਾਰ ਰੰਗ ਬਰੰਗਾ ਮੇਲਾ ਸੀ। ਜਿਥੇ ਜ਼ਨਾਨੀਆਂ ਨਿਖਰ-ਨਿਖਰ ਕੇ ਅਤੇ ਆਨੰਦਮਈ ਮੁਸਕੜੀਆਂ ਨਾਲ ਵਿਚਰ ਰਹੀਆਂ ਸੀ। ਸੁਰਿੰਦਰ ਕੌਰ ਵੀ ਆਈ। ਮੈਨੂੰ ਕੁਝ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਸੈਕਸੀ ਭੁੱਖ ਦੀ ਨੁਮਾਇਸ਼ ਹੋ ਰਹੀ ਹੋਵੇ। ਇਹ ਮੇਰੀ ਸੋਚਣੀ ਨਿੱਜੀ ਸੀ।

ਇਹ ਅਮਨ ਕਾਨਫਰੰਸ ਇਤਨੀ ਤਿਆਰੀ ਅਤੇ ਜੋਸ਼ ਨਾਲ ਕੀਤੀ ਗਈ ਕਿ ਮੈਂ ਆਪਣੀ ਵੱਡੀ ਚਾਚੀ ਜੀ ਅਤੇ ਉਹਨਾਂ ਦੀ ਨਿੱਕੀ ਭੈਣ ਮਹਿੰਦਰ ਨੂੰ ਵੀ ਲੈ ਕੇ ਗਿਆ ਸਾਂ। ਉਥੇ ਉਹਨਾਂ ਦੇ ਰਹਿਣ ਦਾ ਟਿਕਾਣਾ ਸੀ। ਉਥੋਂ ਆਉਂਦੇ ਪ੍ਰੋਗਰਾਮ ਵੇਖ ਜਾਂਦੇ। ਹੋਰ ਵੀ ਕਈ ਔਰਤਾਂ ਨਾਲ ਆਉਂਦੀਆਂ। ਮੈਂ ਰੂਪਾ ਨੂੰ ਵੀ ਚਿੱਠੀ ਪਾ ਕੇ ਸੱਦ ਲਿਆ ਸੀ। ਜਲੰਧਰ ਵਿਚ ਜੈਪਾਲ ਦਰਸ਼ਨ ਕੁਝ ਸਮੇਂ ਲਈ ਆਇਆ ਹੋਇਆ ਸੀ। ਉਸ ਨੇ ਇਕ ਕਮਰਾ ਬਾਹਰਵਾਰ ਕਿਰਾਏ ਉਤੇ ਲਿਆ ਹੋਇਆ ਸੀ। ਲਾਗੇ ਪੈਲੀਆਂ ਸਨ, ਘਰ ਅੱਗੇ ਇਕ ਵੱਡਾ ਬੋਹੜ ਸੀ। ਰੂਪਾ ਡਾਕਟਰ ਭਰਜਾਈ ਵੱਲ ਆਈ ਸੀ। ਉਥੋਂ ਮੈਂ ਗੱਡੀ ਸਣੇ ਜਲੰਧਰ ਲੈ ਆਇਆ ਸਾਂ। ਜੈਪਾਲ ਦਰਸ਼ਨ ਉਸ ਨੂੰ ਕਾਨਫਰੰਸ ਵਿਚ ਲੈ ਜਾਂਦਾ ਅਤੇ ਲੈ ਆਉਂਦਾ। ਅਸੀਂ ਦੋਹੇਂ ਉਸ ਕਮਰੇ ਵਿਚ ਰਾਤ ਕੱਟਦੇ। ਜੈਪਾਲ ਕਿਤੇ ਹੋਰ ਜਾ ਰਹਿੰਦਾ।

ਟੀਕਾ ਰਾਮ ਸੁਖਨ ਨੂੰ ਵੀ ਉਥੇ ਕੋਈ ਨਹੀਂ ਸੀ ਪੁੱਛਦਾ। ਹੋਰ ਵੀ ਚੰਗੇ ਚੰਗੇ ਸ਼ਾਇਰ ਸਨ ਸਾਡੇ ਨਾਲ। ਇਕ ਗੱਪਾਂ ਦਾ ਜੁੱਟ ਬਣ ਗਿਆ। ਜਦ ਵੀ ਮੈਂ ਤੇਰਾ ਸਿੰਘ ਚੰਨ ਨੂੰ ਮਿਲਦਾ ਉਹ ਰੁੱਝਾ ਹੁੰਦਾ ਤਿਆਰੀ ਵਿਚ ਕਦੇ ਕੁੜੀਆਂ ਇਕੱਠੀਆਂ ਕਰਦਾ ਕਦੇ ਮੁੰਡੇ ਇਕੱਠੇ ਕਰਦਾ। ਜਾਪਦਾ ਸੀ ਇਸ ਨੇ ਸਾਰਾ ਪਹਾੜ ਹਨੂੰਮਾਨ ਬਣ ਕੇ ਸਿਰ ਉਤੇ ਚੁੱਕਿਆ ਹੋਇਆ ਹੈ। ਮੇਰੇ ਜਿਹੇ, ਸੁਖਨ ਜਿਹੇ ਇੰਝ ਫਿਰਦੇ ਸਨ ਜਿਵੇਂ ਭੁੱਲੀ ਵੈਹੜ ਚੌਣੇ ਵਿਚ ਫਿਰਦੀ ਹੈ। ਉਹਨੀਂ ਦਿਨੀਂ ਕੰਧਾਂ ਉਤੇ ਬੋਰਡ ਲਿਖੇ ਹੁੰਦੇ ਸੀ, 'ਬਰਲਨ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੁਬਾਰਾ [illegible] ਮੈਨੂੰ ਕਈ ਗੱਲਾਂ ਦੱਸਦਾ। ਉਸ ਨੇ ਮੈਨੂੰ ਇਹ ਵੀ ਆਖਿਆ — ਰਾਹੀ ਤੇਰੀ ਕਵਿਤਾ ਵਿਚ ਸਾਹਿਤ ਘੱਟ ਹੁੰਦਾ ਹੈ ਸਾਹਿਤਕ ਲਿਖਿਆ ਕਰ, ਤੂੰ ਲਿਖ ਸਕਦਾ ਹੈਂ। ਨਾਅਰੇ ਬਹੁਤ ਚਿਰ ਨਹੀਂ ਰਹਿੰਦੇ। ਹੋਰ ਵੀ ਕਈ ਗੱਲਾਂ।

ਇਸ ਅਮਨ ਕਾਨਫ਼ਰੰਸ ਤੋਂ ਇੰਝ ਜਾਪਦਾ ਸੀ ਕਿ ਜੋ ਸਭਿਆਚਾਰ ਹੈ ਸਾਰਾ ਕਮਿਊਨਿਸਟ ਪਾਰਟੀ ਕੋਲ ਹੈ। ਸ਼ਹਿਰ ਦੇ ਲੋਕ ਆਮ ਗੱਲਾਂ ਕਰਦੇ ਅਤੇ ਸੁਣਾਉਂਦੇ। ਕਈ ਲੋਕ ਕਹਿੰਦੇ ਕਾਂਗਰਸ ਬਾਅਦ ਕਮਿਊਨਿਸਟ ਪਾਰਟੀ ਆਉਣੀ ਹੈ।

ਸੰਤੋਖ ਸਿੰਘ ਧੀਰ ਨੂੰ ਵੀ ਉਥੇ ਮੈਂ ਖੁੱਲ੍ਹ ਕੇ ਵੇਖਿਆ। ਰਾਮਪੁਰੀਏ ਵੀ ਸਾਰੇ ਇਕੱਠੇ ਬੈਠਦੇ ਕਵਤੋ ਕਵਤੀ ਹੁੰਦੇ। ਤੇਰਾ ਸਿੰਘ ਚੰਨ ਜਿਨ੍ਹਾਂ ਨੂੰ ਠੀਕ ਸਮਝਦਾ, ਸੱਦ ਲੈਂਦਾ। ਉਥੇ ਮੈਨੂੰ ਇਕ ਗੱਲ ਹੋਰ ਮਾਲੂਮ ਹੋਈ ਕਿ ਸਾਰੇ ਮਲਵਈ ਸ਼ਾਇਰ ਮੈਨੂੰ ਅਛੂਤ ਸਮਝਦੇ। ਮੈਂ ਲਾਗੇ ਜਾ ਬਹਿੰਦਾ। ਮੈਨੂੰ ਕਵਾਉਂਦੇ ਨਾ। ਆਪੋ ਵਿਚ ਗੱਲਾਂ ਕਰਦੇ, ਸੁਣਦੇ ਸੁਣਾਉਂਦੇ। ਮੈਂ ਬੁਰ ਭਟਾ ਵਾਂਗ ਆਪੇ ਬਹਿ ਜਾਂਦਾ, ਆਪੇ ਉਠ ਖਲੋਂਦਾ। ਹੋਰ ਸਭ ਕੀ ਹੋਇਆ ? ਕੀ ਹੋ ਰਿਹਾ ਸੀ ? ਕਿਵੇਂ ਹੋ ਰਿਹਾ ਸੀ ? ਕਿਵੇਂ ਆਰੰਭ ਹੋਇਆ, ਕਿਵੇਂ ਖ਼ਤਮ ਹੋਇਆ, ਇਹ ਗੱਲਾਂ ਸਾਰੀਆਂ ਚੰਨ, ਨਵਤੇਜ ਤੇ ਆਨੰਦ ਜਾਣਨ। ਬਾਹਰੋਂ ਆਇਆਂ ਨਾਲ ਸਾਨੂੰ ਕੋਈ ਮਲਾਇਆ ਨਾ ਗਿਆ, ਨਾ ਅਸੀਂ ਮਿਲੇ। ਸਾਨੂੰ ਪਤਾ ਕੀ ਸੀ ਕਿਸੇ ਗੱਲ ਦਾ, ਤਮਾਸ਼ਬੀਨ ਸਾਂ।

ਕਾਨਫ਼ਰੰਸ ਖ਼ਤਮ ਹੋਈ। ਮੈਂ ਤੇ ਰੂਪਾ ਅੰਮ੍ਰਿਤਸਰ ਡਾਕਟਰ ਭਰਜਾਈ ਵੱਲ ਆ ਗਏ। ਉਥੇ ਇਕ ਦਿਨ ਫਿਰੇ। ਰੂਪਾ ਦੇ ਕੰਨ ਇਕ ਕਾਂਟਾ ਨਹੀਂ ਸੀ। ਮੈਂ ਪੁੱਛਿਆ — ਰੂਪਾ ਕਾਂਟਾ ਕਿਥੇ ਹੈ ?......ਉਸ ਨੇ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਉੱਤਰ ਦਿੱਤਾ — ਕਿਤੇ ਗਵਾਚ ਗਿਆ ਹੈ। ਤੁਸੀਂ ਕਿਉਂ ਪੁੱਛਦੇ ਹੋ ? ਮੂੰਹ ਨੀਵਾਂ ਕਰਕੇ ਫਿਰ ਬੋਲੀ — ਤੁਸੀਂ ਕਿਹੜਾ ਬਣਵਾ ਕੇ ਦੇਣਾ ਹੈ।......ਕਹਿ ਕੇ ਚੁੱਪ ਕਰ ਗਈ।

ਮੈਂ ਆਪਣੇ ਆਪ ਵਿਚ ਬੜਾ ਸ਼ਰਮਿੰਦਾ ਹੋਇਆ। ਮੇਰੇ ਕੋਲ ਇਤਨੀ ਪਹੁੰਚ ਕਿਥੇ ਸੀ। ਮੈਂ ਉਸ ਨਾਲ ਗਹਿਰਾ ਹੋ ਕੇ ਵਰਤਨ ਲੱਗ ਪਿਆ। ਉਹ ਕੋਈ ਗੱਲ ਮੈਨੂੰ ਮਾਲੂਮ ਨਹੀਂ ਸੀ ਹੋਣ ਦੇ ਰਹੀ। ਉਂਝ ਬਦਲੀ ਬਦਲੀ ਜਾਪਦੀ। ਕੁਝ ਰਾਤ ਨੂੰ ਵੀ ਰਹਿਣ ਵਿਚ ਮਾੜਾ ਜਿਹਾ ਅੰਤਰ ਸੀ।

ਦੂਜੇ ਦਿਨ ਉਸ ਨੂੰ ਫਰੰਟੀਅਰ ਮੇਲ ਵਿਚ ਦਿੱਲੀ ਨੂੰ ਚੜ੍ਹਾਉਣਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤਰਕਾਲਾਂ ਦਾ ਸਿਨੇਮਾ ਵੇਖਿਆ। ਫ਼ਿਲਮ ਸੀ ਬੈਜੂ ਬਾਵਰਾ। ਗੁੱਡੀ ਸਾਡੇ ਵਿਚ ਖਲੋਤੀ ਗਿੱਧਾ ਪਾਉਣ ਲੱਗ ਪੈਂਦੀ। ਜਦ ਸਕਰੀਨ ਉਤੇ ਗੀਤ ਆਉਂਦਾ ਹੁੰਦਾ। ਅਸੀਂ ਹੱਸਦੇ। ਕੁਰਸੀਆਂ ਤੇ ਬੈਠਿਆਂ ਮੈਂ ਉਸ ਨਾਲ ਚੋਹਲ ਜਾਰੀ ਰੱਖੀ ਉਹ ਵੀ ਸਵਾਦ ਲੈਂਦੀ ਰਹੀ।

ਫਰੰਟੀਅਰ ਮੇਲ ਵਿਚ ਬਿਠਾ ਕੇ ਮੈਂ ਉਸ ਨਾਲ ਪਲੇਟਫ਼ਾਰਮ ਉਤੇ ਖਲੋਤਾ ਗੱਲਾਂ ਕਰਦਾ ਰਿਹਾ। ਸਾਨੂੰ ਸੰਗ ਕਿਸੇ ਕੋਲੋਂ ਨਹੀਂ ਸੀ। ਲਾਗੇ ਲਾਗੇ ਮੂੰਹ ਕਰੇ ਚੁੰਮ ਵੀ ਲਿਆ ਇਕ ਦੂਜੇ ਨੂੰ। ਮੈਂ ਪਹੁੰਚ ਕੇ ਚਿੱਠੀ ਪਾਉਣ ਲਈ ਪੱਕੀ ਕੀਤੀ। ਪੈਸੇ ਹੁਣ ਤੱਕ ਉਸ ਦੇ ਹੀ ਖਰਚ ਹੋ ਰਹੇ ਸਨ। ਗੱਲ ਚੱਲਣ ਲੱਗੀ ਤਾਂ ਉਸ ਨੇ ਕਿਹਾ — ਤੁਹਾਡੇ ਕੋਲ ਗਈ ਸਾਂ ਤੁਸਾਂ ਮੈਨੂੰ ਸਾਂਭਿਆ ਨਹੀਂ। ਮੇਰੇ ਜੋਗਾ ਮੇਰੇ ਕੋਲ ਹੈ ਸੀ, ਹੋਰ ਅੱਗੇ ਪੜ੍ਹ ਕੇ ਕਿਤੇ ਟੀਚਰ ਲੱਗ ਜਾਂਦੀ। ਮੈਂ ਹੁਣ ਆਪਣੇ ਆਦਮੀ ਕੋਲ ਨਹੀਂ ਰਹਿ ਸਕਦੀ। ਜੋ ਕੋਈ ਮੈਥੋਂ ਗ਼ਲਤੀ ਹੋ ਗਈ ਮੁਆਫ਼ ਕਰ ਦੇਣਾ। (ਜਦ ਉਸ ਨੇ ਮੈਨੂੰ ਮੇਰੇ ਘਰ ਰਹਿਣ ਲਈ ਕਿਹਾ ਸੀ ਤਾਂ ਮੈਂ ਉਸ ਨੂੰ ਕਾਮਰੇਡਾਂ ਵਾਲਾ ਇਕ ਲੈਕਚਰ ਪਿਆ ਦਿੱਤਾ ਸੀ)।

ਗੱਡੀ ਚੱਲ ਪਈ। ਹੱਥ ਘੁੱਟੇ। ਚਿੱਠੀ ਪਹੁੰਚ ਕੇ ਜ਼ਰੂਰ ਪਾਵੀਂ ਮੁੜ ਤਾਕੀਦ ਕੀਤੀ। ਟਿਕਾਣੇ ਪਹੁੰਚ ਕੇ ਉਸ ਦੀ ਲੰਮੀ ਚਿੱਠੀ ਆਈ। ਮੇਰੇ ਲਾਗੇ ਬੈਠੀ ਮਾਈ ਨੇ ਪੁੱਛਿਆ ਸੀ ਤੂੰ ਕਿਉਂ ਰੋਨੀਂ ਏਂ. ਇਹ ਤੇਰਾ ਕੀ ਲਗਦਾ ਹੈ ? ਮੈਂ ਕੀ ਉੱਤਰ ਦਿੰਦੀ ਚੁੱਪ ਕਰ ਗਈ। ਜੇ ਤੁਸੀਂ ਕੁਝ ਲਗਦੇ ਹੁੰਦੇ ਤਾਂ ਹੀ ਕੁਝ ਅੱਗੋਂ ਬੋਲਦੀ।......ਮੈਂ ਉਸ ਦਿਆਂ ਇਹਨਾਂ ਲਫ਼ਜ਼ਾਂ ਉਤੇ ਇਕ ਖੁੱਲ੍ਹੀ ਕਵਿਤਾ ਲਿਖੀ ਹੋਈ ਹੈ ਨਿੱਕੀ ਜਿਹੀ। ਬੜੀ ਮਸ਼ਹੂਰ ਹੈ ਨਾਂ ਹੈ ਰਿਸ਼ਤੇ।

ਜਿੰਨਾਂ ਚਿਰ ਰੂਪਾ ਮੇਰੇ ਨਾਲ ਰਹੀ ਨਵੇਂ ਸਾਲ ਦੀ ਡਾਇਰੀ ਉਹ ਲੈ ਕੇ ਦਿੰਦੀ ਰਹੀ। ਆਖ਼ਰੀ ਡਾਇਰੀ ਉਸ ਨੇ ਲਾਜਪਤ ਮਾਰਕੀਟ ਵਿਚੋਂ ਲੈ ਕੇ ਦਿੱਤੀ ਸੀ। ਮੇਰਾ ਇਹ ਪ੍ਰਣ ਹੈ ਮੈਂ ਕਦੇ ਡਾਇਰੀ ਆਪ ਨਹੀਂ ਲੈਂਦਾ, ਨਾ ਜਿਉਂਦਿਆਂ ਲਵਾਂਗਾ। ਕਿਸੇ ਨਾ ਕਿਸੇ ਕੋਲੋਂ ਮੰਗਾ ਲੈਂਦਾ ਹਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲਾ ਮੈਂਬਰ

ਨਕੋਦਰ ਜਿਲ੍ਹਾ ਜਲੰਧਰ ਵਿਚ ਜਿਮਨੀ ਚੋਣ ਹੋਈ। ਪੰਡਤ ਜਵਾਹਰ ਲਾਲ ਨਹਿਰੂ ਨੇ ਸ: ਸਵਰਨ ਸਿੰਘ ਨੂੰ ਸੈਂਟਰ ਵਿਚ ਵਜੀਰ ਲੈ ਲਿਆ। ਇਥੇ ਕਾ: ਹਰਕਿਸ਼ਨ ਸਿੰਘ ਸੁਰਜੀਤ ਪਾਰਟੀ ਵਲੋਂ ਖਲੋਤਾ। ਉਸ ਦੇ ਮੁਕਾਬਲੇ ਉਤੇ ਸ: ਹਰਬੰਸ ਸਿੰਘ ਅਲਾਵਲਪੁਰੀਆ ਸੀ।

ਸਾਡੇ ਜਿਲ੍ਹੇ ਵਿਚੋਂ ਅਸੀਂ ਵੀ ਉਥੇ ਪਹੁੰਚੇ। ਖ਼ਾਸ ਨਕੋਦਰ ਵਿਚ ਲੀਡਰਾਂ ਨੇ ਸਭਿਆਚਾਰਕ ਸਾਥੀਆਂ ਦੀ ਮੀਟਿੰਗ ਕਰਾਈ। ਮੈਂ ਵੀ ਵਿਚ ਸਾਂ, ਜਿਹੜੀ ਪਾਰਟੀ ਵਲੋਂ ਸਭਿਆਚਾਰ ਵਿਚ ਫੈਡਰੇਸ਼ਨ ਸੀ ਸੂਬਾ ਕਮੇਟੀ ਵਲੋਂ ਉਸ ਵਿਚ ਮੈਂ ਵੀ ਸਾਂ। ਇਹ ਕਿਸ ਤਰ੍ਹਾਂ ਦੀ ਫਰੈਕਸ਼ਨ ? ਇਸ ਦੀ ਮੈਨੂੰ ਕਦੇ ਸਮਝ ਨਹੀਂ ਸੀ ਆਈ। ਅੱਗੇ ਪਿੱਛੇ ਕੋਈ ਪੁੱਛਦਾ ਨਹੀਂ ਸੀ ਜਦ ਕੋਈ ਅਲੈਕਸ਼ਨ ਹੋਣੀ ਜਾਂ ਸੂਬੇ ਦੀ ਕੋਈ ਕਾਨਫ਼ਰੰਸ ਤਾਂ ਸਾਡੀ ਮੀਟਿੰਗ ਹੁੰਦੀ ਹੁੰਦੀ।

ਸੂਬੇ ਦਾ ਸਾਥੀ ਸਾਡੇ ਵਿਚ ਬੈਠਾ। ਚੰਨ ਸੀ, ਮੈਂ ਸਾਂ, ਨਰਿੰਦਰ ਦੁਸਾਂਝ ਅਤੇ ਬਾਹਰਲਾ ਹੋਰ ਵੀ ਕੋਈ ਸਨ। ਸਲਾਹ ਹੋਈ ਕਿ ਡਰਾਮੇ ਕੀਤੇ ਜਾਣ, ਕਵੀ ਦਰਬਾਰ ਕੀਤੇ ਜਾਣ। ਗੀਤ ਕਵਿਤਾਵਾਂ ਬੋਲੀਆਂ ਜਾਣ।

ਜਦ ਬਹਿਸ ਹੋ ਰਹੀ ਸੀ ਤਾਂ ਮੈਂ ਆਖਿਆ — ਸਾਡੀਆਂ ਲੜਕੀਆਂ ਲੜਕੇ ਡਰਾਮਿਆਂ ਵਿਚ ਕੰਮ ਕਰਦੇ ਹਨ। ਗੀਤ ਵੀ ਬੋਲਦੇ ਹਨ। ਕੀ ਵਜ੍ਹਾ ਹੈ ਕਿ ਲੀਡਰਾਂ ਦੇ ਮੁੰਡੇ ਕੁੜੀਆਂ ਕਿਉਂ ਨਹੀਂ ਸਾਡਿਆਂ ਡਰਾਮਿਆਂ ਵਿਚ ਆਉਂਦੇ।......ਇਕ ਕਾਮਰੇਡ ਬੋਲਿਆ — ਉਹ ਪੜ੍ਹਦੇ ਹਨ ਪੜ੍ਹਾਈ ਛਡ ਕੇ ਕਿਸ ਤਰ੍ਹਾਂ ਆਉਣ ? ਮੈਂ ਅੱਗੇ ਉੱਤਰ ਦਿੱਤਾ — ਸਾਡੀਆਂ ਲੜਕੀਆਂ ਵੀ ਪੜ੍ਹਦੀਆਂ ਹਨ। ਜਦ ਪਿੱਛੇ ਅੰਮ੍ਰਿਤਸਰ ਵਿਚ ਵੱਡੇ ਜਲਸੇ ਉਤੇ ਰਾਤ ਸਭਿਆਚਾਰਕ ਪ੍ਰੋਗਰਾਮ ਹੋਇਆ ਸੀ, ਸਾਡੇ ਮੁੰਡੇ ਕੁੜੀਆਂ ਸਟੇਜ ਉਤੇ ਪਾਰਟ ਅਦਾ ਕਰਦੇ ਸਨ ਸਾਹਮਣੇ ਬੈਠੇ ਹੋਏ ਲੀਡਰਾਂ ਦੀਆਂ ਕੁੜੀਆਂ ਮੁੰਡੇ ਹਸਦੇ ਤੇ ਤਾੜੀਆਂ ਮਾਰਦੇ ਸਨ। ਇਸ ਸੀਟ ਉਤੇ ਉਹਨਾਂ ਨੂੰ ਲਿਆਇਉ, ਅੱਜ ਕਲ੍ਹ ਹੈ ਵੀ ਛੁੱਟੀਆਂ।......ਮੈਂ ਖੁਲ੍ਹ ਕੇ ਗੱਲ ਕਰ ਰਿਹਾ ਸਾਂ। ਮੇਰੇ ਨਾਲ ਕੋਈ ਹਾਂ ਨਹੀਂ ਸੀ ਕਰਦਾ ਸਾਰੇ ਸਭਿਆਚਾਰਕ ਗਰੁੱਪ ਦੇ ਸਾਥੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਚੁੱਪ ਸਨ। ਇਕ ਗੱਲ ਇਸ ਵਿਚ ਭੈੜ ਵਾਲੀ ਹੋਰ ਸੀ ਕਿ ਬੁੱਧੀ-ਜੀਵੀ ਲੀਡਰਾਂ ਦੇ ਮੁੰਡੇ ਕੁੜੀਆਂ ਕੰਮ ਕਰਦੇ ਸਨ ਭਾਵੇਂ ਉਹ ਵੱਡਿਆਂ ਪ੍ਰੋਗਰਾਮਾਂ ਉਤੇ ਆਪਣੇ ਖੜਦੇ ਅਤੇ ਨਿੱਕਿਆਂ ਉਤੇ ਸਾਡੇ। ਮੇਰੀ ਗੱਲ ਕਿਸਾਨੀ ਵਾਲੇ ਲੀਡਰਾਂ ਨੂੰ ਸਿੱਧੀ ਜਾ ਵਜਦੀ ਸੀ। ਇਹ ਕੁਝ ਮੈਂ ਜਾਣ ਕੇ ਨਹੀਂ ਸਾਂ ਕਹਿ ਰਿਹਾ ਹਕੀਕਤ ਮੇਰੇ ਅੰਦਰੋਂ ਨਿਕਲ ਰਹੀ ਸੀ ਕਿਉਂਕਿ ਮੈਂ ਵੇਜ਼ ਵਲੋਂ ਸ਼ੋਹਦਾ ਨਹੀਂ ਸਾਂ ਰਹਿ ਗਿਆ। ਕਵਿਤਾ ਮੇਰੀ ਮੈਨੂੰ ਆਸਰਾ ਦੇਣ ਲੱਗ ਪਈ ਸੀ।

ਮੇਰੀ ਇਹ ਕਰੜੀ ਨੁਕਤਾਚੀਨੀ ਸੁਣ ਕੇ ਮੀਟਿੰਗ ਕਰਾਉਣ ਵਾਲਾ ਸੂਬੇ ਦਾ ਸਾਥੀ ਬੋਲਿਆ — ਇਹ ਗੱਲ ਇਕ ਵਾਰੀ ਸੂਬੇ ਵਿਚ ਚਲੀ ਸੀ ਉਦੋਂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੇ ਆਖਿਆ ਸੀ, "ਇੰਜ ਕੀਤਿਆਂ ਲੋਕ ਸਾਨੂੰ ਮਖੌਲ ਕਰਦੇ ਨੇ ਕਹਿੰਦੇ ਨੇ ਲੀਡਰਾਂ ਦੀਆਂ ਕੁੜੀਆਂ ਸਟੇਜ ਉਤੇ ਨਚਦੀਆਂ ਹਨ ਸਾਡੀ ਨਮੋਸ਼ੀ ਹੁੰਦੀ ਹੈ। ਅਸੀਂ ਲੀਡਰ ਹਾਂ ਇੰਜ ਨਹੀਂ ਕਰ ਸਕਦੇ। ਲੋਕਾਂ ਵਿਚ ਸਾਡੀ ਇੱਜ਼ਤ ਨਹੀਂ ਰਹਿੰਦੀ।......ਉਸ ਦੀ ਇਹ ਗੱਲ ਸੁਣ ਕੇ ਸਾਰੇ ਖ਼ਾਮੋਸ਼ ਹੋ ਗਏ, ਅੰਦਰੋਂ ਅੰਦਰ ਸੋਚਣ ਲੱਗ ਪਏ।

ਨਤੀਜਾ ਇਸ ਮੀਟਿੰਗ ਦਾ ਇਹ ਹੋਇਆ ਕਿ ਉਥੇ ਕੋਈ ਵਿਰਲਾ ਗਰੁੱਪ ਪਹੁੰਚਿਆ ਅਸੀਂ ਸਾਰੇ ਕੰਮ ਕਰਦੇ ਰਹੇ। ਅੰਦਰ ਖਾਤੇ ਕਾਂਗਰਸ ਦਾ ਇਕ ਧੜਾ ਵੀ ਸਾਡੀ ਮਦਦ ਕਰਦਾ ਸੀ। ਇਲਾਕੇ ਵੰਡੇ ਗਏ। ਮੇਰੇ ਨਾਲ ਜ਼ਿਲ੍ਹੇ ਦਾ ਕੋਈ ਸਾਥੀ ਨਹੀਂ ਸੀ ਹੋਰ ਤਿੰਨ ਸਾਥੀ ਸੀ। ਪਹਿਲਾਂ ਜਿਸ ਪਿੰਡ ਗਏ ਉਹ ਇਕ ਪੁਰਾਣਾ ਬਾਬਾ ਆਪਣੇ ਘਰ ਵਿਚ ਸੀ। ਉਹਨੇ ਸਾਡੇ ਪੈਰ ਨਾ ਲੱਗਣ ਦਿੱਤੇ। ਉਥੋਂ ਤੁਰ ਕੇ ਇਕ ਨਗਰ ਵਿਚ ਅੱਡਾ ਜਾ ਲਾਇਆ। ਰੇਲਵੇ ਸਟੇਸ਼ਨ ਲਾਗੇ ਸੀ। ਗੁਰਦਵਾਰੇ ਵਿਚ ਟਿਕਾਣਾ ਕੀਤਾ। ਗੁਰਦਵਾਰੇ ਦਾ ਚੋਧਰੀ ਇਕ ਖਾਂਦਾ ਪੀਂਦਾ ਰਾਮਗੜ੍ਹੀਆ ਸੀ। ਸਾਡੇ ਨਾਲ ਬੜੀਆਂ ਗੱਲਾਂ ਕਰਦਾ। ਨਗਰ ਵਿਚਕਾਰ ਪੁਲਿਸ ਚੌਂਕੀ ਸੀ। ਅਸਾਂ ਰਾਤ ਜਲਸਾ ਕਰਕੇ ਪੁਲਿਸ ਚੌਂਕੀ ਨੂੰ ਬੜਾ ਭੰਡਿਆ ਸਾਰੇ ਲੋਕ ਖ਼ੁਸ਼ ਹੋਏ। ਇਕ ਜਲਸਾ ਕਾ: ਅਵਤਾਰ ਸਿੰਘ ਮਲਹੋਤਰੇ ਨੇ ਵੀ ਆ ਕੇ ਕੀਤਾ ਸਾਨੂੰ ਆਖਿਆ — ਮੰਦਾ ਚੰਗਾ ਨਾ ਬੋਲੋ ਸਮਝ ਸੋਚ ਕੇ ਦਲੀਲ ਨਾਲ ਬੋਲੋ ਤੇ ਤਕਰੀਰਾਂ ਕਰੋ। ......ਰਾਤ ਕੋਈ ਗੁਰਪੁਰਬ ਸੀ ਮਾੜੇ ਜਿਹੇ ਗੁਰਦਵਾਰੇ। ਮੈਂ ਧਾਰਮਿਕ ਕਵਿਤਾ ਸੁਣਾਈ। ਬੜਾ ਵੱਸੀ। ਸਟੇਜ ਸੈਕਰਟੀ ਰਾਮਗੜ੍ਹੀਆ ਸੀ। ਸਵੇਰੇ ਮੈਂ ਉਸ ਰਾਮਗੜ੍ਹੀਏ ਨੂੰ ਕਿਹਾ — ਭ੍ਰਾਈਆ ਦੁਪਹਿਰਾਂ ਦੀ ਰੋਟੀ ਤੇਰੇ ਵਲੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਖਾਵਾਂਗੇ ਅਸੀਂ ਤਿੰਨ ਜਣੇ ।......ਉਸ ਨੇ ਹਾਂ ਕੀਤੀ । ਅਸੀਂ ਦੁਪਹਿਰਾਂ ਨੂੰ ਰੋਟੀ ਖਾਣ ਚਲੇ ਗਏ । ਖੁੱਲ੍ਹਾ ਘਰ ਨਰੋਇਆ ਸਮਾਨ । ਘਰ ਸਾਫ਼ । ਇਕ ਘੁੰਡ ਵਾਲੀ ਮੁਟਿਆਰ ਨੇ ਸਾਡੇ ਅੱਗੇ ਅਣਚੋਪੜੀਆਂ ਰੋਟੀਆਂ ਅਤੇ ਸਿਰਫ਼ ਲੂਣ ਮਿਰਚ ਵਾਲੀ ਦਾਲ ਰੱਖ ਦਿੱਤੀ । ਮੈਂ ਸ਼ਰਮਿੰਦਾ ਸਾਂ । ਉਹ ਰਾਮਗੜ੍ਹੀਆ ਲਾਗੇ ਕੁਰਸੀ ਉਤੇ ਬਹਿ ਕੇ ਗੱਪਾਂ ਮਾਰਨ ਲੱਗ ਪਿਆ । ਮੈਂ ਪੁੱਛਿਆ --- ਆਚਾਰ ਹੈ ?......ਉਸ ਨੇ ਕਿਹਾ — ਕਦੇ ਪਾਇਆ ਹੀ ਨਹੀਂ ।......ਉਸ ਨੇ ਫਿਰ ਆਪ ਗੱਲ ਛੇੜੀ —- ਅਸੀਂ ਰਾਗੀਆਂ ਨੂੰ ਇਕ ਵਾਰ ਰੋਟੀ ਕੀਤੀ ਉਹ ਮਗਰੋਂ ਗੁੜ ਕਿਉਂ ਮੰਗਦੇ ਸੀ ?......ਮੈਂ ਕਿਹਾ —- ਗੁੜ ਨਾਲ ਰੋਟੀ ਛੇਤੀ ਹਜ਼ਮ ਹੋ ਜਾਂਦੀ ਹੈ ਸਾਨੂੰ ਥੋੜ੍ਹਾ ਥੋੜ੍ਹਾ ਗੁੜ ਦਿਉਗੇ ? ......ਉਹ ਝੱਟ ਬੋਲਿਆ — ਗੁੜ ਤਾਂ ਰਾਹੀ ਜੀ ਸਾਡੇ ਹੈ ਨਹੀਂ ।...... ਅਸੀਂ ਚੁੱਪ ਕਰਕੇ ਬਿਨਾਂ ਡਕਾਰੇ ਢਿੱਡ ਉਤੇ ਹੱਥ ਫੇਰਦੇ ਰੋਟੀ ਖਾ ਕੇ ਆ ਗਏ । ਸਾਥੀ ਮੈਨੂੰ ਟਿਚਕਰਾਂ ਕਰਦੇ ।

ਨਕੋਦਰ ਦੀ ਸੀਟ ਹਰਕਿਸ਼ਨ ਸਿੰਘ ਨੇ ਜਿੱਤ ਲਈ । ਬੜੀ ਖ਼ੁਸ਼ੀ ਮਨਾਈ ਗਈ । ਇਹ ਪਹਿਲਾ ਸਾਥੀ ਸੀ ਜਿਹੜਾ ਪਾਰਟੀ ਵਲੋਂ ਪੰਜਾਬ ਅਸੈਂਬਲੀ ਵਿਚ ਗਿਆ ।......ਅਤੇ ਪਹਿਲਾ ਖੋਰਾ ਸੀ ਪਾਰਟੀ ਦੇ ਸਭਿਆਚਾਰ ਮਹਾਜ਼ ਨੂੰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿੱਤ, ਦਰਦ, ਖਵਾਰੀ

ਇਹਨਾਂ ਦਿਨਾਂ ਵਿਚ ਇਕ ਨਿੱਕੀ ਪੁਸਤਕ ਨਵਤੇਜ ਨੇ ਮੇਰੀ ਕਵਿਤਾ ਦੀ ਸ਼ਾਇਆ ਕੀਤੀ। ਨਾਂ ਸੀ 'ਲਿਸ਼ਕਾਂ'। ਮੇਰੇ ਕਹਿਣ ਤੇ ਵੀ ਉਸ ਨੇ ਭੂਮਿਕਾ ਨਹੀਂ ਲਿਖੀ। ਮੈਂ ਇਕ ਸਫ਼ਾ ਲਿਖ ਲਿਆ। ਉਹਨੇ ਅੰਮ੍ਰਿਤਾ ਪ੍ਰੀਤਮ ਦੀ ਭੂਮਿਕਾ ਵੀਹ ਸਫ਼ੇ ਦੀ ਲਿਖੀ ਸੀ। ਮੇਰੇ ਕੋਲ ਛਪਾਈ ਜੋਗੇ ਪੈਸੇ ਨਹੀਂ ਸਨ। ਰੂਪਾ ਕੋਲੋਂ ਪੰਜਾਹ ਰੁਪੈ ਮੰਗਾ ਕੇ ਦਿੱਤੇ। ਪੁਸਤਕ ਦੇ ਸੱਤਰ ਬਣੇ। ਪੁਸਤਕ ਵਿਚ ਬਹੁਤਾ ਰੋਲ ਰੂਪਾ ਦਾ ਸੀ। ਹੋਰ ਵੀ ਕਵਿਤਾਵਾ ਸਨ। ਮੈਂ ਪੁਸਤਕਾਂ ਆਂਦੀਆਂ ਗੁਜ਼ਾਰੇ ਜੋਗੀਆਂ। ਨਾ ਮੈਂ ਬਾਕੀ ਵੀਹ ਰੁਪੈ ਦੇ ਸਕਿਆ। ਨਾ ਉਹਨਾਂ ਪੁਸਤਕਾਂ ਦਿੱਤੀਆਂ। ਪਤਾ ਨਹੀਂ ਹਸ਼ਰ ਬਾਕੀ ਦਾ ਕੀ ਹੋਇਆ ? ਉਸ ਵਿਚਲੀਆਂ ਕੁਝ ਕਵਿਤਾਵਾਂ ਮਸ਼ਹੂਰ ਹੋਈਆਂ। ਇਕ ਸੀ 'ਪਿਆਰ ਕੀਤਾ ਕੋਈ ਪਾਪ ਨਹੀਂ ਕੀਤਾ' ਇਕ ਪਤਨੀ ਦੀ ਜੇਲ੍ਹ ਮੁਲਾਕਾਤ ਉਤੇ ਸੀ 'ਪਿਆਰੀ ਮਿਲਣੇ ਲਈ ਤੂੰ ਆਈ, ਮੇਰੀਆਂ ਮੁਕਲਾਵੇ ਖ਼ੁਸ਼ੀਆਂ ਮੋੜ ਕੇ ਲਿਆਈਂ' 'ਜੇ ਕੋਈ ਤੋਲੇ ਤਕੜੀ ਫੜ ਕੇ ਮੈਥੋਂ ਭਾਰੀ ਭਰੀ, ਮੁੱਛ ਮੇਰੀ ਨੂੰ ਜੋ ਵੱਟ ਚੜ੍ਹਿਆ ਸਭ ਤੇਰੀ ਸਰਦਾਰੀ।'

'ਰਾਮ ਕਹਾਣੀ' ਡਰਾਮਾ ਕਾ: ਪ੍ਰਦੁਮਣ ਸਿੰਘ ਨੇ ਕਚਹਿਰੀ ਰੋਡ ਉਤੇ ਪ੍ਰਕਾਸ਼ਨ ਭਵਨ ਖੋਲਿਆ ਸੀ, ਉਸ ਨੇ ਸ਼ਾਇਆ ਕੀਤਾ। ਜਿਲਦ ਚੰਗੀ ਸੀ। ਇਕ ਕਵਿਤਾ ਦੀ ਪੁਸਤਕ 'ਫੁਲਕਾਰੀ' ਸੇਵਕ ਸਾਹਿੱਤ ਭਵਨ ਕਿੰਗਜ਼ੇ ਕੈਂਪ ਦਿੱਲੀ ਨੇ ਸ਼ਾਇਆ ਕੀਤੀ। ਇਹਨਾਂ ਕੋਈ ਪੈਸਾ ਨਾ ਲਿਆ। ਪੁਸਤਕਾਂ ਜਿੰਨੀਆਂ ਮੰਗੀਆਂ, ਦਿੱਤੀਆਂ। ਇਹ ਮੇਰੇ ਯਾਰ ਬਿਸ਼ਨ ਸਿੰਘ ਉਪਾਸ਼ਕ ਦੀ ਜਾਣਕਾਰੀ ਕਰਕੇ ਛਪੀ ਸੀ। ਉਸ ਨੇ ਵੀ ਭੂਮਿਕਾ ਲਿਖੀ ਸੀ।

ਬਹੁਤੇ ਚੰਗੇ ਹੀਰਾ ਸਿੰਘ ਦਰਦ ਜੀ ਨੇ ਫੁਲਕਾਰੀ ਜਲੰਧਰੋਂ ਆ ਕੇ ਸ਼ੁਰੂ ਕਰ ਦਿੱਤੀ ਸੀ। ਕਮਾਲ ਦੀ ਆਲੋਚਨਾ ਨਿਕਲਦੀ ਸੀ। ਮੈਂ ਖ਼ੂਬ ਪੜ੍ਹਦਾ। ਹਰ ਇਕ ਪਿਛਾਂਹ-ਖਿੱਚੂ ਦੀ ਧਾਰਮਿਕ ਮੂਲ ਵਾਦੀਆਂ ਦੀ, ਸੁਧਾਰ ਵਾਦੀਆਂ ਅਤੇ ਘਚੋਲਾਂ ਪਾਂਧਿਆਂ ਦੀ ਉਹ ਛੰਡ ਲਾਹ-ਲਾਹ ਕੇ ਰੱਖਦਾ। ਭਾਈ ਵੀਰ ਸਿੰਘ ਨੂੰ ਉਸ ਨੇ ਅਲਫ ਨੰਗਾ ਕੀਤਾ ਅਤੇ ਉਸ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਟਰੇਚਰ ਨੂੰ ਚੀਰ-ਫਾੜ ਕਰਕੇ ਛਪਵਾਇਆ । ਸਾਡੇ ਉਤੇ ਇਕ ਪੁਸਤਕ ਲਿਖੀ ਜਿਹੜੇ ਸ਼ਾਇਰ ਲੋਕਾਂ ਵਿਚ ਕੰਮ ਕਰਦੇ ਸਨ । ਮੈਂ ਵੀ ਸਾਂ ਉਸ ਪੁਸਤਕ ਵਿਚ । ਮੈਨੂੰ ਪਹਿਲੀ ਵਾਰੀ ਇਹ ਮਾਣ ਹੀਰਾ ਸਿੰਘ ਜੀ ਨੇ ਦਿੱਤਾ । ਉਹ ਪੁਸਤਕ ਮੇਰੇ ਕੋਲ ਅਜੇ ਵੀ ਹੈ । ਉਹ ਸਾਨੂੰ ਬੜੇ ਠਰ੍ਹੰਮੇ ਨਾਲ ਰੱਖਦੇ ਸਮਝਾਉਂਦੇ ਤੇ ਮੋਹ ਕਰਦੇ ਸਨ । ਮੈਨੂੰ ਜਦੋਂ ਉਹਨਾਂ ਦਾ ਨਾਂ ਯਾਦ ਆਉਂਦਾ ਹੈ । ਮੇਰਾ ਸਿਰ ਮਾਣ ਨਾਲ ਝੁਕ ਜਾਂਦਾ ਹੈ । ਅੱਖੀਆਂ ਭਿੱਜ ਜਾਂਦੀਆਂ ਹਨ । ਉਹਨਾਂ ਦੇ ਬਾਅਦ ਹੁਣ ਤੱਕ ਮੁੜ ਕੇ ਕਿਸੇ ਵੀ ਪਾਰਟੀ ਦੇ ਲੀਡਰ ਜਾਂ ਤਰੱਕੀ ਪਸੰਦ ਨੇ ਕੁਝ ਨਹੀਂ ਕੀਤਾ । ਊਤ ਲਿਖਾਰੀਆਂ ਨੂੰ ਪਾਰਟੀ ਵਾਲਿਆਂ ਜੱਫੀਆਂ ਪਾਈਆਂ ਤੇ ਪਾ ਰਹੇ ਹਨ । ਹੁਣ ਤੱਕ ।

ਜਲੰਧਰ ਇਕ ਕਮੇਟੀ ਸਮਾਗਮ ਹੋਇਆ । ਬੜੇ ਖੁੱਲ੍ਹੇ ਦਾਇਰੇ ਵਿਚ । ਸਟੇਜ ਉਤੇ ਉੱਚੀਆਂ ਤੇ ਮਾਣਜੋਗ ਕਲਮਾਂ ਬੈਠੀਆਂ ਹੋਈਆਂ ਸਨ । ਪੰਡਾਲ ਭਰਿਆ ਪਿਆ ਸੀ । ਵਾਰਿਸ ਸ਼ਾਹ ਦੀ ਹੀਰ ਉਤੇ ਸੰਤ ਸਿੰਘ ਸੇਖੋਂ ਨੇ ਪਰਚਾ ਲਿਖਿਆ ਸੀ, ਉਸ ਉਤੇ ਬਹਿਸ ਸ਼ੁਰੂ ਹੋਈ । ਇਕ ਮੁੱਛ-ਫੁਟਦੇ ਗਭਰੂ ਦਾ ਨਾਮ ਲਿਆ ਗਿਆ । ਉਹ ਮਾਈਕ ਸਾਹਮਣੇ ਬੋਲਿਆ — ਇਸ ਪਰਚੇ ਵਿਚ ਸੇਖੋਂ ਜੀ ਨੇ ਜੱਟ-ਵਾਦ ਦਾ ਪੂਰਾ ਹੰਕਾਰ ਲਿਖਿਆ ਹੈ । ਇਸ ਵਿਚ ਜੱਟ-ਵਾਦ ਦੀ ਬਰਤਰੀ ਹੈ । ਕੁਝ ਇੰਜ ਜਿਹੀ ਬਹਿਸ ਉਸ ਕੀਤੀ । ਉਹ ਗਭਰੂ ਸਹੁਣਾ ਸੀ । ਦਲੇਰ ਸੀ । ਲਾਇਕ ਸੀ । ਬੇਧੜਕ ਬੋਲਿਆ । ਸਟੇਜ ਉਤੇ ਸੇਖੋਂ ਤੜਫਿਆ । ਹੋਰਨਾਂ ਕਲਮਕਾਰਾਂ ਨੂੰ ਰੋਕ ਦਿੱਤਾ । ਮੈਂ ਬਹੁਤ ਖ਼ੁਸ਼ ਸਾਂ । ਜਦੋਂ ਉਹ ਬੋਲ ਕੇ ਆਇਆ ਮੈਂ ਰਾਹ ਵਿਚ ਖਲੋ ਕੇ ਉਸ ਨੂੰ ਜੱਫੀ ਪਾ ਲਈ । ਇਹ ਕੁਲਬੀਰ ਸਿੰਘ ਕਾਂਗ ਸੀ । ਜੋ ਹੁਣ ਤਕ ਮੇਰੀ ਜੱਫੀ ਵਿਚ ਹੈ । ਦਹਾਕੇ ਬੀਤ ਗਏ ਹਨ । ਅੱਜ ਉਹ ਡਾ: ਤੇ ਉੱਘਾ ਆਲੋਚਕ ਹੈ । ਹੁਣ ਅੰਮ੍ਰਿਤਸਰ ਵਿਚ ਮੇਰਾ ਜੁੱਟ ਤਾਰਾ ਸਿੰਘ ਕੋਮਲ, ਵਿਧਾਤਾ ਸਿੰਘ ਤੀਰ, ਅਮਰ ਚਿੱਤਰਕਾਰ, ਕਰਤਾਰ ਸਿੰਘ ਬਲੱਗਣ, ਜੈਪਾਲ ਦਰਸ਼ਨ, ਸ. ਸ. ਅਮੋਲ, ਬਾਵਾ ਘਣਸ਼ਾਮ ਨਾਲ ਬਣ ਗਿਆ । ਹੋਰ ਪ੍ਰੋਫੈਸਰ ਅਤੇ ਸ਼ਾਗਿਰਦ ਵੀ ਸਨ । ਕਾਰਖ਼ਾਨੇਦਾਰ ਪ੍ਰਿਥੀਪਾਲ ਸਿੰਘ ਉਸਾਹਨ ਮੇਰੇ ਨਾਲ ਬਹੁਤ ਮੋਹ ਕਰਦਾ । ਉਸ ਦੇ ਨਾਲ ਹੋਰ ਕਾਰਖ਼ਾਨੇਦਾਰ ਵੀ । ਬਟਾਲੇ ਵਿਚ ਰਾਮਗੜ੍ਹੀਏ ਦੇ ਕਾਰਖ਼ਾਨੇਦਾਰ ਮੈਨੂੰ ਮਿਲਣ ਲੱਗ ਪਏ ਭਰਾ ਹਰਨਾਮ ਸਿੰਘ ਉਸਾਹਨ, ਸਾਧੂ ਸਿੰਘ ਹੰਸਪਾਲ ਅਤੇ ਹੋਰ । ਇਕ ਗੱਲ ਇਹ ਸੀ ਮੈਂ ਪਾਰਟੀ ਦੇ ਕੰਮ ਨੂੰ ਮਰਜ਼ੀ ਨਾਲ ਖ਼ੁਸ਼ੀ ਨਾਲ ਤਨੋ ਮਨੋ ਫ਼ਰਜ਼ ਸਮਝ ਕੇ ਇਕੋ ਸੱਚਾ ਮਾਰਕਸੀ ਸਿਧਾਂਤ ਅਤੇ ਇਕੋ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਿਹਨਤੀਆਂ ਦੇ ਹੱਕ ਲੜਨ ਵਾਲੀ ਪਾਰਟੀ ਸਮਝ ਕੇ ਪਹਿਲ ਦਿੰਦਾ ਸਾਂ। ਕਈ ਪ੍ਰੋਗਰਾਮ ਛੱਡ ਦਿੰਦਾ ਸਾਂ। ਇਹ ਕਾਰਨ ਸੀ ਘਰ ਦੀ ਰੇੜ੍ਹੀ ਚਲ ਰਹੀ ਸੀ, ਪਰ ਤੰਗੀਆਂ ਸਮੇਤ।

ਮੇਰੀ ਭਾਬੀ ਦਿੱਲੀਉਂ ਆਪਣੇ ਭਰਾ ਫੌਜਾ ਸਿੰਘ ਕੋਲ ਰਹਿ ਕੇ ਆਈ, ਮਾਮੇ ਫੌਜਾ ਸਿੰਘ ਦਾ ਘਰ ਰੂਪਾ ਦੇ ਘਰ ਕੋਲ ਸੀ। ਮੈਂ ਪੁੱਛਿਆ — ਭਾਬੀ ਰੂਪਾ ਦਾ ਕੀ ਹਾਲ ਹੈ।......ਉਹ ਬੜੀ ਨਫ਼ਰਤ ਨਾਲ ਬੋਲੀ — ਉਹ ਤੇ ਕੁੱਤੀ ਖਸਮ ਨੂੰ ਛੱਡ ਕੇ ਕਿਸੇ ਅਮੀਰ ਦੇ ਘਰ ਜਾ ਬੈਠੀ ਹੈ।... ..ਮੁਕੱਦਮਾ ਨਹੀਂ ਚਲਿਆ ? — ਕਾਹਦਾ ਮੁਕੱਦਮਾ ? ਮੁਕ ਮੱਕ ਗਿਆ। ਕੁੜੀ ਸਣੇ ਉਹਦੇ ਘਰ ਹੈ।......ਮੈਂ ਹੋਰ ਕੁਝ ਨਾ ਪੁੱਛਿਆ ਅਤੇ ਇਕ ਹਫ਼ਤਾ ਉਦਾਸ ਰਿਹਾ। ਜਾਪਦਾ ਸੀ ਇਕ ਬਹੁਤ ਵੱਡਾ ਥਾਂ ਮੇਰੇ ਅੰਦਰ ਖ਼ਾਲੀ ਹੋ ਗਿਆ ਹੈ। ਇਕ ਉਦਾਸ ਚੁੱਪ ਮੇਰੇ ਅੰਦਰ ਬੈਠ ਗਈ।

ਮੇਰੀ ਵੱਡੀ ਲੜਕੀ ਦਸਵੀਂ ਵਿਚੋਂ ਰਹਿ ਗਈ ਸੀ। ਉਹ ਡੇਰੇ ਪੜ੍ਹਨਾ ਨਹੀਂ ਸੀ ਚਾਹੁੰਦੀ। ਇਕ ਕਾਮਰੇਡ ਸੀ ਚੰਨਣ ਸਿੰਘ (ਹੁਣ ਅੰਨਾ ਹੋ ਗਿਆ ਹੈ) ਉਹ ਬੜੀ ਜਾਣਕਾਰੀ ਮਹਿਕਮਿਆਂ ਨਾਲ ਰਖਦਾ ਸੀ। ਉਸ ਨੇ ਜਿਲ੍ਹੇ ਵਿਚ ਮਿਲ ਕੇ ਮੈਨੂੰ ਵਿਦਿਆ ਅਫ਼ਸਰ ਨੂੰ ਮਿਲਾ ਕੇ ਸੁਖਬੀਰ ਨੂੰ ਜਾਗੋਵਾਲ ਭੱਟੀਆਂ ਕੱਚੀ ਟੀਚਰ ਲਵਾ ਦਿੱਤਾ। ਹੁਣ ਡਾਕਟਰੀ ਸਰਟੀਫਿਕੇਟ ਚਾਹੀਦਾ ਸੀ। ਗੁਰਦਾਸਪੁਰ ਇਕ ਚੁਬਾਰੇ ਵਿਚ ਪਾਰਟੀ ਆਫ਼ਿਸ ਸੀ। ਉਥੇ ਮੀਟਿੰਗ ਸੀ। ਡਾ: ਭਾਗ ਸਿੰਘ ਵੀ ਆਇਆ ਹੋਇਆ ਸੀ। ਸਾਰੀ ਜਿਲ੍ਹਾ ਕਮੇਟੀ ਇਕੱਠੀ ਸੀ। ਸਰਟੀਫਿਕੇਟ ਲਈ ਪੰਜ ਰੁਪਏ ਫੀਸ ਚਾਹੀਦੀ ਸੀ। ਮੈਂ ਸਾਰਿਆਂ ਨੂੰ ਕਿਹਾ ਕਾ: ਟਪਿਆਲਾ ਵੀ ਉਥੇ ਸੀ। ਹਨੇਰ ਇਹ ਹੈ ਕਿ ਕਿਸੇ ਨੇ ਪੰਜ ਰੁਪਏ ਮੈਨੂੰ ਨਾ ਦਿੱਤੇ। ਇਹੋ ਆਖਿਆ — ਸਾਡੇ ਕੋਲ ਹੈ ਨਹੀਂ।

ਮੈਂ ਕਾ: ਚੰਨਣ ਸਿੰਘ ਨੂੰ ਬੜੇ ਹੀ ਮਾਯੂਸ ਅਤੇ ਉਦਾਸ ਤੇ ਨਿਮਾਣਾ ਬਣ ਕੇ ਆਖਿਆ — ਕਾਮਰੇਡ ਰੁਪਏ ਕਿਸੇ ਕੋਲ ਵੀ ਨਹੀਂ। ਉਹ ਦਰਦੇ ਦਿਲ ਵਾਲਾ ਸੀ। ਉਸ ਨੇ ਕਿਤੋਂ ਫੜ ਕੇ ਡਾਕਟਰੀ ਸਰਟੀਫਿਕੇਟ ਲੈ ਦਿੱਤਾ। ਮੈਂ ਸਾਈਕਲ ਪਿਛੇ ਬਿਠਾ ਕੇ ਸੁਖਬੀਰ ਨੂੰ ਜਾਗੋਵਾਲ ਭੱਟੀਆਂ ਛੱਡ ਆਇਆ। ਉਹ ਕਾਮਰੇਡਾਂ ਦਾ ਪਿੰਡ ਸੀ। ਸਾਰੇ ਲਬਾਣੇ ਸਨ। ਬਹੁਤ ਹੀ ਚੰਗੇ ਉਹਨਾਂ ਮੇਰੀ ਵੱਡੀ ਧੀ ਫੁੱਲਾਂ ਵਾਂਗ ਰੱਖੀ। ਉਹ ਪਿੰਡ ਹੁਣ ਤਕ ਸਾਨੂੰ ਮਿਲਦਾ ਗਿਲਦਾ ਹੈ। ਮੇਰੀ ਧੀ ਨੇ ਉਹਨਾਂ ਦੇ ਬੱਚਿਆਂ ਨੂੰ ਬਹੁਤ ਮੋਹ ਨਾਲ ਪੜ੍ਹਾਇਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਬੇ ਵਿਚ ਤੇਰਾ ਸਿੰਘ ਚੰਨ ਨੇ ਜਦੋ-ਜਹਿਦ ਕਰਕੇ ਇਹ ਖੁੱਲ੍ਹ ਲੈ ਲਈ ਸੀ ਕਿ ਸਾਡੇ ਸ਼ਾਇਰ ਸਾਥੀ ਵੀ ਰੇਡੀਉ ਉਤੇ ਸਰਕਾਰੀ ਪ੍ਰੋਗਰਾਮ ਉਤੇ ਜਾ ਸਕਦੇ ਹਨ। ਸਾਡਾ ਵੀ ਹਿੱਸਾ ਇਹਨਾਂ ਅਦਾਰਿਆਂ ਵਿਚ ਹੈ। ਦੇਸ਼ ਭਗਤੀ ਤੇ ਬੋਲਣ। ਰਿਸ਼ਵਤ ਖੋਰੀ ਤੇ ਬੋਲਣ, ਮਜ਼ਦੂਰ ਕਿਸਾਨ ਭਲਾਈ ਤੇ ਬੋਲਣ। ਇਸ ਨਾਲ ਮੇਰੀ ਕਾਫੀ ਸਹਾਇਤਾ ਹੋਈ। ਰੇਡੀਉ ਅਤੇ ਲੋਕ ਸੰਪਰਕ ਵਿਭਾਗ ਅਤੇ ਭਾਸ਼ਾ ਵਿਭਾਗ ਦੇ ਕਵੀ-ਦਰਬਾਰਾਂ ਵਿਚ ਜਾਣ ਲੱਗ ਪਿਆ। ਜ਼ਿਲ੍ਹਾ ਕਮੇਟੀ ਔਖੀ ਸੀ। ਅਮਰਜੀਤ ਗੁਰਦਾਸਪੁਰੀ ਦਾ ਮੇਰੇ ਨਾਲ ਯਾਰਾਂ ਵਾਲਾ ਅਤੇ ਪਿਉ ਪੁੱਤਾਂ ਵਾਲਾ ਘਰਾਂ ਤੱਕ ਸੰਬੰਧ ਬਣ ਗਿਆ, ਇਕੱਠੇ ਕਾਫੀ ਥਾਂ ਜਾਂਦੇ। ਜੰਮੂ ਤਕ ਵੀ ਅੱਪੜਦੇ। ਮੇਰੀ ਵੱਡੀ ਧੀ ਸੁਖਬੀਰ ਤੇ ਅਮਰਜੀਤ ਦੀ ਡਰਾਮਿਆਂ ਵਿਚ ਵੀ ਜੋੜੀ ਸੀ। ਸਾਥੀਆਂ ਨੇ ਮੇਰੀ ਪਤਨੀ ਨੂੰ ਵੇਖਿਆ ਹੋਇਆ ਸੀ। ਉਹ ਮੈਥੋਂ ਬਹੁਤ ਨਿੱਕੀ ਲਗਦੀ ਹੈ। ਲੋਕਾਂ ਤੇ ਸਾਥੀਆਂ ਇਹ ਗੱਲ ਕੋਲੋਂ ਬਣਾ ਲਈ ਕਿ ਇਹ ਭੈਣ ਭਰਾ ਰਾਹੀ ਸਾਹਿਬ ਦੇ ਪਹਿਲੇ ਟੱਬਰ ਵਿਚੋਂ ਹਨ। ਦੋਹਾਂ ਦਾ ਰੰਗ ਸੌਲਾ ਤੇ ਸੂਰਤਾਂ ਮਿਲਦੀਆਂ ਸਨ। ਪਰਿਵਾਰ ਵੀ ਇਕ ਦੂਜੇ ਦੇ ਘਰ ਜਾ ਕੇ ਰਹਿ ਆਉਂਦੇ ਸਨ।

ਮੇਰਾ ਮਿੱਤਰ ਹਰਭਜਨ ਸਿੰਘ ਰਤਨ ਰੇਡੀਉ ਸਟੇਸ਼ਨ ਜਲੰਧਰ ਆ ਚੁੱਕਾ ਸੀ। ਉਹ ਮੇਰਾ ਇਕ ਐਸਾ ਗੂੜ੍ਹਾ ਮਿੱਤਰ ਹੈ ਹੁਣ ਤਕ ਇਹੋ ਜਿਹੇ ਹਾਂ। ਭਾਵੇਂ ਕਦੋਂ ਮਿਲੀਏ। ਇਕ ਦੂਜੇ ਉਤੇ ਮਾਣ ਹੈ। ਉਹ ਰਿਟਾਇਰ ਹੋ ਗਿਆ ਹੈ। ਸਾਡਾ ਉਹੋ ਜਿਹਾ ਹਾਲ ਰੇਡੀਉ ਸਟੇਸ਼ਨ ਉਤੇ ਨਹੀਂ ਬਣਿਆ। ਹਰਭਜਨ ਸਿੰਘ ਰਤਨ ਮੇਰਾ ਮਿੱਤਰ ਅੰਮ੍ਰਿਤਸਰ ਦੀ ਆਲ ਇੰਡੀਆ ਕਾਂਗਰਸ ਦੇ ਅਜਲਾਸ ਤੇ ਆਇਆ ਪੁਤਲੀ ਘਰ ਵਿਧਾਤਾ ਸਿੰਘ ਕਸਾਲ ਦੀ ਹੱਟੀ ਕਵੀ ਸਭਾ ਦੇ ਆਫ਼ਿਸ ਵਿਚ ਬਣਿਆ ਸੀ।

ਪਠਾਨਕੋਟ ਲਾਗੇ ਕਸਬਾ ਨਰੋਟ ਮਹਿਰੇ ਡਾਕਟਰ ਰਾਮ ਸਿੰਘ ਤੇ ਉਹਨਾਂ ਦੀ ਪਤਨੀ ਸਵਰਨੀ। ਇਹ ਜੋੜੀ ਸਲਾਹੁਣ ਯੋਗ ਸੀ। ਕਾ: ਟਪਿਆਲੇ ਦੀ ਕਾਢ ਸੀ ਇਹ ਵੀ। ਖੁੱਲ੍ਹਾ ਛਾਂਦਾਰ ਘਰ। ਬਾਹਰ ਡਿਸਪੈਂਸਰੀ। ਸਫ਼ਾਈ ਘਰ ਦੀ ਬੜੀ ਸੁਥਰੀ। ਸੁਥਰਾ ਬਹਿਣ ਖਲੋਣ, ਸੁਥਰਾ ਬੋਲਚਾਲ। ਆਏ ਗਏ ਦਾ ਆਦਰ ਕਰਨਾ ਇਹਨਾਂ ਦਾ ਸੁਭਾਅ ਸੀ। ਦੋਹੇਂ ਸੂਰਤ ਅਤੇ ਵਜੂਦ ਵਲੋਂ ਫੱਬਦੇ। ਇਕੋ ਉਹਨਾਂ ਦੀ ਬੱਚੀ। ਉਦੋਂ ਅੱਠਾਂ ਕੁ ਸਾਲਾਂ ਦੀ ਸੀ। ਜਦੋਂ ਮਿਲੋ ਘਰ ਜਾਉ ਮੁਸਕਰਾ ਕੇ ਮਿਲਦੇ। ਉਹਨਾਂ ਨੂੰ ਸਾਹਿਤ ਬਾਰੇ ਵੀ ਪੜ੍ਹਨ ਸੁਣਨ ਦਾ ਸ਼ੌਕ ਸੀ। ਮੈਂ ਜਦ ਪਾਰਟੀ ਕੰਮ ਕਰਦਾ ਕਰਦਾ ਉਹਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵੱਲ ਚਲਿਆ ਜਾਂਦਾ ਬੜੇ ਖੁਸ਼ ਹੁੰਦੇ । ਜੀਉ ਆਇਆਂ ਕਹਿੰਦੇ । ਸਵਰਨੀ ਕੁਰਸੀ ਡਾਹ ਦਿੰਦੀ । ਚਾਹ ਪਾਣੀ ਦੇ ਕੇ ਮੇਰੇ ਨਾਲ ਬਿਲਕੁਲ ਖੁੱਲ੍ਹ ਕੇ ਗੱਲਾਂ ਕਰਦੀ । ਪਾਰਟੀ ਬਾਰੇ । ਉਹਨੂੰ ਡਾ: ਵਾਂਗ ਕਾਫੀ ਸੂਝ ਸੀ । ਕਿਤਨਾ ਕਿਤਨਾ ਚਿਰ ਮੇਰੇ ਨਾਲ ਬਿਤਾਉਂਦੀ । ਡਾ: ਆ ਜਾਂਦਾ ਫਿਰ ਹੋਰ ਮਜਲਸ ਗਰਮ ਹੋ ਜਾਂਦੀ । ਇਹ ਪਰਿਵਾਰ ਇੰਝ ਲਗਦਾ ਜਿਸ ਤਰ੍ਹਾਂ ਮੈਂ ਆਪ ਹੀ ਇਹ ਪਰਿਵਾਰ ਹੋਵਾਂ । ਮੈਥੋਂ ਜ਼ਰੂਰ ਕੋਈ ਨਾ ਕੋਈ ਕਵਿਤਾ ਸਵਰਨੀ ਤੇ ਡਾਕਟਰ ਸੁਣਦੇ । ਪਾਰਟੀ ਦੇ ਅੰਦਰ ਬਾਹਰ ਦੀਆਂ ਗੱਲਾਂ ਵੀ ਕਰ ਲੈਂਦੇ । ਇਕ ਵਾਰੀ ਇਥੇ ਇਸ ਪਿੰਡ ਪਾਰਟੀ ਕਾਨਫ਼ਰੰਸ ਸੀ । ਸਟੇਜ ਹਮੇਸ਼ਾਂ ਮੇਰੇ ਕੋਲ ਹੁੰਦਾ । ਬੰਬਈ ਤੋਂ ਕਰਤਾਰੋ ਵੀ ਡੇਰੇ ਆਈ ਹੋਈ ਸੀ । ਉਹ ਵੀ ਮੇਰੇ ਨਾਲ ਕਾਨਫ਼ਰੰਸ ਤੇ ਆਈ । ਬੜੀ ਖੁਸ਼ । ਜਦੋਂ ਇਕੱਠੀਆਂ ਸੁੱਤੀਆਂ ਤਾਂ ਰਾਤ ਦੇਰ ਤਕ ਮੇਰੀਆਂ ਗੱਲਾਂ ਕਰਦੀਆਂ ਰਹੀਆਂ ।

ਕਾਂਗੜੇ ਵੱਲ ਇਕ ਜਿਮਨੀ ਚੋਣ ਆ ਗਈ । ਸਾਰੇ ਜ਼ਿਲ੍ਹੇ ਦੇ ਚੋਣਵੇਂ ਕਾਮਰੇਡ ਉਥੇ ਜਾਣ ਲਈ ਤਿਆਰ ਹੋਏ । ਮੈਂ ਕਹਿ ਦਿੱਤਾ ਕਿ ਮੈਂ ਨਹੀਂ ਜਾ ਸਕਦਾ । ਜਿਸ ਦਿਨ ਸ਼ਾਮ ਦੀ ਗੱਡੀ ਪਠਾਨਕੋਟ ਜਾਣਾ ਸੀ ਮੈਂ ਅੰਮ੍ਰਿਤਸਰ ਸਾਂ । ਦਿਨੇ ਅੱਠ ਵਜੇ ਅਮਰ ਚਿਤਰਕਾਰ ਦੇ ਨਾਲ ਹੀ ਪੁਤਲੀ ਘਰ ਉਸ ਦੇ ਕੰਮ ਉਤੇ ਗੁਰੂ ਨਾਨਕ ਰਿਕਸ਼ਾ ਕੰਪਨੀ ਚਲਿਆ ਗਿਆ । ਕਵੀ ਸਭਾ ਪੁਤਲੀ ਘਰ ਨੇ ਮੈਥੋਂ ਕਈ ਗੱਲਾਂ ਪੁੱਛੀਆਂ ਤੇ ਕੋਈ ਪ੍ਰੋਗਰਾਮ ਬਣਾਉਣਾ ਸੀ । ਯਾਰਾਂ ਵਜੇ ਨਾਲ ਚਾਹ ਪੀ ਰਿਹਾ ਸਾਂ ਤੇ ਕੀ ਵੇਖਦਾ ਹਾਂ ਕਿ ਸਵਰਨੀ ਤੇ ਡਾ: ਉਥੇ ਪਹੁੰਚ ਗਏ । ਮੈਂ ਬਿਠਾਏ ਚਾਹ ਪਿਆਈ ਤੇ ਪੁੱਛਿਆ ਕਿਧਰ ਆਏ ਹੋ ? ਸਵਰਨੀ ਕਹਿਣ ਲੱਗੀ — ਤੁਹਾਨੂੰ ਲੈਣ ਆਏ ਹਾਂ ਤੁਸਾਂ ਕਾਂਗੜੇ ਜਾਣ ਤੋਂ ਨਾਂਹ ਕਰ ਦਿੱਤੀ ਹੈ । ਅਸੀਂ ਆਪ ਦੋਹਾਂ ਜਾਣਾ ਹੈ, ਤੁਹਾਨੂੰ ਨਾਲ ਖੜ੍ਹਨਾ ਹੈ । ਹੁਣੇ ਤਿਆਰ ਹੋ ਕੇ ਸਾਡੇ ਨਾਲ ਚਲੋ ਸਮਾਂ ਥੋੜ੍ਹਾ ਹੈ ।... ..ਡਾ: ਹੋਰਾਂ ਵੀ ਮਾਣ ਨਾਲ ਕਿਹਾ । ਮੈਥੋਂ ਕੋਈ ਹੀਲ ਹੁਜਤ ਨਾ ਹੋਈ । ਮੈਂ ਤੁਰ ਪਿਆ । ਰਾਤ ਦੇ ਪਿਛਲੇ ਪਹਿਰ ਉਸ ਸਟੇਸ਼ਨ ਤੇ ਉਤਰੇ ਜਿਥੇ ਅਲੈਕਸ਼ਨ ਦਾ ਹਲਕਾ ਸੀ । ਬਹੁਤ ਕਾਮਰੇਡ ਗਏ ਜ਼ਿਲ੍ਹਾ ਨੇੜੇ ਹੋਣ ਕਰਕੇ । ਅਮਰਜੀਤ, ਦਲੀਪ ਸ਼ਿਕਾਰ ਤੇ ਹੋਰ ਵੀ ਸਾਥੀ । ਅਸੀਂ ਇਕ ਹਫ਼ਤਾ ਪਹਿਲਾ ਗਏ ਸਾਂ । ਕਾਂਗਰਸ ਦਾ ਇਕ ਭਲਵਾਨ ਖਲੋਤਾ ਹੋਇਆ ਸੀ । ਹਰ ਥਾਂ ਪੈਦਲ ਜਾਣਾ ਪੈਂਦਾ । ਹਰਿਆਵਲ ਬੜੀ, ਨਿੱਕੀਆਂ ਪਹਾੜੀਆਂ ਬੜੀਆਂ । ਰਸਤੇ ਸੁਹਣੇ, ਗੱਲਾਂ ਕਰਦਿਆਂ ਪੈਂਡਾ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁੱਕ ਜਾਣਾ। ਲੋਕ ਸਾਥੋਂ ਖਾਸ ਕਰਕੇ ਸਿੱਖਾਂ ਕੋਲੋਂ ਡਰਦੇ ਅਤੇ ਓਪਰਾ ਸਮਝਦੇ । ਬੇਰਾਂ ਦੀ ਰੁੱਤ ਸੀ, ਝਾੜੀਆਂ ਨਾਲ ਵੀ ਸਹੁਣੇ ਰੰਗਲੇ ਬੇਰ ਲੱਗੇ ਹੋਏ ਹੁੰਦੇ ਅਤੇ ਬੇਰੀਆਂ ਵੀ ਬਹੁਤ । ਵੱਖੋ ਵੱਖਰੇ ਪਾਸੇ ਸਾਰੇ ਖਿੱਲਰੇ ਰਹੇ । ਮੇਰੇ ਨਾਲ ਪਠਾਨਕੋਟ ਦਾ ਕਾਮਰੇਡ ਅੰਦਰ ਨੂੰ ਪੈਰਾਂ ਵਾਲਾ ਸੀ । ਜਿਧਰ ਪਿੰਡ ਦਿੱਸਦਾ ਤੁਰ ਪੈਂਦੇ । ਕਈ ਵਾਰੀ ਉਸ ਨੇ ਰੋਟੀ ਪਿੰਡੋਂ ਮੰਗ ਕੇ ਲਿਆਉਣੀ । ਰਾਤ ਨੂੰ ਸੌਣ ਦੀਆਂ ਥਾਵਾਂ ਮੁਕੱਰਰ ਸਨ । ਉਥੇ ਜਾ ਕੇ ਸੌਂਦੇ । ਸਾਡੀ ਕੋਈ ਪੇਸ਼ ਨਾ ਜਾਂਦੀ । ਬੋਲੀ ਜਾਂਦੇ, ਬੋਲੀ ਜਾਂਦੇ । ਉਹ ਸੁਣਦੇ ਰਹਿੰਦੇ, ਹੂੰ ਹਾਂ ਕਰਕੇ ਉਠ ਜਾਂਦੇ । ਰਾਜਪੂਤਾਂ ਚੌਧਰੀਆਂ ਦਾ ਬੜਾ ਛਾਇਆ ਛਿੱਕਾ ਸੀ । ਥੱਲੇ ਦਾ ਤਬਕਾ ਉਹਨਾਂ ਦਾ ਦਬੇਲ ਸੀ । ਚੌਧਰੀ ਕਾਂਗਰਸ ਨਾਲ ਸਨ ।

ਆਖਰੀ ਰਾਤ ਜਦ ਦਿਨੇ ਵੋਟ ਪੈਣੇ ਸਨ ਮੈਨੂੰ ਅਮਰਜੀਤ ਅਤੇ ਦਲੀਪ ਸ਼ਿਕਾਰ ਨੂੰ ਇਕ ਪਿੰਡ ਭੇਜ ਦਿੱਤਾ ਗਿਆ । ਕਾਗਜ਼ ਪੈਨਸਿਲਾਂ, ਵੋਟਰ ਲਿਸਟਾਂ ਦੇ ਦਿੱਤੀਆਂ । ਜਿਸ ਕੋਲ ਘੱਲਿਆ, ਉਸ ਸਾਨੂੰ ਝੱਲਿਆ ਨਾ । ਅਸੀਂ ਪਿੰਡ ਵਿਚ ਫਿਰਨ ਲੱਗ ਪਏ । ਜਿਧਰ ਨੂੰ ਲੰਘੀਏ ਲੋਕ ਬੂਹੇ ਬੰਦ ਕਰ ਲੈਣ । ਇਧਰ ਗੱਭਰੂ ਦੋ ਮੁੰਡੇ ਸਹੁਣੇ ਜੱਟਾਂ ਦੇ । ਨਾਲ ਮੈਂ ਇਕ ਗਾਲੜੀ ਗਿੱਦੜ ਜਿਹਾ । ਬੜੇ ਪਰੇਸ਼ਾਨ ਹੋਏ । ਇਕ ਰਮਦਾਸੀਏ ਨੇ ਸਾਨੂੰ ਆਪਣੇ ਘਰ ਸੱਦ ਲਿਆ । ਉਹ ਇਕੱਲਾ ਸੀ । ਤਕੜਾ ਗੱਭਰੂ ਸੀ । ਜੁੱਤੀਆਂ ਦਾ ਕੰਮ ਕਰਦਾ ਸੀ । ਉਸ ਦੇ ਅੰਦਰ ਮੇਜ਼ ਡਾਹ ਕੇ ਬੈਠ ਗਏ । ਉਸ ਨੇ ਰੋਟੀ ਖਵਾਈ । ਅਸੀਂ ਅੰਦਰ ਸਾਂ ਉਹ ਬਾਹਰ ਸੀ । ਦੋ ਚੌਧਰੀ ਆ ਕੇ ਉਹਨੂੰ ਡਾਂਟਣ ਲੱਗ ਪਏ । ਸਾਨੂੰ ਗੁੱਸਾ ਚੜ੍ਹਿਆ । ਦਲੀਪ ਸ਼ਿਕਾਰ ਨੇ ਆਪਣਾ ਟਰੱਕ ਵਰਗਾ ਸਰੀਰ ਬਾਹਰ ਕੱਢਿਆ — ਓਏ ਕੌਣ ਜੇ ਤੁਸੀਂ ਇਸ ਨੂੰ ਡਾਂਟਣ ਵਾਲੇ ਨੱਠ ਜਾਉ ਨਹੀਂ ਤੇ ਵਾੜ ਦਿਆਂਗੇ ਜਿਥੋਂ ਨਿਕਲੇ । ਓਏ ਨੱਠ ਜਾਉ ਹੱਤ ਤੁਹਾਡੀ ।......ਬੱਸ ਉਹਨਾਂ ਦਮ ਨਹੀਂ ਮਾਰਿਆ ਨੱਠ ਗਏ । ਸਾਰੇ ਪਿੰਡ ਦੋ ਤਿੰਨ ਘਰ ਛੱਡ ਕੇ ਸਾਰਾ ਝੁੱਗੀਆਂ ਦਾ ਸੀ ।......ਦਿਨੇ ਅਸਾਂ ਆਪਣੀ ਦੁਕਾਨ ਸਜਾ ਲਈ । ਇਕ ਵੋਟਰ ਵੀ ਸਾਡੇ ਕੋਲੋਂ ਵੋਟ ਕਟਾਉਣ ਨਾ ਆਇਆ । ਅਸੀਂ ਸਮੇਂ ਤੋਂ ਪਹਿਲਾਂ ਹੀ ਡੇਰਾ ਡੰਡਾ ਚੁੱਕ ਕੇ ਜਿਉਂ ਤੁਰੇ ਰੇਲਵੇ ਸਟੇਸ਼ਨ ਤੇ ਆ ਗਏ । ਉਥੇ ਸਾਰੇ ਸਵਰਨੀ ਡਾ: ਜੀ ਅਤੇ ਹੋਰ ਸਾਰੇ ਮਿਲ ਪਏ । ਰਾਤ ਨਿੱਕੀ ਲਾਈਨ ਵਾਲੀ ਗੱਡੀ ਜਿਹੜੀ ਉਧਰ ਚਲਦੀ ਹੈ ਬਹਿ ਕੇ ਘਰਾਂ ਨੂੰ ਆ ਗਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਛਲਿਆਂ ਦੋ ਸਾਲਾਂ ਦੀ ਗੱਲ ਹੈ ਮੈਂ ਸਰਨੇ ਨਹਿਰ ਉਤੇ ਜੰਮੂਓਂ ਆਉਂਦਾ ਉਤਰਿਆ। ਡਾਕਟਰ ਨੇ ਹੁਣ ਉਥੇ ਥੱਲੇ ਡਿਸਪੈਂਸਰੀ ਅਤੇ ਉਤੇ ਰਿਹਾਇਸ਼ ਰੱਖੀ ਹੋਈ ਹੈ। ਉਥੇ ਹੁਣ ਇਕ ਨਗਰ ਵੱਸ ਗਿਆ ਹੈ। ਪਹਿਲੇ ਵੀਰਾਨਾ ਸੀ। ਡਾ: ਨੇ ਲੜਕੀ ਵਿਆਹ ਦਿੱਤੀ ਹੈ।

ਮੈਂ ਜਾ ਕੇ ਸਤਿ ਸ੍ਰੀ ਅਕਾਲ ਆਖੀ। ਬੜੀ ਖ਼ੁਸ਼ੀ ਅਤੇ ਤਪਾਕ ਨਾਲ ਡਾਕਟਰ ਮਿਲਿਆ। ਬੜਾ ਜਾਹੋ ਜਲਾਲ ਸੀ। ਜੱਫੀ ਪਾ ਕੇ ਕਹਿਣ ਲੱਗਾ — ਚਲੋ ਰਾਹੀ ਜੀ ਉਤੇ ਮੈਂ ਆਉਂਦਾ ਹਾਂ। ਇਕ ਨੌਕਰ ਨੂੰ ਕਿਹਾ ਉਤੇ ਚਾਹ ਤੇ ਖਾਣ ਲਈ ਕੁਝ ਲੈ ਆ।......

ਮੈਂ ਪੌੜੀਆਂ ਚੜ੍ਹ ਕੇ ਚੁਬਾਰੇ ਦੀ ਸਜੀ ਹੋਈ ਬੈਠਕ ਵਿਚ ਜਾ ਬੈਠਾ। ਕੀ ਵੇਖਦਾ ਹਾਂ ਕਿ ਸਵਰਨੀ ਦੀ ਵੱਡੀ ਸਾਰੀ ਤਸਵੀਰ ਕੰਧ ਨਾਲ ਲੱਗੀ ਹੋਈ ਹੈ ਉਤੇ ਤਾਜ਼ੇ ਫੁੱਲਾਂ ਦਾ ਹਾਰ ਪਿਆ ਹੈ। ਸਮਝ ਗਿਆ ਸਵਰਨੀ ਨਹੀਂ ਹੈ। ਮੇਰੇ ਗਲੇਡੂ ਭਰ ਗਏ। ਝੱਟ ਉਦਾਸ ਹੋ ਗਿਆ — ਇੰਝ ਜਾਪਿਆ ਕਿ ਮੈਨੂੰ ਸਵਰਨੀ ਕਹਿ ਰਹੀ ਹੈ — ਰਾਹੀ ਜੀ ਪਾਰਟੀਆਂ ਦੋ ਹੋ ਗਈਆਂ ਸਨ ਦਿਲ ਤੇ ਦੋ ਨਹੀਂ ਸਨ ਹੋਏ। ਤੁਸੀਂ ਮੁੜ ਕੇ ਸਾਡੇ ਘਰ ਆਏ ਨਾ ? ਅਸੀਂ ਹਮੇਸ਼ਾ ਤੁਹਾਨੂੰ ਯਾਦ ਕਰਦੇ ਸਾਂ। ਤੁਹਾਨੂੰ ਸਾਰੀਆਂ ਗੱਲਾਂ ਮਿਲ ਕੇ ਕੰਮ ਕਰਨਾ ਇਕੱਲਿਆਂ ਰਹਿਣਾ। ਬਹਿਸਾਂ ਕਰਨੀਆਂ। ਦੁੱਖ ਸੁੱਖ ਦੇ ਭਾਈਵਾਲ ਹੋਣਾ ਕਿਸ ਤਰ੍ਹਾਂ ਭੁੱਲ ਗਏ ? ਤੁਸਾਂ ਸ਼ਾਇਰ ਸਉ, ਸਾਹਿਤਕਾਰ ਸਉ, ਮੇਰੇ ਭੋਗ ਉਤੇ ਵੀ ਨਾ ਆਏ।

ਮੈਂ ਅੱਖਾਂ ਪੂੰਝੀਆਂ। ਸਵਰਨੀ ਕੰਧ ਉਤੇ ਤਸਵੀਰ ਬਣ ਕੇ ਲੱਗੀ ਹੋਈ ਮੇਰੇ ਵੱਲ ਸਵਾਲੀਆ ਨਿਗਾਹਾਂ ਨਾਲ ਵੇਖੀ ਜਾ ਰਹੀ ਸੀ। ਮੈਨੂੰ ਆਪਣੀ ਗ਼ਜ਼ਲ ਦਾ ਇਕ ਸ਼ੇਅਰ ਯਾਦ ਆਇਆ :—

ਵਿਛੀ ਫੂੜੀ ਤੇ ਮਾਤਮ ਹੋ ਰਿਹਾ ਚਿਰ ਤੋਂ ਉਮੀਦਾਂ ਦਾ,
ਤੁਸੀਂ ਵੀ ਦੋ ਘੜੀਆਂ ਆ ਕੇ ਬੁਲਾ ਜਾਂਦੇ ਤਾਂ ਚੰਗਾ ਸੀ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੁਰਦੇ ਫਿਰਦੇ

100068

ਸਾਡੇ ਜ਼ਿਲ੍ਹੇ ਦੀ ਮੀਟਿੰਗ ਸੀ ਬਟਾਲੇ ਵਿਚ। ਰਾਤ ਤੇ ਦਿਨੇ ਇਤਨਾ ਮੀਂਹ ਪਿਆ ਕਿ ਇਕ ਵੱਡਾ ਹੜ੍ਹ ਬਣ ਗਿਆ। ਪਿੰਡਾਂ ਦੇ ਪਿੰਡ ਢੱਠ ਗਏ। ਮੀਂਹ ਹਟਿਆ ਤਾਂ ਸਾਨੂੰ ਪਤਾ ਲੱਗਾ ਕਿ ਵਕੀਲ ਪ੍ਰੀਤਮ ਸਿੰਘ ਬਾਜਵੇ ਦੀ ਕੋਠੀ ਵਿਚ ਪਾਣੀ ਚੜ੍ਹ ਗਿਆ ਹੈ। ਟਪਿਆਲੇ ਸਣੇ ਜ਼ਿਲ੍ਹਾ ਐਗਜ਼ੈਕਟਿਵ ਸਾਰੀ ਗਈ। ਉਸ ਦਾ ਸਮਾਨ ਉਸ ਦੇ ਕੋਠੇ ਸੁੱਕਣੇ ਪਾਇਆ। ਰਸਤੇ ਸਭ ਬੰਦ ਸਨ। ਟਪਿਆਲੇ ਨੇ ਆਖਿਆ — ਸਾਰੇ ਕਾਮਰੇਡ ਘਰਾਂ ਨੂੰ ਜਾਉ ਅਤੇ ਪਿੰਡਾਂ ਵਿਚ ਛਾ ਜਾਉ। ਲੋਕਾਂ ਦੀਆਂ ਤਕਲੀਫ਼ਾਂ ਸੁਣੋ ਉਹਨਾਂ ਦੀ ਮਦਦ ਕਰੋ ਤੇ ਸਰਕਾਰ ਕੋਲੋਂ ਕਰਾਉ। ਜੋ ਹੋਇਆ ਅਸੀਂ ਕੀਤਾ। ਮੈਂ ਸ਼ੁਦਾਈਆਂ ਵਾਂਗ ਐਵੇਂ ਸਾਈਕਲ ਉਤੇ ਭਾਉਂਦਾ ਰਿਹਾ। ਇਕ ਨਜ਼ਮ ਮੈਨੂੰ ਉਤਰੀ ਮੈਂ ਲਿਖੀ ਨਾ ਸੀ "ਪੰਜਾਬ ਦਾ ਹੜ੍ਹ।"

ਡੇਰੇ ਤੋਂ ਪੰਜ ਮੀਲ ਉਤੇ ਸੱਕੀ ਨਦੀ ਹੈ। ਉਥੇ ਪਹੁੰਚਾ ਉਹ ਚੜ੍ਹੀ ਹੋਈ ਸੀ। ਲਾਗੇ ਸ਼ਿਕਾਰ ਪਿੰਡ ਸੀ ਉਥੇ ਕੁਝ ਵਾਕਫ ਸਨ, ਹੋਰਾਂ ਨੂੰ ਨਾਲ ਲੈ ਕੇ ਕਾ: ਦਲੀਪ ਸ਼ਿਕਾਰ ਕੋਲ ਗਿਆ। ਸਾਈਕਲ ਉਥੇ ਰੱਖਿਆ। ਲੋਕਾਂ ਨੇ ਕੱਖ ਕਾਨੇ ਤੇ ਤਖਤੇ ਜੋੜ ਕੇ ਇਕ ਪਲੇਟ-ਫ਼ਾਰਮ ਬਣਾਇਆ ਹੋਇਆ ਸੀ। ਉਸ ਉਤੇ ਚੜ੍ਹ ਕੇ ਪਾਰ ਹੋਇਆ। ਮੇਰਾ ਸਹੁਰਾ ਭਾਈਆ ਤੇਜਾ ਸਿੰਘ ਮਿਲ ਪਿਆ। ਉਹਨੇ ਮੈਨੂੰ ਡੇਰੇ ਆਉਣ ਦਿੱਤਾ, ਆਪ ਸੁਖਬੀਰ ਕੋਲੋਂ ਜਾਗੋਵਾਲ ਭੱਟੀਆਂ ਤੁਰਦਾ ਚਲਿਆ ਗਿਆ। ਪਹਿਲੇ ਵੀ ਫਤਿਹਗੜ੍ਹ ਚੂੜੀਆਂ ਤੋਂ ਤੁਰਦਾ ਆਇਆ ਸੀ। ਰਾਤ ਕਿਤੇ ਸੁਖਬੀਰ ਕੋਲ ਪਹੁੰਚਿਆ। ਇਹ ਸਾਰਾ ਪੈਂਡਾ ਪੰਜਾਹ ਮੀਲ ਬਣਦਾ ਸੀ। ਸੱਕੀ ਨਾਲਾ ਲੰਘ ਕੇ ਅੱਗੇ ਰੱਸਾ ਫੜ ਕੇ ਲੋਕ ਲੰਘ ਰਹੇ ਸਨ, ਵਿਚਕਾਰ ਹੋ ਕੇ ਬਟਾਲੇ ਦਾ ਮੈਜਿਸਟਰੇਟ ਅਨੋਖ ਸਿੰਘ ਪ੍ਰਵਾਰ ਲੰਘਾ ਰਿਹਾ ਸੀ। ਮੈਂ ਉਸ ਨਾਲ ਦੋ ਘੰਟੇ ਲੋਕਾਂ ਨੂੰ ਲੰਘਾਉਂਦਾ ਰਿਹਾ।

ਮੇਰੀ ਹੜ੍ਹ ਵਾਲੀ ਨਜ਼ਮ ਬੜੀ ਮਸ਼ਹੂਰ ਹੋਈ। ਕਵੀ ਦਰਬਾਰ ਉੱਤੇ ਮੈਨੂੰ ਹਜ਼ਾਰਾ ਸਿੰਘ ਗੁਰਦਾਸਪੁਰੀ ਨੇ ਆਪਣੇ ਸਾਲਾਨਾ ਕਵੀ ਦਰਬਾਰ ਉੱਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੱਦਿਆ। ਪ੍ਰਧਾਨਗੀ ਪੰਡਤ ਜਵਾਹਰ ਲਾਲ ਦੀ, ਹਰਭਜਨ ਸਿੰਘ ਰਤਨ ਉਸ ਦਾ ਜੁੱਟ। ਖੂਬ ਮਾਲ ਇਕੱਠਾ ਕਰਦੇ, ਖੁੱਲ੍ਹਾ ਖਰਚਦੇ, ਖੁੱਲ੍ਹਾ ਖਾਂਦੇ। ਬੜੇ ਬੜੇ ਲੋਕ ਸਟੇਜ ਉਤੇ ਬੈਠੇ ਸਨ। ਸਾਹਮਣੇ ਵੀ ਕੰਧਾਂ ਉਤੇ ਬੜੇ ਬੜੇ। ਪਾਕਿਸਤਾਨ ਦਾ ਹਿੰਦ ਵਿਚ ਆਇਆ ਸਫੀਰ ਵੀ ਬੈਠਾ ਹੋਇਆ ਸੀ। ਪਾਕਿਸਤਾਨ ਤੋਂ ਚਰਾਗ ਦਾਮਨ ਸੱਦਿਆ ਗਿਆ ਸੀ। ਦਿਲੀ ਦੇ ਸਿਰਫ ਤਿੰਨ ਸ਼ਾਇਰ ਸਨ। ਨਹਿਰੂ ਜੀ ਆਏ ਸਾਡੇ ਨਾਲ ਹੱਥ ਮਿਲਾਏ। ਸਟੇਜ ਉਤੇ ਬੈਠ ਗਏ। ਖੂਬ ਕਵਿਤਾਵਾਂ ਹੋਈਆਂ। ਮੇਰੀ ਹੜ੍ਹ ਵਾਲੀ ਕਵਿਤਾ ਉਤੇ ਲੋਕ ਵੀ, ਵੱਡੇ ਲੋਕ ਵੀ ਅਤੇ ਸਾਹਿਤਕਾਰ ਵੀ ਖੁਸ਼ ਹੋਏ। ਉਸ ਵਿਚ ਆਪ ਨੂੰ ਵੀ ਕੁਝ ਮਜ਼ਾ ਆ ਗਿਆ ਸੀ। ਗੁਰਦਾਸਪੁਰੀ ਨੇ ਪੰਡਿਤ ਨਹਿਰੂ ਉਤੇ ਕਬਿੱਤ ਛੰਦ ਲਿਖ ਕੇ ਮੜ੍ਹਾਇਆ ਹੋਇਆ ਸੀ ਬੋਲਿਆ, ਉਸ ਦਾ ਬੋਲਣਾ ਕਮਾਲ ਸੀ। ਕੋਈ ਸਾਨੀ ਨਹੀਂ ਸੀ। ਦੂਜੇ ਦਿਨ ਪੰਡਤ ਜੀ ਨੂੰ ਉਨ੍ਹਾਂ ਦੀ ਸ਼ੀਸ਼ੇ ਵਿਚ ਲੱਗੀ ਕਵਿਤਾ ਦੇਣ ਗਏ। ਮੈਂ, ਰਤਨ, ਗੁਰਦਾਸਪੁਰੀ, ਪ੍ਰਕਾਸ਼ ਸਾਥੀ ਅਤੇ ਇਕ ਹੋਰ ਸ਼ਾਇਰ। ਪੰਜ ਸਾਂ। ਸਾਨੂੰ ਇਕ ਖੁੱਲ੍ਹੇ ਕਮਰੇ ਵਿਚ ਬਿਠਾਇਆ ਗਿਆ। ਪੰਡਤ ਜੀ ਆਏ। ਸਾਡੇ ਸਾਰਿਆਂ ਨਾਲ ਹੱਥ ਮਿਲਾਏ। ਸਾਡੇ ਨਾਲ ਹੀ ਕੁਰਸੀ ਉਤੇ ਬੈਠ ਗਏ। ਗੱਲਾਂ ਕੀਤੀਆ, ਚਾਹ ਪੀਤੀ। ਇਤਨੇ ਖ਼ੂਬਸੂਰਤ ਪ੍ਰਭਾਵਸ਼ਾਲੀ ਸਨ ਵੇਖਣ ਵਾਲਾ ਮੋਹਿਆ ਜਾਂਦਾ ਸੀ। ਦੋ ਆਦਮੀ ਮੈਂ ਇਸ ਤਰ੍ਹਾਂ ਦੇ ਜ਼ਿੰਦਗੀ ਵਿਚ ਵੇਖੇ ਹਨ। ਇਕ ਪੰਡਤ ਜੀ ਅਤੇ ਦੂਜਾ ਸ਼ੇਖ਼ ਅਬਦੁੱਲਾ।

ਕੇਰਲਾ ਦੀ ਕਮਿਊਨਿਸਟ ਵਜ਼ਾਰਤ ਜਦ ਬਣੀ ਤਾਂ ਸਾਰੇ ਦੇਸ਼ ਵਿਚ ਬੜਾ ਚਰਚਾ ਹੋਇਆ। ਕਾਮਰੇਡ ਬੇਹੱਦ ਖੁਸ਼। ਮੈਂ ਦੋ ਤਿੰਨ ਨਜ਼ਮਾਂ ਲਿਖੀਆਂ, ਉਹ ਸ਼ਾਇਆ ਵੀ ਹੋਈਆਂ ਸਨ। ਨਮੂਦਰੀ ਪਾਦ ਮੁਖ ਮੰਤਰੀ ਸੀ। ਪੰਜਾਬ ਵਿਚ ਉਸ ਨੂੰ ਸੱਦਿਆ। ਸ਼ਹਿਰਾਂ ਵਿਚ ਉਹ ਬੋਲਿਆ, ਵੱਡੇ ਵੱਡੇ ਇਕੱਠ ਹੁੰਦੇ। ਉਹ ਥਥਿਆ ਕੇ ਬੋਲਦਾ, ਪਰ ਲੋਕ ਹਜ਼ਾਰਾਂ ਦੀ ਤਾਦਾਦ ਵਿਚ ਬੁੱਤ ਬਣੇ ਦਿੱਸਦੇ। ਹਰਕਿਸ਼ਨ ਸਿੰਘ ਸੁਰਜੀਤ ਦੇ ਪਿੰਡ ਇਕ ਸਾਰੇ ਪੰਜਾਬ ਦਾ ਇਕੱਠ ਹੋਇਆ। ਕੋਈ ਅੰਤ ਨਾ ਰਿਹਾ ਭੀੜ ਦਾ। ਖਾਸ ਗੱਲ ਜਿਹੜੀ ਨਮੂਦਰੀ ਪਾਦ ਕਹਿੰਦਾ — ਹਮ ਭੀ ਪੰਜ ਸਾਲ ਕੇ ਬਾਦ ਆਵਾਮ ਕੇ ਆਗੇ ਆਪਣਾ ਹਿਸਾਬ ਕਿਤਾਬ ਰੱਖੇਂਗੇ। ਔਰ ਕਾਂਗਰਸ ਵੀ ਰੱਖੇਗੀ। ਲੋਕ ਜਾਨੇਗੇ ਕਿ ਹਮ ਕਮਿਊਨਿਸਟ ਪਾਰਟੀ ਕਿਆ ਹੈ ਕਾਂਗਰਸ ਕਿਆ ਹੈ।

 CC-0. In Public Domain. Gurukul Kangri Collection, Haridwar

ਕੇਰਲਾ ਦੀ ਇਹ ਕਮਿਊਨਿਸਟ ਵਜ਼ਾਰਤ ਹਰ ਪੱਖੋਂ ਹੈਰਾਨ ਕੁਨ ਸੀ।
Digitized by Arya Samaj Foundation Chennai and eGangotri
ਮੁੱਖ ਮੰਤਰੀ ਦੇ ਇਕ ਕਮੀਜ਼, ਧੋਤੀ, ਪੈਰੀਂ ਸਾਦੀ ਚੱਪਲ। ਲੋਕ ਗੱਲਾਂ ਕਰਦੇ — ਇਹਨੂੰ ਕਹਿੰਦੇ ਨੇ ਮੁੱਖ ਮੰਤਰੀ, ਭਈ ਕਮਾਲ ਦਾ ਆਦਮੀ ਹੈ ਸੁਣਿਆ ਹੈ ਇਹੋ ਜਿਹੇ ਹੀ ਬਾਕੀ ਵਜ਼ੀਰ ਹਨ। ਸਾਰੀ ਪਾਰਟੀ ਵਿਚ ਇਕ ਨਵੀਂ ਸ਼ਕਤੀ ਆ ਗਈ। ਸਾਥੀ ਸਮਝਦੇ ਪਾਰਟੀ ਦੀ ਹਕੂਮਤ ਸਾਰੇ ਦੇਸ਼ ਵਿਚ ਹੋ ਸਕਦੀ ਹੈ। ਪੰਜਾਬ ਪਾਰਟੀ ਵਿਚ ਤਾਂ ਜੋਬਨ ਆ ਗਿਆ ਸੀ। ਪਰ ਸਤ੍ਹਾਈਆਂ ਮਹੀਨਿਆਂ ਵਿਚ ਉਹ ਕੀਕਰ ਟੁੱਟੀ ? ਇਹ ਤਾਰੀਖ਼ ਦੱਸਦੀ ਹੈ।

ਮੇਰੀ ਲੜਕੀ ਸੁਖਬੀਰ ਮੇਰੇ ਖ਼ਿਆਲ ਵਿਚ ਵਿਆਹੁਣ ਜੋਗੀ ਹੋ ਗਈ ਸੀ। ਕੋਈ ਸਤਾਰ੍ਹਾਂ ਅਠਾਰ੍ਹਾਂ ਸਾਲਾਂ ਦੀ। ਉਸ ਲਈ ਮੈਂ ਮੁੰਡਾ ਲੱਭਦਾ ਸਾਂ। ਕਿੰਨਾ ਵੀ ਮਾੜਾ ਸਾਂ ਆਰਥਿਕ ਤੌਰ ਉਤੇ ਪਰ ਫਿਰ ਵੀ ਕੋਈ ਹੱਥੀਂ ਕੰਮ ਕਰਦਾ ਰਾਜ ਤਰਖਾਣ ਨਹੀਂ ਸਾਂ ਚਾਹੁੰਦਾ। ਚਾਹੁੰਦਾ ਸਾਂ ਕੋਈ ਨੌਕਰ ਜਾਂ ਮਾੜਾ ਮੋਟਾ ਕਾਰੋਬਾਰੀ ਜਾਂ ਕੋਈ ਚੰਗਾ ਪੜ੍ਹਿਆ ਲਿਖਿਆ ਕਾਮਰੇਡ, ਪਰ ਇਹ ਗੱਲ ਚੱਲ ਨਹੀਂ ਸੀ ਰਹੀ। ਮੈਂ ਕਹਿੰਦਾ ਕਿ ਮੈਂ ਕੁਝ ਨਹੀਂ ਦੇਣਾ ਤਾਂ ਰਾਮਗੜ੍ਹੀਏ ਮੂੰਹ ਫੇਰ ਜਾਂਦੇ। ਮੈਂ ਇਹ ਪ੍ਰਣ ਕੀਤਾ ਹੋਇਆ ਸੀ ਕਿ ਹਰ ਬਰਾਦਰੀ ਵਿਚ ਬੱਚਿਆਂ ਦੇ ਵਿਆਹ ਸ਼ਾਦੀਆਂ ਕਰਾਂਗਾ ਪਰ ਜੱਟਾਂ ਵਿਚ ਨਹੀਂ, ਮੈਂ ਜਾਣਦਾ ਸਾਂ ਜੇ ਮੇਰੀ ਧੀ ਜੱਟ ਬਰਾਦਰੀ ਵੱਲ ਵਿਆਹੀ ਗਈ ਤਾਂ ਪਹਿਲੇ ਦਿਨ ਹੀ ਜੱਟੀਆਂ ਕਹਿਣਗੀਆਂ — ਲੈ ਆਇਆ ਹੈ ਮੁੰਡਾ ਤਰਖਾਣੀ ਕੁੱਤੀ।......ਕਿਉਂਕਿ ਜੱਟ ਬਰਾਦਰੀ ਵਿਚ ਹਰ ਦੂਜੀ ਜ਼ਾਤ ਨੂੰ ਆਪਣੇ ਤੱਕੀਆ ਕਲਾਮ ਨਾਲ ਪਹਿਲੇ ਕੁੱਤੀ ਕੁੱਤਾ ਲਫ਼ਜ਼ ਵਰਤਦੇ ਫੇਰ ਉਸ ਦਾ ਨਾਂ ਲੈਂਦੀ ਹੈ।

ਤੇਰਾ ਸਿੰਘ ਚੰਨ ਨੂੰ ਪਤਾ ਸੀ ਮੇਰੇ ਇਸ ਸੰਕਟ ਦਾ। ਉਸ ਨੇ ਆਖਿਆ — ਰਾਹੀ ਤੂੰ ਕਮਿਊਨਿਸਟ ਹੈਂ ਬਰਾਦਰੀ ਕਿਉਂ ਵੇਖਦਾ ਹੈਂ ਜਿਥੇ ਚੰਗਾ ਮੁੰਡਾ ਲੱਭੇ ਕਰ ਦੇ। ਆਨੰਦ ਕੋਲ ਇਕ ਕਸ਼ਮੀਰੀ ਕਾਮਰੇਡ ਹੈ ਤੂੰ ਮੰਨੇ ਤਾਂ ਗੱਲ ਕਰਾਂ।......ਮੈਂ ਹਾਂ ਕੀਤੀ, ਆਨੰਦ ਨੇ ਸ੍ਰੀ ਨਗਰ ਦੇ ਇਕ ਕਾਮਰੇਡ ਆਤਮਜੀਤ ਸਿੰਘ ਬਾਰੇ ਦੱਸਿਆ — ਬਹੁਤ ਪੜ੍ਹਿਆ ਲਿਖਿਆ ਹੈ। ਪਾਰਟੀ ਦਾ ਲੀਡਰ ਹੈ। ਪਾਰਟੀ ਦੀ ਬੁੱਕ ਸ਼ਾਪ ਚਲਾਉਂਦਾ ਹੈ। ਜ਼ਮੀਨ ਹੈ, ਬਾਗ ਹੈ। ਬੜਾ ਚੰਗਾ ਖ਼ਾਨਦਾਨ ਹੈ। ਸੱਤਰ ਰੁਪਏ ਪਾਰਟੀ ਵੇਜ਼ ਲੈਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ [illegible] ਨਾਲ ਉਹ ਆਇਆ ਬੜਾ ਚੁਸਤ, ਫੁਰਤ, ਗੋਰਾ । ਸੁਖਬੀਰ ਤੇ ਸੰਤੋਸ਼ ਨਾਨਕੇ ਗਈਆਂ ਹੋਈਆਂ ਸਨ । ਦੂਜੇ ਦਿਨ ਉਥੇ ਗਏ । ਦੋਹਾਂ ਇਕ ਦੂਜੇ ਨੂੰ ਪਸੰਦ ਕਰ ਲਿਆ । ਉਥੋਂ ਅੰਮ੍ਰਿਤਸਰ ਪਾਰਟੀ ਆਫ਼ਿਸ ਗਏ । ਕਾ: ਸੋਹਣ ਸਿੰਘ ਜੋਸ਼ ਜੀ ਨੇ ਮੈਨੂੰ ਪੰਜ ਰੁਪੈ ਦਿੱਤੇ — ਮੈਂ ਜਾ ਕੇ ਚਾਹ ਪਿਲਾਈ, ਆਪਣੇ ਹੋਣ ਵਾਲੇ ਦਾਮਾਦ ਨੂੰ ।.....ਮੈਂ ਚਾਹ ਪਿਆਉਣ ਲਾਗੇ ਮਾੜੇ ਜਿਹੇ ਹੋਟਲ ਵਿਚ ਚਲਿਆ ਗਿਆ । ਅਮਰਜੀਤ ਨੇ ਉਹਨਾਂ ਦਾ ਖਾਣੇ ਦਾ ਚਾਰਟ ਦੇਖਿਆ । ਕੁਝ ਖਾਣ ਨੂੰ ਅਤੇ ਚਾਹ ਮੰਗਾਈ । ਪੈਸੇ ਉਸ ਨੇ ਦਿੱਤੇ ।

ਜਲੰਧਰ ਪਾਰਟੀ ਆਫ਼ਿਸ ਗਿਆ । ਉਥੋਂ ਪਾਰਟੀ ਸੂਬਾ ਸੈਕਟਰੀ ਹਰਕਿਸ਼ਨ ਸਿੰਘ ਸੁਰਜੀਤ ਸੀ । ਮੈਂ ਜਦ ਮੁੜ ਕੇ ਵਾਪਸ ਆਉਣ ਲੱਗਾ ਤਾਂ ਕਾ: ਸੁਰਜੀਤ ਨੇ ਆਵਾਜ਼ ਮਾਰੀ । ਮੈਂ ਜਾ ਕੇ ਸਾਹਮਣੇ ਕੁਰਸੀ ਤੇ ਬਹਿ ਗਿਆ । ਉਸ ਨੇ ਕਿਹਾ — ਰਾਹੀ ਤੂੰ ਲੜਕੀ ਦਾ ਰਿਸ਼ਤਾ ਕਸ਼ਮੀਰ ਵਿਚ ਕ਼ਰਨ ਲੱਗਾਂ ਹੈਂ । ਮੇਰੇ ਕਹੇ ਤੂੰ ਹਟਣਾ ਨਹੀਂ ਨਾ ਮੈਂ ਤੈਨੂੰ ਮਨ੍ਹਾਂ ਕਰਦਾ ਹਾਂ । ਇਕ ਮੇਰੀ ਗੱਲ ਮੰਨ ਲੈ, ਜਾ ਕੇ ਸ੍ਰੀ ਨਗਰ ਉਥੇ ਵੇਖ ਕੇ ਆ । ਘਰ ਬ਼ਾਹਰ ਵੀ ਵੇਖੀਂ । ਉਹਨਾਂ ਦਾ ਸਾਡਾ ਕਲਚਰ ਨਹੀਂ ਮਿਲਦਾ ।

ਮੈਂ ਹਾਂ ਕੀਤੀ ਅਤੇ ਉਠ ਕੇ ਆ ਗਿਆ । ਦਿਲ ਮੇਰਾ ਕਰਦਾ ਸੀ ਜਾ ਕੇ ਵੇਖਾਂ ਪਰ ਮੇਰੇ ਕੋਲ ਹੈ ਕੁਝ ਨਹੀਂ ਸੀ । ਜਿਹੜਾ ਉਥੇ ਜਾ ਕੇ ਰਹਿ ਕੇ ਵੇਖ ਸਕਦਾ । ਬਾਕੀ ਮੈਨੂੰ ਪੂਰਨ ਭਰੋਸਾ ਸੀ ਆਨੰਦ ਉਤੇ ।

ਅੰਮ੍ਰਿਤਸਰ ਇਸਕਸ ਦੀ ਕਾਨਫ਼ਰੰਸ ਸੀ । ਅਸੀਂ ਸਾਰੇ ਉਥੇ ਆਏ ਹੋਏ ਸਾਂ । ਸੁਖਬੀਰ ਵੀ ਆਪਣੀ ਤਾਈ, ਨਾਨੀ ਦੇ ਘਰ ਆਈ ਹੋਈ ਸੀ । ਉਥੇ ਸ੍ਰੀ ਨਗਰੋਂ ਆਤਮਜੀਤ ਸਿੰਘ ਦੇ ਮਾਸੜ ਤੇ ਉਹਨਾ ਦੀ ਧੀ ਕੁਸ਼ਲਿਆ ਆਈ । ਕੁਸ਼ਲਿਆ ਟਾਈਪ ਰਾਈਟਰ ਵਾਂਗ ਜ਼ਬਾਨ ਚਲਾ ਰਹੀ ਸੀ । ਅੰਮ੍ਰਿਤਸਰ ਨੂੰ ਸ੍ਰੀ ਨਗਰ ਦੇ ਹੇਚ ਕਹੀ ਜਾ ਰਹੀ ਸੀ । ਖ਼ੂਬਸੂਰਤ ਸੀ ਪਰ ਮੈਨੂੰ ਦਸਾਂ ਪੰਦਰਾਂ ਮਿੰਟਾਂ ਪਿਛੋਂ ਬੁਰੀ ਲੱਗਣ ਲੱਗ ਪਈ ਤੇ ਵਾਹਯਾਤ ਵੀ । ਅਮਰ ਚਿੱਤਰਕਾਰ ਦੇ ਘਰ ਸ਼ਗਨ ਹੋ ਗਿਆ । ਉਹਨਾਂ ਸੇਬਾਂ ਦੀ ਪੇਟੀ ਖੋਲ੍ਹ ਕੇ ਕੁਝ ਸੇਬ ਦਿੱਤੇ । ਰਿਸ਼ਤਾ ਪੱਕਾ ਹੋ ਗਿਆ । ਮੁੰਡਾ ਕੁੜੀ ਆਪੋ ਵਿਚ ਖਤ ਪੱਤਰ ਵੀ ਕਰਦੇ ਰਹੇ ।

ਹੁਣ ਮੇਰੇ ਸਾਹਮਣੇ ਸੁਖਬੀਰ ਦਾ ਵਿਆਹ ਸੀ । ਇਕ ਦਰਖ਼ਾਸਤ ਹਰਕਿਸ਼ਨ ਸਿੰਘ ਸੁਰਜੀਤ ਨੂੰ ਦਿੱਤੀ ਕਿ ਮੈਨੂੰ ਦੋ ਮਹੀਨੇ ਦੀ ਛੁੱਟੀ ਦਿੱਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਏ । ਮੇਰੀ ਮਾਇਕ ਹਾਲਤ ਮਾੜੀ ਹੈ । ਕੁਝ ਕੰਮ ਕਰਨਾ ਚਾਹੁੰਦਾ ਹਾਂ ।......ਮੇਰੇ ਅੰਦਰ ਇਹ ਗੱਲ ਸੀ, ਮੈਨੂੰ ਛੁਟੀ ਨਹੀਂ ਦੇਣਗੇ । ਪਰ ਕੋਈ ਪਰਵਾਹ ਨਾ ਕੀਤੀ ਗਈ ।

ਦਿੱਲੀ ਤੋਂ ਹਜਾਰਾ ਸਿੰਘ ਗੁਰਦਾਸਪੁਰੀ ਦੀ ਚਿੱਠੀ ਆਈ । ਲਿਖਿਆ ਸੀ ਕਿ ਤੂੰ ਦਿੱਲੀ ਮਹੀਨਾ ਆ ਜਾ, ਯੰਗ ਰਾਮਗੜ੍ਹੀਆਂ ਦੀ, ਆਪਣੀ ਕੌਮ ਦੀ ਆਲ ਇੰਡੀਆ ਕਾਨਫਰੰਸ ਕਰਨੀ ਹੈ । ਕੌਮ ਲਈ ਕਰਨਾ ਸਾਡਾ ਫ਼ਰਜ਼ ਹੈ ਵਗੈਰਾ ਵਗੈਰਾ ।

ਮੈਂ ਤਿਆਰ ਹੋ ਕੇ ਚਲਿਆ ਗਿਆ । ਆਪਣੇ ਭੈਣ ਭਣਵਈਏ ਵੱਲ ਟਿਕਾਣਾ ਰਖਿਆ । ਪਹਾੜਗੰਜ ਗੁਰਦਾਸਪੁਰੀ ਕੋਲ ਪਹੁੰਚ ਗਿਆ । ਉਹ ਤੰਗ ਘਰਾਂ ਵਿਚੋਂ ਇਕ ਘਰ ਵਿਚ ਰਹਿੰਦਾ ਸੀ । ਥੱਲੇ ਇਕ ਕੋਠੜੀ ਉਤੇ ਛੱਤਿਆ ਹੋਇਆ ਉੱਨਾ ਕੁ ਥਾਂ । ਉਸ ਜਗ੍ਹਾ ਵਿਚ ਉਹ ਮੁਫਤ ਰਹਿ ਰਿਹਾ ਸੀ । ਉਸ ਦੇ ਲਾਗੇ ਦੂਜੇ ਮੁਹੱਲੇ ਵਿਚ ਚੰਗੇ ਘਰ ਵਿਚ ਹਰਭਜਨ ਸਿੰਘ ਰਤਨ ਰਹਿੰਦਾ ਸੀ । ਗੁਰਦਾਸਪੁਰੀ ਦੀ ਜਗ੍ਹਾ ਰਿਸ਼ਤੇ ਵਿਚੋਂ ਉਸ ਦੇ ਭਣੇਵੇ ਦੀ ਸੀ । ਇਕ ਸਾਡੇ ਨਾਲ ਗਭਰੂ ਬਣਿਆ ਹੋਇਆ ਡਾਕਟਰ ਸੀ । ਤਿੰਨੇ ਤੁਰ ਪਏ । ਮੰਗਣ ਰਾਮਗੜ੍ਹੀਆਂ ਕੋਲੋਂ । ਬਿਸ਼ਨ ਸਿੰਘ ਉਪਾਸ਼ਕ ਉਥੇ ਸੀ । ਦੋਏ ਇਕ ਦੂਜੇ ਦੀਆਂ ਨਿੰਦਿਆਵਾਂ ਕਰਦੇ ਰਹਿੰਦੇ । ਵੱਡੀ ਰਾਮਗੜ੍ਹੀਆ ਦੀ ਸਭਾ ਮੁਖ਼ਾਲਫ਼ਤ ਕਰ ਰਹੀ ਸੀ । ਅਸੀਂ ਮੰਗੀ ਜਾ ਰਹੇ ਸਾਂ । ਟੈਕਸੀ ਕਰ ਲੈਣੀ । ਮੋਟੇ ਮੋਟੇ ਰਾਮਗੜ੍ਹੀਏ ਘੇਰਨੇ । ਕੁਝ ਮਿਲਣਾ ਨਹੀਂ ਤੇ ਅੱਗੇ । ਮੰਗਣ ਦੀ ਉਹਨੂੰ ਡਾਢੀ ਜਾਚ ਸੀ । ਰਾਤ ਉਸ ਨੇ ਸ਼ਰਾਬ ਜ਼ਰੂਰ ਪੀਣੀ । ਕਦੇ ਕਦੇ ਅਸਾਂ ਦੋਹਾਂ ਵੀ । ਦਿਨੇ ਰੋਟੀ ਹੋਟਲ ਵਿਚੋਂ ਖਾਣੀ । ਕਈ ਵਾਰੀ ਰਾਤ ਵੀ । ਮੈਂ ਇਕ ਹਫ਼ਤੇ ਵਿਚ ਤੰਗ ਪੈ ਗਿਆ । ਘਰ ਦਾ ਗ਼ਮ ਵੀ । ਕਵੀ ਦਰਬਾਰ ਮਾੜੇ ਮੋਟੇ ਮਿਲ ਜਾਣੇ । ਇਕ ਅੰਬਾਲੇ ਮਿਲ ਗਿਆ । ਉਹ ਭੁਗਤਾ ਕੇ ਦਿੱਲੀ ਮੁੜ ਆਇਆ । ਘਰ ਨੂੰ ਪੈਸੇ ਘੱਲੀ ਜਾਣੇ । ਚਾਨਣੀਆਂ ਕਨਾਤਾਂ ਲਈ ਲਾਊਡ ਸਪੀਕਰ ਲਈ ਸਾਈਆਂ ਦੇ ਦਿੱਤੀਆਂ । ਤਿੰਨ ਚਾਰ ਰਾਮਗੜ੍ਹੀਆਂ ਦੇ ਲੀਡਰਾਂ ਨੂੰ ਵੀ ਆਉਣ ਲਈ ਪੱਤਰ ਘੱਲੇ । ਇਸ਼ਤਿਹਾਰ ਨਹੀਂ ਸੀ ਸ਼ਾਇਆ ਕੀਤਾ । ਡੇਢ ਮਹੀਨਾ ਹੋ ਗਿਆ ਉਥੋਂ ਦੀ ਵੱਡੀ ਸਭਾ ਨੇ ਇੰਦਰ ਸਿੰਘ ਕਾਨਪੁਰੀਏ ਨੂੰ ਸੱਦ ਲਿਆ । ਇਕ ਸ਼ੀਸ਼ਿਆਂ ਨਾਲ ਬਣੀ ਕੋਠੀ ਵਿਚ ਗਏ । ਉਥੇ ਇੰਦਰ ਸਿੰਘ ਨੇ ਸਮਝਾਇਆ । ਦੂਜੇ ਦਿਨ ਹੋਟਲ ਵਿਚ ਇਕੱਠ ਹੋਇਆ, ਕਨਾਟ ਪਲੇਸ ਵਿਚ । ਰੰਗੀਨ ਪਾਰਟੀ ਤੇ ਨਾਚ ਹੋਇਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਦਾਸਪੁਰੀ ਦੀ ਸੁਲਾਹ ਹੋ ਗਈ, ਕੰਮ ਦਾ ਬੇੜਾ ਪਾਰ ਹੋ ਗਿਆ।

ਗੁਰਦਾਸਪੁਰੀ ਤੇ ਮੈਂ ਇਨ੍ਹਾਂ ਦਿਨਾਂ ਵਿਚ ਵਾਰਾਂ ਬਾਰੇ, ਕਵਿਤਾ ਬਾਰੇ, ਤਾਰੀਖ਼ ਬਾਰੇ, ਖ਼ਾਸ ਮੁਸਲਮ ਦੌਰ ਬਾਰੇ ਵਿਚਾਰ ਕਰਦੇ। ਫਾਰਸੀ ਦੇ ਸ਼ਾਇਰਾਂ ਬਾਰੇ ਸੁਣਿਆ ਤੇ ਸਿਖਿਆ। ਉਹ ਕਮਾਲ ਦਾ ਸ਼ਾਇਰ ਸੀ। ਕਿਸੇ ਨੂੰ ਬੱਦ ਦਾ ਨਹੀਂ ਸੀ। ਉਸ ਅੱਗੇ ਕੋਈ ਆਕੜਦਾ ਨਹੀਂ ਸੀ। ਉਸ ਨਾਲ ਵੀ ਮੈਂ ਕਈ ਕਵੀ ਦਰਬਾਰ ਪੜ੍ਹੇ। ਮੇਰਾ ਅੰਦਰਲਾ ਪਾਰਟੀ ਨਾਲ ਸੀ। ਸਾਥੀਆਂ ਨੂੰ ਯਾਦ ਕਰਦਾ ਸਾਂ। ਬਤੌਰ ਇਨਸਾਨ ਦੇ ਗੁਰਦਾਸਪੁਰੀ ਬਹੁਤ ਹੀ ਘਟੀਆ ਮਨੁੱਖ ਸੀ। ਭਰਜਾਈ ਸੱਚੀ ਸੁੱਚੀ ਦੇਵੀ ਸੀ। ਬੜੀ ਅਕਲਮੰਦ ਤੇ ਸਿਆਣੀ। ਉਦੋਂ ਕੁੜੀ ਨਿੱਕੀ ਸੀ। ਕਿਸੇ ਦਾ ਮਿੱਤਰ ਨਹੀਂ ਸੀ। ਸਮਾਂ ਮਿਲਣ ਤੇ ਆਪਣੇ ਮਤਲਬ ਲਈ ਸਭ ਨੂੰ ਛੱਡ ਸਕਦਾ ਸੀ। ਕ੍ਰਿਤਘਣ ਸੀ। ਗਾਲੜੀ ਇਕ ਨੰਬਰ ਦਾ। ਕਿਸੇ ਦਾ ਕਿਸੀ ਤਰ੍ਹਾਂ ਆਸਰਾ ਨਹੀਂ ਸੀ ਬਣ ਸਕਦਾ। ਲਤੀਫੇਬਾਜ਼ ਹੱਦ ਦਰਜੇ ਦਾ, ਬੇ-ਰਹਿਮ, ਬੇ-ਤਰਸ, ਇਨਸਾਨੀਅਤ ਤੋਂ ਕਿਤੇ ਦੂਰ। ਸੁਤੰਤਰਤਾ ਸੰਗਰਾਮੀ ਸੀ। ਖੰਬ ਕੇਸ ਵਿਚ ਸੱਤ ਸਾਲ ਜੇਲ੍ਹ ਕੱਟੀ ਹੋਈ ਸੀ। ਵਜ਼ੀਰਾਂ ਲੀਡਰਾਂ ਉਤੇ ਨਜ਼ਮਾਂ ਲਿਖ ਕੇ ਮਾਲ ਚੰਗਾ ਕਮਾ ਲੈਂਦਾ। ਪਰ ਸਾਰਾ ਸਾਫ਼। ਆਪਣੇ ਆਪ ਨੂੰ ਫਕੀਰ ਕਹਿੰਦਾ।

ਉਦੋਂ ਤੋਂ ਲੈ ਕੇ ਹੁਣ ਤਕ ਮੈਂ ਦਿੱਲੀ ਵਿਚ ਜੋ ਸੌ ਸ਼ਾਇਰਾਂ ਜਾਂ ਸਾਹਿਤਕਾਰਾਂ ਨੂੰ ਮਿਲਿਆ ਹੋਵਾਂਗਾ ਤਾਂ ਨੱਬੇ ਫ਼ੀਸਦੀ ਆਪਣੇ ਆਪ ਨੂੰ ਸਭ ਤੋਂ ਵੱਡਾ ਕਹਿੰਦੇ ਸਨ। ਆਪਣੇ ਬਾਰੇ ਇਤਨੀਆਂ ਸਿਫ਼ਤਾਂ ਅਤੇ ਇਮਾਨਦਾਰੀ ਛਾਂਟਣਗੇ ਕਿ ਬੰਦਾ ਹੈਰਾਨ ਹੁੰਦਾ ਹੈ ਕਿ ਕਿਤਨੇ ਖ਼ੁਦ ਮੀਆਂ ਮਿੱਠੂ ਬਣਦੇ ਹਨ। ਉਹ ਸਾਰੇ ਮੈਨੂੰ ਠੂੰਹਿਆਂ ਦੀ ਡਾਰ ਜਾਪੇ ਤੇ ਜਾਪਦੇ ਹਨ। ਜਿਸ ਦੀ ਪਿੱਠ ਉਤੇ ਉਂਗਲ ਰੱਖੋਗੇ ਡੰਗ ਮਾਰੇਗਾ। ਉਦੋਂ ਕਨਾਟ ਪਲੇਸ ਵਿਚ ਜਨਤਾ ਟੀ-ਹਾਊਸ ਆਰਜ਼ੀ ਬਣਿਆ ਸੀ। ਉਥੇ ਰੋਜ਼ ਇਕ ਵਾਰੀ ਜ਼ਰੂਰ ਜਾਂਦੇ। ਮੈਂ ਬੁੱਧੂ ਬਣ ਕੇ ਗੱਲਾਂ ਸੁਣਦਾ ਰਹਿੰਦਾ ਤੇ ਹੈਰਾਨ ਹੁੰਦਾ ਕਹਿੰਦੇ ਕਿ ਇਹ ਇਨਸਾਨ ਹਨ ਜਾਂ ਮਾਲ ਵੇਚਣ ਵਾਲੇ ਦਲਾਲ ਤੇ ਠੱਗ। ਖ਼ੁਦਪ੍ਰਸਤੀ ਦੀ ਗੱਦ ਟੱਪੇ ਹੋਏ।

ਮੈਨੂੰ ਆਉਣ ਲੱਗੇ ਨੂੰ ਗੁਰਦਾਸਪੁਰੀ ਨੇ ਕਿਰਾਇਆ ਵੀ ਨਾ ਦਿੱਤਾ। ਉਹ ਮੈਂ ਆਪਣੀ ਭੈਣ ਕੋਲੋਂ ਲਿਆ। ਮੇਰੇ ਭਣਵਈਏ ਪੂਰਨ ਸਿੰਘ ਨੇ ਕਿਹਾ — ਫ਼ਿਕਰ ਨਾ ਕਰੋ ਰਾਹੀ ਜੀ ਵਿਆਹ ਕਰੋ ਵਾਧਾ ਘਾਟਾ ਪੈਸਾ ਲਾ ਦਿਆਂਗੇ। ਮੈਨੂੰ ਪੰਜਾਬੋਂ ਬਟਾਲੇ ਤੋਂ ਕਾ: ਸੁਲੱਖਣ ਸਿੰਘ ਦਾ ਖ਼ਤ ਆਇਆ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਖਿਆ ਸੀ — [illegible] ਲਗਦਾ । ਕੁੜੀ ਦਾ ਵਿਆਹ ਹੋ ਜਾਏਗਾ ।

ਡੇਰੇ ਬਾਬੇ ਨਾਨਕ ਆ ਗਿਆ । ਵਿਆਹ ਸ਼ੁਰੂ ਕਰ ਦਿੱਤਾ । ਮੇਰੇ ਸਹੁਰਿਆਂ, ਵੱਡੇ ਚਾਚਾ ਜੀ ਨੇ, ਫੁੱਫੜ ਜਗਤ ਸਿੰਘ, ਕਾ: ਸੁਲੱਖਣ ਤੇ ਦਿਆਲ ਗੜ੍ਹੀਏ ਨੇ ਮਦਦ ਕੀਤੀ । ਸਕੀ ਭੈਣ ਨੇ ਦੋ ਸੌ ਰੁਪਿਆ ਦਿੱਤਾ । ਕਾ: ਅਮਰਜੀਤ ਨੇ ਤੇਤੀ ਰੁਪੈ । ਚੰਗਾ ਵਿਆਹ ਹੋ ਗਿਆ । ਸਿਰਫ਼ ਪੰਦਰਾਂ ਆਏ । ਜੰਞ ਦਾ ਆਉਣ ਜਾਣ ਦਾ ਕਿਰਾਇਆ ਆਤਮਜੀਤ ਦੇ ਮਿੱਤਰ ਤੇ ਪਾਰਟੀ ਸਾਥੀ ਰਾਜਿੰਦਰ ਸਿੰਘ ਸਾਹਨੀ ਨੇ ਦਿੱਤਾ ਸੀ । ਮੇਰੀ ਬਰਾਦਰੀ ਨਹੀਂ ਆਈ । ਬਰਾਦਰੀ ਤੋਂ ਬਾਹਰ ਵਿਆਹ ਕਰਕੇ ਕਸ਼ਮੀਰੀ ਬ੍ਰਾਹਮਣਾਂ ਦੇ ਮੁੰਡੇ ਨਾਲ ਉਂਜ ਸਿੱਖ । ਸਾਡੇ ਕੋਲ ਪੈਸੇ ਮੁੱਕੇ ਰਹਿੰਦੇ । ਸਵੇਰ ਦੀ ਰੋਟੀ ਲਈ ਝਟਕਈ ਕੋਲੋਂ ਵੀਹਾਂ ਰੁਪਿਆਂ ਦਾ ਮੀਟ ਲੈਣ ਗਿਆ । ਉਹ ਉਧਾਰ ਦੇਣੋਂ ਮੁਕਰ ਗਿਆ । ਜੰਞ ਰਾਤ ਰਹੀ ਸੀ । ਮੇਰੀ ਪਤਨੀ ਨੇ ਕਿਤੋਂ ਉਧਾਰ ਵੀਹ ਰੁਪੈ ਮੰਗ ਕੇ ਆਂਦੇ, ਤਾਂ ਰੋਟੀ ਬਣੀ । ਆਤਮਜੀਤ ਸਿੰਘ ਦਾ ਪਿਤਾ ਸ: ਨੰਦ ਸਿੰਘ ਨਹਾਇਤ ਸ਼ਰੀਫ ਅਤੇ ਵਧੀਆ ਬੰਦਾ ਸੀ । ਹਮੇਸ਼ਾਂ ਮੈਨੂੰ ਯਾਦ ਰਹੇਗਾ । ਕਾ: ਟਪਿਆਲੇ ਨਾਲ ਡੇਢ ਗਵਾਰ ਤੇ ਇਕ ਹੰਕਾਰੀ ਕਾ: ਬਾਬੂ ਪਰਮਿੰਦਰ ਸਿੰਘ ਦਿਨੇ ਆਏ । ਚਾਹ ਪੀ ਗਏ ਰੋਟੀ ਖਾ ਗਏ । ਮੇਰੀ ਧੀ ਦੇ ਹੱਥ ਉਤੇ ਇਕ ਰੁਪਿਆ ਨਾ ਰੱਖ ਸਕੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਹੋਵਾਲ ਤੋਂ ਸ੍ਰੀ ਨਗਰ

ਦੋ ਕਮਿਊਨਿਸਟ ਇਨਕਲਾਬੀ ਸੂਰਮੇ ਜਿਨ੍ਹਾਂ ਕੋਲ ਰੂਸ ਵਿਚ ਰਹਿਣ ਦੇ ਡਿਪਲੋਮੇ ਸਨ, ਅਕਲਮੰਦੀ ਦੇ, ਮਾਰਕਸੀ ਪੀ.ਐਚ.ਡੀ. ਬਿਲਕੁਲ ਸਹੀ ਹੋਣ ਦੀ "ਮੈਂ ਮੈਂ" ਸੀ । ਉਨ੍ਹਾਂ ਵਿਚ ਪਟਿਆਲੇ ਰਿਆਸਤ ਵਿਚੋਂ ਇਨਕਲਾਬ ਸ਼ੁਰੂ ਕਰਕੇ ਜ਼ਮੀਨਾਂ ਖੋਹ ਕੇ ਲੋਕਾਂ ਵਿਚ ਵੰਡਣ ਦਾ ਝਗੜਾ ਪੈ ਗਿਆ । ਲਾਲ ਪਾਰਟੀ ਨਾਲੋਂ ਕਾ: ਰਾਮ ਸਿੰਘ ਦੱਤ ਵੱਖਰਾ ਹੋ ਗਿਆ । ਜ਼ਿਲ੍ਹੇ ਗੁਰਦਾਸਪੁਰ ਦੇ ਸਾਰੇ ਉਸ ਦੇ ਸਾਥੀ ਵੀ ਨਿਕਲ ਆਏ । ਉਹਨਾਂ ਨੇ ਸੂਬਾ ਪਾਰਟੀ ਨੂੰ ਚਿੱਠੀ ਲਿਖੀ ਕਿ ਸਾਨੂੰ ਪਾਰਟੀ ਵਿਚ ਲਿਆ ਜਾਏ । ਸੂਬਾ ਪਾਰਟੀ ਨੇ ਕਾਮਰੇਡ ਜਗਜੀਤ ਸਿੰਘ ਆਨੰਦ ਨੂੰ ਘੱਲਿਆ । ਉਹ ਆਇਆ ਜ਼ਿਲ੍ਹਾ ਪਾਰਟੀ ਵਲੋਂ ਮੈਨੂੰ ਲਿਆ ਅਤੇ ਅਸੀਂ ਕਾ: ਦੱਤ ਦੇ ਪਿੰਡ ਦੀਨਾ ਨਗਰ ਲਾਗੇ ਸ਼ਾਹੋਵਾਲ ਚਲੇ ਗਏ । ਸ਼ਾਮ ਨੂੰ ਪਹੁੰਚੇ । ਉਹਨਾਂ ਦਾ ਆਗੂ ਕਾ: ਚੰਨਣ ਸਿੰਘ ਤੁਗਲਵਾਲਾ ਸੀ । ਸਾਰੇ ਕਾਮਰੇਡਾਂ ਦਾ ਇਕੱਠ ਹੋਇਆ । ਸ਼ਕਰ ਗੜ੍ਹ ਵਿਚੋਂ ਪਾਕਿਸਤਾਨ ਬਣਨ ਸਮੇਂ ਕਾ: ਦੱਤ ਸਾਰਿਆਂ ਸਾਥੀਆਂ ਨੂੰ ਅਤੇ ਲੋਕਾਂ ਨੂੰ ਜੱਥਾ ਬਣਾ ਕੇ ਲਿਆਇਆ ਸੀ । ਸਾਰਿਆਂ ਸਾਥੀਆਂ ਨੂੰ ਵਸਾਉਣ ਵਿਚ ਬੜੀ ਮਦਦ ਕੀਤੀ ਸੀ । ਮਹਿਤਾ ਰਵੀ ਭਗਤ ਤੇ ਪਾਰੋਂ ਆਏ ਸਭ ਹਾਜ਼ਰ ਸਨ ਅਤੇ ਇਧਰਲੇ ਪੰਜਾਬ ਦੇ ਵੀ ।

ਕਾ: ਆਨੰਦ ਨੇ ਤਕਰੀਰ ਕੀਤੀ ਪਾਰਟੀ ਦੀ ਪਾਲਸੀ ਦੱਸੀ ਤੇ ਕਿਹਾ — ਅਸੀਂ ਤੁਹਾਨੂੰ ਜੀ ਆਇਆਂ ਕਹਿੰਦੇ ਹਾਂ । ਸਾਰੇ ਸਾਥੀ ਮੈਂਬਰ ਲੈ ਲਵਾਂਗੇ । ਪਰ ਵਾਰੋ ਵਾਰੀ । ਦੱਤ ਜੀ ਨੂੰ ਸੂਬਾ ਪਾਰਟੀ ਫ਼ੈਸਲਾ ਕਰਕੇ ਲਏਗੀ । ਕੁਝ ਸਾਥੀ ਹੁਣੇ ਲੈ ਲਵਾਂਗੇ ।......ਕਾ: ਚੰਨਣ ਸਿੰਘ ਅਤੇ ਹੋਰ ਸਾਥੀ ਕੁਝ ਪਾਰਟੀ ਨਾਲ ਲੱਗ ਗਏ ਹੋਏ ਸਨ ।......ਦੱਤ ਨੇ ਕਿਹਾ — ਮੈਂ ਪਾਰਟੀ ਕੋਲੋਂ ਮੈਂਬਰੀ ਨਹੀਂ ਮੰਗਣੀ ਮੈਂਬਰੀ ਖੋਹਾਂਗਾ । ਵਗ਼ੈਰਾ ਵਗ਼ੈਰਾ । ......ਫਿਰ ਮੈਨੂੰ ਕਹਿਣ ਲੱਗਾ — ਰਾਹੀ ਤੂੰ ਸਾਡੇ ਵਿਚੋਂ ਪਾਰਟੀ ਵਿਚ ਰਿਹਾ ਸੈਂ, ਥਾਂ ਬਣਾ ਰੱਖੀ ਸੀ, ਅਸੀਂ ਵੀ ਆ ਗਏ ਹਾਂ ।......ਮੈਂ ਬੜਾ ਖ਼ੁਸ਼ ਹੋਇਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾ: ਚੰਨਣ ਸਿੰਘ ਤੇ ਹੋਰ ਸਾਥੀ ਬਕਾਇਦਾ ਪਾਰਟੀ ਨਾਲ ਕੰਮ ਕਰਨ ਲੱਗ ਪਏ ਸਨ। ਮੈਂ ਬਹੁਤ ਖ਼ੁਸ਼ ਸਾਂ। ਆਉਣ ਵਾਲੇ ਸਾਰੇ ਬੜੇ ਆਰਾਮ ਨਾਲ ਕੰਮ ਕਰਦੇ ਸਨ। ਤੜਕ ਫੜਕ ਨਹੀਂ ਸੀ। ਟਪਿਆਲੇ ਦੇ ਉਹ ਵੀ ਹਾਂ ਜੀ ਬਣੇ ਰਹੇ। ਮਗਰੋਂ ਇਸ ਸਾਰੇ ਟੋਲੇ ਨੂੰ ਕਾ: ਦੱਤ ਸਣੇ ਪ੍ਰਤਾਪ ਸਿੰਘ ਕੈਰੋਂ ਕਾਂਗਰਸ ਵਿਚ ਲੈ ਗਿਆ। ਚੰਨਣ ਸਿੰਘ ਮੋਹਣ ਲਾਲ ਖ਼ਜ਼ਾਨਾ ਮੰਤਰੀ ਦਾ ਪ੍ਰਾਈਵੇਟ ਸੈਕਟਰੀ ਬਣ ਗਿਆ।

ਜੰਮੂ ਵਿਚ ਬੜੀ ਵੱਡੀ ਕਾਨਫ਼ਰੰਸ ਹੋਈ। ਕਾ: ਧਨਵੰਤਰੀ ਨੇ ਕਰਾਈ। ਅਸੀਂ ਸਾਰੇ ਗਏ। ਕਾ: ਬਾਹਰਲਾ ਪੂਰੀ ਸੱਜ ਧੱਜ ਨਾਲ ਕੁੜੀਆਂ ਮੁੰਡਿਆਂ ਦੇ ਟਰੁੱਪ ਸਣੇ ਗਿਆ। ਤੇਰਾ ਸਿੰਘ ਚੰਨ ਵੀ, ਅਮਰਜੀਤ ਤੇ ਮੈਂ ਵੀ। ਸਮਝਿਆ ਕਿ ਉਥੇ ਸ੍ਰੀ ਨਗਰ ਤੋਂ ਸੁਖਬੀਰ ਵੀ ਆਈ ਹੋਏਗੀ ਆਪਣੇ ਢਾਈ ਕੁ ਸਾਲ ਦੇ ਲੜਕੇ ਕੁੱਕੂ ਨੂੰ ਨਾਲ ਲੈਂ ਗਿਆ। ਇਹ ਬੱਚਾ ਬਹੁਤ ਸਹੁਣਾ ਸੀ ਮੇਰੀ ਧੀ ਸੰਤੋਸ਼ ਵਰਗਾ। ਸੁਖਬੀਰ ਆਈ ਨਾ। ਸਾਰੀਆਂ ਕੁੜੀਆਂ ਕੁੱਕੂ ਨੂੰ ਲਈ ਫਿਰਦੀਆਂ ਸਨ। ਸੈਂਟਰ ਚੋਂ ਕਾ: ਹਿਰੇਨ ਮੁਕਰਜੀ ਆਇਆ। ਕਾ: ਆਨੰਦ ਸਾਰਾ ਕੁਝ ਅੱਗੇ ਹੋ ਕੇ ਕਰਦਾ ਸੀ। ਜੰਮੂ ਵਿਚ ਸਭ ਤੋਂ ਸਾਹਿਤਕ ਤੌਰ ਤੇ ਜਿਹੜਾ ਸਾਥੀ ਆਗੂ ਸੀ ਉਹ ਸੀ ਰਘਬੀਰ ਸਿੰਘ ਮੁਕਤ। ਉਹ ਲਗਨ ਨਾਲ ਕੰਮ ਕਰਦਾ ਸੀ। ਜਦੋਂ ਪਹਿਲਾਂ ਏਥੇ ਮੈਂ ਆਇਆ ਸਾਂ ਉਦੋਂ ਪਹਿਲੀ ਵਾਰੀ ਪੰਜਾਬੀ ਸਾਹਿਤ ਸਭਾ ਮੁਕਤ ਨੇ ਮੇਰੇ ਨਾਲ ਰਲ ਕੇ ਬਣਾਈ ਸੀ ਕੋਈ 1952 ਵਿਚ।

ਡਰਾਮੇ, ਅਪਰੇਟੇ, ਕਵੀ ਦਰਬਾਰ, ਜਲਸੇ ਸ਼ਾਨ ਨਾਲ ਹੋਏ। ਪਾਰਟੀ ਉਦੋਂ ਨੈਸ਼ਨਲ ਕਾਨਫ਼ਰੰਸ ਨਾਲ ਰਲੀ ਮਿਲੀ ਸੀ। ਜੰਮੂ ਕੁਝ ਧਨਾਢਾਂ ਨੇ ਸਾਡੀਆਂ ਚੋਟੀਆਂ ਕੀਤੀਆਂ। ਧਨਵੰਤਰੀ ਦੀ ਜੈ ਜੈ ਸੀ। ਸੇਠੀ ਸਟਾਫ ਦੀ ਚੜ੍ਹਤ ਜਾਪਦਾ ਸੀ, ਜੰਮੂ ਕਸ਼ਮੀਰ ਵਿਚ ਪਾਰਟੀ ਦਾ ਰਾਜ ਹੈ।

ਮੈਂ ਘਰ ਆ ਕੇ ਸੋਚਿਆ ਇਕ ਵਾਰੀ ਸ੍ਰੀ ਨਗਰ ਜਾਣਾ ਚਾਹੀਦਾ ਹੈ। ਉਦੋਂ ਚਿੱਠੀਆਂ ਰਾਹੀਂ ਰਾਜਿੰਦਰ ਸਿੰਘ ਸਾਹਨੀ ਬਾਰੇ ਸੰਤੋਸ਼ ਧੀ ਦੇ ਰਿਸ਼ਤੇ ਦੀ ਗੱਲ ਚਲਦੀ ਸੀ। ਉਹ ਡੇਰੇ ਬਾਬੇ ਨਾਨਕ ਦਸਵੀਂ ਵਿਚ ਪੜ੍ਹਦੀ ਸੀ। ਮੈਂ ਕੁਝ ਚਿਰ ਘਰ ਠਹਿਰ ਕੇ ਜੰਮੂ ਗਿਆ। ਮੁਕਤ ਹੋਰਾਂ ਕੋਲ ਇਕ ਹੋਰ ਕਾ: ਸੀ। ਟਰਾਂਸਪੋਰਟ ਵਿਚ ਕੰਮ ਕਰਦਾ, ਉਹਨੂੰ ਕਹਿ ਕੇ ਮੈਨੂੰ ਇਕ ਟਰੱਕ ਵਿਚ ਸਵਾਰ ਕਰ ਦਿੱਤਾ। ਡਰਾਈਵਰ ਨੂੰ ਕਿਹਾ — ਇਹਨਾਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਖਲਾਉਂਦਾ-ਖਲਾਉਂਦਾ ਖੜ੍ਹੀਂ । ਕੋਈ ਤਕਲੀਫ਼ ਨਾ ਹੋਵੇ । ਉਥੇ ਜਾ ਕੇ ਘਰ ਪਹੁੰਚਾ ਕੇ ਆਵੀਂ ।

ਉਸ ਟਰੱਕ ਵਿਚ ਮੈਂ ਬੜੇ ਆਰਾਮ ਨਾਲ ਗਿਆ । ਉਹ ਸੇਵਾ ਕਰਦਾ ਗਿਆ । ਸੁਰੰਗਾਂ ਉਦੋਂ ਹੈ ਨਹੀਂ ਸੀ । ਕੀੜੀਆਂ ਵਾਂਗ ਟਰੱਕ ਤੇ ਬੱਸਾਂ ਪਹਾੜਾਂ ਨਾਲ ਲੱਗੀਆਂ ਤੁਰੀਆਂ ਜਾਂਦੀਆਂ ਮਾਲੂਮ ਹੁੰਦੀਆਂ ਸਨ । ਇਕ ਰਾਤ ਰਾਹ ਵਿਚ ਰਹੇ । ਰਸਤਾ ਇਤਨਾ ਖ਼ੂਬਸੂਰਤ ਸੀ ਕਿ ਵਰਣਨ ਕਰਨ ਲੱਗਿਆਂ ਹੋ ਨਹੀਂ ਸਕਦਾ । ਮੈਂ ਕੁਦਰਤ ਨੂੰ ਬੜਾ ਮਾਣਿਆ । ਰਾਤ ਪਈ ਸ਼੍ਰੀਨਗਰ ਪਹੁੰਚੇ । ਮੀਰਾ ਕਦਨ ਲਾਗੇ ਮਾਈ ਸੋਮਾ ਬਜ਼ਾਰ ਦੇ ਚੁਬਾਰੇ ਵਿਚ ਆਤਮਜੀਤ ਹੋਰੀਂ ਰਹਿੰਦੇ ਸਨ । ਡਰਾਈਵਰ ਪੁੱਛ ਪੁੱਛ ਕੇ ਮੈਨੂੰ ਉਧਰ ਛੱਡ ਆਇਆ । ਜਦ ਬਜ਼ਾਰ ਦੇ ਪਿਛੋਂ ਦੀ ਹੋ ਕੇ ਗਲੀ ਵਿਚ ਵੜੇ ਤਾਂ ਇਕ ਠੰਡੀ ਹਵਾ ਗੰਦ ਨਾਲ ਭਰੀ ਹੋਈ ਲੱਗੀ । ਨੱਕ ਸੜ ਗਿਆ । ਪੌੜੀਆਂ ਚੜ੍ਹ ਕੇ ਚੁਬਾਰੇ ਉਤੇ ਪਹੁੰਚੇ । ਸੁਖਬੀਰ ਮੈਨੂੰ ਇਤਨਾ ਘੁੱਟ ਕੇ ਮਿਲੀ ਮੇਰੇ ਅੱਥਰੂ ਭਰ ਗਏ । ਚਾਹ ਪੀਤੀ । ਆਤਮਜੀਤ ਤੇ ਉਸ ਦਾ ਨਿੱਕਾ ਭਰਾ ਜਸਵੰਤ ਜਿਹੜਾ ਫ਼ੌਜ ਦੀ ਐਮ. ਟੀ. ਵਿਚੋਂ ਛੁੱਟੀ ਆਇਆ ਹੋਇਆ ਸੀ । ਰਾਤ ਸੁੱਤੇ ਮੇਰੀ ਜਿੰਨੀ ਰਸਤੇ ਦੀ ਖ਼ੁਸ਼ੀ ਸੀ ਮਾਰੀ ਗਈ, ਸੁਖਬੀਰ ਕੁਝ ਬੀਮਾਰ ਸੀ ।

ਦਿਨ ਚੜ੍ਹਿਆ ਮੈਂ ਰਾਤ ਉੱਸਲ-ਵੱਟੇ ਲੈਂਦਾ ਹੋਇਆ ਮੰਜੀ ਤੋਂ ਉਠਿਆ ਸਾਂ, ਬਾਕੀ ਸਾਰੇ ਥੱਲੇ ਸੁੱਤੇ ਸਨ । ਜਾਪਿਆ ਇਕ ਸਰਾਂ ਵਿਚ ਰਾਤ ਕੱਟਣ ਆਇਆ ਹਾਂ । ਮੇਰੇ ਕੁੜਮ ਨੰਦ ਜੀ ਆ ਗਏ । ਚਾਹ ਬਣੀ, ਆਂਡੇ ਬਣੇ, ਅਸਾਂ ਦੋਹਾਂ ਚਾਹ ਪੀਤੀ । ਸਾਰੇ ਹੱਸਦੇ ਸਨ । ਮਗਰੋਂ ਪਤਾ ਲੱਗਾ ਕਿ ਨੰਦ ਸਿੰਘ ਜੀ ਚੀਨੀ ਦੇ ਭਾਂਡਿਆਂ ਵਿਚ ਕੋਈ ਚੀਜ਼ ਨਹੀਂ ਖਾਂਦੇ ਪੀਂਦੇ । ਮੇਰੇ ਸਤਿਕਾਰ ਵਿਚ ਸਭ ਕੁਝ ਕਰ ਗਏ ਹਨ ।

ਦਿਨੇ ਮੈਂ ਸੁਖਬੀਰ ਤੋਂ ਪੁੱਛਿਆ — ਤੂੰ ਕੋਈ ਖ਼ਤ ਕਿਉਂ ਨਹੀਂ ਪਾਇਆ ?......ਉਸ ਨੇ ਉੱਤਰ ਦਿੱਤਾ — ਮੇਰੇ ਕੋਲ ਪੈਸੇ ਨਹੀਂ ਸਨ ।

ਆਤਮਜੀਤ ਨਾ ਪਾਰਟੀ ਲੀਡਰ ਸੀ, ਨਾ ਪਾਰਟੀ ਬੁੱਕ ਸਟਾਲ ਦਾ ਇੰਚਾਰਜ, ਨਾ ਕੋਈ ਵੇਜ਼ ਮਿਲਦੀ । ਨਾ ਕੋਈ ਕੰਮ ਕਾਰ । ਨਾ ਘਰ ਬਾਹਰ । ਪਿੰਡ ਜਿੱਥੇ ਸੀ ਉਥੇ ਕੁਝ ਜ਼ਮੀਨ ਸੀ । ਘਰ ਉਥੇ ਵੀ ਨਹੀਂ ਸੀ । ਨੰਦ ਸਿੰਘ ਜੀ ਤਹਿਸੀਲੇ ਕੋਈ ਕੰਮ ਕਰਦੇ ਸਨ । ਇਕ ਉਨ੍ਹਾਂ ਦੇ ਦੂਜੇ ਵਿਆਹ ਦਾ ਮੁੰਡਾ ਬੇਅੰਤ ਸਿੰਘ ਉਹਨਾਂ ਨਾਲ ਸੀ । ਮੈਨੂੰ ਹਰਕਿਸ਼ਨ ਸਿੰਘ ਸੁਰਜੀਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀਆਂ ਗੱਲਾਂ ਚੇਤੇ ਆਈ ਜਾ ਰਹੀਆਂ ਸਨ । (ਉਹ ਤੇ ਹੁਣ ਤਕ ਆ ਰਹੀਆਂ ਹਨ) ।

ਰਾਜਿੰਦਰ ਸਾਹਨੀ ਵੀ ਆ ਗਿਆ । ਉਹ ਗੌਰਮਿੰਟ ਲੈਦਰ ਫੈਕਟਰੀ ਦਾ ਇੰਚਾਰਜ ਸੀ । ਉਮਰ ਤੋਂ ਮੇਰੀ ਸੰਤੋਸ਼ ਤੋਂ ਵੱਡਾ ਜਾਪਦਾ ਸੀ । ਉਸ ਦਾ ਹੋਰ ਸਭ ਮੈਨੂੰ ਪ੍ਰਭਾਵਿਤ ਕਰ ਰਿਹਾ ਸੀ । ਰਾਤ ਗੁਰਦੁਆਰੇ ਸੱਦਿਆ ਗਿਆ । ਉਥੋਂ ਦੀ ਸਭਾ ਨੇ ਟੈਗੋਰ ਦਾ ਦਿਨ ਮਨਾਇਆ ਸੀ । ਮੈਂ ਟੈਗੋਰ ਉਤੇ ਲਿਖੀ ਕਵਿਤਾ ਸੁਣਾਈ । ਉਹਨਾਂ ਬਦੋਬਦੀ ਪੰਜ ਰੁਪਏ ਦਿੱਤੇ । ਮੈਂ ਉਹ ਆ ਕੇ ਸੁਖਬੀਰ ਨੂੰ ਦੇ ਦਿੱਤੇ । ਏਥੇ ਉਂਜ ਆਤਮਜੀਤ, ਸੁਖਬੀਰ ਇਕੱਠੇ ਗਿਆਨੀ ਕਹ ਰਹੇ ਸਨ । ਨੰਦ ਸਿੰਘ ਜੀ ਨੇ ਦੱਸਿਆ ਕਿ ਆਤਮਜੀਤ ਸਿੰਘ ਨੱਠ ਗਿਆ ਸੀ ਅਤੇ ਬੰਬਈ ਲਖਨਊ ਪਾਰਟੀ ਆਫ਼ਿਸਾਂ ਵਿਚ ਰੁਲਦਾ ਰਿਹਾ ਸੀ । ਉਹ ਮੇਰੇ ਅੱਗੇ ਕਿਸੇ ਵੀ ਗੱਲ ਦਾ ਉਹਲਾ ਨਹੀਂ ਸਨ ਕਰ ਰਹੇ । ਮੈਂ ਹੈਰਾਨ ਪ੍ਰੇਸ਼ਾਨ ਸਾਂ । ਕੋਈ ਸੁਹੱਪਣ ਮੈਨੂੰ ਮੋਹ ਨਹੀਂ ਸੀ ਰਿਹਾ । ਸੋਚਦਾ ਆਨੰਦ ਨੇ ਇੰਨਾ ਕੁਝ ਮੇਰੇ ਨਾਲ ਕਿਉਂ ਕੀਤਾ ਹੈ ?

ਸਲਾਹ ਹੋਈ ਕਿ ਅੱਜ ਰਾਤ ਦੀ ਰੋਟੀ ਮੈਂ ਆਤਮਜੀਤ ਦੇ ਮਾਜੀ ਮਾਸੜ ਤੇ ਕੁਸ਼ੱਲਿਆ ਦੇ ਘਰੋਂ ਖਾਣੀ ਹੈ । ਨਾਲ ਰਾਜਿੰਦਰ ਸਾਹਨੀ ਜਾਏਗਾ ।

ਸਾਹਨੀ ਨਾਲ ਮੈਂ ਗਿਆ । ਉਥੇ ਸਾਨੂੰ ਕਿਸੇ ਪੁੱਛਿਆ ਨਾ । ਕੁਸ਼ੱਲਿਆ ਦੀ ਅਤੇ ਉਸ ਦੀ ਮਾਂ ਨੇ ਗੱਪਾਂ ਨਾਲ ਮੇਰਾ ਪੀਪੂੰ ਕੱਢਿਆ । ਸਾਹਨੀ ਦੀ ਕੋਠੀ ਰੋਟੀ ਖਾਧੀ । ਮੁੜ ਕੇ ਰਾਤ ਸੁਖਬੀਰ ਵੱਲ । ਮਾਸੜ ਲਾਲ ਜੀ ਨਾਂ ਕਰਕੇ ਸੱਦਿਆ ਜਾਂਦਾ ਸੀ । ਕਹਿਣ ਲੱਗੇ ਲਾਲ ਜੀ ਨੇ ਘਰ ਦੱਸਿਆ ਨਹੀਂ ਸੀ । ਅੱਜ ਜ਼ਰੂਰ ਜਾਉ ਕੁਕੜੀ ਬਣੇਗੀ ਸ਼ਾਨਦਾਰ ਰੋਟੀ ਖਵਾਉਣਗੇ । ਫਿਰ ਰਾਤ ਰਾਜਿੰਦਰ ਸਾਹਨੀ ਤੇ ਮੈਂ ਗਏ । ਫਿਰ ਉਹੋ ਹਾਲ ਸ਼ਰਮਿੰਦੇ ਹੋ ਕੇ ਸਾਹਨੀ ਵਲੋਂ ਰੋਟੀ ਖਾਧੀ ਤੇ ਸੁਖਬੀਰ ਵੱਲ ਰਹੇ । ਫਿਰ ਦਿਨੇ ਕਹਿਣ ਲੱਗੇ ਗਲਤੀ ਹੋ ਗਈ ਉਹਨਾਂ ਕੋਲੋਂ । ਅੱਜ ਜ਼ਰੂਰ ਜਾਉ । ਫਿਰ ਸਾਹਨੀ ਤੇ ਮੈਂ ਤੁਰੇ । ਰਾਹ ਵਿਚ ਸਾਹਨੀ ਨੇ ਮੈਨੂੰ ਆਖਿਆ — ਭਾਪਾ ਜੀ ਜੇ ਅੱਜ ਵੀ ਉਹਨਾਂ ਰੋਟੀ ਨਾ ਖੁਵਾਈ ਮੈਂ ਵੀ ਤੁਹਾਨੂੰ ਆਪਣੇ ਵਲੋਂ ਨਹੀਂ ਖਵਾਉਣੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੈਂ ਹੱਸ ਪਿਆ । ਲਾਲ ਜੀ ਵੱਲ ਪਹੁੰਚੇ ਫਿਰ ਉਹੋ ਡੁੱਗ ਡੁੱਗੀ । ਇਸ ਦਿਨ ਚਾਹ ਵੀ ਉਹਨਾਂ ਨਾ ਪੁੱਛੀ । ਕੁਸ਼ੱਲਿਆ ਚਪੜ ਚਪੜ ਕਰਨ ਲੱਗੀ — ਸਾਰਾ ਅੰਮ੍ਰਿਤਸਰ ਸਾਡੇ ਸ੍ਰੀ ਨਗਰ ਦੇ ਇਕ ਚੌਂਕ ਵਰਗਾ ਨਹੀਂ । ਹੋਰ ਕਹਿਣ ਲੱਗੀ ਸਾਡੇ ਲਾਗੇ ਅਨਾਰਾਂ ਵਾਲਾ ਬਾਗ ਹੈ ਕਿਸੇ ਦਾ ਜੇ ਇਹ ਸਰਕਾਰ ਮੈਨੂੰ ਦੇ ਦੇਵੇ ਤਾਂ ਮੈਂ ਸਾਰੀ ਗਰੀਬਾਂ ਨੂੰ ਵੰਡ ਦਿਆਂ । ਕਸ਼ਮੀਰੀ ਲਹਿਜ਼ਾ ਵੀ ਕਮਾਲ ਹੈ ਪੰਜਾਬੀ ਬੋਲਣ ਦਾ ।

ਮੈਨੂੰ ਖਿਝ ਆਈ ਮੈਂ ਕਿਹਾ — ਬੀਬੀ ਮੈਂ ਜਦ ਸ੍ਰੀ ਨਗਰ ਆ ਰਿਹਾ ਸਾਂ ਅਜੀਬ ਖੇਤ ਤੇ ਪਿੰਡ ਵੇਖੇ । ਮੈਨੂੰ ਗੰਦੇ ਲੋਕ ਜਾਪਦਾ ਸੀ ਬਹਿਸ਼ਤ ਵਿਚ ਖੇਤ ਵੱਸ ਰਹੇ ਹਨ । ਉਹ ਚੁੱਪ ਕਰ ਗਈ ; ਉਥੋਂ ਉਠੇ ਸਾਹਨੀ ਵੱਲ ਰੋਟੀ ਖਾਧੀ ਸੁਖਬੀਰ ਵੱਲ ਸੁੱਤਾ । ਇਹ ਕਮਾਲ ਸੀ ਕਿ ਸਾਡੇ ਨਾਲ ਨਾ ਆਤਮਜੀਤ ਜਾਂਦਾ ਸੀ ਨਾ ਘਰ ਦਾ ਕੋਈ ਮੈਂਬਰ ।

ਦਿਨੇ ਨੰਦ ਜੀ ਆਏ ਕਹਿਣ ਲੱਗੇ — ਉਹ ਤੇ ਸੁਨਿਆਰੇ ਹਨ ਕਿਉਂ ਤੁਸੀਂ ਗਏ । ਉਥੇ ਸੁਨਿਆਰੇ ਕੰਜੂਸ ਤੇ ਬੁਰੇ ਬੰਦਿਆਂ ਨੂੰ ਕਹਿੰਦੇ ਹਨ । ਉਹਨਾਂ ਦਸ ਰੁਪਏ ਆਤਮਜੀਤ ਨੂੰ ਦਿੱਤੇ ਜਾ ਰਾਹੀ ਜੀ ਨੂੰ ਡੱਲ ਝੀਲ ਦੀ ਸੈਰ ਕਰਾ ਲਿਆ । ਆਤਮਜੀਤ ਮੈਨੂੰ ਲੈ ਗਿਆ ਤਾਂਗੇ ਉਤੇ ਜਿਹੜੇ ਉਥੋਂ ਬਹੁਤ ਵਧੀਆ ਹੁੰਦੇ ਹਨ । ਜਦ ਸ਼ਿਕਾਰੇ ਉਤੇ ਚੜ੍ਹਨ ਵਾਲੇ ਥਾਂ ਪਹੁੰਚੇ, ਮੈਂ ਆਖਿਆ — ਆਤਮਜੀਤ ਤੂੰ ਇਹ ਪੈਸੇ ਰੱਖ ਲੈ ਮੈਂ ਸੈਰ ਨਹੀਂ ਕਰਨੀ । ਉਹ ਮੰਨ ਗਿਆ । ਮੁੜ ਕੇ ਘਰ ਆ ਗਏ । ਇਕ ਕਬਰਸਤਾਨ ਵਿਖਾਇਆ । ਇਕ ਗਿਰਜਾ ਘਰ । ਬਹੁਤ ਹੀ ਖ਼ੂਬਸੂਰਤ ਸਨ । ਸਾਹਨੀ ਨੇ ਵੀ ਦੋਸਤਾਂ ਨਾਲ ਮੈਨੂੰ ਸ੍ਰੀ ਨਗਰ ਵਿਖਾਇਆ । ਇਕ ਉਹਨਾਂ ਦਾ ਦੋਸਤ ਸੀ ਪ੍ਰੋ: ਪ੍ਰੇਮ ਸਿੰਘ ਅਤੇ ਪ੍ਰੋ: ਸੇਵਾ ਸਿੰਘ ਪੰਜਾਬੀ ਦੇ ਦੋਵੇਂ ਆਸ਼ਕ ਲਿਖਾਰੀ ਸਨ । ਪ੍ਰੇਮ ਸਿੰਘ ਕਹਾਣੀਕਾਰ । ਆਤਮਜੀਤ ਨੇ ਮੈਨੂੰ ਕੋਈ ਦੋਸਤ ਜਾਂ ਰਿਸ਼ਤੇਦਾਰ ਨਾਲ ਨਹੀਂ ਮਿਲਾਇਆ । ਆਵਾਰਗੀ ਚੜ੍ਹੀ ਰਹਿੰਦੀ ਸੀ ਉਸ ਨੂੰ । ਪਹਿਲੋਂ ਪਹਿਲੋਂ ਛੇ ਮਹੀਨੇ ਵਾਹਵਾ ਸੁਖਬੀਰ ਨੂੰ ਫਿਰਾ ਕੇ ਸ਼ੋਹਰਤ ਬੰਨ੍ਹੀ ਸੀ ।

ਆਪਣੇ ਲਾਲ ਜੀ ਨੂੰ ਪੱਛਿਆ ਵੀ ਕਿਸੇ ਨਾ ਕਿ ਤੁਸਾਂ ਰਾਹੀ ਹੋਰਾਂ ਨਾਲ ਇੰਝ ਕਿਉਂ ਕੀਤਾ ? ਸੁਖਬੀਰ ਕੁਝ ਬਿਮਾਰ ਸੀ, ਘਰ ਦਾ ਖ਼ਰਚ ਜਸਵੰਤ ਚਲਾ ਰਿਹਾ ਸੀ । ਇਕ ਦਿਨ ਮੈਂ ਜਦ ਬਾਹਰੋਂ ਆਪਣੇ ਆਪ ਸ਼ਹਿਰ ਦੀਆਂ ਗੰਦੀਆਂ ਗੰਦੀਆਂ ਗਲੀਆਂ ਵੇਖਦਾ ਵੇਖਦਾ ਘਰ ਪੁੱਜਾ ਤਾਂ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਖਬੀਰ ਦੇ ਢਿੱਡ ਵਿਚ ਦਰਦ ਹੋ ਰਹੀ ਸੀ ਤੇ ਜਸਵੰਤ ਉਸ ਦਾ ਢਿੱਡ ਮਲ ਰਿਹਾ ਸੀ। ਮੈਂ ਵੇਖ ਕੇ ਸਭ ਕੁਝ ਪੀ ਗਿਆ। ਸੋਚਿਆ ਕੋਈ ਪਰਿਵਾਰ ਹੈ ਨਹੀਂ। ਕੋਈ ਔਰਤ ਕੋਈ ਸ਼ਰੀਕਾ ਕੋਈ ਸਾਂਝ। ਮੇਰੀ ਧੀ ਆਰਥਕਤਾ ਦੀ ਚੱਕੀ ਵਿਚ ਪਿਸ ਰਹੀ ਹੈ। ਅੱਤ ਦੁਖੀ ਸਾਂ। ਸ੍ਰੀ ਨਗਰ ਮੈਨੂੰ ਮਹੁਰਾ ਲਗ ਰਿਹਾ ਸੀ। ਇਕ ਟਰੱਕ ਵਾਲਾ ਕਾਮਰੇਡ ਜੰਮੂ ਦਾ ਮਿਲ ਪਿਆ। ਹਿੰਦੂ ਗਭਰੂ ਸੀ, ਮੈਨੂੰ ਕਹਿਣ ਲੱਗਾ — ਰਾਹੀ ਜੀ ਮੈਂ ਖਾਲੀ ਨੇ ਜੰਮੂ ਜਾਣਾ ਹੈ, ਠੀਕ ਬਾਰ੍ਹਾਂ ਵਜੇ ਤੁਹਾਡੇ ਕੋਲ ਪਹੁੰਚ ਜਾਵਾਂਗਾ, ਤਿਆਰ ਰਹਿਣਾ। ਪੈਸੇ ਮੇਰੇ ਕੋਲ ਸਿਰਫ ਪੰਜ ਸੱਤ ਰੁਪਏ ਹੀ ਸਨ।......ਮੈਂ ਫਿਰ ਵੀ ਸ਼ਾਮ ਨੂੰ ਆਤਮਜੀਤ ਨੂੰ ਆਖਿਆ — ਚੱਲ ਮੇਰੇ ਨਾਲ ਕਿਸੇ ਟਰੱਕ ਵਾਲੇ ਨੂੰ ਕਹਿ ਦੇ ਕਿ ਮੈਨੂੰ ਸਵੇਰੇ ਜੰਮੂ ਲੈ ਜਾਏ।......ਉਹ ਮੇਰੇ ਨਾਲ ਤੁਰ ਪਿਆ, ਵੱਖੋ ਵੱਖਰੇ ਟਰੱਕਾਂ ਦੇ ਟੋਲੇ ਸਨ ਉਹਨਾਂ ਦੇ ਆਫ਼ਿਸ ਸਨ। ਜਿੱਥੇ ਜਾਈਏ ਉਹ ਪਹਿਲਾਂ ਆਤਮਜੀਤ ਵੱਲ ਵੇਖਣ ਫਿਰ ਮੇਰੇ ਵੱਲ ਅਤੇ ਕਹਿ ਦੇਣ ਕੋਈ ਨਹੀਂ ਜਾਣਾ। ਮੈਨੂੰ ਮਾਯੂਸੀ ਹੁੰਦੀ ਉਹ ਆਤਮਜੀਤ ਨਾਲ ਮੈਨੂੰ ਵੀ ਘ੍ਰਿਣਾ ਨਾਲ ਵੇਖਦੇ। ਦੋ ਘੰਟੇ ਫਿਰਦੇ ਰਹੇ ਕਿਸੇ ਨੇ ਹਾਂ ਨਾ ਕੀਤੀ। ਆਖਰ ਘਰ ਆ ਗਏ। ਦਿਨੇ ਮੈਂ ਬਜ਼ਾਰ ਦੀ ਬਾਰੀ ਅੱਗੇ ਬੈਠਾ ਰਿਹਾ। ਠੀਕ ਬਾਰ੍ਹਾਂ ਵਜੇ ਉਹ ਟਰੱਕ ਵਾਲਾ ਕਾਮਰੇਡ ਆਇਆ। ਮੈਨੂੰ ਅੱਗੇ ਬਿਠਾ ਕੇ ਜੰਮੂ ਨੂੰ ਤੁਰ ਪਿਆ। ਘਰ ਉਦੋਂ ਕੋਈ ਨਹੀਂ ਸੀ। ਸੁਖਬੀਰ ਤੇ ਜਸਵੰਤ ਸੀ। ਮੈਂ ਧੀ ਨੂੰ ਕੁਝ ਨਾ ਕਹਿ ਸਕਿਆ। ਕੋਈ ਦਿਲਾਸਾ ਵੀ ਨਾ ਦੇ ਸਕਿਆ। ਸੁੱਕੀਆਂ ਅੱਖਾਂ ਲੈ ਕੇ ਸ਼ਾਮ ਨੂੰ ਜੰਮੂ ਪਹੁੰਚ ਗਿਆ। ਕਾ: ਸੁਰਜੀਤ ਤੇ ਕਾ: ਆਨੰਦ ਆਪਣੇ ਆਪਣੇ ਢੰਗ ਨਾਲ ਚੇਤੇ ਆ ਰਹੇ ਸਨ।

ਡੇਰੇ ਬਾਬੇ ਨਾਨਕ ਆ ਕੇ ਘਰ ਵਿਚ ਸਾਰੀ ਗੱਲ ਹੋਈ। ਸਭ ਚੁੱਪ ਸਨ। ਹੁਣ ਕੀ ਹੋ ਸਕਦਾ ਸੀ। ਲੀਡਰ ਸੁਤੰਤਰਤਾ ਸੰਗਰਾਮੀ ਸਿਆਣੀ ਤੇ ਦਲੇਰ ਪੁੱਤਰਾਂ ਜਿਹੀ ਧੀ ਮੈਂ ਸਾਰੀ ਉਮਰ ਲਈ ਫੁੱਲਾਂ ਦੇ ਚੌਫੇਰੇ ਵਿਚ ਬਣੇ ਹੋਏ ਖੂਹ ਵਿਚ ਸੁੱਟ ਚੁਕਾ ਸਾਂ। ਜਿਸ ਦੀ ਗਲਤੀ ਦੀ ਸਜ਼ਾ ਵੀ ਮੈਂ ਹੁਣ ਤਕ ਭੁਗਤਦਾ ਆ ਰਿਹਾ ਹਾਂ।

ਘਰ ਅਉਂਦਿਆਂ ਮੈਂ ਦੋ ਚਿੱਠੀਆਂ ਪਾਈਆਂ, ਇਕ ਰਾਜਿੰਦਰ ਦੇ ਪਿਤਾ ਸਦਾ ਸਿੰਘ ਸਾਹਨੀ ਜੀ ਨੂੰ ਤੇ ਇਕ ਰਾਜਿੰਦਰ ਦੇ ਸਭ ਤੋਂ ਵੱਡੇ ਭਰਾ ਸ: ਸ਼ਰਮ ਸਿੰਘ ਨੂੰ। ਉਹ ਏਅਰ ਫੋਰਸ ਵਿਚ ਚੀਫ ਮਾਰਸ਼ਲ ਦੇ ਇਕ ਦਰਜਾ ਹੇਠਾਂ ਸਨ। ਮੈਂ ਲਿਖਿਆ — ਤੁਹਾਡਾ ਲੜਕਾ ਮੇਰੀ ਲੜਕੀ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸ਼ਾਦੀ ਕਰਾਉਣੀ ਚਾਹੁੰਦਾ ਹੈ। ਮੈਂ ਮਜ਼ਦੂਰ ਹਾਂ, ਕਾਮਰੇਡ ਹਾਂ, ਤੁਹਾਡੇ ਨਾਲ ਮੇਰਾ ਕੋਈ ਮੁਕਾਬਲਾ ਨਹੀਂ। ਮੈਂ ਕੁਝ ਨਹੀਂ ਦੇ ਸਕਦਾ। ਮੇਰੇ ਕੋਲ ਧੀ ਹੈ। ਉਹਨਾਂ ਦੋਹਾਂ ਵਲੋਂ ਬੜੇ ਪਿਆਰੇ ਉੱਤਰ ਆਏ ਜਿਸ ਤਰ੍ਹਾਂ ਰਾਜਿੰਦਰ ਕਰੇ ਸਾਨੂੰ ਮਨਜ਼ੂਰ ਹੈ, ਕਿਸੇ ਚੀਜ਼ ਦੀ ਸਾਨੂੰ ਲੋੜ ਨਹੀਂ। ਇਹ ਉੱਤਰ ਪੜ੍ਹ ਕੇ ਮੈਨੂੰ ਖ਼ੁਸ਼ੀ ਹੋਈ। ਸੰਤੋਸ਼ ਨੂੰ ਮੈਂ ਸਮਝਾ ਬੁਝਾ ਕੇ ਮਨਾ ਲਿਆ। ਉਹ ਚੁੱਪ ਕਰਕੇ ਮੇਰੀ ਮਰਜ਼ੀ ਮੰਨ ਗਈ। ਇਕ ਦੂਜੇ ਨੂੰ ਦੋਹਾਂ ਦੇਖਿਆ ਹੋਇਆ ਸੀ। ਇਕ ਦਿਨ ਸ: ਸਦਾ ਸਿੰਘ ਜੀ ਡੇਰੇ ਆ ਗਏ। ਸਾਡਾ ਨਿੱਕਾ ਘਰ ਦੇਖਿਆ। ਸੰਤੋਸ਼ ਨਾਲ ਗਈ। ਵੱਡਾ ਗੁਰਦੁਆਰਾ ਵਿਖਾਇਆ। ਚੋਲਾ ਸਾਹਿਬ ਵਿਖਾਇਆ। ਉਹਨਾਂ ਨੂੰ ਅਸੀਂ ਮਨਜ਼ੂਰ ਸਾਂ।......ਮੈਂ ਸ੍ਰੀ ਨਗਰ ਚਿੱਠੀ ਮਨਜ਼ੂਰੀ ਦੀ ਪਾ ਦਿੱਤੀ। ਉਥੇ ਸੁਖਬੀਰ ਨੇ ਪੰਜਾਂ ਰੁਪਿਆਂ ਦਾ ਪ੍ਰਸ਼ਾਦ ਕਰਾਇਆ। ਭੈਣ ਜੀ ਨੇ ਅਰਦਾਸ ਕੀਤੀ (ਰਾਜਿੰਦਰ ਦੇ ਮਾਤਾ ਜੀ ਨੇ) ਬੱਸ ਇਹੋ ਹੀ ਠਾਕਾ ਤੇ ਕੁੜਮਾਈ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈਪਸੂ ਚੋਣ

ਉੱਨੀ ਸੌ ਚਰੰਜਾ ਵਿਚ ਪੈਪਸੂ ਦੀ ਅਲੈਕਸ਼ਨ ਹੋਈ। ਉਦੋਂ ਲਾਲ ਕਮਿਊਨਿਸਟ ਪਾਰਟੀ ਟੁੱਟ ਚੁਕੀ ਸੀ। ਮੈਨੂੰ ਅਮਰਜੀਤ, ਦਲੀਪ ਸ਼ਿਕਾਰ, ਕਾ: ਬਲਜੀਤ ਫਜ਼ਲਾਬਾਦੀ, ਚਹੁੰ ਨੂੰ ਉਥੇ ਭੇਜਿਆ ਗਿਆ। ਇਕ ਮਹੀਨਾ ਪੋਲਿੰਗ ਤੋਂ ਪਹਿਲਾਂ ਗਏ। ਸੁਨਾਮ ਰੇਲਵੇ ਸਟੇਸ਼ਨ ਤੇ ਜਾ ਕੇ ਉਤਰੇ। ਜਿਥੋਂ ਦਾ ਊਧਮ ਸਿੰਘ ਆਜ਼ਾਦ ਸੀ। ਉਥੋਂ ਇਕ ਸਾਥੀ ਸਾਨੂੰ ਉਧਰ ਦਾ ਦਿੱਤਾ ਗਿਆ। ਉਸ ਨਾਲ ਅਸੀਂ ਪੈਦਲ ਤੁਰ ਪਏ। ਸੁਨਾਮ ਦੇ ਇਕ ਹਲਵਾਈ ਦੀ ਹੱਟੀ ਉਤੇ ਚਾਹ ਪੀਣ ਬਿਠਾਇਆ। ਇਕ ਨਿੱਕਾ ਜਿਹਾ ਬੱਚਾ ਹਲਵਾਈ ਕੋਲੋਂ ਕੌਲੀ ਫੜੀ ਦਹੀਂ ਲੈਣ ਆਇਆ। ਹਲਵਾਈ ਨੇ ਉਸ ਨੂੰ ਪੁੱਛਿਆ — ਤੈਂ ਦਹੀਂ ਲੈਣਾ ਤੀ ?......ਮੈਨੂੰ ਵਾਦੀ ਹੈ ਬੱਚਿਆਂ ਨਾਲ ਥੱਥੀਆਂ ਗੱਲਾਂ ਕਰਨ ਦੀ। ਸਮਝਿਆ ਬੱਚੇ ਨਾਲ ਥੱਥੀ ਗੱਲ ਇਸ ਨੇ ਕੀਤੀ ਹੈ। ਫਿਰ ਸਾਡੇ ਵੱਲ ਮੂੰਹ ਕਰਕੇ ਕਹਿਣ ਲੱਗਾ — ਚਾਹ ਨਾਲ ਕਾਮਰੇਟੋ ਤੁਸਾਂ ਹੋਰ ਕੀ ਲੈਣਾ ਤੀ ?......ਮੈਂ ਸਮਝ ਗਿਆ ਕਿ ਜ਼ਬਾਨ ਵਿਚ ਫ਼ਰਕ ਹੈ। ਉਧਰਲੇ ਸਾਥੀ ਨੇ ਨਾਲ ਵੀ ਕੁਝ ਖਵਾਇਆ। ਉਥੋਂ ਪੈਦਲ ਆਪਣੇ ਅਸੈਂਬਲੀ ਹਲਕੇ ਵੱਲ ਤੁਰ ਪਏ। ਪੱਕੀ ਸੜਕ ਦਾ ਨਾਂ ਨਹੀਂ ਸੀ! ਬੰਜਰ ਕੱਲਰ ਰੇਤ ਬਹੁਤ। ਨਿੱਕੇ ਨਿੱਕੇ ਪਹੇ ਤੁਰਨ ਲਈ। ਜਿਹੜੇ ਲੋਕ ਮਿਲਣ ਕਾਫੀ ਅੱਖੜ ਤੇ ਮੂੜ ਜ਼ਬਾਨ ਬੋਲਣ। ਸਾਡੇ ਇਲਾਕੇ ਨਾਲੋਂ। ਜ਼ਬਾਨ, ਫਿਰਨਾ-ਤੁਰਨਾ, ਖਾਣਾ-ਪੀਣਾ, ਆਮ ਬੋਲਚਾਲ ਉਜੱਡ। ਮੈਨੂੰ ਇੰਝ ਜਾਪਿਆ ਮੈਂ ਕਿਤੇ ਸੁਪਨਾ ਦੇਖ ਰਿਹਾ ਹਾਂ। ਜਿਹੜਾ ਕਾਮਰੇਡ ਉਸ ਸੀਟ ਉਤੇ ਖਲੋਤਾ ਸੀ ਪੂਰਾ ਨਾਂ ਯਾਦ ਨਹੀਂ ਤਖ਼ੱਲਸ਼ ਬਾਗੀ ਸੀ, ਉਸ ਪਿੰਡ ਦਾ ਨਾਂ ਜਖੇਪਲ। ਸਾਡੇ ਨਾਲ ਦਾ ਸਾਥੀ ਆਵਾਜ਼ ਮਾਰਨ ਨੂੰ "ਬੋਲ ਮਾਰਦਾ" ਕਹਿੰਦਾ। ਮੈਂ ਉਸ ਨਾਲ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜਖੇਪਲ ਪਿੰਡ ਆ ਗਏ, ਕਾਫੀ ਵੱਡਾ ਪਿੰਡ ਅਤੇ ਕੁਝ ਹੋਰ ਤਰ੍ਹਾਂ ਨਾਲ ਵਸਿਆ ਹੋਇਆ। ਕਿਤੇ ਵੀ ਨਵੀਨਤਾ ਜਾਂ ਨਵੀਂ ਉਸਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਜ਼ਰ ਨਹੀਂ ਸੀ ਆਉਂਦੀ । ਜਾਪਦਾ ਸੀ ਅਸੀਂ ਕਿਸੇ ਬਹੁਤ ਪੁਰਾਣੇ ਯੁੱਗ ਵਿਚ ਆ ਗਏ ਹਾਂ । ਪਿੰਡ ਦੇ ਇਕ ਨਿੱਕੇ ਘਰ ਵਾਲੇ ਕਾਮਰੇਡ ਕੋਲ ਪਹੁੰਚ ਗਏ । ਉਸ ਦੇ ਬਾਹਰ ਇਕ ਲੋਹਾਰ ਨੇ ਭੱਠੀ ਤਾਈ ਹੋਈ ਸੀ । ਸਲਾਖਾਂ ਗਜ਼ ਗਜ ਦੀਆਂ ਤਪਾ ਰਿਹਾ ਸੀ । ਇਕ ਪਾਸੇ ਚਾਰ ਪੰਜ ਊਠ ਖਲੋਤੇ ਬੱਬੜ ਬੱਬੜ ਕਰਦੇ । ਮਸਤੇ ਹੋਏ ਲੰਮੀਆਂ ਧੌਣਾਂ ਗੁੱਸੇ ਨਾਲ ਇਧਰ ਉਧਰ ਫਿਰਦੇ । ਉਹਨਾਂ ਦੇ ਉਤੇ ਉਹ ਤਪੀਆਂ ਸਲਾਖਾਂ ਕਦੀ ਜਿਸਮ ਦੇ ਕਿਸੇ ਹਿੱਸੇ ਵਿਚ ਕਦੀ ਕਿਸੇ ਹਿੱਸੇ ਵਿਚ ਲਾ ਰਹੇ ਸਨ । ਲੋਹਾਰ ਦੀ ਭੱਠੀ ਕੋਲ ਪੰਦਰਾਂ ਵੀਹ ਬੰਦੇ ਖਲੋਤੇ ਬੈਠੇ ਹੋਏ ਸਨ । ਇਕ ਮੰਜੀ ਉਤੇ ਪਿੰਡ ਵਾਲੇ ਕਾਮਰੇਡ ਦੇ ਘਰ ਬੈਠੇ ਸਾਂ ਉਹ ਗੱਲਾਂ ਅਲੈਕਸ਼ਨ ਦੀਆਂ ਕਰੀ ਜਾ ਰਿਹਾ ਸੀ । ਸਾਡੇ ਅੱਗੇ ਇਕ ਨਿੱਕਾ ਗੜਵਾ ਗੁੜ ਦੀ ਚਾਹ ਦਾ ਰੱਖ ਦਿੱਤਾ । ਅਸੀਂ ਕੌਲੀਆਂ ਨਾਲ ਪੀਣ ਲੱਗ ਪਏ । ਇਕ ਕੁੱਤਾ ਅੰਦਰ ਆ ਗਿਆ । ਘਰ ਵਾਲੇ ਨੇ ਹੱਤ ਮੇਰੇ ਸਾਲੇ ਦਿਆ ਕਹਿ ਕੇ ਉਸ ਨੂੰ ਬਾਹਰ ਕੱਢ ਦਿੱਤਾ । ਉਹ ਕੁੱਤਾ ਫਿਰ ਆ ਗਿਆ । ਉਸ ਕਾਮਰੇਡ ਨੇ ਹੱਤ ਮੇਰੇ ਸਾਲੇ ਦੇ ਸਾਲੇ ਦਿਆ ਕਹਿ ਕੇ ਬਾਹਰ ਕੱਢ ਦਿੱਤਾ । ਅਸੀਂ ਚਾਰੇ ਅੱਖੀਆਂ ਮਿਲਾ ਕੇ ਮੁਸਕਰਾਏ । ਗਲੀਆਂ ਤੇ ਰਾਹ ਕੱਚੇ ਖੁੱਲ੍ਹੇ ਥਾਂ ਵੀ ਗੰਦੇ ਤੇ ਵਿਗੜੇ ਹੋਏ । ਪਿੰਡਾਂ ਵਿਚ ਵੜਣ ਦਾ ਵੱਡਾ ਰਾਹ ਲੰਘੇ ਤਾਂ ਲੰਮੇ ਰੱਸੇ ਨਾਲ ਚਪਟੀਆਂ ਬੰਨ੍ਹ ਕੇ ਦੋਵੇਂ ਦੋਈਂ ਪਾਸੀਂ ਰੁੱਖਾਂ ਨਾਲ ਬੱਧੀਆਂ ਹੋਈਆਂ ਅਤੇ ਦੋ ਵੱਡੇ ਮੋਟੇ ਗੋਲ ਖੂੰਟੇ ਗੱਡੇ ਹੋਏ । ਖੂੰਟਿਆਂ ਦੇ ਮੂੰਹ ਤਰਖਾਣ ਨੇ ਬੰਦੇ ਵਾਂਗ ਬਣਾਏ ਹੋਏ । ਮੈਂ ਪੁੱਛਿਆ ਕਾਮਰੇਡ ਇਹ ਕੀ ਹੈ ? ਉਸ ਨੇ ਕਿਹਾ, ਹਨੂਮਨ ਹਨੂਮਨ । ਮੈਂ ਸਮਝ ਗਿਆ ਹਨੂਮਾਨ ਹੈ । — ਇਹ ਚੱਪਣੀਆਂ ਕਿਉਂ ਬੰਨ੍ਹੀਆਂ ਹੋਈਆਂ ਨੇ ? ਉਸ ਨੇ ਮਲਵਈ ਵਿਚ ਦੱਸਿਆ — ਇਹਨਾਂ ਹੇਠੋਂ ਦੀ ਪਿੰਡ ਦਾ ਚੌਣਾ ਲੰਘਦਾ ਹੈ ਡੰਗਰ ਬਿਮਾਰ ਨਹੀਂ ਹੁੰਦੇ ।

ਬਾਗੀ ਦੇ ਘਰ ਨੂੰ ਜਾਂਦਿਆਂ ਇਕ ਚੰਗਾ ਮੋਟਾ ਰੋਹਬ ਵਾਲਾ ਜੱਟ ਮਿਲ ਗਿਆ । ਸਤਿ ਸ੍ਰੀ ਅਕਾਲ ਆਖੀ । ਕਾਮਰੇਡ ਤੋਂ ਪੁੱਛਿਆ — ਇਹ ਕਾਮਰੇਡ ਕਿਥੋਂ ਆਏ ਨੇ ? ਉਸ ਨੇ ਕਿਹਾ ਗੁਰਦਾਸਪੁਰੋਂ । ਉਹ ਬੋਲਿਆ — ਅੱਛਾ ਜਿਥੇ ਸੰਢਿਆਂ ਨਾਲ ਵਾਹੀ ਕਰਦੇ ਨੇ ਤੇ ਹੱਸ ਕੇ ਲੰਘ ਗਿਆ । ਸਾਨੂੰ ਪਤਾ ਲੱਗਾ ਇਧਰ ਸੰਢੇ ਨਹੀਂ ਵਹਾਉਂਦੇ । ਔਰਤਾਂ ਜਿੰਨੀਆਂ ਮਿਲੀਆਂ ਕੋਈ ਨਾ ਕੋਈ ਕੰਮ ਕਰਦੀਆਂ, ਘੁੰਢ ਲੰਮੇ, ਤੇੜ ਘਗਰੀਆਂ ।

ਬਾਗੀ ਦੇ ਘਰ ਗਏ ਬਾਹਰਲਾ ਬੂਹਾ ਵੱਡਾ ਸਾਰਾ, ਊਠ ਸਣੇ ਗੱਡਾ ਰੇੜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਦਰ ਆ ਸਕਦੇ । [illegible] ਤੇ ਇਕ ਪਾਸੇ ਨੂੰ ਲੰਮਾ ਘਰ ਵੱਡੇ ਦੋ ਕਮਰੇ । ਇਕ ਬੈਠਕ ਬਣਿਆ ਹੋਇਆ । ਉਤੇ ਚੁਬਾਰਾ । ਚੁਬਾਰੇ ਵਿਚ ਸਾਡਾ ਡੇਰਾ ਲਵਾ ਦਿੱਤਾ । ਪਿੰਡ ਵਿਚ ਕਈ ਥਾਈਂ ਮਿਰਚਾਂ ਸੁਕਣੇ ਪਾਈਆਂ ਹੋਈਆਂ । ਰੋਟੀ ਸੀ ਸੀ ਕਰਕੇ ਖਾਧੀ, ਰਾਤ ਆਰਾਮ ਕੀਤਾ, ਦਿਨੇ ਬਾਗੀ ਨੇ ਇਕ ਜਵਾਨ ਨਾਲ ਦਲੀਪ ਸ਼ਿਕਾਰ ਤੇ ਅਮਰਜੀਤ ਨੂੰ ਘੱਲ ਦਿੱਤਾ । ਇਕ ਨਾਲ ਮੈਨੂੰ ਤੇ ਬਲਜੀਤ ਨੂੰ । ਪਹਿਲਾਂ ਚਾਰੇ ਪਿੰਡ ਵਿਚ ਫਿਰੇ । ਫਿਰ ਇਕ ਹੋਰ ਪਿੰਡ ਮੈਂ ਤੇ ਬਲਜੀਤ ਗਏ । ਉਸ ਪੂਰੇ ਸਿੱਖ ਦਾ ਨਾਂ ਪੰਡਤ ਧਨੀ ਰਾਮ ਸੀ । ਦੂਹਰੀ ਪੱਗ ਸਲੀਕੇ ਵਾਲੀ । ਘਰ ਦੀ ਬਣਤਰ ਵੀ ਸਲੀਕੇ ਵਾਲੀ । ਉਧਰ ਉਦੋਂ ਸਫਰ ਲਈ ਕਿਤੇ ਕਿਤੇ ਘੋੜੇ ਕਿਸੇ ਕਿਸੇ ਕੋਲ ਸਾਈਕਲ ਜਾਂ ਕੱਢੇ ਤੇ ਗੜਬੈਲਾਂ । ਮਗਜ਼ ਪੱਚੀ ਕਰੀ ਗਏ । ਪਿੰਡ ਪਿੰਡ ਤੁਰੇ ਰਹੇ । ਰਾਤ ਜ਼ਰੂਰ ਇਕੱਠੇ ਬਾਗੀ ਦੇ ਘਰ ਹੋ ਜਾਂਦੇ । ਕਈ ਵਾਰੀ ਬਾਹਰ ਵੀ ਰਹਿ ਜਾਂਦੇ । ਜੰਡ ਕਰੀਰ ਬਹੁਤ । ਆਚਾਰ ਵਾਲੇ ਡੇਲੇ ਜੰਡਾਂ ਨਾਲ ਲੱਗੇ ਹੋਏ ਨਿੱਕੇ ਨਿੱਕੇ ਖ਼ੂਬਸੂਰਤ ਫੁੱਲ । ਮੈਨੂੰ ਤੇ ਬਲਜੀਤ ਨੂੰ ਵਿਹਲ ਕਾਫੀ ਮਿਲਦਾ । ਅਸਾਂ ਚੁਬਾਰੇ ਵਿਚ ਇਕੱਠਿਆਂ ਦੋ ਪੁਸਤਕਾਂ ਪੜ੍ਹੀਆਂ, ਇਕ ਸੀ ਲਿਊ ਸ਼ਾਈ ਦੀ ''ਚੰਗੇ ਕਮਿਊਨਿਸਟ ਕਿੱਦਾਂ ਬਣੀਏ'' ਇਕ ਸੀ ਰੂਸ ਦੀ ਸਟਾਲਨ ਦੀ ਪਾਰਟੀ ਜੱਥੇਬੰਦੀ ਬਾਰੇ । ਮੈਂ ਕਮਿਊਨਿਸਟ ਜੱਥੇਬੰਦੀ ਬਾਰੇ ਇਹੋ ਜਿਹੀਆਂ ਪੁਸਤਕਾਂ ਪਹਿਲੀ ਵਾਰੀ ਪੜ੍ਹੀਆਂ ਸਨ । ਬਲਜੀਤ ਇਕ ਅੜਬ ਜੱਟਾਂ ਦਾ ਮੁੰਡਾ ਲੜਣ ਝਗੜਣ ਮਾਰ ਕਾਟ ਨੂੰ ਦਲੇਰ । ਜੱਟ ਵਾਦੀਆਂ ਨਹੀਂ ਸੀ ਛੱਡਦਾ । ਦਲੇਰ ਵੀ ਬੜਾ ਸੀ । ਇਕ ਵਾਰੀ ਤਾਂ ਦੋਹਾਂ ਭਰਾਵਾਂ ਨੇ ਜ਼ਮੀਨ ਦੇ ਝਗੜੇ ਵਿਚ ਇਕ ਕਤਲ ਕਰ ਦਿੱਤਾ । ਨੱਠ ਕੇ ਜੰਮੂ ਜਾ ਵੜੇ, ਉਥੇ ਕਾਮਰੇਡਾਂ ਨੇ ਕਿਸੇ ਢੰਗ ਰਸੂਖ਼ ਨਾਲ ਮੈਜਿਸਟਰੇਟ ਦੇ ਹਾਜ਼ਰੀ ਉਸ ਦਿਨ ਦੀ ਲਵਾ ਦਿੱਤੀ, ਕੇਸ ਚੱਲਿਆ ਬਰੀ ਹੋ ਗਏ ।

ਬਾਗੀ ਦੀ ਵਹੁਟੀ ਪੜ੍ਹੀ ਲਿਖੀ ਸੀ । ਬਾਗੀ ਦੇ ਵਿਛੋੜੇ ਦੇ ਰੋਣੇ ਰੋਂਦੀ ਰਹਿੰਦੀ — ਮੈਂ ਆਖਨੀ ਆਂ ਬਾਗੀ ਤੂੰ ਤਰਕਾਲਾਂ ਨੂੰ ਘਰ ਆ ਜਾਇਆ ਕਰ, ਮੈਂ ਤੈਨੂੰ ਵੇਖਣੋਂ ਖੁਣੋਂ ਰਹਿ ਨਹੀਂ ਸਕਦੀ । ਪਰ ਜਦੋਂ ਨਹੀਂ ਦਿਸਦਾ ਮੈਂ ਬੜਾ ਤੜਫਣੀ ਆਂ ।......ਉਹ ਪੜ੍ਹੀ ਲਿਖੀ ਸੋਹਣੀ ਸਲੀਕੇ ਵਾਲੀ, ਜ਼ਬਾਨ ਸੁਧਰੀ ਹੋਈ । ਉਹ ਕਲਪਦੀ, ਸਾਨੂੰ ਸਵਾਦ ਆਉਂਦਾ । ਅਸੀਂ ਵਿਹਲੇ ਵੇਲੇ ਉਸ ਨਾਲ ਬੈਠ ਕੇ ਉਸ ਨੂੰ ਛੇੜ ਦੇਣਾ ਬਲਜੀਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸ਼ਰਾਰਤੀ ਕੀਹਦਾ — ਬੀਬੀ ਜੀ ਬਾਗੀ ਮਿਲਿਆ ਸੀ ਉਹ ਤੇ ਤੁਹਾਡੀ ਪਰਵਾਹ ਨਹੀਂ ਕਰਦਾ।......ਬੱਸ ਉਸ ਬਾਗੀ ਦੇ ਪਿਆਰ ਦੇ ਗੁਣ ਗਾਉਣੇ ਸ਼ੁਰੂ ਕਰ ਦੇਣੇ। ਇਕ ਲੜਕਾ ਨਿੱਕਾ ਕੁੱਛੜ ਸੀ। ਰਹਿਣਾ, ਬਹਿਣਾ, ਪਾਉਣਾ ਸ਼ਹਿਰੀ ਸੀ।

ਉਥੇ ਅਮਰਜੀਤ ਤੇ ਦਲੀਪ ਸ਼ਿਕਾਰ ਦੀ ਲੋੜ ਬਹੁਤੀ ਪੈਣੀ। ਇਹਨਾਂ ਨੂੰ ਸ਼ਹਿਦ ਤੇ ਵਿਸਕੀ ਮਿਲਾ ਕੇ ਵੀ ਪਿਆਉਂਦੇ ਤਾਂ ਕਿ ਹੇਕਾਂ ਚਲਦੀਆਂ ਰਹਿਣ। ਅਸੀਂ ਜ਼ਰੂਰ ਦੂਜੇ ਦਿਨ ਇਕ ਸਫ਼ਰ ਇਕੱਠੇ ਕਰਦੇ। ਇਕ ਦਿਨ ਚਾਰੇ ਬੰਨੇ ਉਤੇ ਤੁਰੇ ਆਉਂਦੇ ਸਾ, ਸਾਹਮਣੇ ਇਕ ਬਜ਼ੁਰਗ ਕੁਝ ਭਾਂਡੇ ਮੋਢੇ ਉਤੇ ਲਮਕਾਈ ਤੁਰਿਆ ਜਾ ਰਿਹਾ ਸੀ। ਇਕ ਬੱਕਰੀ ਨਾਲ ਖਿੱਚੀ ਜਾਂਦਾ ਸੀ। ਅਮਰਜੀਤ ਨੇ ਪੁੱਛਿਆ — ਬਾਈ ਕਿਥੇ ਚਲਿਆਂ ? ਉਸ ਨੇ ਉੱਤਰ ਦਿੱਤਾ — ਜਵਾਨ ਕਿਤੇ ਵਾਂਢੇ।......ਇਹ ਬੱਕਰੀ ਕਿਉਂ ਨਾਲ ਧੂਈ ਜਾਂਦਾ ਹੈਂ ? — ਰਾਹਾਂ ਵਿਚ ਚਾਹ ਪੀਣੀ ਪੈਂਦੀ ਹੈ ਇਸ ਨੂੰ ਚੋ ਲੈਂਦਾ ਹਾਂ। ਅਸੀਂ ਬੜਾ ਹੱਸੇ — ਬਾਈ ਤੇਰਾ ਬੜਾ ਇਸ਼ਕ ਹੈ ਬੱਕਰੀ ਨਾਲ। ਉਹ ਬੋਲਿਆ ਨਾ, ਤੁਰੀ ਗਿਆ।

ਪੈਪਸੂ ਵਿਚ ਗਵਰਨਰੀ ਰਾਜ ਸੀ, ਗਵਰਨਰ ਸੀ "ਰਾਉ"। ਉਹ ਉਦੋਂ ਇਤਨਾ ਮਕਬੂਲ ਸੀ ਕਿ ਜੇ ਆਪ ਖਲੋ ਜਾਂਦਾ, ਸਾਰਾ ਪੈਪਸੂ ਉਸ ਨੂੰ ਵੋਟਾਂ ਪਾਉਂਦਾ। ਉਥੇ ਗਵਰਨਰ ਤੋਂ ਪਹਿਲਾਂ ਬੜੇ ਡਾਕੂ ਸਨ। ਰਾਜਿਆਂ ਦੀ ਸ਼ਹਿ ਉਤੇ ਡਾਕੇ ਵੱਜਦੇ। ਸਾਨੂੰ ਦੱਸਿਆ ਗਿਆ ਕਿ ਆਦਮੀ ਰਫਲਾਂ ਫੜ ਕੇ ਖਲੋਂਦੇ ਤਾਂ ਚੋਣੀਆਂ ਕਪਾਹ ਚੁਗਦੀਆਂ। ਇਕ ਪਾਸੇ ਡਾਕੂ ਮੱਸ਼ਰੇ ਹੋਏ, ਇਕ ਪਾਸੇ ਲਾਲ ਪਾਰਟੀ ਇਨਕਲਾਬ ਲਿਆ ਰਹੀ ਸੀ। ਪੈਪਸੂ ਸਾਰਾ ਸੂਲੀ ਉਤੇ ਟੰਗਿਆ ਹੋਇਆ। ਗਵਰਨਰੀ ਰਾਜ ਹੋਇਆ, ਘੁੱਗੀਆਂ ਵਾਂਗ ਡਾਕੂ ਫੁੰਡੇ ਗਏ। ਬੜਾ ਅਮਨ ਚੈਨ ਉਸ ਨੇ ਪੈਦਾ ਕਰ ਦਿੱਤਾ। ਰਾਉ ਰਾਉ ਹੁੰਦੀ ਸੀ। ਅਸੀਂ ਉਹਨਾਂ ਪਿੰਡਾਂ ਵਿਚ ਵੀ ਗਏ ਜਿੱਥੇ ਲਾਲ ਪਾਰਟੀ ਨੇ ਜਾਗੀਰਦਾਰਾਂ ਕੋਲੋਂ ਖੋਹ ਕੇ ਜ਼ਮੀਨ ਗਰੀਬਾਂ ਵਿਚ ਵੰਡੀ ਸੀ। ਜਿਹੜੇ ਲਾਲ ਪਾਰਟੀ ਦੇ ਲੀਡਰ ਮਿਲਦੇ ਜਾਂ ਉਹਨਾਂ ਨੂੰ ਅਸੀਂ ਇਲੈਕਸ਼ਨ ਵਿਚ ਮਦਦ ਕਰਨ ਲਈ ਕਹਿਣ ਜਾਂਦੇ ਉਹ ਸਾਡੀ ਕੋਈ ਪਰਵਾਹ ਨਾ ਕਰਦੇ। ਹੂੰ ਹਾਂ ਕਰ ਛੱਡਦੇ ਜਾਂ ਲਾਲ ਫੁੱਟੀ ਪਾਰਟੀ ਦੀਆਂ ਗੱਲਾਂ ਕਰਦੇ। ਆਪ ਉਹ ਚੰਗੇ ਕਿਸਾਨ ਸਨ। ਸਾਡੇ ਨਾਲ ਖ਼ੁਸ਼ਕੀ ਛਾਂਟਦੇ। ਜਿਨ੍ਹਾਂ ਲੋਕਾਂ ਨੂੰ ਇਹ ਜ਼ਮੀਨ ਵੰਡੀ ਸੀ ਮੈਂ ਤੇ ਬਲਜੀਤਾ ਇਕ ਵਾਰੀ ਉਹਨਾਂ ਵੱਲ

CC-0. In Public Domain. Gurukul Kangri Collection, Haridwar

ਇਕ ਪਿੰਡ ਗਏ। ਉਹ ਹਰੀਜਨ ਸਾਨੂੰ ਵੇਖ ਕੇ ਸਹਿਮ ਗਏ। ਅਸਾਂ

Digitized by Arya Samaj Foundation Chennai and eGangotri

ਪੁੱਛਿਆ — ਤੁਹਾਨੂੰ ਜ਼ਮੀਨ ਮਿਲੀ ਹੈ?......ਉਹ ਡਰੇ ਹੋਏ ਬੋਲੇ ਹਾਂ ਮਿਲੀ ਹੈ।......ਹੁਣ ਸੌਖੇ ਹੋ?......ਨਹੀਂ ਅਸਾਂ ਜਿਨ੍ਹਾਂ ਦੀ ਸੀ ਉਹਨਾਂ ਨੂੰ ਦੇ ਛੱਡੀ ਹੈ!......ਕਿਉਂ ਦਿੱਤੀ ਹੈ?......ਨਹੀਂ ਅਸਾਂ ਮਰਨਾ ਨਹੀਂ ਹੈ।......ਕਿਸੇ ਆ ਕੇ ਖੋਹੀ ਸੀ? ਨਹੀਂ ਅਸਾਂ ਆਪ ਹੀ ਛੱਡ ਦਿੱਤੀ।

ਮੈਂ, ਬਲਜੀਤ ਆਪੋ ਵਿਚ ਗੱਲਾਂ ਕਰਦੇ ਇਹ ਵਿਚਾਰੇ ਕਿਸ ਆਸਰੇ ਜਮੀਨਾਂ ਸਾਂਭਦੇ, ਇਹਨਾਂ ਕੋਲ ਸ਼ਕਤੀ ਨਹੀਂ। ਸ਼ਕਤੀ ਤੇ ਸਰਕਾਰ ਕੋਲ ਹੈ।

ਹਰ ਪਿੰਡ ਸ਼ਰਾਬ ਦਾ ਠੇਕਾ ਸੀ। ਪਿੰਡ ਦੇ ਮੇਨ ਰਾਹ ਉਤੇ ਰੰਗ ਪਾ ਕੇ ਬੋਤਲਾਂ ਕੋਠਿਆਂ ਤੇ ਲਟਕਾਈਆਂ ਹੁੰਦੀਆਂ। ਠੇਕੇ ਤਕ ਰਾਹ ਦੱਸਿਆ ਹੁੰਦਾ। ਰੇਤ ਬੜੀ। ਸਾਈਕਲ ਚੱਲ ਨਹੀਂ ਸਨ ਸਕਦੇ। ਜਿਹੜਾ ਸਾਨੂੰ ਲੋਕਲ ਸਾਥੀ ਮਿਲਦਾ, ਉਸ ਨਾਲ ਗੱਲਾਂ ਕਰਦੇ ਉਸ ਇਲਾਕੇ ਦੀਆਂ। ਬਾਗੀ ਦੇ ਮੁਕਾਬਲੇ ਉਤੇ ਕਾਂਗਰਸ ਵੱਲੋਂ ਇਕ ਰਾਜਾ ਖੜ੍ਹਾ ਸੀ। ਪੰਡਿਤ ਜਵਾਹਰ ਲਾਲ ਨਹਿਰੂ ਰੇਲ ਟਰੇਨ ਉਤੇ ਪੈਪਸੂ ਦੇ ਪਾਸੇ ਗਿਆ। ਜਿਥੇ ਜਲਸਾ ਹੁੰਦਾ ਰੇਲ ਗੱਡੀ ਉਥੇ ਖਲਿਆਰ ਲੈਂਦਾ, ਸਟੇਜ ਉਤੇ ਬੋਲਦਾ। ਫਿਰ ਗੱਡੀ ਉਤੇ ਚੜ੍ਹ ਜਾਂਦਾ। ਰਾਜੇ ਸ਼ਾਹੀ ਹੇਜ ਨਾਲ ਸਾਰੇ ਉਸ ਨਾਲ ਲੱਗੇ ਹੁੰਦੇ।

ਜਖੇਪਲ ਪਾਰਟੀ ਦਾ ਜਲਸਾ ਹੋਇਆ। ਇਕ ਜੀਪ ਉਤੇ ਹਰਕਿਸ਼ਨ ਸਿੰਘ ਸੁਰਜੀਤ ਤੇ ਹੋਰ ਉਸ ਦੀ ਮਰਜ਼ੀ ਦੇ ਲੀਡਰ ਆਏ। ਤਕਰੀਰਾਂ ਹੋਈਆਂ। ਇਕ ਜੱਥੇਦਾਰ, ਨਾਂ ਚੇਤੇ ਨਹੀਂ ਰਾਮੂਵਾਲੀਆ ਕਰਕੇ ਮਸ਼ਹੂਰ ਸੀ। ਉਸ ਨੇ ਤਕਰੀਰ ਕੀਤੀ ਕਮਾਲ ਦੀ, ਮੁਹਾਵਰੇਦਾਰ ਤੇ ਠੁੱਕ ਪੰਜਾਬੀ ਬੋਲਦਾ। ਠਾਠ ਨਾਲ ਬੋਲਿਆ — ਮਾਸਟਰ ਤਾਰਾ ਸਿੰਘ ਕਹਿੰਦਾ ਹੈ ਪੰਜਾਬ ਨੂੰ ਪੈਪਸੂ ਵਿਚ ਮਲਾਉ। ਮੈਂ ਕਹਿੰਦਾ ਹਾਂ ਗੜਵੀ ਵਿਚ ਗੜਵਾ ਨਾ ਪਾਉ। ਪੈਪਸੂ ਨੂੰ ਪੰਜਾਬ ਵਿਚ ਮਲਾਉ ਗੜਵੇ ਵਿਚ ਗੜਵੀ ਪਾਉ। ......ਲੋਕ ਬੁੱਤ ਬਣੇ ਸੁਣ ਰਹੇ ਸਨ......ਲੋਕ ਤੇ ਤਮਾਕੂ ਪੀਂਦੇ ਹਨ, ਇਹ ਰਾਜਾ ਜਿਹੜਾ ਬਾਗੀ ਦੇ ਮੁਕਾਬਲੇ ਖੜ੍ਹਾ ਹੈ ਤਮਾਕੂ ਚਰਦਾ ਹੈ। ਕੋਈ ਇਸ ਗੰਦ ਦੀ ਪੰਡ ਨੂੰ ਵੋਟ ਨਾ ਪਾਏ।......ਹੋਰ ਵੀ ਜੋ ਉਸ ਨੇ ਕਿਹਾ ਸਿੱਖੀ ਦੇ ਨੁਕਤੇ ਤੋਂ ਕਮਾਲ ਕਿਹਾ।

ਇਕ ਸਵੇਰ ਮੈਂ ਤੇ ਬਲਜੀਤਾ ਹੋਰਨਾਂ ਦੋ ਤਿੰਨਾਂ ਸਾਥੀਆਂ ਨਾਲ ਇਕ

CC-0. In Public Domain. Gurukul Kangri Collection, Haridwar

ਸੁਤੰਤਰ ਦੇ ਚੇਲੇ ਦੇ ਘਰ ਗਏ। ਉਹ ਕਾਮਰੇਡ ਅੰਨ੍ਹਾਂ ਸੀ। ਤਖ਼ੱਲਸ ਰਾਹੀ ਕੱਚਾ ਮਾੜਾ ਜਿਹਾ ਕੋਠਾ ਸੀ। ਮੰਜੀ ਉਤੇ ਜਾ ਘੇਰਿਆ। ਉਸ ਨੇ ਸਾਡੇ ਨਾਲ ਬਹਿਸ ਛੋਹ ਦਿੱਤੀ। ਲਾਲ ਪਾਰਟੀ ਦੀ ਢੋਲਕੀ ਵਜਾਈ ਜਾਏ ਜਿਹੜੀ ਮੁੱਕ ਚੁੱਕੀ ਸੀ ਦੰਮ ਤੋੜ ਚੁੱਕੀ ਸੀ। ਸਾਡੀ ਕੋਈ ਦਾਲ ਉਸ ਨਾਲ ਨਾ ਗਲੀ। ਇਕ ਬੋਹੜ ਥੱਲੇ ਦੋ ਤਰਖਾਣ ਕੰਮ ਕਰ ਰਹੇ ਸਨ। ਇਕ ਗੱਭਰੂ ਅੱਡੇ ਉਤੇ ਖਲੋ ਕੇ ਲਕੜੀ ਰੰਦ ਰਿਹਾ ਸੀ। ਇਕ ਥੱਲੇ ਲਕੜੀ ਵਿਚ ਛੇਕ ਪਾ ਰਿਹਾ ਸੀ। ਚਾਰ ਪੰਜ ਸਰੀਰੋਂ ਮੋਟੇ ਜੱਟ ਮੰਜੀ ਉਤੇ ਬੈਠੇ ਗੱਪਾਂ ਮਾਰ ਰਹੇ ਸਨ। ਅਸੀਂ ਵੀ ਲਾਗੇ ਇਕ ਮੰਜੀ ਉਤੇ ਬਹਿ ਕੇ ਉਹਨਾਂ ਨਾਲ ਵੋਟਾਂ ਦੀਆਂ ਗੱਲਾਂ ਕਰਨ ਲੱਗ ਪਏ। ਉਸ ਤਰਖਾਣ ਮੁੰਡੇ ਨੇ ਰੰਦਾ ਲਾਉਂਦਿਆਂ ਸਾਡੇ ਵਿਚ ਕੋਈ ਗੱਲ ਕੀਤੀ। ਬੱਸ ਉਹ ਜੱਟ ਉਹਨੂੰ ਸੂਈ ਗਿਦੜੀ ਵਾਂਗ ਪੈ ਗਏ — ਓਏ ਹਰਾਮਦਿਆ, ਮਾਈਯਵਿਆਂ ਵੱਡਿਆ ਚਤਰਾ, ਕੁੱਤੇ ਨਿਆਈਂ ਭੌਂਕ ਨਾ ਕਿਉਂ ਸਾਡੇ ਵਿਚ ਬੋਲਦਾ ਹੈਂ ਜਾਨ ਲੋੜੀਂਦੀ ਨਹੀਂ ਤੀ ।......ਹੋਰ ਕਈ ਕੁਝ ਕਿਹਾ। ਉਹ ਦੋਏਂ ਤਰਖਾਣ ਸ਼ਰਮਿੰਦੇ ਹੋਏ ਹੋਏ ਰਤਾ ਨਾ ਡੁਸਕੇ। ਬਲਜੀਤ ਵੱਲ ਮੈਂ ਵੇਖਿਆ। ਉਹਦੀਆਂ ਅੱਖਾਂ ਲਾਲ ਹੋਈਆਂ ਪਈਆਂ ਸਨ। ਮੈਨੂੰ ਫ਼ਿਕਰ ਪਿਆ ਕਿਤੇ ਇਹ ਜੱਟਾਂ ਨਾਲ ਲੜ ਨਾ ਪਏ। ਮੈਂ ਉਹਦੇ ਮੋਢੇ ਉਤੇ ਹੱਥ ਰੱਖ ਕੇ ਹੌਲੀ ਨਾਲ ਆਖਿਆ — ਚੁੱਪ ਰਹੋ ਅਸੀਂ ਵੋਟਾਂ ਮੰਗਣ ਆਏ ਹੋਏ ਹਾਂ। ਉਹ ਮੇਰੀ ਗੱਲ ਸੁਣ ਕੇ ਗ਼ੁੱਸਾ ਪੀ ਗਿਆ।

ਉਥੋਂ ਸਾਡੇ ਨਾਲ ਦਲੀਪ ਸ਼ਿਕਾਰ ਤੇ ਅਮਰਜੀਤ ਰਲ ਪਏ। ਤੁਰ ਪਏ ਚਾਰੇ ਜਖ਼ੇਪਲ ਨੂੰ ਭੁੱਖੇ ਭਾਣੇ। ਮੀਂਹ ਵਰ੍ਹ ਪਿਆ। ਇਕ ਪਿੰਡ ਠਹਿਰ ਗਏ। ਮੀਂਹ ਹਟਿਆ ਤੁਰੇ। ਜਿੰਨੇ ਪਏ ਸਨ ਪਾਣੀ ਨਾਲ ਰਾਜਬਾਹ ਬਣੇ ਪਏ ਸਨ। ਅਸੀਂ ਬੰਨਿਆਂ ਉਤੇ ਤੇ ਵੱਟਾਂ ਉਤੇ ਤੁਰਦੇ ਜਖੇਪਲ ਆ ਗਏ। ਲੋਕਲ ਸਾਥੀ ਨਾਲ ਸਨ। ਬਾਹਰ ਵਾਰ ਇਕ ਝੁੰਡ ਪਿੰਡ ਦੇ ਲੋਕਾਂ ਦਾ ਗੋਲ ਧਾਰਾ ਬਣਾ ਕੇ ਬੈਠਾ ਹੋਇਆ। ਸੌ ਕੁ ਜਣੇ ਹੋਣਗੇ। ਧੋਤਿਆਂ ਕਪੜਿਆਂ ਵਾਲਾ ਗਵਈਆ ਇਕ ਹੱਥ ਵਿਚ ਲੰਮਾ ਤਾਰਾ ਤੇ ਇਕ ਹੱਥ ਵਿਚ ਖੜਤਾਲਾਂ ਲਈ ਚਾਰ ਚੁਫੇਰੇ ਤੁਰਦਾ ਤੇ ਗੌਉਂ ਰਿਹਾ ਸੀ, ਅਸੀਂ ਉਥੇ ਗਏ। ਉਹ ਨਾਲ ਨਾਲ ਪੂਰਨ ਭਗਤ ਦਾ ਕਿੱਸਾ ਸੁਣਾਈ ਜਾ ਰਿਹਾ ਸੀ ਅਤੇ ਗਵੀਂ ਜਾ ਰਿਹਾ ਸੀ। ਬੱਸ ਪੁੱਛੋ ਨਾ ਕਮਾਲ ਨੂੰ ਹੱਥ ਪਾਵੇ। ਬੜਾ ਮਜ਼ੇਦਾਰ, ਅਸੀਂ ਵੀ ਖਲੋ ਗਏ। ਫਿਰ ਘੰਟਾ ਸੁਣਦੇ ਰਹੇ, ਜਾਪਿਆ ਸਾਡੀ ਗੀਤ ਸੁਣਨ ਦੀ

Digitized by Arya Samaj Foundation Chennai and eGangotri
CC-0. In Public Domain. Gurukul Kangri Collection, Haridwar

ਭੁੱਖ ਪੂਰੀ ਹੋ ਗਈ ਹੈ। ਅਸਾਂ ਸਾਰਿਆਂ ਰੁਪਿਆ ਰੁਪਿਆ ਦਿੱਤਾ। ਪਿੰਡ ਦੇ
Digitized by Arya Samaj Foundation Chennai and eGangotri
ਅੰਦਰ ਨੂੰ ਬਾਗੀ ਦੇ ਘਰ ਵੱਲ ਤੁਰ ਪਏ। ਰਾਹ ਵਿਚ ਇਕ ਲੰਮੀ ਸੋਹਣੀ ਗੋਰੀ ਮੁਟਿਆਰ ਗਾਈਂ ਚੋ ਰਹੀ ਸੀ। ਸਾਨੂੰ ਵੇਖਦਿਆਂ ਸਾਰ ਗੜਵੀ ਥੱਲੇ ਰੱਖ ਕੇ ਲਾਗੇ ਘਰ ਨੂੰ ਨੱਸ ਗਈ। ਅੰਮਾਂ ਕਮਿਊਨਿਸਟੀਏ। ਕੁੜੀ ਨੇ ਸਾਨੂੰ ਆਪਣੇ ਵੱਲ ਚੰਗੀ ਤਰ੍ਹਾਂ ਵੇਖਣ ਵੀ ਨਾ ਦਿੱਤਾ। ਅੱਗੇ ਰਾਜੇ ਦਾ ਜਲਸਾ ਹੋ ਰਿਹਾ ਸੀ, ਰਾਜੇ ਸਣੇ ਵੀਹ ਪੰਝੀ ਦੀ ਹਾਜ਼ਰੀ। ਇਕ ਹਫ਼ਤਾ ਪੋਲਿੰਗ ਤੋਂ ਪਹਿਲਾਂ ਪੰਜਾਬ ਵਿਚੋਂ ਹੋਰ ਬੜੇ ਸਾਥੀ ਚਲੇ ਗਏ। ਸੁਨਾਮ ਬੜੇ ਜਲਸੇ ਹੁੰਦੇ। ਸੋਸ਼ਲਿਸਟ ਸਾਡੇ ਖ਼ਿਲਾਫ਼ ਵਾਹਯਾਤ ਬੋਲਦੇ! ਉਹ ਕਾਂਗਰਸ ਦੇ ਹੱਕ ਵਿਚ ਸਨ। ਸੁਰਜੀਤ ਕਮਾਲ ਦੀ ਠਰੰਮੇ ਵਾਲੀ ਤਕਰੀਰ ਕਰਦਾ। ਅਮਰਜੀਤ ਤੇ ਦਲੀਪ ਸਿਕਾਰ ਨੇ ਗੀਤ ਸੁਣਾਏ। ਕਾਂਗਰਸ ਦੇ ਜਲਸੇ ਵਿਚ ਇਕ ਸੋਸ਼ਲਿਸਟ ਬੋਲ ਰਿਹਾ ਸੀ — ਕਮਿਊਨਿਸਟ ਬਹੁਤ ਬੇਵਕੂਫ ਹਨ ਵੋਟ ਲੈਣ ਦੇ ਹੱਕਦਾਰ ਨਹੀਂ। ਇਹ ਕਹਿੰਦੇ ਹਨ ਦੇਸ਼ ਆਜ਼ਾਦ ਨਹੀਂ ਹੋਇਆ, ਫਿਰ ਇਹਨਾਂ ਮੂਰਖਾਂ ਨੂੰ ਪੁੱਛੋ ਤੁਸੀਂ ਵੋਟ ਕਿਉਂ ਮੰਗਦੇ ਹੋ।...... ਸਾਡੇ ਅੰਦਰ ਗ਼ੁੱਸਾ ਸੀ, ਪਰ ਪੇਸ਼ ਨਹੀਂ ਸੀ ਜਾਂਦੀ।

ਦੂਜੇ ਦਿਨ ਜਖੇਪਲ ਪਾਰਟੀ ਦੀ ਮੀਟਿੰਗ ਹੋਈ। ਉਧਰ ਦੇ ਸਾਥੀਆਂ ਨੇ ਸੁਰਜੀਤ ਨੂੰ ਆਖਿਆ — ਕਾਮਰੇਡ ਜੀ ਸਾਡੇ ਸਾਥੀ ਫੜੇ ਹੋਏ ਹਨ। ਉਹਨਾਂ ਨੂੰ ਬੜਾ ਕੁਟਿਆ ਗਿਆ ਹੈ, ਮਿਹਰਬਾਨੀ ਕਰੋ ਰਾਉ ਨੂੰ ਮਿਲ ਕੇ ਉਹਨਾਂ ਨੂੰ ਛੁਡਾਉ। ਲਾਲ ਪਾਰਟੀ ਟੁੱਟ ਗਈ ਹੈ, ਉਹ ਕਿਉਂ ਮਾਰ ਖਾਂਦੇ ਨੇ। ਮਲਵਈ ਵਿਚ ਉਹ ਗੱਲਾਂ ਕਰਦੇ ਮੇਰਾ ਉਹਨਾਂ ਦੇ ਉਚਾਰਨ ਵੱਲ ਖ਼ਿਆਲ ਸੀ।

ਮਗਰੋਂ ਕਾਮਰੇਡ ਸੁਰਜੀਤ ਨੇ ਫੜੇ ਹੋਏ ਗੱਭਰੂ ਸਾਥੀ ਰਾਉ ਨੂੰ ਮਿਲ ਕੇ ਸੁਣਿਆ ਕਿ ਛਡਵਾ ਲਏ ਸਨ।

ਪੋਲਿੰਗ ਵਾਲੇ ਦਿਨ ਜਿਸ ਥਾਂ ਮੈਂ ਸਾਂ ਉਥੇ ਕਾਮਰੇਡ ਸਤੀਸ਼ ਲੂੰਬਾ ਤੇ ਹੋਰ ਬੁੱਧੀਜੀਵੀ ਸਨ। ਲੂੰਬਾ ਪਰਚੀਆਂ ਕੱਟਦਾ ਮੈਂ ਵੋਟਰਾਂ ਦੇ ਨਾਲ ਜਾਂਦਾ। ਲੂੰਬੇ ਨੇ ਮੈਨੂੰ ਆਵਾਜ਼ ਮਾਰੀ — ਰਾਹੀ ਇਧਰ ਆਈਂ। ਮੈਂ ਗਿਆ ਉਸ ਨੇ ਮੇਰਾ ਧਿਆਨ ਇਕ ਵੋਟਰ ਦੇ ਨਾਂ ਵੱਲ ਦਵਾਇਆ। ਲਿਖਿਆ ਸੀ ''ਬਰਫ਼ੀ ਸਪੁੱਤਰੀ ਜੰਗੀਰ ਸਿੰਘ'' ਹੋਰ ਵੀ ਕੁੜੀਆਂ ਦੇ ਅਜੀਬ ਅਜੀਬ ਨਾਂ ਸਨ। ਮਲਵਈ ਨੱਕ ਵਿਚ ਕਾਫ਼ੀ ਲਫ਼ਜ਼ ਬੋਲਦੇ।

ਦੂਜੇ ਦਿਨ ਅਸੀਂ ਚਾਰੇ ਸੁਨਾਮ ਤੋਂ ਗੱਡੀ ਚੜ੍ਹ ਕੇ ਰਾਤ ਲੁਧਿਆਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹੁੰਚ ਗਏ । ਉਥੋਂ ਗੱਡੀ ਸਵੇਰੇ ਤੜਕੇ ਜਾਣੀ ਸੀ । ਸਿਨੇਮਾ ਵੇਖਣ ਤੁਰ ਪਏ । ਟਿਕਟ ਖਿੜਕੀ ਅੱਗੇ ਬੜੀ ਭੀੜ । ਕੁਝ ਸ਼ਹਿਰੀ ਗੁੰਡੇ ਹਿੱਕ ਜ਼ੋਰੀ ਕਰ ਰਹੇ ਸਨ । ਬਲਜੀਤਾ ਲੜਣ ਨੂੰ ਤਿਆਰ ਪਰ ਅਸਾਂ ਰੋਕੀ ਰੱਖਿਆ ।

ਦਲੀਪ ਸ਼ਿਕਾਰ ਟਰੱਕ ਅੱਗੇ ਵਧਿਆ (ਉਹਦਾ ਤਕੀਆ ਕਲਾਮ ਹੈ ਕੰਜਰ ਦਿਆ) ਦੋਏਂ ਬਾਹਵਾਂ ਖਲਾਰ ਕੇ ਸਾਰੀ ਭੀੜ ਨੂੰ ਦੋਈਂ ਪਾਸੀਂ ਧੱਕ ਦਿੱਤਾ — ਓਏ ਅਮਰਜੀਤ ਕੰਜਰ ਦਿਆ ਲੈ ਟਿਕਟਾਂ, ਅਸੀਂ ਸਾਰੇ ਅੱਗੇ ਹੋ ਗਏ । ਮੈਦਾਨ ਸਾਫ਼ ਟਿਕਟਾਂ ਲਈਆਂ ਸਿਨੇਮਾ ਦੇਖਿਆ । ਸਟੇਸ਼ਨ ਤੇ ਗੱਪਾਂ ਮਾਰੀਆਂ । ਤੜਕੇ ਦੀ ਗੱਡੀ ਘਰਾਂ ਨੂੰ ਚੜ੍ਹ ਗਏ । ਮੈਂ ਦੋ ਸਾਹਿਤਕ ਲਫ਼ਜ਼ ਮਾਲਵੇ ਵਿਚੋਂ ਲੱਭ ਲਿਆਂਦੇ । ਕਣਕ ਦਿਆਂ ਸਿੱਟਿਆਂ ਨੂੰ ਬੱਲੀਆਂ ਕਹਿਣਾ ਤੇ ਔਰਤਾਂ ਦੇ ਕੰਨਾਂ ਵਿਚ ਪਾਉਣ ਵਾਲੇ ਗਹਿਣੇ ਨੂੰ ਪਿੱਪਲ ਪੱਤੀਆਂ ।

ਲਾਲ ਪਾਰਟੀ ਆਪਣੀ ਮੌਤ ਆਪ ਮਰ ਚੁੱਕੀ ਸੀ ਪਰ ਕਾ: ਸੁਤੰਤਰ ਤੇ ਹੋਰ ਕੁਝ ਸਾਥੀ ਅਜੇ ਮਫ਼ਰੂਰ ਹੀ ਸਨ ।

"ਲਿਉ ਸ਼ਾਉ ਦੀ ਪੁਸਤਕ "ਪਾਰਟੀ ਅੰਦਰ ਜੱਦੋਜਹਿਦ ਦੇ ਅਸੂਲ" ਵੀ ਮੈਂ ਦਿਲ ਲਾ ਕੇ ਪੜ੍ਹੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੇ ਪੈਰ

ਜ਼ਿਲ੍ਹੇ ਐਗਜ਼ੈਕਟਿਵ ਦੀ ਮੀਟਿੰਗ ਹੋਈ। ਮੇਰੇ ਉਤੇ ਟਪਿਆਲੇ ਦੇ ਖ਼ਿਲਾਫ਼ ਗੁਟਬੰਦੀ ਕਰਨ ਦਾ ਇਲਜ਼ਾਮ ਸੀ। ਇਸ ਮੀਟਿੰਗ ਵਿਚ ਖੁੱਲ੍ਹ ਕੇ ਗੱਲ ਹੋਣੀ ਸੀ। ਮੀਟਿੰਗ ਗੁਰਦਾਸਪੁਰ ਤੋਂ ਬਾਹਰਵਾਰ ਕਰਕੇ ਇਕ ਪਿੰਡ ਹੈ ਉਥੇ ਹਰੀਜਨ ਦਰਜੀ ਕਾਮਰੇਡ ਦੇ ਘਰ। ਹਮੇਸ਼ਾਂ ਵਾਂਗ ਪਹਿਲਾਂ ਮੇਰੀ ਵਾਰੀ ਹੁੰਦੀ ਆਪਣੇ ਕੰਮ ਦੀ ਰਿਪੋਰਟ ਕਰਨੀ। ਪ੍ਰਧਾਨਗੀ ਡੇਢ ਗਵਾਰ ਦੀ ਸੀ। ਲਾਲਾਂ 'ਚੋਂ ਆਏ ਦੋ ਸਾਥੀ ਵੀ ਸਨ। — ਹਾਂ ਜੀ ਮੀਟਿੰਗ ਕਰੋ ਸ਼ੁਰੂ।......ਬਿਸ਼ਨ ਸਿੰਘ ਨੇ ਆਖਿਆ। — ਰਾਹੀ ਹੋਰਾਂ ਨੇ ਕਿਉਂ ਮੇਰੇ ਖ਼ਿਲਾਫ਼ ਗੱਲਾਂ ਕੀਤੀਆਂ ਦੱਸਣਾ ਕੀ ਚਾਹੀਦਾ ਹੈ?......ਟਪਿਆਲੇ ਨੇ ਟੈਨਸ਼ਨ ਹੋ ਕੇ ਆਖਿਆ।......ਮੈਂ ਬੇ-ਪ੍ਰਵਾਹੀ ਨਾਲ ਉੱਤਰ ਦਿੱਤਾ — ਮੈਂ ਤੁਹਾਨੂੰ ਕੋਈ ਜਵਾਬ ਨਹੀਂ ਦੇਣਾ ਚਾਹੁੰਦਾ ਹਾਂ, ਮੇਰਾ ਕੇਸ ਸੂਬਾ ਕਮੇਟੀ ਕੋਲ ਖੜ੍ਹਿਆ ਜਾਏ।

ਡੇਢ ਗਵਾਰ ਨੇ ਅੱਖੀਆਂ ਕੱਢੀਆਂ — ਏਥੇ ਦੱਸ।......ਨਹੀਂ ਮੈਂ ਸੂਬੇ ਵਿਚ ਦੱਸਾਂਗਾ, ਤੁਹਾਨੂੰ ਇਸ ਲਾਇਕ ਨਹੀਂ ਸਮਝਦਾ। ਉਹ ਹੋਰ ਗੜ੍ਹਕਿਆ। ਮੈਂ ਕਿਹਾ ਰੋਹਬ ਕੋਲ ਰੱਖ, ਮੈਂ ਜੋ ਕਹਿ ਚੁੱਕਾ ਹਾਂ ਕਹਿ ਚੁੱਕਾ ਜੇ ਨਾ ਖੜ੍ਹੋਗੇ ਤਾਂ ਮੈਂ ਖ਼ੁਦ ਖੜ੍ਹਾਂਗਾ। ਉਰਾ ਪਰਾਂ ਹੋਇਆ ਬੱਸ।

ਰੀਪੋਰਟ ਕਰਨ ਦੀ ਗੱਲ ਚੱਲੀ ਬਿਸ਼ਨ ਸਿੰਘ ਨੇ ਕਿਹਾ — ਰਾਹੀ ਜੀ ਕਰੋ ਆਪਣੇ ਕੰਮ ਦੀ ਰਿਪੋਰਟ। — ਪਹਿਲਾਂ ਡੇਢ ਗਵਾਰ ਕਰੇ, ਫਿਰ ਤੂੰ ਕਰ, ਫਿਰ ਦਲੀਪ ਢਾਂਡਾ ਕਰੇ, ਫਿਰ ਗੁਪਾਲ ਠੱਠਾ ਕਰੇ, ਫਿਰ ਮੈਂ ਕਰਾਂਗਾ।......ਟਪਿਆਲੇ ਨੇ ਆਖਿਆ — ਚੱਲ ਕਰ ਡੇਢ ਗਵਾਰ ਤੂੰ ਹੀ ਕਰ।......ਉਸ ਨੇ ਸ਼ੁਰੂ ਕੀਤੀ। ਮੈਂ ਕਿਹਾ ਪਹਿਲਾਂ ਇਹ ਦੱਸ ਤੇਰੀ ਕਿਤਨੀ ਫਸਲ ਹੋਈ, ਕਿਤਨੀ ਵੇਚੀ ਕਿਤਨੇ ਪੈਸੇ ਬਚੇ ਕਿਤਨੀ ਪਾਰਟੀ ਨੂੰ ਲੇਵੀ ਦਿੱਤੀ। ਤੂੰ ਪਾਰਟ ਟਾਇਮਰ ਹੈਂ ?

ਉਹ ਤਿੜਕਿਆ — ਫਸਲ ਨਾਲ ਕੀ ਸਵਾਲ ਹੋਇਆ ? ਮੈਂ ਡੱਟ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਖਿਆ — ਜੇ ਕਈ ਦਰਬਾਰਾਂ ਦੀ ਰਿਪੋਰਟ ਹੋ ਸਕਦੀ ਹੈ ਤਾਂ ਜ਼ਮੀਨ ਦੀ ਤੇ ਫਸਲ ਦੀ ਕਿਉਂ ਨਹੀਂ ਹੋ ਸਕਦੀ। ਇਹ ਆਮਦਨੀ ਦਾ ਵਸੀਲਾ ਹੈ। ਬੜੀ ਗੜਬੜ ਵਿਚ ਮੀਟਿੰਗ ਚੱਲੀ। ਮੈਂ ਗੁੱਸੇ ਵਿਚ ਕਿਹਾ — ਮੈਂ ਅੱਜ ਟਪਿਆਲਾ ਜੀ ਤੋਂ ਵੀ ਆਮਦਨੀ ਦੀ ਰਿਪੋਰਟ ਮੰਗਣੀ ਹੈ ਇਹਨਾਂ ਦੀ ਜ਼ਮੀਨ ਹੈ ਸੂਬੇ ਕੋਲੋਂ ਵੇਜ਼ ਵੀ ਲੈਂਦੇ ਹਨ। ਬਿਸ਼ਨ ਅਫਾਦਾਰੀ ਦੱਸਣ ਲੱਗਾ — ਇਹ ਸੂਬੇ ਦੇ ਲੀਡਰ ਹਨ ਉਥੇ ਰਿਪੋਰਟ ਦੇਣਗੇ।

— ਚੰਗਾ ਸੂਬੇ ਵਿਚ ਇਹ ਮੁਤ਼ਾਲਬਾ ਕਰਾਂਗਾ।......ਮੈਂ ਡਟਿਆ ਪਿਆ ਸਾਂ। ਲਾਲ ਪਾਰਟੀ ਦੇ ਸਾਥੀ ਚੁੱਪ ਚਾਪ ਬੈਠੇ ਸਨ। ਮੈਂ ਡੇਢ ਗਵਾਰ ਦੇ ਮੋਢੇ ਉਤੇ ਹੱਥ ਮਾਰ ਕੇ ਆਖਿਆ — ਕਾਮਰੇਡ ਇਹ ਕਮਿਊਨਿਸਟ ਪਾਰਟੀ ਦੀ ਮੀਟਿੰਗ ਹੈ ਜੱਟਾਂ ਦੀ ਨਹੀਂ।

ਡੇਰੇ ਬਾਬੇ ਨਾਨਕ ਵੱਡੇ ਖੁੱਲ੍ਹੇ ਬਜ਼ਾਰ ਵਿਚ ਚੁਬਾਰਾ ਕਿਰਾਏ ਉਤੇ ਲਿਆ। ਉਥੇ ਪਾਰਟੀ ਆਫ਼ਿਸ ਬਣਾਇਆ। ਬੇਦੀ ਲੰਡੇ ਨੂੰ ਆਫ਼ਿਸ ਸੈਕਟਰੀ ਦਾ ਕੰਮ ਦੇ ਦਿੱਤਾ। ਉਹ ਚੁੰਗੀ ਮੁਹਰਰ ਰਹਿ ਚੁੱਕਾ ਸੀ, ਦਸਵੀਂ ਪਾਸ। ਖ਼ੁਦ ਦਰਖ਼ਾਸਤਾਂ ਵੀ ਲਿਖਦਾ। ਸਾਈਕਲ ਦੋਹਾਂ ਕੋਲ ਸਨ। ਡੇਰੇ ਠਾਣੇ ਦੇ ਹਲਕੇ ਵਿਚ ਅਸਾਂ ਕੰਮ ਖ਼ੂਬ ਘੁੰਮਾਇਆ। ਜ਼ਿਲ੍ਹੇ ਵਿਚ ਪਾਰਟੀ ਜਲਸਿਆਂ ਮੀਟਿੰਗਾਂ ਤੇ ਜਾਂਦਾ। ਉਥੋਂ ਸਿੱਧਾ ਡੇਰੇ। ਮੈਂ ਡੱਟ ਕੇ ਕੰਮ ਕੀਤਾ ਨਵੇਂ ਮਹੀਨਿਆਂ ਵਿਚ ਸਾਡੇ ਆਫ਼ਿਸ ਰੌਣਕ ਲੱਗੀ ਰਹੀ।

ਪੰਜ ਸੱਤ ਨਵੇਂ ਪਾਰਟੀ ਮੈਂਬਰ ਵੀ ਲਏ। ਡੇਰੇ ਹਫ਼ਤੇ ਪੰਦਰੀਂ ਦਿਨੀਂ ਜਲਸੇ ਹੁੰਦੇ ਰਹਿੰਦੇ। ਤਿੰਨ ਚਾਰ ਸਾਥੀ ਤਾਂ ਕੁਲ ਵਕਤੀ ਕਰਕੇ ਸਨ। ਸੂਰਤਾ ਸਿੰਘ ਘਣੀਏ ਕੇ ਇੰਦਰ ਸਿੰਘ ਬਾਜਵਾ, ਗੁਪਾਲ ਸਿੰਘ ਨਵਾਂ ਸ਼ਾਹਪੁਰ, ਪੂਰਨ ਸਿੰਘ ਖੌਂਦੇ, ਬੂਆ ਸਿੰਘ ਮੋਗਾ ਡੇਰੇ ਦਾ ਸਿੱਲ ਵੀ ਤਗੜਾ ਹੋ ਗਿਆ। ਉਦੋਂ ਮੈਂ ਦਿੱਲੀ, ਬੰਬਈ, ਪੰਜਾਬ ਦਿਆਂ ਮਾਸਿਕ ਪੱਤਰਾਂ ਵਿਚ ਖ਼ੂਬ ਛਪਣ ਲੱਗ ਪਿਆ ਸਾਂ। ਪਾਰਟੀ ਅਖ਼ਬਾਰ ਵਿਚ ਤਾਂ ਛਪਦਾ ਹੀ ਸਾਂ। ਮੈਨੂੰ ਕੰਮ ਕਰਨ ਦਾ ਲੁਤਫ਼ ਆਉਣ ਲੱਗ ਪਿਆ। ਜ਼ਿਲ੍ਹਾ ਕਮੇਟੀ ਵਿਚ ਆਪਸੀ ਝਗੜਾ ਤੁਰਿਆ ਕਿ ਸਾਡੇ ਜ਼ਿਲ੍ਹੇ ਵਿਚ ਟਪਿਆਲੇ ਦੀ ਥਾਂ ਫੌਜਾ ਸਿੰਘ ਭੁੱਲਰ ਵੀ ਆਉਣ ਲੱਗ ਪਿਆ। ਉਹ ਲਚਕਦਾਰ ਕਾਮਰੇਡ ਸੀ। ਮੇਰੇ ਨਾਲ ਉਸ ਨੇ ਚੰਗੀ ਬਣਾਈ, ਸ਼ੇਅਰੋ-ਸ਼ਾਇਰੀ ਕਰ ਲੈਂਦਾ ਉਰਦੂ ਦੀ। ਦੋ ਵਾਰੀ ਮੇਰੇ ਉਤੇ ਤਕਰੀਰਾਂ ਕਰਨ ਦਾ ਕੇਸ ਚੱਲਿਆ, ਇਕ ਪਿੰਡ "ਲੱਦੇ ਮੰਡੇ" ਦਾ ਇਕ ਸ਼ਹਿਰ ਦਾ। ਵੀਹ ਪੰਝੀ ਦਿਨ ਜੇਹਲ ਰਹਿ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਿਰ ਕੇਸਾਂ ਤੋਂ ਬਰੀ ਹੋ ਜਾਂਦਾ ਰਿਹਾ। ਇਕ ਵਾਰੀ ਬਰੀ ਕਰਦੇ ਨੂੰ ਸ: ਅਨੋਖ ਸਿੰਘ ਪਵਾਰ ਨੇ ਮੈਨੂੰ ਹੱਸ ਕੇ ਕਿਹਾ — ਰਾਹੀ ਜੋ ਮਰਜ਼ੀ ਪੁਲਿਸ ਨੂੰ ਕਹਿ ਲਿਆ ਕਰ ਪਰ ਇਹ ਜ਼ਰੂਰ ਕਿਹਾ ਕਰ ਕਿ ਸਾਰੀ ਰਿਪੋਰਟ ਅਸੀਂ ਐਸ. ਐਸ. ਪੀ. ਸਾਹਿਬ ਕੋਲ ਕਰਾਂਗੇ। ਬੱਸ ਕੋਈ ਕੇਸ ਨਹੀਂ ਚੱਲੇਗਾ। ਇਸ ਨਾਲ ਗੋਰਮਿੰਟ ਨੂੰ ਬਾਗੀ ਵੰਗਾਰ ਮੁੱਕ ਜਾਂਦੀ ਹੈ।...... ਉਸ ਦੀ ਇਸ ਗੱਲ ਦਾ ਪਿੱਛੋਂ ਜਾ ਕੇ ਪਤਾ ਲੱਗਾ ਜਦੋਂ ਮੈਂ ਲੈਨਿਨ ਦੀ ਪੁਸਤਕ "ਸਟੇਟ ਔਰ ਇਨਕਲਾਬ" ਪੜ੍ਹੀ।......ਮੇਰੀ ਮਹਿਕਮੇ ਨਾਲ ਗੂੜ੍ਹੀ ਪੈ ਗਈ ਸੀ। ਬਟਾਲੇ ਦੇ ਉਸਤਾਦ ਬਰਕਤ ਰਾਮ ਯੁਮਨ ਨਾਲ ਵੀ। ਕਵੀ ਦਰਬਾਰ ਮੈਨੂੰ ਪੈਸੇ ਦਈ ਜਾਂਦੇ ਸਨ। ਜ਼ਿਲ੍ਹਾ ਕਮੇਟੀ ਘੱਟ ਵੱਧ ਮੇਰੇ ਵੱਲ ਵੜਦੀ। ਵੱਡਿਆਂ ਜਲਸਿਆਂ ਵਿਚ ਟਪਿਆਲੇ ਜਾਂ ਛੀਨੇ ਨੂੰ ਬੁਲਾ ਲੈਂਦਾ। ਡਰਾਮੇ ਨਵੇਂ ਤੋਂ ਨਵੇਂ ਸਮੇਂ ਅਨੁਸਾਰ ਮੈਂ ਲਿਖ ਲੈਂਦਾ। ਅਮਰਜੀਤ ਤੇ ਹੋਰ ਸਾਥੀ ਬਹਿ ਕੇ ਉਂਝ ਹੀ ਯਾਦ ਕਰ ਲੈਂਦੇ। ਸਟੇਜ ਉਤੇ ਚੰਗਾ ਕਹਿ ਜਾਂਦੇ। ਹਰ ਇਲਾਕੇ ਦੇ ਮੇਲੇ ਮੱਸਿਆ ਉਤੇ ਡਰਾਮਾ ਤੇ ਜਲਸਾ। ਕਾਮਰੇਡਾਂ ਨੂੰ ਉਗਰਾਈ ਵੇਲੇ ਲਤੀਫ਼ੇ ਵੀ ਸੁਨਾਉਣੇ, ਉਹਨਾਂ ਹੱਸਣਾ ਅਤੇ ਉਗਰਾਈ ਵੀ ਕਰਨੀ। ਉਗਰਾਈ ਵਿਚ ਮੈਨੂੰ ਜ਼ਰੂਰ ਨਾਲ ਖੜ੍ਹਦੇ। ਸਾਡੇ ਇਸ ਠਾਣੇ ਵਿਚ ਸਾਨੂੰ ਕਿਸੇ ਦੀ ਘੱਟ ਹੀ ਲੋੜ ਪੈਂਦੀ। ਕਾ: ਡਾਂਗ ਦਾ ਸਕੂਲ ਲਵਾਇਆ ਡੇਰੇ ਵਿਚ, ਸਾਰੇ ਜ਼ਿਲ੍ਹੇ ਵਾਲੇ ਆਏ। ਬਹਿਸਾਂ ਹੁੰਦੀਆਂ ਮੇਰੇ ਨਾਲ ਡੇਰੇ ਵਿਚੋਂ ਹਰਬੰਸ ਸਿੰਘ ਸੋਢੀ ਜਿਹੜਾ ਸਰਕਾਰੀ ਠੇਕੇਦਾਰ ਹੋ ਗਿਆ ਸੀ, ਨਿੰਦਿਆ ਦੀ ਝੜੀ ਰੱਖਦਾ। ਮੈਂ ਕੋਈ ਪਰਵਾਹ ਨਾ ਕਰਦਾ। ਇਸ ਠਾਣੇ ਵਿਚ ਮੇਰੇ ਖ਼ਿਲਾਫ਼ ਇਕ ਜੁੱਟ ਬਣ ਗਿਆ। ਧਨੀ ਹੰਕਾਰੀ, ਜੱਟ ਬਾਬੂ ਪਰਮਿੰਦਰ, ਡੇਢ ਗਵਾਰ ਨੇ ਸੋਢੀ ਸਾਹਿਬ। ਹਰ ਜਲਸੇ ਵੱਡੇ ਦਾ ਹਿਸਾਬ ਇਕ ਕਮੇਟੀ ਬਣਾ ਕੇ ਉਸ ਕੋਲ ਰੱਖਦਾ ਸਾਂ। ਚੋਲ ਦੇ ਮੇਲੇ ਉਤੇ ਕਾਮਰੇਡਾਂ ਲਈ ਘਰ ਵਿਚ ਲੰਗਰ ਲਾਉਂਦਾ ਉਗਰਾਈ ਵਿਚੋਂ। ਸਾਰੀ ਰਾਤ ਪਾਰਟੀ ਦਾ ਜਲਸਾ ਚਲਦਾ ਜਾਂ ਅਕਾਲੀਆਂ ਦਾ ਗੁਰਦੁਆਰੇ ਦੀ ਸਰਾਂ ਵਿਚ। ਜਿਸ ਪਿੰਡ ਰਾਤ ਰਹਿੰਦਾ ਰੋਟੀ ਖਾ ਕੇ ਹਰੀਜਨ ਬਰਾਦਰੀ ਦੀ ਮੀਟਿੰਗ ਕਰ ਲੈਂਦਾ। ਜਮਾਤਾਂ ਸਮਝਾਉਂਦਾ। ਪਾਰਟੀ ਦੇ ਅਸੂਲਾਂ ਦੇ ਸਵਾਏ ਕਿਸੇ ਪਾਰਟੀ ਸਾਥੀ ਦੀ ਜਾਤ ਦੀ ਪਰਵਾਹ ਨਾ ਕਰਦਾ। ਪੰਜ ਛੇ ਸਾਥੀ ਤਾਂ ਮਰਨ ਮਾਰਨ ਵਾਲੇ ਵੀ ਸਨ। ਉਹ ਮੇਰੇ ਨਾਲ ਘੁਲੇ ਮਿਲੇ ਰਹਿੰਦੇ। ਮੈਂ ਕੋਈ ਆਪਣੀ ਮੰਜੀ ਪੈਂਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾ ਕਰਦਾ। ਕਦੇ ਆਪਣੀਆਂ ਸਿਫ਼ਤਾਂ ਜਾਂ ਕੁਰਬਾਨੀਆਂ ਦੀਆਂ ਗੱਲਾਂ ਨਾ ਕਰਦਾ। ਪਾਰਟੀ ਦੀ ਬਿਹਤਰੀ ਅਤੇ ਪਕਿਆਈ ਦੀ ਗੱਲ ਕਰਦਾ। ਸਾਡੇ ਨਾਲ ਕਾਫ਼ੀ ਇਸਾਈ ਵੀ ਹੋ ਗਏ। ਚਾਰ ਪੰਜ ਮੈਂਬਰ ਬਣ ਗਏ। ਗੁਜ਼ਾਰੇ ਜੋਗੀ ਕਿਸਾਨ ਸਭਾ ਤੇ ਖੇਤ ਮਜ਼ਦੂਰ ਸਭਾ ਦੀ ਭਰਤੀ ਹੋ ਜਾਂਦੀ। ਮੇਲਿਆਂ ਦੇ ਪੈਸੇ ਬਚਾਅ ਕੇ ਜਿਲ੍ਹੇ ਨੂੰ ਦਿੰਦੇ। ਬਟਾਲੇ ਦੇ ਮਜ਼ਦੂਰਾਂ ਦੇ ਸੈਕਟਰੀਪੁਣੇ ਨਾਲ ਗੁਰਦਵਾਰੇ ਦੀ ਮੈਂਬਰਸ਼ਿਪ ਤੋਂ ਵੀ ਅਸਤੀਫ਼ਾ ਦਿੱਤਾ ਸੀ। ਜਦ ਭੁੱਲਰ ਆਇਆ ਉਸ ਨੇ ਕਿਹਾ — ਗੁਰਦਵਾਰਿਉਂ ਅਸਤੀਫ਼ਾ ਵਾਪਸ ਲਿਆ ? ਪਰ ਉਹ ਛੇ ਮਹੀਨੇ ਉਡੀਕ ਕੇ ਮਨਜ਼ੂਰ ਕਰ ਚੁੱਕੇ ਸਨ। (ਇਹ ਗੱਲ 'ਅਧੂਰੇ ਸਫ਼ਰ' ਵਿਚ ਪੂਰੀ ਹੈ) ਮੇਰੀਆਂ ਰੰਗੀਨੀਆਂ ਦਾ ਕਿਸੇ ਨਾਲ ਭੇਤ ਨਹੀਂ ਸੀ, ਸਿਰਫ਼ ਜਿਲ੍ਹੇ ਵਿਚ ਅਮਰਜੀਤ ਗੁਰਦਾਸਪੁਰੀ ਨਾਲ ਸੀ। ਉਹਦਾ ਮੇਰੇ ਨਾਲ।

ਨਵਤੇਜ ਪ੍ਰੀਤਲੜੀ ਵਿਚ ਮੈਨੂੰ ਥਾਂ ਦਿੰਦਾ। ਹਮੇਸ਼ਾਂ ਸਮਝਾਉਂਦਾ ਬਹਿਸ ਕਰਦਾ। ਮੈਂ ਖਿਝ ਜਾਂਦਾ ਉਹ ਨਾ ਖਿੱਝਦਾ, ਇਹੀ ਕਹਿੰਦਾ — ਤੂੰ ਪ੍ਰਾਪੇਗੰਡਾ ਛੱਡ, ਪ੍ਰਾਪਗੰਡਾ ਛੱਡ ਸਾਹਿਤ ਵਲ ਹੋ।...... ਮੈਂ ਬਹਿਸ ਪੈਂਦਾ — ਹਰ ਅਮਰ ਸਾਹਿਤ ਕਿਸੇ ਦਾ ਪ੍ਰਾਪਗੰਡਾ ਹੈ। ਉਹ ਹੋਰ ਸਮਝਦਾ। ਮੇਰੇ ਉਤੇ ਕੁਝ ਅਸਰ ਹੁੰਦਾ। ਪਰ ਫਿਰ ਵੀ ਮੇਰੀ ਕਵਿਤਾ ਵਿਚ ਨਾਹਰੇਬਾਜ਼ੀ ਹੁੰਦੀ। ਇਕ ਵਾਰੀ ਕੈਰੋਂ ਨੇ ਥੱਲੇ ਤਕ ਟੈਕਸ ਲਾ ਦਿਤੇ। ਮੈਂ ਤੀਹ ਮਿਸਰੇ ਟੈਕਸਾਂ ਦੇ ਖ਼ਿਲਾਫ਼ ਪਿੰਗਲ ਦੇ ਆਮ ਛੰਦਾਂ ਕਬਿਤ ਵਿਚ ਲਿਖੇ। ਯਾਦ ਕੀਤੇ। ਦੋ ਤਿੰਨ ਥਾਂ ਬੋਲੇ। ਕੈਰੋਂ ਨੇ ਕਈ ਟੈਕਸ ਵਾਪਸ ਲੈ ਲਏ। ਮੇਰੀ ਕਵਿਤਾ ਖ਼ਤਮ। ਉਦੋਂ ਮੈਨੂੰ ਕੁਝ ਸਮਝ ਆਈ ਕਿ ਪ੍ਰਾਪਗੰਡਾ ਤੇ ਨਾਹਰੇਬਾਜ਼ੀ ਕੀ ਹੈ ਅਤੇ ਸਾਹਿਤ ਕੀ ਹੈ ? ਸਾਡੇ ਚਾਰ ਪੰਜ ਮੀਲ ਵਿੱਥ ਉਤੇ ਇਕ ਕੁਦਰਤੀ ਸ਼ਾਇਰ ਸੀ। ਚੰਗਾ ਕਿਸਾਨ ਬੜਾ ਛਾਂਟ। ਉਸ ਵਿਚ ਆਪਮੁਹਾਰੀ ਸਾਹਿਤਕ ਸ਼ਾਇਰੀ ਸੀ। ਉਸ ਨੇ ਟੈਕਸਾਂ ਖ਼ਿਲਾਫ਼ ਕਵਿਤਾ ਬਣਾਈ। ਉਹ ਸਾਹਿਤਕ ਸੀ। ਮੈਂ ਇਹੋ ਸੋਚਦਾ ਕੁਦਰਤ ਨੇ ਮੈਨੂੰ ਉਹਦੇ ਵਰਗੀ ਦੌਲਤ ਕਿਉਂ ਨਹੀਂ ਦਿੱਤੀ। ਊੜਾ ਐੜਾ ਵੀ ਉਹਨੂੰ ਨਹੀਂ ਸੀ ਆਉਂਦਾ। ਸ਼ਾਇਰਾਂ ਵਾਲੀ ਹੈਂਕੜ ਉਸ ਵਿਚ ਸੀ। ਨਾਂ ਸੀ ਬੂੜ ਸਿੰਘ। ਸਾਡਿਆਂ ਜਲਸਿਆਂ ਵਿਚ ਖ਼ੂਬ ਬੋਲਦਾ। ਸਭ ਜ਼ਬਾਨੀ। ਉਸ ਦੀ ਟੈਕਸਾਂ ਵਾਲੀ ਕਵਿਤਾ ਇੰਜ ਸੀ, "ਟੈਕਸ ਪਿੰਡ ਵਿਚ ਆ ਵੜੀ ਹੈ, ਕੀ ਕੀ ਕਾਰੇ ਕਰਦੀ ਹੈ" ਅੰਤ ਵਿਚ ਕਹਿੰਦਾ, "ਜਾਣ ਲੱਗੀ ਧੋਬੀਆਂ ਦੀ ਬੱਕਰੀ ਦਾ ਢਿੱਡ ਪਾੜ ਗਈ ਏ" ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਰ ਗਿਆ ਹੈ। ਉਹਦੀ ਲਿਖਤ ਮੈਨੂੰ ਕਿਤੇ ਨਹੀਂ ਲੱਭੀ। ਇਕ ਵਾਰੀ ਅਮਰਜੀਤ ਨੇ ਕਿਹਾ — ਮੈਂ ਉਸ ਦੇ ਪਿੰਡ ਗਿਆ ਉਹਨੇ ਚੁੱਲ੍ਹੇ ਚਾਹ ਰੱਖੀ ਦੁੱਧ ਲਈ ਬਕਰੀ ਚੋਣ ਲੱਗਾ ਬਕਰੀ ਨੇ ਲੱਤ ਮਾਰੀ ਰੱਬੀ ਕਵੀ ਨੇ ਕਿਹਾ, "ਪੱਤਿਆਂ ਦਾ ਖਾ ਕੇ ਤੂੰ ਝਲੂੰਗਾ ਬੁੱਚੀਏ, ਦੁੱਧ ਦੇਣ ਲੱਗੀ ਹੁਣ ਰੋਵੇ ਲੁੱਚੀਏ।"

ਚਾਰ ਪੰਜ ਮਾਰਚ ਨੂੰ ਜਿਹੜਾ ਚੋਲੇ ਸਾਹਿਬ ਦਾ ਮੇਲਾ ਸਾਡੇ ਹੁੰਦਾ ਹੈ ਉਸ ਉਤੇ ਨਤਤੇਜ ਨੂੰ ਸੱਦਿਆ। ਉਸ ਨੇ ਰਾਤ ਨੂੰ ਤਕਰੀਰ ਕੀਤੀ — ਲੋਕੋ ਤੁਹਾਡੇ ਨਾਲ ਸਾਡੀਆਂ ਕਲਮਾਂ ਜੀਉਂਦੀਆਂ ਹਨ। ਤੁਹਾਡੇ ਦੁੱਖ ਨਾਲ ਦੁਖੀ ਹਾਂ ਤੁਹਾਡੇ ਸੁਖ ਨਾਲ ਸੁਖੀ। ਸਾਡੀਆਂ ਕਲਮਾਂ ਲੋਕਾਂ ਦੀਆਂ ਦੇਣਦਾਰ ਹਨ। ਤੁਸੀਂ ਖ਼ੁਸ਼ਹਾਲੀ ਲਈ ਲੜੋ, ਸਾਡੀਆਂ ਕਲਮਾਂ ਤੁਹਾਡੇ ਨਾਲ ਹਨ — ਹੋਰ ਚੰਗਾ ਕੁਝ ਆਖਿਆ।

ਮੋਗੇ ਵਿਚ ਆਲ ਇੰਡੀਆ ਕਿਸਾਨ ਕਾਨਫ਼ਰੰਸ ਹੋਈ। ਮੋਗੇ ਵਾਲੇ ਬੱਚਿਆਂ ਦੇ ਡਾਕਟਰਾਂ ਦੇ ਘਰ ਸਭਿਆਚਾਰ ਵਾਲਿਆਂ ਦਾ ਅੱਡਾ ਸੀ। ਰਾਤ ਨੂੰ ਕਲਚਰਲ ਪ੍ਰੋਗਰਾਮ ਹੋਇਆ। ਬੜਾ ਉੱਚਾ ਸਟੇਜ ਸੀ। ਤੇਰਾ ਸਿੰਘ ਚੰਨ ਦਾ ਪੰਜਾਬ ਅਪਰੇਟਾ ਖੇਡਿਆ ਗਿਆ। ਬਾਹਰਲੇ ਦਾ ਵੀ ਪ੍ਰੋਗਰਾਮ ਹੋਇਆ। ਅਮਰਜੀਤ ਸਾਰਿਆਂ ਪ੍ਰੋਗਰਾਮਾਂ ਵਿਚ ਸੀ। ਉਸ ਨੇ ਮੇਰਾ ਇਕ ਨਵਾਂ ਲਿਖਿਆ ਗੀਤ ਅਮਨ ਉਤੇ ਗਾਇਆ ਮੁਖੜਾ ਸੀ, "ਮਾਈਆ ਵੇ ਘੁੱਗੀਆਂ ਦੀਆਂ ਡਾਰਾਂ ਮਾਈਆਂ ਵੇ ਬਾਰਾਂ ਦੀਆਂ ਹਾਰਾਂ"।

ਨਵਤੇਜ ਨੇ ਆਖਿਆ — ਰਾਹੀ ਤੇਰਾ ਗੀਤ ਅਮਨ ਉਤੇ ਕਮਾਲ ਹੈ ਨਾ ਪ੍ਰਾਪਗੰਡਾ, ਨਾ ਨਾਹਰੇਬਾਜ਼ੀ ਜ਼ਿੰਦਗੀ ਵਿਚੋਂ ਗੱਲ ਹੋਈ ਹੈ।

ਬਾਬੇ ਨਿਧਾਨ ਸਿੰਘ ਨੇ ਉਥੇ ਜਿਮਨੀ ਚੋਣ ਲੜਨੀ ਸੀ ਮੈਨੂੰ ਉਥੇ ਛੱਡ ਆਏ ਤੇ ਕਿਹਾ — ਪਿਛੇ ਘਰ ਪੈਸੇ ਪਹੁਚਾ ਦਿਆਂਗੇ।...... ਮੈਂ ਮਹੀਨਾ ਮੋਗੇ ਰਿਹਾ। ਘਰ ਆਇਆ ਤਾਂ ਭੁੱਖ-ਨੰਗ ਕਿਸੇ ਨੇ ਪੈਸੇ ਨਹੀਂ ਸਨ ਪੁਚਾਏ।

ਸਾਡੇ ਨਗਰ ਵਿਸਾਖੀ ਇਕ ਦਿਨ ਬਾਅਦ ਲਗਦੀ ਹੈ। ਕੋਈ ਜਲਸਾ ਨਹੀਂ ਹੋ ਸਕਦਾ। ਭੰਗੜੇ ਪਾਉਂਦੇ, ਲਾ-ਲਾ ਹੁੰਦੀ ਤਰਕਾਲਾਂ ਨੂੰ ਖ਼ਤਮ। ਵਿਸਾਖੀ ਵਿਚ ਪੰਦਰਾਂ ਦਿਨ ਰਹਿੰਦੇ ਸਨ। ਮੈਂ ਤੇ ਅਮਰਜੀਤ ਸਾਈਕਲਾਂ ਉਤੇ ਆਪਣਿਆਂ ਪਿੰਡਾਂ ਵਿਚ ਨਿਕਲੇ ਹੋਏ ਸਾਂ। ਫਿਰਦੇ ਕਾਮਰੇਡਾਂ ਨੂੰ ਮਿਲਦੇ ਗੱਪਾਂ ਮਾਰਦੇ ਲੌਢੇ ਵੇਲੇ ਅਮਰਜੀਤ ਦੇ ਪਿੰਡ ਉਦੋਵਾਲੀ ਕਲਾਂ ਚਲੇ ਗਏ। ਬੀਬੀ ਨੇ ਅਮਰਜੀਤ ਦੀ ਮਾਤਾ ਨੇ ਚਾਹ ਬਣਾਈ। ਪਹਿਲੀ ਵਹੁਟੀ ਉਸ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਜ਼ਰ ਚੁੱਕੀ ਸੀ। ਇਕ ਮੁੰਡਾ ਤੇ ਕੁੜੀ ਛੱਡ ਗਈ ਸੀ। ਅਮਰਜੀਤ ਦਾ ਬਾਬਾ ਜੈਲਦਾਰ ਸੀ। ਬਾਹਰ ਇਕ ਹਵੇਲੀ ਵੱਡੇ ਫਾਟਕ ਵਾਲੀ ਉਥੇ ਹੀ ਬੈਠਕ 'ਚ ਆਇਆ ਗਿਆ ਠਹਿਰਦਾ। ਪਿੰਡ ਵਿਚ ਇੱਜ਼ਤ। ਬਾਬਾ ਤੇ ਉਸ ਦਾ ਪਿਤਾ ਮਰ ਚੁੱਕੇ ਸਨ। ਤਰਕਾਲਾਂ ਨੂੰ ਇਕ ਇਸਾਈ ਆਇਆ — ਅਮਰਜੀਤ ਸਿੰਘ ਜੀ ਫਲਾਣਾ ਜੱਟਾਂ ਦਾ ਮੁੰਡਾ ਮੇਰੀ ਲੜਕੀ ਨੂੰ ਖ਼ਰਾਬ ਕਰਦਾ ਹੈ ਮੇਰਾ ਫ਼ੈਸਲਾ ਕਰਾ ਦਿਉ।......ਅਮਰਜੀਤ ਨੇ ਉਸ ਮੁੰਡੇ ਨੂੰ ਸੱਦਿਆ — ਓਏ ਤੂੰ ਇਸ ਗ਼ਰੀਬ ਦੀ ਕੁੜੀ ਨੂੰ ਕਿਉਂ ਖ਼ਰਾਬ ਕਰਦਾ ਹੈ ?... ..ਉਸ ਨੇ ਉੱਤਰ ਦਿੱਤਾ — ਗੁਰੂ ਦੀ ਸੌਂਹ ਗਊ ਦੇ ਪਿੰਡੇ ਦੀ ਮਾਰ ਵੱਗੇ ਜੇ ਝੂਠ ਬੋਲਾਂ ਤੇ ਮੇਰਾ ਉਸ ਨਾਲ ਸੱਚਾ ਪਿਆਰ ਹੈ। ਹੋਰ ਕੋਈ ਮਾੜੀ ਗੱਲ ਨਹੀਂ।......ਅਮਰਜੀਤ ਨੇ ਉਸ ਨੂੰ ਚਾਰ ਪੰਜ ਗਾਲ੍ਹਾਂ ਕੱਢੀਆਂ — ਓਏ ਸੱਚੇ ਪਿਆਰ ਦਿਆ ਪੁੱਤਰਾ, ਤੈਨੂੰ ਸੱਚਾ ਪਿਆਰ ਗ਼ਰੀਬ ਦੀ ਕੁੜੀ ਨਾਲ ਆਉਂਦਾ ਹੈ ਕਿਸੇ ਤਗੜੇ ਜੱਟ ਦੀ ਕੁੜੀ ਨਾਲ ਨਹੀਂ ਆਉਂਦਾ ਉਥੋਂ ਛਿੱਤਰਾਂ ਦਾ ਡਰ ਹੈ ਨਾ। ਬੰਦਾ ਬਣ ਜਾ ਨਹੀਂ ਤੇ ਜੁੱਤੀਆਂ ਮਾਰ ਮਾਰ ਕੇ ਪੁੜਪੁੜੀਆਂ ਸੇਕ ਦਿਆਂਗਾ।

ਰਾਤ ਨੂੰ ਵਿਸਾਖੀ ਦੀ ਤਿਆਰੀ ਲਈ ਭੰਗੜਾ ਪੈਂਦਾ ਸੀ। ਪੰਦਰ੍ਹਾਂ ਮੁੰਡੇ ਸਨ ਗੱਭਰੂ ਜਾਂ ਕੁਝ ਹੋਰ ਗੱਭਰੂ ਹੋ ਰਹੇ। ਢੋਲ ਇਕ ਇਕ ਤਾਰ ਉਤੇ ਗਤੀ ਬਦਲ ਰਹੇ ਸਨ। ਕੰਨਾਂ ਨੂੰ, ਦਿਮਾਗ਼ ਨੂੰ, ਅੱਖਾਂ ਨੂੰ ਬੜਾ ਭਾਉਂਦੇ। ਢੋਲ ਹੌਲੀ ਹੌਲੀ ਵੱਜਣ ਲੱਗਾ ਇਕ ਗੋਰਾ ਦਰਸ਼ਨੀ ਗੱਭਰੂ ਪੈਰੀਂ ਘੁੰਗਰੂ ਪਾਏ ਹੋਏ ਬੋਲੀਆਂ ਪਾਉਣ ਲੱਗਾ ਬਾਕੀ ਉਸ ਦਾ ਸਾਥ ਦੇਣ ਲੱਗੇ। ਕੁਝ ਬੋਲੀਆਂ ਯਾਦ ਹਨ ਇੰਝ ਜਿਹੀਆਂ ਸਨ :

ਧੀਏ ਘਰ ਮਾਪਿਆਂ ਦੇ, ਧਾਰੀ ਬੰਨ ਸੁਰਮਾ ਨਾ ਪਾਈਏ।
ਉਹ ਵੀਰ ਮੇਰਾ ਕੁੜੀਓ, ਹੱਥ ਛਤਰੀ ਰੁਮਾਲ ਪੱਲੇ ਸੇਵੀਆਂ।
ਯਾਰੀ ਹਾਣ ਦੀ ਕੁੜੀ ਨਾਲ ਲਾਈਏ, ਇਕੋ ਜਿਹਾ ਜ਼ੋਰ ਲਗਦਾ।
ਰੰਨ ਨਹਾ ਕੇ ਛੱਪੜ 'ਚੋਂ ਨਿਕਲੀ, ਸੁਲਫ਼ੇ ਦੀ ਲਾਟ ਵਰਗੀ।
ਟਾਲ੍ਹੀ ਉਤੇ ਬੋਲ ਕੁੱਕੜਾ, ਅਸਾਂ ਯਾਰ ਦੀ ਤਰੀਕੇ ਜਾਣਾ।
ਮੱਥਾ ਟੇਕ ਕੇ ਚੜ੍ਹੀਂ ਜਜਮਾਨਾ, ਉੱਚੀ ਜਾਤ ਬਾਮ੍ਹਣੀ ਦੀ।
ਚੰਦਰੀ ਦੀ ਜਾਤ ਤਰਖਾਣੀ, ਚੂੜਾ ਪਾ ਕੇ ਸੱਕ ਹੂੰਝਦੀ।
ਮੱਸਿਆ 'ਚ ਵੜਦੀ ਦੀ, ਚੁੰਮੀ ਲੈ ਗਿਆ ਗੁਰੂ ਦਾ ਚੇਲਾ।
ਮੈਨੂੰ ਅੱਜ ਦੀ ਰਾਤ ਨਾ ਛੇੜੀਂ, ਮਹਿੰਦੀ ਵਾਲੇ ਹੱਥ ਜੋੜਦੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੱਟ ਦੀ ਜੂਨ ਬੁਰੀ, ਹਲ ਵਾਹ ਪੱਠਿਆਂ ਨੂੰ ਜਾਣਾ।
ਮੁੰਡੇ ਮਰ ਗਏ ਕਮਾਈਆਂ ਕਰਦੇ, ਅਜੇ ਤੇਰੇ ਬੰਦੇ ਨਾ ਬਣੇ।
ਅੱਖ ਪਟਵਾਰਨ ਦੀ, ਜਿਉਂ ਇੱਲ ਦੇ ਆਲਣੇ ਆਂਡਾ।
ਮੁੰਡਾ ਜੰਮਿਆ ਕਬੂਤਰ ਵਰਗਾ, ਅੱਗੇ ਤੇਰੇ ਭਾਗ ਲੱਛੀਏ।
ਭੁਲ ਕੇ ਛੜੇ ਨੂੰ ਅੱਖ ਮਾਰੀ, ਵੱਢ ਕੇ ਬਰੂਆਂ ਖਾ ਗਿਆ।
ਇਕ ਵੀਰ ਦੇਈਂ ਵੇ ਰੱਬਾ ਮੇਰੇ ਸਾਰੀ ਉਮਰ ਦੇ ਮਾਪੇ।
ਸੱਜਣਾ ਦੂਰ ਦਿਆ, ਰੱਬ ਵਰਗਾ ਆਸਰਾ ਤੇਰਾ।
ਮੇਰਾ ਜੇਠ ਬੜਾ ਟੁੱਟ ਪੈਣਾ, ਹੱਸਦੀ ਦੇ ਦੰਦ ਗਿਣਤਾ।

ਮੈਂ ਇਹ ਸੋਚਦਾ ਇਹ ਕੈਸਾ ਅਮਰ ਸਾਹਿਤ ਹੈ। ਇਹ ਕਿਹੜੀਆਂ ਪੀ. ਐੱਚ. ਡੀਆਂ ਨੇ ਰਚਿਆ ਹੈ। ਇਹ ਅਨਪੜ੍ਹ ਜਾਹਲ ਲੋਕਾਂ ਦੀ ਰੱਬੀ ਤੇ ਦਿਲ ਦੀ ਆਵਾਜ਼ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਰਟੀਸਿਪੇਸ਼ਨ ਕਾਂਗਰਸ

ਆਲ ਇੰਡੀਆ ਕਮਿਊਨਿਸਟ ਪਾਰਟੀ ਦੀ ਸਪੈਸ਼ਲ ਕਾਂਗਰਸ ਉੱਨੀ ਸੌ ਅਠਵੰਜਾ ਵਿਚ ਅੰਮ੍ਰਿਤਸਰ ਵਿਚ ਸ਼ੁਰੂ ਹੋਈ। ਵਿਸਾਖੀ ਦਾ ਦਿਨ ਵਿਚਕਾਰ ਆਉਂਦਾ ਸੀ। ਮੈਂ ਵੀ ਆਪਣੇ ਹਲਕੇ ਵਿਚ ਤਿਆਰੀ ਕਰਨ ਲਈ ਸੋਚ ਰਿਹਾ ਸਾਂ।

ਸਾਡੇ ਨਗਰ ਪਾਕਿਸਤਾਨ ਬਣਨ ਵੇਲੇ ਭੰਡੋਆਂ ਦੇ ਮੰਦਰ ਦੇ ਬਾਹਰਲੇ ਪਾਸੇ ਰਮਦਾਸੀਏ ਪੰਜ ਛੇ ਭਰਾ ਇਕ ਪਰਿਵਾਰ ਦੇ ਆਏ ਹੋਏ ਸਨ। ਜਵਾਨ ਜਵਾਨ ਕੱਦ ਕਾਠ ਦੇ। ਰੇੜ੍ਹਿਆਂ ਦਾ ਕੰਮ ਕਰਦੇ ਬਲਦ ਸੰਢੇ ਰੱਖੇ ਹੋਏ। ਇਕ ਦਿਨ ਅਫਿਸ ਆਏ — ਸਾਨੂੰ ਪੁਲਿਸ ਤੰਗ ਕਰਦੀ ਹੈ।......ਜਲਸਾ ਕਰੋ ਸਾਡੇ ਹੱਕ ਵਿਚ।......ਉਹਨਾਂ ਕੁਝ ਗੱਲਾਂ ਵੀ ਦੱਸੀਆਂ। ਅਸਾਂ ਜਲਸਾ ਕੀਤਾ। ਉਸ ਤਕਰੀਰ ਦਾ ਮੇਰੇ ਤੇ ਪੁਲਿਸ ਨੇ ਕੇਸ ਕਰ ਦਿੱਤਾ। ਇਹਨਾਂ ਰਮਦਾਸੀਆਂ ਨਾ ਕੋਈ ਕੇਸ ਲੜਣ ਲਈ ਫੰਡ ਦਿੱਤਾ ਨਾ ਹੀ ਸਫ਼ਾਈ ਦਾ ਕੋਈ ਗਵਾਹ ਗਿਆ। ਉਥੋਂ ਮੈਂ ਬਰੀ ਹੋ ਗਿਆ।

ਪੰਜ ਛੇ ਕੇਸ ਇਹੋ ਜਿਹੇ ਠਾਣੇ ਦੇ ਆਏ ਕਿ ਅਸਾਂ ਉਹਨਾਂ ਵਿਚੋਂ ਇਕ ਜਲਸਾ ਨਗਰ ਵਿਚ ਕੀਤਾ ਦੋ ਦੋ ਉਹਨਾਂ ਦੇ ਪਿੰਡ ਕੀਤੇ। ਵਿਰਲਾ ਕੋਈ ਕੇਸ ਹੋਰ ਆਉਂਦਾ ਹੋਵੇਗਾ ਸਾਰੇ ਠਾਣੇ ਦੇ ਆਉਂਦੇ।

ਸਾਨੂੰ ਪੁੱਛਿਆ ਵੀ ਨਾ ਠਾਣੇ ਨਾਲ ਸੁਲ੍ਹਾ ਕਰ ਗਏ। ਦੋ ਦੇ ਕੇਸਾਂ ਬਾਰੇ ਮੈਂ ਇਕੱਲਾ ਠਾਣੇ ਗਿਆ। ਹੌਲਦਾਰ ਨੇ ਆਖਿਆ — ਕਾਮਰੇਡ ਜੀ ਉਹਨਾਂ ਦੀ ਸਾਡੀ ਸੁਲ੍ਹਾ ਹੋ ਗਈ ਹੈ। ਕਾਗਜ਼ ਕੱਢ ਕੇ ਵਿਖਾਇਆ। ਢੱਗਾ ਨਿਕਲਣ ਦਾ ਕੇਸ ਸੀ ਤੇ ਦੂਜਾ ਜ਼ਨਾਨੀ ਨਿਕਲਣ ਦਾ। ਮੈਂ ਬੜਾ ਸ਼ਰਮਿੰਦਾ ਹੋਇਆ।

ਸਾਰੇ ਠਾਣੇ ਦੇ ਸਾਥੀਆਂ ਦੀ ਮੀਟਿੰਗ ਸੱਦੀ। ਠਾਣੇ ਵਾਲੇ ਕੇਸ ਦੱਸੇ ਅਤੇ ਆਪਣੀ ਹਾਨੀ ਹੁੰਦੀ ਕਿਹਾ। ਕਾ: ਗੋਪਾਲ ਸਿੰਘ ਤਗੜਾ ਜੱਟ ਸੀ। ਹੁਣ ਗੁਜ਼ਰ ਗਿਆ ਹੈ ਬੜਾ ਚੰਗਾ ਸਾਥੀ ਸੀ ਕਹਿਣ ਲੱਗਾ — ਰਾਹੀ ਜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੁਸੀਂ ਐਵੇਂ ਕਿਸੇ ਦਾ ਕੰਮ ਨਾ ਕਰੋ, ਕਿਸੇ ਦੇ ਕੰਮ ਨਾ ਜਾਇਆ ਕਰੋ ਜਿੰਨਾ ਚਿਰ ਕੰਮ ਵਾਲਾ ਪਾਰਟੀ ਨੂੰ ਦਰਖ਼ਾਸਤ ਲਿਖ ਕੇ ਨਹੀਂ ਦਿੰਦਾ। ......ਮੈਨੂੰ ਤੇ ਸਾਰਿਆਂ ਨੂੰ ਇਹ ਗੱਲ ਪਸੰਦ ਆਈ। (ਨਤੀਜਾ ਇਹ ਹੋਇਆ ਸਾਡੇ ਕੋਲ ਅੱਧੇ ਕੇਸ ਰਹਿ ਗਏ ਜੇ ਕਹਿਣਾ ਲਿਖ ਕੇ ਦਿਉ ਬਹੁਤਿਆਂ ਚੁੱਪ ਕਰਕੇ ਚਲੇ ਜਾਣਾ। ਇਹ ਸਾਰੇ ਸਾਨੂੰ ਆਥੜੀ ਸਮਝਦੇ ਸਨ)

ਪਾਰਟੀ ਕਾਂਗਰਸ ਉਤੇ ਜਾਣ ਦਾ ਫੈਸਲਾ ਹੋਇਆ। ਫੰਡ ਇਕੱਠਾ ਕਰਨ ਦਾ ਵੀ। ਸਾਰਿਆਂ ਲਗਨ ਨਾਲ ਕੰਮ ਕੀਤਾ।

ਮੇਰੀਆਂ ਦੋਏਂ ਵੱਡੀਆਂ ਲੜਕੀਆਂ ਤੇ ਇਕ ਸ਼ਰੀਕੇ 'ਚੋਂ ਮੇਰੀ ਭੈਣ ਕੁਲਵੰਤ ਉਹ ਸੁਖਬੀਰ ਦੀ ਜਮਾਤਣ ਸੀ। ਸੁਖਬੀਰ ਕੁੱਛੜ ਲੜਕਾ ਸੀ। ਸਾਡੇ ਘਰ ਹੀ ਹੋਇਆ ਸੀ। ਬੜਾ ਸੋਹਣਾ। ਰੰਗ ਕਸ਼ਮੀਰੀ ਨਕਸ਼ ਪੰਜਾਬੀ। ਭਾਰਾ ਤੇ ਪਿਆਰਾ ਜਿਹਾ ਨਾਂ ਅਸਾਂ ਰੱਖਿਆ ਸ਼ੱਮੀ। ਆਤਮਜੀਤ ਨੇ ਅੱਸੀ ਰੁਪਏ ਭੇਜੇ ਸਨ। ਤਿੰਨੇ ਸਾਡੀਆਂ ਕੁੜੀਆਂ। ਅਮਰਜੀਤ, ਦਲੀਪ ਸ਼ਿਕਾਰ ਤੇ ਮੈਂ। ਦੋ ਤਿੰਨ ਦਿਨ ਪਹਿਲੋਂ ਗਏ। ਹਾਲ ਗੇਟ ਦੇ ਦੁਰਗਿਆਨੇ ਮੰਦਰ ਵੱਲ ਕਰਕੇ ਬਹੁਤ ਖੁੱਲ੍ਹਾ ਮੈਦਾਨ ਸੀ ਉਥੇ ਇਕ ਨਿੱਕਾ ਸ਼ਹਿਰ ਵੱਸ ਗਿਆ ਕੇਰਲਾ ਤੋਂ।

ਨਿਰਤਕਾਰ ਤੇ ਉਸ ਦਾ ਅਮਲਾ ਫੈਲਾ ਆਇਆ, ਨਾਲ ਜਵਾਨ ਜਵਾਨ ਸੋਲੇ ਸੋਲੇ ਰੰਗ ਦੀਆਂ ਕੁੜੀਆਂ ਮੁੰਡੇ। ਮਿਲਾ ਕੇ ਪੰਝੀ ਤੀਹ ਹੋਣਗੇ। ਸਭਿਆਚਾਰ ਦਾ ਇਹ ਹਿੱਸਾ ਵੱਖਰਾ ਸੀ। ਟਿਹਇਸ਼ ਵੀ ਵੱਖਰੀ। ਸਾਰੇ ਸਭਿਆਚਾਰ ਵਾਲੇ ਵੱਖਰੇ। ਸਟੇਜ ਅਗਲੇ ਪਾਸੇ ਨੂੰ ਸਲੈਪ ਬਣਾਇਆ, ਮੈਂ ਸ਼ਤੀਰੀਆਂ ਚੁੱਕ ਚੁੱਕ ਕੇ ਲਿਆਉਂਦਾ। ਉਹ ਡਾਂਸਰ ਪਾਰਟੀ ਮੈਂਬਰ ਸੀ। ਦੁਨੀਆਂ ਉਤੇ ਅਤੇ ਭਾਰਤ ਵਿਚ ਬੇ-ਹੱਦ ਮਸ਼ਹੂਰ। ਹੱਸਮੁੱਖਾ ਕੋਈ ਆਕੜ ਨਹੀਂ। ਸਾਡੇ ਨਾਲ ਖੁੱਲ੍ਹ ਕੇ ਗੱਲਾਂ ਕਰਦਾ। ਚਾਰ ਰਾਤਾਂ ਸਟੇਜ ਉਤੇ ਪ੍ਰੋਗਰਾਮ ਹੁੰਦੇ ਰਹੇ। ਉਹ ਸਾਫ਼ਾ ਕਥਾ-ਕਲੀ ਨ੍ਰਿਤ ਕਰਦੇ ਸਨ। ਸਾਰਾ ਨ੍ਰਿਤ ਮਹਾਂਭਾਰਤ ਬਾਰੇ ਸੀ। ਹਿੱਸਿਆਂ ਵਿਚ। ਉਹਨਾਂ ਤੋਂ ਪਹਿਲਾਂ ਸਾਡੇ ਆਪਣੇ ਪ੍ਰੋਗਰਾਮ ਹੁੰਦੇ ਸੰਤੋਸ਼ ਨੇ ਖ਼ਾਮੋਸ਼ ਰਹਿ ਕੇ ਇਕ ਪਾਰਟ ਕੀਤਾ। ਸਾਰੇ ਅੱਸ਼ ਅੱਸ਼ ਕਰ ਉਠੇ ਨ੍ਰਿਤਨਾਟ ਸੀ "ਰਾਹੇ ਰਾਹੇ ਜਾਂਦੀਏ ਮੁਟਿਆਰੇ ਨੀ।"

ਕਥਾ-ਕਲੀ ਨ੍ਰਿਤ ਮੈਂ ਪਹਿਲੀ ਵਾਰੀ ਵੇਖਿਆ। ਉਹਨਾਂ ਦੇ ਸੁਰਤਾਲ ਨਾਲ ਬੱਝ ਜਾਂਦਾ ਸਾਂ। ਇਕ ਹੱਥ ਵੀ ਬਿਨਾਂ ਸੁਰ ਤਾਲ ਦੇ ਨਹੀਂ ਸਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਾਰਦੇ। ਸਾਡੇ ਭੀੜ ਬਹੁਤੀ ਪੇਂਡੂ ਕਿਸਾਨ ਜਨਤਾ ਦੀ। ਉਹ ਬਹੁਤਾ ਪਸੰਦ ਨਹੀਂ ਸਨ ਕਰਦੇ। ਪੰਡਾਲ ਸਾਡੇ ਵਿਚ ਵਿਰਲ ਰਹਿੰਦੀ। ਸਭ ਕੁਝ ਰਾਤ ਨੂੰ ਹੁੰਦਾ। ਇਹ ਸਭਿਆਚਾਰ ਦਾ ਹਿੱਸਾ ਆਨੰਦ, ਤੇਰਾ ਸਿੰਘ ਚੰਨ ਅਤੇ ਨਵਤੇਜ ਕੋਲ ਸੀ। ਅੰਨੇ ਪੈਸੇ ਇਹਨਾਂ ਇਕੱਠੇ ਕੀਤੇ ਅੰਨੇ ਖਰਚੇ। ਦਿਨੇ ਪ੍ਰੀਤ ਨਗਰ ਜਾ ਕੇ ਵੀ ਕਈ ਰਿਹਸਲਾਂ ਹੁੰਦੀਆਂ। ਉਹਨਾਂ ਦੇ ਨਾਲ ਰਹਿੰਦਾ ਪਰ ਮੇਰੀ ਕੋਈ ਪੁੱਛ ਘੱਟ ਸੀ। ਢੀਠ ਹੋਇਆ ਕੰਮ ਕਰਦਾ ਰਹਿੰਦਾ। ਅੱਜ ਦੀ ਪ੍ਰੀਤਲੜੀ ਦੀ ਸੰਪਾਦਕ ਸ਼ਹੀਦ ਸੁਮੀਤ ਸਿੰਘ ਦੀ ਪਤਨੀ ਪੂਨਮ ਸਿੰਘ ਉਦੋਂ ਆਪਣੀ ਮਾਂ ਦੇ ਕੁੱਛੜ ਸੀ। ਜੇ ਰੋਂਦੀ ਮੈਂ ਫੜ ਲੈਂਦਾ ਅਤੇ ਫਿਰ ਸ਼ੀਲਾ ਦੀਦੀ ਰਿਹਸਲ ਕਰਦੀ।

ਜਿੰਨੇ ਕੱਪੜੇ ਦੇ ਬੋਰਡ ਲਿਖੇ ਗਏ ਅਤੇ ਹੋਰ ਵੀ ਕੰਧਾਂ ਉਤੇ ਲਿਖੇ ਸਾਰੇ ਮੇਰੇ ਸ਼ਾਗਿਰਦਾਂ ਅਤੇ ਅਮਰ ਚਿੱਤਰਕਾਰ ਅਤੇ ਜੈਪਾਲ ਦਰਸ਼ਨ ਨੇ ਲਿਖੇ। ਜਾਪਦਾ ਸੀ ਇਕ ਧੜਾ ਕਾਂਗਰਸ ਦਾ ਹਰਕਿਸ਼ਨ ਸਿੰਘ ਸੁਰਜੀਤ ਹੈ ਅਤੇ ਇਕ ਆਨੰਦ ਤੇ ਪ੍ਰੀਤਲੜੀ ਦਾ। ਉਹ ਸਭਿਆਚਾਰ ਵਾਲੇ ਪਾਸੇ ਵੜਦੇ ਨਾ। ਸਾਨੂੰ ਕਾਂਗਰਸ ਦੇ ਇਜਲਾਸਾਂ ਦਾ ਕੁਝ ਪਤਾ ਨਹੀਂ ਸੀ। ਦੋ ਰੋਲਦਾਰੀਆਂ ਸਾਨੂੰ ਡੇਰੇ ਵਾਲਿਆਂ ਨੂੰ ਮਿਲੀਆਂ ਸਨ। ਜ਼ਿਲ੍ਹੇ ਵਿਚੋਂ ਸਾਡੇ ਹਲਕੇ ਨੇ ਬਹੁਤਾ ਫੰਡ ਦਿੱਤਾ ਬਹੁਤੇ ਵਲੰਟੀਅਰ ਖੜ੍ਹੇ, ਬਹੁਤੇ ਕਲਾਕਾਰ ਵੀ ਸਾਡੇ (ਸਾਡਾ ਤੇ ਬੋਰਡ ਲਿਖਣ ਵਾਲਿਆਂ ਦਾ ਕਿਸੇ ਸ਼ੁਕਰੀਆ ਅਦਾ ਨਾ ਅਖ਼ਬਾਰ ਵਿਚ ਕੀਤਾ ਨਾ ਜ਼ਬਾਨੀ ਕੀਤਾ। ਬਿਮਾਰੀ ਪਹਿਲੀ ਸੀ ਕਿਸੇ ਪਾਸੇ ਡੱਟ ਕੇ ਨਹੀਂ ਸਾਂ ਹੋ ਸਕਿਆ)

ਜਦੋਂ ਕੋਈ ਨ੍ਰਿਤਕਾਰ ਪੂਰੀ ਤਿਆਰੀ ਕਰਕੇ ਆਉਂਦਾ ਆਪਣੇ ਗੁਰੂ ਨੂੰ ਮੱਥਾ ਟੇਕ ਕੇ ਸਟੇਜ ਉਤੇ ਚੜ੍ਹਦਾ, ਗੁਰੂ ਨੂੰ ਦਿਲੋਂ ਤਨੋਂ ਮਨੋਂ ਗੁਰੂ ਸਮਝਦਾ। ਗੁਰੂ ਕੋਈ ਬੁੱਢਾ ਨਹੀਂ ਸੀ, ਕੋਈ ਚਾਲ੍ਹੀਆਂ ਕੁ ਸਾਲਾਂ ਦਾ ਹੋਏਗਾ। ਸਾਰਿਆਂ ਨੂੰ ਆਪਣੇ ਬੱਚਿਆਂ ਵਾਂਗ ਸਮਝਦਾ। ਮੈਂ ਆਪਣੇ ਜ਼ੋਰ ਨਾਲ ਉਹਨਾਂ ਦੇ ਲਾਗੇ ਰਹਿੰਦਾ ਨਹੀਂ ਤੇ ਪ੍ਰੀਤਲੜੀਏ ਮੈਨੂੰ ਹੋਰਨਾਂ ਕੰਮਾਂ ਵਿਚ ਟਰਕਾਈ ਰੱਖਦੇ। ਸਟੇਜ ਸੈਕਟਰੀ ਪੰਜਾਬ ਗੌਰਮਿੰਟ ਦਾ ਡਰਾਮਾ ਇਨਚਾਰਜ ਸੀ ਭਾਗ ਸਿੰਘ। ਮੇਰਾ ਸਿਰਫ ਇਕ ਗੀਤ ਹੋਇਆ ਪੰਜਾਬ ਉਤੇ। ਭਾਗ ਸਿੰਘ ਨੇ ਬੜਾ ਸਲਾਹਿਆ ਪਹਿਲੋਂ ਵੀ ਤੇ ਗਵੇਂ ਜਾਣ ਦੇ ਬਾਅਦ ਵੀ। ਅਮਰਜੀਤ ਦੇ ਗਰੁੱਪ ਨੇ ਉਹ ਗਾਇਆ। ਇਕ ਮਿਸਰਾ ਸੀ, "ਯੋਧੇ ਇਸ ਦੇ ਰੱਬ ਬਣ ਜਾਂਦੇ ਧਰ ਕੇ ਪੈਰ ਰਕਾਬ"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਮਿਸਰਾ ਹੁੰਦਾ ਸੀ, [illegible] ਵਿਚੋਂ, [illegible] ਮਹਿਲਾਂ ਵਿਚ ਰਾਣੀ ।''

ਕਾ: ਸੱਯਦ ਸੱਜਾਦ ਜਹੀਰ ਵੀ ਆਇਆ ਹੋਇਆ ਸੀ । ਉਸ ਨੇ ਤਰੱਕੀ ਪਸੰਦਾਂ ਵਲੋਂ ਇਕ ਪਰਚਾ ਕੱਢਣਾ ਸੀ । ਮੀਟਿੰਗ ਸਾਡੀ ਛੋਲਦਾਰੀ ਵਿਚ ਪੰਜਾਬੀਆਂ ਦੀ ਸੱਦੀ । ਅੰਮ੍ਰਿਤਸਰ ਦੀ ਲੋਕ ਲਿਖਾਰੀ ਸਭਾ ਪੰਜਾਬ ਵਿਚ ਸਭ ਤੋਂ ਪੁਰਾਣੀ ਹੈ । ਮੈਂ ਮੁੱਢ ਤੋਂ ਉਸ ਨਾਲ ਲੱਗਾ ਰਿਹਾ । ਉਸ ਦੇ ਮੈਂਬਰ ਵੀ ਆਏ । ਅਸੀਂ ਪਰਚਾ ਲਾਉਣ ਦੇ ਕੋਟੇ ਲਏ । ਪਰਚਾ ਉਰਦੂ ਵਿਚ ਨਿਕਲਣਾ ਸੀ ।

ਉਥੇ ਆਤਮਜੀਤ ਨੇ ਪੰਜਾਬੀ ਲੀਡਰ ਕਾਮਰੇਡਾਂ ਦਾ ਇਕੱਠ ਕੀਤਾ ਇਕ ਦੋ ਸੈਂਟਰ ਦੇ ਸਨ । ਆਨੰਦ ਨਵਤੇਜ ਤੇ ਚੰਨ ਵੀ ਸਨ । ਆਤਮਜੀਤ ਨੇ ਕਿਹਾ — ਭਾਪਾ ਜੀ ਸੁਖਬੀਰ ਨੂੰ ਤੋਰਦੇ ਨਹੀਂ ।......ਮੈਂ ਬੜਾ ਹੈਰਾਨ ਹੋਇਆ ਐਸੀ ਕੋਈ ਗੱਲ ਨਹੀਂ ਸੀ । ਪਰ ਮੈਂ ਪ੍ਰੈਸ ਲਾਉਣ ਲੱਗਾ ਹਾਂ, ਕਦੇ ਕਹਿੰਦਾ ਮੈਂ ਵੋਹ ਕਰਨ ਲੱਗਾ ਹਾਂ ਮੈਂ ਯੇ ਕਰਨ ਲੱਗਾ ਹਾਂ ਮੈਂ ਵੋਹ ਕੀਤਾ ਹੈ ਮੈਂ ਯੇ ਕੀਤਾ ਹੈ । ਹਰ ਗੱਲ ਉਤੇ ਝੂਠ ਬੋਲਦਾ ਹੈ । ਇਹ ਦੋਏਂ ਭੁੱਖੇ ਰਹਿਣ, ਨੰਗੇ ਰਹਿਣ, ਮਿਲ ਕੇ ਰਹਿਣ ਸਾਨੂੰ ਕੀ ਇਤਰਾਜ਼ ਹੈ ਪਤੀ ਪਤਨੀ ਹਨ । ਭਾਵੇਂ ਮੰਗ ਕੇ ਖਾਣ ਸਾਡੇ ਨਾਲ ਝੂਠ ਨਾ ਬੋਲਣ ।...... ਸਾਰਿਆਂ ਮੇਰੀ ਗੱਲ ਮੰਨੀ, ਆਤਮਜੀਤ ਨੂੰ ਪੁੱਛਿਆ ਕਿਉਂ ਕਾਮਰੇਡ ਜੋ ਰਾਹੀ ਜੀ ਆਖਦੇ ਹਨ ਠੀਕ ਹੈ । ਆਤਮਜੀਤ ਚੁੱਪ । ਸੁਖਬੀਰ ਨੇ ਵੀ ਇਹੋ ਆਖਿਆ ਕਿ ਹਰ ਵਕਤ ਝੂਠੇ ਲਾਰੇ ਤੇ ਪਾਖੰਡ ਕਰਦੇ ਰਹਿੰਦੇ ਹਨ । ਕੋਈ ਇਸ ਦਾ ਰਿਸ਼ਤੇਦਾਰ ਇਸ ਨਾਲ ਨਹੀਂ ਸਵਾਏ ਮੇਰੀ ਵੱਡੀ ਨਨਾਣ ਦੇ ।

ਸਾਰਿਆਂ ਨੇ ਕਿਹਾ ਇਹ ਝੂਠ ਨਹੀਂ ਬੋਲੇਗਾ । ਸਾਡੇ ਵਲੋਂ ਤਾਂ ਸੁਖਬੀਰ ਨੂੰ ਨਾ ਘੱਲਣ ਦਾ ਸੁਪਨਾ ਵੀ ਨਹੀਂ ਸੀ ।

ਸੁਖਬੀਰ ਦੇ ਕਾਕੇ ਨੂੰ ਉਦੋਂ ਅਮਰਜੀਤ ਤੇ ਹੋਰ ਸਾਥੀ ਹੱਥ ਉਤੇ ਚੁੱਕ ਲੈਂਦੇ ਉਹ ਨਿਡਰ ਹੋ ਕੇ ਸ਼ੈਤਾਨੀ ਕਰਦਾ । ਤਾਰਾ ਸਿੰਘ ਕੋਮਲ ਤੇ ਮੈਂ ਅੰਮ੍ਰਿਤਸਰੀਆਂ ਨਾਲ ਰਲ ਕੇ ਲੋਕ-ਕਵਿਤਾ ਪਰਚਾ ਕੱਢ ਰਹੇ ਸਾਂ ਮੈਂ ਚੀਫ਼ ਐਡੀਟਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਤੋਸ਼ ਦਾ ਵਿਆਹ

ਸੁਖਬੀਰ ਦੇ ਵਿਆਹ ਦਾ ਪਹਿਲੋਂ ਤੇ ਹੁਣ ਸੰਤੋਸ਼ ਦੇ ਵਿਆਹ ਦਾ ਜ਼ਿਕਰ ਇਸ ਲਈ ਕਰਨ ਲੱਗਾ ਹਾਂ ਕਿ ਇਹਨਾਂ ਦੋ ਵਿਆਹਾਂ ਨਾਲ ਮੇਰੀ ਜ਼ਿੰਦਗੀ ਦਾ ਖ਼ਾਸ ਤਲੱਕ ਹੈ। ਆਤਮਜੀਤ ਦਾ ਰਿਸ਼ਤਾ ਦੁਖਾਂਤ ਹੈ ਸੰਤੋਸ਼ ਦਾ ਸੁਖਾਂਤ। ਹੁਣ ਤਕ ਵੀ ਓਦਾਂ ਹੈ।

ਰਾਜਿੰਦਰ ਸਾਹਨੀ ਦਾ ਤੇ ਸੰਤੋਸ਼ ਦਾ ਚਿੱਠੀ ਪੱਤਰ ਸੀ। ਇਕ ਦੋ ਵਾਰੀ ਰਾਜਿੰਦਰ ਸਾਹਨੀ ਘਰ ਵੀ ਆਇਆ। ਕੁੜਮਾਈ ਤੇ ਉਹਨਾਂ ਦੀ ਭੈਣਾਂ 'ਚੋਂ ਵੱਡੀ ਭੈਣ ਰਾਣੀ ਡੇਰੇ ਆਈ। ਬੜੀ ਖ਼ੁਸ਼ ਰਹੀ ਇਕ ਮਹੀਨਾ ਸਾਡੇ ਕੋਲ ਠਹਿਰੀ। ਮੇਰੇ ਨਿੱਕੇ ਜਿਹੇ ਘਰ ਨੂੰ ਉਸ ਨੇ ਖ਼ੁਸ਼ੀ ਨਾਲ ਕਬੂਲ ਕੀਤਾ। ਥਾਂ ਥੋੜ੍ਹਾ ਹੋਣ ਕਰਕੇ ਸੰਤੋਸ਼ ਤੇ ਉਹ ਇਕੱਠੀਆਂ ਸੌਂਦੀਆਂ। ਬੇਦੀ ਅੰਮੀਸ਼ਾਹੀਆਂ ਦੀਆਂ ਕੁੜੀਆਂ ਨਾਲ ਜੁੱਟ ਖ਼ੂਬ ਬਣਿਆ ਰਿਹਾ। ਰਾਜਿੰਦਰ ਸਾਹਨੀ ਬੜਾ ਹੈਰਾਨ ਸੀ — ਭਾਪਾ ਜੀ, ਇਹ ਵੱਡੇ ਵੀਰ ਜੀ ਕੋਲ ਵੀ ਨਹੀਂ ਰਹਿੰਦੀ। ਤੁਹਾਡੇ ਕੋਲ ਰਹੀ ਹੈ ਸਾਰੇ ਹੈਰਾਨ ਹਨ।

ਕਾ: ਆਨੰਦ ਇਸ ਰਿਸ਼ਤੇ ਵਿਚ ਨਾ ਨਾਰਾਜ਼ ਸੀ ਨਾ ਰਾਜ਼ੀ। ਬਿਲਕੁਲ ਨਿਊਟਲ ਮੇਰੇ ਨਾਲ ਵੀ ਕੋਈ ਗੱਲ ਨਹੀਂ ਸੀ ਕਰਦਾ। ਅੰਦਰਲੀ ਗੱਲ ਇਹ ਸੀ ਕਿ ਉਹ ਸਾਨੂੰ ਸਮਾਜੀ ਤੌਰ ਉਤੇ ਉਹਨਾਂ ਦੇ ਕਾਬਲ ਨਹੀਂ ਸੀ ਸਮਝਦਾ। ਆਨੰਦ, ਸੂਰੀ, ਭਾਰਦਵਾਜ਼ ਇਹ ਸੱਤ ਜਾਤਾਂ ਹਨ ਜਿਹੜੀਆਂ ਖੁਖਰੈਣ ਅਖਵਾਉਂਦੀਆਂ ਹਨ। ਕੋਈ ਰਿਸ਼ਤਾ ਨਾਤਾ ਘੱਟ ਵੱਧ ਬਾਹਰ ਕਰਦੀਆਂ ਹਨ। ਆਨੰਦ ਦੀ ਉਹ ਬਰਾਦਰੀ ਸੀ। ਵਿਆਹ ਦਾ ਦਿਨ ਮੁਕੱਰਰ ਹੋਇਆ ਵਿਸਾਖ ਵਿਚ। ਸਾਹਨੀ ਹੁਣੀਂ ਸਕੇ ਦਸ ਭਰਾ ਸਨ ਅਤੇ ਚਾਰ ਭੈਣਾਂ। ਇਕ ਭਰਾ ਦੀ ਸ੍ਰੀਨਗਰ ਵਿਚ ਦਵਾਈਆਂ ਦੀ ਦੁਕਾਨ ਸੀ। ਉਸ ਦਾ ਮੋਹ ਇਕ ਕਰਿਸ਼ਚਨ ਨਰਸ ਨਾਲ ਪੈ ਗਿਆ। ਭੈਣ ਜੀ ਬਹੁਤ-ਬਹੁਤ ਗੁਰੂ ਦੇ ਘਰ ਦੇ ਪ੍ਰੇਮੀ ਸਨ। ਮੀਂਹ ਜਾਏ ਹਨੇਰੀ ਜਾਏ ਬਰਫ਼ ਪਏ ਝੱਖੜ ਆਏ ਜਾਏ ਉਹ ਗੁਰਦਵਾਰੇ ਜ਼ਰੂਰ ਜਾਂਦੇ। ਪਾਠ ਕਰਦੇ ਧਾਰਮਿਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਸਤਕਾਂ ਅਤੇ ਹੋਰ ਲਿਟਰੇਚਰ ਵੀ ਪੜ੍ਹਦੇ । ਘਰ ਵਿਚ ਗੁਰੂ ਗ੍ਰੰਥ ਸਾਹਿਬ ਰੱਖਿਆ ਹੋਇਆ । ਉਹਨਾਂ ਨੇ ਜ਼ੋਰ ਨਾਲ ਧਰਮ ਦੇ ਜਨੂਨ ਕਰਨੇ ਪੁੱਤਰ ਨੂੰ ਵਿਆਹ ਨਾ ਕਰਨ ਦਿੱਤਾ । ਉਸ ਮੁੰਡੇ ਨੇ ਇਕ ਸਵੇਰ ਭੈਣ ਭਰਾਵਾਂ ਨੂੰ ਪੜ੍ਹਨ ਲਈ ਉਠਾਇਆ ਅਤੇ ਆਪ ਗੋਲੀਆਂ ਖਾ ਕੇ ਖ਼ੁਦਕਸ਼ੀ ਕਰ ਲਈ । ਉਹ ਨਰਸ ਪਾਗ਼ਲ ਹੋ ਗਈ । ਇਹ ਸੰਤੋਸ਼ ਦੇ ਵਿਆਹ ਤੋਂ ਪਹਿਲਾਂ ਹੋ ਗੁਜ਼ਰਿਆ ਸੀ । ਰਾਜਿੰਦਰ ਤੋਂ ਨਿੱਕੇ ਭਰਾਵਾਂ ਦਾ ਵਿਆਹ ਵੀ ਇਹਨਾਂ ਦਿਨਾਂ ਵਿਚ ਸੀ । ਉਹ ਦੋ ਵਿਆਹ ਕਰਕੇ ਤੀਜਾ ਸਾਡੇ ਘਰ ਕਰਕੇ ਇਸ ਪਰਿਵਾਰ ਨੇ ਸ੍ਰੀਨਗਰ ਜਾਣਾ ਸੀ । ਰਾਜਿੰਦਰ ਤੋਂ ਨਿੱਕਾ ਰਘਬੀਰ ਉਸ ਤੋਂ ਨਿੱਕਾ ਅਜੀਤ ਸਿੰਘ ।

ਸਦਾ ਸਿੰਘ ਸਾਹਨੀ ਜੀ ਨੇ ਸਾਨੂੰ ਲਿਖਿਆ ਘੋੜੀ ਹੋਵੇ, ਹਾਰ ਹੋਣ ਅਤੇ ਵਾਜਾ ਵੀ ਹੋਵੇ । ਅਸੀਂ ਇਹ ਸਭ ਕੀਤਾ । ਮੇਰੀ ਹਾਲਤ ਸੁਖਬੀਰ ਦੇ ਵਿਆਹ ਤੋਂ ਚੰਗੀ ਸੀ । ਮੇਰੇ ਸਹੁਰੇ ਵੱਡੇ ਚਾਚਾ ਜੀ ਆਏ ਸਨ । ਮੈਂ ਬਹੁਤੀ ਭੀੜ ਨਹੀਂ ਸੀ ਪਾਈ । ਗਿਆਨੀ ਲਾਭ ਸਿੰਘ ਮੇਰਾ ਮਿੱਤਰ ਸੀ । ਉਹ ਸਮਗਲਿੰਗ ਕਰਦਾ ਸੀ । ਸਾਡੇ ਜਲਸੇ ਵਿਚ ਉਸ ਨੇ ਖਲੋ ਕੇ ਕਸਮ ਖਾਧੀ ਸੀ ਨਾ ਕਰਨ ਦੀ । ਮੈਂ ਚੰਡੀਗੜ੍ਹ ਗਿਆ ਓਦੋਂ ਸੈਕਟਰੀਏਟ ਇਕ ਪਾਸੇ ਸਲੇਪ ਛੱਤਾਂ ਵਾਲਿਆਂ ਘਰਾਂ ਵਿਚ ਸੀ । ਪੰਡਿਤ ਮੋਹਨ ਲਾਲ ਖ਼ਜਾਨਾ ਮੰਤਰੀ ਨੂੰ ਮਿਲਿਆ ਉਸ ਨੇ ਮੇਰੀ ਬੜੀ ਇੱਜ਼ਤ ਕੀਤੀ । ਕਾਰ ਦਿੱਤੀ ਸੈਰ ਕਰਨ ਨੂੰ, ਪਰ ਮੈਂ ਨਾਂਹ ਕਰ ਦਿੱਤੀ । ਮੇਰੀ ਜਦੋ-ਜਹਿਦ ਨਾਲ ਪੁਲਿਸ ਗਿਆਨੀ ਦਾ ਪਿੱਛਾ ਛੱਡ ਗਈ । ਉਹ ਦੋ ਤਿੰਨ ਦਿਨ ਸਾਡੇ ਘਰ ਆ ਕੇ ਰਿਹਾ, ਬਾਹਰੋਂ ਕਾਫੀ ਦੁੱਧ ਮੰਗਿਆ ਤੇ ਮਿਠਾਈ ਬਣਵਾਈ । ਕਾਮਰੇਡ ਕੋਈ ਨਹੀਂ ਸੱਦਿਆ ਆਪ ਹੀ ਆ ਗਏ ਸਨ । ਜੰਞ ਸ਼ਾਮ ਨੂੰ ਆਈ । ਦੁੱਧ ਸੋਢੇ ਦੀਆਂ ਬੋਤਲਾਂ ਰਾਮ ਲਾਲ ਸ਼ਾਹ ਨੇ ਭਰ ਦਿੱਤੀਆਂ । ਚਾਹ ਵੀ । ਇਕ ਮੇਰੇ ਪਿਤਾ ਜੀ ਦੇ ਚਾਚੇ ਦੇ ਪੁੱਤਰ ਭਰਾ ਹਰਨਾਮ ਸਿੰਘ ਉਸ ਦੀ ਲਾਲ ਨਿੱਕੀ ਕੋਠੀ ਵਿਚ ਸਾਰਿਆਂ ਨੂੰ ਠਹਿਰਾ ਦਿੱਤਾ । ਜੀਤ ਸਿੰਘ ਦੀ ਪਤਨੀ ਇਕ ਲੱਤ ਤੋਂ ਕੁਝ ਲੰਙੀ ਸੀ । ਅਸੀਂ ਖ਼ੁਸ਼ੀ ਨਾਲ ਜੰਞ ਦੀ ਸੇਵਾ ਕੀਤੀ । ਸਾਰੀ ਜੰਞ ਘਰ ਦੀ ਸੀ । ਭੈਣ ਜੀ ਤੇ ਰਾਣੀ ਵੀ ਆਏ । ਅੰਮ੍ਰਿਤਸਰੋਂ ਬੱਸ ਉਤੇ ਪਹੁੰਚੇ । ਬਾਜ਼ਾਰ ਵਿਚੋਂ ਘੋੜੀ ਵਾਜੇ ਨਾਲ ਘਰ ਲਿਆਂਦੀ । ਰਾਤ ਸੀ, ਗੈਸ ਕਰ ਲਏ ਸਨ । ਮੇਰੀ ਬਰਾਦਰੀ ਨਾਰਾਜ਼ ਸੀ ਸਾਰਾ ਸ਼ਹਿਰ ਖ਼ੁਸ਼ — ਰਾਹੀ ਹੋਰਾਂ ਜਾਤਾਂ ਤੋੜ ਕੇ ਬਹਾਦਰੀ ਕੀਤੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾ [illegible] ਕੁੜੀਆਂ ਦੀ ਭੀੜ ਬੜੀ ਸੀ। ਕੋਠੀ ਗਿੱਧਾ ਤੇ ਲੋਕ-ਗੀਤ ਹੁੰਦੇ ਰਹੇ। ਜੀਤ ਦੀ ਪਤਨੀ ਨੇ ਬਹੁਤ ਕੁਝ ਸੁਣਾਇਆ। ਕਵੀ ਦਰਬਾਰ ਹੋਇਆ। ਅੰਮ੍ਰਿਤਸਰੋਂ ਮੇਰੇ ਮਿੱਤਰ ਅਤੇ ਸ਼ਾਗਿਰਦ ਆਏ। ਤਾਰਾ ਸਿੰਘ ਕੋਮਲ ਆਇਆ। ਸ਼ਿਵ ਬਟਾਲੇ ਤੋਂ ਆਇਆ। ਉਸ ਕਵੀ ਦਰਬਾਰ ਵਿਚ ਉਸ ਨੇ ''ਭੱਠੀ ਵਾਲੀਏ ਚੰਬੇ ਦੀ ਡਾਲੀਏ ਪੀੜਾਂ ਦਾ ਪਰਾਗਾ ਭੁੰਨ ਦੇ'' ਗੀਤ ਸੁਣਾਇਆ। ਸਟੇਜ ਸੈਕਟਰੀ ਕੋਮਲ। ਸ਼ਿਵ ਮੈਨੂੰ ਸਭ ਤੋਂ ਪਹਿਲਾਂ ਕੁਲਦੀਪ ਸਿੰਘ ਵਕੀਲ ਦੇ ਘਰ ਮਿਲਿਆ ਸੀ। ਉਥੇ ਮੈਂ ਤੇ ਉਸਤਾਦ ਯੁਮਨ ਸਾਂ। ਇਸ ਨੇ ਗੀਤ ਸੁਣਾਇਆ ਸੀ, ''ਨਾ ਭੈੜੀ ਰਾਤ ਮੁਕਦੀ ਏ ਨਾ ਮੇਰੇ ਗੀਤ ਮੁਕਦੇ ਨੇ।''

ਉਦੋਂ ਸ਼ਿਵ ਨੂੰ ਮੈਂ ਦੂਜੇ ਦਿਨ ਅੰਮ੍ਰਿਤਸਰ ਆਪਣੇ ਜੁੱਟ ਕੋਲ ਲੈ ਗਿਆ। ਇਕੱਠ ਅਮਰ ਚਿੱਤਰਕਾਰ ਦੇ ਘਰ ਹੋਇਆ। ਉਹਨਾਂ ਕੋਲੋਂ ਇਸ ਨੇ ਮਗਰੋਂ ਝੂਠ ਬੋਲ ਕੇ ਚਾਰ ਸੌ ਰੁਪਿਆ ਵੀ ਲਿਆ ਜਿਹੜਾ ਬੜੇ ਕੁਰੱਖ਼ਤ ਢੰਗ ਨਾਲ ਦਰਸ਼ਨ ਨੇ ਇਸ ਕੋਲੋਂ ਵਾਪਸ ਲਿਆ ਸੀ। ਤਾਰਾ ਸਿੰਘ ਕੋਮਲ ਨੇ ਕੰਪਨੀ ਬਾਗ਼ ਵਿਚ ਸਾਵਣ ਕਵੀ ਦਰਬਾਰ ਕੀਤਾ। ਅਸਾਂ ਆਪਣੇ ਜੁੱਟ ਸੱਦੇ। ਉਸਤਾਦ ਯੁਮਨ ਨਹੀਂ ਸੀ ਆਇਆ। ਉਦੋਂ ਨਵਤੇਜ ਹੋਰੀਂ ਵੀ ਪਹੁੰਚੇ ਹੋਏ ਸਨ। ਪ੍ਰਧਾਨਗੀ ਮੇਰੀ। ਸ਼ਿਵ ਨੇ ਉਥੇ ਉਹ ਗੀਤ ਸੁਣਾਇਆ, ''ਨਾ ਭੈੜੀ ਰਾਤ ਮੁਕਦੀ ਏ ਨਾ ਮੇਰੇ ਗੀਤ ਮੁਕਦੇ ਨੇ।'' ਫਿਰ ਇਕ ਕੋਈ ਹੋਰ ਸੁਣਾਇਆ। ਕੂਲਾ, ਸੁਬਕ ਜਾਦੂਗਰੀ ਆਵਾਜ਼। ਆਪਣੀ ਕਿਸਮ ਦੀ ਅਦਾ ਤੇ ਸੁਰ। ਕੋਮਲ ਕੁੜੀਆਂ ਵਰਗਾ ਸਰੀਰ। ਮੁਸਕਰਾਉਂਦਾ ਚਿਹਰਾ। ਬਾਂਹ ਨਖਰੇ ਨਾਲ ਚੁਕਣੀ। ਕਵਿਤਾ ਜਾਂ ਗੀਤ ਸੂਫੀ ਕਿਸਮ ਦੀਆਂ ਤਸ਼ਬੀਹਾਂ ਤੇ ਪ੍ਰਤੀਕ ਨਾਲ ਭਰਪੂਰ। ਇਹ ਇਕ ਆਪਣੀ ਕਿਸਮ ਦਾ ਆਪਣੇ ਵਿਚ ਆਪ ਸੀ। ਇਹ ਸਾਰਾ ਕੁਝ ਮਿਲ ਕੇ ਉਹ ਪੰਜਾਬ ਦੇ ਸ਼ਾਇਰਾਂ ਵਿਚੋਂ ਝਟ ਸਿਰ ਚੁੱਕ ਕੇ ਉੱਚਾ ਹੋ ਗਿਆ। ਬੜਾ ਵੱਸਿਆ ਬੜਾ ਛਾਇਆ। ਉਸ ਪਿਛੋਂ ਬੋਲਣ ਦਾ ਹੀਆ ਤਾਰਾ ਸਿੰਘ ਕੋਮਲ ਨੇ ਕੀਤਾ, ਉਠਦਾ ਮਾਈਕ ਅੱਗੇ ਬੋਲਿਆ — ''ਅੱਖੀਆਂ ਚੋਂ ਪੀਂਦਾ ਜੋ ਬੇਸ਼ਕ ਪਿਲਾਉ, ਮੇਰੇ ਲਈ ਠੇਕੇ ਦੀ ਬੋਤਲ ਲਿਆਉ''......ਰੰਗ ਬੱਝਾ ਰਿਹਾ। ਮੈਥੋਂ ਪੁੱਛ ਕੇ ਨਵਤੇਜ ਉਸ ਨੂੰ ਇਕ ਡਾਕਟਰ ਤੇ ਡਾਕਟਰਨੀ ਦੇ ਘਰ ਲੈ ਗਿਆ। ਏਥੋਂ ਉਹ ਹਿਰਨਾਂ ਦੀ ਸਿੰਗੀਂ ਚੜ੍ਹਨਾ ਸ਼ੁਰੂ ਹੋਇਆ। ਸ਼ਿਵ ਕੁਮਾਰ ਦਾ ਪਿਤਾ ਡੇਰੇ ਬਾਬੇ ਨਾਨਕ ਦਾ ਗਰਦਾਵਰ ਸੀ। ਸ਼ਿਵ ਨੇ ਡੇਰੇ ਹੀ ਮਿਡਲ ਕੀਤੀ। ਉਹ ਡੋਗਰੇ ਬ੍ਰਾਹਮਣ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਤੋਸ਼ ਦੇ ਵਿਆਹ ਉਤੇ ਉਹਨਾਂ ਸ਼ਾਇਰਾਂ ਜੋਗੀ ਸ਼ਰਾਬ ਉਹਨਾਂ ਵਿਚਲੇ ਆਪ ਹੀ ਲੈ ਆਏ ਸਨ। ਮੇਰੇ ਜਿਹੇ ਫੱਕਰ ਦੀ ਧੀ ਦੇ ਵਿਆਹ ਉਤੇ ਇਹ ਰੌਣਕ। ਮੈਂ ਖ਼ੁਸ਼ ਸਾਂ, ਲੋਕਾਂ, ਸਾਥੀਆਂ, ਮਿੱਤਰਾਂ, ਸ਼ਾਗਿਰਦਾਂ ਮੇਰਾ ਸਾਥ ਦਿੱਤਾ। ਪਾਰਟੀ ਦੇ ਰਜਿਸਟਰਡ ਕੋਈ ਵੀ ਨਾ ਆਏ। (ਬਲਾਕ ਜ਼ਿਲ੍ਹਾ ਕਮੇਟੀ ਵਿਚ ਇਹ ਇਤਰਾਜ ਉਠਿਆ ਕਿ ਰਾਹੀ ਨੇ ਘੋੜੀ ਤੇ ਹਾਰ ਵਰਤੇ, ਵਾਜਾ ਵਜਾਇਆ ਇਹ ਗ਼ਲਤ ਸੀ।)

ਦਿਨੇ ਲਾਵਾਂ ਫੇਰੇ ਹੋਏ। ਕਾ: ਆਨੰਦ ਸੁਖਬੀਰ ਦੇ ਵਿਆਹ ਵਾਂਗ ਸੰਤੋਸ਼ ਦੇ ਵਿਆਹ ਉਤੇ ਅਧੀਸ ਦੇਣ ਆਇਆ। ਆਤਮਜੀਤ ਨੇ ਬੜਾ ਕੰਮ ਕੀਤਾ। ਮੇਰੀ ਮਿੱਤਰ ਕਰਤਾਰ ਕੌਰ ਬੰਬਈ ਤੋਂ ਆਈ। ਉਸ ਨੇ ਪੈਸੇ ਖ਼ਰਚੇ ਅਤੇ ਆਇਆਂ ਗਿਆਂ ਦੀ ਸੇਵਾ ਕੀਤੀ।

ਕਾ: ਸੁਲੱਖਣ ਬਟਾਲੇ ਮਜ਼ਦੂਰ ਯੂਨੀਅਨ ਵਿਚ ਕੰਮ ਕਰਦਾ ਸੀ ਉਸ ਨੂੰ ਭਾਂਡਿਆਂ ਜੋਗੇ ਪੈਸੇ ਦੇ ਆਇਆ ਸਾਂ ਨਾ ਉਹ ਆਪ ਆਇਆ ਨਾ ਭਾਂਡੇ ਲਿਆਇਆ। ਪਲੰਘ ਕੁਰਸੀਆਂ ਨਾ ਬਣ ਸਕੇ ਉਂਜ ਵੀ ਜੋ ਅਸੀਂ ਬਣਾਇਆ ਇਕ ਵੱਡਾ ਸੰਦੂਕ ਸੁਖਬੀਰ ਨੂੰ ਜਿਹੋ ਜਿਹਾ ਦਿੱਤਾ ਸੀ ਉਹੋ ਜਿਹਾ ਦਿਤਾ ਹੋਰ ਕੁਝ ਵੀ। ਜੋ ਸੋਨਾ ਪਾਇਆ ਨਾਨਕਿਆਂ।

ਜੰਞ ਬੜੀ ਖ਼ੁਸ਼ ਸੀ। ਪਹਿਲੇ ਲਾੜੇ ਲਾੜੀ ਨੇ ਆਪੋ ਵਿਚ ਹਾਰ ਪਾਏ ਸਨ। ਸੰਤੋਸ਼ ਮੈਟ੍ਰਿਕ ਦਾ ਇਮਤਿਹਾਨ ਦੇ ਚੁੱਕੀ ਸੀ ਨਤੀਜਾ ਨਹੀਂ ਸੀ ਨਿਕਲਿਆ, ਇਕ ਵਾਰੀ ਫੇਲ ਹੋ ਗਈ ਸੀ।

ਜਾਣ ਲਗਿਆਂ ਸ: ਸਦਾ ਸਿੰਘ ਸਾਹਨੀ ਘੋੜੀ ਤੇ ਵਾਜੇ ਦੇ ਪੈਸੇ ਦੇਣ ਲੱਗੇ ਮੈਂ ਜੱਫੀ ਪਾ ਕੇ ਇਨਕਾਰ ਕਰ ਦਿੱਤਾ। ਮਿਲਣੀ ਸੰਤੋਸ਼ ਦੇ ਨਾਨਾ ਜੀ ਨੇ ਕੀਤੀ ਸੀ। ਸੁਖਬੀਰ ਦੇ ਵਿਆਹ ਵੇਲੇ ਸ: ਨੰਦ ਸਿੰਘ ਨਾਲ ਮੇਰੇ ਵੱਡੇ ਚਾਚਾ ਜੀ ਨੇ।

ਮੈਨੂੰ ਸਦਾ ਸਿੰਘ ਸਾਹਨੀ ਜੀ ਕਹਿਣ ਲੱਗੇ — ਰਾਹੀ ਜੀ, ਤੁਸੀਂ ਤੇ ਲਿਖਿਆ ਸੀ ਮੈਂ ਕੁਝ ਨਹੀਂ ਦੇ ਸਕਦਾ। ਤੁਸਾਂ ਤੇ ਸਭ ਕੁਝ ਕੀਤਾ ਹੈ।...... ਮੇਰੇ ਦਿਲ ਵਿਚ ਫਿਰ ਖ਼ਾਨਦਾਨੀ ਜਸਵਾਲੀਆਂ ਦੀ ਹਊਂ ਜਾਗੀ। ਮੇਰੇ ਅੱਥਰੂ ਭਰ ਗਏ ਸਰਦਾਰ ਜੀ ਜੋ ਲੋਕ ਦੇ ਗਏ ਮੈਂ ਦੇ ਦਿੱਤਾ। ਮੇਰੇ ਅੰਦਰ ਪਿਛਲੇ ਵੱਡਿਆਂ ਦੇ ਵਿਆਹ ਆ ਵੜੇ ਸਨ। ਮੈਂ ਕੀ ਸਾਂ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਵੀ ਹੋਇਆ

ਮਾਸਟਰ ਲਾਲ ਸਿੰਘ ਮੇਰੇ ਗਹਿਰੇ ਮਿੱਤਰ ਸਨ। ਮੇਰੇ ਵੱਡੇ ਲੜਕੇ ਰਾਏ ਨੂੰ ਉਹਨਾਂ ਪੰਜਵੀਂ ਤਕ ਪੜ੍ਹਾਇਆ। ਪੁਸਤਕਾਂ, ਕਲਮਾਂ, ਦਵਾਤਾਂ ਤੇ ਕਾਪੀਆਂ ਸਭ ਕੋਲੋਂ ਲੈ ਕੇ ਦਿੰਦੇ ਰਹੇ। ਮੈਨੂੰ ਕਹਿੰਦੇ — ਰਾਹੀ ਯਾਰ ਤੂੰ ਇੰਨਾ ਕੁਝ ਲੋਕਾਂ ਵਾਸਤੇ ਕਰਦਾ ਹੈਂ ਜੇ ਮੈਂ ਇੰਨਾ ਤੇਰੇ ਮੁੰਡੇ ਲਈ ਕਰ ਦਿੱਤਾ, ਕੀ ਹੋਇਆ। ਉਹ ਗੁਜ਼ਰ ਗਏ ਹਨ। ਜੇ ਮੈਨੂੰ ਕੋਈ ਪੁੱਛੇ ਮਾਸਟਰ ਕੀ ਹੁੰਦੇ ਹਨ? ਉਹਨਾਂ ਦੀ ਜ਼ਿੰਦਗੀ ਪੇਸ਼ ਕਰ ਸਕਦਾ ਹਾਂ।

ਉਹਨਾਂ ਦੇ ਸਕੂਲ ਦੀ ਹੈੱਡ ਮਿਸਟਰੈਸ ਇਕ ਖ਼ੂਬਸੂਰਤ ਅੱਧ ਨੂੰ ਪਹੁੰਚਦੀ ਔਰਤ ਸੀ। ਸਾਡੇ ਜਲਸੇ ਵਿਚ ਲਾਲ ਸਿੰਘ ਨੇ ਮੈਨੂੰ ਆਖਿਆ — ਰਾਹੀ ਜ਼ਰਾ ਸਾਡੀ ਹੈੱਡ ਲਈ ਦੋ ਲਫ਼ਜ਼ ਕਹਿ ਦੇ ਸਾਨੂੰ ਬੜਾ ਤੰਗ ਕਰਦੀ ਹੈ।......ਸਟੇਜ ਉਤੋਂ ਉਸ ਦੇ ਵਤੀਰੇ ਦੀ ਨਿੰਦਾ ਤਕਰੀਰ ਦੇ ਨਾਲ ਮੈਂ ਕਰ ਦਿੱਤੀ। ਮੈਨੂੰ ਉਹਦਾ ਕੁਝ ਪਤਾ ਨਹੀਂ ਸੀ।

ਦੂਜੇ ਦਿਨ ਘਰੋਂ ਮੈਨੂੰ ਇਕ ਗੁੱਡੀ ਸੱਦਣ ਆ ਗਈ — ਭਾਪਾ ਜੀ ਮੇਰੀ ਮਾਤਾ ਜੀ ਤੁਹਾਨੂੰ ਬੁਲਾਉਂਦੇ ਨੇ।......ਮੈਂ ਉਸ ਦੇ ਨਾਲ ਚਲਿਆ ਗਿਆ। ਖਤ੍ਰੀਆਂ ਵਾਲੀ ਗਲੀ ਵਿਚ ਇਕ ਖੁੱਲ੍ਹੇ ਸੁਥਰੇ ਘਰ ਵਿਚ ਗਿਆ। ਇਕ ਸੋਹਣੀ ਚਾਲੀਆਂ ਕੁ ਸਾਲਾਂ ਦੀ ਔਰਤ ਬੜੀ ਖ਼ੁਸ਼ ਹੋ ਕੇ ਮਿਲੀ। ਝੱਟ ਮੈਨੂੰ ਕੁਰਸੀ ਉਤੇ ਬਿਠਾ ਦਿੱਤਾ। ਆਪ ਸਾਹਮਣੇ ਮੰਜੀ ਉਤੇ ਬਹਿ ਗਈ। ਇਕ ਵੱਡੀ ਕੁੜੀ ਨੇ ਮੈਨੂੰ ਬਦੋ-ਬਦੀ ਦੁੱਧ ਦਾ ਗਿਲਾਸ ਦਿੱਤਾ। ਮੈਂ ਹੌਲੀ ਹੌਲੀ ਪੀਣ ਲੱਗ ਪਿਆ। ਉਸ ਨੇ ਗੱਲ ਛੇੜੀ — ਤੁਸਾਂ ਰਾਹੀ ਜੀ ਕੱਲ੍ਹ ਮੇਰੇ ਖਿਲਾਫ਼ ਜੋ ਕਿਹਾ ਹੈ ਗ਼ਲਤ ਹੈ। ਮੈਥੋਂ ਪੁੱਛ ਲੈਂਦੇ। ਲਾਲ ਸਿੰਘ ਸ਼ਰਾਰਤੀ ਹੈ।......ਫਿਰ ਜ਼ਰਾ ਠਹਿਰ ਕੇ ਗੱਲ ਤੋਰੀ — ਮਾਪਿਆਂ ਬੁੱਢੜੇ ਨਾਲ ਵਿਆਹ ਕਰ ਦਿੱਤਾ। ਅੱਠਵੀਂ ਪੜ੍ਹੀ ਹੋਈ ਸਾਂ। ਟੀਚਰ ਲੱਗ ਗਈ। ਪਤੀ ਮਰ ਗਿਆ, ਤੁਹਾਨੂੰ ਪਤਾ ਹੋਏਗਾ ਦਰਬਾਰ ਸਾਹਿਬ ਦੇ ਲਾਗਲੇ ਪਿੱਪਲ ਥੱਲੇ ਉਹਨਾਂ ਦੀ ਆੜ੍ਹਤ ਦੀ ਦੁਕਾਨ ਸੀ।......ਉਹ ਕਹਿੰਦੀ ਗਈ ਮੇਰੀ ਸੂਰਤ ਪਿੱਛੇ ਚਲੀ ਗਈ ਇਹ ਉਹੋ ਆੜ੍ਹਤੀ ਸੀ ਜਿਸ ਦੇ ਪੈਰਾਂ ਉਤੇ ਪਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੱਖ ਕੇ ਮੈਂ ਇਕ [illegible] ਖੜੀ ਸੀ । ਮੇਰਾ ਅੰਦਰ ਹਿੱਲ ਗਿਆ । ਅੱਖਾਂ ਨੀਵੀਆ ਹੋ ਗਈਆਂ । ਉਸ ਨੂੰ ਆਖਿਆ । ਬੀਬੀ ਤੂੰ ਫਿਕਰ ਨਾ ਕਰ ਜੇ ਕਿਸੇ ਮਹਿਕਮੇ ਵਾਲੇ ਨੇ ਪੁੱਛਿਆ । ਮੈਨੂੰ ਸੱਦ ਲਈਂ, ਕਹਿ ਦਿਆਂਗਾ ਸਾਥੋਂ ਗ਼ਲਤੀ ਹੋਈ ਹੈ, ਮਾਸਟਰਨੀ ਬਹੁਤ ਚੰਗੀ ਹੈ ।......ਉਹ ਖ਼ੁਸ਼ ਹੋ ਗਈ । ਮੈਂ ਤੁਰ ਪਿਆ । ਉਸ ਨੇ ਆਖਿਆ — ਤੁਸੀਂ ਜਦੋਂ ਦਿਲ ਕਰੇ ਆ ਜਾਇਆ ਕਰੋ ਇਹ ਵੀ ਤੁਹਾਡਾ ਘਰ ਹੈ ।......ਜਿੰਨਾ ਚਿਰ ਉਹ ਜੀਵੀ ਉਸ ਦੀ ਇੱਜ਼ਤ ਕੀਤੀ । ਉਸ ਦਾ ਨਾਂ ਫੂਲਾ ਰਾਣੀ ਸੀ ।

ਪਾਟਟੀ ਦਾ ਪ੍ਰੋਗਰਾਮ ਬਣਿਆ ਕਿ ਇਕ ਹਫ਼ਤਾ ਜਿਲ੍ਹੇ ਦਿਆਂ ਕਸਬਿਆਂ ਵਿਚ ਭੁੱਖ-ਹੜਤਾਲ ਕੀਤਾ ਜਾਏ ਤਾਂ ਕਿ ਕੈਰੋਂ ਸਰਕਾਰ ਡੀਪੂ ਖੋਲ੍ਹੇ ।

ਮੈਂ ਵੱਡੇ ਗੁਟਦਵਾਰੇ ਦੇ ਬਾਹਰਲੇ ਥਾਂ ਵਿਚ ਬੋਹੜ ਦੇ ਥੱਲੇ ਇਕ ਹੱਟੀ ਦੇ ਛੱਪਰ ਹੇਠਾਂ ਭੁੱਖ-ਹੜਤਾਲ ਕੀਤੀ । ਪਹਿਲੋਂ ਸ਼ਹਿਰ ਵਿਚ ਢੰਡੋਰਾ ਫੇਰਿਆ । ਹਲਕੇ ਦੇ ਸਾਰੇ ਸਾਥੀ ਆਏ । ਫਜਲਾਬਾਦੀ ਵੀ । ਜਲਸਾ ਹੋਇਆ । ਕਾਮਰੇਡ ਸੋਹਣ ਸਿੰਘ ਏਥੋਂ ਦਾ ਇਕ ਰਮਦਸੀਆ ਕਾਮਰੇਡ ਸੀ । ਜਿਹੜਾ ਜੁੱਤੀਆਂ ਗੰਢਣ ਦਾ ਕੰਮ ਕਰਦਾ ਸੀ, ਉਸ ਨੇ ਦੋ ਗੀਤ ਗਾਏ ।

ਮੰਜੀ ਉਤੇ ਬਹਿ ਗਿਆ । ਕੁਝ ਪੁਸਤਕਾਂ ਨਾਲ ਰੱਖ ਲਈਆਂ । ਨਿੰਬੂ ਦਾ ਲੂਣਾ ਪਾਣੀ ਪੀਂਦਾ ਰਿਹਾ । ਲੋਕ ਮੈਨੂੰ ਵੇਖਣ ਤੁਰੇ ਰਹਿੰਦੇ । ਮਰਦ ਵੀ ਔਰਤਾਂ ਵੀ । ਕਈ ਮੱਥਾ ਟੇਕੀ ਜਾਣ । ਇਕ ਫੇਰਾ ਕਾ: ਬਿਸ਼ਨ ਸਿੰਘ ਨੇ ਵੀ ਸੈਕਟਰੀ ਹੋਣ ਦੀ ਹੈਸੀਅਤ ਵਿਚ ਪਾਇਆ ।

ਸਾਡੇ ਸ਼ਹਿਰ ਲਾਲਾ ਅਮਰਨਾਥ ਮੋਟਰ ਬੱਸ ਵਾਲਾ ਇਕ ਚੰਗਾ ਪਿਆਰਾ ਮਿੱਤਰ ਇਨਸਾਨ ਸੀ । ਮੈਂ ਉਸ ਨੂੰ ਭਰਾ ਜੀ ਕਹਿੰਦਾ । ਉਸ ਨੇ ਰੋਜ਼ ਨੇਮ ਨਾਲ ਆਉਣਾ, ਘੜੀ ਬਹਿਣਾ ਤੇ ਚਲੇ ਜਾਣਾ । ਉਦੋਂ ਇਹੋ ਇਕ ਬੰਦਾ ਸੀ ਜਿਸ ਦਾ ਰੋਜ਼ ਬਿਨਾਂ ਨਾਗਾ ਗੁਰਦਵਾਰੇ ਪ੍ਰਸ਼ਾਦਿ ਹੁੰਦਾ ਸੀ । ਅਰਦਾਸ ਵਿਚ ਨਾ ਬੋਲਦਾ ।

ਸਰਦਾਰ ਬਹਾਦਰ ਬੇਦੀ ਦਾ ਇਕ ਮੁਜਾਰਾ ਸਰਦਾਰ ਦੇ ਬਾਗ਼ ਵਿਚੋਂ ਰੋਜ਼ ਨਿੰਬੂ ਤੋੜ ਕੇ ਦੇ ਜਾਂਦਾ । ਪਿਆਰਾ ਲਾਲ ਚੋਪੜਾ ਪੱਤਰਕਾਰ ਅਤੇ ਅਖਬਾਰਾਂ ਦੀ ਏਜੰਸੀ ਵੀ ਰੱਖਦਾ ਸੀ । ਪੱਤਰਕਾਰੀ ਵਿਚੋਂ ਕਾਫੀ ਪੈਸੇ ਬਟੋਰਦਾ । ਕਈ ਖ਼ਬਰਾਂ ਦਿੰਦਾ, ਪੈਸੇ ਲੈਂਦਾ ਮੁੜਕੇ ਤਰਦੀਦ ਕੀਤਾ ਪੈਸਾ ਲੈਂਦਾ । ਸ਼ਰਾਬ ਪੀਣਾ ਉਸ ਦਾ ਧਰਮ । ਉਸ ਦੀ ਘਰਦੀ ਬੇਦੀਆਂ ਦੀ ਧੀ । ਵਿਆਹ, ਪਿਆਰ ਦਾ ਨਾਂ ਪ੍ਰੀਤੋ । ਪ੍ਰੀਤੋ ਦੇ ਪੇਕਿਆਂ ਦਾ ਘਰ ਦੇ ਪਿਛਵਾੜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ । ਜਦੋਂ ਕੱਠੇ ਇਕੱਠੇ ਹੁੰਦੇ ਸਨ ਉਦੋਂ ਵੀ ਸਾਡੇ ਨਾਲ ਸਾਂਝ ਸੀ । ਮੈਂ ਉਸ ਨੂੰ ਰਿਸ਼ਤੇ ਕਰਕੇ ਨਿੱਕੀ ਭੈਣ ਸਮਝਦਾ ਅਤੇ ਬੀਬੀ ਕਹਿੰਦਾ ।

ਤੀਜੇ ਦਿਨ ਚੋਪੜਾ ਰਾਤ ਨੂੰ ਇਕ ਵਜੇ ਆਇਆ । ਮੇਰੇ ਨਾਲ ਦੋਸਤੀ ਉਸ ਦੀ ਸੀ । ਕੋਲ ਨਿਭਾਉਣ ਦੀ ਉਸ ਨੂੰ ਜਾਚ ਸੀ । ਆ ਕੇ ਮੇਰੀ ਮੰਜੀ ਉਤੇ ਬਹਿ ਗਿਆ — ਰਾਹੀ ਮੈਨੂੰ ਨੀਂਦ ਨਹੀਂ ਸੀ ਆਉਂਦੀ ਤੇਰਾ ਫ਼ਿਕਰ ਲੱਗਾ ਰਿਹਾ । ਤੈਨੂੰ ਤਿੰਨ ਦਿਨ ਭੁੱਖੇ ਨੂੰ ਹੋ ਗਏ ਨੇ, ਮੈਨੂੰ ਗ਼ਮ ਹੈ ਤੂੰ ਕੀ ਪੁਆੜਾ ਸਹੇੜ ਲਿਆ । ਕਿਸੇ ਕਾਮਰੇਡ ਨੂੰ ਬਿਠਾ ਦੇਣਾ ਸੀ । ਜੇ ਤੂੰ ਮੰਨੇ ਤਾਂ ਕੁਝ ਖਾਣ ਪੀਣ ਨੂੰ ਰਾਤ ਦੇ ਸਮੇਂ ਦੇ ਜਾਇਆ ਕਰਾਂ । ਸੁਣਿਆ ਹੈ ਬੜੇ ਬੜੇ ਲੀਡਰ ਇੰਞ ਹੀ ਕਰਦੇ ਨੇ ।

ਉਸ ਨੂੰ ਘੁੱਟ ਕੇ ਜੱਫੀ ਪਾ ਲਈ । ਉਂਞ ਵੀ ਮੈਥੋਂ ਚਾਰ ਪੰਜ ਸਾਲ ਛੋਟਾ ਸੀ । ਅੱਗੋਂ ਆਖਿਆ — ਚੋਪੜਾ ਯਾਰ ਮੈਨੂੰ ਕਿਸੇ ਮਜਬੂਰ ਨਹੀਂ ਕੀਤਾ ਨਾ ਬੰਧਨ ਪਾਇਆ ਹੈ । ਮਰਜੀ ਨਾਲ ਅਸੂਲ ਸਮਝ ਕੇ ਪਾਰਟੀ ਦਾ ਜਾਬਤਾ ਖ਼ੁਸ਼ੀ ਨਾਲ ਮੰਨਦਿਆਂ ਹੋਇਆਂ ਭੁੱਖ ਹੜਤਾਲ ਕੀਤੀ ਹੈ । ਇਸ ਕਰਕੇ ਬੇਈਮਾਨ ਹੋਣ ਦੀ ਲੋੜ ਨਹੀਂ । ਤੂੰ ਜੋ ਹਮਦਰਦੀ ਕੀਤੀ ਹੈ ਤੇਰਾ ਤੇ ਬੀਬੀ ਪ੍ਰੀਤੋ ਦਾ ਬੜਾ ਸ਼ੁਕਰ ਗੁਜ਼ਾਰ ਹਾਂ ।

ਜਦੋਂ ਭਰਾ ਅਮਰਨਾਥ ਦਾ ਦਿਹਾਂਤ ਹੋਇਆ ਉਸ ਦੇ ਜਨਾਜ਼ੇ ਨਾਲ ਸ਼ਹਿਰ ਦੇ ਪਿੰਡਾਂ ਦੇ ਬੇਸ਼ੁਮਾਰ ਲੋਕ ਸਨ । ਦੋ ਘੰਟੇ ਕਤਾਰ ਉਸ ਦੇ ਦਰਸ਼ਨ ਕਰਦੀ ਰਹੀ । ਸਾਰੀ ਫ਼ਿਜ਼ਾ ਉਦਾਸ । ਇਕ ਸ਼ਹਿਰ ਵਿਚ ਪਾਗਲ ਫਿਰਦਾ ਹੁੰਦਾ ਸੀ ਉਹ ਵੀ ਸਿਆਣਿਆਂ ਵਾਂਗ ਉਦਾਸ । ਅੱਜ ਕੱਲ੍ਹ ਰਾਮ ਲੁਭਾਇਆ ਉਸ ਦਾ ਪੁੱਤਰ ਵੱਡਾ ਟਰਾਂਸਪੋਰਟ ਹੈ । ਪੂਰਾ ਚਾਲਬਾਜ਼, ਪਾਖੰਡੀ, ਮਤਲਬੀ । ਪਿਉ ਦੀ ਕੋਈ ਵੀ ਗੱਲ ਉਸ ਵਿਚ ਨਹੀਂ ।

ਭਰਾ ਅਮਰਨਾਥ ਦੇ ਸਵਰਗਵਾਸ ਹੋਣ ਤੋਂ ਪਿਛੋਂ ਗੁਰਦੁਆਰੇ ਰੋਜ਼ਾਨਾ ਪ੍ਰਸ਼ਾਦਿ ਪਿਆਰਾ ਲਾਲ ਚੋਪੜਾ ਕਰਾਉਂਦਾ ਰਿਹਾ । ਉਹਨਾਂ ਦਾ ਬੱਚਾ ਕੋਈ ਨਹੀਂ ਸੀ । ਭਰਾ ਦੀ ਧੀ ਲੈ ਕੇ ਧੀ ਬਣਾਈ, ਤਾਲੀਮ ਦੁਆਈ ਨੌਕਰੀ ਲਗਵਾਈ ਅਤੇ ਵਿਆਹ ਗੁਰੂ ਗਰੰਥ ਸਾਹਿਬ ਨਾਲ ਕੀਤਾ ।

ਇਨ੍ਹਾਂ ਦੋ ਦੇ ਬਾਅਦ ਸ਼ਹਿਰ ਵਿਚ ਹਿੰਦੂ ਸਿੱਖ ਬੜੇ ਮਾਲਦਾਰ ਤੇ ਨਾਢੂ ਖਾਂ ਹਨ ਪਰ ਪ੍ਰਸ਼ਾਦਿ ਕਿਸੇ ਨੇ ਹਫ਼ਤੇ ਹਫ਼ਤੇ ਵੀ ਨਹੀਂ ਕਰਾਇਆ ।

ਭੁੱਖ ਹੜਤਾਲ ਤੋੜਨ ਦਾ ਸਤਵਾਂ ਦਿਨ ਆ ਗਿਆ । ਪੂਰੇ ਬਾਰਾਂ ਵਜੇ ਹਲਕੇ ਦੇ ਸਾਥੀ ਹੁਮ ਹੁਮਾ ਕੇ ਆਏ । ਢੰਡੋਰਾ ਫੇਰਿਆ ਗਿਆ । ਦੁੱਧ ਪੀ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੜਤਾਲ ਤੋੜੀ। ਹਾਰ ਪਾਉਣ ਲਈ ਆਏ ਔਰਤਾਂ ਆਦਮੀ। ਹਾਰ ਪਾਉਣ ਇਕ ਔਰਤ ਆਈ। ਮੇਰੀ ਉਮਰ ਤੋਂ ਕੁਝ ਨਿੱਕੀ। ਵਾਲ ਸਵਾਰਨ ਵਿਚ। ਚਿਹਰਾ ਸਵਾਰਨ ਵਿਚ। ਕੱਪੜੇ ਸਵਾਰ ਕੇ ਪਾਉਣ ਵਿਚ। ਤੁਰਨ ਵਿਚ। ਮੁਸਕਾਉਣ ਵਿਚ ਜਵਾਨੀਆਂ ਨੂੰ ਮਾਤ ਪਾਉਂਦੀ। ਮੇਰੇ ਗਲ ਵਿਚ ਹਾਰ ਪਾਉਂਦੀ ਨੇ ਜ਼ਰਾ ਝੁੱਕ ਕੇ ਮੈਨੂੰ ਆਖਿਆ — ਕੱਲ੍ਹ ਸਾਡੇ ਘਰ ਜ਼ਰੂਰ ਆਇਉ ਸੁਨੇਹਾ ਘੱਲਾਂਗੀ। ਹਾਰ ਦੇ ਨਾਲ ਮੇਰੇ ਮੋਢੇ ਵੀ ਘੁੱਟੇ।

ਮੈਂ ਉਸ ਨੂੰ ਵੇਖਿਆ ਹੋਇਆ ਸੀ। ਕਦੇ ਕੋਈ ਬੋਲਚਾਲ ਨਹੀਂ ਸੀ। ਉਸ ਦਾ ਘਰ ਖਾਂਦੇ ਪੀਂਦੇ ਲੋਕਾਂ ਦੇ ਘਰਾਂ ਵਿਚ ਸੀ। ਇਸ ਤਰ੍ਹਾਂ ਦੀ ਆਬਾਦੀ ਵਿਚ ਵੀ ਇਕੱਲਾ ਜਾਪਦਾ ਕਿਸੇ ਨਾਲ ਕੋਈ ਵਾਸਤਾ ਨਹੀਂ। ਘਰ ਵਿਚ ਜੋ ਮਰਜ਼ੀ ਹੁੰਦਾ ਰਹੇ। ਉਹ ਬਹੁਤ ਚੰਗੀ ਲੱਗੀ।

ਹਾਰਾਂ ਦੀ ਗੱਲ ਖ਼ਤਮ ਹੋਈ। ਜਲਸਾ ਆਰੰਭ ਹੋਇਆ। ਵਾਰੋ ਵਾਰੀ ਸਾਰੇ ਸਾਥੀ ਬੋਲੇ। ਬਲਜੀਤ, ਗੁਪਾਲ ਸਿੰਘ, ਸੋਢੀ, ਕਿਰਪਾਲ ਸਿੰਘ ਇਹ ਸਭ ਚੰਗਾ ਬੋਲ ਲੈਂਦੇ ਸਨ। ਬੜਾ ਭਰਵਾਂ ਜਲਸਾ ਹੋਇਆ।

ਫਿਰ ਜਲੂਸ ਕੱਢਿਆ ਗਿਆ। ਸਾਰੇ ਨਗਰ ਵਿਚ ਖ਼ਾਸ ਖ਼ਾਸ ਬਜ਼ਾਰਾਂ ਤੇ ਗਲੀਆਂ ਵਿਚ ਫਿਰਿਆ। ਲੋਕ ਬੜੇ ਖ਼ੁਸ਼ ਸਨ ਖ਼ਾਸ ਉਹ ਲੋਕ ਜਿਹੜੇ ਵਿਚਾਰੇ ਮਹਿੰਗਾਈ ਤੋਂ ਤੰਗ ਸਨ। ਉਹਨਾਂ ਦੀਆਂ ਜ਼ਨਾਨੀਆਂ ਅਸੀਸਾਂ ਦੇਣ।

ਇਸ ਭੁੱਖ ਹੜਤਾਲ ਦੇ ਇਕ ਹਫ਼ਤਾ ਬਾਅਦ ਸਾਰੇ ਪੰਜਾਬ ਦੇ ਨਾਲ ਸਾਡੇ ਸ਼ਹਿਰ ਵੀ ਡੀਪੂ ਖੁਲ੍ਹ ਗਏ। ਇਹ ਸਿਹਰਾ ਕਮਿਊਨਿਸਟ ਪਾਰਟੀ ਦੇ ਸਿਰ ਸੀ।

ਦੂਜੇ ਦਿਨ ਇਕ ਕੁੜੀ ਮੈਨੂੰ ਸੱਦਣ ਆਈ। ਉਸ ਔਰਤ ਦੇ ਘਰ ਚਲਿਆ ਗਿਆ। ਇਕ ਨਿੱਕੀ ਜਿਹੀ ਭੀੜੀ ਗਲੀ ਦਾ ਰਾਹ ਲੰਘ ਕੇ ਅੰਦਰ ਜਾਈਦਾ ਸੀ। ਅੰਦਰ ਵੜਿਆ ਸਾਰਾ ਘਰ ਸ਼ੀਸ਼ੇ ਵਾਂਗ ਲਿਸ਼ਕ ਰਿਹਾ ਸੀ। ਉਹ ਵੇਖ ਕੇ ਬਹੁਤ ਖ਼ੁਸ਼ ਹੋਈ। ਇਕ ਸਜੀ ਹੋਈ ਬੈਠਕ ਵਿਚ ਬਹਿ ਗਏ। ਇਕ ਪੁਰਾਣੇ ਡੀਜ਼ਾਈਨ ਦਾ ਪਲੰਗ ਡੱਠਾ ਪਿਆ ਸੀ। ਜਿੰਨਾ ਫ਼ਰਨੀਚਰ ਸੀ ਮਜ਼ਬੂਤ ਤੇ ਨਵੇਂ ਪੁਰਾਣੇ ਸੁਮੇਲ ਦਾ।

ਉਸ ਨੇ ਬੜੀਆਂ ਗੱਲਾਂ ਕੀਤੀਆਂ, ਹਰ ਗੱਲ ਬੜੇ ਅੰਦਾਜ਼ ਨਾਲ ਸਵਾਰ ਕੇ ਕਰ ਰਹੀ ਸੀ। ਮੈਂ ਪੁੱਛਿਆ — ਤੁਹਾਡੇ ਪਤੀ ਜੀ? ......ਉਸ ਨੀਵੀਂ ਨਜ਼ਰੇ ਕਿਹਾ — ਉਹ ਪੰਦਰ੍ਹਾਂ ਸਾਲ ਹੋ ਗਏ ਗੁਜ਼ਰ ਚੁੱਕੇ ਹਨ।......

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੁਹਾਡੇ ਬੱਚੇ ?......ਇਕ ਲੜਕੀ ਸੀ ਉਹ ਕੋਲ ਹੈ ਜਮਨਾ ਵਿਚ ਵਸਦੀ ਹੈ । ਨੋਂਹ ਪੁੱਤ ਬਾਹਰਲੇ ਸੂਬੇ ਵਿਚ ਹਨ ।......ਤੁਸੀਂ ਇਥੇ ਇਕੱਲੇ ਕਿਸ ਤਰ੍ਹਾਂ ਰਹਿੰਦੇ ਹੋ ?......ਕੁਝ ਜਾਇਦਾਦ ਹੈ ਉਸ ਦਾ ਕਿਰਾਇਆ ਆਉਂਦਾ ਹੈ, ਕੁਝ ਜ਼ਮੀਨ, ਖੂਹ ਲੱਗਾ ਹੋਇਆ ਹੈ । ਮੁਜਾਰੇ ਵਾਹੁੰਦੇ ਨੇ ।......ਤੁਹਾਡਾ ਕੀ ਨਾਂ ਹੈ ?......ਤੁਸਾਂ ਨਾਂ ਨੂੰ ਕੀ ਕਰਨਾ ਹੈ, ਮੈਨੂੰ ਉਹ ਪਿਆਰ ਨਾਲ ਕੰਵਲੋਂ ਕਹਿੰਦੇ ਹੁੰਦੇ ਸੀ, ਤੁਸੀਂ ਵੀ ਇਹੋ ਨਾਂ ਸੱਦ ਲਿਆ ਕਰੋ ।

ਇਕ ਸੁਨੱਖੀ ਕੁੜੀ ਚਾਹ ਤੇ ਬਿਸਕੁਟ ਲੈ ਆਈ । ਅਸੀਂ ਖਾਂਦੇ ਜਾਂਦੇ ਗੱਲਾਂ ਸਣੇ । ਕੰਵਲੋਂ ਬਦੋਬਦੀ ਜਦ ਅੱਖੀਆਂ ਮਿਲਦੀਆਂ ਉਹ ਆਪਣੀਆਂ ਅੱਖਾਂ ਮੇਰੀਆਂ ਅੱਖਾਂ ਵਿਚ ਧਰ ਦਿੰਦੀ, ਮੈਂ ਬੜਾ ਚਤੰਨ ਸਾਂ । ਪੁੱਛਿਆ — ਕੀ ਕੰਮ ਸੀ ਤੁਸਾਂ ਮੈਨੂੰ ਸੱਦਣ ਦੀ ਖੇਚਲ ਕੀਤੀ । ਮੇਰੇ ਉਤੇ ਸਾਰੇ ਸਲੀਕੇ ਦਾ ਅਸਰ ਸੀ ।

— ਇਹ ਮੇਰੀ ਧੀ ਇਕ ਦੂਜੀ ਬਰਾਦਰੀ ਵਾਲੇ ਵਿਹਲੇ ਤੇ ਐਵੇਂ ਕੁ ਐਵੇਂ ਮੁੰਡੇ ਨਾਲ ਪਿਆਰ ਕਰਦੀ ਹੈ । ਕਿਸੇ ਪਾਸਿਉਂ ਵੀ ਗੱਲ ਠੀਕ ਨਹੀਂ ਇਸ ਤੋਂ ਇਕ ਜਮਾਤ ਅੱਗੇ ਹਾਇਰ ਸੈਕੰਡਰੀ ਵਿਚ । ਤੁਸੀਂ ਸਮਝਾਉ ਜੇ ਇਹ ਸਮਝ ਜਾਏ ਤਾਂ ।......ਮੈਂ ਸੋਚਿਆ ਤੇ ਕੁੜੀ ਨੂੰ ਕਿਹਾ — ਧੀਏ ਗੱਲ ਸੁਣ ।......ਉਹ ਮੇਰੇ ਵਲ ਰੁਖ ਕਰਕੇ ਬਹਿ ਗਈ — ਤੈਨੂੰ ਤੇਰੀ ਮਾਤਾ ਨੇ ਨਿੱਕੀ ਜਿਹੀ ਨੂੰ ਪਾਲਿਆ । ਪਿਉ ਦਾ ਪਿਆਰ ਵੀ ਦਿੱਤਾ । ਤੂੰ ਅਠਾਰ੍ਹਾਂ ਸਾਲ ਦੀ ਹੋ ਗਈ ਹੈ । ਇਹ ਗੁਜ਼ਰਿਆ ਅਰਸਾ ਤੇਰੀ ਮਾਂ ਨੇ ਤੇਰੇ ਲਈ ਕੁਰਬਾਨ ਕੀਤਾ, ਆਪਣੀਆਂ ਰੀਝਾਂ ਘੁੱਟੀਆਂ, ਤੇਰੀਆਂ ਪੂਰੀਆਂ ਕੀਤੀਆਂ । ਕੀ ਇਸ ਮਾਂ ਦਾ ਵੀ ਤੇਰੇ ਉਤੇ ਕੋਈ ਹੱਕ ਹੈ ?

ਉਸ ਨੇ ਆਖਿਆ — ਹਾਂ ਹੈ, ਮੇਰਾ ਬੀਜੀ ਨਾਲ ਬੜਾ ਮੋਹ ਹੈ ।...... ਫਿਰ ਕੀ ਤੂੰ ਆਪਣੇ ਪਿਆਰ ਲਈ ਜਿਹੜਾ ਕਿਸੇ ਪਾਸਿਉਂ ਵੀ ਦਰੁਸਤ ਨਹੀਂ ਉਸ ਦੇ ਲਈ ਮਾਂ ਦੇ ਪੇਟ ਤੋਂ ਲੈ ਕੇ ਹੁਣ ਦੀ ਉਮਰ ਤਕ ਸਭ ਕੁਰਬਾਨ ਕਰ ਦੇਏਂਗੀ ?......ਕੀ ਇਹ ਇਨਸਾਫ਼ ਹੈ ? ਸਮਾਜ ਲਈ ਘਰਦਿਆਂ ਲਈ, ਰਿਸ਼ਤੇਦਾਰਾਂ ਲਈ ।

ਉਸ ਕੁੜੀ ਨੇ ਮੇਰੀ ਗੱਲ ਦਾ ਕੋਈ ਉੱਤਰ ਨਾ ਦਿੱਤਾ । ਚੁੱਪ ਕਰ ਗਈ । ਕੰਵਲੋਂ ਬੋਲੀ — ਜੀ ਇਹ ਦੋ ਦਿਨ ਸੋਚ ਲਵੇ ਤੁਸੀਂ ਪਰਸੋਂ ਜ਼ਰੂਰ ਤਿੰਨ ਚਾਰ ਵਜੇ ਆਇਉ । ਮੈਂ ਉਡੀਕਾਂਗੀ ।......ਮੈਂ ਉਸ ਨੂੰ ਕਿਹਾ — ਮੇਰਾ ਨਾਂ ਲਉ, ਨਿਰਾ ਜੀ ਨਾ ਆਖੋ, ਮੈਂ ਕਾਮਰੇਡ ਹਾਂ ।......ਮੇਰਾ ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਰ੍ਹਾਂ ਜੀਅ ਕੀਤਾ ਸੀ ਕਹਿ ਦਿਤਾ ।

ਤੀਸਰੇ ਦਿਨ ਗਿਆ, ਫਿਰ ਬੈਠਕ ਜੰਮ ਗਈ । ਖ਼ੁਸ਼ੀ ਇਹ ਸੀ ਕਿ ਉਹ ਕੁੜੀ ਮੰਨ ਗਈ ਸੀ । ਸਾਰੇ ਜਣੇ ਮੰਜੇ ਉਤੇ ਕੰਬਲ ਗੋਡਿਆਂ ਤਕ ਲਈ ਬੈਠੇ ਸਾਂ । ਮੈਂ ਗੱਲਾਂ ਕਰਦੇ ਨੇ ਕੰਵਲੋਂ ਦੀ ਲੱਤ ਦੀ ਪਿੰਨੀ ਉਤੇ ਹੱਥ ਫੇਰਿਆ । ਉਸ ਨੇ ਅੰਦਰੋਂ ਮੇਰਾ ਹੱਥ ਘੁੱਟਿਆ ਅਤੇ ਨਜ਼ਰਾਂ ਮਿਲਾ ਕੇ ਬੁੱਲ੍ਹਾਂ ਵਿਚ ਹੱਸੀ । ਸਾਡੇ ਘਰ ਉਹਨਾਂ ਦਾ ਆਉਣ-ਜਾਣ ਹੋ ਗਿਆ । ਆਪੋ ਵਿਚ ਖੁੱਲ੍ਹੇ ।

ਇਕ ਦਿਨ ਹਨੇਰੇ ਹੋਏ ਉਹ ਕੁੜੀ ਸਾਡੇ ਘਰ ਆਈ — ਭਾਪਾ ਜੀ, ਤੁਹਾਨੂੰ ਮੇਰੇ ਬੀਜੀ ਸੱਦ ਰਹੇ ਹਨ । ਸਾਡੇ ਘਰੋਂ ਉਹ ਘਰ ਦੂਜੀ ਗਲੀ ਤੇ ਪਰਲੇ ਸਿਰੇ ਦੇ ਨਾਲ ਕਰਕੇ ਸੀ । ਕੁੜੀ ਨੂੰ ਸਾਡੇ ਪਰਿਵਾਰ ਨੇ ਬਿਠਾ ਲਿਆ । ਮੈਂ ਇਕੱਲਾ ਕੰਵਲੋਂ ਕੋਲ ਚਲਿਆ ਗਿਆ । ਬਾਹਰਲਾ ਬੂਹਾ ਢੋਇਆ ਹੋਇਆ ਸੀ । ਮੈਂ ਖੋਲ੍ਹਿਆ, ਪਲੰਘ ਤੋਂ ਆਵਾਜ਼ ਆਈ — ਚਿਟਕਣੀ ਬੰਦ ਕਰ ਦੇਣਾ । ਕੋਈ ਕੁੱਤਾ ਨਾ ਆ ਵੜੇ ।

ਮੈਂ ਉਹਦੇ ਪਲੰਘ ਕੋਲ ਜਾ ਖਲੋਤਾ ਰਜਾਈ ਉਹਦੇ ਉਤੇ ਸੀ । ਦਲੇਰੀ ਕੀਤੀ ਨਿਉਂ ਕੇ ਉਹਦਾ ਮੂੰਹ ਚੁੰਮ ਲਿਆ, ਉਹਨੇ ਬੁੱਲ੍ਹ ਮੇਰੇ ਬੁੱਲ੍ਹਾਂ ਨਾਲ ਲਪੇਟ ਦਿੱਤੇ । ਇਕ ਰਜਾਈ ਵਿਚ ਦੋਏ ਸਾਂ ।

ਉਸ ਨਾਲ ਮੇਰੀ ਹਰ ਗੱਲ ਸ਼ੁਰੂ ਹੋ ਗਈ । ਕੁੜੀ ਸਾਨੂੰ ਇਜਾਜ਼ਤ ਦਿੰਦੀ ਰਹਿੰਦੀ । ਸਿਰ ਨਾ ਹੁੰਦੀ । ਮਾਵਾਂ ਧੀਆਂ ਦਾ ਇਕ ਪਰਦਾ । ਅਸੀਂ ਇਕੱਠੇ ਹੁੰਦੇ ਰਹੇ । ਜਦੋਂ ਮਰਜ਼ੀ ਹੁੰਦੇ ਰਹੇ । ਉਹ ਰੋਟੀਆਂ ਪਕਾਉਣੀਆਂ ਛੱਡ ਦਿੰਦੀ । ਬਿਲਕੁਲ ਕੋਈ ਡਰ ਨਹੀਂ ਸੀ । ਕੋਈ ਸਮਾਂ ਨਾ ਵੇਖਦੇ । ਕਿਸੇ ਦਿਨ ਸ਼ਰਾਬ ਲਈ ਪੈਸੇ ਉਹ ਖ਼ੁਸ਼ੀ ਵਿਚ ਦੇ ਦਿੰਦੀ ।

ਅਸੀਂ ਹੋਟਲਾਂ ਵਿਚ ਗਏ । ਗੱਡੀ ਵਿਚ, ਬੱਸਾਂ ਵਿਚ ਸਫ਼ਰ ਕੀਤਾ । ਗੁਰੂ ਰਾਮਦਾਸ ਸਰਾਂ ਰਹੇ । ਫ਼ਿਲਮਾਂ ਵੇਖੀਆਂ । ਇਕ ਸਰਕਾਰੀ ਪ੍ਰੋਗਰਾਮ ਉਤੇ ਉਹ ਮੇਰੇ ਨਾਲ ਗਈ । ਕੋਈ ਢੰਗ ਨਾ ਛੱਡਿਆ ਗਰਿਸਤ ਕਰਨ ਦਾ । ਕਈ ਵਾਰੀ ਮੈਂ ਉਸ ਨਾਲ ਭੋਗ ਕੀਤਾ । ਕਈ ਵਾਰੀ ਉਸ ਨੇ ਮੇਰੇ ਨਾਲ । ਕਈ ਵਾਰੀ ਮੇਰੀ ਮਰਜ਼ੀ ਤੋਂ ਬਿਨਾਂ ਉਸ ਨੇ ਮੈਨੂੰ ਫੜਿਆ । ਕਈ ਵਾਰੀ ਉਸ ਦੀ ਮਰਜ਼ੀ ਤੋਂ ਬਿਨਾਂ ਮੈਂ ਉਸ ਨੂੰ । ਆਪਣੇ ਰਿਸ਼ਤੇਦਾਰਾਂ ਵੱਲ ਮੈਨੂੰ ਖੜਿਆ । ਇਕ ਵਿਆਹ ਦੀ ਜੰਞੇਂ ਵੀ ਗਿਆ । ਪਤਾ ਨਹੀਂ ਉਹ ਰਿਸ਼ਤੇਦਾਰਾਂ ਨੂੰ ਕੀ ਕਹਿੰਦੀ, ਉਹ ਮੇਰੀ ਇੱਜ਼ਤ ਕਰਦੇ ।

ਦੋ ਮਹੀਨੇ ਦਾ ਇਕ ਵਾਰੀ ਉਹਦਾ ਪੇਟ ਭਰ ਗਿਆ । ਮੇਰੀ ਜਾਨ ਗਈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਨੂੰ ਅਮਰ ਚਿਤਰਕਾਰ ਦੇ ਘਰ ਲੈ ਗਿਆ। ਉਹਨਾਂ ਹੀ ਸਲਾਹ ਦਿੱਤਾ। ਦਿਨੇ ਸਾਫ਼ ਕਰਾ ਕੇ ਮੇਰੇ ਨਾਲ ਤੋਰ ਦਿੱਤਾ। ਕਈ ਵਾਰੀ ਮੈਂ ਉਹਦੀ ਜਾਇਦਾਦ ਦੀ ਉਗਰਾਈ ਵੀ ਕਰਦਾ। ਉਹਦੇ ਨਾਲ ਜਾਂਦਾ। ਸਾਡੇ ਘਰ ਤਕ ਗੱਲ ਖਿਸਕ ਆਈ। ਮੇਰੀ ਪਤਨੀ ਨੇ ਇਤਨਾ ਕਿਹਾ — ਸ਼ਹਿਰ ਦੀ ਗੱਲ ਹੈ, ਬੁਰੀ ਹੈ, ਬਾਹਰ ਜੋ ਮਰਜ਼ੀ ਕਰੋ। ਉਹਦਾ ਮੁੰਡਾ ਆਇਆ, ਸਾਡੀਆਂ ਹਰਕਤਾਂ ਭਾਂਪ ਗਿਆ। ਕੰਵਲੋਂ ਨੂੰ ਪਤਾ ਨਹੀਂ ਕੀ ਹੋਇਆ। ਉਹ ਮੇਰੇ ਨਾਲੋਂ ਟੁੱਟ ਗਈ। ਬੋਲਚਾਲ ਮੁੱਕ ਗਿਆ। ਮੈਂ ਕਹਾਣੀ ਲਿਖੀ, ਨਾਂ ਸੀ 'ਦੋਜ਼ਕ ਦੀ ਅੱਗ' ਇਸ ਨਾਂ ਰਖਿਆ। ਉਸ ਉਤੇ ਕੋਈ ਕਾਂਵਿਤਾ ਨਹੀਂ ਲਿਖ ਸਕਿਆ। ਲਗਭਗ ਤਿੰਨ ਸਾਲ ਇਹ ਖੇਡ ਰਹੀ। ਸਭ ਪੈਸੇ ਉਹ ਖਰਚਦੀ।

ਮੈਨੂੰ ਇਹ ਲਾਭ ਹੋਇਆ। ਦਿਮਾਗੀ ਇਸਤਰੀ ਮੋਹ ਵਲੋਂ ਮੈਨੂੰ ਰੂਪਾ ਨੇ ਭਰਪੂਰ ਕਰ ਦਿੱਤਾ ਸੀ। ਇਸਤਰੀ ਸੈਕਸ ਵਲੋਂ ਕੰਵਲੋਂ ਨੇ। ਮੈਂ ਉਸ ਤੋਂ ਬਾਅਦ ਸੂਫ਼ੀ ਜਿਹਾ ਬਣ ਗਿਆ, ਦੋਵੇਂ ਭੁੱਖਾਂ ਲਹਿ ਗਈਆਂ ਜਾਪੀਆਂ ਤੇ ਮਹਿਸੂਸ ਹੋਇਆ ਜਿਸ ਤਰ੍ਹਾਂ ਮੈਂ ਇਹਨਾਂ ਖ਼ਾਹਿਸ਼ਾਂ ਤੋਂ ਸੁਰਖਰੂ ਹੋ ਗਿਆ ਹਾਂ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਉਂਸਪਲ ਕਮਿਸ਼ਨਰ

ਸ਼ਹਿਰ ਦੀ ਮਿਉਂਸਪਲ ਕਮੇਟੀ ਦੀਆਂ ਅਲੈਕਸ਼ਨਾਂ ਆ ਗਈਆਂ। ਉਦੋਂ ਤਿੰਨਾਂ ਸਾਲਾਂ ਬਾਅਦ ਹੁੰਦੀਆਂ ਸਨ। ਮੇਰੀ ਮਰਜ਼ੀ ਖਲੋਣ ਦੀ ਹੋਈ। ਜ਼ਿਲ੍ਹੇ ਨਾਲ ਅਤੇ ਇਲਾਕੇ ਦਿਆਂ ਸਾਥੀਆਂ ਨਾਲ ਸਲਾਹ ਕਰਕੇ ਖਲੋ ਗਿਆ। ਲੋਕ ਮੇਰੀ ਇੱਜ਼ਤ ਕਰਦੇ ਸਨ। ਸਾਰੇ ਖ਼ੁਸ਼ ਹੋਏ। ਮੇਰੇ ਕਮੇਟੀ ਹਲਕੇ ਅੰਦਰ ਸਾਢੇ ਚਾਰ ਸੌ ਦੇ ਕਰੀਬ ਵੋਟਾਂ ਸਨ। ਕਿਲ੍ਹੇ ਵਾਲਾ ਮੁਹੱਲਾ ਮੇਰੇ ਨਾਲ ਸੀ। ਬੇਦੀ ਚਾਚਾ ਰਾਜਿੰਦਰ ਸਿੰਘ ਮੇਰੇ ਨਾਲ ਮੋਹ ਕਰਕੇ ਬੜਾ ਖ਼ੁਸ਼ ਹੋਇਆ।

ਸਾਡੇ ਸ਼ਹਿਰ ਦੀਆਂ ਵੋਟਾਂ ਹੁਣ ਤਕ ਪੁਰਾਣੀ ਸ਼ਕਲ ਵਿਚ ਤੁਰੀਆਂ ਆਉਂਦੀਆਂ ਹਨ। ਤਿੰਨ ਬਾਲਮੀਕ ਠੱਠੀਆਂ ਹਨ। ਉਹ ਸਭ ਗੰਦੇ ਤੇ ਭੈੜੇ ਬੇ-ਇਤਬਾਰੇ ਖਾਊ ਵੋਟਰ ਹਨ ਉਹ ਅਤੇ ਦੂਸਰੇ ਨੰਬਰ ਤੇ ਅੱਸੀ ਫੀ ਸਦੀ, ਜਿਹੜੇ ਹਰੀਜਨ ਪਾਕਿਸਤਾਨੋਂ ਆਏ ਹਨ ਉਹ ਅਤੇ ਜਿਹੜੀਆਂ ਬਾਕੀ ਸਾਊ ਜਾਤੀਆਂ ਦੇ ਐਬੀ ਬੰਦੇ। ਬਾਕੀ ਸਾਰੇ ਧੜੇ ਵਿਚ ਵੰਡੇ ਜਾਂਦੇ। ਇਕ ਮਹੀਨਾ ਪਹਿਲੋਂ ਕੰਮ ਚਲ ਪੈਂਦਾ ਹੈ। ਮੇਰੇ ਹਲਕੇ ਵਿਚ ਠੱਠੀ ਕੋਈ ਨਹੀਂ ਸੀ ਆਉਂਦੀ। ਹਰੀਜਨ ਮੇਰੇ ਨਾਂ ਉਤੇ ਵੰਡੇ ਗਏ। ਮੇਰੇ ਨਾਲ ਕਾਫੀ ਸਨ। ਤਮਾਸ਼ੇ ਦੀ ਗੱਲ ਹੋਈ ਜਿਹਨਾਂ ਦੀ ਖਿਦਮਤ ਅਤੇ ਬਿਮਾਰੀ ਦਾ ਦਵਾ ਦਾਰੂ ਕੀਤਾ ਉਹਨਾਂ ਸਾਡੇ ਖ਼ਿਲਾਫ਼ ਵੋਟਾਂ ਪਾਈਆਂ।

ਬੇਦੀ ਮਹਿੰਦਰ ਸਿੰਘ ਲੰਙਾ, ਕਾ: ਕਸ਼ਮੀਰ ਸਿੰਘ ਇਹ ਗਾਉਂਦਾ ਵੀ ਚੰਗਾ ਸੀ। ਸਾਡੇ ਲਾਗਲੇ ਪਿੰਡਾਂ ਦੇ ਕਾਮਰੇਡ ਸਾਡੇ ਸ਼ਹਿਰ ਦੇ ਸਾਥੀ ਮੇਰੀ ਮਦਦ ਕਰਦੇ ਰਹੇ। ਚਾਚਾ ਰਾਜਿੰਦਰ ਸਿੰਘ ਬੇਦੀ ਅਤੇ ਅੰਮੀਸ਼ਾਹੀਆਂ ਦਾ ਕੁਲਦੀਪ ਇਹ ਤੇ ਮੈਨੂੰ ਸਾਹ ਨਹੀਂ ਸਨ ਲੈਣ ਦਿੰਦੇ। ਬੇਦੀ ਅੰਮੀਸ਼ਾਹੀਆਂ ਕੁਲਦੀਪ ਬਹੁਤੇ ਨਸ਼ੇ ਮਗਰੋਂ ਕਰਨ ਲੱਗ ਪਿਆ ਸੀ, ਹੁਣ ਉਹ ਪਾਗ਼ਲ ਹੈ। ਲੜਦਾ ਝਗੜਦਾ ਨਹੀਂ, ਤੁਰਿਆ ਫਿਰਦਾ ਹਰ ਇਕ ਤੋਂ ਪੈਸੇ ਮੰਗ ਲੈਂਦਾ ਹੈ। ਓਦੋਂ ਸ਼ਾਨਦਾਰ ਸੀ। ਬੱਚੇ ਉਸ ਦੇ ਠੀਕ ਠਾਕ ਨੇ।

ਦੋ ਤਿੰਨ ਜਲਸੇ ਵੀ ਅਸਾਂ ਆਪਣੇ ਹਲਕੇ ਵਿਚ ਕੀਤੇ। ਮੈਂ ਲੋਕਾਂ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੇਵਾ ਕਰਨ ਦੇ ਪ੍ਰਣ ਲਏ । ਕੋਈ ਇਸ਼ਤਿਹਾਰ ਨਹੀਂ ਸ਼ਾਇਆ ਕੀਤਾ । ਕਿਸੇ ਨੂੰ ਪੈਸੇ ਨਹੀਂ ਦਿੱਤੇ । ਸ਼ਾਮ ਨੂੰ ਮੇਰੇ ਹਿਰਦੇ ਦੇ ਸੱਚੇ ਮਿੱਤਰ ਬੇਦੀ ਹਰੀ ਸਿੰਘ ਅਤੇ ਦੂਜਾ ਸਰਦਾਰੀ ਮੱਲੀ ਸ਼ਰਾਬ ਪੀ ਕੇ ਇਕੱਲੇ ਮੇਰੇ ਹਲਕੇ ਵਿਚ ਪ੍ਰਾਪਗੰਡਾ ਕਰਦੇ । ਪੀਣ ਪੂਣ ਵਾਲੇ ਨੂੰ ਪਿਆ ਵੀ ਦਿੰਦੇ । ਬੱਸ ਇਹੋ ਕਹਿੰਦੇ — ਵੋਟ ਦਿਉ ਰਾਹੀ ਸਾਹਿਬ ਨੂੰ ਜੇ ਸ਼ਹਿਰ ਦਾ ਭਲਾ ਚਾਹੁੰਦੇ ਹੋ ਤੇ ਸਾਡਾ ਯਾਰ ਹੈ. ਜਾਨ ਹਾਜਰ ਹੈ ਸਾਡੀ, ਤੁਹਾਡੇ ਲਈ ਯਾਰ ਨੂੰ ਇਕ ਵਾਰੀ ਵੋਟ ਪਾ ਕੇ ਜੈ ਜੈ ਕਰ ਦਿਉ ।......ਉਹਨਾਂ ਦਾ ਲੜਕਾ ਅਮਰਜੀਤ ਵੀ ਬੜਾ ਕੰਮ ਕਰੇ । ਅੱਜ-ਕਲ੍ਹ ਉਹ ਜੰਮੂ ਵਿਚ ਟਰੈਫਿਕ ਦਾ ਪੁਲਿਸ ਇਨਸਪੈਕਟਰ ਲੱਗਾ ਹੋਇਆ ਹੈ । ਬੇਦੀ ਜੀ ਉਹਦੇ ਕੋਲ ਗੁਜਰੇ । ਮੇਰੇ ਮੁਕਾਬਲੇ ਉਤੇ ਬੇਦੀ ਕੋਲਦਾਸ ਖਲੋਤਾ ਹੋਇਆ ਸੀ । ਬੰਦਾ ਉਹ ਮੇਲੀ-ਗੇਲੀ ਤੇ ਭਲਾਮਾਣਸ ਸੀ । ਸ਼ਰਾਬ ਕਾ: ਕਸ਼ਮੀਰੇ ਨੇ ਆਪਣੇ ਪਿੰਡ ਬਖਸ਼ੀਵਾਲ ਤੋਂ ਦੇਸੀ ਕੁਝ ਕੱਢ ਲਿਆਂਦੀ ਸੀ । ਮੈਥੋਂ ਚੋਰੀ ਪੀਂਦੇ । ਮੇਰੀ ਚੰਗੀ ਗੱਲ ਚੜ੍ਹ ਗਈ । ਇਕ ਰਾਤ ਬੇਦੀ ਹਰੀ ਸਿੰਘ, ਸਰਾਫ਼ ਸਰਦਾਰੀ ਮੱਲੀ ਨੇ ਕੋਲਦਾਸ ਨੂੰ ਘਰ ਜਾ ਘੇਰਿਆ — ਕੋਲਿਆ......ਮੱਲੀ ਨੇ ਆਖਿਆ — ਆਹ ਲੈ ਹਜ਼ਾਰ ਰੁਪਿਆ ਤੇ ਬਹਿ ਜਾ, ਸਾਡੇ ਯਾਰ ਨੂੰ ਹੋ ਲੈਣ ਦੇ ਬਿਨਾਂ ਮੁਕਾਬਲਾ । ਪਰ ਉਹ ਮੰਨਿਆਂ ਨਾ । ਸਰਾਫ਼ ਸਰਦਾਰੀ ਮੱਲੀ ਬੜੇ ਅਜੀਬ ਸੁਭਾਅ ਦਾ ਬੰਦਾ ਹੈ, ਕੋਲੇ ਨੂੰ ਕਹਿਣ ਲੱਗਾ — ਜਾ ਬਾਵਾ ਜੇ ਕਾਮਯਾਬ ਹੋ ਜਾਵੇਗਾ ਤਾਂ ਸਾਡਾ ਨੱਕ ਕਟਵਾ ਦੇਈਂ ਜਾ ਤੈਨੂੰ ਆਖ਼ਰੀ ਵਾਰ ਕਹਿ ਛੱਡਿਆ ਈ । ਕੁਝ ਹੁੱਜਤਾਂ ਬੇਦੀ ਹਰੀ ਸਿੰਘ ਨੇ ਵੀ ਕੀਤੀਆਂ ।

ਮੇਰੇ ਇਸ ਹਲਕੇ ਵਿਚ ਰਾਮਗੜ੍ਹੀਆਂ ਦੇ ਵੋਟ ਨਹੀਂ ਸਨ । ਸਿਰਫ਼ ਚਾਚਾ ਹਰੀ ਸਿੰਘ ਏਥੇ ਸੀ ਅਤੇ ਵਿਧਵਾ ਚਾਚੀ ਕਰਤਾਰ ਕੌਰ । ਦੋਵੇਂ ਆਪਣੇ ਜੋਗੇ । ਚਾਚੇ ਹਰੀ ਸਿੰਘ ਦੇ ਨਾਂ ਬਾਬਾ ਪਾਲਾ ਸਿੰਘ ਮਰਨ ਲੱਗਾ ਸਾਰੀ ਜਾਇਦਾਦ ਲਵਾ ਗਿਆ ਸੀ । ਉਸ ਦਾ ਨੌਂਹ ਨਾਲ ਚੰਗਾ ਮੇਲ ਜੋਲ ਸੀ । ਚਾਚਾ ਹਰੀ ਸਿੰਘ ਸਾਡੇ ਕਬੀਲੇ ਦਾ ਸਭ ਤੋਂ ਨਿਕੰਮਾ ਆਦਮੀ ਸੀ । ਕਲਕੱਤੇ ਸਾਰਾ ਕੰਮ ਚਾਚਾ ਅਮਰ ਸਿੰਘ ਚਲਾਉਂਦਾ ਸੀ । ਡੇਰੇ ਵੱਲ ਜਿੰਨੇ ਰਾਹ ਜਾਂ ਸੜਕਾਂ ਆਉਂਦੀਆਂ ਪਹਿਲੋਂ ਠੇਕੇਦਾਰ ਪਾਲਾ ਸਿੰਘ ਦੇ ਖੂਹ ਤੇ ਜ਼ਮੀਨ ਆਉਂਦੀ । ਸਾਰੀ ਗਲੀ ਵਿਚ ਉਸ ਦੇ ਮਹੱਲ । ਮਰਨ ਲੱਗਾ ਇਹ ਕਾਰਾ ਕਰ ਗਿਆ । ਇਸ ਸਦਮੇ ਨਾਲ ਕਲਕੱਤੇ ਚਾਚੇ ਅਮਰ ਸਿੰਘ ਦਾ ਹਾਰਟ ਫੇਲ੍ਹ ਹੋ ਗਿਆ । ਚਾਚੀ ਪ੍ਰਕਾਸ਼ ਕੌਰ ਵਿਧਵਾ ਹੋ ਗਈ । ਚਾਚਾ ਹਰੀ ਸਿੰਘ ਸਾਧਾਂ ਸੰਤਾਂ ਮਗਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੱਗ ਕੇ ਚੋਰੀ ਅਫ਼ੀਮ ਖਾ ਕੇ ਲੱਖਾਂ ਦੀ ਜਾਇਦਾਦ ਕੌਡੀਆਂ ਦੇ ਭਾਅ ਵੇਚ ਗਿਆ ਸੀ । ਜਦ ਮਰਿਆ ਦਿੱਲੀ ਜਾ ਕੇ ਪੁੱਤਰ ਬਲਬੀਰ ਸਿੰਘ ਕੋਲ ਮਰਿਆ । ਇਕ ਵੱਡਾ ਮਕਾਨ ਰਹਿ ਗਿਆ । ਉਹ ਮਕਾਨ ਪ੍ਰਜਾਪਤ ਹਲਵਾਈਆਂ ਨੇ ਸੌਦੇ ਦੇ ਦੇ ਕੇ ਲੈ ਲਿਆ । ਅੱਜ ਦੇ ਹਿਸਾਬ ਨਾਲ ਉਹ ਜਾਇਦਾਦ ਪੰਜ ਲੱਖ ਤੋਂ ਘੱਟ ਨਾ ਹੁੰਦੀ । ਠਾਣੇ ਦਾ ਖੂਹ ਡਾਕਖ਼ਾਨੇ ਤੇ ਲਾਗਲੀ ਜ਼ਮੀਨ ਦੁਕਾਨਾਂ ਤੇ ਪਾਲਾ ਸਿੰਘ, ਪਾਲਾ ਸਿੰਘ ਹੁੰਦੀ ਸੀ । ਸਭ ਭੰਗ ਦੇ ਭਾੜੇ ਗਿਆ । ਅੱਜ ਹੈ ? ਠੂਣ ਠੂਣ ਗੋਪਾਲ ।

ਚਾਚੇ ਹਰੀ ਸਿੰਘ ਦਾ ਲੜਕਾ ਬਲਬੀਰ ਸਿੰਘ ਮੇਰੀ ਮਦਦ ਕਰਦਾ ਸੀ । ਮੇਰੇ ਨਾਲ ਬੇਦੀ ਹਰੀ ਸਿੰਘ ਚਾਚੇ ਹਰੀ ਸਿੰਘ ਕੋਲ ਗਿਆ — ਸਰਦਾਰ ਹਰੀ ਸਿੰਘ ਤੇਰੇ ਭਤੀਜੇ ਰਾਹੀ ਨੇ ਹੋ ਜਾਣਾ ਹੈ, ਤੂੰ ਵੀ ਵੋਟ ਪਾ ਛੱਡ ਤੇਰੇ ਸਕੇ ਤਾਏ ਦਾ ਪੋਤਰਾ ਹੈ । ਤੇਰਾ ਸਕਿਆਂ ਵਰਗਾ ਭਤੀਜਾ ।......ਚਾਚਾ ਹਰੀ ਸਿੰਘ ਨਾ ਮੰਨਿਆਂ ਹੌਲੀ ਨਾਲ ਕਹਿਣ ਲੱਗਾ — ਇਹ ਰੱਬ ਨੂੰ ਮੰਨਦਾ ਨਹੀਂ ਸਾਧਾਂ ਸੰਤਾਂ ਨੂੰ ਨਹੀਂ ਮੰਨਦਾ ਇਹਦੀ ਪਾਰਟੀ ਵੀ ਕੀ ਹੈ ? ਇਸ ਨੂੰ ਅਸਾਂ ਵੋਟ ਨਹੀਂ ਪਾਉਣਾ ।......ਬੇਦੀ ਹਰੀ ਸਿੰਘ ਨੂੰ ਕੁਝ ਨਿੱਕਾ ਗ਼ੁੱਸਾ ਆਇਆ — ਸ: ਹਰੀ ਸਿੰਘ ਇਸ ਨੇ ਹੋ ਜਾਣਾ ਹੈ ਤੂੰ ਮੂੰਹ ਕਾਲਾ ਕਰਾਉਣੇ ਕਰਵਾਈ ਜਾ ।......ਪਰ ਚਾਚੀ ਕਰਤਾਰ ਕੌਰ ਨੇ ਚੁੱਪ ਕਰਕੇ ਵੋਟ ਮੈਨੂੰ ਪਾਇਆ । ਉਹਦੀ ਮੇਰੇ ਨਾਲ ਵਾਹਵਾ ਸੁਲਾਹ ਸੀ । ਮੇਰੀ ਟੌਹਰੀ ਚਾਚੀ ਹੈ ।

ਆਖ਼ਰੀ ਰਾਤ ਕਸ਼ਮੀਰੇ ਅਤੇ ਹੋਰਨਾਂ ਕੁਝ ਕਾਮਰੇਡਾਂ ਨੇ ਸ਼ਹਿਰ ਵਾਲਿਆਂ ਬੇਦੀ ਰਾਜਿੰਦਰ ਸਿੰਘ ਹੋਰਾਂ ਰਾਹਾਂ ਵਿਚ ਮੰਜੀਆਂ ਡਾਰ ਛੱਡੀਆਂ ਕਿ ਕੋਈ ਰਾਤ ਬਰਾਤੇ ਆ ਕੇ ਵੋਟ ਨਾ ਖ਼ਰਾਬ ਕਰ ਦਏ । ਇਹੋ ਕਹਿਣ ਇਹ ਕਤਲ ਦੀ ਰਾਤ ਹੈ ਜਾਗਦੇ ਰਹੋ ।

ਵੱਡੇ ਚਾਚਾ ਜੀ ਇਕ ਹਫ਼ਤਾ ਪਹਿਲੋਂ ਆ ਗਏ ਸੀ । ਗਲੀ ਦੇ ਸਿਰੇ ਉਤੇ ਦੇਸੇ ਹਲਵਾਈ ਦੀ ਹੱਟੀ ਅੱਗੇ ਕੁਰਸੀ ਮੇਜ਼ ਰੱਖ ਕੇ ਬਹਿ ਗਏ । ਸ਼ਾਮ ਵੇਲੇ ਹਲਵਾਈ ਨੂੰ ਹੁਕਮ ਚਾੜ੍ਹ ਦਿੱਤਾ — ਜੋ ਵਰਕਰ ਆਏ ਜਿਸ ਵੇਲੇ ਆਏ ਚਾਹ ਪਿਆਈਂ ਜਾ, ਇਕ ਲੱਡੂ ਨਾਲ ਦਈ ਜਾ ।......ਇਹ ਹਫ਼ਤਾ ਵਰਕਰਾਂ ਤੇ ਵੋਟਰਾਂ ਨੇ ਮੌਜ ਮਾਣ ਲਈ ।......ਨੋਟਾਂ ਦੀ ਥੱਬੀ ਮੇਜ਼ ਉਤੇ ਰੱਖ ਕੇ ਕਹਿਣ ਲੱਗੇ — ਹਰੇ ਨੋਟਾਂ ਦੀਆਂ ਥੱਬੀਆਂ ਲੈ ਕੇ ਆਇਆਂ ਨੋਟਾਂ ਨਾਲ ਕੋਈ ਰਾਹੀ ਤੋਂ ਨਹੀਂ ਜਿੱਤ ਸਕਦਾ ।

ਵੋਟਾਂ ਪਈਆਂ, ਮੈਂ ਜਿੱਤ ਗਿਆ । ਡੇਢ ਸੌ ਵੋਟ ਮੈਨੂੰ ਪਈ, ਪੰਜਾਹ

CC-0. In Public Domain. Gurukul Kangri Collection, Haridwar

ਬੇਦੀ ਕੌਲਦਾਸ ਨੂੰ। ਸਾਡੀ ਗਲੀ ਦੇ ਪਾਲਾ ਰਾਮ ਨੇ ਆਪਣਾ ਘੋੜਾ ਲਿਆਂਦਾ । ਮੇਰੇ [illegible] ਸਿੰਘ ਦੇ ਘਰ ਅੱਗੇ ਬੇਦੀ ਹਰੀ ਸਿੰਘ ਤੇ ਚਾਚੇ ਭਗਵਾਨ ਨੇ ਮੁੰਡਿਆਂ ਤੋਂ ਭੜਥੂ ਪਵਾਇਆ । ਮੈਂ ਜ਼ੋਰ ਨਾਲ ਹਟਵਾ ਦਿੱਤਾ ਬਲਬੀਰ ਸਿੰਘ ਨਾਲ ਸੀ, ਉਹ ਵੀ ਭੰਗੜਾ ਪਾ ਰਿਹਾ ਸੀ ।

Digitized by Arya Samaj Foundation Chennai and eGangotri

ਰਾਤ ਨੂੰ ਵੱਡੇ ਚਾਚਾ ਜੀ ਨੇ ਬੇਦੀ ਹਰੀ ਸਿੰਘ ਤੇ ਸਰਦਾਰੀ, ਮੱਲੀ ਤੇ ਬੇਦੀ ਰਾਜਿੰਦਰ ਸਿੰਘ ਨੂੰ ਸੱਦ ਕੇ ਖ਼ੂਬ ਮੱਛੀ ਬਣਾਈ । ਵਲਾਇਤੀ ਸ਼ਰਾਬ ਉਹ ਆਪ ਨੂੰ ਲੈ ਕੇ ਆਏ ਹੋਏ ਸਨ । ਦੇਸੀ ਠੇਕੇ ਤੋਂ ਲੈ ਆਂਦੀ । ਵੱਡੀ ਚਾਚੀ ਵੀ ਆਈ ਸੀ । ਵੋਟ ਉਸ ਦਾ ਡੇਰੇ ਸੀ । ਵਰਕਰਾਂ ਦਾ ਤੇ ਚਾਚਾ ਜੀ ਨੇ ਆਪਣਿਆਂ ਯਾਰਾਂ ਦਾ ਜਸ਼ਨ ਕਰਾਇਆ । ਬੇਦੀ ਹਰੀ ਸਿੰਘ ਮੱਲੀ ਰਾਜਿੰਦਰ ਸਿੰਘ ਸਾਰੇ ਚਾਚਾ ਜੀ ਦੇ ਵੀ ਯਾਰ ਸਨ ।

ਸ਼ਰਾਬ ਦੇ ਲੋਰ ਵਿਚ ਮੈਨੂੰ ਕਹਿਣ ਲੱਗੇ — ਜਸਵੰਤ ਇਕ ਕੰਮ ਕਰੀਂ ਕਮੇਟੀ ਵਿਚ ਜਾ ਕੇ ਇਸ ਗਲੀ ਦਾ ਨਾਂ ਗਲੀ ਜਸਵਾਲੀਆਂ ਰੱਖ ਦੇਵੀਂ ।

ਮੈਂ ਉਹਨਾਂ ਦੀ ਇਹ ਤਮੰਨਾਂ ਪੂਰੀ ਨਾ ਕਰ ਸਕਿਆ । ਕਮੇਟੀ ਵਿਚ ਹਾਲ ਹੀ ਅਜੀਬ ਸੀ । ਪ੍ਰਧਾਨ ਕਿਸੇ ਨੂੰ ਚੁਣ ਨਾ ਸਕੇ । ਬੇਦੀ ਗੁਰਦਿਆਲ ਸਿੰਘ ਅੰਮੀਸ਼ਾਹੀਆ ਕਾਂਗਰਸੀ ਸੀ, ਉਸ ਨੇ ਡੀ. ਸੀ. ਨਾਲ ਗੱਲ ਕੀਤੀ । ਡੀ. ਸੀ. ਨੇ ਉਹਨਾਂ ਨੂੰ ਪ੍ਰਧਾਨ ਨਾਮਜ਼ਦ ਕਰ ਦਿੱਤਾ । ਸਾਡੇ ਸਾਰਿਆਂ ਮੈਂਬਰਾਂ 'ਚੋਂ ਕੋਈ ਮੈਂਬਰ ਭਲਾਮਾਣਸ-ਮੱਕਾਰ ਤੇ ਬੇਰਹਿਮ ਚਾਲਬਾਜ਼ ਸੀ ਤਾਂ ਉਹ ਸੀ ਕਾ: ਹਰਬੰਸ ਸਿੰਘ ਸੋਢੀ । ਤਿੰਨ ਸਾਲ ਉਹ ਕਮੇਟੀ ਨੂੰ ਧੱਕੇ ਖਵਾਉਂਦਾ ਰਿਹਾ । ਪਾੜ ਪਾਉਂਦਾ ਰਿਹਾ । ਆਪ ਕਮਾਈ ਕਰਦਾ ਰਿਹਾ । ਮੇਰੀਆਂ ਟੱਕਰਾਂ ਹੋਣੀਆਂ । ਕਿਸੇ ਕੰਮ ਨਾ ਆਉਣੀਆਂ । ਮੈਂ ਬੇਵੱਸ ਹੁੰਦਾ ਰਿਹਾ । ਜਾਤੀ ਕੰਮ ਮੈਂ ਲੋਕਾਂ ਦੇ ਬੇਗਰਜ਼ ਕਰਦਾ ਰਿਹਾ । ਮੇਰੀ ਇੱਜ਼ਤ ਬਣੀ ਰਹੀ ।

ਦੂਜੇ ਦਿਨ ਸਾਡੇ ਬਾਜ਼ਾਰ ਜੋੜੀਆਂ ਵਿਚ ਮੇਰੇ ਘਰ ਵਲ ਤੁਰੇ ਆਉਂਦੇ ਕਾ: ਟਪਿਆਲਾ, ਡੇਢ ਗਵਾਰ, ਧੰਨੀ ਹੰਕਾਰੀ ਤੇ ਪਰਮਿੰਦਰ ਸਿੰਘ ਮਿਲ ਪਏ । ਟਪਿਆਲੇ ਨੇ ਆਖਿਆ — ਉਸਤਾਦ ਮੁਬਾਰਕਾਂ ਹੋਣ ਬੜੀ ਖ਼ੁਸ਼ੀ ਹੋਈ ਤੈਨੂੰ ਮਿਲਣ ਆਏ ਹਾਂ । ਉਹ ਦੋਵੇਂ ਜੱਟੂਉ ਨਹੀਂ ਬੋਲੇ — ਦੰਦ ਕਢ ਕੇ ਚੁੱਪ ।......ਘਰ ਨਾ ਆਏ, ਬਾਹਰੋਂ ਚਲੇ ਗਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਤਕ ਇਜਲਾਸ

ਉੱਨੀ ਸੌ ਸੱਠ ਵਿਚ ਲੋਕ ਲਿਖਾਰੀ ਸਭਾ ਦਾ ਬੜਾ ਵੱਡਾ ਇਜਲਾਸ ਰਾਮ ਬਾਗ਼ ਅੰਮ੍ਰਿਤਸਰ ਵਿਚ ਹੋਇਆ । ਡਾ: ਕਰਨਜੀਤ ਸਿੰਘ, ਡਾ: ਕੁਲਬੀਰ ਸਿੰਘ ਕਾਂਗ, ਬਾਵਾ ਘਣਸ਼ਾਮ ਇਹ ਸਨ ਮੋਹਰੀ । ਅੰਮ੍ਰਿਤਸਰ ਦੀ ਲੋਕ ਲਿਖਾਰੀ ਸਭਾ ਪੰਜਾਬੀ ਵਿਚ ਸਭ ਤੋਂ ਪੁਰਾਣੀ ਸਾਹਿਤ ਸਭਾ ਹੈ। ਤਰੱਕੀ ਪਸੰਦੀ ਦਾ ਬੀੜਾ ਇਸ ਨੇ ਚੁੱਕਿਆ । ਬਕਾਇਦਾ ਇਹ ਸਾਹਿਤਕ ਹੁੰਦੀ ਹੋਈ ਪਾਰਟੀ ਲੀਡਰ ਨਾਲ ਚਲਦੀ ਸੀ । ਉਦੋਂ ਪਰ ਆਪਣੀ ਮਰਜ਼ੀ ਨਾਲ ਕਾਫ਼ੀ ਇਜਲਾਸ ਕਰਦੀ । ਅੰਮ੍ਰਿਤਸਰ ਵਿਚ ਪਾਰਟੀ ਜਲਸੇ ਦੀਆਂ ਦਰੀਆਂ ਵਿਛਾਣ ਤੋਂ ਲੈ ਕੇ ਸਟੇਜ ਮੰਗਾਉਂਦੀ । ਬਾਵਾ ਘਣਸ਼ਾਮ ਸੁਥਰਿਆਂ ਵਾਂਗ ਡੰਡਾ ਵਜਾ ਵਜਾ ਕੇ ਕਾਂਗਰਸ ਦੇ ਖ਼ਿਲਾਫ਼ ਅਤੇ ਪਾਰਟੀ ਦੇ ਹੱਕ ਵਿਚ ਗੀਤ ਬੋਲਦਾ । ਮੈਂ ਹਰ ਚੰਗੇ ਖ਼ਾਸ ਪ੍ਰੋਗਰਾਮ ਵਿਚ ਹਾਜ਼ਰੀ ਭਰਦਾ । ਇਸ ਸਭਾ ਨੇ ਬਾਹਰੋਂ, ਦੂਜੇ ਸੂਬਿਆਂ ਤੋਂ ਅਤੇ ਵੱਡੇ ਸਾਹਿਤਕਾਰ ਪਾਕਿਸਤਾਨੋਂ ਆਏ ਅਤੇ ਰੂਸ 'ਚੋਂ ਆਏ ਕਲਮਕਾਰਾਂ ਦੇ ਵੀ ਸਵਾਗਤ ਕੀਤੇ । ਇਸ ਸਭਾ ਦੀ ਇਕ ਵੱਖਰੀ ਹਿਸਟਰੀ ਹੈ । ਹੋ ਸਕਦਾ ਹੈ ਕੋਈ ਲਿਖੇ । (ਅੱਜ ਕੱਲ੍ਹ ਦੌੜ ਹੋਈ ਪਈ ਹੈ ਨਾ ਹੋਇਆਂ ਵਰਗੀ । ਮੈਂ, ਤੇ ਕਾਂਗ ਪ੍ਰਵਾਨਾ ਹੋਰਾਂ ਵੀ ਉਸ ਨਾਲ ਟੁੱਟ ਕੇ ਇਕ ਹੋਰ ਮਤਲਬ ਦਾ ਪਾਖੰਡ ਰਚਾਇਆ ਹੋਇਆ ਹੈ। ਇਹੋ ਜਿਹੇ ਪਾਖੰਡ ਸਾਰੇ ਪੰਜਾਬ ਸਣੇ ਕੇਂਦਰੀ ਲੇਖਕ ਸਭਾ ਵੀ ਅੱਜ ਕੱਲ੍ਹ ਰਚਾ ਰਹੀ ਹੈ । ਨਹਾਇਤ ਪਿਛਾਂਹ ਖਿੱਚੂ ਕੰਮ ਕਰਦੀ ਹੈ। ਇਸ ਸਭਾ ਉਤੇ ਪਾਰਟੀ ਫਰੈਕਸ਼ਨ ਠੋਕਦੀ ਸੀ ਅਸੀਂ ਨਾ ਮੰਨੇ । ਜਿਹੜਾ ਫਰੈਕਸ਼ਨ ਲੀਡਰ ਸੀ ਉਸ ਨੂੰ ਕੱਖ ਲਿਖਣਾ ਨਹੀਂ ਸੀ ਆਉਂਦਾ ਟਰੇਡ ਯੂਨੀਅਨ ਵਾਂਗ ਵੋਟਾਂ ਨਾਲ ਬਣਾ ਮਾਰਿਆ । ਪਹਿਲਾ ਬਾਗ਼ੀ ਮੈਂ ਸਾਂ — ਮੈਂ ਵੀਹਾਂ ਪੁਸਤਕਾਂ ਦਾ ਕਰਤਾ, ਮਸ਼ਹੂਰ ਅਲੋਚਕ ਕਾਂਗ ਹੋਰ ਕਿਤਨੇ ਬਾਵਾ ਘਣਸ਼ਾਮ ਅਸੀਂ ਇਸ ਦੀ ਲੀਡਰੀ ਮੰਨੀਏ, ਮੂਰਖ ਨਹੀਂ । ਅਸੀਂ ਸਾਹਿਤਕਾਰ ਹਾਂ ਆਪਣੇ ਜਿਹੇ ਦੀ ਲੀਡਰੀ ਮੰਨਾਂਗੇ (ਪ੍ਰਿੰਸੀਪਲ ਸੁਜਾਨ ਸਿੰਘ ਵੀ ਜ਼ਾਬਤੇ ਦਾ ਬੱਧਾ ਸਾਡੇ ਖ਼ਿਲਾਫ਼ ਰਿਹਾ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਮ ਬਾਗ਼ ਪੰਡਾਲ ਲਾਇਆ ਗਿਆ। ਸਾਹਿਤ ਉਤੇ ਪਰਚਾ ਕਰਨਜੀਤ ਸਿੰਘ ਨੇ ਲਿਖਿਆ। ਇਹਨੇ ਬੜੀ ਮਿਹਨਤ ਕੀਤੀ। ਡੀ. ਸੀ. ਨੂੰ ਨਾਲ ਲਿਆ। ਰੋਟੀ ਦਾ, ਰਹਿਣ ਬਹਿਣ ਦਾ ਆਪਣੀ ਕਿਸਮ ਦਾ ਇਹ ਇਜਲਾਸ ਸੀ। ਪੰਜਾਬ ਵਿਚੋਂ ਭਰਵੇਂ ਕਲਮਕਾਰ ਆਏ। ਉੱਚਾ ਸਟੇਜ ਬਣਾਇਆ। ਰੌਸ਼ਨੀ ਠੀਕ ਜਾਪਦੀ ਜਿਵੇਂ ਕਿਸੇ ਸ਼ੋਸਲਿਸਟ ਮੁਲਕ ਦੇ ਲਿਖਾਰੀਆਂ ਦਾ ਇਕੱਠ ਹੈ।

ਸੱਯਦ ਸੱਜਾਦ ਜਹੀਰ, ਯਸ਼ਪਾਲ ਲਖਨਊ, ਰੂਸੀ ਅੰਬੈਸੀ ਵਿਚੋਂ ਵੀ ਕੋਈ ਆਇਆ ਸੀ ਪੂਰਾ ਚੇਤਾ ਨਹੀਂ। ਜੋਸ਼ ਮਲਸੀਆਨੀ, ਵਿਧਾਤਾ ਸਿੰਘ ਤੀਰ, ਮੈਂ ਇਸ ਤਰ੍ਹਾਂ ਦੇ ਉੱਚੇ ਸਾਹਿਤਕਾਰ ਇਕੱਠੇ ਪਹਿਲੀ ਵਾਰੀ ਵੇਖੇ ਸੀ। ਕੰਮ ਇਸ ਤਰ੍ਹਾਂ ਵੰਡੇ ਹੋਏ ਸਨ ਕਿ ਕਿਸੇ ਨੂੰ ਕੋਈ ਤਕਲੀਫ਼ ਨਹੀਂ ਸੀ ਹੁੰਦੀ। ਸਭਾ ਦਾ ਮੋਹਰੀ ਕਰਨਜੀਤ ਸਿੰਘ ਸੀ। ਸਟੇਜ ਉਤੋਂ ਹਿੰਦੁਸਤਾਨ ਦੇ ਨਾਮਵਰ ਕਲਮਕਾਰਾਂ ਨਾਲ ਭਰੀ ਰਹਿੰਦੀ। ਪਿੱਛੇ ਕੁਰਸੀਆਂ ਦੀ ਕਤਾਰ। ਪਾਰਟੀ ਦੇ ਲਿਖਾਰੀ ਵੀ ਜਿੰਨੇ ਨਰੋਏ ਸਨ, ਆਏ ਹੋਏ ਸੀ। ਜਿਹੜਾ ਪਰਚਾ ਕਰਨਜੀਤ ਨੇ ਪੜ੍ਹਿਆ ਉਸ ਵਿਚ ਮੇਰਾ ਵੀ ਜ਼ਿਕਰ ਸੀ ਅਤੇ ਮੇਰੀ ਕਵਿਤਾ ਦੇ ਇਕ ਦੋ ਨਮੂਨੇ ਵੀ ਦਿੱਤੇ ਹੋਏ ਸਨ। ਪਹਿਲੀ ਵਾਰੀ ਕਰਨਜੀਤ ਸਿੰਘ ਨੇ ਮੈਨੂੰ ਪਰਚੇ ਵਿਚ ਲਿਆਂਦਾ। ਮੈਨੂੰ ਉਹ ਬਹੁਤ ਪਸੰਦ ਸੀ। ਸੁਭਾਅ ਵਲੋਂ ਇਖ਼ਲਾਕ ਤੇ ਗੱਲ-ਬਾਤ ਮੇਲ ਜੋਲ ਤਹੱਮਲ ਵਲੋਂ ਇਸ ਤਰ੍ਹਾਂ ਵਿਚਰ ਰਿਹਾ ਸੀ ਜਿਸ ਤਰ੍ਹਾਂ ਬੜੇ ਸੌਖੇ ਢੰਗ ਨਾਲ ਮੱਛੀ ਬੇ-ਫ਼ਿਕਰ ਹੋ ਕੇ ਦਰਿਆ ਵਿਚ ਵਿਚਰਦੀ ਹੈ। ਹਿਸਾਬ ਕਿਤਾਬ ਵੀ ਫਿਟ ਫ਼ਾਟ ਰੱਖਦਾ। ਪੰਦਰਾਂ ਦਿਨਾਂ ਬਾਅਦ ਡੀ. ਸੀ. ਨੂੰ ਵੀ ਹਿਸਾਬ ਦੇ ਦਿੱਤਾ। ਉਹ ਵੀ ਇਸ ਸਭਾ ਦੇ ਇਜਲਾਸ ਦਾ ਕੋਈ ਖ਼ਾਸ ਰੁਕਨ ਸੀ।

ਖ਼ੂਬ ਬਹਿਸਾਂ ਹੋਈਆਂ ਦੋ ਦਿਨ। ਸੱਯਦ ਜਹੀਰ, ਯਸ਼ਪਾਲ ਹੋਰ ਵੀ ਕਈ ਬੋਲੇ, ਜਿੰਨੀ ਬਹਿਸ ਹੋਈ ਬਹੁਤ ਚੰਗੀ ਹੋਈ। ਸਰੋਤੇ ਖ਼ੁਸ਼, ਬੁਲਾਰੇ ਰਾਜ਼ੀ, ਦਰਸ਼ਕ ਹੈਰਾਨ ਕਿ ਇੰਨੇ ਸਾਰੇ ਕਲਮਕਾਰ ਕਿਥੋਂ ਆ ਗਏ। ਹਰ ਕੋਈ ਹੱਸਦਾ ਖੇਡਦਾ ਟਿਚਕਰ ਕਰਦਾ ਲਤੀਫ਼ੇ ਸੁਣਾਉਂਦਾ ਮਖ਼ੌਲ ਕਰਦਾ ਪਰ ਦੂਜ ਭਾਵ ਕਿਸੇ ਅੰਦਰ ਨਹੀਂ ਸੀ ਜੇ ਹੋਏਗਾ ਤਾਂ ਉਹ ਜ਼ਾਹਿਰ ਕਰਨ ਦੀ ਹਿੰਮਤ ਨਹੀਂ ਸੀ ਕਰ ਸਕਦਾ। ਗੱਠਿਆ ਹੋਇਆ ਪ੍ਰੋਗਰਾਮ। ਸੋਵੀਅਤ ਦੇਸ਼ ਵਿਚ ਵੀ ਫੋਟੋਆਂ ਤੇ ਰਿਪੋਰਟ ਨਿਕਲੀ ਸੀ।

ਵਿਚਲੀ ਰਾਤੇ ਕਵੀ ਦਰਬਾਰ ਹੋਇਆ। ਪ੍ਰੀਤਲੜੀ ਵਾਲੇ ਆਮ ਸਨ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖ਼ਾਸ ਨਹੀਂ । ਹੋ ਸਕਦਾ ਤੇ ਉੱਚਿਆਂ ਨਾਲ ਬਰ ਮੇਚ ਕਰੇ ਲੋਕ ।

ਉਰਦੂ ਵਾਲੇ, ਹਿੰਦੀ ਵਾਲੇ, ਪੰਜਾਬੀ ਵਾਲੇ ਸਾਰੇ ਬੋਲੇ ਬਹੁਤ ਚੰਗਾ ਕਵੀ ਦਰਬਾਰ ਹੋਇਆ । ਇਹੋ ਜਿਹਾ ਕਵੀ ਦਰਬਾਰ ਵੀ ਮੇਰੀ ਜ਼ਿੰਦਗੀ ਵਿਚ ਪਹਿਲਾ ਸੀ । ਇਹੋ ਜਿਹਾ ਮਸ਼ਹੂਰ ਮਕਬੂਲ ਤੇ ਨਾਮਵਰ ਕਲਮਕਾਰਾਂ ਨਾਲ ਮੇਰੀ ਪਹਿਲੀ ਸੰਗਤ ਸੀ । ਮੇਰਾ ਬਰ ਵੀ ਉਹਨਾਂ ਦੇ ਲੰਮਿਆਂ ਬਰਾਂ ਤੇ ਉੱਚਿਆਂ ਕੱਦਾਂ ਵਿਚ ਖਲੋਤਾ ਬੈਠਾ । ਗੱਲਾਂ ਕੀਤੀਆਂ । ਮੇਰੇ ਅੰਦਰ ਨਵਾਂ ਉਤਸ਼ਾਹ ਪੈਦਾ ਹੋਇਆ । ਉਰਦੂ ਵਿਚ ਮੈਂ ਜਿੰਨਾ ਪੜ੍ਹਦਾ ਜਿਸ ਹਿੰਦੀ ਵਾਲੇ ਯਸ਼ਪਾਲ ਨੂੰ ਅੰਬਾਲੇ ਜੇਲ੍ਹ ਵਿਚ ਅਤੇ ਜਿਸ ਦਾ ਹਿੰਦੀ ਪਰਚਾ ਵਿਪੱਲਵ ਲਾਹੌਰ ਮੈਂ ਲੁਕਾ ਕੇ ਵੇਚਿਆ ਹੋਇਆ ਸੀ । ਇਸ ਇਜਲਾਸ ਨੇ ਉਸ ਨਾਲ ਮੇਰੀ ਜੱਫੀ ਪਵਾਈ । ਮੈਨੂੰ ਆਪਣੇ ਅੰਦਰ ਸਾਹਿਤਕ ਭੰਡਾਰ ਦੱਬਿਆ ਹੋਇਆ ਜਾਪਿਆ ਜਿਸ ਨੂੰ ਇਸ ਲੋਕ ਲਿਖਾਰੀ ਸਭਾ ਦੇ ਅਜਲਾਸ ਨੇ ਫੋਲਿਆ ਤੇ ਮੈਨੂੰ ਕਿਹਾ ਕਿ ਤੂੰ ਵੀ ਗਿਣਤੀ ਵਿਚ ਹੈਂ । ਕਰਨਜੀਤ ਦੇ ਨੇੜੇ ਮੈਂ ਉਥੇ ਬਹੁਤ ਹੋ ਗਿਆ ਸਾਂ । ਕਾਂਗ ਤੇ ਬਾਵਾ ਘਣਸ਼ਾਮ ਨਾਲ ਤੇ ਉਮਰ ਲੰਘਦੀ ਰਹੀ ਹੈ (ਸੱਚ ਕਹਿਣ ਲੱਗਾ ਹਾਂ ਹੁਣ ਉਹਨਾਂ ਤਿੰਨਾਂ ਵਿਚੋਂ ਉਸ ਤਰ੍ਹਾਂ ਕੋਈ ਵੀ ਕਮਿਊਨਿਸਟ ਪਾਰਟੀ ਨਾਲ ਨਹੀਂ ਹੈ ਸਣੇ ਮੇਰੇ) ਪਾਰਟੀ ਨੂੰ ਆਪਣਿਆਂ ਦੀ ਪਛਾਣ ਹੀ ਨਹੀਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਅਸੈਂਬਲੀ ਅਲੈਕਸ਼ਨ ਲੜੀ

ਉੱਨੀ ਸੌ ਇਕਾਟ ਪੈਂਹਟ ਦੀਆਂ ਪੰਜਾਬ ਅਸੈਂਬਲੀ ਦੀਆਂ ਅਲੈਕਸ਼ਨਾਂ ਆ ਗਈਆਂ। ਡੇਰੇ ਬਾਬੇ ਨਾਨਕ ਜਿਲ੍ਹਾ ਕੌਂਸਲ ਦੀ ਮੀਟਿੰਗ ਹੋਈ। ਇਲਾਕੇ ਦੇ ਸਾਥੀ ਵੀ ਸੱਦੇ ਗਏ। ਕਾ: ਫੌਜਾ ਸਿੰਘ ਭੁੱਲਰ ਸੂਬੇ ਵਲੋਂ ਆਇਆ। ਅਲੈਕਸ਼ਨ ਦੀ ਗੱਲ ਸ਼ੁਰੂ ਹੋਈ। ਮੇਰਾ ਨਾਂ ਆਇਆ ਸਰਵ ਸੰਮਤੀ ਹੋ ਗਈ।

ਮੁੜ ਕੇ ਪਿੰਡ ਧਾਰੋਵਾਲੀ ਵਿਚ ਖੁੱਲ੍ਹੀ ਮੀਟਿੰਗ ਹੋਈ। ਜਿਲ੍ਹਾ ਕੌਂਸਲ ਦੀ ਵਧਾ ਕੇ, ਕਾਫ਼ੀ ਹਾਜ਼ਰੀ ਸੀ। ਇਹ ਮੀਟਿੰਗ ਉਥੋਂ ਕਾ: ਬੂਆ ਸਿੰਘ ਦੇ ਘਰ ਹੋਈ। ਬੂਆ ਸਿੰਘ ਦੀ ਸ: ਸੰਤੋਖ ਸਿੰਘ ਰੰਧਾਵੇ ਨਾਲ ਜਾਤੀ ਜ਼ਮੀਨ ਬਾਰੇ ਝਗੜਾ ਸੀ। ਇਸ ਨੇ ਜਾਤੀ ਕੰਮ ਕਰਕੇ ਪਾਰਟੀ ਦਾ ਆਸਰਾ ਲਿਆ। ਧਾਰੋਵਾਲੀ ਮੇਰਾ ਫੇਰਾ ਵੀ ਰਹਿੰਦਾ। ਇਹ ਪਿੰਡ ਸਾਡੇ ਠਾਣੇ ਵਿਚ ਆਉਂਦਾ। ਅਸਾਂ ਇਸ ਦੇ ਕਹਿਣ ਉਤੇ ਇਕ ਜਲਸਾ ਧਾਰੋਵਾਲੀ ਰੱਖਿਆ। ਸੰਤੋਖ ਸਿੰਘ ਕਾਂਗਰਸੀ ਲੀਡਰ ਕੈਰੋਂ ਦਾ ਖ਼ਾਸ। ਉਸ ਨੇ ਪੁਲਿਸ ਮੰਗਾ ਲਈ। ਅਸੀਂ ਤਖ਼ਤ ਪੋਸ਼ ਥੱਲੇ ਲਾਠੀਆਂ ਇਕੱਠੀਆਂ ਕਰ ਲਈਆਂ। ਕਾਮਰੇਡ ਹੁੰਮ ਹੁੰਮਾ ਕੇ ਪੁੱਜੇ। ਪਿੰਡ ਵਿਚ ਸੰਤੋਖ ਸਿੰਘ ਦਾ ਕਾਫ਼ੀ ਅਸਰ। ਟਪਿਆਲਾ ਵੀ ਆਇਆ। ਘਰਾਂ ਵਿਚੋਂ ਕੋਈ ਜਲਸਾ ਸੁਣਨ ਨਾ ਨਿਕਲਿਆ। ਕੰਧਾਂ ਉਤੋਂ ਝਾਤੀਆਂ ਮਾਰਨ। ਮੈਂ ਤਕਰੀਰ ਵਿਚ ਆਖਿਆ — ਸੰਤੋਖ ਸਿੰਘ ਰੰਧਾਵਾ ਪਿੰਡ ਵਿਚ ਹਰਨਾਕਸ਼ ਬਣਿਆ ਹੋਇਆ ਹੈ ਪਰ ਹੁਣ ਪਿੰਡ ਵਿਚ ਕਾ: ਬੂਆ ਸਿੰਘ ਪ੍ਰਲਾਦ ਵੀ ਜੰਮ ਪਿਆ ਹੈ ਜਿੰਨੇ ਕਾਮਰੇਡ ਉਥੇ ਸੁਣਨ ਵਾਲੇ ਉਹ ਵੀ ਲਾਗਲੇ ਪਿੰਡਾਂ ਦੇ। ਪੁਲਿਸ ਸਾਡੇ ਚਾਰ ਚੌਫੇਰੇ ਫਿਰਦੀ ਤੁਰਦੀ ਰਹੀ। ਮਗਰੋਂ ਸਾਨੂੰ ਪਤਾ ਲੱਗਾ ਕਿ ਇਹ ਤਾਂ ਜਾਤੀ ਪਿਟਣਾ ਸੀ ਜੱਟਾਂ ਦਾ। ਮੈਂ ਤੇ ਪੈਰ ਪਿਛਾਂਹ ਹਟਾ ਲਿਆ। ਹੁਣ ਦੀ ਮੀਟਿੰਗ ਦੇ ਸਾਥੀਆਂ ਦੀ ਕਾ: ਬੂਆ ਸਿੰਘ ਨੇ ਬੜੀ ਸੇਵਾ ਕੀਤੀ। ਰਾਤ ਨੂੰ ਜਲਸਾ ਹੋਇਆ ਸਾਰੇ ਜਿਲ੍ਹੇ ਦੀ ਸੰਮਤੀ ਨਾਲ ਪਹਿਲੇ ਨੰਬਰ ਦੀ ਮੇਰੀ ਸੀਟ ਲੜਨ ਦਾ ਫ਼ੈਸਲਾ ਹੋਇਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਲਸੇ ਵਿਚ ਕਾ: [illegible] ਸਿੰਘ ਨੇ ਐਲਾਨ ਕਰ ਦਿੱਤਾ ਕਿ ਡੇਰੇ ਬਾਬੇ ਨਾਨਕ ਵਾਲੀ ਅਸੈਂਬਲੀ ਸੀਟ ਕਾ: ਜਸਵੰਤ ਸਿੰਘ ਰਾਹੀ ਪਾਰਟੀ ਦਾ ਕੈਂਡੀਡੇਟ ਹੋਏਗਾ। ਸਾਡਾ ਕੰਮ ਅੱਜ ਤੋਂ ਸ਼ੁਰੂ ਹੈ।

ਮਨ ਮੇਰਾ ਵੀ ਸੀਟ ਲੜਨ ਦਾ ਸੀ ਕੋਈ ਨਾਂਹ ਨੁੱਕਰ ਨਾ ਕੀਤੀ। ਕੁਝ ਦਿਨਾਂ ਬਾਅਦ ਮੈਂ ਜਿਲ੍ਹਾ ਸੈਕਟਰੀ ਕਾ: ਬਿਸ਼ਨ ਸਿੰਘ ਅਸੈਂਬਲੀ ਹਲਕੇ ਵਿਚ ਫਿਰੇ। ਸਾਰਿਆਂ ਨੂੰ ਤਿਆਰ ਕੀਤਾ, ਬਾਰ੍ਹਾਂ ਸੌ ਰੁਪੈ ਵੀ ਇਕੱਠੇ ਕੀਤੇ। ਚਾਚੀ ਕਰਤਾਰ ਕੌਰ ਦਾ ਦਰਬਾਰ ਅੱਗੇ ਦੁਕਾਨ ਉਤਲਾ ਚੁਬਾਰਾ ਖ਼ਾਲੀ ਸੀ। ਉਸ ਨੂੰ ਅਲੈਕਸ਼ਨ ਆਫ਼ਿਸ ਬਣਾਇਆ। ਲਿਸਟ ਹਲਕੇ ਦੀ ਲਿਆ ਕੇ ਉਸ ਦੀਆਂ ਦੋ ਹੋਰ ਕਾਪੀਆਂ ਕਰਨ ਲਈ ਕਾਮਰੇਡਾਂ ਨੂੰ ਕਾਗ਼ਜ਼ ਪੈਨਸਲਾਂ ਕਾਰਬਨ ਲਿਆ ਦਿੱਤੇ। ਬੇਦੀ ਲੰਙਾ ਬੜਾ ਤੇਜ਼ ਸੀ। ਕਸ਼ਮੀਰਾ ਕਾਮਰੇਡ ਆ ਗਿਆ। ਇਸ ਨੂੰ ਮੈਂ ਹੀ ਡੇਰੇ ਮੈਟ੍ਰਿਕ ਕਰਾਈ ਸੀ। ਜੁਰਾਬਾਂ ਵਿਚ ਚਾਕੂ ਲੁਕਾ ਕੇ ਲੈ ਗਿਆ ਸੀ। ਇਸ ਦੇ ਨਾਨਕੇ ਲਾਗੇ ਧਰਮਕੋਟ ਵਿਚ ਸਨ। ਗਿਆਨੀ ਲਾਭ ਸਿੰਘ ਦਾ ਇਹ ਭਣੇਵਾਂ ਸੀ।

ਇਕ ਕਾਮਰੇਡ ਗੁਲਾਬ ਉਹ ਵੀ ਲੰਙਾ। ਇਕ ਤਾਰੇ ਨਾਲ ਗਾਉਂਦਾ। ਇਕ ਗੁਰਦਾਸਪੁਰ ਦੇ ਲਾਗੇ ਤੋਂ ਮਾਹਿਰਾ ਕਾਮਰੇਡ ਸੀ।

ਇਕ ਹੋਰ ਕਲਾਨੌਰ ਠਾਣੇ ਦਾ ਮਹਿਰਾ ਸਾਥੀ ਸੀ, ਇਕ ਤਾਰੇ ਵਾਲਾ, ਸਾਰੇ ਡੇਰੇ ਆ ਗਏ। ਅਮਰਜੀਤ ਗੁਰਦਾਸਪੁਰੀ ਜਲਸਿਆਂ ਲਈ ਆਉਂਦਾ ਜਾਂ ਪਿੰਡ ਵਿਚ ਕੰਮ ਕਰਦਾ। ਪੰਜਾਬ ਵਿਚ ਕਿਤੇ ਜਾਂਦਾ ਬਹੁਤਾ ਮੇਰੇ ਹਲਕੇ ਵਿਚ ਰਹਿੰਦਾ।

ਪਾਰਟੀ ਨੇ ਇਸ ਅਸੈਂਬਲੀ ਹਲਕੇ ਦਾ ਇਨਚਾਰਜ ਬਣਾਇਆ ਕਾ: ਗੋਪਾਲ ਸਿੰਘ ਠੱਠੇ ਨੂੰ। ਬਿਸ਼ਨ ਸਿੰਘ ਦਾ ਏਥੇ ਹੀ ਰਹਿਣ ਦਾ ਫ਼ੈਸਲਾ ਸੀ। ਮੈਂ ਅੰਮ੍ਰਿਤਸਰ ਗਿਆ। ਪ੍ਰਿਥੀਪਾਲ ਸਿੰਘ ਉਤਸ਼ਾਨ ਸਭ ਕਾਂਗਰਸੀ ਸਨ, ਉਹਨਾਂ ਮੈਨੂੰ ਦੋ ਸੌ ਰੁਪਿਆ ਦਿੱਤਾ।

ਲਖਨਊ ਸਾਲਗਰਾਮ ਸੂਰੀ ਨੇ ਡੇਢ ਸੌ ਰੁਪਿਆ ਘੱਲਿਆ, ਨਾਲ ਲੰਮੀ ਚਿੱਠੀ ਲਿਖੀ ਕਿ ਢਾਈ ਸੌ ਦੀ ਜਮਾਨਤ ਕਰਾਉਣੀ ਹੈ ਮੇਰੇ ਕੋਲ ਇਤਨਾ ਸੀ। ਤੁਸੀਂ ਜਲੰਧਰ ਇਕ ਕਾਰਖ਼ਾਨੇਦਾਰ ਕੋਲ ਜਾਣਾ ਸਿਆਲਕੋਟ ਦਾ ਉਹ ਮੇਰਾ ਚੰਗਾ ਜਾਣੂ ਹੈ ਉਸ ਕੋਲੋਂ ਰੁਪਿਆ ਲਿਆਉਣਾ। ਸਰਨਾਵਾਂ ਦਿੱਤਾ।

ਮੈਂ ਜਾ ਨਾ ਸਕਿਆ। ਅਮਰ ਚਿਤਰਕਾਰ ਨੇ ਇਕ ਚੰਗੀ ਹਾਲਤ ਵਿਚ ਸੈਕੰਡ ਹੈਂਡ ਸਾਈਕਲ ਲੈ ਦਿੱਤਾ। ਤੇ ਕਿਹਾ — ਅਸੀਂ ਤੁਹਾਨੂੰ ਸਾਈਕਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੈ ਦਿੱਤਾ ਹੈ ਤੁਸੀਂ ਸਾਨੂੰ ਸੀਟ ਲੈ ਦਿਉ ।......ਜੈਪਾਲ ਦਰਸ਼ਨ ਨੇ ਕੋਸ਼ਿਸ਼ ਕੀਤੀ ਕੋਈ ਪੈਸਾ ਨਾ ਹੋਇਆ ।

ਪੁਤਲੀ ਘਰ ਵਿਧਾਤਾ ਸਿੰਘ ਦੀ ਦੁਕਾਨ ਸੀ ਹਜਾਮਤਾਂ ਕਰਨ ਦੀ । ਉਂਜ ਉਹ ਆਪ ਪੱਕਾ ਸਿੰਘ ਹੈ । ਉਥੇ ਸ਼ਾਇਰਾਂ ਦਾ ਅੱਡਾ ਸੀ । ਸਭਾ ਵੀ ਬਣੀ ਹੋਈ ਸੀ । ਰੰਧੀਵੇ ਦੌਰ ਵੇਲੇ ਵੀ ਮੈਂ ਏਥੇ ਆਇਆ ਕਰਦਾ ਸਾਂ ਮਫ਼ਰੂਰ । ਉਹਨਾਂ ਤੇ ਉਹਨਾਂ ਦੀ ਸਭਾ ਨੇ ਫ਼ੈਸਲਾ ਕੀਤਾ ਕਿ ਰਾਹੀ ਜੀ ਦੀ ਸੀਟ ਉਤੇ ਕੋਈ ਸ਼ਾਇਰ ਇਹਨਾਂ ਦੇ ਖ਼ਿਲਾਫ਼ ਬੋਲਣ ਲਈ ਨਾ ਜਾਵੇ । ਇਹ ਇਕ ਸਾਡਾ ਉਸਤਾਦ ਸ਼ਾਇਰ ਸੀਟ ਲੜ ਰਿਹਾ ਹੈ ।......ਇਹ ਸਾਰੀ ਖ਼ਬਰ ਅਖ਼ਬਾਰਾਂ ਵਿਚ ਵੀ ਕਢਾ ਦਿੱਤੀ ।......ਹੋਇਆ ਵੀ ਉਹਦੋਂ ਇੰਜ । ਕੋਈ ਸ਼ਾਇਰ ਕਾਂਗਰਸ ਜਾਂ ਅਕਾਲੀਆਂ ਦੇ ਸਟੇਜ ਉਤੇ ਮੇਰੇ ਖ਼ਿਲਾਫ਼ ਨਾ ਬੋਲਿਆ । ਮੇਰੀ ਮਦਦ ਉਤੇ ਵੀ ਕੋਈ ਨਾ ਆਇਆ । ਕਿਉਂਕਿ ਅਲੈਕਸ਼ਨ ਸਟੇਜੀ ਸ਼ਾਇਰਾਂ ਲਈ ਮਾਲ ਕਮਾਉਣ ਦਾ ਮੌਸਮ ਹੁੰਦਾ ਹੈ ।

ਅਸਾਂ ਜਲਸੇ ਦੋ ਮਹੀਨੇ ਪਹਿਲਾਂ ਸ਼ੁਰੂ ਕਰ ਦਿੱਤੇ । ਸਾਡੇ ਜਲਸੇ ਸਫਲ ਹੁੰਦੇ । ਸੂਬੇ ਵਿਚੋਂ ਕੋਈ ਨਾ ਆਉਂਦਾ । ਅਸੀਂ ਸਾਰੇ ਬੜੇ ਸਾਂ । ਮੇਰੇ ਇਲਾਕੇ ਦੇ ਸਾਥੀ ਖੂਬ ਕੰਧ ਕਰਦੇ । ਕਿਸੇ ਵਿਚ ਕੋਈ ਜਾਤੀ ਦਵੈਤ ਭਾਵ ਨਹੀਂ ਸੀ । ਦੱਤ ਦੇ ਬੰਦੇ ਪਠਾਨਕੋਟ ਵੱਲ ਸਨ । ਉਹਨਾਂ ਕੀ ਆਉਣਾ ਸੀ । ਲਾਲ ਪਾਰਟੀ 'ਚੋਂ ਆਏ ਘਰਾਂ ਵਿਚ ਬੈਠੇ ਹੋਏ । ਕੰਮ ਜਿੱਥੇ ਮਰਜ਼ੀ ਕਰਦੇ । ਉਹਨਾਂ ਆਪਣਾ ਰਜੈਵਾਂ ਰੱਖਣ ਲਈ ਆਪਣੇ ਸਾਥੀ ਗੁਰਨਾਮ ਸਿੰਘ ਧੀਰੋਵਾਲੀ ਧੰਨੀ ਕਿਸਾਨ ਨੂੰ ਸ੍ਰੀ ਹਰਗੋਬਿੰਦ ਪੁਰ ਖਲਿਆਰ ਲਿਆ ਆਪ ਸਾਰੇ ਲਾਲ ਉਧਰ ਨਿਕਲ ਗਏ । ਪਾਰਟੀ ਵਿਚ ਤਿੰਨ ਧੜੇ ਬਣ ਗਏ ।

ਕਾਮਰੇਡ ਰਾਜ ਕੁਮਾਰ ਧਾਰੀਵਾਲ ਮਿਲ ਮਜਦੂਰਾਂ ਵਿਚ ਕੰਮ ਕਰਦਾ । ਯੂਨੀਅਨ ਬੜੀ ਤੇਜ਼ ਕਰ ਲਈ ਸੀ । ਆਫ਼ਿਸ ਵੀ ਬਣਾ ਲਿਆ ਸੀ । ਆਪਣੇ ਦੁਆਲੇ ਵੀ ਸਾਥੀ ਉਸ ਨੇ ਪੈਦਾ ਕਰ ਲਏ ਸੀ । ਉਸ ਦੀ ਪਾਰਟੀ ਨਾਲ ਖਟ-ਪਟ ਰਹਿੰਦੀ । ਟਪਿਆਲੇ ਨੂੰ ਤੇ ਨਾ ਹੋਰ ਕਿਸੇ ਜਿਲ੍ਹਾ ਕਮੇਟੀ ਵਾਲੇ ਨੂੰ ਮਜਦੂਰਾਂ ਬਾਰੇ ਤਜ਼ਰਬਾ ਸੀ ਪਰ ਨੁਕਤਾਚੀਨੀ ਬੜੇ ਰੋਹਬ ਨਾਲ ਕਰਨੀ । ਮਜਦੂਰ ਸਾਥੀਆਂ ਤੇ ਰਾਜ ਨੇ ਮੰਨਣੀ ਨਾ । ਮੈਨੂੰ ਉਹਦਾ ਕੰਮ ਚੰਗਾ ਲਗਦਾ । ਕੁਦਰਤੀ ਮੈਂ ਉਸ ਨਾਲ ਲੱਗ ਗਿਆ । ਉਹ ਉਂਜ ਵੀ ਗਰੈਜੂਏਟ ਸੀ । ਫੁਰਤੀਲਾ, ਚਲਾਕ, ਸਿਆਣਾ । ਅਫ਼ਸਰਾਂ ਉਤੇ ਅੰਗਰੇਜ਼ੀ ਮਾਰ ਕੇ ਰੋਹਬ ਪਾ ਲੈਂਦਾ । ਉਸ ਦਾ ਗੁਰਦਾਸਪੁਰ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਾਗਰ ਵਿਚ ਧਾਰੀਵਾਲ ਇਕ ਜਜ਼ੀਰਾ ਬਣ ਗਿਆ। ਬੜਾ ਨਰੋਇਆ ਕਾਮਾ ਤੇ ਚੰਗਾ। ਜਿਲ੍ਹੇ ਦੀਆਂ ਮੀਟਿੰਗਾਂ ਸਕੂਲ ਸਭ ਉਥੇ ਲੱਗਦੇ। ਜਿਲ੍ਹਾ ਪਾਰਟੀ ਆਫ਼ਿਸ ਉਥੇ ਬਣ ਗਿਆ। ਦੱਤ ਵਾਲਿਆਂ ਗੁਰਦਾਸਪੁਰ ਹਨੂਮਾਨ ਚੌਂਕ ਵਿਚ ਆਪਣਾ ਆਫ਼ਿਸ ਰੱਖਿਆ ਹੋਇਆ ਸੀ।

ਬੇਦੀ ਹਰੀ ਸਿੰਘ, ਸਰਦਾਰੀ, ਮੱਲੀ ਬੇਦੀ ਦੇ ਸਾਥੀ ਡੇਰੇ ਵਿਚ ਸ਼ਾਮ ਨੂੰ ਨਿਕਲਦੇ ਰਾਤ ਨੌਂ ਦਸ ਵਜੇ ਤਕ ਕੰਮ ਕਰਦੇ। ਕਾਂਗਰਸ ਵਲੋਂ ਵਰਿਆਮ ਸਿੰਘ ਭਾਗੋਵਾਲੀਆ ਖਲੋਤਾ। ਅਕਾਲੀਆਂ ਵਲੋਂ ਸ: ਮੱਖਣ ਸਿੰਘ ਹਰੂਵਾਲੀਆ। ਪਾਰਟੀ ਇਸ ਸੀਟ ਉਤੇ ਲੜਦੀ ਲੜਦੀ ਆਖ਼ਿਰ ਉਤੇ ਅਕਾਲੀਆਂ ਦੇ ਹੱਕ ਵਿਚ ਬੈਠ ਜਾਂਦੀ ਰਹੀ ਸੀ। ਮੈਂ ਇਹ ਪੱਕਾ ਮਨ ਬਣਾ ਲਿਆ ਕਿ ਮੈਂ ਬੈਠਣਾ ਨਹੀਂ ਭਾਵੇਂ ਮੈਨੂੰ ਚਾਰ ਵੋਟਾਂ ਪੈਣ। ਫਿਰਦੇ ਰਹੇ। ਬਿਸ਼ਨ ਪੰਛੀ ਦਿਨ ਵੜਿਆ ਨਾ। ਕਾ: ਠੱਠਾ ਇੰਚਾਰਜ ਸੀ ਉਹ ਇਕ ਦਿਨ ਭੁੱਲ ਕੇ ਵੀ ਨਾ ਆਇਆ। ਟਪਿਆਲੇ ਦੇ ਲਾਡਲਿਆਂ ਮੇਰੀ ਮਦਦ ਕੀ ਕਰਨੀ ਸੀ। ਮੇਰੇ ਖ਼ਿਲਾਫ਼ ਹੋ ਗਏ। ਕਹਿੰਦੇ — ਰਾਹੀ ਨੂੰ ਰਾਹ ਪਾ ਕੇ ਦੱਸਾਂਗੇ। ਫਿਰ ਤਿਕੜੀ ਮੇਰੇ ਖ਼ਿਲਾਫ਼ ਤੇਜ਼ ਹੋ ਗਈ। ਸੋਢੀ ਹਰਬੰਸ, ਡੇਢ ਗਵਾਰ ਹੰਕਾਰੀ ਧਨੀ ਕਿਸਾਨ। ਕਈਆਂ ਨੂੰ ਉਹਨਾਂ ਆਪਣੇ ਆਖੇ ਵੀ ਲਾ ਲਿਆ। ਮੈਂ ਬਹੁਤ ਤੰਗ ਆਇਆ। ਦੋ ਤਾਰਾਂ ਸੂਬੇ ਨੂੰ ਦਿੱਤੀਆਂ ਕਿ ਬਿਸ਼ਨ ਸਿੰਘ ਨੂੰ ਭੇਜੋ। ਟਪਿਆਲੇ ਨੂੰ ਭੇਜੋ। ਪਰ ਕੋਈ ਨਾ ਬਹੁੜਿਆ। ਮੈਂ ਬੇ-ਹੱਦ ਸਿਰੜੀ ਬਣ ਗਿਆ। ਮਾਰਕਸ ਦੀ ਇਕ ਗੱਲ ਮੇਰੇ ਵਿਚ ਕੰਮ ਕਰ ਰਹੀ ਸੀ ਕਿ "ਹੱਥ ਮਾਰਿਆਂ ਵੀ ਉਸ ਦਾ ਐਕਸ਼ਨ ਹੁੰਦਾ ਹੈ" ਮੈਂ ਇਹ ਸਮਝਿਆ ਤੇ ਟਿਕਾ ਕੇ ਲੜ ਰਿਹਾ ਸਾਂ ਕਿ ਐਕਸ਼ਨ ਜ਼ਰੂਰ ਹੋਏਗਾ। ਲੜੀ ਗਿਆ, ਫਿਰੀ ਗਿਆ, ਸਾਥੀਆਂ ਨਾਲ ਮਿਲ ਕੇ ਜਲਸੇ ਕਰੀ ਗਿਆ। ਇਕ ਜਲੂਸ ਰੇੜ੍ਹੀ ਉਤੇ ਸਪੀਕਰ ਰੱਖ ਕੇ ਡੇਰੇ ਵਿਚ ਕਾਮਰੇਡ ਫ਼ਜ਼ਲਾਬਾਦੀਆਂ ਨੇ ਕੱਢਿਆ। ਜਿੰਨੇ ਸਾਥੀ ਮੇਰੇ ਰਾਹੀਂ ਪਾਰਟੀ ਵਿਚ ਆਏ ਹੋਏ ਸਨ ਉਹ ਅਤੇ ਮੇਰਿਆਂ ਡਰਾਮਿਆਂ ਵਿਚ ਪਾਰਟ ਕਰਨ ਵਾਲੇ ਟਿਕਾ ਕੇ ਕੰਮ ਕਰ ਰਹੇ ਸਨ। ਆਪਣਾ ਖ਼ਰਚ ਆਪ ਕਰਦੇ। ਸਾਡੇ ਘਰ ਵਿਚ ਰੋਟੀ ਪੱਕੀ ਰਹਿੰਦੀ। ਮੇਰੀ ਜ਼ਿੰਦਗੀ ਦੀ ਅਲੌਕਿਕ ਜਮਾਤੀ ਨਿਰਣੇ ਦੀ ਲੜਾਈ ਹੋ ਕੇ ਨਿੱਬੜ ਰਹੀ ਸੀ। ਇਕ ਲੰਮੀ ਚਿੱਠੀ ਟਪਿਆਲੇ ਨੂੰ ਸੂਬੇ ਵਿਚ ਪਾਈ, ਲਿਖਿਆ — ਜੇ ਤੁਸਾਂ ਮੇਰੀ ਸੀਟ ਉਤੇ ਨਹੀਂ ਆਉਣਾ ਨਾ ਆਉ ਪਰ ਪਿਆਰਿਆਂ ਤੇ ਚਹੇਤਿਆਂ ਸਾਥੀਆਂ ਨੂੰ ਚਿੱਠੀਆਂ ਲਿਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਿਊ ਉਹ ਮੇਰੀ ਮੁਖ਼ਾਲਫ਼ਤ ਨਾ ਕਰਨ ਖ਼ਾਸ ਕਰਕੇ ਡੇਢ ਗਵਾਰ ਤੇ ਹੰਕਾਰੀ ਧਨੀ ਕਿਸਾਨ, ਬਾਬੂ ਪਰਮਿੰਦਰ ਸਿੰਘ ਨੂੰ ਅਤੇ ਸੋਢੀ ਨੂੰ। ਪਰ ਟਪਿਆਲੇ ਨੇ ਇੰਨਾ ਵੀ ਨਾ ਕੀਤਾ। ਮੈਂ ਟਿਕਾ ਕੇ ਟਿਕਿਆ ਰਿਹਾ। ਡੇਰੇ ਅਤੇ ਕਲਾਨੌਰ ਦੇ ਜਲਸਿਆਂ ਵਿਚ ਰਾਜਕੁਮਾਰ ਖ਼ੂਬ ਬੋਲ ਕੇ ਗਿਆ। ਉਸ ਦੇ ਸਾਥੀ ਮੇਰੀ ਮਦਦ ਕਰਦੇ, ਫੇਰਾ ਮਾਰਦੇ। ਮੇਰੇ ਹਲਕੇ ਦੇ ਨਾਲ ਰਮਦਾਸ ਦੇ ਹਲਕੇ ਵਿਚ ਕਾ: ਸੋਹਣ ਸਿੰਘ ਜੋਸ਼ ਖਲੋਤਾ ਸੀ। ਉਹ ਮੇਰਾ ਇਕ ਜਲਸਾ ਭੁਗਤਾ ਗਏ। ਹੰਕਾਰੀ ਕਿਸਾਨ ਪਿਛਲੀ ਵਾਰੀ ਖਲੋਤਾ ਸੀ। ਅਖ਼ੀਰ ਤੇ ਪਾਰਟੀ ਨੇ ਉਸ ਨੂੰ ਅਕਾਲੀਆਂ ਦੇ ਹੱਕ ਵਿਚ ਬਿਠਾ ਦਿੱਤਾ ਸੀ। ਮੈਂ ਡੇਢ ਮਹੀਨਾ ਉਸ ਦੇ ਨਾਲ ਰਿਹਾ। ਪਿੰਡ ਪਿੰਡ ਫਿਰਿਆ ਸਾਂ। ਮੇਰਾ ਜਵਾਈ ਆਤਮਜੀਤ ਘਰ ਆਇਆ ਹੋਇਆ ਸੀ। ਮੈਂ ਹੰਕਾਰੀ ਨੂੰ ਕਿਹਾ ਘਰ ਜਾਣਾ ਹੈ ਮੇਰਾ ਜਵਾਈ ਆਇਆ ਹੋਇਆ ਹੈ। ਇਸ ਨੇ ਦੋ ਦਿਨ ਦੀ ਛੁੱਟੀ ਦਿੱਤੀ ਅਤੇ ਦਸ ਰੁਪੈ ਦਿੱਤੇ ਸਨ । ਹੁਣ ਉਹ ਮੇਰੇ ਖ਼ਿਲਾਫ਼ ਡੇਢ ਗਵਾਰ ਨੂੰ ਨਾਲ ਲੈ ਕੇ ਅਗਵਾਈ ਕਰ ਰਿਹਾ ਸੀ। ਉਹਨਾਂ ਸੋਚਿਆ ਜੇ ਇਹ ਤਰਖਾਣ ਜ਼ਮਾਨਤ ਬਚਾ ਗਿਆ ਤਾਂ ਫਿਰ ਮੁੜ ਕੇ ਹੰਕਾਰੀ ਬਾਬੂ ਪਰਮਿੰਦਰ ਸਿੰਘ ਦੀ ਵਾਰੀ ਨਹੀਂ ਆਏਗੀ । ਘਸਾ ਕੇ ਇਸ ਦੀ ਮੁਖ਼ਾਲਫ਼ਤ ਕਰੋ।

ਪਾਰਟੀ ਨੇ ਨੱਥਾ ਸਿੰਘ ਦਾਲਮ ਨੰਗਲ ਨਾਲ ਜੋ ਉਤਲੀ ਸੀਟ ਉਤੇ ਖਲੋਤਾ ਸੀ ਸਮਝੌਤਾ ਕਰਕੇ ਰੁਪਿਆ ਆਪ ਲੈ ਲਿਆ, ਸਾਨੂੰ ਇਕ ਮਾੜੀ ਜਿਹੀ ਕਾਰ ਲੈ ਦਿੱਤੀ। ਕਦੀ ਅਸੀਂ ਉਸ ਉਤੇ ਹੁੰਦੇ ਕਦੀ ਉਸ ਨੂੰ ਧੱਕੇ ਦੇ ਰਹੇ ਹੁੰਦੇ। ਫ਼ਜ਼ਲਾਬਾਦੀਏ ਕਾਮਰੇਡ ਉਸ ਉਤੇ ਨਿਕਲੇ ਅਤੇ ਫਿਰਦੇ ਰਹੇ। ਬੇਦੀ ਹਰੀ ਸਿੰਘ ਵੀ ਬਾਹਰ ਫਿਰਿਆ ਉਸ ਉਤੇ।

ਅਮਰਜੀਤ ਡੱਟ ਕੇ ਕੰਮ ਕਰ ਰਿਹਾ ਸੀ। ਜਲਸਿਆਂ ਵਿਚ ਗੀਤ ਬੋਲਦਾ, ਲੋਕ ਆਵਾਜ਼ ਦਿੰਦੇ ਇਕ ਹੋਰ ਇਕ ਹੋਰ।

ਉਹ ਕਹਿੰਦਾ — ਪਹਿਲੋਂ ਹੱਥ ਖੜ੍ਹੇ ਕਰੋ ਕਿ ਅਸੀਂ ਵੋਟ ਰਾਹੀ ਸਾਹਿਬ ਨੂੰ ਦਿਆਂਗੇ।......ਲੋਕ ਹੱਥ ਖੜ੍ਹੇ ਕਰਦੇ, ਉਹ ਹੋਰ ਗੀਤ ਸੁਣਾਉਂਦਾ। ਕੋਮਲ ਦਾ ਪਰਚਾ ਲੋਕ-ਕਵਿਤਾ ਸਾਡਾ ਆਪਣਾ ਸੀ। ਉਹ ਵੀ ਪ੍ਰਾਪਗੰਡਾ ਕਰਦਾ। ਕੁਝ ਪਰਚੇ ਹਲਕੇ ਵਿਚ ਵੰਡੇ।

ਡੇਰਾ ਠਾਣਾ ਤੇ ਕਲਾਨੌਰ ਠਾਣਾ ਇਹਨਾਂ ਦੋ ਠਾਣਿਆਂ ਦਾ ਇਹ ਅਸੈਂਬਲੀ ਹਲਕਾ ਸੀ। ਮਾਸਟਰ ਪ੍ਰੀਤਮ ਸਿੰਘ ਢਿੱਲੋਂ ਮਿੱਤਰ ਵੀ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਨਦਾਰ ਸੂਝ ਭਰੀ ਤਕਰੀਰ ਕਰਦਾ । ਉਸ ਨੇ ਡਟ ਕੇ ਕਲਾਨੌਰ ਵਿਚ ਟਿਕਾ ਕੇ ਕੰਮ ਕੀਤਾ । ਮੈਨੂੰ ਨਾਲ ਲੈ ਕੇ ਸਾਈਕਲਾਂ ਉਤੇ ਫਿਰੇ ਜਲਸੇ ਵੀ ਕੀਤੇ । ਮੇਨ ਤਕਰੀਰ ਮੇਰੀ ਹੁੰਦੀ । ਲੋਕ ਦਿਲ ਲਾ ਕੇ ਸੁਣਦੇ । ਮੈਂ ਇਕ ਮਨ ਬਣਾਇਆ ਸੀ ਕਿ ਹਰ ਪੋਲਿੰਗ ਉਤੇ ਸਾਡੇ ਬੰਦੇ ਹੋਣ ਭਾਵੇਂ ਇਕ ਹੀ ਹੋਵੇ ਆਪਣੀ ਦੁਕਾਨ ਸਜਾ ਕੇ ਬੈਠਾ ਹੋਵੇ ।

ਸੋਢੀ ਹਰਬੰਸ ਤੇ ਉਸ ਦੇ ਭਰਾ ਨੇ ਸਾਫ਼ ਕਹਿ ਦਿੱਤਾ ਕਿ ਅਸੀਂ ਮੱਖਣ ਸਿੰਘ ਅਕਾਲੀ ਨਾਲ ਹਾਂ । ਪਹਿਲੋਂ ਸਾਡੇ ਨਾਲ ਸ਼ਹਿਰ ਦੀ ਹੱਟੀ ਹੱਟੀ ਫਿਰੇ ਫਿਰ ਅਕਾਲੀ ਕੈਂਡੀਡੇਟ ਨਾਲ । ਲੋਕਾਂ ਟਿਚਕਰਾਂ ਕੀਤੀਆਂ ।

ਸਾਡੀਆਂ ਜਿੰਨੀਆਂ ਪਾਰਟੀ ਮੀਟਿੰਗਾਂ ਵਿਚ ਆਉਂਦਾ ਜਿੰਨੀ ਸਾਡੀ ਸਲਾਹ ਹੁੰਦੀ ਉਹ ਆਪਣੇ ਵੱਡੇ ਭਰਾ ਹਰਚਰਨ ਸਿੰਘ ਸੋਢੀ ਨੂੰ ਦਸ ਦਿੰਦਾ ਤੇ ਉਹ ਜਾ ਕੇ ਅਕਾਲੀਆਂ ਨੂੰ । ਸਾਡੇ ਸਾਰੇ ਕੰਮ ਉਹ ਸਮਝ ਜਾਂਦੇ ।

ਕਾ: ਕਸ਼ਮੀਰ ਮਾ: ਪ੍ਰੀਤਮ ਸਿੰਘ ਤੇ ਹੋਰ ਕਲਾਨੌਰ ਦੇ ਸਾਥੀ ਰਲ ਕੇ ਉਧਰ ਦੋ ਤਿੰਨ ਪਿੰਡ ਰਾਮਗੜ੍ਹੀਆਂ ਦੀ ਵੱਸੋਂ ਦੇ ਸਨ ਉਹਨਾਂ ਨੇ ਇਕ ਜਲਸਾ ਕੀਤਾ । ਕਾਫ਼ੀ ਰਾਮਗੜ੍ਹੀਏ ਆਏ । ਪ੍ਰੀਤਮ ਸਿੰਘ ਬੋਲਿਆ, ਕਸ਼ਮੀਰ ਗੀਤ ਗਾਏ । ਫਿਰ ਮੈਂ ਬੋਲਿਆ — ਤੁਸੀਂ ਸਾਰੇ ਹੱਥਾਂ ਦੇ ਸੁੱਚੇ ਹੋ, ਇਹਨਾਂ ਹੱਥਾਂ ਨੇ ਹੀ ਦੁਨੀਆਂ ਸਵਰਗ ਬਣਾਈ ਹੋਈ ਹੈ । ਮੈਂ ਵੀ ਤੁਹਾਡੇ ਹੱਥਾਂ ਵਿਚੋਂ ਹੱਥ ਹਾਂ । ਕਮਿਊਨਿਸਟ ਪਾਰਟੀ ਨੇ ਮੈਨੂੰ ਇਸ ਕਾਬਲ ਬਣਾਇਆ ਹੈ ਕਿ ਮੈਂ ਤੁਹਾਡੇ ਦੁੱਖਾਂ ਸੁੱਖਾਂ ਲਈ ਲੜ ਸਕਾਂ, ਵਗੈਰਾ ਵਗੈਰਾ । ਸਾਰੇ ਬੜਾ ਖ਼ੁਸ਼ ਹੋਏ । ਕਈਆਂ ਰਿਸ਼ਤੇਦਾਰੀਆਂ ਕੱਢੀਆਂ । ਬਹੁਤੀਆ ਮੇਰੀ ਮਾਂ ਵਲੋਂ ਸਨ ।

ਦੂਜੇ ਦਿਨ ਅਕਾਲੀ ਟੁੱਟ ਕੇ ਉਹਨਾਂ ਪਿੰਡਾਂ ਨੂੰ ਪੈ ਗਏ । ਬੜਾ ਵੱਡਾ ਸਾਰਿਆਂ ਲੋਕਾਂ ਦਾ ਇਕੱਠ ਕੀਤਾ ਤੇ ਆਖਿਆ — ਰਾਹੀ ਕਹਿੰਦਾ ਹੈ ਮੇਰੀ ਇਕ ਝੁੱਗੀ ਹੈ ਮੈਂ ਦੇਸ਼ ਲਈ ਲੜਿਆ ਹਾਂ, ਡੇਰੇ ਜਾ ਕੇ ਵੇਖੋ ਸਾਰੀ ਗਲੀ ਇਸ ਕਬੀਲੇ ਨੇ ਮੱਲੀ ਹੋਈ ਹੈ ਸ਼ਹਿਰ ਵਿਚ ਇਹ ਵੱਡੇ ਅਮੀਰ ਨੇ । ਝੂਠ ਬੋਲਦਾ ਹੈ । ਇਹ ਕਹਿੰਦਾ ਹੈ ਕਿ ਮੈਂ ਰਾਮਗੜ੍ਹੀਆ ਹਾਂ, ਜੇ ਇਹ ਰਾਮਗੜ੍ਹੀਆ ਹੈ ਤਾਂ ਦੋ ਧੀਆਂ ਇਸ ਨੇ ਇਕ ਕਸ਼ਮੀਰੀ ਬ੍ਰਾਹਮਣਾ ਵੱਲ ਵਿਆਹੀ ਹੈ ਤੇ ਇਕ ਸਾਹਨੀ ਖੱਤਰੀਆਂ ਵੱਲ । ਜੇ ਸਾਡੀਆਂ ਗੱਲਾਂ ਠੀਕ ਹੋਣ ਸਾਨੂੰ ਵੋਟ ਪਾਇਉ ਜੇ ਨਾ ਹੋਣ ਤਾਂ ਉਸ ਨੂੰ ਪਾ ਦਿਉ । ਹੋਰ ਕਈ ਕੁਝ ਆਖਿਆ । ਇਹ ਸਾਰਾ ਭੇਤ ਸੋਢੀ ਦੇ ਰਿਹਾ ਸੀ । ਰੰਧੀਵੇ ਦੌਰ ਵੇਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾ: ਸੋ[illegible] ਸਿੰਘ [illegible] ਵਿਚੋਂ [illegible] ਮੰਗ ਕੇ [illegible] ਸੀ। ਲੰਡੇ ਬੇਦੀ ਨੂੰ ਵੀ ਕਹਿੰਦਾ ਰਿਹਾ, ਕਾ: ਬਸੰਤ ਨੂੰ ਵੀ ਕਿਹਾ ਉਹ ਨਹੀਂ ਸਨ ਮੰਨੇ। ਅਕਾਲੀਆਂ ਦੇ ਜਲਸੇ ਦਾ ਕਾਫ਼ੀ ਅਸਰ ਹੋਇਆ। ਖਾਸੇ ਵਲੋਂ ਸੋਢੀ ਸਰਕਾਰੀ ਠੇਕੇਦਾਰ ਸੀ।

ਜ਼ਮਾਨਤ ਜਮ੍ਹਾਂ ਕਰਾਉਣ ਵੇਲੇ ਕੋਈ ਜਿਲ੍ਹੇ 'ਚੋਂ ਨਾ ਬੌਹੜਿਆ। ਮੋਟੇ ਜੱਟਾਂ ਦਾ ਖ਼ਿਆਲ ਸੀ ਕਿ ਜ਼ਮਾਨਤ ਜਮ੍ਹਾਂ ਹੋਣੀ ਨਹੀਂ ਆਪੇ ਬਹਿ ਜਾਏਗਾ। ਪਹਿਲਾਂ ਵਾਂਗ ਅਕਾਲੀਆਂ ਦੇ ਹੱਕ ਵਿਚ।

ਸੰਤੋਸ਼ ਸ੍ਰੀ ਨਗਰ ਤੋਂ ਆਈ ਹੋਈ ਸੀ। ਉਸ ਦੇ ਕਾਹਾ ਹੋਇਆ ਸੀ। ਉਹਦੇ ਸੋਨੇ ਦੇ ਕੜੇ ਪੰਡਤ ਦੇਵ ਕਿਸ਼ਨ ਕੋਲ ਗਹਿਣੇ ਰੱਖ ਕੇ ਤਿੰਨ ਸੌ ਰੁਪਿਆ ਲਿਆ। ਗੁਰਦਾਸਪੁਰ ਜਾ ਕੇ ਜ਼ਮਾਨਤ ਜਮ੍ਹਾਂ ਕਰਾ ਦਿੱਤੀ। ਥੱਲੇ ਦੇ ਕਾਮਰੇਡ ਹੀ ਮੇਰੇ ਨਾਲ ਗਏ। ਸਭ ਆਪਣਾ ਖ਼ਰਚ ਆਪ ਕਰਕੇ। ਮੈਂ ਉਦੋਂ ਸ਼ਹਿਰ ਦਾ ਮਿਊਂਸਪਲ ਕਮਿਸ਼ਨਰ ਵੀ ਸਾਂ। ਸ਼ਹਿਰ ਦਾ ਜਲਸਾ ਬਜ਼ਾਰ ਵਿਚ ਰਾਤ ਨੂੰ ਸੱਦ ਕੇ ਇਕੱਲਾ ਹੀ ਬੋਲਿਆ, ਕੋਈ ਗੀਤ ਨਾ ਬੋਲਾਇਆ — ਕਈ ਕੁਝ ਕਹਿੰਦਿਆਂ ਹੋਇਆਂ ਆਖਿਆ — ਮੇਰੇ ਸ਼ਹਿਰ ਦੇ ਮੇਰੇ ਲੋਕੋ ਮੈਂ ਤੁਹਾਡੇ ਸ਼ਹਿਰ ਨੂੰ ਕਦੇ ਹੀਣਾ ਹੋਣ ਜਾਂ ਕਰਨ ਵਾਲਾ ਕੰਮ ਨਹੀਂ ਕੀਤਾ। ਤੁਸਾਂ ਹਰ ਸਮੇਂ ਮੇਰੀ ਮਦਦ ਕੀਤੀ ਹੈ। ਤੁਹਾਡੇ ਅੱਗੇ ਝੋਲੀ ਅੱਡੀ ਤੁਸਾਂ ਭਰ ਦਿੱਤੀ। ਮੇਰੇ ਦੁੱਖ ਸੁੱਖ ਦੇ ਭਾਈਵਾਲ ਬਣੇ। ਮੈਂ ਤੁਹਾਡਾ ਹਾਂ। ਫਰਾਰੀ ਵਿਹ ਆਪਣੀ ਡਾਇਰੀ ਉਤੇ ਲਿਖਿਆ ਸੀ ਜੇ ਕਿਤੇ ਵੀ ਮਰ ਜਾਵਾਂ ਜਾਂ ਮਾਰਿਆ ਜਾਵਾਂ ਮੇਰਾ ਸਸਕਾਰ ਮੇਰੇ ਸ਼ਹਿਰ ਹੋਵੇ ਜਿਥੇ ਮੇਰੇ ਲੋਕਾਂ ਦਾ ਸਸਕਾਰ ਹੋਇਆ ਹੈ। ਮੇਰੇ ਫੁੱਲ ਰਾਵੀ ਵਿਚ ਪੈਣ ਜਿਥੇ ਮੇਰੇ ਵੱਡਿਆਂ ਦੇ ਪਏ ਹਨ।

ਬੜੇ ਜ਼ੋਰ ਦੀ ਤਾਲੀਆਂ ਵੱਜੀਆਂ। ਮੇਰੇ ਨਾਂ ਦੇ ਨਾਹਰੇ ਵੀ ਲੱਗੇ। ਅਖ਼ੀਰ ਤੇ ਮੈਂ ਕਿਹਾ — ਮੈਨੂੰ ਮੇਰੇ ਅਸੈਂਬਲੀ ਹਲਕੇ ਵਿਚ ਕੋਈ ਵੀ ਭਾਵੇਂ ਵੋਟ ਨਾ ਪਾਵੇ। ਮੇਰੇ ਸ਼ਹਿਰ ਦਿਉ ਲੋਕੋ ਮੈਨੂੰ ਵੋਟ ਪਾ ਦੇਣਾ ਮੈਂ ਸਮਝਾਂਗਾ ਮੈਂ ਕਾਮਯਾਬ ਹੋ ਗਿਆ ਹਾਂ।......

ਜਲਸਾ ਖ਼ਤਮ ਹੋਇਆ ਮੇਰਾ ਮਿਹਰਬਾਨ ਸੀਤਾਰਾਮ ਖੱਤਰੀ ਮੈਨੂੰ ਮਿਲਿਆ — ਰਾਹੀ ਤੂੰ ਤੇ ਲੋਕ ਰਵਾ ਦਿੱਤੇ ਨੇ ਤੈਨੂੰ ਜ਼ਰੂਰ ਵੋਟ ਪੈਣਗੇ। ਗ਼ਮ ਨਾ ਕਰੀਂ।

ਤੀਜੇ ਦਿਨ ਕੈਰੋਂ ਦਾ ਜਲਸਾ ਹੋਇਆ। ਮੇਰਾ ਨਾਂ ਉਸ ਨੇ ਲਿਆ ਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾ। ਨਾਲ ਇਕ [illegible] ਵਿਚ ਬੋਲਿਆ। ਜਲਸੇ ਬਾਅਦ ਉਹ ਮੇਰੇ ਘਰ ਆਇਆ — ਰਾਹੀ ਜੀ ਮੁਆਫ਼ ਕਰਨਾ ਮੈਂ ਅਖ਼ਬਾਰ ਵਿਚ ਸਭ ਪੜ੍ਹ ਲਿਆ ਸੀ। ਮੈਨੂੰ ਇਹਨਾਂ ਮੁੱਲ ਲਿਆ ਹੋਇਆ ਹੈ। ਜਿਸ ਸੀਟ ਉਤੇ ਖੜ੍ਹਦੇ ਨੇ ਉਥੋਂ ਦੇ ਮੁਖ਼ਾਲਫ਼ ਮੈਂਬਰ ਦੀ ਕਵਿਤਾ ਵਿਚ ਮੈਥੋਂ ਭੰਡੀ ਕਰਵਾਉਂਦੇ ਨੇ ਮੈਂ ਤੁਹਾਡੇ ਖ਼ਿਲਾਫ਼ ਲਿਖਣੋਂ ਇਨਕਾਰ ਕਰ ਦਿੱਤਾ। ਇਸ ਕਰਕੇ ਅਕਾਲੀ ਵੀ ਬਚ ਗਿਆ। ਮੈਂ ਚਾਹ ਵਗੈਰਾ ਪਿਆ ਕੇ ਉਸ ਨੂੰ ਹੱਸਦੇ ਮੱਥੇ ਵਿਦਾ ਕੀਤਾ।

ਦੂਜੇ ਦਿਨ ਅਸਾਂ ਵੀ ਕੈਰੋਂ ਵਾਲੀ ਜਗ੍ਹਾ ਦੇ ਨਾਲ ਕਰਕੇ ਮੈਦਾਨ ਵਿਚ ਰਾਤ ਨੂੰ ਜਲਸਾ ਕੀਤਾ। ਰਾਜਕੁਮਾਰ ਆਇਆ। ਗੀਤ ਹੋਏ ਕੈਰੋਂ ਨਾਲੋਂ ਦੁਗਣੀ ਭੀੜ ਇਕੱਠੀ ਹੋਈ। ਰਾਜ ਦੇ ਬਾਅਦ ਮੈਂ ਬੋਲਿਆ। ਦੋ ਘੰਟੇ ਦੇ ਕਰੀਬ ਤਕਰੀਰ ਕੀਤੀ ਨਾਲ ਨਾਲ ਲਤੀਫ਼ੇ ਤੇ ਟਿਚਕਰ ਬਾਜ਼ੀ ਵੀ ਕੀਤੀ। ਲੋਕ ਕਾਫ਼ੀ ਰਾਤ ਗਏ ਤਕ ਬੈਠੇ ਰਹੇ।

ਮੈਂ ਆਨੰਦ ਨੂੰ ਚਿੱਠੀ ਪਾਈ ਕਿ ਆਤਮਜੀਤ ਨੂੰ ਕਹੋ ਕਿ ਮੇਰੀ ਅਲੈਕਸ਼ਨ ਵਿਚ ਕੁਝ ਪੈਸੇ ਦੀ ਮਦਦ ਕਰੇ। ਉਸ ਦਾ ਕੋਈ ਉੱਤਰ ਨਾ ਆਇਆ। ਆਪ ਜੰਮੂ ਦੀ ਬੱਸੇ ਬਹਿ ਗਿਆ। ਹੁਣ ਉਹ ਜੰਮੂ ਰਹਿ ਰਹੇ ਸਨ।

ਸ੍ਰੀ ਨਗਰ ਦੋਹਾਂ ਗਿਆਨੀ ਕਰ ਲਈ ਸੀ। ਕੋਸ਼ਲਿਆ ਦੀ ਗੂੜ੍ਹੀ ਵਾਕਫ਼ੀਅਤ ਕਰਕੇ ਨਿਊ ਸੂਰਜ ਟਰਾਂਸਪੋਰਟ ਵਾਲਿਆਂ ਕੋਲ ਸ੍ਰੀਨਗਰ ਮੈਨੇਜਰੀ ਮਿਲ ਗਈ ਸੀ। ਜਦ ਕੋਸ਼ਲਿਆ ਦੀ ਵਾਕਫ਼ੀਅਤ ਮੁੱਕ ਗਈ ਆਤਮਜੀਤ ਦੀ ਛੁੱਟੀ ਹੋ ਗਈ। ਧੱਕੇ ਖਾਂਦੇ ਜੰਮੂ ਆ ਗਏ। ਪਾਰਟੀ ਨੇ ਉਸ ਨੂੰ ਕੱਢ ਕੇ ਫਿਰ ਲੈ ਲਿਆ ਸੀ। ਮੈਂ ਇਕ ਵਾਰੀ ਜੰਮੂ ਗਿਆ। ਹਾਲਤ ਭੈੜੀ ਸੀ ਘਰ ਦੀ। ਕਾਮਰੇਡ ਜੀ ਹੇਰ ਫੇਰ ਨਾਲ ਝੱਟ ਲੰਘਾ ਰਹੇ ਸਨ। ਉਦੋਂ ਸ: ਹਰਬੰਸ ਸਿੰਘ ਆਜ਼ਾਦ ਜੋ ਮੇਰੇ ਬੜੇ ਪੁਰਾਣੇ ਜਾਣੂ ਸਨ ਜੰਮੂ ਕਸ਼ਮੀਰ ਅਸੈਂਬਲੀ ਵਿਚ ਵਿਦਿਆ ਮੰਤਰੀ ਸਨ ਅਤੇ ਜੰਮੂ ਸਨ। ਉਹਨਾਂ ਦੀ ਕੋਠੀ ਗਿਆ। ਮੈਨੂੰ ਵੇਖ ਕੇ ਬੜਾ ਖ਼ੁਸ਼ ਹੋਏ। ਗੱਲਾਂ ਕਰਦਿਆਂ ਚਾਹ ਪਾਣੀ ਪੀਤਾ। ਮੈਂ ਆਪਣੇ ਆਉਣ ਦਾ ਮਕਸਦ ਦੱਸਿਆ। ਉਹਨਾਂ ਦੇ ਮੱਥੇ ਵੱਟ ਪੈ ਗਏ। ਪੰਦਰਾਂ ਵੀਹ ਮਿੰਟ ਗਾਲਾਂ ਤਕ ਉੱਪੜ ਦੀਆਂ ਗੱਲਾਂ ਉਸ ਨੇ ਆਤਮਜੀਤ ਨੂੰ ਕਹੀਆਂ। ਸੁਖਬੀਰ ਦੀ ਸਿਫ਼ਤ ਕੀਤੀ "ਇਹੋ ਜਿਹੀ ਕੁੜੀ ਇਸ ਉੱਲੂ ਨਾਲ ਜ਼ਿੰਦਗੀ ਕੱਟ ਰਹੀ ਹੈ"......ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਕ ਕਿਸਮ ਦੀਆਂ ਮੇਰੇ ਮੂੰਹ ਉਤੇ ਚਪੇੜਾਂ ਸਨ। ਉਹਨਾਂ ਮੈਨੂੰ ਹੌਂਸਲਾ ਦਿੱਤਾ ਕਿ ਇਹ ਕੁੜੀ ਬੇਸਿਕ ਵਿਚ ਦਾਖ਼ਲ ਹੋ ਜਾਏਗੀ। ਫਿਰ ਨੌਕਰੀ ਵੀ ਲਵਾ ਦਿਆਂਗਾ। ਇਸ ਤਰ੍ਹਾਂ ਸੁਖਬੀਰ ਬੇਸਿਕ ਕਰਕੇ ਜੰਮੂ ਟੀਚਰ ਲੱਗੀ ਹੋਈ ਸੀ। ਉਂਜ ਉਹ ਦਸਵੀਂ ਫੇਲ੍ਹ ਸੀ।

ਮੈਂ ਜੰਮੂ ਘਰ ਚਲਿਆ ਗਿਆ। ਸੁਖਬੀਰ ਘਰ ਸੀ। ਉਹਨਾਂ ਨਾਲ ਰੋਟੀ ਪਾਣੀ ਇਕੱਠੀ ਸੀ, ਮੁੰਡੇ ਪ੍ਰਕਾਸ਼ ਦਾ ਕਮਰਾ ਲਾਗੇ ਵੱਖਰਾ ਸੀ। ਇਹ ਮੇਰੀ ਲੜਕੀ ਦਾ ਭਰਾ ਬਣਿਆ ਹੋਇਆ ਸੀ। ਕਿਸੇ ਚੰਗੀ ਦਵਾਈਆਂ ਵਾਲੀ ਕੰਪਨੀ ਵਿਚ ਕੰਮ ਕਰਦਾ ਸੀ ਕਲਰਕੀ ਦਾ। (ਮਗਰੋਂ ਮੇਰੀ ਲੜਕੀ ਨੇ ਇਸ ਦਾ ਵਿਆਹ ਡੇਰੇ ਬਾਬੇ ਨਾਨਕ ਦੇ ਬੇਦੀ ਪ੍ਰੀਤਮ ਸਿੰਘ ਦੀ ਲੜਕੀ ਪ੍ਰੇਮ ਨਾਲ ਕਰਵਾ ਦਿੱਤਾ ਸੀ, ਸਾਡੇ ਘਰ ਉਸ ਦਾ ਆਉਣ ਜਾਣ ਰਿਹਾ) ਸੁਖਬੀਰ ਨੂੰ ਕਿਹਾ ਮੈਨੂੰ ਕੁਝ ਪੈਸੇ ਅਲੈਕਸ਼ਨ ਵਾਸਤੇ ਚਾਹੀਦੇ ਹਨ। ਉਸ ਨੇ ਉੱਤਰ ਦਿੱਤਾ — ਇਹ ਤੇ ਕੁਝ ਕਰਦੇ ਨਹੀਂ ਮੇਰੇ ਸਿਰ ਉਤੇ ਸਾਰਾ ਬੋਝ ਹੈ। ਤੁਹਾਨੂੰ ਸੂਰਜ ਕੋਲੋਂ ਲੈ ਦਿੰਦੀ ਹਾਂ। ਉਸ ਨੇ ਸੂਰਜ ਤੋਂ ਸੌ ਰੁਪਿਆ ਲੈ ਦਿੱਤਾ। ਉਹਨਾਂ ਦਿਨਾਂ ਵਿਚ ਸੌ ਦਾ ਬੜਾ ਮੁੱਲ ਸੀ। ਰਾਤ ਕਾ: ਆਤਮਜੀਤ ਸੁੱਖ ਨਾਲ ਮੇਰਾ ਦਾਮਾਦ ਆ ਗਿਆ। ਮੇਰੇ ਨਾਲ ਹੂੰ ਹਾਂ ਹੀ ਕੀਤਾ। ਕੁਝ ਅਲੈਕਸ਼ਨ ਬਾਰੇ ਪੁੱਛਿਆ ਨਾ। (ਜਦ ਮੁੜ ਕੇ ਆਨੰਦ ਮਿਲਿਆ ਤਾਂ ਉਸ ਨੇ ਦੱਸਿਆ ਕਿ ਮੈਂ ਆਤਮਜੀਤ ਨੂੰ ਕਿਹਾ ਸੀ ਆਪਣੇ ਸੌਹਰੇ ਦੀ ਮਦਦ ਕਰ, ਉਹ ਅੱਗੋਂ ਕਹਿਣ ਲੱਗਾ ਉਹ ਪੰਜਾਬ ਵਿਚ ਖਲੋਤੇ ਹਨ ਸਾਡੇ ਵੱਲ ਖਲੋਂਦੇ ਮਦਦ ਵੀ ਕਰਦੇ, ਉਥੇ ਉਹਨਾਂ ਦਾ ਸਾਨੂੰ ਕੀ ਲਾਭ ਹੈ)।

ਮੇਰੀ ਤੀਜੀ ਲੜਕੀ ਰਾਜਕੁਮਾਰੀ ਨੇ ਕੁੜੀਆਂ ਨੂੰ ਲੈ ਕੇ ਸ਼ਹਿਰ ਵਿਚ ਬੜਾ ਕੰਮ ਕੀਤਾ। ਲੜਕਿਆਂ ਨਾਲ ਵੱਡਾ ਲੜਕਾ ਰਾਇ ਬਹੁਤ ਕੰਮ ਕਰਦਾ ਰਿਹਾ, ਅੱਠਵੀਂ ਵਿਚ ਪੜ੍ਹਦਾ ਸੀ। ਪਿੰਡਾਂ ਵਿਚ ਸਾਡਾ ਸੁਨੇਹਾ ਪੱਤਾ ਵੀ ਖੜਦਾ ਰਿਹਾ ਸਾਈਕਲ ਉਤੇ। ਇਹ ਮੁੰਡਾ ਮੇਰੀ ਲੀਡਰੀ ਕਰਕੇ ਮੇਰੀ ਮਾਂ ਦੇ ਲਾਡ ਪਿਆਰ ਕਰਕੇ ਭੈਣਾਂ ਦੀਆਂ ਇਸ ਬਾਰੇ ਸ਼ਿਕਾਇਤਾਂ ਕਰਕੇ ਬਰਬਾਦ ਹੋਣਾ ਸ਼ੁਰੂ ਹੋ ਗਿਆ ਸੀ। ਸ਼ੈਤਾਨ ਬਹੁਤ ਅਤੇ ਪੜ੍ਹਨ ਵਿਚ ਨਿੱਲ। ਚੰਗਾ ਭੰਗੜਾ ਪਾਉਂਦਾ। ਕੁੜੀ ਬਣ ਕੇ ਬੜਾ ਵਧੀਆ ਨਾਚ ਕਰਦਾ। ਚੰਗੀ ਹਾਕੀ ਖੇਡਦਾ ਸੀ, ਪਾਸ ਹੋਈ ਗਿਆ। ਉਸ ਦੇ ਦਿਮਾਗ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਕੁਝ ਨੁਕਸ ਹੈ। ਇਹ ਮੁੰਡਾ ਹੁਣ ਤਕ ਮੇਰਾ ਦੁਖਾਂਤ ਬਣਿਆ ਹੋਇਆ ਹੈ।

ਅਲੈਕਸ਼ਨ ਤੋਂ ਇਕ ਹਫ਼ਤਾ ਪਹਿਲੋਂ ਜਿਲ੍ਹਾ ਕਮੇਟੀ ਦੀ ਮੀਟਿੰਗ ਹੋਈ। ਕਾ: ਫੌਜਾ ਸਿੰਘ ਭੁੱਲਰ ਸੂਬੇ ਵਲੋਂ ਆਇਆ। ਮੇਰੇ ਅੰਦਰ ਗੁੱਸੇ ਦੇ ਭੰਬਾਕੇ ਭਰੇ ਹੋਏ ਸਨ। ਜੋ ਮੇਰੇ ਮੂੰਹ ਆਇਆ, ਬੋਲਿਆ। ਸਾਰੇ ਸੁਣਦੇ ਰਹੇ। ਭੁੱਲਰ ਹੈਰਾਨ ਹੋਈ ਜਾ ਰਿਹਾ ਸੀ। ਮੈਂ ਮਹਿਸੂਸ ਕੀਤਾ ਇਹ ਮੈਨੂੰ ਅਕਾਲੀ ਦੇ ਹੱਕ ਵਿਚ ਬਿਠਾਉਣ ਆਏ ਸਨ। ਮੇਰਾ ਸਾਰਾ ਖਿੱਝਣਾ ਤੇ ਕੰਮ ਵੇਖ ਕੇ ਕਹਿਣ ਦਾ ਹੀਆ ਨਾ ਕਰ ਸਕੇ ਹੋਣ।

ਆਖਿਰ ਕਾ: ਬਿਸ਼ਨ ਦੇ ਅੰਦਰੋਂ ਤਰਸ ਉਗਿਆ। ਆਪਣੇ ਪੈਰਾਂ ਤੇ ਖਲੋਤਾ ਜੱਟਾਂ ਦੇ ਆਥੜੀਪੁਣੇ ਤੋਂ ਵੱਖਰਾ ਦਿਮਾਗ਼ ਕੀਤਾ ਤੇ ਬੋਲਿਆ — ਜੋ ਹੋਇਆ ਸੋ ਹੋਇਆ ਹੁਣ ਦੱਸ ਅਸੀਂ ਕੀ ਕਰੀਏ।

ਮੈਂ ਕਿਹਾ — ਕੋਈ ਵੀ ਪੋਲਿੰਗ ਸਟੇਸ਼ਨ ਸਾਡੇ ਕਾਮਰੇਡਾਂ ਜਾਂ ਬੰਦਿਆਂ ਬਿਨਾਂ ਖ਼ਾਲੀ ਨਾ ਹੋਵੇ। ਭਾਵੇਂ ਸਾਨੂੰ ਵੋਟ ਪਏ ਭਾਵੇਂ ਨਾ ਪਏ। ਝੰਡਾ ਸਾਡਾ ਲੱਗਾ ਹੋਵੇ।

ਉਸ ਨੇ ਤਿਆਰ ਬਰ ਤਿਆਰ ਹੋ ਕੇ ਇਹ ਕੰਮ ਸੰਭਾਲ ਲਿਆ। ਸੂਬਾ ਪਾਰਟੀ ਨੇ ਚਾਰ ਸੌ ਰੁਪਿਆ ਤੇ ਹੋਰ ਕੁਝ ਸਮਾਨ ਘੱਲਿਆ ਸੀ। ਮੇਰੇ ਨਾਂ ਦੇ ਤਸਵੀਰ ਸਣੇ ਇਸ਼ਤਿਹਾਰ ਪਹਿਲੋਂ ਹੀ ਲੱਗ ਚੁੱਕੇ ਸਨ। ਕੁਝ ਬਾਕੀ ਸਨ ਉਹ ਵੀ ਇਕ ਇਕ ਪੋਲਿੰਗ ਸਟੇਸ਼ਨਾਂ ਉਤੇ ਘੱਲਿਆ।

ਮੇਰੇ ਨਾਨਕਿਆਂ ਦੇ ਪੋਲਿੰਗ ਸਟੇਸ਼ਨ ਤੇ ਮੇਰੀ ਮਾਂ ਗਈ, ਉਥੋਂ ਮੇਰੇ ਮਾਮੇ ਨਾਲ ਹੋ ਗਏ। ਇਕ ਪਰਾਹੁਣਾ ਚਾਚਾ ਲੱਗਦਾ ਸੀ ਨੰਦ ਸਿੰਘ ਸ਼ੱਤੀਗੜ੍ਹੋਂ ਆਇਆ ਸੀ ਉਸ ਨੂੰ ਇਕ ਜਣਾ ਦੇ ਕੇ ਹੰਕਾਰੀ ਜੱਟ ਤੇ ਡੇਢ ਗਵਾਰ ਦੇ ਪੋਲਿੰਗ ਤੇ ਘੱਲ ਦਿੱਤਾ। ਖਿਸ਼ਨ ਸਿੰਘ ਨੇ ਦਿਨ ਰਾਤ ਇਕ ਕਰਕੇ ਕੰਮ ਸਿਰੇ ਚਾੜ੍ਹਿਆ। ਜਿਥੇ ਕੋਈ ਨਹੀਂ ਉਥੇ ਸਾਡਾ ਕੋਈ ਕਾਮਰੇਡ ਝੰਡਾ ਖੜ੍ਹਾ ਕਰਕੇ ਇਸ਼ਤਿਹਾਰ ਖਲਿਆਰ ਕੇ ਬੈਠਾ ਰਿਹਾ।

ਇਹ ਸਾਰੀ ਸਕੀਮ ਸੋਢੀ ਜਿਹੜਾ ਮੀਟਿੰਗ ਵਿਚ ਬੈਠਾ ਸੀ ਉਸ ਨੇ ਵੱਡੇ ਭਰਾ ਹਰਚਰਨ ਸਿੰਘ ਸੋਢੀ ਨੂੰ ਦੱਸੀ। ਉਹਨਾਂ ਨੇ ਸਾਡੇ ਧਨੀ ਕਿਸਾਨਾਂ ਤੇ ਮੱਖਣ ਸਿੰਘ ਨਾਲ ਸਲਾਹ ਮਸ਼ਵਰਾ ਕਰਕੇ ਜਿਸ ਰਾਤ ਬਾਰ੍ਹਾਂ ਵਜੇ ਪ੍ਰਚਾਰ ਬੰਦ ਹੋਣਾ ਸੀ ਉਸ ਦਿਨ ਪਿਛਲੇ ਪਹਿਰ ਮੇਰੇ ਵਲੋਂ ਜਾਅਲੀ ਇਸ਼ਤਿਹਾਰ ਲਾ ਦਿੱਤੇ, ਕਿ ਮੈਂ ਜਸਵੰਤ ਸਿੰਘ ਰਾਹੀ ਅਕਾਲੀ ਕੈਂਡੀਡੇਟ ਦੇ ਹੱਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਬੈਠ ਗਿਆ ਹਾਂ। ਸਾਰੇ ਵੋਟ ਮੱਖਣ ਸਿੰਘ ਨੂੰ ਪਾਏ ਜਾਣ।...... ਉਹਨਾਂ ਕੋਲ ਸੋਰਸ ਸੀ, ਅਸੀਂ ਕਾਫੀ ਨੱਠੇ ਭੱਜੇ ਪਰ ਸਾਡੀ ਗੱਲ ਨਾ ਬਣੀ। ਲੱਗਭਗ ਕਾਫੀ ਥਾਂ ਖ਼ਬਰਾਂ ਘੱਲੀਆਂ ਕਿ ਇਸ਼ਤਿਹਾਰ ਗ਼ਲਤ ਹੈ ਜਾਲਸਾਜ਼ੀ ਹੈ ?......ਪਰ ਅਸਰ ਜੋ ਹੋਣਾ ਸੀ ਸੋ ਹੋਇਆ।

ਚਾਚੇ ਨੰਦ ਸਿੰਘ ਦੇ ਸਾਹਮਣੇ ਹੰਕਾਰੀ ਪਰਮਿੰਦਰ ਜੱਟ ਉਸ ਦੀਆਂ ਜੂਠਾਂ ਖਾਣ ਵਾਲਾ ਉਦੋਂ ਗ਼ਰੀਬ ਜੱਟ ਡੇਢ ਗਵਾਰ ਨੱਠ ਭੱਜ ਕੇ ਮੱਖਣ ਸਿੰਘ ਨੂੰ ਵੋਟਾਂ ਪਵਾ ਰਹੇ ਸਨ। ਹਰਬੰਸ ਸਿੰਘ ਡੇਰੇ ਸਾਡੇ ਪੋਲਿੰਗ ਉਤੇ ਵੋਟਾਂ ਕਟਦਾ ਰਿਹਾ। ਰਾਜਕੁਮਾਰੀ ਤੇ ਉਸ ਦੀਆਂ ਸਹੇਲੀਆਂ ਨੇ ਅਤੇ ਰਾਏ ਦੇ ਯਾਰਾਂ ਨੇ ਵੋਟ ਭੁਗਤਾਉਣ ਵਿਚ ਬੜਾ ਕੰਮ ਕੀਤਾ। ਸਾਥੀ ਇਲਾਕੇ ਦੇ ਥਾਉਂ ਥਾਈਂ ਸਨ। ਮੈਂ ਦਿਲੋਂ ਖ਼ੁਸ਼ ਸਾਂ ਕਿ ਜ਼ਮਾਨਤ ਬੱਚ ਜਾਏਗੀ। ਜਦ ਪੋਲਿੰਗ ਦਾ ਸਮਾਂ ਮੁੱਕਣ ਤੇ ਆ ਗਿਆ ਤਾਂ ਮੈਂ ਆਪਣੀ ਵੋਟ ਪਾਉਣ ਗਿਆ। ਅੱਗੋਂ ਮੈਨੂੰ ਸਾਡੇ ਸ਼ਹਿਰ ਦੇ ਕੁੜੀਆਂ ਦੇ ਮਿਡਲ ਸਕੂਲ ਦੀ ਖ਼ੂਬਸੂਰਤ ਮੁਖ ਅਧਿਆਪਕਾ ਵੋਟ ਪਾ ਕੇ ਆਉਂਦੀ ਮਿਲੀ। — ਸਤ ਸ੍ਰੀ ਅਕਾਲ, ਮੈਂ ਤੁਹਾਨੂੰ ਵੋਟ ਨਹੀਂ ਪਾਇਆ।

ਮੈਂ ਮੁਸਕਰਾ ਕੇ ਉੱਤਰ ਦਿੱਤਾ — ਠੀਕ ਹੈ ਤੁਹਾਨੂੰ ਆਪਣੀ ਮਰਜ਼ੀ ਕਰਨ ਦਾ ਹੱਕ ਹੈ। ਜਿੱਧਰ ਮਰਜ਼ੀ ਵੋਟ ਪਾਉਂਦੇ।

ਮੈਂ ਕਿਸੇ ਵੀ ਕੈਂਡੀਡੇਟ ਨੂੰ ਵੋਟ ਨਹੀਂ ਪਾਈ।......ਉਹ ਰਤਾ ਮੁਸਕਰਾਈ।......ਫਿਰ ਕਿਸ ਨੂੰ ਪਾਈ ਹੈ ?......ਤੁਹਾਡੀ ਕਵਿਤਾ ਬਾਗੀ ਮੁਟਿਆਰ ਨੂੰ।......ਅਸੀਂ ਦੋਵੇਂ ਹੱਸ ਪਏ।......ਬਾਗੀ ਮੁਟਿਆਰ ਮੇਰੀ ਔਰਤਾਂ ਉਤੋਂ ਲਿਖੀ ਗਈ ਮਸ਼ਹੂਰ ਕਵਿਤਾ ਦਾ ਨਾਂ ਸੀ। ਬਾਅਦ 'ਚ ਇਕ ਕਹਾਣੀ ਲਿਖੀ ਸੀ "ਮੈਂ ਜਿੱਤ ਗਿਆ"।

ਰਾਤ ਨੂੰ ਖ਼ੂਬ ਸੁੱਤਾ। ਮੇਰੇ ਅੰਦਰ ਇਕ ਨਵੀਂ ਜਾਗ੍ਰਤੀ ਆਈ ਸੀ ਜਿਵੇਂ ਪਾਰਟੀ ਜੱਥੇਬੰਦੀ ਨੂੰ ਸਮਝਦਾ ਸਾਂ ਇਹ ਉੱਦਾਂ ਨਹੀਂ ਸੀ। ਮੇਰੇ ਸਾਹਮਣੇ ਪਾਰਟੀ ਵਿਚ ਵੀ ਜਮਾਤਾਂ ਨੰਗੀਆਂ ਹੋ ਗਈਆਂ ਸਨ। ਗੋਰਕੀ ਦੇ ਅਖਾਣ ਵਾਂਗ ਗਏ ਸਮੇਂ ਨੂੰ "ਅੱਜ ਮੈਂ ਉਸ ਨੂੰ ਇਕ ਨੇਤਰਹੀਣ ਦਾ ਭੈ ਆਖਦਾ ਹਾਂ" ਪਾਰਟੀ ਲੀਡਰਾਂ ਦਾ ਡਰ ਕਾਮਰੇਡਾਂ ਨੂੰ ਦੇਵਤੇ ਸਮਝਣਾ, ਜ਼ਾਬਤੇ ਦਾ ਭਾਰ ਸਿਰ ਉਤੇ ਅਤੇ ਦਿਲ ਵਿਚ ਬੰਨ੍ਹੀ ਰੱਖਣਾ ਸਾਰੇ ਸਾਫ਼ ਹੋ ਗਏ ਸਨ।

ਲੈਨਿਨ ਯਾਦ ਆਇਆ — ਜੋ ਕੁਝ ਕਾਮਰੇਡ ਪੰਜਾਂ ਸਾਲਾਂ ਵਿਚ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਿਖਦਾ ਉਹ ਕੁਝ ਜਦੋਂ ਜਹਿਦ ਵਿਚ ਪਿਆ ਪੰਜਾਂ ਮਹੀਨਿਆਂ ਵਿਚ ਸਿਖ ਜਾਂਦਾ ਹੈ। ਮੈਂ ਤੇ ਉੱਨੀ ਸੌ ਬਤਾਲੀ ਤੋਂ ਲੈ ਕੇ ਜਿਹੜਾ ਕੁਝ ਉੱਨੀ ਸੌ ਇਕਾਹਠ ਤਕ ਨਹੀਂ ਸੀ ਸਿਖਿਆ, ਅਲੈਕਸ਼ਨ ਦੇ ਤਿੰਨਾਂ ਮਹੀਨਿਆਂ ਵਿਚ ਸਿਖ ਗਿਆ ਸਾਂ।

ਤੀਜੇ ਦਿਨ ਪਤਾ ਲੱਗਾ ਮੇਰੀ ਜ਼ਮਾਨਤ ਜ਼ਬਤ ਹੋ ਗਈ ਹੈ। ਅਕਾਲੀ ਮੱਖਣ ਸਿੰਘ ਜਿੱਤ ਗਿਆ ਹੈ। ਮੈਨੂੰ ਪੂਰਾ ਚੇਤਾ ਨਹੀਂ ਪੌਣੇ ਤਿੰਨ ਪੂਰੇ ਤਿੰਨ ਕਿ ਸਵਾ ਤਿੰਨ ਜਾਂ ਸਾਢੇ ਤਿੰਨ ਹਜ਼ਾਰ ਵੋਟ ਪਏ ਸਨ। ਗਿਣਤੀ ਤੇ ਨਹੀਂ ਗਿਆ ਸਾਂ। ਮੈਂ ਖ਼ੁਸ਼ ਸਾਂ ਕਿ ਮੈਂ ਪਾਰਟੀ ਨੂੰ ਆਂਚ ਨਹੀਂ ਆਉਣ ਦਿੱਤੀ ਬਹਿ ਜਾਣ ਦੀ ਰਸਮ ਮੁਕਾ ਦਿੱਤੀ ਹੈ।

ਅਗਲੇ ਦਿਨ ਦਸ ਵਜੇ ਕੇਸੀਂ ਨਹਾਤਾ, ਪਿੰਡੇ ਨਹਾਤਾ ਬੇਦੀ ਹਰੀ ਸਿੰਘ ਦਾ ਸੁਨੇਹਾ ਆ ਗਿਆ। ਮੈਂ ਗਿਆ। ਬਾਬਾ ਲੱਖਮੀ ਚੰਦ ਹਾਲ ਅੱਗੇ ਇਕ ਨਿੱਕੀ ਦਰੀ ਵਿਛਾ ਕੇ ਚਾਰ ਪੰਜ ਯਾਰਾਂ ਨਾਲ ਬੈਠੇ ਹੋਏ ਚੁੱਸਕੀਆਂ ਲਾ ਰਹੇ ਸਨ। ਮੈਨੂੰ ਜੱਫੀ ਪਾ ਕੇ ਬਿਠਾ ਲਿਆ। ਮੈਂ ਸ਼ਰਾਬ ਨਹੀਂ ਸਾਂ ਪੀਂਦਾ। ਪਾਰਟੀ ਡਰ ਕਰਕੇ ਛੱਡ ਦਿੱਤੀ ਹੋਈ ਸੀ। ਬੇਦੀ ਨੇ ਗਲਾਸ ਮੇਰੇ ਮੂੰਹ ਨੂੰ ਲਾ ਦਿੱਤਾ। ਮੈਂ ਪੀ ਗਿਆ। ਬੈਠ ਕੇ ਗੱਪਾਂ ਸ਼ੁਰੂ ਹੋਈਆਂ। ਬੇਦੀ ਹਰੀ ਸਿੰਘ ਹੋਰਾਂ ਲੋਰ ਵਿਚ ਆਖਿਆ — ਲੈ ਰਾਹੀ ਅਸਾਂ ਯਾਰੀ ਨਿਭਾ ਦਿੱਤੀ ਹੈ। ਤੇਰੀ ਪਾਰਟੀ ਤੇ ਤੇਰੇ ਕਾਮਰੇਡਾਂ ਤੈਨੂੰ ਹਰਾਇਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਠਾਨਕੋਟ

ਪਠਾਨਕੋਟ ਜਿਲ੍ਹਾ ਕੌਂਸਲ ਦੀ ਵਧਾਈ ਹੋਈ ਮੀਟਿੰਗ ਸੀ। ਪਹਿਲੋਂ ਜਿਲ੍ਹਾ ਐਗਜੈਕਟਿਵ ਦੀ ਮੀਟਿੰਗ ਹੋਈ। ਕਾ: ਹਰਕਿਸ਼ਨ ਸਿੰਘ ਸੁਰਜੀਤ ਸੂਬੇ ਵਲੋਂ ਆਇਆ। ਜਿਹੜੀ ਤਿੱਕੜੀ ਮੇਰੇ ਖਿਲਾਫ਼ ਸੀ ਉਹ ਕੋਈ ਨਾ ਬਹੁੜਿਆ ਐਗਜੈਕਟਿਵ ਮੀਟਿੰਗ ਵਿਚ ਗੱਲਾਂ ਹੁੰਦੀਆਂ। ਮੇਰੀ ਇਲੈਕਸ਼ਨ ਆ ਗਈ, ਮੈਂ ਦੱਸਿਆ — (1) ਜੇ ਜਿਲ੍ਹਾ ਸੈਕਟਰੀ ਮੇਰੇ ਹਲਕੇ ਵਿਚ ਰਹਿੰਦਾ (2) ਕਾ: ਗੁਪਾਲ ਸਿੰਘ ਠੱਠਾ ਜੋ ਇਨਚਾਰਜ ਸੀ ਸੀਟ ਦਾ ਉਹ ਸਾਰਾ ਸਮਾਂ ਮੇਰੇ ਕੰਮ ਵਿਚ ਹੁੰਦਾ ਜਿਹੜਾ ਆਇਆ ਹੀ ਨਹੀਂ (3) ਸੂਬੇ ਦੇ ਸਾਥੀ ਖ਼ਾਸ ਕਰਕੇ ਟਪਿਆਲਾ ਮੇਰੇ ਹਲਕੇ ਵਿਚ ਤਕਰੀਰਾਂ ਕਰਦਾ (4) ਮੇਰੇ ਖਿਲਾਫ਼ ਕਾਮਰੇਡਾਂ ਵਿਚੋਂ ਝੰਡਾ ਨਾ ਚੁੱਕੀ ਫਿਰਦੇ (5) ਸੂਬਾ ਪਾਰਟੀ ਹੋਰਨਾਂ ਸੀਟਾਂ ਵਾਂਗ ਪੈਸੇ ਦੀ ਮਦਦ ਕਰਦੀ (6) ਅੰਤਲੀ ਗੱਲ ਜੇ ਮੇਰੇ ਖਿਲਾਫ਼ ਜਾਅਲੀ ਇਸ਼ਤਿਹਾਰ ਆਖ਼ਰੀ ਸਮੇਂ ਨਾਂ ਲਗਦੇ, ਮੇਰੀ ਜ਼ਮਾਨਤ ਜ਼ਬਤ ਨਾ ਹੁੰਦੀ।

ਕਾ: ਸੁਰਜੀਤ ਨੇ ਕੋਈ ਵਿਸ਼ੇ ਉਤੇ ਬਹਿਸ ਨਾ ਕੀਤੀ ਅਤੇ ਆਖਿਆ — ਐਸੀ ਕੋਈ ਗੱਲ ਨਹੀਂ ਤੇਰੀ ਜ਼ਮਾਨਤ ਜ਼ਬਤ ਹੋਣੀ ਸੀ ਹੋ ਗਈ।...... ਮੇਰੇ ਅੰਦਰ ਵਲਵਲਾ ਤੜਫਿਆ। ਸੋਚਿਆ ਧਨੀ ਕਿਸਾਨਾਂ ਦਾ ਤੇ ਥਲਿਉਂ ਲੈ ਕੇ ਸੂਬੇ ਤਕ ਦਾ ਏਕਾ ਹੈ। ਇਹਨਾਂ ਪਾਰਟੀ ਵਿਚ ਆਪਣਾ ਵੱਖਰਾ ਗੁੱਟ ਬਣਾਇਆ ਹੋਇਆ ਹੈ। ਇਕ ਗੱਲ ਅਮਰਜੀਤ ਗੁਰਦਾਸਪੁਰੀ ਦੀ ਯਾਦ ਆਈ। ਉਹ ਇਕ ਦਿਨ ਅਲੈਕਸ਼ਨ ਵਿਚ ਸੁਰਜੀਤ ਦੇ ਹਲਕੇ ਵਿਚ ਗੀਤ ਬੋਲਣ ਗਿਆ ਸੀ ਤਾਂ ਉਸ ਨੂੰ ਸੁਰਜੀਤ ਨੇ ਕਿਹਾ — ਅਮਰਜੀਤ, ਰਾਹੀ ਨੇ ਕਾਮਯਾਬ ਹੋਣਾ ਨਹੀਂ ਤੂੰ ਮੇਰੇ ਹਲਕੇ ਵਿਚ ਰਹੁ।......ਅਮਰਜੀਤ ਨੇ ਉੱਤਰ ਦਿੱਤਾ ਸੀ — ਕਾਮਰੇਡ ਜੀ ਸਾਡੇ ਜਿਲ੍ਹੇ ਨੇ ਸਰਬ ਸੰਮਤੀ ਨਾਲ ਰਾਹੀ ਹੋਰਾਂ ਦੀ ਪਹਿਲੇ ਦਰਜੇ ਦੀ ਸੀਟ ਮੰਨੀ ਹੋਈ ਹੈ। ਮੈਂ ਉਥੇ ਰਹਿਣਾ ਹੈ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਪਹਿਲਾ ਮੌਕਾ ਸੀ ਜਦ ਹਰਕਿਸ਼ਨ ਸਿੰਘ ਸੁਰਜੀਤ ਮੇਰੇ ਅੰਦਰੋਂ ਨਿਕਲ ਗਿਆ। ਸ਼ਾਮ ਨੂੰ ਇਕ ਖੁੱਲ੍ਹੇ ਕਮਰੇ ਵਿਚ ਜ਼ਿਲ੍ਹਾ ਕੌਂਸਲ ਦੀ ਮੀਟਿੰਗ ਹੋਈ। ਡਾ: ਰਾਮ ਸਿੰਘ ਤੇ ਬੀਬੀ ਸਵਰਨੀ ਆਏ ਹੋਏ ਸਨ। ਦੋ ਕਾਮਰੇਡਣੀਆਂ ਹੋਰ ਵੀ ਸਨ। ਮੀਟਿੰਗ ਸ਼ੁਰੂ ਹੋਈ। ਮੈਂ ਉਹੋ ਹੋਰ ਵਿਸਤਾਰ ਨਾਲ ਉਹੋ ਛੇ ਕਾਰਨ ਸਾਰਿਆਂ ਸਾਹਮਣੇ ਪੇਸ਼ ਕਰ ਦਿੱਤੇ। ਸਾਰਿਆਂ ਗੌਰ ਨਾਲ ਸੁਣੇ ਹਾਂ ਵਿਚ ਸਿਰ ਹਿਲਾਏ। ਫਿਰ ਉਸ ਉਤੇ ਬਹਿਸ ਸ਼ੁਰੂ ਹੋਈ। ਕੋਈ ਤਿੰਨ ਚਾਰ ਮਿੰਟ ਨਾ ਉਠਿਆ। ਇਕ ਧਨੀ ਜੱਟ ਅੰਦਰੋਂ ਤਕ ਟਪਿਆਲੇ ਦਾ ਦੇਹ ਜਾਨ। ਛਿੱਬਾ ਕਰਕੇ ਸੱਦਿਆ ਜਾਂਦਾ ਸੀ। ਪਹਿਲੀ ਵਹੁਟੀ ਮਾਰ ਦਿੱਤੀ ਦੂਜੀ ਚੰਚਲ ਤੇ ਸੋਹਣੀ ਕੁੜੀ ਨਾਲ ਉਸ ਦਾ ਵਿਆਹ ਹੋ ਗਿਆ ਸੀ। ਜੱਟ ਬਰਾਦਰੀ ਕੁੜੀ, ਅਕਲ ਤੇ ਹੁਨਰ ਜਾਂ ਤਾਲੀਮ ਨਾਲ ਨਹੀਂ ਵਿਹਾਉਂਦੀ ਜ਼ਮੀਨ ਨਾਲ ਵਿਹਾਉਂਦੀ ਹੈ। ਛਿੱਬੇ ਨੇ ਉੱਠ ਕੇ ਆਖਿਆ — ਇਹ ਤਰਖਾਣ ਸੀ ਨਾ ਫੇਲ੍ਹ ਹੋ ਗਿਆ, ਜੇ ਕੋਈ ਜੱਟ ਹੁੰਦਾ ਫੇਲ੍ਹ ਨਾ ਹੁੰਦਾ। ਉਸ ਦੀ ਏਨੀ ਗੱਲ ਸੁਣ ਕੇ ਮੇਰਾ ਰੋਹ ਜਾਗ ਪਿਆ, ਬਿਨਾਂ ਇਜਾਜ਼ਤ ਲਏ ਖਲੋ ਗਿਆ — ਛਿੱਬਿਆ ਕਿਸੇ ਕੈਂਡੀਡੇਟ ਵੱਲੋਂ ਨਾ ਲੋਕਾਂ ਵੱਲੋਂ ਤਰਖਾਣ ਦਾ ਨਾਹਰਾ ਲੱਗਾ। ਮੇਰੇ ਨਾਲ ਸਾਰੇ ਨਿੱਕੇ ਕਿਸਾਨ ਸਾਥੀ ਨਾਲ ਰਹੇ। ਇਕ ਵੀ ਰਿਪੋਰਟ ਇਹੋ ਜਿਹੀ ਜੱਟ ਤਰਖਾਣ ਦੀ ਨਹੀਂ ਆਈ। ਹੋਰ ਗੱਲ ਸੁਣ, ਕਾ: ਸੋਹਣ ਸਿੰਘ ਜੋਸ਼ ਪਾਰਟੀ ਦਾ ਮਸ਼ਹੂਰ ਤੇ ਲਾਇਕ ਲੀਡਰ ਪਾਰਟੀ ਦੀ ਨੀਂਹ ਰੱਖਣ ਵਾਲਾ ਜੱਟ ਸੀ, ਉਸ ਦੀ ਜ਼ਮਾਨਤ ਜ਼ਬਤ ਹੋਈ, ਮੇਰੀਆਂ ਵੋਟਾਂ ਨਾਲੋਂ ਉਸ ਦੀਆਂ ਥੋੜ੍ਹੀਆਂ ਵੋਟਾਂ ਸਨ। ਅੱਗੇ ਸੁਣ, ਤੇਰੇ ਵਰਗੇ ਜੱਟ ਮੇਰਿਆਂ ਭਰਾਵਾਂ ਨੇ ਕਾਰਖ਼ਾਨਿਆਂ ਅੱਗੇ ਚੌਂਕੀਦਾਰ ਖਲਿਆਰੇ ਹੋਏ ਨੇ। ਮੈਂ ਉਹ ਤਰਖਾਣ ਨਹੀਂ ਜਿਹੜਾ ਜੱਟਾਂ ਦੇ ਡੰਗਰ ਬੰਨ੍ਹਣ ਲਈ ਕਿੱਲੇ ਘੜਦਾ ਹੋਏ। ਮੈਂ ਤੇਰੇ ਜਿਹੇ ਜੱਟਾਂ ਦੇ ਚਿੱਤੜਾਂ ਵਿਚ ਠੋਕਣ ਲਈ ਕਿੱਲੇ ਘੜਦਾ ਹਾਂ।

ਸਾਥੀਆਂ ਵਿਚ ਬੜੀ ਖੱਪ ਪਈ ਸਾਰੇ ਛਿੱਬੇ ਪਿੱਛੇ ਪੈ ਗਏ। ਉਸ ਨੇ ਲਫ਼ਜ਼ ਵਾਪਸ ਲਏ ਕਿਉਂਕਿ ਵਧਾਈ ਹੋਈ ਕੌਂਸਲ ਮੀਟਿੰਗ ਸੀ ਦੂਜੀਆਂ ਬਰਾਦਰੀਆਂ ਦੇ ਵੀ ਕਾਫ਼ੀ ਕਾਮਰੇਡ ਆਏ ਸਨ। ਬੱਸ "ਗੱਲ ਪਈ ਰੌਲੇ ਉਹ ਵੀ ਗਈ, ਰੰਨ ਗਈ ਘਰੋਂ ਉਹ ਵੀ ਗਈ"।

ਦਿਨੇ ਮੈਂ ਬੱਸ ਵਿਚ ਬਹਿ ਕੇ ਡੇਰੇ ਵੱਲ ਆ ਰਿਹਾ ਸਾਂ, ਮੇਰੇ ਅੰਦਰ ਕਈ ਗੱਲਾਂ ਉੱਘੜ ਰਹੀਆਂ ਸਨ। ਕਮਿਊਨਿਸਟ ਪਾਰਟੀ ਵਿਚ ਧਨੀ ਜੱਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਸਾਈ ਦਾ ਕੰਮ ਕਰਦਾ ਹੈ। ਤੁਸੀਂ ਪੁੱਛੋਗੇ ਕਾਂਗਰਸ ਜਾਂ ਅਕਾਲੀਆਂ ਵਿਚ ਕਿਉਂ ਨਹੀਂ ? ਮੇਰਾ ਉੱਤਰ ਹੋਏਗਾ ਉਹ ਤੇ ਜਮਾਤਾਂ ਵੀ ਧਨੀਆਂ ਦੀਆਂ ਹਨ। ਕਮਿਊਨਿਸਟ ਪਾਰਟੀ ਵਿਚ ਥੱਲੇ ਦੇ ਕਾਮਰੇਡਾਂ ਦੀ ਮਦਦ ਧਨੀ ਜੱਟ ਕਰਦਾ ਹੈ, ਆਏ ਗਏ ਕਾਮਰੇਡਾਂ ਤੇ ਲੀਡਰਾਂ ਨੂੰ ਚੰਗੇ ਗੱਫੇ ਲਵਾਉਂਦਾ ਤੇ ਆਰਾਮ ਦਿੰਦਾ ਹੈ। ਸੇਵਾ ਕਰਦਾ ਹੈ। ਜਾਣ ਲੱਗਿਆਂ ਨੂੰ ਫੰਡ ਦਿੰਦਾ ਹੈ। ਪੈਸੇ ਲੀਡਰਾਂ ਦੀ ਜੇਬ ਵਿਚ ਵੱਖਰੇ ਪਾਉਂਦਾ ਹੈ। ਉਸ ਲਈ ਗਰੀਬ ਗਰੀਬ ਹੈ, ਭਾਵੇਂ ਕਿਸੇ ਵੀ ਜਾਤ, ਬਰਾਦਰੀ ਦਾ ਹੋਵੇ। ਇਸ ਰਸੂਖ਼ ਨਾਲ ਜਿਸ ਨੂੰ ਝਟਕਾ ਲਏ, ਵਰਕਰ ਨੂੰ ਲੀਡਰ ਬਣਾ ਲਏ ਤੇ ਲੀਡਰ ਨੂੰ ਵਰਕਰ। ਪੰਜਾਬ ਦੀਆਂ ਸਾਰੀਆਂ ਪਾਰਟੀਆਂ ਦਾ ਧਨੀਆਂ ਕਰਕੇ ਬੁਰਾ ਹਾਲ ਹੈ। ਪਾਰਟੀ ਪ੍ਰੋਲੇਤਾਰੀ ਨਾ ਹੋ ਕੇ ਧਨੀ ਜੱਟਾਂ ਦੀ ਬਣ ਗਈ ਹੈ। ਪੜ੍ਹਾਈ ਇਹਨਾਂ ਦੀ "ਇਕੋ ਅੱਲਫ ਤੇਰੇ ਦਰਕਾਰ, ਅੱਗੇ ਬੱਸ ਕਰੀਂ ਓ ਯਾਰ।"

ਮਾਰਕਸ ਨੇ ਕਿਹਾ ਹੈ "ਜਿਸ ਤਰ੍ਹਾਂ ਬੰਦਾ ਜ਼ਿੰਦਗੀ ਗੁਜ਼ਾਰਦਾ ਹੈ ਉਸ ਤਰ੍ਹਾਂ ਸੋਚਦਾ ਹੈ" ਹੋਰ ਜਿਹੜਾ ਬੇ-ਜ਼ਮੀਨਾ ਤੇ ਬੇ-ਜਾਇਦਾਦਾ ਅਨਸਰ ਪਾਰਟੀ ਵਿਚ ਆਉਂਦਾ ਹੈ ਭਾਵੇਂ ਦਰਮਿਆਨਾ ਹੋਵੇ ਉਸ ਦਾ ਪਿਛਲੀ ਆਰਥਿਕਤਾ ਨਾਲੋਂ ਸੰਬੰਧ ਟੁੱਟ ਜਾਂਦਾ ਹੈ। ਉਸ ਦੀ ਜ਼ਿੰਦਗੀ ਪਾਰਟੀ ਨਾਲ ਬੱਝ ਜਾਂਦੀ ਹੈ। ਉਹ ਬਦਲ ਜਾਂਦਾ ਹੈ। ਧਨੀ ਜੱਟ ਦੀ ਆਰਥਿਕਤਾ ਜ਼ਮੀਨ ਨਾਲ ਬੱਝੀ ਰਹਿੰਦੀ ਹੈ। ਉਹ ਨਹੀਂ ਬਦਲਦਾ। ਇਹ ਹੈ ਮੂਲ ਸਿਧਾਂਤ। ਤਾਂ ਹੀ ਲੈਨਿਨ ਨੇ ਕਿਹਾ "ਪੇਸ਼ਾਵਰ ਵਰਕਰ ਤੇ ਲੀਡਰ ਪੈਦਾ ਕਰੋ ਜਿਨ੍ਹਾਂ ਦਾ ਪੇਸ਼ਾ ਇਨਕਲਾਬ ਲਿਆਉਣਾ ਹੋਵੇ" ਇਹੋ ਕਾਰਨ ਹੈ ਕਿ ਜਿਹੜੇ ਕਿਸਾਨ ਸਾਥੀ ਹਨ ਘਰ ਉਹਨਾਂ ਦੀ ਇੱਜ਼ਤ ਨਹੀਂ ਹੁੰਦੀ।...... ਇਹੋ ਕਮਿਊਨਿਸਟ ਸਿਧਾਂਤ ਸੀ ਜਿਹੜਾ ਹਰ ਸੰਕਟ ਵਿਚੋਂ ਔਕੜਾਂ 'ਚੋਂ, ਕਠਨਾਈਆਂ 'ਚੋਂ ਬਗੈਰ ਅੱਖੀਆਂ ਭਿਉਂਆਂ ਕੱਢ ਕੇ ਲੈ ਜਾਂਦਾ ਸੀ ਅਤੇ ਮੇਰੀ ਆਤਮਾ ਤੇ ਮੇਰੀ ਦ੍ਰਿੜ੍ਹਤਾ ਸਟੀਲ ਵਰਗੀ ਰਹਿੰਦੀ ਸੀ।......ਇਸ ਸਮੇਂ ਤੋਂ ਬਾਅਦ ਮੈਂ ਲੈਨਿਨ ਦੇ ਇਹਨਾਂ ਸ਼ਬਦਾਂ ਤੋਂ ਵੀ ਕੰਮ ਲਿਆ ਕਿ "ਜੱਟ ਜਮਾਂਦਰੂ ਧੜੇਬੰਦ ਹੁੰਦਾ ਹੈ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਰਣਾ

ਸੰਤੋਸ਼ ਦਾ ਕਾਕਾ ਬਹੁਤ ਖ਼ੂਬਸੂਰਤ ਸੀ ਬੁੱਲ੍ਹਾਂ ਉਤੇ ਕੁਦਰਤੀ ਲਾਲੀ। ਊਸ਼ਾ ਵਰਗੀ ਚਿੱਟੀ ਭਾਹ ਮਾਰਦਾ ਰੰਗ। ਸਾਹਨੀ ਇਕ ਵਾਰੀ ਹੋ ਕੇ ਚਲਿਆ ਗਿਆ ਸੀ। ਮੈਨੂੰ ਕਹਿ ਗਿਆ ਕਿ ਭਾਪਾ ਜੀ ਤੁਸੀਂ ਸੰਤੋਸ਼ ਦੇ ਕਾਕੇ ਨੂੰ ਜੰਮੂ ਛੱਡ ਆਉਣਾ। ਉਥੇ ਵੱਡੇ ਵੀਰ ਜੀ ਭਰਜਾਈ ਹਨ। ਉਹ ਬਾਈ ਏਅਰ ਉਹਨਾਂ ਨੂੰ ਸ੍ਰੀਨਗਰ ਘਲਾ ਦੇਣਗੇ।

ਜੰਮੂ ਸਾਹਨੀ ਭਰਾਵਾਂ ਤੋਂ ਸਭ ਤੋਂ ਵੱਡਾ ਸ਼ਰਮ ਸਿੰਘ ਆਪਣੇ ਸਹੁਰਾ ਸਾਹਿਬ ਕੋਲ ਸਨ। ਉਹ ਨਹਿਰ ਦੇ ਕੰਢੇ ਜੇਲ੍ਹ ਹੈ, ਉਸ ਦਾ ਜੇਲਰ ਸੀ। ਇਹ ਸਪੈਸ਼ਲ ਜੇਲ੍ਹ ਸੀ ਜਿਸ ਵਿਚ ਸ਼ੇਖ਼ ਅਬਦੁੱਲਾ ਕੈਦ ਸੀ ਆਪਣਿਆਂ ਖ਼ਾਸ ਸਾਥੀਆਂ ਸਮੇਤ। ਇਹ ਵੀ ਖੁਖਰੈਣ ਬਰਾਦਰੀ ਵਿਚੋਂ ਇਕ ਜਾਤ ਸੀ। ਨਾ ਉਸ ਦਾ ਨਾਂ ਉਸ ਦੀ ਜਾਤ ਕੀ ਸੀ? ਮੈਨੂੰ ਯਾਦ ਨਹੀਂ ਆ ਰਿਹਾ। ਬਹੁਤ ਅਮੀਰ ਟੱਬਰ ਸੀ। ਇਕ ਜੇਲਰ ਦਾ ਲੜਕਾ ਟਰਾਵਨਕੋਰ ਦੇ ਰਾਜੇ ਦੀ ਕੁੜੀ ਨਾਲ ਵਿਆਹਿਆ ਹੋਇਆ ਸੀ।

ਮੈਂ ਦੋ ਮਾੜੇ ਮਾੜੇ ਪਲੰਘ ਅਤੇ ਜੋ ਸਮਾਨ ਸੀ ਲੈ ਕੇ ਸੰਤੋਸ਼ ਤੇ ਕਾਕੇ ਰਵੀ ਨੂੰ ਲੈ ਕੇ ਉਹਨਾਂ ਦੀ ਕੋਠੀ ਚਲਿਆ ਗਿਆ। ਤਾਂਗਾ ਕਰਕੇ। ਸੁਖਬੀਰ ਤੇ ਆਤਮਜੀਤ ਨੂੰ ਪਤਾ ਸੀ ਕਿ ਮੈਂ ਆਇਆ ਹਾਂ।

ਜੇਲਰ ਜੀ ਘਰ ਨਹੀਂ ਸਨ। ਸ਼ਰਮ ਸਿੰਘ ਤੇ ਉਹਨਾਂ ਦੀ ਪਤਨੀ ਬੜੀ ਖ਼ੁਸ਼ੀ ਨਾਲ ਮਿਲੇ। ਜੇਲਰ ਜੀ ਦਾ ਇਕ ਲੜਕਾ ਕੋਠੀ ਵਿਚ ਸੀ। ਇਹ ਰਾਜਿੰਦਰ ਸਾਹਨੀ ਦਾ ਯਾਰ ਸੀ। ਪਾਰਟੀ ਅਤੇ ਮਾਰਕਸ ਦੀਆਂ ਗੱਲਾਂ ਕਰਦਾ।

ਜੇਲਰ ਜੀ ਆਏ ਮੈਂ ਸਤ ਸ੍ਰੀ ਅਕਾਲ ਆਖੀ। ਉਹਨਾਂ ਢਿੱਲੀ ਹੂੰ ਕੀਤੀ। ਦੋ ਤਿੰਨ ਕੈਦੀ ਕੋਠੀ ਵਿਚ ਕੰਮ ਕਰ ਰਹੇ ਸਨ। ਜੇਲਰ ਜੀ ਨੇ ਮੈਥੋਂ ਪੁੱਛਿਆ — ਰਾਹੀ ਜੀ ਇਹ ਕੈਦੀ ਇਤਨੀ ਬਹੁਤੀ ਰੋਟੀ ਕਿਉਂ ਖਾਂਦੇ ਹਨ......ਮੈਨੂੰ ਇਹ ਸਵਾਲ ਬੇ-ਵਜ੍ਹਾ ਤੇ ਓਪਰਾ ਜਿਹਾ ਲੱਗਾ, ਜਵਾਬ

CC-0. In Public Domain. Gurukul Kangri Collection, Haridwar

ਦਿੱਤਾ — ਸਾਦੀ ਰੋਟੀ ਹੀ ਤਾਂ ਖਾਂਦੇ ਹਨ ਇਹਨਾਂ ਨੂੰ ਕਿਹੜਾ ਸਾਡੇ ਵਾਂਗ ਫਰੂਟ ਤੇ ਮਠਿਆਈਆਂ ਮਿਲਦੀਆਂ ਹਨ ।

Digitized by Arya Samaj Foundation Chennai and eGangotri

ਮੇਰੇ ਨਾਲ ਜਿੰਨੀਆਂ ਵੀ ਗੱਲਾਂ ਉਹ ਕਰਨ ਸਿੱਧੀਆਂ ਟਾਚਾਂ ਕਰਨ । ਸੰਤੋਸ਼ ਚੁੱਪ ਚਾਪ ਬੈਠੀ ਹੋਈ ਸੀ । ਜੇਲਰ ਮੈਨੂੰ ਹੀਣਾ ਗਰੀਬ ਤੇ ਫਾਲਤੂ ਸਮਝ ਰਿਹਾ ਸੀ । ਉਹ ਜਿੰਨੀਆਂ ਇਹੋ ਜਿਹੀਆਂ ਗੱਲਾਂ ਕਰਦਾ ਉਹਦਾ ਪੁੱਤਰ ਸ਼ਰਮ ਸਿੰਘ ਤੇ ਉਹਦੀ ਪਤਨੀ ਟਾਲੀ ਜਾਏ । ਹੱਸ ਕੇ ਮੇਰੀ ਕੁਝ ਨਾ ਕੁਝ ਤਾਰੀਫ਼ ਕਰਦੇ । ਅੰਦਰ ਅਲਮਾਰੀ ਵਿਚ ਚਾਰ ਪੰਜ ਕਿਸਮ ਦੀ ਸ਼ਰਾਬ ਪਈ ਸ਼ੀਸ਼ਿਆਂ ਵਿਚੋਂ ਦਿੱਸ ਰਹੀ ਸੀ ।

ਜੇਲਰ ਜੀ ਜੰਮੂ ਵਿਚ ਕਿਸੇ ਲੜਕੀ ਦੇ ਵਿਆਹ ਉਤੇ ਸੱਦੇ ਗਏ ਸੀ । ਜੰਞ ਨੂੰ ਚਾਹ ਪਾਣੀ ਪਿਲਾਇਆ ਗਿਆ ਤਾਂ ਇਹ ਆਪਣੀ ਕੋਠੀ ਆਏ ਸਨ । ਜੇਲਰ ਦੇ ਲੜਕੇ ਨੇ ਪੁੱਛਿਆ — ਤੁਸੀਂ ਵਿਆਹ ਤੋਂ ਆਏ ਹੋ ? ਚੰਗੀ ਰੌਣਕ ਸੀ ?

— ਹਾਂ ਚੰਗੀ ਸੀ । ਅਮੀਰ ਆਦਮੀ ਵੇਖ ਕੇ ਕੁੜੀ ਉਹਨਾਂ ਨੂੰ ਦੇ ਦਿੱਤੀ ਹੈ । ਮੁੰਡਾ ਤੇ ਮੁਜਾਰਾ ਜਿਹਾ ਸੀ । ਲੋਕ ਅੱਜ ਕੱਲ੍ਹ ਇਹੋ ਜਿਹੇ ਹਨ ।......ਉਸ ਦੀ ਇਹ ਗੱਲ ਸੁਣ ਕੇ ਮੈਨੂੰ ਮਹਿਸੂਸ ਹੋਇਆ ਕਿ ਇਹ ਮੈਨੂੰ ਡੌਨ ਕਰ ਰਿਹਾ ਹੈ । ਫਿਰ ਉਸ ਨੇ ਮੇਰੇ ਵੱਲ ਮੂੰਹ ਕਰਕੇ ਆਖਿਆ — ਮੇਰੇ ਕੋਲ ਵੀ ਜੇਲ੍ਹਾਂ ਵਿਚ ਬੜੇ ਬੜੇ ਕਮਿਊਨਿਸਟ ਲੀਡਰ ਰਹੇ ਨੇ ਮੈਂ ਸੂਤਰ ਕਰਕੇ ਰੱਖੇ ਸੀ ਰਾਹੇ ਪਾ ਛੱਡੇ ਸਨ ।.....ਉਹ ਆਪਣੀ ਪਿਛਲੀ ਗੱਲ ਕਰ ਰਿਹਾ ਸੀ । ਅੰਗਰੇਜ਼ ਵੇਲੇ ਦੀ ਤੇ ਰੰਧੀਵੇ ਦੌਰ ਵੇਲੇ ਦੀ ।

ਮੈਂ ਇਨਸਾਨ ਸਾਂ ਕਾਮਰੇਡ ਸਾਂ ਮਾਰ ਖਾ ਗਿਆ — ਅਸੀਂ ਵੀ ਤੁਹਾਡੇ ਜਿਹਿਆਂ ਕਿਤਨਿਆਂ ਜੇਲਰਾਂ ਦੇ ਗੋਡੇ ਲਵਾ ਛੱਡੇ ਨੇ, ਮਾਫ਼ੀਆਂ ਮੰਗਾ ਛੱਡੀਆਂ ਨੇ, ਤੁਹਾਡਾ ਕਮਿਊਨਿਸਟਾਂ ਨਾਲ ਵਾਹ ਪਿਆ ਨਹੀਂ ਲੱਗਦਾ । ਮਾੜਿਆਂ ਮੋਟਿਆਂ ਚੋਰਾਂ ਚਕਾਰਾਂ ਨਾਲ ਪਿਆ ਲੱਗਦਾ ਹੈ । ਉਹ ਬੇਸ਼ਰਮਾਂ ਵਾਂਗ ਚੁੱਪ ਕਰ ਰਿਹਾ । ਉਹਦੇ ਲੜਕੇ ਤੇ ਸ਼ਰਮ ਸਿੰਘ ਨੇ ਗੱਲ ਹੋਰ ਪਾਸੇ ਤੋਰੀ । ਰਿਸ਼ਤੇ ਨਾਲ ਉਹ ਤੇ ਮੈਂ ਭਰਾ ਲੱਗਦੇ ਸਾਂ ਉਹਦੀ ਕੁੜੀ ਤੇ ਮੇਰੀ ਕੁੜੀ ਦਰਾਣੀਆਂ ਜਠਾਣੀਆਂ ਸਨ । ਪਰ ਉਹ ਤਾਂ ਮੈਨੂੰ ਟਿੱਚ ਸਮਝ ਰਿਹਾ ਸੀ । ਕੋਈ ਵੀ ਜ਼ਿੰਦਗੀ ਦੀ ਨਾ ਦੁੱਖ ਸੁੱਖ ਦੀ ਗੱਲ ਨਹੀਂ ਕਰ ਰਿਹਾ ਸੀ ।

ਗੱਲਾਂ ਕਰਦਿਆਂ ਕਰਦਿਆਂ ਉਸ ਦੀ ਨਿੱਕੀ ਕੁੜੀ ਆਪਣੇ ਪਤੀ ਦੇ

CC-0. In Public Domain. Gurukul Kangri Collection, Haridwar

ਨਾਲ ਕਾਰ ਵਿਚੋਂ ਉਤਰੀ । ਉਹਦਾ ਪਤੀ ਕਾਲਾ, ਭੂਤ ਜੇ ਸਰੀਰ ਦਾ ਅੜਬੰਗ । ਕੁੜੀ ਨੂੰ ਜੇ ਕੋਈ ਇਕੱਲੀ ਨੂੰ ਰੁੱਖਾਂ ਹੇਠ ਰੱਖ ਦਏ ਤਾਂ ਇਹ ਜਾਪੇ ਕਿ ਹੂਰ ਅਕਾਸ਼ ਵਿਚੋਂ ਉਤਰ ਕੇ ਆਈ ਹੈ । ਮੈਂ ਬੜਾ ਹੈਰਾਨ ਹੋਇਆ । ਉਹ ਪਤੀ ਨਾਲ ਇੰਝ ਕੋਠੀ ਦੇ ਅੰਦਰ ਆਈ ਜਿਵੇਂ ਪਰੀ ਕਹਾਣੀਆਂ ਵਿਚ ਕਾਲੇ ਦੇਅ ਨਾਲ ਪਰੀ ਸਹਿਮੀ ਹੋਈ । ਜੇਲਰ ਜੀ ਬੜੇ ਖ਼ੁਸ਼ ਹੋਏ । ਬੈਠ ਗਏ । ਅਸੀਂ ਰੋਟੀ ਖਾਣ ਲੱਗ ਪਏ । ਜੇਲਰ, ਮੈਂ ਤੇ ਸ਼ਰਮ ਸਿੰਘ । ਫਿੱਕੀ ਦਾਲ ਕੱਚੀ ਪੱਕੀ ਸਬਜ਼ੀ । ਮੈਂ ਰੋਟੀ ਖਾ ਕੇ ਤਿਆਰ ਹੋ ਪਿਆ ਸੁਖਬੀਰ ਕੋਲ ਜਾਣ ਲਈ । ਕਿਸੇ ਨੇ ਇਕ ਵਾਰੀ ਓਪਰਿਆਂ ਵਾਂਗ ਵੀ ਨਾ ਕਿਹਾ ਕਿ ਰਹੁ ਇੱਧਰ ਹੀ । ਸ਼ਰਮ ਸਿੰਘ ਨੇ ਆਖਿਆ — ਰਾਹੀ ਜੀ ਸੰਤੋਸ਼ ਨੂੰ ਸੀਟ ਨਹੀਂ ਮਿਲੀ । ਬਾਈ ਅਪਰੈਲ ਸਮਾਨ ਪਹੁੰਚਾ ਦਿਆਂਗੇ । ਇਹਨਾਂ ਨੂੰ ਤੁਸੀਂ ਸਵੇਰੇ ਆ ਕੇ ਏ. ਕਲਾਸ ਬੱਸ ਵਿਚ ਚੜ੍ਹਾ ਜਾਣਾ । ਠੀਕ ਹੈ ਕਹਿ ਕੇ ਮੈਂ ਸੁਖਬੀਰ ਵੱਲ ਆ ਗਿਆ ।

ਆਤਮਜੀਤ ਤੇ ਸੁਖਬੀਰ ਕੋਠੇ ਉਤੇ ਸਨ । ਮੈਨੂੰ ਕਹਿਣ ਲੱਗੇ ਆ ਗਏ ਹੋ ? ਮੈਂ ਕਿਹਾ ਰੋਟੀ ਹੈ ? ਆਤਮਜੀਤ ਹੱਸ ਪਿਆ — ਮੀਟ ਬਣਿਆ ਹੋਇਆ ਹੈ ਸਾਨੂੰ ਪਤਾ ਸੀ ਤੁਹਾਨੂੰ ਉਥੇ ਸਵਾਦ ਨਹੀਂ ਆਉਣਾ ।...... ਰੋਟੀ ਸਵਾਦ ਨਾਲ ਖਾਧੀ । ਉਹਨਾਂ ਨਾਲ ਕੋਈ ਗੱਲ ਨਾ ਕੀਤੀ । ਇਹ ਗੱਲ ਮੈਂ ਅੱਜ ਲਿਖ ਰਿਹਾ ਹਾਂ । ਕਦੇ ਕਿਸੇ ਨਾਲ ਨਹੀਂ ਕੀਤੀ । ਰਾਜਿੰਦਰ ਨਾਲ ਕਦੇ ਮਾਮੂਲੀ ਜਿਹੀ ਕੀਤੀ ਉਸ ਨੇ ਕਿਹਾ — ਉਸ ਕੁੜੀ ਦਾ ਘਰ ਵਾਲਾ ਹੈ ਜੱਟ ਪੰਜਾਬੀ । ਏਅਰ ਫੋਰਸ ਵਿਚ ਅਫ਼ਸਰ ਹੈ ।

ਸਵੇਰੇ ਮੈਂ ਜੇਲਰ ਜੀ ਦੀ ਮਨਹੂਸ ਕੋਠੀ ਵਿਚ ਗਿਆ । ਸੰਤੋਸ਼ ਤੇ ਰਵੀ ਨੂੰ ਲਿਆ ਤੇ ਏ. ਕਲਾਸ ਬੱਸ ਵਿਚ ਆ ਬਿਠਾਇਆ । ਸੰਤੋਸ਼ ਸਹਿਮੀ ਹੋਈ ਸੀ । ਉਸ ਦਾ ਮੂੰਹ ਉਦਰਾਇਆ ਹੋਇਆ ਤੇ ਨਿਰਾਸ਼ । ਜਿਵੇਂ ਮੈਨੂੰ ਕਹਿ ਰਹੀ ਹੋਵੇ — ਤੂੰ ਮੇਰਾ ਪਿਉ ਸੈਂ ਮੈਨੂੰ ਵੱਡੇ ਥਾਂ ਦੇ ਕੇ ਬੇ-ਇਜ਼ਤੀ ਕਰਾ ਲਈ ਊ ?

ਸੰਤੋਸ਼ ਨੇ ਜਦ ਬੱਸ ਚੱਲਣ ਲੱਗੀ ਤਾਂ ਦਸ ਰੁਪਏ ਦਾ ਨੋਟ ਕੱਢ ਕੇ ਮੈਨੂੰ ਫੜਾਇਆ — ਭਾਪਾ ਜੀ ਰਾਏ ਨੂੰ ਜੁੱਤੀ ਲੈ ਦੇਣੀ । ਉਹਦੇ ਪੈਰ ਨੰਗੇ ਸਨ ।......ਮੈਂ ਫੜ ਲਿਆ । ਹੁਣ ਤਕ ਮੈਨੂੰ ਯਾਦ ਹੈ — ਰਾਹੀ, ਲੋਕੀਂ ਧੀਆਂ ਨੂੰ ਤੋਰਨ ਲੱਗਿਆਂ ਪੈਸੇ ਦੇ ਕੇ ਸਿਰ ਤੇ ਪਿਆਰ ਦੇਂਦੇ ਨੇ ਤੇ ਤੂੰ ਪਿਆਰ ਦੇ ਦੱਸ ਰੁਪਏ ਲੈ ਲਏ । ਸਮਾਂ ਕੀ ਕੁਝ ਨਹੀਂ ਕਰ ਗੁਜ਼ਰਦਾ ।

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਇਹਨਾਂ ਦੋ ਸਾਥੀਆਂ ਦਾ ਇੱਕ ਜ਼ਿਕਰ ਕੀਤਾ ਹੈ। ਮੈਨੂੰ ਸ: ਸਦਾ ਸਿੰਘ ਜੀ ਨੇ ਤੇ ਭੈਣ ਜੀ ਵੀਰਾਂ ਵਾਲੀ ਨੇ (ਰਾਜਿੰਦਰ ਦੇ ਮਾਤਾ ਜੀ) ਦਿਲੋਂ ਮਨੋਂ ਵਤੀਰੇ ਤੋਂ ਕਬੂਲ ਕੀਤਾ। ਮੇਰੀ ਧੀ ਨੂੰ ਕਦੇ ਇਸ਼ਾਰੇ ਨਾਲ ਵੀ ਟਿਚਕਰ ਜਾਂ ਨਹੁੰਦਰ ਨਹੀਂ ਲਾਈ। ਮੇਰੀ ਧੀ ਨੇ ਵੀ ਉਹਨਾਂ ਵਿਚ ਸਲਾਹੁਣ ਯੋਗ ਥਾਂ ਬਣਾਇਆ। ਰਾਜਿੰਦਰ ਨੇ ਨੌਕਰੀ ਛੱਡ ਕੇ ਠੇਕੇਦਾਰੀ ਸ਼ੁਰੂ ਕਰ ਲਈ। ਇਕ ਵਾਰੀ ਮੈਨੂੰ ਸਦਾ ਸਿੰਘ ਜੀ ਨੇ ਆਖਿਆ ਘੁੱਟ ਪੀਤੀ ਹੋਈ ਸੀ — ਰਾਹੀ ਜੀ ਤੁਸੀਂ ਬੱਚਿਆਂ ਬਾਰੇ ਬੜੀਆਂ ਗੱਲਾਂ ਕਰਦੇ ਹੋ, ਤੁਹਾਡਾ ਪੁੱਤਰਾਂ ਧੀਆਂ ਨਾਲ ਮੋਹ ਬਹੁਤ ਹੈ, ਪਰ ਬੁਢਾਪੇ ਲਈ ਜ਼ਰੂਰ ਕੁਝ ਜੋੜ ਕੇ ਰੱਖਿਉ। ਦੂਜੀ ਗੱਲ ਉਹਨਾਂ ਜੋ ਕਿਸੇ ਦਿਨ ਕੀਤੀ — ਰਾਹੀ ਜੀ ਮੇਰੇ ਕੁੜਮ ਲੱਖਾਂ ਦੇ ਹਨ ਪਰ ਮੈਂ ਤੁਹਾਡੇ ਜਿੰਨੀ ਕਿਸੇ ਦੀ ਇੱਜ਼ਤ ਨਹੀਂ ਕਰਦਾ। ਸਦਾ ਸਿੰਘ ਜੀ ਸੁਤੰਤਰਤਾ ਸੰਗਰਾਮੀ ਸਨ। ਉਹਨਾਂ ਗੁਰੂ ਕੇ ਬਾਗ਼ ਕੈਦ ਕੱਟੀ ਸੀ।......ਮੈਂ ਉਹਨਾਂ ਦੀਆਂ ਗੱਲਾਂ ਨੂੰ ਵੱਡਾ ਸਨਮਾਨ ਮਿਲਿਆ ਸਮਝਦਾ ਹਾਂ। ਉਹ ਹੁਣ ਨਹੀਂ ਹਨ ਗਲਾਂ ਮੇਰੇ ਅੰਦਰ ਜੀਉਂਦੀਆਂ ਨੇ। ਸਾਹਨੀ ਇਸ ਵੇਲੇ ਅੱਠ ਭਰਾ ਹਨ। ਸਭ ਤੋਂ ਵੱਡਾ ਹਰਬੰਸ ਸਿੰਘ ਬੰਬਈ ਪੱਕਾ ਹੈ। ਉਹਨਾਂ ਦੋਹਾਂ ਜੀਆਂ ਮੈਨੂੰ ਕਬੂਲ ਕੀਤਾ। ਰਾਜੰਦਰ ਤੋਂ ਨਿੱਕਾ ਰਘਬੀਰ ਸਿੰਘ ਉਹਨਾਂ ਦੋਹਾਂ ਜੀਆਂ ਨੇ ਵੀ ਸਾਨੂੰ ਕਬੂਲ ਕੀਤਾ ਇਕ ਹੈ ਸ੍ਰੀਨਗਰ। ਉਹਨਾਂ ਦੋਹਾਂ ਜੀਆਂ ਵੀ ਕਬੂਲ ਕੀਤਾ। ਲੱਗਭਗ ਸਾਰਿਆਂ ਸਾਹਨੀ ਭਰਾਵਾਂ ਨੇ ਕਬੂਲ ਕੀਤਾ ਹੈ। ਪਰ ਕੁਝ ਦੀਆਂ ਪਤਨੀਆਂ ਨੇ ਨਹੀਂ। ਨਾ ਉਹਨਾਂ ਦਿਆਂ ਸੋਹਰਿਆਂ ਨੇ। ਭੈਣ ਜੀ ਦੇ ਭਰਾਵਾਂ ਨੇ ਸਾਨੂੰ ਕਦੇ ਮੂੰਹ ਨਹੀਂ ਲਾਇਆ। ਕਿਤੇ ਫਤੇ ਫਤੂਹੀ ਵੀ ਸਿੱਧੇ ਮੂੰਹ ਨਹੀਂ ਬੁਲਾਉਂਦੇ। ਆਪ ਬੁਲਾਇਆਂ ਸ਼ਰਮਿੰਦੇ ਹੋਣਾ ਪੈਂਦਾ ਹੈ। ਰਾਜਿੰਦਰ ਦੀਆਂ ਭੈਣਾਂ ਦੇ ਸੋਹਰੇ ਤਾਂ ਸਾਡੀ ਪਛਾਣ ਤਕ ਨਹੀਂ ਕਰਦੇ। ਬਾਕੀ ਰਿਸ਼ਤੇਦਾਰਾਂ ਦੀ ਤਾਂ ਗੱਲ ਛੱਡੋ। ਜਿਸ ਤਰ੍ਹਾਂ ਪੰਜਾਬੀ ਰਿਸ਼ਤੇਦਾਰਾਂ ਉਤੇ ਮਾਣ ਕਰਦੇ ਹਨ ਪੋਠੋਹਾਰੀ ਪਰਿਵਾਰ ਸਾਨੂੰ ਪੰਜਾਬੀਆਂ ਨੂੰ ਉਂਝ ਹੀ ਆਪਣੇ ਨਾਲੋਂ ਹੀਣੇ ਸਮਝਦੇ ਹਨ।

ਆਤਮਜੀਤ ਦੇ ਸ਼ਰੀਕੇ ਜਾਂ ਬਰਾਦਰੀ ਨੂੰ ਸਤ ਸ੍ਰੀ ਅਕਾਲ ਵੀ ਆਖੋ ਤਾਂ ਮੂੰਹ ਫੇਰ ਲੈਂਦੇ ਹਨ। ਇਕ ਆਤਮਜੀਤ ਦੀ ਭੈਣ ਹੈ ਵੱਡੀ ਉਸ ਨੇ ਸਾਨੂੰ ਕਬੂਲਿਆ ਹੈ। ਜਾਂ ਉਹਦੇ ਦੋ ਭਰਾਵਾਂ ਭਰਜਾਈਆਂ ਨੇ। ਜੋ ਮੇਰੇ ਜਾਂ ਰਾਜਿੰਦਰ ਦੇ ਮਿੱਤਰ ਹਨ ਸੇਵਾ ਸਿੰਘ ਤੇ ਪ੍ਰੇਮ ਸਿੰਘ ਉਨ੍ਹਾਂ ਜੀ ਆਇਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਹਾ ਹੈ। ਫਿਰ ਦੋਵੇਂ ਪੰਜਾਬੀ ਦੇ ਸਾਹਿਤਕਾਰ ਹਨ। ਸ. ਹਰਬੰਸ ਸਿੰਘ ਆਜ਼ਾਦ ਤਾਂ ਮੇਰੇ ਉਂਝ ਚਿਰ ਦੇ ਮਿੱਤਰ ਹਨ। ਮੇਰੇ ਰਿਸ਼ਤੇਦਾਰ ਨਾ ਉਹਨਾਂ ਦਿਆਂ ਰਿਸ਼ਤੇਦਾਰਾਂ ਨੂੰ ਜਾਣਦੇ ਹਨ ਨਾ ਉਹਨਾਂ ਦੇ ਰਿਸ਼ਤੇਦਾਰ ਮੇਰਿਆ ਨੂੰ। ਸ਼ਰੀਕੇ ਵਿਚ, ਬਰਾਦਰੀਆਂ ਵਿਚ ਕੋਈ ਹਵਾਈ ਸਾਂਝ ਵੀ ਨਹੀਂ ਹੈ। ਰਿਸ਼ਤੇ ਘਰਾਂ ਤਕ ਮਹਿਦੂਦ ਹੋ ਕੇ ਰਹਿ ਗਏ ਹਨ। ਇਕ ਦੋ ਮੌਕਿਆਂ ਤੇ ਤਾਂ ਰਾਜਿੰਦਰ ਦੀਆਂ ਦੋ ਭਰਜਾਈਆਂ ਨੇ ਆਪਣੀਆਂ ਕੋਠੀਆਂ ਵਿਚ ਮੈਨੂੰ ਮਿਲਣੋਂ ਗੁਰੇਜ ਕੀਤਾ ਹੈ। ਪਰਦੇ ਵਿਚੋਂ ਵੇਖ ਕੇ ਪਿੱਛੇ ਹਟ ਗਈਆਂ ਸਨ।

ਸੰਤੋਸ਼ ਤੇ ਰਾਜਿੰਦਰ ਨੇ ਜਿਸ ਤਰ੍ਹਾਂ ਮੇਰੇ ਘਰ ਨਾਲ ਕੀਤਾ ਹੈ ਉਸ ਦਾ ਵਰਨਣ ਕਮਾਲ ਹੈ। ਮੈਂ ਆਪਣਾ ਘਰ ਅੰਦਰ ਤਕ ਉਹਨਾਂ ਲਈ ਖੁੱਲ੍ਹਾ ਰੱਖਿਆ ਹੈ। ਹਰ ਚੀਜ਼ ਉਹਨਾਂ ਅੱਗੇ ਹਾਜ਼ਰ ਕੀਤੀ ਹੈ। ਉਹਨਾਂ ਔਕੜਾਂ ਵਿਚ ਮੇਰੀ ਮਦਦ ਕੀਤੀ। ਆਪਣੀ ਤੰਗੀ ਦੱਸੀ ਨਹੀਂ। ਆਉ ਭਗਤ ਕੀਤੀ। ਮੇਰੇ ਆਵਾਰਾ ਤੇ ਫ਼ਜ਼ੂਲ ਵੱਡੇ ਲੜਕੇ ਨੂੰ ਕੋਲ ਰੱਖ ਕੇ ਕੰਮ ਉਤੇ ਬਿਠਾਇਆ। ਮੇਰੀ ਲੜਕੀ ਮੋਹਨਜੀਤ ਨੂੰ ਬੇਸਿਕ ਕਰਵਾਈ। ਮੇਰੇ ਦੂਜੇ ਲੜਕੇ ਇੰਦਰਜੀਤ ਨੂੰ ਆਪਣੇ ਕੋਲ ਦੋ ਸਾਲ ਰਖਿਆ ਪੂਰਾ ਕਾਰੋਬਾਰੀ ਬਣਾਇਆ। ਉਹ ਡੇਰੇ ਵਿਚ ਟੌਹਰ ਨਾਲ ਨਿੱਕੀ ਜਿਹੀ ਰੀਪੇਅਰ ਦੀ ਵਰਕਸ਼ਾਪ ਚਲਾ ਰਿਹਾ ਹੈ ਅਤੇ ਵਿਉਪਾਰ ਵੀ ਕਰਦਾ ਹੈ। ਮੈਂ ਆਪਣੇ ਘਰ ਨੂੰ ਰਾਜਿੰਦਰ ਤੇ ਸੰਤੋਸ਼ ਬਿਨਾਂ ਸੋਚ ਹੀ ਨਹੀਂ ਸਕਦਾ। ਉਸ ਦੇ ਦੋ ਲੜਕੇ ਹਨ। ਰਵੀ ਤੇ ਗੋਗਾ। ਦੋਏ ਮੇਰੀ ਪੁਰਾਣੀ ਜਾਇਦਾਦ ਜੋ ਮੇਰਾ ਪਿਉ ਛੱਡ ਗਿਆ ਸੀ ਉਸ ਵਿਚ ਜਨਮੇ ਸਨ। ਮੈਂ ਪੋਤਰਿਆਂ ਵਾਂਗ ਦੋਹਤਿਆਂ ਦੀ ਖ਼ੁਸ਼ੀ ਕੀਤੀ। ਇਹ ਦੋਏ ਸੁਖਬੀਰ ਦਾ ਵੱਡਾ ਲੜਕਾ ਸ਼ੱਮੀ ਡੇਰੇ ਕਾਫੀ ਰਹਿੰਦੇ ਰਹੇ ਹਨ। ਹੁਣ ਤਕ ਨਾਨਕਿਆਂ ਨਾਲ ਮੇਰੇ ਦੋਹਤੇ, ਦੋਹਤੀਆਂ ਜੁੜੇ ਹੋਏ ਹਨ। ਜੋ ਸਮਾਂ ਫ਼ਰਕ ਪਾਉਂਦਾ ਹੈ ਉਹ ਤੇ ਪਾਇਆ ਹੈ ਤੇ ਪਏਗਾ ਹੀ।

ਬਾਕੀ ਜਿੰਨੇ ਮੈਂ ਤਿੰਨ ਲੜਕੀਆਂ ਤੇ ਤਿੰਨ ਪੁੱਤਰ ਵਿਆਹੇ ਹਨ। ਨਾਲ ਮੇਰੇ ਇਕ ਪੰਜਾਬ ਤੋਂ ਚੰਡੀਗੜ੍ਹ ਤਕ ਸ਼ਾਨਦਾਰ ਸਾਂਝਾਂ ਬਣੀਆਂ ਹਨ। ਪੁੱਤਰ ਇੰਦਰਜੀਤ ਸਿੰਘ ਦੇ ਵਿਆਹ ਨੇ ਤਾਂ ਵੱਡੇ ਵੱਡੇ ਕਾਰਖ਼ਾਨੇਦਾਰਾਂ ਦੇ ਪੁੱਤਰ ਮੇਰੇ ਪੁੱਤਰ ਦੇ ਸਾਂਢੂ ਤੇ ਸਾਲੇ ਬਣੇ ਹਨ। ਮੈਨੂੰ ਜਦ ਜਿਥੇ ਕਿਤੇ ਵੀ ਮਿਲਣਗੇ ਜਾਂ ਮਿਲ ਪੈਣਗੇ ਬੜੇ ਸਨੇਹ ਅਤੇ ਤਪਾਕ ਨਾਲ ਗੱਲਬਾਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਰਨਗੇ। ਜਿਹੜੀ ਹੈਂਕੜ ਕਾਰਖ਼ਾਨੇਦਾਰਾਂ ਵਿਚ ਹੁੰਦੀ ਹੈ, ਉਹ ਉਹਨਾਂ ਵਿਚ ਖ਼ੂਬ ਹੈ ਪਰ ਮੇਰੇ ਨਾਲ ਬਰਾਬਰ ਦਾ ਸਲੂਕ ਕਰਦੇ ਨੇ। ਇਸ ਵਿਚ ਉਹਨਾਂ ਦੀ ਸਾਰੀ ਸਿਫ਼ਤ ਨਹੀਂ ਹੈ। ਮੇਰੀ ਸਿਆਸੀ ਅਤੇ ਸਾਹਿਤਕ ਅਤੇ ਸਮਾਜੀ ਪੁਜੀਸ਼ਨ ਵਿਚ ਬਹੁਤ ਫ਼ਰਕ ਪਿਆ ਹੈ। ਉਹ ਪੈਸੇ ਦੇ ਅਮੀਰ ਹਨ ਮੈਂ ਕਲਮ ਦਾ। ਮੈਂ ਕਿਸੇ ਨੂੰ ਆਪਣੇ ਨਾਲੋਂ ਹੀਣਾ ਨਹੀਂ ਸਮਝਦਾ ਹਾਂ ਅਤੇ ਨਾ ਆਪਣੇ ਤੋਂ ਅਫ਼ਜ਼ਲ। ਇਕੋ ਜਿਹਿਆ ਆਪਣੇ ਬਰਾਬਰ ਸਮਝਦਾ ਹਾਂ। ਸਭ ਵਿਚ ਆਪ ਨੂੰ ਵੇਖਦਾ ਹਾਂ। ਸਿਆਸੀ ਤੌਰ ਸਮਝ ਸੋਚ ਕੇ ਵਿਚਰਦਾ ਹਾਂ। ਸੁਹਜ ਦਾ ਤੇ ਮਿਹਨਤੀਆਂ ਦਾ ਨਿਰਣਾ ਕਰ ਲੈਂਦਾ ਹਾਂ।

ਸੁਪਨ ਮਾਲਾ

ਜੰਮ ਮੇਰਾ ਆਮ ਆਉਣ ਜਾਣ ਬਣਿਆ ਰਹਿੰਦਾ ਸੀ। ਇਕ ਵਾਰੀ ਮੈਨੂੰ ਰਘਬੀਰ ਸਿੰਘ ਮੁਕਤ ਕਹਿਣ ਲੱਗਾ — ਰਾਹੀ ਜੀ ਅੱਜ ਚਾਰ ਵਜੇ ਇਕ ਸ਼ਾਇਰਾਂ ਦੀ ਮੀਟਿੰਗ ਹੈ। ਇਥੇ ਇਕ ਕਵਿਤਰੀ ਹੈ ਸੁਪਨ ਮਾਲਾ ਉਸ ਦੇ ਘਰ।

ਮੈਂ ਉਸ ਦੇ ਨਾਲ ਉਸ ਕਵਿਤਰੀ ਦੇ ਘਰ ਚਲਿਆ ਗਿਆ। ਉਹ ਨਵੀਂ ਉਸਾਰੀ ਦੇ ਫਲੈਟਾਂ ਦੇ ਦਰਮਿਆਨੇ ਫਲੈਟ ਵਿਚ ਰਹਿੰਦੀ ਸੀ। ਆਪਣੇ ਪਤੀ ਦੇ ਨਾਲ। ਇਕ ਹਫ਼ਤਾਵਾਰੀ ਉਰਦੂ ਦਾ ਅਖ਼ਬਾਰ ਕੱਢਦੀ ਸੀ। ਜਦ ਅਸੀਂ ਪਹੁੰਚੇ ਇਕ ਖ਼ੂਬਸੂਰਤ ਸੁਨੱਖੀ ਔਰਤ ਨੇ ਤਿੰਨ ਚਾਰ ਕੁੱਤੇ ਰੱਖੇ ਹੋਏ ਅਤੇ ਇਕ ਤੋਤੇ ਦਾ ਪਿੰਜਰਾ ਟੰਗਿਆ ਹੋਇਆ। ਅਸੀਂ ਸਿੱਧੇ ਧੁਰ ਕੋਠੇ ਉਤੇ ਚਲੇ ਗਏ। ਜਿੱਥੇ ਇਕ ਵੱਡੀ ਦਰੀ ਵਿਛੀ ਹੋਈ ਸੀ। ਉਰਦੂ ਅਤੇ ਪੰਜਾਬੀ ਦੇ ਸ਼ਾਇਰ ਬੈਠੇ ਹੋਏ ਸਨ। ਮੈਂ ਵੀ ਬੈਠ ਗਿਆ। ਘਰ ਵਾਲੇ ਵੀ ਦੋਏ ਜੀਅ ਬੈਠ ਗਏ। ਘਰ ਵਾਲਾਂ ਉਰਦੂ ਦਾ ਸ਼ਾਇਰ। ਮੈਂ ਇਕ ਨਜ਼ਰ ਸੁਪਨ ਮਾਲਾ ਤੇ ਪਾਈ ਉਹ ਮੈਨੂੰ ਉਦਾਸ ਜਾਪੀ ਜਿਸ ਤਰ੍ਹਾਂ ਖਲੋਤੀ ਹਵਾ ਵਿਚ ਫੁੱਲਾਂ ਦੀ ਡਾਲੀ। ਉਸ ਨੇ ਉਦਾਸ ਨਜ਼ਰਾਂ ਨੀਵੀਆਂ ਰੱਖੀਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਘਬੀਰ ਸਿੰਘ ਮੁਕਤ ਨੇ ਵਾਰੀ ਵਾਰੀ ਸਾਰਿਆਂ ਨੂੰ ਬੁਲਾਉਣਾ ਸ਼ੁਰੂ ਕਰ ਦਿੱਤਾ, ਵਿਚਕਾਰ ਜਿਹੇ ਮੇਰੀ ਵਾਰੀ ਆਈ। ਮੁਕਤ ਨੇ ਬੜੀਆਂ ਤਾਰੀਫ਼ਾਂ ਨਾਲ ਮੇਰਾ ਨਾਂ ਪੇਸ਼ ਕੀਤਾ, ਮੈਂ ਇਕ ਸਤਵਾਰਾ ਲਿਖਿਆ ਹੋਇਆ ਸੀ ਉਹ ਸੁਣਾਉਣ ਲੱਗ ਪਿਆ ਜਿਸ ਦੇ ਆਰੰਭਕ ਸ਼ੇਅਰ ਸਨ :

ਸੋਮਵਾਰ ਸਵਾਰ ਉਦਾਸੀਆਂ ਮੈਂ,
ਅਤਰ ਭਿੰਨੀਆਂ ਜ਼ੁਲਫ਼ਾਂ ਵਾਹੀਆਂ ਵੇ,
ਵਾਲ ਵਾਲ ਇਹ ਜਿੰਨਾਂ ਪਲੋਸਿਆ ਸੀ,
ਹੋਈਆਂ ਉਹ ਉਂਗਲਾਂ ਪਰਾਈਆਂ ਵੇ,
ਸੁੰਨੇ ਰਾਹਾਂ ਤੇ ਤੁਰਦੀਆਂ ਹਾਰ ਗਈਆਂ,
ਅੜਿਆ ਇਹ ਝਨਾਹ ਦੀਆਂ ਜਾਈਆਂ ਵੇ,
ਆਸਾਂ ਹਿਜਰ ਨੇ ਇੰਝ ਝਲੂਸੀਆਂ ਏ,
ਰਹੀਆਂ ਸਾਗਰਾਂ ਵਿਚ ਤਿਹਾਈਆਂ ਵੇ।

ਬੜੇ ਆਰਾਮ ਨਾਲ ਬੋਲਦਾ ਗਿਆ। ਉਹ ਕਦੇ ਅੱਖਾਂ ਮੇਰੇ ਵੱਲ ਚੁਕਦੀ ਕਦੇ ਨਿਵਾਂ ਲੈਂਦੀ। ਸਾਰੇ ਪੰਦਰਾਂ ਸ਼ਾਇਰ ਸਨ, ਮੁਤਾਸਰ ਹੋ ਰਹੇ ਸਨ। ਆਖ਼ਰੀ ਸ਼ੇਅਰ ਇਸ ਤਰ੍ਹਾਂ ਸਨ :

ਐਤਵਾਰ ਐਸੇ ਵੇਲੇ ਤੋੜ ਗਿਉਂ,
ਸਾਰੇ ਦਰਦ ਨੂੰ ਮਿਲਣ ਨਾ ਛੁੱਟੀਆਂ ਜੀ,
ਦਿਨ ਰਾਤ ਪੱਲਾ ਫੜ ਕੇ ਜੁੱਗ ਲੰਘੇ,
ਜੁੜੀਆਂ ਤਾਰਿਆਂ ਵਾਂਗ ਨਾ ਟੁੱਟੀਆਂ ਜੀ,
ਸਾਡੇ ਦੋਸ਼ ਨੂੰ ਕਦੇ ਉਗੇੜ ਜਾਂਦੋਂ,
ਭਲਿਆ ਜਾਗਦੀ ਜਾਗਦੀ ਲੁੱਟੀਆਂ ਜੀ,
ਵਿਹੜੇ ਹਸਦਾ ਹਸਦਾ ਆਣ ਬੈਠੇ,
ਲੱਗ ਜਾਣ ਤਕਦੀਰ ਨੂੰ ਫੁੱਟੀਆਂ ਜੀ।

ਸਾਰਿਆਂ ਆਪਣੀਆਂ ਆਪਣੀਆਂ ਨਜ਼ਮਾਂ ਸੁਣਾਈਆਂ। ਮਾਲਾ ਦੇ ਪਤੀ ਵਿਜੇ ਸੁਮਨ ਨੇ ਉਰਦੂ ਦੀ ਨਜ਼ਮ ਸੁਣਾਈ। ਅਖ਼ੀਰ ਦੇ ਸੁਪਨ ਮਾਲਾ ਨੇ ਇਕ ਪੰਜਾਬੀ ਦੀ ਬਹੁਤ ਚੰਗੀ ਕਵਿਤਾ ਸੁਣਾਈ। ਉਸ ਦੀ ਜ਼ਬਾਨ ਵਿਚ ਔਰਤ ਦੇ ਲੋਕ ਗੀਤਾਂ ਦਾ ਰਸ ਸੀ। ਜਾਪਿਆ ਇਸ ਨੂੰ ਪੰਜਾਬੀ ਵਿਚ ਬਹੁਤ ਮੁਹਾਰਤ ਹੈ ਲਿਖਣ ਦੀ। ਉਸ ਦੀ ਜ਼ਬਾਨ ਬਹੁਤ ਪੋਈ।

ਅਖ਼ੀਰ ਤੇ ਚਾਹ ਬਿਸਕੁਟ। ਆਉਣ ਲਗਿਆਂ ਮੇਰੇ ਕੋਲ ਖਲੋ ਕੇ ਮਾਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੇ ਕਿਹਾ — ਜਦ ਜੰਮੂ ਆਉ ਇਸ ਆਲ੍ਹਣੇ ਵਿਚ ਤਸ਼ਰੀਫ਼ ਜ਼ਰੂਰ ਲਿਆਉਣਾ।......ਮੈਂ ਸਿਰ ਮਾਰਿਆ, ਉਹ ਮੈਨੂੰ ਜੰਮੂ ਦਾ ਨਮੂਨਾ ਜਾਪੀ। ਉਸ ਨੇ ਆਪਣਾ ਐਡਰੈਸ ਦਿੱਤਾ।

ਡੇਰੇ ਬਾਬੇ ਨਾਨਕ ਆ ਗਿਆ। ਪਾਰਟੀ ਕੰਮ ਦੇ ਨਾਲ ਨਾਲ ਮੈਂ ਨਰੋਲ ਸਾਹਿਤ ਦਾ ਅਤੇ ਆਲੋਚਨਾਵਾਂ ਦਾ ਮੁਤਾਲਿਆ ਸ਼ੁਰੂ ਕੀਤਾ ਹੋਇਆ ਸੀ। ਅਸੈਂਬਲੀ ਇਲੈਕਸ਼ਨ ਤੋਂ ਬਾਅਦ ਪਾਰਟੀ ਦੇ ਕੰਮ ਬਰਾਬਰ ਮੈਂ ਆਪਣੇ ਸਾਹਿਤ ਨੂੰ ਰੱਖਦਾ। ਪਹਿਲ-ਦੂਜ ਕਿਸੇ ਦੀ ਨਹੀਂ ਸੀ। ਦੱਤ ਦਾ ਟੋਲਾ ਸਾਡੇ ਨਾਲ ਚਲ ਰਿਹਾ ਸੀ। ਚੰਨਣ ਸਿੰਘ ਤੁਗਲ ਵਾਲਾ ਮੇਰੇ ਕਾਫੀ ਨੇੜੇ ਸੀ। ਆਮ ਅਖ਼ਬਾਰਾਂ ਪਰਚਿਆਂ ਵਿਚ ਮੈਂ ਸ਼ਾਇਆ ਹੋ ਰਿਹਾ ਸਾਂ। ਦਿੱਲੀ ਬੰਬਈ ਦੇ ਪਰਚਿਆਂ ਵਿਚ ਵੀ। ਮੇਰੇ ਜੁੱਟ ਕਵੀ ਦਰਬਾਰਾਂ 'ਚ ਸੱਦਣ ਲੱਗ ਪਏ। ਬਲੱਗਣ, ਤੀਰ ਜੀ, ਉਸਤਾਦ ਬਰਕਤ ਰਾਮ ਯੁਮਨ। ਪੱਕਾ ਮੇਰਾ ਜੋ ਬਣਿਆ ਉਹ ਸੀ ਮਰ ਗਿਆ ਮਿੱਤਰ ਦੀਵਾਨ ਸਿੰਘ ਮਹਿਰਮ। ਕਿਸੇ ਖ਼ਾਸ ਜਾਂ ਦੂਰ ਦੇ ਕਵੀ ਦਰਬਾਰ ਉਤੇ ਸਾਡੇ 'ਚੋਂ ਕੋਈ ਇਕੱਲਾ ਨਾ ਜਾਂਦਾ। ਲਿਖ ਦਿੰਦਾ ਕਿ ਨਾਲ ਮੇਰਾ ਜੁੱਟ ਆਏਗਾ। ਉਸ ਦੇ ਘਰ ਨਾਲ ਵੀ ਸਾਡੇ ਘਰ ਦੀ ਪੱਕੀ ਸਾਂਝ ਪੈ ਗਈ। ਖੁਲ੍ਹ ਕੇ ਰਹਿੰਦੇ। ਉਹਦਾ ਪਰਿਵਾਰ ਮੈਨੂੰ ਚਾਚਾ ਜੀ ਕਹਿੰਦਾ, ਮੇਰਾ ਪਰਿਵਾਰ ਉਸ ਨੂੰ ਤਾਇਆ ਜੀ। ਜਿੰਨਾਂ ਮੋਇਆਂ ਮਿੱਤਰਾਂ ਨੂੰ ਮੈਂ ਯਾਦ ਕਰਕੇ ਇਕੱਲਾ ਰੋਂਦਾ ਹਾਂ, ਉਹਨਾਂ ਵਿਚ ਮਹਿਰਮ ਮੂਹਰੀ ਹੈ।

ਮੈਂ ਸੁਪਨ ਮਾਲਾ ਨੂੰ ਖ਼ਤ ਪਾਇਆ। ਉਸ ਦੀ ਅੰਦਰਲੀ ਕਵਿਤਰੀ ਨੂੰ ਟੁੰਬਿਆ। ਉਸ ਦੀ ਤਾਰੀਫ਼ ਕੀਤੀ। ਏਥੋਂ ਤਕ ਸਾਫ਼ ਤੇ ਸੱਚ ਲਿਖ ਦਿੱਤਾ ਕਿ ਸੁਪਨ ਮਾਲਾ ਤੇਰੇ ਜਿਹੀ ਜ਼ਬਾਨ ਜੰਮੂ ਕਸ਼ਮੀਰ ਵਿਚ ਕਿਸੇ ਪੰਜਾਬੀ ਸ਼ਾਇਰ ਦੀ ਨਹੀਂ। ਤੂ ਜੋ ਲਿਖੇਂਗੀ, ਕਮਾਲ ਲਿਖੇਂਗੀ ਵਗ਼ੈਰਾ ਵਗ਼ੈਰਾ......।

ਮੇਰੀ ਚਿੱਠੀ ਉਸ ਦੇ ਕੋਲ ਬੈਠੇ ਮੇਰੇ ਇਕ ਸ਼ਾਗਿਰਦ ਸੁੱਖੀ ਉਪਨਾਮ ਵਾਲੇ ਨੇ ਪੜ੍ਹ ਕੇ ਸੁਣਾਈ। ਉਹ ਉਰਦੂ ਵਿਚ ਪੰਜਾਬੀ ਲਿਖਦੀ ਸੀ। ਗੁਰਮੁਖੀ ਨਹੀਂ ਸੀ ਜਾਣਦੀ। ਮਾਲਾ ਦਾ ਉਰਦੂ ਹਰਫ਼ਾਂ ਵਿਚ ਮੈਨੂੰ ਉੱਤਰ ਆਇਆ, ਲਿਖਿਆ ਸੀ — ਮੈਂ ਨਿਰਾਸ਼ ਹੋ ਕੇ ਕਲਮ ਛੱਡ ਚੁੱਕੀ ਸਾਂ। ਮੇਰੀ ਜ਼ਿੰਦਗੀ ਨਿਰਾਸ਼ਤਾ ਨਾਲ ਭਰੀ ਪਈ ਹੈ। ਤੁਸਾਂ ਆਪਣਾ ਸਤਵਾਰਾ ਸੁਣਾ ਕੇ ਮੇਰੇ ਦਰਦ ਦੀ ਤਰਜਮਾਨੀ ਕੀਤੀ ਹੈ। ਤੁਹਾਡੀ ਚਿੱਠੀ ਨੇ ਮੈਨੂੰ ਖਲਿਆਰ ਦਿੱਤਾ ਹੈ। ਮੁੜ ਤੋਂ ਕਲਮ ਫੜ ਲਈ ਹੈ।......ਹੋਰ ਕਈ ਕੁਝ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਖਿਆ ਹੋਇਆ ਸੀ, ਅਖ਼ੀਰ ਉੱਤੇ ਸੀ — ਆਪ ਹੀ ਆ ਜਾਉ ਖ਼ਤ ਕੇ ਜਵਾਬ ਮੇਂ ।

ਮੈਂ ਜੰਮੂ ਸੁਖਬੀਰ ਵਲੋਂ ਹੋ ਕੇ ਮਾਲਾ ਦੇ ਚੁਬਾਰੇ ਚਲਿਆ ਗਿਆ। ਉਥੇ ਦੋ ਚਾਰ ਬੰਦੇ ਹੋਰ ਵੀ ਸਨ। ਗਲਵਕੜੀ ਪਾਉਣੋਂ ਝੱਕ ਗਿਆ। (ਬੱਸ ਇਹ ਝੱਕ ਸਦਾ ਕਾਇਮ ਰਿਹਾ)।

ਸਾਰਿਆਂ ਨਾਲ ਸਾਂਝੀਆਂ ਗੱਲਾਂ ਹੋਈਆਂ। ਉਹ ਚਲੇ ਗਏ, ਮੈਨੂੰ ਮਾਲਾ ਨੇ ਰੱਖ ਲਿਆ। ਸ਼ਾਨਦਾਰ ਮੀਟ ਬਣਾਇਆ। ਚੌਲ ਬਣਾਏ। ਪਤਲੇ ਫੁਲਕੇ। ਤਿੰਨੇ ਖਾਣ ਬਹਿ ਗਏ। ਇਕ ਵਜੇ ਸੁਪਨ ਨੇ ਇਕ ਵਿਸਕੀ ਦਾ ਪਊਆ ਖੋਲ੍ਹਿਆ। ਤਿੰਨਾਂ ਨੇ ਬਰਾਬਰ ਦਾ ਪਾ ਕੇ ਪੀ ਲਿਆ। ਫਿਰ ਗੱਲਾਂ ਹੋਈਆਂ। ਮੈਨੂੰ ਉਸ ਕਮਰੇ ਵਿਚ ਸਵਾ ਕੇ ਉਹ ਆਪਣੇ ਕਮਰੇ ਵਿਚ ਚਲੇ ਗਏ।

ਉਹਨਾਂ ਦਿਨੀਂ ਜੰਮੂ ਨੁਮਾਇਸ਼ ਲੱਗੀ ਹੋਈ ਸੀ ਉਸ ਦੀ ਰੋਸ਼ਨੀ ਦਾ ਠੇਕਾ ਰਾਜਿੰਦਰ ਸਿੰਘ ਸਾਹਨੀ ਕੋਲ ਸੀ। ਉਸ ਦੀ ਰਿਹਾਇਸ਼ ਆਪਣੀ ਸੀ।

ਮੈਂ ਕਿਸੇ ਗੱਲ ਤੋਂ ਸੁਖਬੀਰ ਤੇ ਆਤਮਜੀਤ ਨਾਲ ਗੁੱਸੇ ਹੋ ਪਿਆ ਅਤੇ ਚੁੱਪ ਕਰਕੇ ਲੇਟ ਗਿਆ। ਆਤਮਜੀਤ ਨੂੰ ਉਹ ਕਿਤੇ ਬਾਜ਼ਾਰ ਵਿਚ ਮਿਲ ਪਈ। ਆਤਮਜੀਤ ਨੇ ਕਿਹਾ — ਭਾਪਾ ਜੀ ਉਦਾਸ ਬੈਠੇ ਨੇ।...... ਉਹ ਇਹ ਸੁਣ ਕੇ ਸਿੱਧੀ ਸੁਖਬੀਰ ਵਲ ਆ ਗਈ। ਮੈਨੂੰ ਬਾਂਹੋਂ ਫੜ ਕੇ ਉਠਾਇਆ ਤੇ ਨਾਲ ਲੈ ਤੁਰੀ। ਪਹਿਲੋਂ ਸਾਰੀ ਨੁਮਾਇਸ਼ ਵਿਖਾਈ। ਸਾਹਨੀ ਮਿਲ ਪਿਆ। ਉਸ ਸਾਨੂੰ ਚਾਹ ਪਿਆਈ। ਉਹ ਮੇਰੇ ਨਾਲ ਇਸ ਤਰ੍ਹਾਂ ਗੱਲਾਂ ਕਰਦੀ ਤੁਰਦੀ ਕਿ ਹਰ ਕੋਈ ਇਹੋ ਸਮਝਦਾ ਕਿ ਬੜੇ ਮੋਹ ਵਾਲੇ ਪ੍ਰੇਮੀ-ਪ੍ਰੇਮਿਕਾ ਹਨ। ਫਿਰ ਮੀਟ ਬਣਿਆ ਪੈੱਗ ਲੱਗੇ ਪੀਤੇ ਸਉਂ ਗਏ।

ਸਾਡਾ ਮੋਹ ਬਹੁਤ ਵਧਿਆ। ਉਸ ਦੀਆਂ ਗੱਲਾਂ ਤੇ ਬਦਨਾਮੀ ਸ਼ਾਇਰ ਇਸ ਤਰ੍ਹਾਂ ਕਰਦੇ ਜਿਸ ਤਰ੍ਹਾਂ ਹਰ ਇਸਤਰੀ ਲੇਖਿਕਾ ਦੀਆਂ ਹੁੰਦੀਆਂ ਹਨ। ਸਵਾਦ ਲੈ ਲੈ ਕੇ ਪਚਾਕੇ ਮਾਰ ਮਾਰ ਕੇ ਖੰਭਾਂ ਦੀਆਂ ਡਾਰਾਂ ਬਣਾ ਬਣਾ ਕੇ। ਮੇਰੇ ਅੰਦਰ ਰੂਪਾ ਅਤੇ ਕੰਵਲੋਂ ਨੇ ਭਰਪੂਰ ਕੀਤਾ ਹੋਇਆ ਸੀ। ਅੰਦਰ ਤਕ ਮਾਲਾ ਨਾਲ ਜੁੜਿਆ, ਪਰ ਇਕ ਵਾਰੀ ਗਲਵਕੜੀ ਨਹੀਂ ਪਾਈ, ਚੁੰਮਿਆ ਨਹੀਂ। ਇਕੱਠੇ ਹੋਣ ਵਲ ਮੈਂ ਸੋਚਿਆ ਹੀ ਨਹੀਂ ਸੀ। ਉਹ ਮੇਰੇ ਨਾਲ ਇਸ ਤਰ੍ਹਾਂ ਸ਼ਰਧਾ ਭਰੇ ਮੋਹ ਨਾਲ ਸੀ ਉਸ ਨੂੰ ਮੈਂ ਅੰਦਰ ਤਕ ਸਮੋ ਲਿਆ ਜਿਸ ਤਰ੍ਹਾਂ ਮਹਿਰਮ ਨੂੰ ਸਮੋਇਆ ਸੀ। ਇਸ ਵਿਚ ਮੇਰੀ ਬਰਾਦਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਹੀਂ ਮੈਂ ਮੁੱਢ ਥਿੜਕ ਗਿਆ ਸਾਂ। ਮੁੜ ਉਲਰਿਆ ਨਹੀਂ। ਦੂਜੀ ਗੱਲ ਮੈਂ ਔਰਤ ਦੇ ਪੱਖੋਂ ਬੁਜ਼ਦਿਲ ਹਾਂ। ਕਿਸੇ ਨੂੰ ਉਮਰ ਭਰ ਕਹਿ ਨਹੀਂ ਸਕਿਆ, 'ਮੈਂ ਤੈਨੂੰ ਪਿਆਰ ਕਰਦਾ ਹਾਂ' ਔਰਤ ਲਈ ਤਰਸਿਆ ਹਾਂ, ਯਾਦਾਂ ਵਿਚ ਰੋਇਆ ਹਾਂ, ਪੱਜੀਂ ਪੱਜੀਂ ਵੇਖਦਾ ਰਿਹਾ ਹਾਂ ਦਿਲ ਦਾ ਕੋਈ ਇਜ਼ਹਾਰ ਨਹੀਂ ਕਰ ਸਕਿਆ। ਕਈਆਂ ਔਰਤਾਂ ਦਾ ਉਲਾਰ ਨਫ਼ਰਤ ਵਿਚ ਬਦਲ ਗਿਆ। ਮੇਰਾ ਕੱਦ ਕਾਠ ਤੇ ਸ਼ਕਲ ਖਿਚਵੀਂ ਨਹੀਂ ਹੈ ਬੱਸ ਟਪਲੇ ਲਗਦੇ ਰਹੇ ਹਨ। ਮੇਰੀਆਂ ਤੇ ਮਾਲਾ ਦੀਆਂ ਗੱਲਾਂ ਵੀ ਖ਼ੂਬ ਹੁੰਦੀਆਂ ਰਹੀਆਂ। ਇਕ ਵਾਰੀ ਉਸ ਦਾ ਬੜਾ ਜੀਅ ਕੀਤਾ। ਪਤੀ ਨੂੰ ਨਾਲ ਲੈ ਕੇ ਮੈਨੂੰ ਡੇਰੇ ਮਿਲਣ ਆ ਗਈ। ਮੈਂ ਘਰ ਨਹੀਂ ਸਾਂ ਫਿਰ ਗੁਰਦਾਸਪੁਰ ਗਈ। ਉਥੋਂ ਪਾਰਟੀ ਆਫ਼ਿਸ ਵਿਚੋਂ ਤੁਗਲਵਾਲੀਏ ਨੇ ਆਖਿਆ — ਉਹ ਡਰਾਮਾ ਸੁਕਵੈਡ ਲੈ ਕੇ ਕਿਸੇ ਪਿੰਡ ਰਾਤ ਡਰਾਮਾ ਖੇਡਣ ਗਿਆ ਹੈ। ਉਹ ਉਥੋਂ ਜੰਮੂ ਮੁੜ ਗਈ।

ਮਾਲਾ ਪੰਜਾਬੀ ਸਾਹਿਤ ਵਿਚ ਖ਼ੂਬ ਵਿਚਰੀ। ਇਕ ਵਾਰੀ ਪਾਰਟੀ ਵਲੋਂ ਬੜਾ ਵੱਡਾ ਸਮਾਗਮ ਉਥੇ ਹੋਇਆ। ਅਪਰੈਟਾ ਖੇਡਿਆ ਗਿਆ। ਸ਼ੇਖ ਅਬਦੁੱਲਾ ਕਿਸ ਤਰ੍ਹਾਂ ਅਮਰੀਕਾ ਕੋਲੋਂ ਡਾਲਰਾਂ ਦੀ ਥੈਲੀ ਫੜਨ ਲੱਗਾ ਆਪ ਹੀ ਫੜਿਆ ਜਾਂਦਾ ਹੈ। ਹੋਰ ਵੀ ਕਈ ਕੁਝ ਹੋਇਆ। ਸ: ਗੁਰਬਖਸ਼ ਸਿੰਘ ਹੋਰੀਂ ਗਏ ਸਨ। ਹਿੰਦੀ, ਪੰਜਾਬੀ, ਉਰਦੂ ਦੇ ਸਾਹਿਤਕਾਰਾਂ ਤੇ ਸ਼ਾਇਰਾਂ ਉਹਨਾਂ ਦਾ ਸਵਾਗਤ ਕੀਤਾ। ਪ੍ਰੋਫੈਸਰਨੀਆਂ ਤੇ ਪ੍ਰੋਫੈਸਰਾਂ ਨੇ ਰੋਟੀਆਂ ਵਰਜੀਆਂ ਨਾਲ ਸਾਡੇ ਵੀ ਲੂੱਗੇ ਲਗਦੇ ਰਹੇ। ਗੁਰਬਖਸ਼ ਸਿੰਘ ਜੀ ਮਾਲਾ ਦੇ ਘਰ ਵੀ ਗਏ। ਆ ਕੇ ਪ੍ਰੀਤਲੜੀ ਵਿਚ ਉਸ ਬਾਰੇ ਲਿਖਿਆ।

ਪ੍ਰੋਗਰਾਮ ਦੇ ਬਾਅਦ ਮੈਂ ਤੇ ਅਮਰਜੀਤ ਜੰਮੂ ਰਹਿ ਪਏ। ਉਸ ਨੂੰ ਮਾਲਾ ਦੇ ਚੁਬਾਰੇ ਵਿਚ ਲੈ ਗਿਆ। ਇਸ ਨੇ ਗੀਤ ਸੁਣਾਏ। ਉਸ ਨੇ ਸਲਾਹੇ। ਬੜੀ ਖਾਤਰ ਤਵਾਜਿਆ ਦੋਹਾਂ ਜੀਆਂ ਕੀਤੀ।

ਦੂਜੇ ਦਿਨ ਉਹਨਾਂ ਦੋਹਾਂ ਨੇ ਸਾਨੂੰ ਦੋਹਾਂ ਨੂੰ ਨਾਲ ਖੜ ਕੇ ਸਿਨੇਮਾ ਵਿਖਾਇਆ। ਸਾਡੇ ਪਿੱਛੇ ਦੋ ਪੰਜਾਬਣ ਸਰਦਾਰਨੀਆਂ ਬੈਠੀਆਂ ਹੋਇਆਂ ਸਨ। ਫ਼ਿਲਮ ਸ਼ੁਰੂ ਨਹੀਂ ਸੀ ਹੋਈ। ਉਹਨਾਂ ਕੋਲ ਇਕ ਕਾਕਾ ਸੀ। ਚਾਰ ਕੁ ਸਾਲ ਦਾ ਬੜੀ ਸ਼ੈਤਾਨੀ ਕਰੇ। ਉਹ ਕਹਿਣ — ਨਾ ਬੇਟੇ ਐਸਾ ਨਹੀਂ ਕਰਤੇ ਅੱਛੇ ਬੇਟੇ ਆਰਾਮ ਸੇ ਬੈਠਤੇ ਹੈਂ। ਪਰ ਉਹ ਬੱਚਾ ਫਿਰ ਖਰਮਸਤੀ ਕਰੇ। ਫਿਰ ਦੂਜੀ ਵਾਰੀ ਕਹਿਣ ਲੱਗੀ — ਆਉ ਬੱਚੇ ਹਮ ਤੁਮੇ ਅੱਛੇ ਸੇ ਖਿਲੌਨੇ ਔਰ ਲੇ ਦੇਂਗੇ। ਤੁਮ ਤੋ ਪਿਆਰੇ ਬੱਚੇ ਹੋ ਕਹਿਨਾ ਮਾਨ ਜਾਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ......ਪਰ ਉਹ ਕਾਕਾ ਅਸ਼ਟੱਲੀ ਸੀ। ਮੈਂ ਤੇ ਆਤਮਜੀਤ ਦੇ ਕੰਨ ਉਹਨਾਂ ਵੱਲ ਸਨ ਤੇ ਚੋਰ ਅੱਖੀਆਂ ਵੀ। ਜਦ ਉਹ ਕਾਕਾ ਆਪਣੀ ਆਈ ਤੋਂ ਨਾ ਮੁੜਿਆ ਤਾਂ ਉਹਨਾਂ 'ਚੋਂ ਜ਼ਰਾ ਵੱਡੀ ਸਰਦਾਰਨੀ ਨੇ ਖਿੱਝ ਕੇ ਆਖਿਆ — ਤੂੰ ਬਾਜ ਨਹੀਂ ਆਉਂਦਾ ਮਾਰਦੀਉ ਮੂੰਹ ਲੱਪੜ। ਉਹ ਕਾਕਾ ਖਲੋ ਗਿਆ ਮਾਂ ਵੱਲ ਵੇਖਣ ਲੱਗ ਪਿਆ। ਅਸਾਂ ਸਾਰਿਆਂ ਮੂੰਹ ਪਿਛਾਂਹ ਕੀਤੇ, ਮੈਂ ਆਖਿਆ — ਬੀਬੀ ਜੀ ਇਸ ਨੂੰ ਪਹਿਲਾਂ ਹੀ ਤੁਸੀਂ ਆਪਣੀ ਜ਼ਬਾਨ ਵਿਚ ਸਮਝਾ ਦੇਣਾ ਸੀ। ਅਸੀਂ ਸਾਰੇ ਹੱਸ ਪਏ।

ਮੈਂ ਆ ਗਿਆ। ਅਮਰਜੀਤ ਨੂੰ ਉਹਨਾਂ ਰੱਖ ਲਿਆ। ਉਹ ਰਹਿ ਪਿਆ। ਤਿੰਨਾਂ ਕੁ ਮਹੀਨਿਆਂ ਬਾਅਦ ਉਹਨਾਂ ਦੀ ਇਕ ਲੰਮੀ ਚਿੱਠੀ ਆਈ। ਉਹਨਾਂ ਅਮਰਜੀਤ ਵਲੋਂ ਉਲ੍ਹਾਮਾ ਦਿੱਤਾ ਹੋਇਆ ਸੀ ਕਿ ਤੁਸੀਂ ਉਸ ਨੂੰ ਸਾਡੇ ਘਰ ਲਿਆਏ। ਸਾਡੇ ਕੋਲ ਇਕ ਹਫ਼ਤਾ ਰਿਹਾ, ਅਸਾਂ (ਮੈਨੂੰ ਅਮਰਜੀਤ ਨੇ ਦੱਸਿਆ ਕਿ ਮੇਰੇ ਨਾਲ ਉਹ ਥੱਲੇ ਮੌਜਾਂ ਲੁਟਦੀ ਰਹੀ ਹੈ) ਸੇਵਾ ਤੇ ਖਾਤਰ ਤਵਾਜ਼ਿਆ ਕਰਦੇ ਰਹੇ। ਜਾਣ ਲੱਗਾ ਮਾਲਾ ਦਾ ਗਹਿਣਾ ਲੈ ਗਿਆ ਕਿ ਮੈਂ ਗਹਿਣੇ ਰੱਖ ਕੇ ਰੁਪੈ ਲੈ ਕੇ ਲੋੜ ਪੂਰੀ ਕਰ ਲਵਾਂਗਾ। ਫਿਰ ਤੁਹਾਨੂੰ ਮਹੀਨੇ ਬਾਅਦ ਛਡਾ ਕੇ ਆਪ ਆ ਕੇ ਮੋੜ ਜਾਵਾਂਗਾ। ਅਸੀਂ ਉਡੀਕਦੇ ਰਹੇ ਦੋ ਤਿੰਨ ਚਿੱਠੀਆਂ ਪਾਈਆਂ ਕੋਈ ਜਵਾਬ ਨਾ ਆਇਆ। ਫਿਰ ਅਸੀਂ ਆਪ ਚੁੱਪ ਕੀਤੇ ਰਹੇ, ਉਸ ਦੇ ਪਿੰਡ ਗਏ, ਬਹੁਤੇ ਹੀ ਨਾਕਾਮ ਮੁੜੇ। ਸਭ ਗਿਆ। ਹੋਰ ਕਈ ਕੁਝ ਲਿਖਿਆ ਸੀ। ਮੈਨੂੰ ਦੋਹਾਂ ਉਤੇ ਗੁੱਸਾ ਆਇਆ। ਜਿਸ ਤਰ੍ਹਾਂ ਕਿਸੇ ਮੇਰੇ ਪਿੰਡੇ ਉਤੇ ਛੀਮਾਂ ਮਾਰੀਆਂ ਹੋਣ। ਮੈਂ ਇਕ ਕਹਾਣੀ ਲਿਖੀ "ਅੰਦਰ ਦੇ ਚੋਰ" ਉਹ ਸਾਡੇ ਲੋਕ ਕਵਿਤਾ ਪਰਚੇ ਵਿਚ ਛਪੀ। ਪਰਚਾ ਮਾਲਾ ਨੂੰ ਵੀ ਜਾਂਦਾ ਸੀ, ਮੁਕਤ ਨੂੰ ਵੀ। ਮੁਕਤ ਵੀ ਕਹਾਣੀ ਉਤੇ ਨਿਸ਼ਾਨੀਆਂ ਲਾ ਕੇ ਮਾਲਾ ਕੋਲ ਗਿਆ। ਉਹ ਬੜੀ ਅਜੀਬ ਹੋ ਗਈ ਹੋਏਗੀ। ਮੈਨੂੰ ਚਿੱਠੀ ਲਿਖੀ — "ਤੁਸੀਂ ਜੋ ਕਹਾਣੀ ਲਿਖੀ ਹੈ ਮੈਂ ਪੜ੍ਹੀ ਹੈ ਕੀ ਕਹਿ ਸਕਦੀ ਹਾਂ ਜਿਹੜੀ ਤੁਸਾਂ ਮੇਰੀ ਪੁਸਤਕ ਦੀ ਭੂਮਿਕਾ ਲਿਖੀ ਸੀ ਉਹ ਤੁਹਾਡਾ ਮੂੰਹ ਚੜਾ ਰਹੀ ਹੈ।

ਛੇ ਮਹੀਨੇ ਸਾਡਾ ਖੱਤ ਪੱਤਰ ਤੇ ਆਉਣ ਜਾਣ ਬੰਦ ਰਿਹਾ। ਇਕ ਕਵੀ ਦਰਬਾਰ ਉਤੇ ਜੰਮੂ ਮੈਨੂੰ ਸੱਦਿਆ ਗਿਆ। ਸਟੇਜ ਉਤੇ ਮਾਲਾ ਵੀ ਬੈਠੀ ਸੀ। ਅਸੀਂ ਆਪੋ ਵਿਚ ਬੋਲੇ ਨਹੀਂ। ਜਦ ਸਟੇਜ ਸੈਕਟਰੀ ਮਾਲਾ ਨੂੰ ਬੋਲਣ ਲਈ ਕਹਿਣ ਗਿਆ ਤਾਂ ਉਸ ਨੇ ਅੱਗੋਂ ਕਿਹਾ — ਰਾਹੰ, ਸਾਹਿਬ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੈਨੂੰ ਆਖਣਗੇ ਤਾਂ ਬੋਲਾਂਗੀ।

ਸੈਕਟਰੀ ਨੇ ਮੈਨੂੰ ਦੱਸਿਆ। ਮੈਂ ਉਠ ਕੇ ਉਸ ਕੋਲ ਗਿਆ ਮੋਢੇ ਉਤੇ ਹੱਥ ਰੱਖਿਆ ਉਹ ਮੇਰੇ ਵੱਲ ਉਲਰ ਪਈ — ਮਾਲਾ ਉਠ ਕੇ ਕਵਿਤਾ ਸੁਣਾ। ਮੈਂ ਆਖ ਕੇ ਆਪਣੀ ਥਾਂ ਉਤੇ ਆ ਗਿਆ। ਉਹ ਉੱਠੀ, ਕੋਲ ਆਈ, ਮੇਰੇ ਪੈਰਾਂ ਉਤੇ ਹੱਥ ਲਾਏ ਤੇ ਕਵਿਤਾ ਸੁਣਾਉਣ ਲੱਗ ਪਈ। ਰਾਤ ਉਹਨਾਂ ਵੱਲ ਰਿਹਾ। ਕਿਸੇ ਨੇ ਕੁਝ ਨਹੀਂ ਇਕ ਦੂਜੇ ਨੂੰ ਜਤਾਇਆ।

ਡੇਰੇ ਬਾਬੇ ਨਾਨਕ ਉਸ ਦੀ ਚਿੱਠੀ ਆਈ ਤੁਸੀਂ ਬੁੱਧਵਾਰ ਜ਼ਰੂਰ ਸਿੱਧੇ ਮੇਰੇ ਘਰ ਆਉ, ਹਰ ਹਾਲਤ ਵਿਚ ਇਕ ਦੋ ਵਜੇ ਪਹੁੰਚ ਜਾਉ।

ਮੈਂ ਪਹੁੰਚ ਗਿਆ। ਅੰਦਰੋਂ ਕੂੰਡਾ ਗਭਰੂ ਮੁੰਡੇ ਨੇ ਖੋਲ੍ਹਿਆ। ਇਹੋ ਜਿਹਾ ਜਵਾਨ ਮੁੰਡਾ ਉਹ ਨੌਕਰ ਜ਼ਰੂਰ ਰੱਖਦੀ ਸੀ ਹਮੇਸ਼ਾ। ਬਦਲਦੇ ਵੀ ਰਹਿੰਦੇ ਸਨ। ਇਕ ਨਿੱਕੀ ਨਵੀਂ ਕੁੱਤੀ ਹੋਰ ਰੱਖੀ ਹੋਈ ਦਿਸੀ। ਤੋਤੇ ਨੇ ਟੀਂ, ਟੀਂ ਕੀਤੀ। ਅੰਦਰ ਬੈਠਕ ਵਿਚ ਬੈਠ ਗਿਆ। ਮਾਲਾ ਨਹੀਂ ਦਿਸੀ। ਅਜੇ ਪੰਜ ਮਿੰਟ ਬੈਠਾ ਸਾਂ ਕਿ ਸੁਪਨ ਮਾਲਾ ਸੁਪਨਾ ਬਣ ਕੇ ਆਈ, ਸਾੜ੍ਹੀ ਪਾਈ ਹੋਈ ਨਵੀਂ। ਪੈਰਾਂ ਨੂੰ ਮਹਿੰਦੀ। ਗਲ ਤੇ ਕੰਨਾਂ ਵਿਚ ਸੋਨਾ। ਬਾਹਵਾਂ ਵਿਚ ਨਵੀਆਂ ਚੂੜੀਆਂ। ਮੱਥੇ ਉਤੇ ਬਿੰਦੀ, ਢਾਲ ਕੇ ਵਾਲ ਵਾਹੇ ਹੋਏ, ਚਮਕਦੀ ਹੋਈ ਮਾਂਗ ਸਿੰਦੂਰ ਨਾਲ। ਹੱਥਾਂ ਵਿਚ ਥਾਲੀ ਮਠਿਆਈ ਮੱਠੀਆਂ ਨਾਲ ਬਦਾਮ। ਮੇਰੇ ਸਾਹਮਣੇ ਨੀਵੀਆਂ ਅੱਖਾਂ ਕਰਕੇ ਆ ਖਲੋਤੀ। ਮੇਰੇ ਪੈਰਾਂ ਵਿਚ ਥਾਲੀ ਰੱਖ ਕੇ ਮੱਥਾ ਟੇਕਿਆ, ਸਾੜ੍ਹੀ ਸਵਾਰੀ ਮੇਰੇ ਸਾਹਮਣੇ ਦਰੀ ਉਤੇ ਬਹਿ ਗਈ। ਮੇਰੇ ਮੂੰਹ ਵੱਲ ਮੂੰਹ ਝੁਕ ਕੇ ਕਹਿਣ ਲੱਗੀ — ਕਰਵਾ ਚੋਥ ਦਾ ਵਰਤ ਰੱਖਿਆ ਸੀ। ਤੁਸੀਂ ਮੇਰੇ ਜੇਠ ਹੋ, ਤੁਹਾਡੇ ਪੈਰਾਂ ਦਾ ਸਦਕਾ।...ਮੈਂ ਮੋਢਿਆਂ ਨੂੰ ਹੱਥਾਂ ਨਾਲ ਘੁੱਟਿਆ — ਤੂੰ ਨਵੀਂ ਵਹੁਟੀ ਲੱਗਣੀ ਏਂ ਮਾਲਾ।

......ਤੁਹਾਡੀ ਨਿੱਕੀ ਭਰਜਾਈ ਹਾਂ ਚੰਗੀ ਕਿਉਂ ਨਾ ਲੱਗਾਂ।...... ਇਹ ਸੀ ਮੇਰਾ ਰਿਸ਼ਤਾ ਜਿਹੜਾ ਸੁਪਨ ਮਾਲਾ ਨਾਲ ਬਣਿਆ। ਅੰਤ ਤਕ ਨਿਭਣ ਲਈ ਤੁਰਿਆ। ਦੂਜੇ ਦਿਨ ਉਸ ਨੇ ਉਰਦੂ ਪੰਜਾਬੀ ਦੇ ਸ਼ਾਇਰ ਸੱਦੇ। ਇਕ ਉਰਦੂ ਵਾਲੇ ਨੇ ਰੰਗ ਬਰੰਗੇ ਹਰਫ਼ਾਂ ਨਾਲ ਮੈਨੂੰ ਭੇਟ ਕਰਨ ਲਈ ਮਾਣ ਪੱਤਰ ਲਿਖਿਆ ਹੋਇਆ ਸੀ। ਨਿੱਕਾ ਜਿਹਾ ਮੁਸ਼ਾਇਰਾ ਹੋਇਆ। ਮਾਲਾ ਨੇ ਮੇਰੀ ਸਿਫ਼ਤ ਕੀਤੀ। ਹੋਰ ਵੀ ਬੋਲੇ ਅਤੇ ਮਾਣ ਪੱਤਰ ਮੈਨੂੰ ਭੇਟ ਕੀਤਾ ਗਿਆ। ਹੇਠਾਂ ਦਸਤਖ਼ਤ ਸਨ — "ਅਖਿਲ ਭਾਰਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਤ ਸਦਨ ਰਜਿਸਟਰਡ ਜੰਮੂ ਸਦਰ ਨਸਾਰ ਦਿਹਲਵੀ'' ਦੂਜਾ ਨਾਂ ਸੀ ''ਪੰਜਾਬੀ ਅਦਬੀ ਸੰਗਮ ਜੰਮੂ ਸਦਰ ਸੁਪਨ ਮਾਲਾ'' ਇਹ ਮੇਰੀ ਜ਼ਿੰਦਗੀ ਵਿਚ ਦੂਜਾ ਮਾਣ ਪੱਤਰ ਸੀ। ਪਹਿਲਾਂ 19.9.66 ਵਿਚ ਭੂਸ਼ਨ ਧਿਆਨਪੁਰੀ ਨੇ ਚੰਡੀਗੜ੍ਹ ਗਾਂਧੀ ਲਾਇਬਰੇਰੀ ਵਿਚ ਮੇਰਾ ਸਨਮਾਨ ਕੀਤਾ ਸੀ। ਬਾਹਰ ਕੱਪੜੇ ਦੇ ਮਾਟੋ ਲਾਏ। ਸਟੇਜ ਉਤੇ ਅਤੇ ਹਾਲ ਵਿਚ ਦਾਖ਼ਲ ਹੋਣ ਵਾਲੇ ਦਰਵਾਜ਼ੇ ਉਤੇ ਵੀ। ਮੇਰੀ ਵਾਕਫ਼ੀਅਤ ਭਰਾ ਸੂਬਾ ਸਿੰਘ ਨੇ ਕਰਾਈ ਸਿਫ਼ਤ ਕਰਕੇ ਅਖ਼ੀਰ ਉਤੇ ਕਹਿਣ ਲੱਗੇ — ਇਹ ਬਹੁਤ ਸਿਆਣਾ ਸ਼ਾਇਰ ਤੇ ਸਾਹਿਤਕਾਰ ਹੈ ਜੇ ਕਿਤੇ ਪਾਰਟੀਬਾਜ਼ ਨਾ ਹੋਵੇ ਤਾਂ ਚੋਟੀਆਂ ਛੂਹ ਜਾਏ।......ਉਹਦਾ ਇਸ਼ਾਰਾ ਕਮਿਊਨਿਸਟ ਪਾਰਟੀ ਉਤੇ ਸੀ। ਸਾਡਾ 'ਪੰਜਾਬੀ ਕਵਿਤਾ' ਖ਼ੂਬ ਚਲ ਰਿਹਾ ਸੀ। ਭੂਸ਼ਣ ਬਹੁਤ ਨੇੜੇ ਰਿਹਾ। ਮੈਂ ਉਸ ਦੇ ਬਾਰੇ ਲਿਖਿਆ। ਮੂੰਹ ਬੋਲਾ ਪੁੱਤਰ ਬਣ ਗਿਆ। ਮੇਰੀ ਚੌਥੀ ਧੀ ਮੋਹਨਜੀਤ ਤੇ ਮੇਰੀ ਪਤਨੀ ਚੰਡੀਗੜ੍ਹ ਇਕ ਮਹੀਨਾ ਉਸ ਕੋਲ ਰਹੇ ਸਨ। ਮੋਹਨੀ ਨੇ ਬੇਸਿਕ ਦਾ ਦੂਜੇ ਸਾਲ ਦਾ ਇਮਤਿਹਾਨ ਦੇਣਾ ਸੀ। ਪਰਿਵਾਰਾਂ ਤਕ ਸਾਂਝ ਬਣੀ। ਦੁੱਖ ਸੁੱਖ ਦਾ ਭਾਈਵਾਲ ਬਣਿਆ। ਸਾਡੇ ਪਰਚੇ ਵਿਚ ਖ਼ੂਬ ਛਪਦਾ ਰਿਹਾ। ਮੈਂ ਉਸ ਨੂੰ ਸ਼ਿਵ ਦੇ ਪਰਛਾਵੇਂ ਵਿਚੋਂ ਕੱਢ ਕੇ ਉਸ ਦੇ ਆਪਣੇ ਪਰ ਉਗਾ ਦਿੱਤੇ। ਹੁਣ ਉਹ ਖੋਤੇ ਉਤੇ ਸਵਾਰ ਹੈ ਅਤੇ ਕਹਿੰਦਾ ਹੈ — ਮੈਂ ਸਾਹਿਤ ਦੇ ਘੋੜੇ ਉਤੇ ਸ਼ਾਹ ਸਵਾਰ ਹਾਂ। ਮਾਣ ਪੱਤਰ ਦਾ ਅੰਤਲਾ ਪਹਿਰਾ ਸੀ — ਓ ਵੀਰ ਕਲਮਕਾਰ, ਅਸੀਂ ਆਸ਼ਾ ਕਰਦੇ ਹਾਂ ਕਿ ਬੀਤੇ ਵਾਂਗ ਭਵਿਖ ਵਿਚ ਵੀ ਤੇਰਾ ਪੱਥ ਦਰਸ਼ਨ ਸਾਨੂੰ ਮਿਲਦਾ ਰਹੇਗਾ। ਤੂੰ ਏਥੇ ਆ ਕੇ ਸਾਨੂੰ ਜਿਹੜਾ ਮਾਣ ਬਖ਼ਸ਼ਿਆ ਹੈ — ਇਕ ਵਾਰੀ ਫੇਰ ਅਸੀਂ ਤੇਰਾ ਧੰਨਵਾਦ ਕਰਦੇ ਹਾ'' ਵਲੋਂ, (ਮੈਥੋਂ ਦਸਤਖ਼ਤ ਪੜ੍ਹੇ ਨਹੀਂ ਗਏ) ਹੇਠਾਂ ਲਿਖਿਆ ਸੀ, ''ਸ੍ਰੀ ਸ਼ਾਂਤੀ ਸਰੂਪ ਵੈਰਾਗੀ'' ਚੀਫ਼ ਡਾਇਰੈਕਟਰ ਭਾਰਤ ਏਕਤਾ ਲੇਖਕ ਸੰਘ। 2514-ਏ/24 ਸੀ, ਚੰਡੀਗੜ੍ਹ।

ਮਾਲਾ ਨੇ ਚਾਰ ਪੁਸਤਕਾਂ ਕਵਿਤਾਵਾਂ ਦੀਆਂ ਪੰਜਾਬੀ ਮਾਂ ਬੋਲੀ ਨੂੰ ਦਿੱਤੀਆਂ। ਸਾਰੀਆਂ ਨੂੰ ਜੰਮੂ ਕਸ਼ਮੀਰ ਅਕੈਡਮੀ ਨੇ ਇਨਾਮ ਦਿੱਤਾ। ਉਸ ਦਾ ਸਰਕਾਰ ਵਲੋਂ ਸਪੈਸ਼ਲ ਸਨਮਾਨ ਹੋਇਆ। ਉਸ ਨੇ ਮਿਰਜ਼ਾ ਗਾਲਿਬ ਦੀਵਾਨ ਦਾ ਪੰਜਾਬੀ ਸ਼ਾਇਰੀ ਵਿਚ ਅਨੁਵਾਦ ਕੀਤਾ। ਉਸ ਵਜ਼ਨ ਵਿਚ ਅਣ-ਛਪਿਆ ਹੈ। ਜੰਮੂ ਕਸ਼ਮੀਰ ਦੀ ਮਹਾਨ ਕਵਿਤਰੀ ਬਣ ਗਈ। ਪੰਜਾਬ ਵਿਚ ਕਈ ਥਾਈਂ ਉਸ ਨੂੰ [illegible] ਗਈ। ਜਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਉਂਦੀ ਇਕੱਲੀ ਆਉਂਦੀ ਤੇ ਬੋਲ ਕੇ ਰਾਤ ਇਕੱਲੀ ਇਕ ਕਮਰੇ ਵਿਚ ਸੌਂਦੀ। ਦਿਨੇ ਉਹ ਕਮਰਾ ਸਿਗਰਟਾਂ ਦਿਆਂ ਟੋਟਿਆਂ ਨਾਲ ਭਰਿਆ ਹੁੰਦਾ। ਮੇਰਾ ਸਾਥ ਨਾ ਛੱਡਦੀ। ਮਾਮੂਕਾਨਾਂ ਹਰਕਤਾਂ ਕਰਦੀ ਰਹਿੰਦੀ। ਦੋ ਵਾਰੀ 26 ਜਨਵਰੀ ਦੇ ਕਵੀ ਦਰਬਾਰ ਉਤੇ ਜੰਮੂ ਕਸ਼ਮੀਰ ਵਲੋਂ ਜਾਂਦੀ ਰਹੀ। ਦੋਹੇਂ ਉਥੇ ਅਸੀਂ ਇਕੱਠੇ ਬੋਲਦੇ ਰਹੇ। ਵਿਜੇ ਸੁਮਨ ਨਾਲ ਦਿੱਲੀ ਉਹ ਦੋਏਂ ਹੋਟਲਾਂ ਵਿਚ ਠਹਿਰਦੇ। ਹੱਸਦੀ ਖੇਡਦੀ, ਗੱਲਾਂ ਕਰਦੀ, ਨਖਰੇ ਕਰਦੀ ਵੀ ਉਹ ਹਨੇਰੇ ਵਿਚ ਬਲਦੀ ਜਾ ਰਹੀ ਸੀ। ਸਰੀਰ ਤੇ ਸੂਰਤ ਧਵਾਂਖੇ ਜਾ ਰਹੇ ਸੀ। ਮੈਂ ਕਦੇ ਉਸ ਦਾ ਪਿੱਛਾ ਨਹੀਂ ਸੀ ਪੁੱਛਿਆ। ਜੋ ਕੋਈ ਵੀ ਮੇਰਾ ਨਾਂ ਲੈ ਕੇ ਉਸ ਕੋਲ ਜਾਂਦਾ, ਸਿਰ ਤੇ ਚੁੱਕਦੀ, ਪੂਰੀ ਸੇਵਾ ਕਰਦੀ। ਜਦ ਕਵੀ ਦਰਬਾਰਾਂ ਵਿਚ ਬੋਲਦੀ ਮੈਨੂੰ ਮੱਥਾ ਟੇਕ ਕੇ ਮਾਈਕ ਸਾਹਮਣੇ ਹੁੰਦੀ।......ਮੇਰੀ ਚੋਥੀ ਧੀ ਮੋਹਨਜੀਤ ਦੇ ਵਿਆਹ ਉਤੇ ਮੈਂ ਉਸ ਨੂੰ ਸੱਦਿਆ। ਫੁੱਲ ਸਕੇਲ ਕਾਗ਼ਜ਼ ਚਾਰ ਸਫ਼ੇ ਦੀ ਚਿੱਠੀ ਆਈ ਕਿ ਮੈਂ ਬੀਮਾਰ ਹਾਂ, ਨਹੀਂ ਆ ਸਕਦੀ, ਹੋਰ ਪਤਾ ਨਹੀਂ ਕਿਤਨੀਆਂ ਬੇਜ਼ਾਰੀਆਂ ਲਿਖੀਆਂ ਹੋਈਆਂ ਸਨ। ਉਹ ਚਿੱਠੀ ਮੇਰੇ ਕੋਲ ਸਾਂਭੀ ਹੋਈ ਹੈ।

ਵਿਆਹ ਦੇ ਬਾਅਦ ਮੈਂ ਜੰਮੂ ਗਿਆ। ਰਾਤ ਸੁਖਬੀਰ ਵੱਲ ਗਿਆ ਦਿਨੇ ਮਾਲਾ ਵੱਲ। ਉਹ ਆਪਣੇ ਕਮਰੇ ਵਿਚ ਬੀਮਾਰ ਪਈ ਸੀ। ਡਾਕਟਰ ਦੇਖਣ ਆਇਆ ਹੋਇਆ ਸੀ। ਮੈਂ ਬੈਠਕ ਵਿਚ ਬਹਿ ਗਿਆ। ਸਾਰੇ ਕੁੱਤੇ ਕਤੂਰੇ ਉਦਾਸ ਮੈਨੂੰ ਸੁੰਘ ਕੇ ਚਲੇ ਗਏ। ਤੋਤਾ ਨਹੀਂ ਬੋਲਿਆ। ਨੌਕਰ ਮੁੰਡੇ ਨੇ ਮੈਨੂੰ ਚਾਹ ਵਗੈਰਾ ਨਾ ਪੁੱਛੀ। ਸ਼ਾਇਰੀ ਦਾ ਵਾਤਾਵਰਣ ਬਦਲ ਕੇ ਚੁੱਪ ਚਾਪ ਸੋਗੀਆ ਬਣ ਗਿਆ ਹੋਇਆ ਸੀ। ਡਾਕਟਰ ਕਹਿ ਗਿਆ ਕੋਈ ਇਸ ਨਾਲ ਬੋਲੇ ਕੂਏ ਨਾ। ਵਿਜੇ ਸੁਮਨ ਬਾਹਰੋਂ ਆਇਆ ਮੈਨੂੰ ਵੇਖ ਕੇ ਮੁੜ ਮਾਲਾ ਕੋਲ ਗਿਆ, ਨਿਕਲ ਕੇ ਕਹਿਣ ਲੱਗਾ ਡਾਕਟਰ ਮਨ੍ਹਾ ਕਰ ਗਿਆ ਹੈ ਪਰ ਮਾਲਾ ਕਹਿੰਦੀ ਹੈ ਉਹ ਆਉਣ।

ਮੈਂ ਗਿਆ ਉਹ ਉਠ ਕੇ ਬਹਿ ਗਈ। ਮੈਂ ਆਪਣੇ ਨਾਲ ਉਸ ਨੂੰ ਘੁੱਟ ਲਿਆ। ਮੇਰੀਆਂ ਅੱਖਾਂ ਭਰ ਆਈਆਂ। ਬਹੁਤ ਹਾਲਤ ਵਿਗੜੀ ਪਈ ਸੀ। ਮੇਰੇ ਵੱਲ ਵੇਖ ਕੇ ਨਜ਼ਰਾਂ ਝੁਕਾ ਲਈਆਂ। ਮੈਂ ਮੱਥਾ ਚੁੰਮਿਆ ਪਹਿਲੀ ਵਾਰੀ ਮੇਰੇ ਕੋਲ ਪੰਜ ਰੁਪੈ ਦਾ ਨੋਟ ਸੀ ਉਸ ਨੂੰ ਫੜਾਇਆ ਉਸ ਨੇ ਲੈ ਕੇ ਮੱਥੇ ਨੂੰ ਲਾਇਆ। ਮੈਂ ਕਿਹਾ ਮਾਲਾ ਤਕੜੀ ਹੋ, ਤੂੰ ਮਰ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਕਦੀ ਹੂੰ ਅਤੇ ਜਿਉਣਾ ਹੈ। ਅਤੇ ਸਦਾ ਲਈ ਜਿਉਣਾ ਹੈ। ਉਸ ਨੇ ਸਿਰ ਮੇਰੇ ਮੋਢੇ ਨਾਲ ਲਾ ਦਿੱਤਾ। ਹੋਰ ਪੈਸੇ ਘੱਲਣ ਦੀ ਗੱਲ ਕਰਕੇ ਕਮਰੇ ਵਿਚੋਂ ਨਿਕਲ ਆਇਆ। ਚੁਬਾਰੇ ਵਿਚੋਂ ਵੀ ਨਿਕਲ ਆਇਆ। ਹੋਣੀ ਕਹਿ ਰਹੀ ਸੀ ਕਿ — ਰਾਹੀ ਤੂੰ ਫੇਰ ਕਦੀ ਨਹੀਂ ਇਸ ਚੁਬਾਰੇ ਵਿਚ ਆਉਣਾ। ਸਿੱਧਾ ਯੂਨੀਵਰਸਿਟੀ ਆਇਆ। ਪੰਜਾਬੀ ਸਭਾ ਵਾਲੇ ਕਾਨਫਰੰਸ ਲਈ ਫੰਡ ਇਕੱਠਾ ਕਰ ਰਹੇ ਸਨ। ਮੈਂ ਆਖਿਆ — ਇਕ ਕਵਿਤਰੀ ਮਰ ਰਹੀ ਹੈ ਉਸ ਲਈ ਵੀ ਤੁਹਾਨੂੰ ਕੁਝ ਕਰਨਾ ਚਾਹੀਦਾ ਹੈ। — ਉਹਨਾਂ ਖ਼ਾਸ ਧਿਆਨ ਨਾ ਕੀਤਾ —- ਹਾਂ ਹਾਂ ਉਸ ਲਈ ਵੀ ਕਰਾਂਗੇ।

ਦੂਜੇ ਦਿਨ ਡੇਰੇ ਆ ਗਿਆ। ਸ਼ਹਿਰ ਦੇ ਮੋਟੇ ਬੰਦਿਆਂ ਤੇ ਵਾਕਫ਼ਾਂ ਦੀ ਲਿਸਟ ਬਣਾਈ ਪੈਸੇ ਇਕੱਠੇ ਕਰਨ ਲਈ।

ਰਾਤ ਰੇਡਿਉ ਉਤੇ ਜੰਮੂ ਲਾਇਆ। ਮਾਲਾ ਦੀ ਪਹਿਲੀ ਰਿਕਾਰਡ ਹੋਈ ਇੰਟਰਵਿਊ ਚਲ ਰਹੀ ਸੀ — ਰਾਹੀ ਸਾਹਿਬ ਨੇ ਮੇਰੇ ਹੱਥ ਵਿਚ ਕਲਮ ਫੜਾਈ......ਅੱਗੇ ਮੈਂ ਸਮਝਦਾ ਨਾ ਸੁਣ ਸਕਿਆ। ਇੰਟਰਵਿਊ ਮੁੱਕਣ ਤੇ ਆਵਾਜ਼ ਆਈ — ਜੰਮੂ ਕਸ਼ਮੀਰ ਦੀ ਸਭ ਤੋਂ ਵੱਡੀ ਤੇ ਮਹਾਨ ਕਵਿਤਰੀ ਸੁਪਨ ਮਾਲਾ ਮਰ ਗਈ ਹੈ। ਇਹ 1978 ਫਰਵਰੀ ਦਾ ਮਹੀਨਾ ਸੀ ਮੇਰੀ ਯਾਦ ਵਿਚ ਉਸ ਨੇ ਇਕ ਲੜਕਾ ਤੇ ਇਕ ਲੜਕੀ ਲੈ ਕੇ ਪਾਲੇ ਹੋਏ ਸੀ। ਵਿਜੈ ਸੁਮਨ ਉਹਦੇ ਬਿਨਾਂ ਕੁਝ ਵੀ ਨਹੀਂ ਸੀ।......ਕਿਸੇ ਨੇ ਦੱਸਿਆ। ਮਾਲਾ ਇਕ ਬ੍ਰਾਹਮਣ ਜੰਗਲਾਤ ਦੇ ਅਫ਼ਸਰ ਦੀ ਧੀ ਸੀ। ਉਸ ਨੂੰ ਉਰਦੂ ਸ਼ਾਇਰੀ ਦਾ ਸ਼ੌਕ ਸੀ। ਸੁਮਨ ਮਾਲਾ ਦੇ ਪਿਤਾ ਕੋਲ ਕੰਮ ਕਰਦਾ ਸੀ। ਇਹ ਹਰੀਜਨ ਸੀ। ਉਸ ਕੋਲੋਂ ਨਜ਼ਮਾਂ ਦੀ ਸੁਧਾਈ ਕਰਾਉਂਦੀ ਕਰਾਉਂਦੀ ਉਸ ਨਾਲ ਨੱਠ ਗਈ। ਪਿਤਾ ਨੇ ਪਿੱਛਾ ਨਾ ਕੀਤਾ।

ਸੁਮਨ ਬੱਸ ਇਧਰ ਉਧਰ ਜੋਗਾ ਸੀ। (ਕੁਝ ਚਿਰ ਬਾਅਦ ਉਹ ਵੀ ਮਰ ਗਿਆ)

ਸ਼ਿਵ ਨੂੰ ਅਮੀਰਾਂ ਦੀਆਂ ਕੁੜੀਆਂ ਮੁੰਡਿਆਂ ਅਤੇ ਉਹਨਾਂ ਦੀਆਂ ਜਨਾਨੀਆਂ ਨੇ ਸ਼ਰਾਬ ਪਿਆ ਪਿਆ ਕੇ, ਮਾਣ ਮਾਣ ਕੇ, ਮਾਰ ਦਿੱਤਾ। ਪ੍ਰੋਫ਼ੈਸਰਾਂ, ਪ੍ਰੋਫ਼ੈਸਰਣੀਆਂ ਡਾਕਟਰ ਅਤੇ ਡਾਕਟਰਨੀਆਂ ਨੇ ਹੰਢਾ ਹੰਢਾ ਕੇ ਮਾਰ ਦਿੱਤਾ। ਉਹਦੀ ਸ਼ਾਇਰੀ ਵਿਚ ਪੁੱਖਤਗੀ ਅਜੇ ਆਈ ਸੀ। ਜੇ ਦਸ ਸਾਲ ਹੋਰ ਜਿਉਂਦਾ ਰਹਿੰਦਾ ਤਾਂ ਉਸ ਦੀ ਸ਼ਾਇਰੀ ਗੀਤਾਂ ਜੋਗੀ ਨਾ ਰਹਿੰਦੀ ਅਮਰ ਵਾਰਤਾ ਬਣ ਜਾਂਦੀ, ਅਮਰ ਕਵਿਤਾ ਹੁੰਦੀ। ਉਸ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਿਕਮਿਆਂ [illegible] ਨੇ ਉਹਨਾਂ ਦੀਆਂ ਪਤਨੀਆਂ ਨੇ ਵੀ [illegible] । ਉਸ ਦਾ ਆਵਾਰਾ ਕਿਸਮ ਦੀਆਂ ਪੜ੍ਹੀਆਂ ਲਿਖੀਆਂ ਮੁਟਿਆਰਾਂ ਨੇ ਵੀ ਮਾਸ ਤੋੜਿਆ । ਉਹ ਪਾਣੀ ਬਣੀ ਹੋਈ ਅੱਗ ਪੀ ਪੀ ਕੇ ਮਰ ਗਿਆ । ਸੁਪਨ ਮਾਲਾ ਜਿਉਂਦੀ ਜਾਗਦੀ ਅਸਲੀ ਰੂਪ ਵਿਚ ਅੱਗ ਪੀ ਪੀ ਕੇ ਮਰ ਗਈ । ਉਸ ਉਤੇ ਮੈਂ ਇਕ ਖੁੱਲ੍ਹੀ ਕਵਿਤਾ ਲਿਖੀ, ਇਕ ਗ਼ਜ਼ਲ ਲਿਖੀ ਦੋਹੇਂ ਕਈ ਥਾਈਂ ਛਪੀਆਂ । ਜੰਮੂ ਕਸ਼ਮੀਰ ਦੇ ਪੰਜਾਬ ਦੇ ਮਾਸਿਕ ਸ਼ੀਰਾਜ਼ੇ ਵਿਚ ਵੀ ਸ਼ੀਰਾਜ਼ਾ ਦਾ ਸੰਪਾਦਕ ਅਮਰੀਕ ਸਿੰਘ 'ਪੁਣਛੀ' ਸਾਹਿਤਕਾਰ ਤੇ ਖੋਜੀ ਹੈ । ਪੰਜਾਬੀ ਮਾਂ ਦਾ ਅਣਥੱਕ ਪੁੱਤਰ । ਸਾਹਿਤ ਵਿਚ ਸਿਆਣਾ । ਉਸ ਨੇ ਮਾਲਾ ਦਾ ਨੰਬਰ ਕੱਢਿਆ । ਉਥੋਂ ਦਿਆਂ ਸ਼ਾਇਰਾਂ ਨੇ ਉਸ ਦਾ ਸੋਗ ਦਿਨ ਕਦੇ ਨਹੀਂ ਮਨਾਇਆ । ਉਹ ਜੰਮੂ ਕਸ਼ਮੀਰ ਦੀ ਮਹਾਨ ਪੰਜਾਬੀ ਕਵਿਤਰੀ ਸੀ ਤੇ ਹੈ ਅਤੇ ਰਹੇਗੀ । ਉਸ ਦੀ ਹੋਣੀਆਂ ਭਰਪੂਰ ਜ਼ਿੰਦਗੀ ਅਤੇ ਤੜਫਦੀ, ਲੁੱਛਦੀ, ਹੱਸਦੀ, ਰੋਂਦੀ, ਮਿਲਦੀ, ਵਿਛੜਦੀ ਕਵਿਤਾ ਅਮਰ ਹੈ । ਮੇਰੀ ਗ਼ਜ਼ਲ ਦਾ ਇਕ ਸ਼ੇਅਰ ਹੈ :—

ਸੂਰਜ ਤੋਂ ਮੰਗੀ ਸੀ ਧਰਤੀ ਨੇ ਜਿਹੜੀ,
ਉਹ ਸੋਨੇ ਦੀ ਧਾਰੀ ਕਲਮ ਮਰ ਗਈ ਹੈ ।

ਖੁੱਲ੍ਹੀ ਕਵਿਤਾ ਕੁਝ ਇੰਝ ਕਰਕੇ ਸੀ :—

ਉਸ ਦੇ ਹੁਸਨ ਨੇ ਹਰ ਉਮਰ ਨੂੰ ਪਿਆਰ ਦਿੱਤਾ
ਉਸ ਨੇ ਫੁੱਲਾਂ ਕੰਡਿਆਂ ਨੂੰ ਵੀ ਮਹਿਕ ਵੰਡੀ
ਉਸ ਨੇ ਆਪਣੀ ਕਰਨੀ ਨੂੰ ਆਪਣੀ ਉਮਰ ਪਵਾ ਦਿੱਤੀ
ਨਿੰਦਿਆ ਨੂੰ ਸਵਾਗਤ ਨਾਲ ਸ਼ਰਮਿੰਦਿਆਂ ਕਰ ਦਿੱਤਾ
ਉਸ ਦੀ ਚਿਖਾ ਹੁਣ ਬਲੀ
ਲਾਵੇ ਤਾਂ ਚਰੋਕਣੇ ਅੰਦਰ ਭਖਦੇ ਸਨ
ਮੰਦਰਾਂ ਦੇ ਸ਼ਹਿਰ ਦਾ ਭਗਵਾਨ ਚੁੱਪ ਰਿਹਾ
ਪੱਥਰਾਂ ਦੇ ਟਿੱਲੇ ਤੇ ਜਗਦੀ ਮੋਮ-ਬੱਤੀ ਬੁਝ ਗਈ
ਪੱਥਰਾਂ ਨੂੰ ਕੀ !
ਨਹਿਰਾਂ ਤੇ ਚਸ਼ਮੇ ਨਾ ਰੁਕੇ
ਤਵੀ ਬੇ-ਖ਼ਬਰ ਰਹੀ
ਜੰਗਲ ਬਹਾਰਾਂ ਦੇ ਭੋਸ਼ਣ
ਲਹਾਉਂਦੇ ਪਾਉਂਦੇ ਰਹੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਮਰ ਗਈ ।

ਅੰਤਲੇ ਮਿਸਰੇ ਇੰਝ ਕਰਕੇ ਸਨ । ਕਵਿਤਾ ਮੁਕਾ ਕੇ ਮੈਂ ਖ਼ੂਬ ਰੋਇਆ ਸਾਂ ।

ਮੇਰੇ ਅੱਥਰੂ ਤਾਂ ਚਿਰ ਦੇ ਸੁੱਕ ਗਏ ਨੇ
ਤੇਰੇ ਸੋਗ ਨੂੰ ਕੀ ਦਿਆਂ
ਵਾਰੀ ਸਿਰ ਕੌਣ ਜਾਂਦਾ ਹੈ
ਹਰ ਇਕ ਨੂੰ ਆਪਣੇ ਜਾਣ ਦੀ ਕਾਹਲੀ ਹੁੰਦੀ ਹੈ ।

ਇਹ ਕਵਿਤਾ ਰਾਤ ਤਿੰਨ ਵਜੇ ਲਿਖੀ ਸੀ ।

ਮੇਰੀ ਜ਼ਿੰਦਗੀ ਵਿਚ ਤਿੰਨ ਸੁਨੱਖੇ ਗਭਰੇਟ ਇਸ ਤਰ੍ਹਾਂ ਦੇ ਆਏ ਹਨ ਜਿਨ੍ਹਾ ਨਾਲ ਪੜ੍ਹ ਅਨਪੜ੍ਹ ਹਰ ਉਮਰ ਦੀ ਔਰਤ ਜਾਤ ਇਸ ਤਰ੍ਹਾਂ ਚੰਬੜੀ ਰਹੀ ਹੈ ਜਿਸ ਤਰ੍ਹਾਂ ਪਿੱਛੜੇ ਪਿੰਡ ਦੀ ਦੁੱਧ ਦੇਣ ਵਾਲੀ ਗਊ ਦੇ ਥਣਾਂ ਨੂੰ ਚਿੱਚੜ । ਇਹ ਹਨ ਤੇਜਾ ਸਿੰਘ ਰਾਜ, ਅਮਰਜੀਤ ਗੁਰਦਾਸਪੁਰੀ, ਸ਼ਿਵ ਬਟਾਲਵੀ ।

ਹੋਰ ਕਈ ਕੁਝ ਹੈ । ਮੇਰੀ ਜਦੋਜਹਿਦ ਦੇ ਤਜਰਬੇ ਵਿਚ ਇਹ ਆਇਆ ਹੈ ਕਿ ਜਿਸ ਤਰ੍ਹਾਂ ਬਰੇਸਿਰੇ ਇਕਤਦਾਰ ਆਦਮੀ ਜਵਾਨ ਕੁੜੀਆਂ ਦਾ ਸ਼ਿਕਾਰ ਖੇਡਦਾ ਹੈ ਇਸ ਤਰ੍ਹਾਂ ਹੀ ਬਾਰਸਿਰੇ ਇਕਤਦਾਰ ਔਰਤ ਵੀ ਜਵਾਨ ਮੁੰਡਿਆਂ ਦਾ ਸ਼ਿਕਾਰ ਖੇਡਦੀ ਹੈ ।

ਇਸ ਬੁਰਜਵਾ ਯੁਗ ਵਿਚ ਔਰਤ ਖ਼ੁਦ ਬਾਖ਼ੁਦ ਬਜ਼ਾਰ ਵਿਚ ਖੁਲ੍ਹੇ ਦਿਮਾਗ਼ ਅਯਾਸ਼ੀ ਵਾਸਤੇ ਵਿਕਣ ਲਈ ਆ ਗਈ ਹੈ । ਉਸ ਨੂੰ ਚਕਲੇ ਜਾਂ ਕੋਠੇ ਦੀ ਲੋੜ ਨਹੀਂ ਰਹੀ ।

ਇਹ ਸਭ ਕੁਝ ਕਿਉਂ ਹੋਇਆ ਹੈ ? ਅੱਜ ਦੇ ਅਲੋਚਕ ਦੱਸ ਸਕਦੇ ਹਨ । ਜਿਹੜੇ ਇੱਟ ਚੁਕਿਆਂ ਲੱਭ ਪੈਂਦੇ ਨੇ ਅਤੇ ਕੱਚੀਆਂ ਕਲਮਾਂ ਨੂੰ ਝੂਠੀ ਤੇ ਗ਼ਲਤ ਤੁਣਖੀ ਦੇ ਕੇ ਐਨਿਕ ਮੇਲ ਕਰਦੇ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਤ ਨੂੰ ਹੁੱਝਾਂ

ਕਰਤਾਰ ਸਿੰਘ ਸ਼ਾਂਤ ਜੋ ਅੱਜ ਕੱਲ੍ਹ ਲੁਧਿਆਣੇ ਇਕ ਹਾਇਰ ਸੈਕੰਡਰੀ ਸਕੂਲ ਵਿਚ ਹੈਡ ਮਾਸਟਰ ਹੈ, ਉਹ ਮਿਰਜਾ ਕਾਦੀਆਂ ਹੁੰਦਾ ਸੀ। ਉਹਦੇ ਘਰ ਜਿਲ੍ਹਾ ਕਮੇਟੀ ਦੀ ਮੀਟਿੰਗ ਹੋਈ।

ਸ਼ਾਂਤ ਦੀ ਨਿੱਕੀ ਭੈਣ ਰਾਜ ਨੌਵੀਂ ਵਿਚੋਂ ਉੱਠੀ ਹੋਈ ਸੀ। ਉਸ ਦਾ ਪਿਉ ਇਕ ਮਾੜੀ ਜਿਹੀ ਲੱਕੜੀ ਦੀ ਦੁਕਾਨ ਕਰਦਾ ਸੀ। ਘਰ ਤੇ ਦੁਕਾਨ ਉਹਨਾਂ ਨੂੰ ਪਾਕਿਸਤਾਨੋਂ ਆਇਆਂ ਨੂੰ ਪਿਛਲੀ ਮਲਕੀਅਤ ਦੇ ਇਵਜੇ ਮਿਲੇ ਹੋਏ ਸਨ। ਉਸ ਦੀ ਵੱਡੀ ਭੈਣ ਜਲੰਧਰ ਜਿਲ੍ਹੇ ਵਿਚ ਵਿਆਹੀ ਹੋਈ ਸੀ। ਉਸ ਨੇ ਮਾਂ ਨੂੰ ਰਾਜੀ ਕਰਕੇ ਰਾਜ ਦਾ ਸਾਕ ਆਪਣੇ ਦਿਉਰ ਨੂੰ ਲੈ ਗਈ ਸੀ। ਉਸ ਦਾ ਦਿਉਰ ਅਨਪੜ੍ਹ ਉਜੱਡ ਤੇ ਮੂਰਖ ਸੇਪ ਕਰਦਾ ਤਰਖਾਣ ਸੀ, ਰਾਜ ਉਥੇ ਰਹਿੰਦੀ ਨਹੀਂ ਸੀ। ਅਸਾਂ ਵੀ ਉਹਨੂੰ ਵੇਖਿਆ ਤਾਂ ਇਹ ਰਿਸ਼ਤਾ ਗ਼ਲਤ ਲੱਗਾ। ਇਸ ਉਤੇ ਮੈਂ ਇਕ ਕਹਾਣੀ ਲਿਖੀ ਜੋ 'ਜੀਵਨ-ਪ੍ਰੀਤੀ' ਪਰਚੇ ਵਿਚ ਛਾਇਆ ਹੋਈ।

ਇਕ ਵਾਰੀ ਅਸੀਂ ਚੁਗਾਵੇਂ ਜਿਲ੍ਹਾ ਅੰਮ੍ਰਿਤਸਰ ਵਿਚ ਇਕ ਪਾਰਟੀ ਦੇ ਵੱਡੇ ਇਕੱਠ ਵਿਚ ਗਏ। ਬਾਹਰੋਂ ਇਕ ਮੁਟਿਆਰ ਵੀਹ ਪੰਜੀ ਔਰਤਾਂ ਦਾ ਜੱਥਾ ਲੈ ਕੇ ਆਈ। ਨਾਹਰੇ ਮਾਰਦੀ ਹੋਈ ਮੁੱਕੀ ਵੱਟ ਕੇ ਮੈਨੂੰ ਉਸ ਵਿਚ ਰੂਪਾ ਦਾ ਕੁਝ ਕੁਝ ਝੌਲਾ ਪਿਆ। ਮੈਂ ਉਸ ਉਤੇ ਇਕ ਗ਼ਜ਼ਲ ਨੁਮਾ ਕਵਿਤਾ ਲਿਖੀ "ਹੀਰ ਚਗਾਵੇਂ ਦੀ"।

ਕਾਦੀਆਂ ਦੀ ਮੀਟਿੰਗ ਵਿਚ ਸਵਾਲ ਪੈਦਾ ਹੋ ਗਿਆ ਕਿ ਰਾਹੀ ਨੇ ਇਹ ਕਹਾਣੀ ਤੇ ਕਵਿਤਾ ਕਿਉਂ ਲਿਖੀ ? ਬਿਸ਼ਨ ਸਿੰਘ ਮਹਿਰਾ ਅਤੇ ਮੈਂ ਤਰਖਾਣ, ਬਾਕੀ ਸਭ ਕਾਮਰੇਡ ਜੱਟ ਸਨ।

ਕਾਮਰੇਡ ਟਪਿਆਲੇ ਨੇ ਆਖਿਆ — ਇਹ ਕਹਾਣੀ ਮਜਦੂਰ ਜਮਾਤ ਦੇ ਖ਼ਿਲਾਫ਼ ਹੈ। ਕਵਿਤਾ ਇਕ ਕਾਮਰੇਡ ਕੁੜੀ ਉਤੇ ਲਿਖਣੀ ਗ਼ਲਤ ਹੈ। ਇਹੋ ਜਿਹੀਆਂ ਲਿਖਤਾਂ ਕਮਿਊਨਿਸਟ ਨਹੀਂ ਲਿਖਦੇ। ਕਾਮਰੇਡ ਰਾਹੀ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਲ੍ਹਾ ਕਮੇਟੀ ਪੁੱਛਦੀ ਹੈ ਇਹੋ ਜਿਹੀਆਂ ਲਿਖਤਾਂ ਉਸ ਨੇ ਕਿਉਂ ਲਿਖੀਆਂ ਹਨ ?

ਮੈਂ ਚੁੱਪ ਕਰਕੇ ਸੁਣਦਾ ਰਿਹਾ ਤੇ ਹੈਰਾਨ ਹੋ ਕੇ ਜਵਾਬ ਦਿੱਤਾ — ਕਾਮਰੇਡ ਜੇ ਮੈਂ ਤੁਹਾਨੂੰ ਇਹ ਪੁੱਛਾਂ ਕਿ ਤੁਸੀਂ ਜ਼ਮੀਨ ਦੀ ਵਰਤੋਂ ਗ਼ਲਤ ਕਰਦੇ ਤੇ ਇੰਞ ਬੀਜਣੀ, ਗੋਡੀ ਦੇਣੀ, ਰਾਖੀ ਕਰਨੀ, ਪਾਣੀ ਦੇਣਾ, ਵਾਢੀ ਕਰਨਾ ਗ਼ਲਤ ਹੈ ਕਾਮਰੇਡ ਇੰਜ ਨਹੀਂ ਕਰਦੇ। ਆਥੜੀ ਨਹੀਂ ਰੱਖਦੇ ਤੁਸੀਂ ਮੈਨੂੰ ਕੀ ਉੱਤਰ ਦਿਉਗੇ।

ਝੱਟਪੱਟ ਡੇਢ ਗਵਾਰ ਬੋਲਿਆ — ਤੂੰ ਤਰਖਾਣ ਹੈਂ ਤੈਨੂੰ ਵਾਹੀ ਦਾ ਕੀ ਪਤਾ ਹੈ। ਮੈਂ ਹੱਸ ਕੇ ਉੱਤਰ ਦਿੱਤਾ — ਤੁਸੀਂ ਸਾਰੇ ਜੱਟ ਹੋ, ਤੁਹਾਨੂੰ ਸਾਹਿਤ ਦਾ ਕੀ ਪਤਾ ਹੈ ? ਮੈਂ ਤੁਹਾਨੂੰ ਕੋਈ ਗੱਲ ਨਹੀਂ ਦੱਸ ਸਕਦਾ। ਨਾ ਬਹਿਸ ਕਰਨੀ ਚਾਹੁੰਦਾ ਹਾਂ। ਸੂਬਾ ਪਾਰਟੀ ਨੇ ਜਿਹੜੀ ਫਰੈਕਸ਼ਨ ਲਿਖਾਰੀਆਂ ਵਿਚ ਕੰਮ ਕਰਨ ਲਈ ਬਣਾਈ ਹੋਈ ਹੈ ਉਸ ਅੱਗੇ ਮੇਰੀ ਕਹਾਣੀ ਤੇ ਕਵਿਤਾ ਰੱਖੋ, ਜੋ ਫ਼ੈਸਲਾ ਕਰੇਗੀ ਮੰਨ ਲਵਾਂਗਾ। ਕਾਮਰੇਡ ਸਾਹਿਬਾਨ ਸਾਹਿਤ ਦੇ ਪੈਰੀਂ ਕਿਸੇ ਵੀ ਜਾਬਤੇ ਦੀਆਂ ਜੰਜੀਰਾਂ ਨਹੀਂ ਹੁੰਦੀਆਂ। ਗੋਰਕੀ ਪਾਰਟੀ ਮੈਂਬਰ ਨਹੀਂ ਸੀ। ਟਾਲਸਟਾਏ ਨੇ ਇਕ ਪੁਸਤਕ ਲਿਖੀ ਸੀ "ਸੋਸ਼ਲਿਜ਼ਮ ਦਾ ਦੀਵਾਨਾ" ਪਰ ਕਾਮਰੇਡ ਲੈਨਿਨ ਨੇ ਕਿਹਾ ਹੈ "ਜਿਸ ਨੇ ਟਾਲਸਟਾਏ ਨੂੰ ਨਹੀਂ ਪੜ੍ਹਿਆ ਉਹ ਰੂਸ ਨੂੰ ਚੰਗੀ ਤਰ੍ਹਾਂ ਜਾਣ ਨਹੀਂ ਸਕਦਾ।"

ਸ਼ਾਮ ਨੂੰ ਕਾਦੀਆਂ ਤੋਂ ਬਟਾਲੇ ਉਸਤਾਦ ਬਰਕਤ ਰਾਮ ਯੁਮਨ ਕੋਲ ਆ ਗਿਆ। ਉਹ ਬੜਾ ਖੁਲ੍ਹ-ਦਿਲਾ ਤੇ ਪੰਜਾਬੀ ਬੋਲੀ ਦਾ ਠੇਠ ਉਸਤਾਦ ਸੀ। ਉਸ ਦੀ ਜ਼ਬਾਨ ਦੀ ਕੋਈ ਰੀਸ ਨਹੀਂ। ਤੁਕਾਂਤ ਕਮਾਲ ਸੀ। ਅਰੂਜ਼ ਤੇ ਪਿੰਗਲ ਨੂੰ ਖ਼ੂਬ ਸਮਝਦਾ ਸੀ। ਉਸ ਕੋਲ ਇਕ ਹੋਰ ਸ਼ਾਇਰ ਆਇਆ ਹੋਇਆ ਸੀ। ਉਸਤਾਦ ਯੁਮਨ ਦਾ ਨਾਂ ਪੈ ਗਿਆ ਸੀ। ਉਸ ਨੇ ਆਪ ਮੀਟ ਰੀਝ ਨਾਲ ਬਣਾਇਆ। ਬੋਤਲ ਆਂਦੀ ਤੇ ਚੁਬਾਰੇ ਵਿਚ ਪੀਣ ਲੱਗ ਪਏ। ਉਹਨਾਂ ਦੀ ਪਤਨੀ ਸਾਡੀ ਮਾਤਾ ਜੀ ਬੜੇ ਖ਼ੁਸ਼ ਸੁਭਾ ਤੇ ਚੰਗੇ। ਆਇਆਂ ਨੂੰ ਵੇਖ ਕੇ ਰਾਜ਼ੀ ਹੋਣ ਵਾਲੀ। ਗੱਲਾਂ ਗੱਪਾਂ ਲਤੀਫ਼ੇ ਹੁੰਦੇ ਰਹੇ। ਅਰੂਜ਼ ਉਤੇ ਗੱਲ ਚੱਲੀ, ਉਸਤਾਦ ਨੇ ਦੱਸਿਆ — ਮੈਂ ਸਿਆਲਕੋਟ ਉਰਦੂ ਵਿਚ ਸ਼ਾਇਰੀ ਕਰਦਾ ਹੁੰਦਾ ਸਾਂ, ਇਕ ਦਿਨ ਜੰਮੂ ਦੇ ਪਾਸੇ ਨਵੇਂ ਸ਼ਹਿਰ ਮੁਸ਼ਾਇਰਾ ਹੋਇਆ। ਜਦ ਦਿਨੇ ਮੈਂ ਆ ਰਿਹਾ ਸਾਂ ਤਾਂ ਉਥੇ ਇਕ ਡਾਕਟਰ

CC-0. In Public Domain. Gurukul Kangri Collection, Haridwar

ਸੀ ਉਸ ਨੇ ਮੈਨੂੰ ਆਵਾਜ਼ ਮਾਰੀ ਮੈਂ ਗਿਆ ਉਸ ਨੇ ਕੋਲ ਬਿਠਾ ਲਿਆ
Digitized by Arya Samaj Foundation Chennai and eGangotri
ਸ਼ਰਬਤ ਪਿਆ ਕੇ ਕਹਿਣ ਲਗਾ — ਯੁਮਨ ਸਾਹਿਬ ਰਾਤ ਦੇ ਮੁਸ਼ਾਇਰੇ ਵਿਚ ਤੁਹਾਡੀ ਨਜ਼ਮ ਪਸੰਦ ਆਈ ਪਰ ਫਲਾਣੇ ਲਫ਼ਜ਼ ਦੀ ਜ਼ਬਰ ਦਬਦੀ ਸੀ। ਮੈਂ ਬੜਾ ਹੈਰਾਨ ਹੋਇਆ। ਪੰਜ ਸਾਲ ਹੋਏ ਨੇ ਸ਼ਾਇਰੀ ਕਰਦੇ ਨੂੰ ਅੱਜ ਤਕ ਜ਼ਬਰ ਦਬਦੀ ਦਾ ਮੈਨੂੰ ਪਤਾ ਨਹੀਂ ਲੱਗਾ। ਮੈਂ ਉਰਦੂ ਸ਼ਾਇਰੀ ਛੱਡ ਕੇ ਪੰਜਾਬੀ ਵਿਚ ਕਰਨੀ ਸ਼ੁਰੂ ਕੀਤੀ।

ਅਸੀਂ ਸਾਰੇ ਹੱਸ ਪਏ — ਮੈਂ ਪੁੱਛਿਆ ਉਸਤਾਦ ਵਜ਼ਨ ਹੈ ਕੀ ਬਲਾ ? (ਮੈਂ ਉਂਜ ਪਿੰਗਲ ਗੁਜ਼ਾਰੇ ਜੋਗਾ ਜਾਣਦਾ ਸਾਂ, ਉਸ ਨੂੰ ਹੀ ਹੁਣ ਤਕ ਵਰਤਦਾ ਹਾਂ) ਯੁਮਨ ਨੇ ਦੱਸਿਆ — ਗੱਲ ਇਹ ਹੈ ਕਿ ਕੋਈ ਨਾਮ ਚਾਹੀਦਾ ਹੈ ਜਿਹੋ ਜਿਹਾ ਵੀ ਹੋਵੇ ਸ਼ਰਫ਼ ਕੱਤੀ ਬੱਤੀ, ਤੇਤੀ ਨਾਲ ਵਜ਼ਨ ਵੇਖ ਲੈਂਦਾ ਸੀ ਜਾਂ ਕੱਤੀ ਬੱਤੀ, ਤੇਤੀ, ਚੌਂਤੀ ਨਾਲ। ਡਾਡਾਂ ਡਾਡਾਂ ਡਾਡਾਂ ਨਾਲ ਵੀ ਪੂਰਾ ਹੋ ਜਾਂਦਾ ਹੈ।

— ਉਸਤਾਦ ਗੱਲ ਫਿਰ ਇਹ ਹੋਈ ਮੁੱਢਲੀ ਕਿ ਪਹਿਲਾਂ ਜ਼ਬਾਨ ਵਿਚ ਵਜ਼ਨ ਚਾਹੀਦਾ ਹੈ। ਜੇ ਜ਼ਬਾਨ ਵਿਚ ਵਜ਼ਨ ਤੇ ਵਹਾ ਨਾ ਹੋਵੇ ਉਥੇ ਮਾਤਰਾ ਤੇ ਫਾਇਤੁਨ ਫਲਾਇਤੁਨ ਕੀ ਕਰੇਗਾ। ਪਹਿਲੋਂ ਰਿਦਮ ਬਣਿਆ ਸੀ ਮਗਰੋਂ ਛੰਦ ਬਣੇ ਹਨ।

— ਬੱਸ ਬੱਸ ਰਾਹੀ ਅਸਲੀ ਗੱਲ ਤੇ ਪਹਿਲਾਂ ਜ਼ਬਾਨ ਵਿਚ ਵਜ਼ਨ ਹੋਣਾ ਚਾਹੀਦਾ ਹੈ। ਮੇਲਾ ਰਾਮ ਵਫ਼ਾ ਚੰਗਾ ਸ਼ਾਇਰ ਹੈ ਉਹ ਅਰੂਜ਼ ਨਹੀਂ ਜਾਣਦਾ। ਤੁਹਾਡਾ ਸਾਹਿਰ ਲੁਧਿਆਣਵੀ ਅਰੂਜ਼ ਨਹੀਂ ਜਾਣਦਾ। ਕਈ ਉਰਦੂ ਦੇ ਮਸ਼ਹੂਰ ਸ਼ਾਇਰ ਅਰੂਜ਼ ਨਹੀਂ ਜਾਣਦੇ। ਕਈ ਪੰਜਾਬੀ ਦੇ ਸ਼ਾਇਰ ਪਿੰਗਲ ਨਹੀਂ ਜਾਣਦੇ। ਜੀਉਂਦਾ ਖ਼ਿਆਲ ਤੇ ਪਰਵਾਜ਼ ਹੈ ਅਰੂਜ਼ ਤੇ ਪਿੰਗਲ ਨਹੀਂ। ਇਹ ਤੇ ਬਣਤਰ ਹੈ।......ਮੇਰੇ ਅੰਦਰ ਇਹ ਖ਼ਿਆਲ ਆਇਆ ਕਿ ਜੇ ਛੇ ਫੁੱਟ ਦਾ ਫੁੱਟ ਬਣਾ ਲਿਆ ਜਾਏ ਅਤੇ ਅੱਠਾਂ ਸੂਤਰਾਂ ਦੇ ਛੇ ਸੂਤਰ ਬਣਾ ਲਏ ਜਾਣ। ਉਸ ਨਾਪ ਨਾਲ ਸਾਰੀ ਬਿਲਡਿੰਗ ਉਸਾਰੀ ਜਾ ਸਕਦੀ ਹੈ। ਚਲੰਤ ਫੁੱਟਾ ਭਾਵੇਂ ਨਾ ਹੋਵੇ। ਅਮਰ ਖ਼ਿਆਲ ਹੈ, ਪ੍ਰਵਾਜ਼ ਹੈ, ਕਲਪਨਾ ਹੈ ਜਾਂ ਕੇ ਨਾਪ ਤੋਲ। ਪਿੰਗਲ ਗ਼ਲਤ ਵਜ਼ਨ ਨੂੰ ਵੀ ਨਿਭਾ ਕੇ ਸੰਗੀਤ ਪੈਦਾ ਕਰ ਸਕਦਾ ਹੈ। ਕੋਰੜਾਂ ਤੇ ਕਥਿਤ ਹਰਫ਼ ਗਿਣਿਆਂ ਵਜ਼ਨ ਪੂਰਾ ਹੋ ਸਕਦਾ ਹੈ। ਜ਼ਬਾਨ ਵਿਚ ਵਜ਼ਨ ਨਹੀਂ ਤਾਂ ਹਰਫ਼ ਗਿਣਿਆਂ ਕੀ ਬਣੇਗਾ। ਪਿੰਗਲ ਦੇ ਤਿੰਨ ਨਾਪ ਹਨ, ਹਰਫ਼ਾਂ ਵਾਲਾ ਛੰਦ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਾਤਰਕ ਛੰਦ, ਗਣਕ ਛੰਦ, [illegible] ਜੋੜਿਆ ਜਾ ਸਕਦਾ ਹੈ। ਫਿਰ ਅਰੂਜ਼ ਦਾ ਰੌਲਾ ਤੇ ਉਸਤਾਦੀ ਦੀ ਨੁਮਾਇਸ਼ ਕਿਉਂ ਹੈ। ਸੁਧਾਈ ਜ਼ਰੂਰੀ ਹੈ ਅਤੇ ਜ਼ਬਾਨ ਵਿਚ ਵਜ਼ਨ ਲਿਆਉਣਾ ਵੀ ਜ਼ਰੂਰੀ। ਲੋਕਾਂ ਨਾਲ ਮੇਲ ਜੋਲ ਅਤੇ ਸ਼ਾਇਰੀ ਦੀਆਂ ਮਹਾਨ ਪੁਸਤਕਾਂ ਦਾ ਮੁਤਾਲਿਆ। (ਮਗਰੋਂ ਸਾਧੂ ਸਿੰਘ ਹਮਦਰਦ ਨੇ ਇਹ ਸਾਰੀਆਂ ਗੁੰਝਲਾਂ ਖੋਲ੍ਹ ਕੇ ਦਰੁਸਤ ਰਾਹ ਦੱਸਿਆ ਸੀ। ਉਹ ਫ਼ਖ਼ਰ ਨਾਲ ਕਹਿੰਦੇ ਸੀ ਕਿ ਉਰਦੂ ਨੂੰ ਕੋਰੜਾ ਛੰਦ ਦਿੱਤਾ ਹੈ) ਜ਼ਬਾਨ ਦੀ ਉਤਪੱਤੀ ਪਹਿਲੋਂ ਹੋਈ। ਗਰੈਮਰ ਮਗਰੋਂ ਬਣਾਈ ਗਈ।

ਅੰਮ੍ਰਿਤਸਰ ਮੇਰਾ ਸਾਹਿਤਕ ਕੇਂਦਰ ਬਣ ਗਿਆ ਸੀ। ਲੋਕ ਲਿਖਾਰੀ ਸਭਾ ਨਾਲ ਪੂਰਾ ਹੱਥ ਵਟਾਉਂਦਾ। ਲੋਕ ਕਵਿਤਾ ਲਈ ਕੰਮ ਕਰਦਾ ਸੈਂਟਰ ਵੇਖਦਾ, ਕਾਂਟ ਛਾਂਟ ਵੀ ਕਰਦਾ। ਤਾਰਾ ਸਿੰਘ ਕੋਮਲ ਨੇ ਜਿੰਨੀ ਸਾਹਿਤਕ ਖ਼ਿਦਮਤ ਪੱਲਾ ਖ਼ਰਚ ਕੇ ਕੀਤੀ ਹੈ ਅਤੇ ਬੇ-ਗਰਜ਼ ਹੋ ਕੇ। ਦੂਜਾ ਕੋਈ ਵਿਰਲਾ ਨਾਂ ਉਹਦੇ ਬਰਾਬਰ ਹੋਵੇਗਾ। ਇਹਨਾਂ ਦਿਨਾਂ ਵਿਚ ਮੈਂ ਗਿਆਨੀ ਦੀਆਂ ਸਾਰੀਆਂ ਪੁਸਤਕਾਂ ਲਾਹੌਰ ਤੋਂ ਬਾਅਦ ਮੁੜ ਪੜ੍ਹੀਆਂ ਪਰ ਇਮਤਿਹਾਨ ਨਾ ਦੇ ਸਕਿਆ। ਕੋਮਲ ਤੇ ਸਾਡੇ ਜੁੱਟ ਨੇ ਇਹ ਪ੍ਰੋਗਰਾਮ ਬਣਾਇਆ ਕਿ ਲੋਕ-ਕਵਿਤਾ ਦਾ ਸਵੈ-ਚਿੱਤਰ ਨੰਬਰ ਕੱਢਿਆ ਜਾਏ। ਸਾਰੇ ਮਿਲ ਕੇ ਤਿਆਰੀ ਕਰਨ ਲੱਗੇ। ਮੈਂ ਅੰਮ੍ਰਿਤਸਰ ਇਕ ਹਫ਼ਤਾ ਰਿਹਾ। ਇਕ ਦੋ ਥਾਈਂ ਕੋਮਲ ਦੇ ਗੂੜ੍ਹੇ ਵਾਕਫ਼ ਸਨ, ਉਹਨਾਂ ਕੋਲ ਗਿਆ। ਦਸ ਪੰਦਰਾਂ ਗਾਹਕ ਬਣਾਏ। ਹੋਰਨਾਂ ਥਾਵਾਂ ਤੋਂ ਇਸ਼ਤਿਹਾਰ ਲਏ। ਵਾਕਫ਼ਾ ਰਾਮਗੜ੍ਹੀਏ ਕਾਰਖ਼ਾਨੇਦਾਰਾਂ ਕੋਲੋਂ ਵੀ ਇਸ਼ਤਿਹਾਰ ਲਏ। ਕੁਲਬੀਰ ਸਿੰਘ ਕਾਂਗ ਉਦੋਂ ਦਿੱਲੀ ਸੀ। ਪਤਨੀ ਨੂੰ ਐਮ. ਏ. ਕਰਵਾ ਰਿਹਾ ਸੀ ਅਤੇ ਆਪ ਭਾਪਾ ਪ੍ਰੀਤਮ ਸਿੰਘ ਕੋਲ ਕੰਮ ਕਰਦਾ ਸੀ। ਆਪ ਮਿਹਨਤ ਦਿਨ ਰਾਤ ਕਰ ਰਿਹਾ ਸੀ ਉਸ ਨੇ ਆਪਣੀ ਤਰੱਕੀ ਆਪਣੇ ਪੈਰਾਂ ਤੇ ਕੀਤੀ ਹੈ। ਪਿਤਾ ਉਸ ਨੂੰ ਇਥੋਂ ਤਕ ਪਹੁੰਚਾਉਣ ਦੇ ਯੋਗ ਨਹੀਂ ਸੀ। ਉਹ ਸੰਤ ਸਭਾ ਦੇ ਸਾਹਿਤਕਾਰ ਹਨ। ਕਰੀ ਜਾਉ ਕਰੀ ਜਾਉ, ਫਲ ਅਕਾਲ ਪੁਰਖ ਦਏਗਾ।

ਉਹਨਾਂ ਦਿਨਾਂ ਵਿਚ ਆਲੋਚਨਾਤਮਕ ਮੀਟਿੰਗਾਂ ਅਤੇ ਜਿੱਥੇ ਪਰਚੇ ਪੜ੍ਹੇ ਜਾਂਦੇ, ਉਥੇ ਜ਼ਰੂਰ ਪਹੁੰਚਦਾ ਸਾਂ। ਚੰਗੇ ਚੰਗੇ ਨੋਟ ਲਈ ਜਾਂਦਾ ਆਪ ਬਹਿਸਾਂ ਵਿਚ ਹਿੱਸਾ ਨਾ ਲੈਂਦਾ। ਸਵੈ-ਚਿੱਤਰ ਨੰਬਰ ਬੜੀ ਸ਼ਾਨ ਨਾਲ ਤੇ ਸੋਹਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛਾਇਆ [illegible] ਬਰਾਦਰੀ ਨਾਲ ਤੱਲਕ ਸੀ। ਪਿਤਾ ਉਸ ਦਾ ਤਰਖਾਣ ਦਾ ਕੰਮ ਕਰਦਾ ਸੀ। ਮਾਂ ਉਸ ਦੀ ਸਾਡੀ ਸਾਰਿਆਂ ਦੀ ਮਾਂ। ਸ਼ਾਦੀ ਦੂਸਰੀ। ਉਹ ਵਿਚਾਰੀ ਸਦਾ ਤਲਖ ਰਹਿੰਦੀ। ਮਾਪੇ ਉਸ ਦੇ ਚੰਗੇ ਸਨ।

ਸਵੈ-ਚਿੱਤਰ ਨੰਬਰ ਵਿਚ ਸਤ੍ਹਾਈਆਂ ਸਾਹਿਤਕਾਰਾਂ ਤੇ ਸ਼ਾਇਰਾਂ ਨੇ ਆਪਣੇ ਉਤੇ ਆਪ ਲਿਖਿਆ ਸੀ। ਅੰਮ੍ਰਿਤਾ ਪ੍ਰੀਤਮ, ਡਾ. ਹਰਭਜਨ ਸਿੰਘ, ਦੁੱਗਲ ਤੋਂ ਤੁਰ ਕੇ ਯੁਮਨ, ਉਪਾਸਕ, ਮਹਿਰਮ, ਕੋਮਲ, ਮੈਂ, ਹਸਰਤ ਹੋਰ ਕਈ ਸਾਰੇ। ਦੋ ਔਰਤ ਕਲਮਕਾਰ ਵੀ ਸਨ। ਪੰਜਾਬੀ ਸਾਹਿਤ ਵਿਚ ਇਹ ਪਹਿਲਾ ਸਵੈ-ਚਿੱਤਰ ਨੰਬਰ ਸੀ। ਭਾਸ਼ਾ ਵਿਭਾਗ ਆਪਣੇ ਸਾਹਿਤ ਕਿਤਾਬਚੇ ਵਿਚ ਇਸ ਦਾ ਨਾਂ ਦਿੰਦਾ ਰਿਹਾ। ਮੈਂ ਜਿਹੜਾ ਆਪਣੇ ਤੇ ਸਵੈ-ਚਿੱਤਰ ਲਿਖਿਆ ਸੀ ਉਸ ਵਿਚੋਂ ਇਸ ਜੀਵਨੀ ਵਿਚ ਸ਼ੁਰੂ ਵੇਲੇ ਜੋ ਲਿਖਿਆ ਹੈ ਉਹ ਹਿੱਸਾ ਕੱਟ ਦਿੱਤਾ ਹੈ। ਬਾਕੀ ਲਿਖ ਰਿਹਾ ਹਾਂ, 1964 ਦੇ ਆਖ਼ਰੀ ਮਹੀਨਿਆਂ ਵਿਚ ਇਹ ਲੋਕ-ਕਵਿਤਾ ਦਾ ਨੰਬਰ ਸ਼ਾਇਆ ਹੋਇਆ ਸੀ ਉਸ ਧਮੇਂ ਤਕ ਮੈਂ ਕਿਥੇ ਖਲੋਤਾ ਸਾਂ ਇਸ ਵਿਚ ਪੜ੍ਹ ਸਕਦੇ ਹੋ।

— ਡੇਰਾ ਬਾਬਾ ਨਾਨਕ ਦੇ ਹਾਇਰ ਸਕੈਂਡਰੀ ਸਕੂਲ ਦੀ ਗਰਾਉਂਡ ਤੋਂ ਕੁਝ ਕਦਮਾਂ ਤੇ ਪਾਕਿਸਤਾਨ ਦੀ ਹੱਦ ਹੈ। ਕਸਬਾ ਉੱਜੜ ਗਿਆ ਹੈ। ਕਦੇ ਇਹ ਫੁੱਲਾਂ, ਸਬਜ਼ੀਆਂ, ਅੰਬਾਂ, ਇਸ਼ਕਾਂ ਦਾ ਅਤੇ ਗੁਰੂਆਂ ਦਾ ਹਸੀਨ ਸ਼ਹਿਰ ਹੁੰਦਾ ਸੀ। ਹੁਣ ਇੱਥੇ ਜਦੋਂ ਜ਼ਿੰਦਗੀ ਦੇ ਘੋਲ ਤੋਂ ਮੈਂ ਥੱਕ ਜਾਂਦਾ ਹਾਂ ਤਾਂ ਗੱਡੀ ਚੜ੍ਹ ਕੇ ਅੰਮ੍ਰਿਤਸਰ ਸਟੇਸ਼ਨ ਤੇ ਉਤਰਦਾ ਹਾਂ। ਸੋਚਦਾ ਹਾਂ ਰਾਤ ਕਿੱਥੇ ਕੱਟਾਂ? ਅਮਰ ਦੀ ਨੱਥ ਤੇ ਉਸ ਦੀ ਵਹੁਟੀ ਦੇ ਹੱਥ ਹੈ। ਹਰਫੂਲ ਦਾ ਪਤਾ ਨਹੀਂ। ਸੇਵਕ ਕੰਜੂਸ ਹੈ। ਚੱਲ ਰਾਹੀ ਕੋਮਲ ਵੱਲ।

ਉਹ ਦਿੱਸ ਪੈਂਦਾ ਹੈ। ਦੋਹੇਂ ਘੁੱਟ ਕੇ ਪਿਆਰ ਇਲਾਮੇ ਨਾਲ ਮਿਲਦੇ ਹਾਂ। ਝੱਟ ਕਰਕੇ ਉਹ ਕਹਿੰਦਾ ਹੈ — ਲੋਕ ਕਵਿਤਾ ਲਈ ਕੁਝ ਕਰਦੇ ਨਹੀਂ, ਤੁਸੀਂ। — ਛੱਡ ਓਏ ਅੱਜ ਪਿਆ। ਤੇ ਅਸੀਂ ਦੋਵੇਂ ਪੀ ਕੇ ਸਿਨਮੇ ਦਾ ਪਿਛਲਾ ਸ਼ੋਅ ਦੇਖ ਕੇ ਸਾਰੀ ਰਾਤ ਸ਼ਹਿਰ ਵਿਚ ਹੱਸਦੇ ਫਿਰਦੇ ਹਾਂ। ਅੱਜ ਦੇ ਨਵੇਂ ਪੁਰਾਣੇ ਕਵੀਆਂ ਤੇ ਕਵਿਤਰੀਆਂ ਤੇ ਲਿਖਾਰੀਆਂ ਯਾਰੀਆਂ ਦੀਆਂ ਗੱਲਾਂ ਕਰਦੇ ਹਾਂ। ਅਤੇ ਕਰਾਰੀਆਂ ਕਰਾਰੀਆਂ ਗਾਲ੍ਹਾਂ ਕੱਢਦੇ ਹਾਂ ਫਿਰ ਹੱਸਦੇ ਹਾਂ। ਦਿਨ ਚੜ੍ਹਨ ਵਾਲਾ ਹੋ ਜਾਂਦਾ ਹੈ। ਉਹ ਘਰੋਂ ਰੋਟੀ ਖਾ ਕੇ ਕੰਮ ਉਤੇ ਚਲਾ ਜਾਂਦਾ ਹੈ ਅਤੇ ਮੈਂ ਗੱਡੀ ਚੜ੍ਹ ਕੇ ਡੇਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਾਬਾ ਨਾਨਕ ਆ ਜਾਂਦਾ ਹਾਂ। ਫਿਰ ਪਾਰਟੀ ਦੀ ਜ਼ਿੰਦਗੀ ਚਾਲੂ ਹੋ ਜਾਂਦੀ ਹੈ।

ਤਾਰਾ ਸਿੰਘ ਕੋਮਲ ਨੇ ਮੈਨੂੰ ਕਿੰਨੀ ਵਾਰੀ ਆਖਿਆ ਅਤੇ ਦੋ ਤਿੰਨ ਪੱਤਰ ਵੀ ਘੱਲੇ ਕਿ ਮੈਂ ਉਸ ਦੇ ਪਰਚੇ ਲੋਕ-ਕਵਿਤਾ ਲਈ ਸਵੈ-ਚਿੱਤਰ ਲਿਖਾਂ। ਹਰ ਸਮੇਂ "ਲਿਖ ਦਿਆਂਗਾ" ਕਹਿ ਕੇ ਟਾਲ ਛੱਡਦਾ ਰਿਹਾ। ਹਮੇਸ਼ਾ ਸੋਚਿਆ ਕਿ ਮੈਂ ਸਵੈ-ਚਿੱਤਰ ਲਿਖਣ ਵਾਲੀ ਸ਼ਖ਼ਸੀਅਤ ਅਜੇ ਨਹੀਂ ਬਣਿਆ। ਇਹ ਨਿਰਣਾ ਕੀਤਾ ਹੈ ਕਿ ਜੇਕਰ ਅੱਜ ਦੇ ਸਮੇਂ ਵਾਂਗ ਕਲਮੀ ਤਰੱਕੀ ਕਰਦਾ ਰਿਹਾ ਤਾਂ ਆਸ ਹੈ ਪੰਜਾਂ ਸਾਲਾਂ ਬਾਅਦ ਸਵੈ-ਚਿੱਤਰ ਲਿਖਣ ਦੇ ਕਾਬਲ ਹੋ ਜਾਵਾਂਗਾ।

ਦੋਸਤੀਆਂ ਦੋ ਕਿਸਮ ਦੀਆਂ ਹੁੰਦੀਆਂ ਹਨ। ਦੋ ਸਟੇਜ ਹੁੰਦੇ ਹਨ ਦੋਸਤੀਆਂ ਦੇ। ਇਕ ਦੋਸਤੀ ਤਾਂ ਟੁੱਟਣ ਜੋਗੀ ਹੁੰਦੀ ਹੈ ਅਤੇ ਇਕ ਟੁੱਟਣ ਦਾ ਵਕਤ ਲੰਘਾ ਚੁਕੀ ਹੁੰਦੀ ਹੈ। ਉਸ ਵਿਚ ਭਾਵੇਂ ਕਿੰਨੇ ਵਿਗਾੜ ਪੈ ਜਾਣ ਟੁੱਟਦੀ ਨਹੀਂ। ਕੁਝ ਚਿਰ ਲਈ ਭਾਵੇਂ ਚੁੱਪ ਧਾਰਨ ਕਰ ਲਏ। ਇਸ ਤਰ੍ਹਾਂ ਦੀ ਹੀ ਮੇਰੀ ਕੋਮਲ ਨਾਲ ਹੈ ਅਤੇ ਕੁਝ ਹੋਰ ਗਿਣਵੇਂ ਮਿੱਤਰਾਂ ਨਾਲ। ਹੋਰ ਇਸ ਤਰ੍ਹਾਂ ਦੇ ਵੀ ਸੱਜਣ ਹਨ ਜਿਨ੍ਹਾਂ ਲਈ ਮੈਂ ਜਾਨ ਦੇ ਸਕਦਾ ਹਾਂ। ਉਹਨਾਂ ਵਿਚੋਂ ਇਕ ਹੈ, ਸੰਤ ਸਿੰਘ ਅਮਰ ਅਤੇ ਇਕ ਹਨ, ਮੇਰੇ ਗੁਰਦੇਵ ਰਾਜਿੰਦਰ ਸਿੰਘ ਬੇਦੀ।

ਸਵੈ-ਚਿੱਤਰ ਜੇ ਸੱਚ ਨਾ ਲਿਖਿਆ ਜਾਵੇ ਤਾਂ ਉਹ ਧੋਖਾ ਹੈ, ਬੇਈਮਾਨੀ ਹੈ। ਸਵੈ-ਚਿੱਤਰ ਪੜ੍ਹਨ ਦੇ ਬਾਅਦ ਪੜ੍ਹਨ ਵਾਲਾ ਜਦ ਉਸ ਵਿਅਕਤੀ ਨੂੰ ਮਿਲੇ ਤਾਂ ਪੜ੍ਹੇ ਹੋਏ ਵਿਅਕਤੀ ਨਾਲ ਵੇਖਿਆ ਮਿਲਿਆ ਵਿਅਕਤੀ ਪੂਰਾ ਉਤਰਨਾ ਚਾਹੀਦਾ ਹੈ। ਅਜੇ ਮੈਂ ਜੀਨ ਜੈਕ ਰੂਸੋ ਤੋਂ ਬਿਨਾਂ ਕੋਈ ਨਹੀਂ ਪੜ੍ਹਿਆ ਜਿਸ ਨੇ ਇਹ ਦਲੇਰੀ ਕੀਤੀ ਹੋਵੇ ਅਤੇ ਨਾ ਹੀ ਭਾਰਤ ਵਿਚ ਰਾਜਿੰਦਰ ਸਿੰਘ ਬੇਦੀ ਵਾਂਗ ਕਿਸੇ ਦਲੇਰੀ ਕੀਤੀ ਹੈ। ਕਈਆਂ ਦੇ ਸਵੈ-ਚਿੱਤਰ ਮੈਂ ਪੜ੍ਹੇ ਨੇ, ਆਪਣੇ ਆਪ ਤੇ ਮੋਟੀਆਂ ਕਿਤਾਬਾਂ ਵੀ ਲਿਖੀਆਂ ਪੜ੍ਹੀਆਂ ਹਨ। ਪਰ ਸਾਰਿਆਂ ਨੇ ਆਪਣੇ ਆਪ ਦੀ ਕਾਲੋਂ ਨੂੰ ਸਫੈਦੀ ਲਾ ਕੇ ਪੇਸ਼ ਕੀਤਾ ਹੈ ਅਤੇ ਚੰਗਿਆਈ ਨੂੰ ਹੋਰ ਚਮਕੀਲੇਪਨ ਚਾਹਿਆ ਹੈ। ਇਹ ਲੋਕਾਂ ਨਾਲ ਸਾਹਿਤਕ ਧਰੋਹ ਹੈ ਅਤੇ ਦੁਕਾਨਦਾਰੀ ਹੈ।

ਸੋਚਦਾ ਹਾਂ ਕਿ ਮੈਂ ਝੂਠ ਨਹੀਂ ਬੋਲਣਾ, ਇਸ ਲਈ ਫਰਾਡ ਵੀ ਕਿਉਂ ਰਚਾਂ। ਪਰ ਕੋਮਲ ਨੇ ਕਿਹਾ ਹੈ, ਜੋ ਹੈ ਲਿਖ ਦੇ। ਹੁਣ ਤਕ ਕਿਸੇ ਉੱਘੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਿਖਾਰੀ ਨੇ ਮੇਰਾ ਰੇਖਾ-ਚਿੱਤਰ ਨਹੀਂ ਲਿਖਿਆ । ਉਹਨਾਂ ਮੈਨੂੰ ਇਸ ਕਾਬਲ ਨਹੀਂ ਜਾਣਿਆ । ਆਪ ਕੀ ਲਿਖਾਂ ? ਪਿਛੇ ਜਿਹੇ ਇਕ ਸਭਾ ਨੇ ਮੈਨੂੰ ਸਨਮਾਨ ਦੇਣਾ ਸੀ । ਮੇਰੇ ਦੋਏਂ ਅੰਮ੍ਰਿਤਸਰੀ ਮਿੱਤਰ ਇਹ ਨਹੀਂ ਸਨ ਕਰ ਸਕੇ ਕਿ ਉਸ ਸਭਾ ਨੂੰ ਮੇਰੇ ਮਾਣ ਵਿਚ ਚਾਰ ਸੱਤਰਾਂ ਉਲੀਕ ਦੇਂਦੇ । ਬੋਲੇ, ਟਾਈਮ ਨਹੀਂ ਮਿਲਿਆ । ਜਦ ਇਹ ਹਾਲਤ ਹੋਵੇ ਤਾਂ ਮੈਂ ਕੀਕਰ ਸਮਝਾਂ ਕਿ ਸਵੈ-ਚਿੱਤਰ ਲਿਖਾਂ ।

ਕਦੇ ਕਿਸੇ ਨੂੰ ਇਹ ਨਹੀਂ ਕਹਿ ਸਕਿਆ ਕਿ ਮੇਰਾ ਰੇਖਾ-ਚਿੱਤਰ ਲਿਖ ਦਿਉ । ਇਕ ਦਲੇਰੀ ਮੈਂ ਰੱਬ ਜੇਡੀ ਕੀਤੀ । ਕਾਂਗ ਨੂੰ ਕਿਹਾ ਲਿਖ ਦੇ । ਫੇਰ ਚਿੱਠੀਆਂ ਵੀ ਪਾਈਆਂ ਅਤੇ ਉਸ ਨੇ ਉੱਤਰ ਦੇਣਾ ਵੀ ਬੰਦ ਕਰ ਦਿੱਤਾ । ਹੁਣ ਤੁਸੀਂ ਹੀ ਦੱਸੋ ਕਿ ਕੀ ਮੈਂ ਅਜੇ ਸਵੈ-ਚਿੱਤਰ ਲਿਖਣ ਜੋਗੀ ਸ਼ਖ਼ਸੀਅਤ ਬਣ ਗਿਆ ਹਾਂ ?

ਸਾਰੀ ਕੁਲ ਖਿਚੜੀ ਕਿਸਮ ਦੀ ਹੈ । ਜਦ ਡੇਰਾ ਬਾਬਾ ਨਾਨਕ ਵਸਿਆ ਸਾਡੇ ਵੱਡੇ ਡੁੱਗਰ ਵਿਚ ਆਏ । ਅਸੀਂ ਜਸਵਾਲ ਰਾਜਪੂਤ ਸਾਂ । ਸਾਡੀ ਕੋਈ ਬਰਾਦਰੀ ਏਧਰ ਨਾ ਹੋਣ ਕਰਕੇ ਸਾਡੇ ਰਿਸ਼ਤੇ ਰਾਮਗੜ੍ਹੀਆਂ ਵਿਚ ਹੋਣ ਲੱਗ ਪਏ । ਇਸੇ ਲਈ ਮੇਰੇ ਸੁਭਾਅ ਵਿਚ ਰਾਮਗੜ੍ਹੀਆਂ ਦੀ ਕਾਰੀਗਰੀ ਤੇ ਰਾਜਪੂਤਾਂ ਦੀ ਹੈਂਕੜ ਰਹਿੰਦੀ ਹੈ ।

ਜਦ ਮੈਂ ਜਸਵੰਤ ਸਿੰਘ ਸਾਂ ਕਬੀਲੇ ਵਿਚ ਸਭ ਤੋਂ ਮੂਰਖ ਸਾਂ । ਜਦੋਂ ਸਰਹੱਦ ਵਿਚ ਛਾਉਣੀ ਬਿਜਲੀਘਰ ਵਿਚ ਕੰਮ ਕਰਦਿਆਂ ਇਕ ਕ੍ਰਿਸ਼ਨਾ ਕੁੜੀ ਮਿਲੀ, ਜਿਸ ਦੀ ਮਾਲਾ ਮੈਂ ਮੜ੍ਹੀਆਂ ਵਿਚ ਜਾ ਜਾ ਕੇ ਫੇਰਦਾ ਰਿਹਾ, ਉਸ ਨੇ ਮੈਨੂੰ 'ਰਾਹੀ' ਬਣਾ ਦਿੱਤਾ । ਫੇਰ ਮੈਂ ਕਬੀਲੇ ਵਿਚ ਅਕਲਮੰਦ ਗਿਣਿਆ ਜਾਣ ਲੱਗਾ । ਜਦੋਂ ਮੈਨੂੰ ਠੇਕੇਦਾਰੀ ਤੋਂ ਨਫ਼ਰਤ ਹੋਈ ਤਾਂ ਕਮਿਊਨਿਸਟ ਪਾਰਟੀ ਨੇ ਬੋਚ ਲਿਆ ਅਤੇ ਭਰੋਸੇਯੋਗ ਇਨਸਾਨ ਬਣਾ ਦਿੱਤਾ । ਇਹ ਇਤਨੀ ਕੁ ਗੱਲ ਦੁੱਖਾਂ ਸੁੱਖਾਂ ਦੇ ਬੋਹਲ ਵਿਚੋਂ ਤੀਲਾ ਭਰ ਹੈ । ਇਹ ਸਵੈ-ਚਿੱਤਰ ਲਿਖਣ ਦੀਆਂ ਦੰਦੀਆਂ ਹਨ । ਜੇ ਸਾਰੇ ਸਵੈ-ਚਿੱਤਰ ਲਿਖਣ ਵਾਲੇ ਸੱਚੋ ਸੱਚ ਲਿਖ ਦੇਣ ਤਾਂ ਰੂਸੋ ਵਾਂਗ ਛੀਮਾਂ ਖਾਣ ।

ਮੈਂ ਕੋਮਲ ਨੂੰ ਕਿਹਾ ਸੀ ਜੇ ਸਵੈ-ਚਿੱਤਰ ਲਿਖਾਂ ਤੇ ਝੂਠ ਲਿਖਾਂ ਤਾਂ ਫਰਾਡ ਹੋਏਗਾ । ਸੱਚ ਲਿਖਣ ਜੋਗੀ ਮੇਰੀ ਸ਼ਖ਼ਸੀਅਤ ਨਹੀਂ । ਜੇ ਖੁੱਲ੍ਹ ਕੇ ਇਹ ਨਹੀਂ ਲਿਖ ਸਕਦਾ ਕਿ ਮੈਂ ਉਹ ਮਹਾਨ ਆਦਮੀ ਹਾਂ ਜਿਸ ਨੇ ਕਦੇ ਕਿਸੇ ਦੋਸਤ ਨੂੰ ਧੋਖਾ ਨਹੀਂ ਦਿੱਤਾ, ਤਾਂ ਇਹ ਵੀ ਲਿਖਣਾ ਚਾਹੀਦਾ ਹੈ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਉਹ ਹਰਾਮਜ਼ਾਦਾ ਹਾਂ ਜੋ ਆਪਣੀ ਇਸਤਰੀ ਤੋਂ ਬਾਹਰ ਇਕ ਸੱਜਣੀ ਬਿਨਾਂ ਨਹੀਂ ਰਹਿ ਸਕਿਆ। ਤਾਂ ਇਹ ਗੱਲਾਂ ਜੁੱਤੀਆਂ ਖਾਣ ਵਾਲੀਆਂ ਹੋਣਗੀਆਂ ਅਤੇ ਮੈਨੂੰ ਕਮਿਊਨਿਸਟ ਪਾਰਟੀ ਦੀ ਮੈਂਬਰੀ ਤੋਂ ਖਾਰਜ ਕਰਵਾ ਦੇਣਗੀਆਂ। ਭਾਵੇਂ ਮੈਂ ਭਾਰਤੀ ਕਮਿਊਨਿਸਟ ਹਾਂ।

ਸਭ ਤੋਂ ਵੱਡੀ ਦਲੇਰੀ ਮੈਂ ਉਦੋਂ ਕਰਦਾ ਹਾਂ ਜਦੋਂ ਕਿਸੇ ਥਾਂ ਮੈਨੂੰ ਆਪਣੇ ਲਈ ਸਿਫਾਰਸ਼ ਕਰਨੀ ਪਵੇ। ਉਸ ਵਕਤ ਤਰੇਲੀ ਆਈ ਹੁੰਦੀ ਹੈ। ਦਿਲ ਧੜਕ ਰਿਹਾ ਹੁੰਦਾ ਹੈ। ਸਰੀਰ ਨੂੰ ਆਕੜਾਂ ਆ ਰਹੀਆਂ ਹੁੰਦੀਆਂ ਹਨ। ਸਮਾਂ ਮੇਰੇ ਲਈ ਮੌਤ ਤੋਂ ਘੱਟ ਨਹੀਂ ਹੁੰਦਾ। ਪਰ ਸਮੇਂ ਨੇ ਹੁਣ ਕੁਝ ਢੀਠ ਕਰ ਦਿੱਤਾ ਹੈ। ਹਾਲਤ ਉਹ ਪੁਰਾਣੀ ਹੈ।

ਔਰਤ ਜ਼ਾਤ ਲਈ ਮੇਰੇ ਅੰਦਰ ਬੜੀ ਸ਼ਰਧਾ ਹੈ। ਸੀਤਾ ਵਰਗੀ ਮਾਂ ਨੇ ਸਾਡੇ ਪਿਛੋਂ ਰੰਡੇਪਾ ਕੱਟਿਆ। ਚਾਚੀਆਂ, ਭੂਆ ਨੇ ਮੈਨੂੰ ਵਸਾਇਆ। ਮਤਰੇਈ ਸੱਸ ਹਰ ਤੰਗੀ ਵੇਲੇ ਹਾਜ਼ਰ ਹੋਈ। ਰੱਬ ਵਰਗੀ ਇਸਤਰੀ ਨੇ ਮੇਰੀ ਲਾਜ ਰੱਖੀ। ਨਿੱਕੀ ਭੈਣ ਨੇ ਹਰ ਵੇਲੇ ਮੇਰੀ ਬਾਂਹ ਫੜੀ। ਕ੍ਰਿਸ਼ਨਾ ਨੇ ਮੇਰੇ ਅੰਦਰ ਕਵਿਤਾ ਦਾ ਬੀਜ ਬੀਜਿਆ ਅਤੇ ਪ੍ਰੀਤੋ ਨੇ ਫਸਲ ਦੀ ਰਖਵਾਲੀ ਕੀਤੀ।

ਮੇਰਾ ਫਰਾਡ ਨਾਲ ਰੱਬ ਵਾਸਤੇ ਦਾ ਵੈਰ ਹੈ। ਮਗਰੂਰੀਅਤ ਨਾਲ ਮੈਨੂੰ ਚਿੜ੍ਹ ਹੈ। ਹੰਕਾਰ ਨਾਲ ਮੇਰਾ ਉਲਝ ਪੈਣ ਨੂੰ ਜੀਅ ਕਰਦਾ ਹੈ।

ਮੇਰੇ ਵਿਚ ਬਹੁਤ ਵੱਡਾ ਤੋੜ ਹੈ, ਜਦੋਂ ਗੁੱਸਾ ਚੜ੍ਹੇ ਰੱਬ ਜੋੜੀਆਂ ਗ਼ਲਤੀਆਂ ਕਰ ਦਿੰਦਾ ਹਾਂ। ਪਾਪੀ ਕਿਸਮ ਦੀ ਮੇਰੀ ਸ਼ਕਲ ਹੋ ਜਾਂਦੀ ਹੈ ਅਤੇ ਫੇਰ ਰਾਤਾਂ ਸੌਂ ਨਹੀਂ ਸਕਦਾ, ਮੁੜ ਕੇ ਮੁਆਫ਼ੀ ਮੰਗਣ ਤਕ ਜਾਂਦਾ ਹਾਂ। ਵੇਖਣ ਵਿਚ ਇਹੋ ਜਿਹਾ ਹਾਂ ਕਿ ਕੋਈ ਮੈਨੂੰ ਵੇਖ ਕੇ ਪਸੰਦ ਨਹੀਂ ਕਰ ਸਕਿਆ। ਜਿਸ ਨੂੰ ਚੰਗਾ ਲੱਗਾ ਹਾਂ ਕਰਤੱਵਾਂ ਕਰਕੇ ਜਾਂ ਗੱਲਾਂ ਕਰਕੇ ਜਾਂ ਕਵਿਤਾ ਕਹਾਣੀਆਂ ਕਰਕੇ। ਮੇਰੇ ਤੇ ਕੋਈ ਆਸ਼ਿਕ ਨਹੀਂ ਹੋਇਆ। ਆਪ ਫੜ ਫੜ ਕੇ ਤਰਲੇ ਲੈ ਲੈ ਕੇ ਆਪਣੇ ਆਸ਼ਿਕ ਬਣਾਏ ਹਨ।

ਮੈਂ ਇਕ ਜ਼ਿੰਦਗੀ ਦਾ ਫਾਰਮੂਲਾ ਘੜਿਆ ਹੋਇਆ ਹੈ। ਜ਼ਿੰਦਗੀ ਇਕ ਮਕਾਨ ਵਾਂਗ ਸਮਝੋ, ਮਸਲਨ ਇਹ ਰਸੋਈ, ਇਹ ਬੈਠਕ, ਇਹ ਸੌਣ ਦਾ ਕਮਰਾ, ਇਹ ਪੜ੍ਹਨ ਦਾ ਕਮਰਾ, ਇਹ ਸਟੋਰ, ਇਹ ਗੁਸਲਖ਼ਾਨਾ, ਇਹ ਲੈਟਰੀਨ। ਜੇ ਤੁਸੀਂ ਰਸੋਈ ਨੂੰ ਲੈਟਰੀਨ ਬਣਾ ਲਿਆ ਬਦਨਾਮ ਹੋ ਗਏ। ਗੰਦ ਤਾਂ ਹਰ ਬੰਦੇ ਵਿਚ ਹੁੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ਿੰਦਗੀ ਵਿਚ ਮੈਂ ਜਦੋਂ ਵੀ ਡੋਲਿਆ ਹਾਂ, ਬੱਚਿਆਂ ਦੀਆਂ ਤੰਗੀਆਂ ਤੋਂ ਡੋਲਿਆ ਹਾਂ। ਬੱਚਿਆਂ ਲਈ ਮੇਰੇ ਅੰਦਰ ਅਥਾਹ ਪਿਆਰ ਹੈ। ਉਹਨਾਂ ਖ਼ਾਤਰ ਮੈਂ ਆਪਣਾ ਰੋਮਾਂਸ ਵੀ ਤਿਆਗ ਦਿੰਦਾ ਹਾਂ ਜੇਲ੍ਹ ਅੰਦਰ ਜੇਕਰ ਮੈਨੂੰ ਕੋਈ ਤਕਲੀਫ ਹੋਈ ਹੈ ਤਾਂ ਉਹ ਹੈ ਬੱਚਿਆਂ ਦਾ ਵਿਛੋੜਾ ਅਤੇ ਨਿਖਰੇਲੂ ਔਰਤਾਂ ਵੇਖਣ ਲਈ ਨਾ ਮਿਲਣੀਆਂ।

ਪੈਂਤੀਆਂ ਸਾਲਾਂ ਦੀ ਉਮਰ ਵਿਚ ਮੈਨੂੰ ਦੂਜਾ ਪਿਆਰ ਮਿਲਿਆ। ਉਸ ਮੁਟਿਆਰ ਦਾ ਨਾਂ ਮੈਂ ਪ੍ਰੀਤੀ ਰਖਿਆ। ਉਸ ਦੇ ਨਾਂ ਤੇ ਯਾਦ ਦੀ ਜੋਤ ਹਮੇਸ਼ਾ ਮੇਰੇ ਅੰਦਰ ਜਗਦੀ ਰਹਿੰਦੀ ਹੈ। ਹਰ ਕਵਿਤਾ ਵਿਚ ਉਸ ਜੋਤ ਦਾ ਚਾਨਣਾ ਹੁੰਦਾ ਹੈ। ਇਕ ਵਾਰੀ ਮੈਂ ਤੇ ਉਪਾਸਕ ਸ਼ਰਾਬ ਪੀ ਕੇ ਦਿੱਲੀ ਦੇ ਸਟੇਸ਼ਨ ਤੇ ਫਿਰ ਰਹੇ ਸਾਂ, ਉਸ ਜੋਤ ਦੀਆਂ ਗੱਲਾਂ ਕਰ ਰਹੇ ਸਾਂ ਕਿ ਉਹ ਨਵੇਂ ਬਣੇ ਪਤੀ ਨਾਲ ਕਾਰ ਵਿਚ ਬਹਿੰਦੀ ਦਿੱਸ ਪਈ। ਮੇਰੀ ਅਜੀਬ ਹਾਲਤ ਹੋਈ। ਮੈਂ ਉਪਾਸ਼ਕ ਨੂੰ ਨਹੀਂ ਦੱਸਿਆ, ਕਿਉਂਕਿ ਉਹ ਇਤਨਾ ਮੂੜੀ ਹੈ ਕਿ ਉਸ ਨੂੰ ਫੜ ਲੈਂਦਾ ਤੇ ਕਹਿੰਦਾ — "ਭੈੜੀਏ ਰੰਨੇ ਸਾਡਾ ਯਾਰ ਮਾਰ ਦੇਣ ਲੱਗੀ ਏਂ" ਤੇ ਸਾਨੂੰ ਦੋਹਾਂ ਨੂੰ ਪਉਲੇਬਾਜ਼ੀ ਹੋ ਜਾਣੀ ਸੀ। ਉਪਾਸ਼ਕ ਨੇ ਪੁੱਛਿਆ, ਤੈਨੂੰ ਉਸ ਨਾਲ ਕਿੰਨਾ ਕੁ ਪਿਆਰ ਹੈ ਰਾਹੀ ? ਮੈਂ ਕਿਹਾ ਉਪਾਸ਼ਕਾ ਉਸ ਨਾਲ ਬੰਦਾ ਸੌ ਗੁਨਾਹ ਕਰਕੇ ਉਸ ਨੂੰ ਪਿੰਜਰ ਬਣਾ ਕੇ ਸੁੱਟ ਦਏ ਤਾਂ ਵੀ ਚੁੱਕ ਕੇ ਹਿੱਕ ਨਾਲ ਲਗਾ ਸਕਦਾ ਹਾਂ। ਉਪਾਸ਼ਕ ਮੁੜ ਕੇ ਨਹੀਂ ਬੋਲਿਆ ਅਤੇ ਮੈਂ ਵੀ ਚੁੱਪ।

ਰਾਤ ਭੁੱਖੇ ਭਾਣੇ ਸੌਂ ਗਏ। ਸਵੇਰੇ ਉਸ ਨੇ ਮੈਨੂੰ ਆਵਾਜ਼ ਮਾਰੀ — ਰਾਹੀ ਉਠ ਤਾਂਹ ਦੱਸ ਚਾਹ ਪੀਣੀ ਊਂ ਕਿ ਸ਼ਰਾਬ ?

ਮੇਰੀ ਜ਼ਿੰਦਗੀ ਤੇ ਸੋਚ ਵਿਚ ਮਾਰਕਸਇਜ਼ਮ ਛਾਇਆ ਹੋਇਆ ਹੈ ਅਤੇ ਰੂਹ ਵਿਚ ਪ੍ਰੀਤੀ ਮੈਂ ਉਹ ਕਰੜੇ ਤੇ ਦੁਖੀ ਦਿਨ ਦੇਖੇ ਨੇ ਜਿਹੜੇ ਸੱਚ ਨਹੀਂ ਮੰਨੇ ਜਾ ਸਕਦੇ। ਮੈਨੂੰ ਔਖ ਸਹੇੜਨ ਦੀ ਵਾਦੀ ਹੈ। ਹਰ ਗੱਲ ਬੱਚਿਆਂ ਦੀ ਹਾਨੀ ਲਾਭ ਸੋਚ ਕੇ ਕਰਦਾ ਹਾਂ। ਕਈ ਜਜ਼ਬਾਤ ਘੁੱਟ ਕੇ ਮਾਰ ਛੱਡਦਾ ਹਾਂ। ਪੱਗ ਬੰਨ੍ਹਣ ਦੀ ਮੈਨੂੰ ਚੰਗੀ ਜਾਚ ਨਹੀਂ। ਗਿਆਨੀ ਧੂਹ ਘਸੀਟ ਕੇ ਕਰ ਲਈ ਹੈ। ਮੇਰੇ ਲਿਖਣ ਜੋੜ ਉਮਰ ਭਰ ਠੀਕ ਨਹੀਂ ਹੋਏ। ਮੈਂ ਤਕੜਾ ਨੁਕਤਾਚੀਨ ਹਾਂ ਅਤੇ ਸਹਾਰਨ ਦੀ ਸ਼ਕਤੀ ਵੀ ਰੱਖਦਾ ਹਾਂ। ਪੜ੍ਹਨਾ ਮੇਰਾ ਧਰਮ ਹੈ ਅਤੇ ਲਿਖਣਾ ਸਾਹ ਲੈਣ ਵਾਂਗ। ਚੰਗੀ ਰੋਟੀ ਖਾਣ ਦਾ ਸ਼ੁਕੀਨ ਹਾਂ ਅਤੇ ਭੁੱਖਾਂ ਵੀ ਬਿਨਾਂ ਜਤਾਇਉਂ ਕੱਟ ਸਕਦਾ ਹਾਂ। ਖੇਡ ਮੈਨੂੰ ਕੋਈ ਨਹੀਂ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਉਂਦੀ। ਸਿਨੇਮਾ ਵੇਖਣ ਦਾ ਚਾਅ ਹਮੇਸ਼ਾ ਰਹਿੰਦਾ ਹੈ। ਸਾਰੀ ਉਮਰ ਆਪਣੇ ਘਰ ਦੀ ਬੈਠਕ ਨਹੀਂ ਬਣਾ ਸਕਿਆ। ਆਇਆਂ ਗਿਆਂ ਸੱਜਣਾਂ ਨੂੰ ਤਕਲੀਫ਼ ਹੁੰਦੀ ਹੈ। ਸਭ ਤੋਂ ਪਹਿਲਾਂ ਲਾਹੌਰ ਉਸਤਾਦ ਗਾਮ ਦਾ ਸ਼ਾਗਿਰਦ ਪਿਆ, ਪਰ ਪਿੰਡੇ ਤੇ ਹੱਥ ਫਿਰਵਾ ਕੇ ਹੱਟ ਗਿਆ ਅਤੇ ਨੰਦ ਸਿੰਘ ਪ੍ਰਦੇਸੀ ਕੋਲੋਂ ਸੁਧਾਈ ਕਰਵਾਈ। ਗੁਰਦਵਾਰੇ ਕੜਾਹ ਕਰਾ ਕੇ ਉਹਨਾਂ ਨੂੰ ਉਸਤਾਦ ਬਣਾ ਧਰਿਆ।

ਪੜ੍ਹ, ਖੋਜ ਪਰਖ ਕੇ ਨਵੀਨਤਾ ਗ੍ਰਹਿਣ ਕਰਦਾ ਹਾਂ। ਕਿਸੇ ਚੀਜ਼ ਦੀ ਜ਼ਮੀਨ ਮੈਂ ਛੱਡਦਾ ਨਹੀਂ। ਮਿੱਤਰ ਸਾਥੀਆਂ ਦੇ ਘਰ ਮੇਰੇ ਪਵਿੱਤਰ ਅਸਥਾਨ ਹੁੰਦੇ ਹਨ। ਬਹੁਤੀ ਵਾਰੀ ਭੈੜੀਆਂ ਆਦਤਾਂ ਤੋਂ ਸਵਾਦ ਲੈਂਦਾ ਹਾਂ, ਕਿਸੇ ਮੁਜਲਸ ਨੂੰ ਜਾਣੇ ਬਿਨਾਂ ਉਸ ਵਿਚ ਬੋਲਦਾ ਨਹੀਂ, ਸ਼ੇਖੀ ਮਾਰਨੀ ਵੀ ਮੇਰੀ ਜ਼ਿੰਦਗੀ ਵਿਚ ਨਹੀਂ ਹੈ। ਅਫ਼ੀਮੀਆਂ, ਪੋਸਤੀਆਂ, ਭੰਗੀਆਂ, ਚਰਸੀਆਂ, ਤਾਸ਼ ਖੇਡਣ ਵਾਲਿਆਂ ਨੂੰ ਮਾੜਾ ਸਮਝਦਾ ਹਾਂ। ਸ਼ਰਾਬੀ ਨਾਲ ਮੇਰੀ ਬੜੀ ਬਣਦੀ ਹੈ। ਹਫ਼ਤੇ ਵਿਚ ਇਕ ਅੱਧੀ ਵਾਰੀ ਰੋਂਦਾ ਹਾਂ, ਇਹ ਪਤਾ ਨਹੀਂ ਕਿਉਂ।

ਕਾਂਗਰਸ ਵਿਚ, ਕਮਿਊਨਿਸਟ ਪਾਰਟੀ ਵਿਚ, ਕਾਂਗਰਸ ਸੋਸ਼ਲਿਸਟ ਪਾਰਟੀ ਵਿਚ ਕਈ ਵਾਰੀ ਜੇਲ੍ਹ ਗਿਆ ਅਤੇ ਆਇਆ ਹਾਂ। ਲੋਕਾਂ ਲਈ ਜੱਦੋ ਜ਼ਹਿਦ ਕਰਨੀ ਮੇਰਾ ਪੇਸ਼ਾ ਹੈ। ਜੇਲ੍ਹ ਵਿਚ ਮੈਂ ਬਹੁਤ ਕੁਝ ਪੜ੍ਹਿਆ ਹੈ। ਥੋੜ੍ਹੀ ਜਿਹੀ ਅੰਗਰੇਜ਼ੀ ਤੇ ਚੰਗੀ ਹਿੰਦੀ ਮੈਂ ਜੇਲ੍ਹਾਂ ਵਿਚ ਹੀ ਪੜ੍ਹੀ ਹੈ।

ਮੇਰੀ ਕਵਿਤਾ ਕੀ ਹੈ ? ਕਹਾਣੀ ਕੀ ਹੈ ? ਇਹ ਮੈਂ ਦੱਸਣ ਦੇ ਕਾਬਲ ਨਹੀਂ। ਮੇਰੀਆਂ ਦੋ ਕਵਿਤਾਵਾਂ ਦੀਆਂ ਅਤੇ ਇਕ ਮੁਕੰਮਲ ਡਰਾਮੇ ਦੀ ਕਿਤਾਬਾਂ ਛਪੀਆਂ ਹੋਈਆਂ ਹਨ। ਕਈ ਗੀਤਾਂ ਦੇ ਪੈਂਫ਼ਲਿਟ ਛਪੇ ਹੋਏ ਨੇ। ਪਾਰਟੀ ਦਾ ਪਰਾਪੇਗੰਡਾ ਹਨ। ਮੈਂ ਦੋ ਕਿਸਮਾਂ ਦੇ ਸਾਹਿਤ ਦਾ ਧਾਰਨੀ ਹਾਂ ਇਕ ਲੋਕਾਂ ਲਈ ਅਤੇ ਇਕ ਬੁੱਧੀਵਾਨਾਂ ਲਈ। ਇਕ ਭਾਵਿਕ ਲਿਖਤ ਤੇ ਇਕ ਬਿਆਨੀਆਂ। ਇਕ ਜ਼ਿੰਦਗੀ ਲਈ ਅਤੇ ਇਕ ਰੂਹ ਲਈ। ਮੇਰੀ ਮਦਦ ਵੱਡਿਆਂ ਨਹੀਂ ਨਿੱਕਿਆਂ ਸ਼ਾਇਰਾਂ ਨੇ ਕੀਤੀ ਹੈ। ਉਰਦੂ ਮੇਰੀ ਮੁੱਢਲੀ ਤਾਲੀਮ ਹੈ।

ਮੈਂ ਕਿੰਨਾ ਕੁ ਪੜ੍ਹਿਆ ਹੋਇਆ ਹਾਂ ਅਤੇ ਕਿੰਨਾ ਕੁ ਪੜ੍ਹਦਾ ਹਾਂ ਇਹ ਮੇਰੇ ਨਿੱਕੇ ਜਿਹੇ ਘਰ ਦਾ ਪੁਸਤਕ ਭੰਡਾਰ ਦੱਸ ਸਕਦਾ ਹੈ। ਸਾਹਿਤ ਲਈ ਮੈਂ ਉਮਰ ਤੇ ਲਾਹੂ ਲਾਏ ਹਨ। ਕੱਟੜਪੰਥੀਏ ਮੈਨੂੰ ਮਹੁਰੇ ਵਾਂਗ ਲਗਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਨ। ਪੜ੍ਹਿਆ ਕੱਲ ਕੀ ਅਨਪੜ੍ਹ ਤੋਂ ਵੀ ਸਿਖ ਲੈਂਦਾ ਹਾਂ। ਕਮਾਲ ਦਾ ਕਿਹਾ ਸਿਰ ਮੱਥੇ ਰੱਖਿਆ ਹੈ। ਇਹ ਪਤਾ ਨਹੀਂ ਪਰਨਾਲਾ ਉਥੇ ਹੈ ਕਿ ਨਹੀਂ।

ਆਪਣੇ ਗੱਲ ਪਾ ਕੇ ਕਫਨੀ ਮੌਤ ਦੀ,
ਕਿਸੇ ਦੇ ਗੇਸੂ ਸੰਵਾਰੇ ਰਾਤ ਭਰ।

ਇਹ ਸਵੈ-ਚਿੱਤਰ ਵੀ ਠੀਕ ਸੱਚ ਨਹੀਂ ਹੈ, ਅਰਧ ਸੱਚ ਹੈ, ਕਿਉਂਕਿ ਮੈਂ ਉਦੋਂ ਵੀ ਪਾਰਟੀ ਦੇ ਜ਼ਾਬਤੇ ਵਿਚ ਸਾਂ। ਜਦ ਤਕ ਲਿਖਾਰੀ ਮਜ਼ਬਾਂ, ਧਰਮਾਂ, ਪਾਰਟੀ ਜਾਬਤਿਆਂ ਤੋਂ ਸੁਤੰਤਰ ਹੋ ਕੇ ਨਿਰੋਲ ਇਕ ਕੁਦਰਤੀ ਇਨਸਾਨ ਬਣ ਕੇ ਨਹੀਂ ਲਿਖਦਾ, ਉਹ ਪੂਰਾ ਸੱਚ ਨਹੀਂ ਲਿਖ ਸਕਦਾ। ਮੈਂ ਇਹ ਪੂਰੇ ਭਰੋਸੇ ਨਾਲ ਕਹਿ ਸਕਦਾ ਹਾਂ ਕਿ ਨਿਰੋਲ ਤੇ ਪਵਿੱਤਰ ਸੱਚ ਹੀ ਮਾਰਕਸਵਾਦ ਹੈ। ਕਾ: ਆਨੰਦ ਨੇ ਮੈਨੂੰ ਲੋਕ ਕਵਿਤਾ ਪੜ੍ਹ ਕੇ ਆਖਿਆ ਸੀ — ਰਾਹੀ ਤੂੰ ਜੋ ਲਿਖਿਆ ਹੈ ਪਾਰਟੀ ਐਕਸ਼ਨ ਲਈ ਤੈਨੂੰ ਪਾਰਟੀ ਵਿਚੋਂ ਕੱਢ ਸਕਦੀ ਹੈ।......ਮੈਂ ਹੱਸ ਕੇ ਉੱਤਰ ਦਿੱਤਾ — ਜੇ ਸੱਚ ਬੋਲਿਆਂ ਪਾਰਟੀ ਮੈਨੂੰ ਕੱਢ ਦੇਵੇ ਤਾਂ ਮੈਂ ਖੁਸ਼ ਹੋਵਾਂਗਾ। ਇਸ ਮੇਰੇ ਸਵੈ-ਚਿੱਤਰ ਉਤੇ ਸਾਹਿਤਕ ਹਲਕਿਆਂ ਵਿਚ ਮੈਨੂੰ ਦਲੇਰ ਆਖਿਆ ਗਿਆ।

ਡਰਾਮੇ ਲਿਖਣੇ ਤੇ ਖੇਡਣੇ ਮੈਂ 1959 ਦੀ ਦੀਵਾਲੀ ਦੇ ਪਹਿਲੇ ਦਿਨ ਤੋਂ ਛੱਡ ਚੁੱਕਾ ਸਾਂ। ਆਖ਼ਰੀ ਡਰਾਮਾ ਲਿਖ ਕੇ ਖੇਡਿਆ ਸੀ ਦੀਨਾ ਨਗਰ। ਅਮਰਜੀਤ ਤੇ ਹੋਰ ਸਾਥੀ ਨਾਲ ਸਨ। ਦੀਨਾ ਨਗਰ ਇਕ ਹਫ਼ਤੇ ਦਾ ਪਾਰਟੀ ਪ੍ਰੋਗਰਾਮ ਸੀ ਕਾਨਫ਼ਰੰਸ ਵਗੈਰਾ। ਆਖ਼ਰੀ ਰਾਤ ਡਰਾਮਾ ਸੀ, ਉਹ ਡਰਾਮਾ ਇਕ ਹਿੰਦੂ ਕਾਰਖ਼ਾਨੇਦਾਰ ਪੰਜਾਬੀ ਸੂਬੇ ਦੇ ਖ਼ਿਲਾਫ਼ ਗੱਲਾਂ ਕਰਕੇ ਹਿੰਦੂ ਮਜਦੂਰਾਂ ਨੂੰ ਦਬਾ ਕੇ ਰੱਖਦਾ ਹੈ। ਸਿੱਖ ਕਾਰਖਾਨੇਦਾਰ ਪੰਜਾਬੀ ਸੂਬੇ ਦੇ ਨਾਂ ਉਤੇ ਸਿੱਖ ਮਜਦੂਰਾਂ ਨੂੰ ਵਰਗਲਾ ਕੇ ਰਖਦਾ ਹੈ। ਰਾਤ ਕਲੱਬ ਵਿਚ ਦੋਹੇਂ ਇਕੱਠੀ ਸ਼ਰਾਬ ਪੀਂਦੇ ਤੇ ਅਯਾਸ਼ੀਆਂ ਕਰਦੇ ਹਨ। ਜਥੇਦਾਰਾਂ ਨੂੰ ਸਿੱਖ ਫੰਡ ਦਿੰਦਾ ਹੈ ਤੇ ਆਰੀਆ ਸਮਾਜੀ ਪ੍ਰਚਾਰਕਾਂ ਨੂੰ ਹਿੰਦੂ।

ਪਠਾਨਕੋਟ ਜਾਣ ਲੱਗਿਆਂ ਰਾਹ ਵਿਚ ਇਤਿਹਾਸਕ ਗੁਰਦੁਆਰਾ ਹੈ ਬਾਠ ਸਾਹਿਬ। ਬਾਬੇ ਸ੍ਰੀ ਚੰਦ ਤੇ ਗੁਰੂ ਅਰਜਨ ਦੇਵ ਦਾ। ਸ਼੍ਰੋਮਣੀ ਕਮੇਟੀ ਦੇ ਮੁਤਾਹਿਤ ਹੈ। ਉਥੇ ਇਕ ਸੁਤੰਤਰਤਾ ਸੰਗਰਾਮੀ ਪਰਿਵਾਰ ਵਿਚੋਂ ਕਾ: ਗੁਰਨਾਮ ਸਿੰਘ ਨਾਨੂ ਨੰਗਲ ਮੈਨੇਜਰ ਸੀ। ਦੀਨਾ ਨਗਰ ਮੱਸਿਆ ਵੀ ਆਈ। ਉਸ ਨੇ ਮੈਨੂੰ ਤੇ ਅਮਰਜੀਤ ਨੂੰ ਉਥੇ ਬੁਲਵਾਇਆ। ਦਸ ਦਸ ਰੁਪੈ

CC-0. In Public Domain. Gurukul Kangri Collection, Haridwar

ਦਸਤਖ਼ਤ ਕਰਾ ਕੇ ਦਿੱਤੇ ।

Digitized by Arya Samaj Foundation Chennai and eGangotri

ਜਦੋਂ ਦੀਵਾਲੀ ਵਾਲੇ ਦਿਨ ਸਵੇਰੇ ਅਸੀਂ ਸਾਈਕਲ ਤਿਆਰ ਕਰਕੇ ਘਰਾਂ ਨੂੰ ਤੁਰਨ ਲੱਗੇ, ਕਾ: ਹਰਨਾਮ ਸਿੰਘ ਨੂੰ ਕਿਹਾ — ਸਾਨੂੰ ਕਿਰਾਇਆ ਵਗੈਰਾ ਦੇਣਾ ਸੀ ।......ਉਸ ਨੇ ਉੱਤਰ ਦਿੱਤਾ — ਮੱਸਿਆ ਤੇ ਤੁਹਾਨੂੰ ਦੱਸ ਦੱਸ ਰੁਪਏ ਦਵਾ ਦਿੱਤੇ ਸੀ ।......ਮੈਂ ਤੇ ਅਮਰਜੀਤ ਨੇ ਇਕ ਦੂਜੇ ਨੂੰ ਦੇਖਿਆ ਤੇ ਸਾਈਕਲਾਂ ਉਤੇ ਪਰਦੇ ਵਗੈਰਾ ਲੱਦ ਕੇ ਤੁਰ ਪਏ । ਮੈਂ ਦੋ ਰਾਤਾਂ ਜਾਗ ਕੇ ਡਰਾਮਾ ਲਿਖਿਆ ਸੀ । ਦੋ ਰਾਤਾਂ ਅਮਰਜੀਤ ਨਾਲ ਜਾਗ ਕੇ ਰਿਹਸਲ ਕਰਾਈ ਸੀ । ਬਜ਼ਾਰ ਵਿਚੋਂ ਕੋਈ ਚੀਜ਼ ਖਾਣ ਨੂੰ ਜੀਅ ਕਰਦਾ ਤਾਂ ਆਪਣੇ ਪੈਸੇ ਖਰਚ ਕੇ ਖਾਂਦੇ । ਘਰ ਦੀ ਗਲੀ ਵੜਨ ਲੱਗਿਆਂ ਦੇਸ਼ ਰਾਜ ਹਲਵਾਈ ਨੇ ਆਖਿਆ — ਰਾਹੀ ਵਧਾਈ ਹੋਵੇ ਤੁਹਾਡੇ ਕਾਕਾ ਹੋਇਆ ਹੈ । ਇਹੋ ਹੈ ਮੇਰੀ ਔਲਾਦ ਵਿਚੋਂ ਸਭ ਤੋਂ ਨਿੱਕਾ ਲੜਕਾ । ਸਰਬਜੀਤ ਸਿੰਘ ਉਰਫ ਪੱਪਾ । ਅੱਜ ਕੱਲ੍ਹ ਪਟਵਾਰੀ, ਸਰਬਜੀਤ ਸਿੰਘ ਰਾਹੀ ।

ਉਹਨੀਂ ਦਿਨੀਂ ਮੈਂ ਪੰਜਾਬੀ ਅਨੁਵਾਦ ਹੋਈ ਐਮਰਸਨ ਦੇ ਨਿਬੰਧਾਂ ਦੀ ਪੁਸਤਕ ਪੜ੍ਹੀ ਸੀ । ਉਸ ਨੂੰ ਅਮਰੀਕਾ ਦੀ ਅਕਲ ਆਖਿਆ ਜਾਂਦਾ ਹੈ । ਇਤਨਾ ਪ੍ਰਭਾਵਿਤ ਹੋਇਆ ਸਾਂ ਕਿ ਇੰਝ ਮਨ ਨੂੰ ਆਖਿਆ — ਜੇ ਇਹ ਪੁਸਤਕ ਪੜ੍ਹੇ ਬਿਨਾਂ ਮਰ ਜਾਂਦਾ ਤਾਂ ਮੁੜ ਕੇ ਜਨਮ ਲੈਣਾ ਸੀ ਇਹਨੂੰ ਪੜ੍ਹਨ ਲਈ ।

ਦੂਜੀ ਪੁਸਤਕ ਸੀ ਜਿਸ ਨੂੰ ਸਰਦਾਰ ਗੁਰਬਖਸ਼ ਸਿੰਘ ਪ੍ਰੀਤਲੜੀ ਹੋਰਾਂ ਅਨੁਵਾਦ ਕੀਤਾ ਸੀ । ਮਹਾਤਮਾ ਬੁੱਧ ਦਾ ਮਹਾਂ-ਕਾਵਿ । ਲਾਈਟ ਆਫ਼ ਏਸ਼ੀਆ ਪੰਜਾਬੀ ਵਿਚ "ਏਸ਼ੀਆ ਦਾ ਚਾਨਣ" ਇਹ ਪੁਸਤਕਾਂ ਹੁਣ ਤਕ ਮੇਰੇ ਕੋਲ ਹਨ । ਕਈ ਵਾਰੀ ਉਦਾਸੀ ਵੇਲੇ ਇਹਨਾਂ ਵਿਚੋਂ ਕੁਝ ਨਾ ਕੁਝ ਪੜ੍ਹ ਲੈਂਦਾ ਹਾਂ । ਇਕ ਪੁਸਤਕ ਹੋਰ ਕਿਸੇ ਵੱਡੇ ਅੰਗਰੇਜ਼ ਲਿਖਾਰੀ ਦਾ ਪੰਜਾਬੀ ਵਿਚ ਤਰਜ਼ਮਾ ਹੈ "ਜੋ ਚਾਹੋ ਸੋ ਪਾਉ" ਮੁਰਦਿਆਂ ਵਿਚ ਜਾਨ ਪਾ ਸਕਦੀ ਸੀ । ਇਨਸਾਨ ਦੇ ਅੰਦਰ ਦੀ ਸ਼ਕਤੀ ਨੂੰ ਜਗਾ ਦਿੰਦੀ ਸੀ । ਸਾਡੇ ਬਲਾਕ ਦਾ ਪਿਆਰਾ ਸਿੰਘ ਪੰਚਾਇਤ ਅਫ਼ਸਰ ਸੀ ਉਹ ਦੋ ਪੁਸਤਕਾਂ ਲੈ ਗਿਆ ਸੀ । ਇਕ "ਜੋ ਚਾਹੋ ਸੋ ਪਾਉ" ਦੂਜੀ "ਜੀਨ ਜੈਕ ਰੂਸੋ ਦੀਆਂ ਯਾਦਾਂ" ਕਿਤੇ ਫ਼ੌਜੀ ਅਫ਼ਸਰ ਬਣਿਆ ਹੈ । ਮੁੜ ਕੇ ਮਿਲਿਆ ਨਹੀਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਕਾ-ਡੋਬਾ

ਕਲਕੱਤੇ ਕਵੀ ਦਰਬਾਰ ਆ ਗਿਆ। ਮੈਂ ਲਖਨਊ ਸਾਲਗਰਾਮ ਸੂਰੀ ਨੂੰ ਚਿੱਠੀ ਪਾਈ ਕਿ ਮੈਂ ਆ ਰਿਹਾ ਹਾਂ। ਉਸ ਨੇ ਉੱਤਰ ਦਿੱਤਾ ਪੰਜ ਛੇ ਮੂੜੇ ਲਈ ਆਇਉ। ਸਟੇਸ਼ਨ ਉਤੇ ਮਿਲਾਂਗਾ।

ਸੀਟ ਬੁੱਕ ਕਰਾਈ। ਕੋਮਲ ਅੰਮ੍ਰਿਤਸਰੋਂ ਗੱਡੀ ਤੇ ਚੜ੍ਹਾ ਗਿਆ। ਵੀਹ ਰੁਪਏ ਵੀ ਦੇ ਗਿਆ ਕਿ ਰਾਹ ਵਿਚ ਪੈਸੇ ਘੱਟ ਨਾ ਜਾਣ।

ਲਖਨਊ ਸੂਰੀ ਮਿਲਿਆ ਸਟੇਸ਼ਨ ਉਤੇ। ਛੇ ਮੂੜ੍ਹੇ ਖੜੇ ਸੀ, ਉਸ ਨੂੰ ਦਿੱਤੇ। ਜੱਫੀ ਪਾ ਕੇ ਮਿਲੇ ਬੜਾ ਮੋਹ ਜਾਗਿਆ ਰਾਜ਼ੀ ਖ਼ੁਸ਼ੀ ਬਾਅਦ ਕਹਿਣ ਲੱਗਾ ਆਉਂਦੇ ਹੋਏ ਲਖਨਊ ਉਤਰਨਾ, ਫਿਰਾਂ ਤੁਰਾਂਗੇ। ਇਥੇ ਸਾਡੇ ਸ਼ਹਿਰ ਦੇ ਕਾਫੀ ਲੋਕ ਹਨ ਖੱਤਰੀ। ਮੇਰਾ ਨਿੱਕੇ ਚਾਚੇ ਦਾ ਪੁੱਤਰ ਭਰਾ ਜਿਸ ਨੂੰ ਮੈਂ ਨਿੱਕੇ ਹੁੰਦੇ ਨੂੰ ਬੜਾ ਮੋਹ ਕਰਦਾ ਸਾਂ ਉਸ ਨੇ ਇਥੇ ਸਪੋਰਟ ਦਾ ਕੰਮ ਖੋਲ੍ਹਿਆ ਹੋਇਆ ਹੈ। ਉਹਦਾ ਸੱਸ ਸਹੁਰਾ ਵੀ ਏਥੇ ਸੀ। ਸਹੁਰਾ ਗੁਰਦੁਆਰੇ ਮੈਨੇਜਰ, ਉਹਦੀ ਸਿਰਫ਼ ਇਕ ਹੀ ਲੜਕੀ। ਟੈਲੀਫ਼ੋਨ ਐਕਸਚੇਂਜ ਉਤੇ ਲੱਗੀ ਹੋਈ। ਭਰਾ ਦਾ ਨਾਂ ਹੁਣ ਜੋਧ ਸਿੰਘ ਨਹੀਂ ਜਗਜੀਤ ਸਿੰਘ ਸੀ।

ਕਲਕੱਤੇ ਉਤਰੇ, ਪੰਜਾਬ ਵਿਚੋਂ ਮੈਂ ਤੇ ਗੁਰਦਿੱਤ ਸਿੰਘ ਕੁੰਦਨ ਗਿਆ। ਬਾਕੀ ਪੰਜ ਛੇ ਦਿੱਲੀ ਵਾਲੇ। ਸਾਨੂੰ ਸਾਂਭਣ ਦਾ ਇੰਤਜ਼ਾਮ ਚੰਗਾ ਸੀ, ਰੋਟੀ ਹੋਟਲ ਉਤੇ, ਜੋ ਮਰਜ਼ੀ ਖਾਈਏ। ਬੇ-ਇੰਤਹਾ ਲੋਕ ਸੁਣਨ ਆਉਂਦੇ। ਬੜਾ ਵੱਡਾ ਲੰਗਰ ਲੱਗਦਾ। ਕਲਕੱਤਾ ਰੋਟੀ ਖਾਣ ਆਉਂਦਾ।

ਕਵੀ ਦਰਬਾਰ ਰਾਤ ਹੋ ਗਿਆ। ਮੈਂ ਸਟੇਜ ਉਤੇ ਚੰਗਾ ਗੁਜ਼ਾਰਾ ਕਰ ਲੈਂਦਾ ਸਾਂ। ਨਾ ਬਹੁਤਾ ਵਧੀਆ ਨਾ ਮਾੜਾ। ਲੋਕ ਸੁਣ ਕੇ ਪਸੰਦ ਕਰ ਲੈਂਦੇ।

ਸਵੇਰੇ ਉਠ ਕੇ ਮੈਂ ਸ਼ਾਲੀਮਾਰ ਚਾਚੀ ਪ੍ਰਕਾਸ਼ ਕੌਰ ਵੱਲ ਗਿਆ। ਚਾਚੇ ਅਮਰ ਸਿੰਘ ਦਾ ਤੇ ਹਾਟ ਫੇਲ੍ਹ ਹੋ ਗਿਆ ਹੋਇਆ ਸੀ ਉਦੋਂ ਨਹੀਂ ਸਾਂ ਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਕਿਆ । ਪ੍ਰਕਾਸ਼ ਨਾਲ ਮੇਰੀ [illegible] ਸੀ ।

ਕਾਰਖ਼ਾਨੇ ਵੜਨ ਲੱਗਾ ਤਾਂ ਬਾਹਰ ਇਕ ਘੀਚੜ ਬੁੱਢਾ ਖਲੋਤਾ ਹੋਇਆ ਮਿਲਿਆ । ਮੈਂ ਪੁੱਛਿਆ — ਸ: ਅਮਰ ਸਿੰਘ ਠੇਕੇਦਾਰ ਦਾ ਇਹੋ ਕਾਰਖ਼ਾਨਾ ਹੈ ਨਾ ? ਪਹਿਲੇ ਥਾਉਂ ਤੋਂ ਜ਼ਰਾ ਰੇਲਵੇ ਫਾਟਕ ਦੇ ਪਾਰ ਜਾ ਚੁੱਕਾ ਸੀ ਕਾਰਖ਼ਾਨਾ ।

— ਤੁਸੀਂ ਕੌਣ ਹੋ ? ਕਿਉਂ ਆਏ ਹੋ ? ਕਿਸ ਨੂੰ ਮਿਲਣਾ ਹੈ ? ਕੀ ਕੰਮ ਹੈ ? ਕਿਥੋਂ ਆਏ ਹੋ ? ਉਹ ਘੀਚੜ ਬੁੱਢਾ ਭੱਦੀ ਆਵਾਜ਼ ਵਿਚ ਬੱਕ ਗਿਆ । ਮੈਨੂੰ ਬੜੀ ਖਿੱਝ ਆਈ, ਮੈਂ ਕਿਹਾ — ਪਰਾਂ ਹਟ ਤੂੰ ਕੌਣ ਹੈਂ, ਪੁੱਛਣ ਵਾਲਾ ਚੌਂਕੀਦਾਰ ਹੈਂ ? ਇਕ ਪਾਸੇ ਹਟਾ ਕੇ ਅੰਦਰ ਰਿਹਾਇਸ਼ ਵਾਲੇ ਕਮਰੇ ਵਿਚ ਚਲਿਆ ਗਿਆ, ਅੰਦਰ ਚਾਚੀ ਤੇ ਇਕ ਬੁੱਢੜੀ ਆਰਾਮ ਕੁਰਸੀਆਂ ਤੇ ਬੈਠੀਆਂ ਹੋਈਆਂ ਸਨ । ਮੈਂ ਸਮਝ ਗਿਆ ਕਿ ਇਹ ਚਾਚੀ ਦੇ ਮਾਂ ਪਿਉ ਹਨ । ਉਹ ਬੁੱਢਾ ਅੰਮ੍ਰਿਤਸਰ ਲੱਕੜ ਮੰਡੀ ਦਾ ਰਹਿਣ ਵਾਲਾ ਹੈ । ਜਦ ਚਾਚੇ ਦਾ ਦੂਜਾ ਵਿਆਹ ਹੋਇਆ ਇਹ ਰੇਲਵੇ ਵਿਚ ਗਾਰਡ ਸੀ ।......ਚਾਚੀ ਮੈਨੂੰ ਵੇਖ ਕੇ ਖਿੜ ਪਈ । ਝੱਟ ਉਠ ਕੇ ਮੈਨੂੰ ਉਹਨੇ ਤੇ ਮੈਂ ਉਸ ਨੂੰ ਜੱਫੀ ਪਾਉਣ ਪਏ । ਪਰ ਮੇਰੇ ਸਾਹਮਣੇ ਉਸ ਦੀ ਮਾਂ ਉਸ ਦੇ ਸਾਹਮਣੇ ਉਸ ਦਾ ਪਿਉ, ਮਸਾਂ ਸੰਭਲੇ, ਝਿਜਕ ਕੇ ਰਹਿ ਗਏ । ਹੱਥ ਫਿਰ ਵੀ ਮਿਲ ਗਏ । ਪ੍ਰਕਾਸ਼ ਪਹਿਲੇ ਵਾਂਗ ਇਕ ਖ਼ੂਬਸੂਰਤ ਬੁੱਤ ਸੀ । ਜਲਾਲ ਸਾਰਾ ਉੱਡ ਗਿਆ ਸੀ । ਮਾਂ ਨੂੰ ਚਾਹ ਬਣਾਉਣ ਲਈ ਕਿਹਾ ਤੇ ਮੇਰੇ ਨਾਲ ਗੱਲਾਂ ਕਰਨ ਲੱਗੀ । ਪਹਿਲੇ ਨਜ਼ਰਾਂ ਵਿਚ ਨਜ਼ਰਾਂ ਪਾ ਕੇ ਗੱਲਾਂ ਕਰਦੀ ਹੁੰਦੀ ਸੀ ਹੁਣ ਉਹ ਨੀਵੀਆਂ ਅੱਖਾਂ ਕਰਕੇ ਕਰ ਰਹੀ ਸੀ । ਕਦੇ ਕਦੇ ਉਤਾਂਹ ਨੈਣ ਕਰਦੀ । ਉਸ ਦੇ ਦੋ ਤਿੰਨ ਹੰਝੂ ਡਿੱਗ ਪਏ । ਮੈਂ ਝੱਟ ਹੱਥ ਨਾਲ ਪੂੰਝ ਦਿੱਤੇ । ਚਾਚੇ ਦਾ ਗੁਲਜਾਰ ਉਜੜਿਆ ਪਿਆ ਸੀ । ਪ੍ਰਕਾਸ਼ ਉਠੀ ਅਲਮਾਰੀ ਵਿਚੋਂ ਇਕ ਤਸਵੀਰ ਕੱਢ ਕੇ ਲਿਆਈ । ਮੈਨੂੰ ਵਿਖਾ ਕੇ ਕਹਿਣ ਲੱਗੀ — ਲੈ ਜਸਵੰਤ ਤੂੰ ਮੈਨੂੰ ਸੁਹਾਗਣ ਹੋਈ ਨੂੰ ਵੇਖਿਆ ਸੀ, ਸਿਹਰਾ ਵੀ ਬੋਲਿਆ ਸੀ ਨਾ । ਹੁਣ ਮੈਨੂੰ ਰੰਡੀ ਹੋਈ ਨੂੰ ਵੀ ਵੇਖ ਲੈ । — ਤਸਵੀਰ ਵਿਚ ਚਾਚੇ ਦੀ ਲਾਸ਼ ਪਈ ਸੀ । ਪ੍ਰਕਾਸ਼ ਸਿਰ ਖੁਲ੍ਹੇ ਬਾਂਹ ਉੱਚੀ ਕਰਕੇ ਉਸ ਦੇ ਸਿਰ ਵੱਲ ਬੈਠੀ ਵੈਣ ਪਾ ਰਹੀ ਸੀ । ਵੇਖਿਆਂ ਮੇਰੇ ਗਲੇਡੂ ਭਰ ਆਏ । ਤਲੀ ਨਾਲ ਪੂੰਝ ਲਏ । ਕੀ ਗੱਲ ਹੋਈ ਸੀ ਚਾਚੀ ? — ਮੈਂ ਉਦਾਸ ਹੋਏ ਨੇ ਪੁੱਛਿਆ ।......ਬੱਸ ਜਦੋਂ ਦਾ ਭਾਈਆ ਜੀ ਨੇ ਸਭ ਕੁਝ ਹਰੀ ਸਿੰਘ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਂ ਲਿਖ ਦਿੱਤਾ ਸੀ, ਇਹ ਪਰੇਸ਼ਾਨ ਸਨ। ਬੜਾ ਗ਼ਮ ਕਰਦੇ ਰਹਿੰਦੇ, ਮੇਰੀ ਸਾਰੀ ਕਮਾਈ ਜਾਇਆ ਗਈ ? ਮੈਂ ਕੀ ਹੋਇਆ ? ਉਹਨਾਂ ਨੂੰ ਇਹੋ ਝੋਰਾ ਲੱਗਾ ਰਹਿੰਦਾ। ਜਿਸ ਦਿਨ ਮਰਨਾ ਸੀ ਘਰੋਂ ਗਏ ਮੈਂ ਰੋਟੀ ਦਾ ਡੱਬਾ ਫੜਾਇਆ, ਬਾਹਰ ਜਾ ਕੇ ਫਿਰ ਮੁੜ ਆਏ। ਮੈਂ ਕਿਹਾ ਕਿਉਂ ਮੁੜ ਆਏ ਹੋ ? ਅੱਗੋਂ ਕਹਿਣ ਲੱਗੇ ਤੈਨੂੰ ਮੁੜ ਕੇ ਵੇਖਣ ਤੇ ਜੀਅ ਕਰ ਆਇਆ। ਮੈਂ ਹੱਸ ਪਈ ਉਹਨਾਂ ਮੈਨੂੰ ਜੱਫੀ ਵਿਚ ਲੈ ਕੇ ਚੁੰਮ ਲਿਆ ਤੇ ਚਲੇ ਗਏ। ਉਹ ਉਲਬਫ਼ੜੀਆਂ ਸਟੇਸ਼ਨ ਤੇ ਉਤਰੇ ਉਥੇ ਕੰਮ ਚਲਦਾ ਸੀ। ਕੰਮ ਉਤੇ ਡਿੱਗ ਪਏ ਬੱਸ। ਅੱਗੋਂ ਨਾ ਬੋਲ ਸਕੇ। ਮਾਂ ਉਹਦੀ ਚਾਹ ਤੇ ਉਰਾ-ਪਰਾ ਲਿਆਈ, ਅਸਾਂ ਪੀਤੀ। ਉਹਦਾ ਮਾਂ ਪਿਉ ਸਾਨੂੰ ਇਕੱਲਿਆਂ ਨਹੀਂ ਸੀ ਹੋਣ ਦਿੰਦੇ। ਚਾਚੀ ਦਾ ਇਕ ਭਰਾ ਵੀ ਕੋਲ ਸੀ, ਕਿਤੇ ਕਲਕੱਤੇ ਵਿਚ ਕੋਰਸ ਕਰਦਾ। ਮੈਂ ਚਾਚੀ ਨਾਲ ਸਾਰਾ ਕਾਰਖ਼ਾਨਾ ਵੇਖਿਆ। ਮਸ਼ੀਨਾਂ ਤੇ ਹੋਰ ਸਭ ਕੁਝ ਉਦਾਸ ਪਿਆ ਸੀ। ਸਾਫ਼ ਪਰ ਓਦਰਿਆ ਹੋਇਆ। ਆਰਾ ਮਸ਼ੀਨ ਮੈਨੂੰ ਕਹਿ ਰਹੀ ਸੀ, ਏਥੇ ਯਤੀਮ ਰੁਲਦਾ ਰਿਹਾ ਸੈਂ ਨਾ ?

ਚਾਚੀ ਉੱਠ ਕੇ ਖਲੋ ਕੇ ਕੰਮ ਕਰਨ ਵਾਲੀ ਰਸੋਈ ਵਿਚ ਰੋਟੀ ਬਣਾਉਣ ਲੱਗ ਪਈ। ਮੈਂ ਉਹਦੇ ਲਾਗੇ ਜਾ ਖਲੋਤਾ। ਉਹ ਕੰਮ ਕਰਦੀ, ਮੈਂ ਵੇਖੀ ਜਾਂਦਾ। ਮਾਂ ਕਦੇ ਆਵੇ ਕਦੇ ਜਾਵੇ। ਚਾਹ ਰਿਹਾ ਸਾਂ ਚਾਚੀ ਮਾਸਾ ਮੁਸਕਾਵੇ ਪਰ ਉਸ ਦੇ ਬੁੱਲ੍ਹਾਂ 'ਚੋਂ ਮਹਿਕ ਮਿੱਟੀ ਰੁਮਾਂਟਕ ਮੁਸਕੜੀ ਮੁੱਕ ਚੁਕੀ ਸੀ। ਰੋਟੀ ਅਸਾਂ ਦੋਹਾਂ ਲਾਗੇ ਲਾਗੇ ਬਹਿ ਕੇ ਖਾਧੀ, ਮੇਰੇ ਸਾਹਮਣੇ ਦੀਵਾਰ ਉਤੇ ਚਾਚੇ ਦੀ ਤਸਵੀਰ ਵੱਡੀ ਸਾਰੀ ਕਰਾ ਕੇ ਟੰਗੀ ਪਈ ਸੀ। ਦੋ ਹਾਰ ਤਾਜ਼ੇ ਫੁੱਲਾਂ ਦੇ ਪਏ ਸਨ — ਰੋਜ਼ ਤਾਜ਼ੇ ਫੁੱਲਾਂ ਦੇ ਹਾਰ ਪਾਉਂਦੀ ਹਾਂ ਬਾਹਾਂ ਦੀ ਥਾਂ, ਇਹਨਾਂ ਦੇ ਗਲ।......ਮੈਂ ਰੋਟੀ ਖਾਂਦੇ ਨੇ ਪੁੱਛਿਆ — ਪ੍ਰੀਤਲੜੀ ਅਜੇ ਆਉਂਦੀ ਹੈ ਨਾ ? — ਉਹਨੇ ਨੀਵੀਂ ਅੱਖੀਂ ਕਿਹਾ — ਬੰਦ ਕਰਾ ਦਿੱਤੀ ਹੈ, ਉਂਜ ਲਾਈਫ਼ ਮੈਂਬਰ ਸਾਂ। — ਉਹਦਾ ਪਿਉ ਸਾਡੇ ਦਵਾਲੇ ਤਾਣਾ ਤਣੀ ਜਾ ਰਿਹਾ ਸੀ। — ਜਿਸ ਦਿਨ ਜਾਏਂਗਾ ਮਿਲ ਕੇ ਜਾਈਂ। — ਹਾਂ ਜ਼ਰੂਰ ਚਾਚੀ। ਪਹਿਲਾਂ ਵਾਂਗ ਉਸ ਨੇ ਚਾਚੀ ਲਫ਼ਜ਼ ਰਾਹ ਵਿਚੋਂ ਨਹੀਂ ਤੋੜਿਆ।

ਪੰਜਾਬ ਆਉਣ ਲੱਗਾ ਸ਼ਾਮ ਨੂੰ ਮੈਂ ਗਿਆ — ਬੁੱਢਾ ਵੇਖ ਕੇ ਸੜ ਗਿਆ। ਬੁੱਢੜੀ ਤੇ ਹੈ ਹੀ ਸਾੜੇ ਦਾ ਰੂਪ ਸੀ। ਚਾਚੀ ਕੁਝ ਬਿਮਾਰ, ਪਲੰਗ ਉਤੇ ਰਜਾਈ ਲੈ ਕੇ ਲੰਮੀ ਪਈ ਹੋਈ ਸੀ। ਮੈਂ ਥੋੜ੍ਹੀ ਸ਼ਰਾਬ ਪੀਤੀ ਹੋਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ । [illegible] ਮੇਰੇ ਲਾਗੇ ਪਲੰਗ ਉਤੇ ਬਹਿ ਜਾ, ਕੁਰਸੀ ਉਥੇ ਰਹਿਣ ਦੇ । ਮੈਂ ਪਲੰਗ ਉਤੇ ਬਹਿ ਗਿਆ । ਮੱਥੇ ਨੂੰ ਹੱਥ ਲਾਇਆ, ਗੱਲਾਂ ਨੂੰ ਤਲੀਆਂ ਨਾਲ ਵੇਖਿਆ । ਹੱਥ ਰਜਾਈ ਦੇ ਅੰਦਰ ਖੜ ਕੇ ਪਿੰਡਾ ਵੇਖਿਆ । ਬੁਖਾਰ ਮੱਠਾ ਮੱਠਾ ਸੀ । ਮਾਂ ਉਸ ਦੀ ਸਾਹਮਣੇ ਕੁਰਸੀ ਉਤੇ ਆ ਕੇ ਬਹਿ ਗਈ । ਜੀਅ ਕਰਦਾ ਸੀ ਪ੍ਰਕਾਸ਼ ਨੂੰ ਰਜਾਈ ਸਣੇ ਘੁੱਟ ਲਵਾਂ । ਇਕ ਨਾ ਮੁੱਕਣ ਵਾਲਾ ਚੁੰਮਣ ਲਵਾਂ ਤੇ ਦੋਏਂ ਇਕੱਠੇ ਚਾਚੇ ਕੋਲ ਚਲੇ ਜਾਈਏ । ਪਰ......

......ਸਾਰਿਆਂ ਨੂੰ ਰਾਜ਼ੀ ਖ਼ੁਸ਼ੀ ਆਖੀਂ, ਮੁੜ ਕੇ ਆਏਂ ਤੇ ਸਿੱਧਾ ਕਾਰਖ਼ਾਨੇ ਆਈਂ । ਮੈਂ ਆ ਗਿਆ, ਬੁੱਢਾ ਬਾਹਰ ਉਸ ਥਾਂ ਖਲੋਤਾ ਸੀ ।

ਕਲਕੱਤਾ ਮੈਨੂੰ ਉਜੜਿਆ ਲੱਗਾ । ਲਖਨਊ ਤੱਕ ਗੱਡੀ ਵਿਚ ਆਉਂਦਿਆਂ ਇਕ ਛੰਦ ਵਿਚ ਸੱਤਾਂ ਛਕਲੀਆਂ ਦੀ ਕਵਿਤਾ ਲਿਖੀ, ਨਾਂ ਸੀ "ਤੇਰੀ ਕਬਰ 'ਤੇ" ਇਹ ਕਈ ਥਾਈਂ ਮਸ਼ਹੂਰ ਹੋਈ । ਕੁਝ ਬੰਦ ਇੰਝ ਕਰਕੇ ਸਨ :–

ਤੇਰੀ ਕਬਰ ਤੇ ਆਈ ਆਂ ਨੇਕ ਬਖਤਾ,
ਆਪਣੇ ਦੁਖਾਂ ਦੇ ਮੁੱਢੇ ਅਟੇਰਨੇ ਲਈ,
ਉੱਗਣ ਘਾਹ ਬਣ ਕੇ ਤੇਰੀ ਕਬਰ ਉਤੇ,
ਬੀਜ ਅੱਖੀਆਂ ਦੇ ਆਈ ਕੇਰਨੇ ਲਈ ।

ਇਕ ਹੋਰ ਮਿਸਰਾ ਸੀ :–

ਮੇਰੀ ਗੋਦ ਨਾ ਖੇਡਿਆ ਲਾਲ ਕੋਈ,
ਕਿਸ ਪੁੱਛਣਾ ਏ ਪਤਾ ਨਾਵਿਆਂ ਦਾ,
ਖ਼ਤ ਅਜੇ ਵੀ ਡਾਕੀਆ ਦੇ ਜਾਂਦਾ,
ਮਰਨ ਵਾਲਿਆ ਤੇਰੇ ਸਰਨਾਵਿਆਂ ਦਾ ।

ਅੰਤਲਾ ਸ਼ੇਅਰ ਸੀ :–

ਦੱਮ ਰਹੇ ਜਗਾਵਾਂਗੀ ਨਿੱਤ ਦੀਵਾ,
ਪਿੱਛੋਂ ਰੱਬ ਦੇ ਆਸਰੇ ਸੱਜਣਾ ਵੇ,
ਕਬਰ ਵਿਚ ਰਵਾਲ ਕੁ ਥਾਂ ਰੱਖੀਂ,
ਅਸਾਂ ਦੂਰ ਨਾ ਤੇਰੇ ਤੋਂ ਭੱਜਣਾ ਵੇ ।

ਪ੍ਰਕਾਸ਼ ਦੀ ਮਤਰੇਈ ਦੋਹਤੀ ਜੋ ਧੀ ਬਣਾਈ ਹੋਈ ਸੀ ਉਹ ਵੀ ਅਤੇ ਜਿਹੜਾ ਵੱਡੇ ਚਾਚੇ ਹਰਨਾਮ ਸਿੰਘ ਦਾ ਇਕ ਲੜਕਾ ਕਲਕੱਤੇ ਰਹਿੰਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੀ ਕੰਮ ਚਲਾਈ ਰੱਖਣ ਲਈ, ਸਭ ਬੁੱਢੇ ਬੁੱਢੀ ਨੇ ਕਢਵਾ ਦਿੱਤੇ ਸਨ। ਅਤੇ ਚਾਚੀ ਦਾ ਗਹਿਣਾ ਗੱਟਾ ਵੀ ਅੱਜੀਂ ਪੱਜੀਂ ਉਹਨਾਂ ਤੋਂ ਖੋਹ ਲਿਆ ਸੀ। ਇਕ ਦਿਨ ਪਤਾ ਲੱਗਾ ਪ੍ਰਕਾਸ਼ ਕੌਰ ਬਰਬਾਦ ਹੋ ਕੇ ਮਰ ਗਈ ਹੈ।

ਲਖਨਊ ਉਤਰਿਆ ਆਪਣੇ ਭਰਾ ਦੇ ਘਰ ਗਿਆ। ਉਸ ਦੀ ਪਤਨੀ, ਉਸ ਦਾ ਸਹੁਰਾ ਬਹੁਤ ਖ਼ੁਸ਼ ਹੋਏ। ਸੱਸ ਉਸ ਦੀ ਬਹੁਤ ਖ਼ੁਸ਼ ਹੋਈ। ਮੈਨੂੰ ਠੀਕ ਉਸ ਨੇ ਜਵਾਈ ਦਾ ਵੱਡਾ ਭਰਾ ਸਮਝਿਆ ਸੀ। ਜੋਧ ਸਿੰਘ ਮੈਨੂੰ ਜਿਸ ਨੂੰ ਮਿਲਾਉਂਦਾ, ਕਹਿੰਦਾ ਇਹ ਮੇਰੇ ਵੱਡੇ ਭਰਾ ਜੀ ਨੇ ਜਿਨ੍ਹਾਂ ਮੈਨੂੰ ਨਿੱਕੇ ਹੁੰਦੇ ਨੂੰ ਬੜਾ ਖਿਡਾਇਆ ਹੋਇਆ ਹੈ।

ਸਾਲਗਰਾਮ ਸੂਰੀ ਨੇ ਖ਼ੂਬ ਲਖਨਊ ਵਿਖਾਇਆ। ਆਪਣੀ ਅਤਰ ਬਣਾਉਣ ਦੀ ਫ਼ੈਕਟਰੀ ਵੀ ਦਿਖਾਈ। ਇਕ ਰਾਤ ਰਘੁਨਾਥ ਸਹਾਏ ਵੱਲ ਰਿਹਾ। ਹਰ ਰਾਤ ਕਿਤੇ ਨਾ ਕਿਤੇ ਵਿਸਕੀ ਪਾਰਟੀ ਹੁੰਦੀ। ਲਖਨਊ ਦੇ ਸਾਰੇ ਇਕੱਠੇ ਮਿਲਦੇ ਬਜ਼ਾਰਾ ਦਾ ਚੌਂਕ ਪੰਜਾਬੀਆਂ ਮੱਲਿਆ ਹੋਇਆ ਸੀ। ਪੰਜਾਬਣਾਂ ਉਥੇ ਫਿਰਦਿਆਂ ਦਿਲਾਂ ਨੂੰ ਖੋਹੀ ਜਾਂਦੀਆਂ। ਗੱਭਰੂ ਟੌਹਰ ਨਾਲ ਕਦਮ ਪੁੱਟਦੇ। ਮੈਂ ਜਿੰਨਾਂ ਕੁ ਦੇਸ ਵਿਚ ਫਿਰ ਚੁੱਕਾ ਹਾਂ, ਪੰਜਾਬੀ ਗੱਭਰੂਆਂ, ਮੁਟਿਆਰਾਂ ਦੀ ਬਾਡੀ ਵਰਗੀ ਕਿਸੇ ਦੀ ਬਾਡੀ ਨਹੀਂ, ਜਿਵੇਂ ਕੁਦਰਤ ਨੇ ਖਰਾਦੇ ਚਾੜ੍ਹ ਕੇ ਕਿਤੋਂ ਪਤਲੀ. ਕਿਤੋਂ ਭਾਰੀ, ਕਿਤੋਂ ਗੋਲ, ਕਿਤੋਂ ਚੌੜੀ। ਪੰਜਾਬੀਆਂ ਵਾਲੀ ਤੁਰਨੀ ਕਿਸੇ ਨੂੰ ਨਹੀਂ ਆਉਂਦੀ। ਜਿੱਥੇ ਪੰਜਾਬੀ ਗਏ, ਖ਼ੂਬਸੂਰਤ ਉਸਾਰੀ, ਮਿਹਨਤ, ਦਰੁਸਤ ਕਮਾਈ, ਪੰਜਾਬੀ, ਸਭਿਆਚਾਰ, ਮੁਹਾਵਰੇ, ਬੋਲੀਆਂ, ਲੋਕ-ਗੀਤ ਵਗੈਰਾ ਦਿੱਤੇ। ਜੇ ਸਾਰੇ ਦੇਸ਼ ਵਿਚੋਂ ਪੰਜਾਬੀ ਕੱਢ ਲਏ ਜਾਣ ਤਾਂ......ਮੈਨੂੰ ਲਫ਼ਜ਼ ਨਹੀਂ ਲੱਭਦੇ।

ਸਾਹਿਤਕਾਰ ਪ੍ਰਦੇਸ਼ਾਂ ਵਿਚ ਜਾਂਦੇ ਹਨ, ਜਾਣ। ਪਰ ਲਖਨਊ ਜ਼ਰੂਰ ਕੁਝ ਦਿਨ ਰਹਿ ਕੇ ਵੇਖਣ। ਉਰਦੂ ਜ਼ਬਾਨ ਉਹਨਾਂ ਮੂੰਹੋਂ ਇਸ ਤਰ੍ਹਾਂ ਫੱਬਦੀ ਹੈ ਕਿ ਸੁਨਣ ਵਾਲੇ ਦੇ ਰੋਮ ਰੋਮ ਵਿਚ ਸਵਾਦ ਦੀ ਝੁਣਝੁਣੀ ਲਾ ਦਿੰਦੀ ਹੈ। ਸਮਝ ਭਾਵੇਂ ਨਾ ਆਏ ਉਚਾਰਨ ਦਾ ਦਿਮਾਗ ਨੂੰ ਫਿਰ ਵੀ ਆਨੰਦ ਆਉਂਦਾ ਹੈ। ਲਖਨਊ ਵਿਚ ਅਜੇ ਵੀ ਵੱਡੇ ਮਹੱਲ ਤੇ ਵੱਡੀਆਂ ਹਵੇਲੀਆਂ ਵੇਸਵਾਵਾਂ ਦੀਆਂ ਹਨ। ਘਰੀਂ ਟੈਲੀਫੋਨ ਲੱਗੇ ਹੋਏ। ਵੇਸਵਾ ਧਨ ਕਾਇਮ। ਢੰਗ ਨਵਾਂ ਹੋ ਗਿਆ ਹੈ ਮਾਰਕਿਟ ਅਨੁਸਾਰ।

ਰਤਨ ਸਿੰਘ ਨੇ ਇਥੇ ਉਰਦੂ ਸ਼ਾਇਰਾਂ ਤੇ ਲੇਖਕਾਂ ਦੀ ਮੀਟਿੰਗ ਸੱਦੀ। ਮੇਰੀ ਜ਼ਬਾਨ ਨੂੰ ਉਹਨਾਂ ਪਸੰਦ ਕੀਤਾ ਮੇਰੇ ਇਕ ਮਿਸਰੇ ਨੂੰ ਉਹਨਾਂ ਬੇਹੱਦ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਲਾਹਿਆ। ਮੈਨੂੰ ਉਸ ਮਿਸਰੇ ਦੀ ਪਾਇਉਂ ਦਾ ਪਤਾ ਨਹੀਂ ਸੀ। ਉਹ ਕਵਿਤਾ ਸੁਹਰੇ ਗਈ ਧੀ ਨੂੰ ਚਿੱਠੀ ਸੀ, ਮਿਸਰਾ ਸੀ, "ਸੱਤ ਰੰਗਾਂ ਦੀ ਪੀਂਘ ਵਾਂਗ ਤੂੰ ਕਦੇ ਕਦੇ ਪਾਵੇਂਗੀ ਫੇਰੀ" ਬਲਵੰਤ ਸਿੰਘ ਕਹਾਣੀਕਾਰ ਨੇ ਕਿਹਾ — ਧੀ ਨੂੰ ਇਹ ਕੁਝ ਰਾਹੀ ਜੀ ਤੁਸਾਂ ਹੀ ਆਖਿਆ ਹੈ। ਮੈਨੂੰ ਆਪਣਾ ਆਪ ਕੁਝ ਜਾਪਿਆ।

ਮੇਰੇ ਨਾਲ ਇਕ ਮੀਟਿੰਗ ਯਸ਼ਪਾਲ ਦੇ ਘਰ ਹੋਈ, ਵੀਹ ਕੁ ਹਿੰਦੀ ਤੇ ਉਰਦੂ ਵਾਲੇ ਸਨ। ਬੜੀਆਂ ਗੱਲਾਂ, ਸੁਨਣਾ ਤੇ ਸੁਨਾਉਣਾ ਹੋਇਆ। ਯਸ਼ਪਾਲ ਮੇਰਾ ਹਿੰਦੀ ਵਿਚ ਚਹੇਤਾ ਸਾਹਿਤਕਾਰ ਹੈ। ਉਸ ਨੇ ਕਿਹਾ — ਰਾਹੀ ਜੀ ਜਿਸ ਤਰ੍ਹਾਂ ਤੁਸਾਂ ਅੰਮ੍ਰਿਤਸਰ ਲੇਖਕਾਂ ਦਾ ਇਕੱਠ ਕੀਤਾ ਸੀ ਮੈਂ ਉਹੋ ਜਿਹਾ ਪਹਿਲੀ ਵਾਰ ਵੇਖਿਆ। ਇਤਨੇ ਲਿਖਾਰੀ, ਇਤਨੇ ਸ਼ਾਇਰ, ਇਤਨੇ ਸਿਆਣੇ ਤੇ ਸਬਰ ਸੰਤੋਖ ਵਾਲੇ, ਕਮਾਲ ਸੀ। ਸਾਡੇ ਇਥੇ ਤਾਂ ਥੋੜ੍ਹੇ ਜਿਹੇ ਇਕੱਠੇ ਹੋ ਕੇ ਲੜ ਪੈਂਦੇ ਹਨ।......ਮੈਂ ਉਹਨਾਂ ਨੂੰ ਆਖਿਆ — ਯਸ਼ਪਾਲ ਜੀ ਉਸ ਸਾਰੀ ਮਿਲਣੀ ਦਾ ਮੋਹਰੀ ਮਿਹਨਤ ਸਣੇ ਪ੍ਰ: ਕਰਨਜੀਤ ਸਿੰਘ ਸੀ।

ਸਾਲਗਰਾਮ ਸੂਰੀ ਨਾਲ ਕਈ ਕੁਝ ਹੋਰ ਵੇਖਿਆ। ਤਿੰਨ-ਚਾਰ ਪੁਸਤਕਾਂ ਹਿੰਦੀ ਦੀਆਂ ਲਈਆਂ। ਪੰਜ ਛੇ ਦਿਨ ਰਹਿ ਕੇ ਆਪਣੀ ਝੁੱਗੀ ਵਿਚ ਮੁੜ ਆਇਆ। ਉਦੋਂ ਚਾਰ ਸੌ ਰੁਪਿਆ ਬਚਿਆ ਸੀ। ਮੌਜਾਂ ਲੱਗ ਗਈਆਂ। ਮੇਰੀ ਕਲਮ ਤੇ ਮੇਰੇ ਮਿੱਤਰ ਮੇਰੇ ਪਾਲਣਹਾਰ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਠੋਕਰਾਂ ਤੇ ਸੁਹੱਪਣ

ਬੰਬਈ ਕਵੀ ਦਰਬਾਰ ਉਤੇ ਗਿਆ। ਸਟੇਸ਼ਨ ਉਤੇ ਕਰਤਾਰੋ ਤੇ ਉਸ ਦੀ ਸਹੇਲੀ ਲੈਣ ਆਈਆਂ ਹੋਈਆਂ ਸਨ। ਕਰਤਾਰੋ ਬੜੀ ਧਾਰਮਿਕ ਸੀ। ਸਾਧਾਂ ਸੰਤਾਂ ਨੂੰ ਮਿਲਣ ਅਤੇ ਕੀਰਤਨ ਸੁਣਨ ਦੀ ਸ਼ੌਕੀਨ। ਗੁਰੂ ਨਾਨਕ ਦਾ ਕਵੀ ਦਰਬਾਰ ਹੋਣ ਕਰਕੇ ਮੈਂ ਗਰਮ ਬਿਸਤਰਾ ਲੈ ਗਿਆ ਸਾਂ। ਭਰ ਸਰਦੀਆਂ ਸਨ। ਗਰਮ ਸੂਟ ਤੇ ਇਕ ਗਰਮ ਕੋਟ ਵੀ। ਗਰਮ ਕੋਟ ਮੈਂ ਬੰਬਈ ਦੇ ਨੇੜੇ ਗਰਮੀ ਲੱਗਣ ਕਰਕੇ ਲਾਹ ਦਿੱਤਾ। ਸਮਝ ਨਹੀਂ ਸੀ ਆ ਰਹੀ ਇਹ ਗਰਮੀ ਕਿਉਂ ਹੈ?

ਜਦ ਮੈਂ ਪਲੇਟਫ਼ਾਰਮ ਉਤੇ ਉਤਰਿਆ। ਉਹ ਆ ਗਈਆਂ। ਹੱਸ ਪਈਆਂ। ਸਤ ਸ੍ਰੀ ਅਕਾਲ ਹੋਈ। ਕਰਤਾਰੋ ਨੇ ਕਿਹਾ — ਗਰਮ ਪੈਂਟ ਤੇ ਸਵੈਟਰ ਲਾਹ ਦਿਉ ਵੇਖ ਕੇ ਲੋਕ ਮਖੌਲ ਕਰਨਗੇ। ਬਿਸਤਰਾ ਕੀ ਕਰਨਾ ਸੀ। ਏਥੇ ਤੇ ਲੋਕ ਰਾਤ ਨੂੰ ਪੱਖਾ ਲਾਉਂਦੇ ਹਨ। ਮੈਂ ਹੁਕਮ ਮੰਨਿਆ। ਉਹਨਾਂ ਕੁਲੀ ਕੀਤਾ। ਘਰ ਪਹੁੰਚ ਗਏ। ਜੈਨੀਆਂ ਦੀ ਕੋਠੀ ਸੀ। ਇਕ ਕਮਰੇ ਵਿਚ ਕਰਤਾਰੋ ਸੀ। ਇਕ ਵਿਚ ਉਸ ਦੀ ਸਹੇਲੀ ਤੇ ਉਸ ਦੀਆਂ ਦੋਏਂ ਕੁੜੀਆਂ। ਇਹਨਾਂ ਦੋਹਾਂ ਦੀ ਪਤੀ ਨਾਲ ਗੜਬੜ ਕਰਕੇ ਆਪ ਟੀਚਰਾਂ ਅਲਹਿਦਾ ਰਹਿੰਦੀਆਂ। ਕਰਤਾਰੋ ਕੋਲ ਇਕ ਨਿੱਕਾ ਕਮਰਾ ਸੀ। ਦੂਜੀ ਮੰਜੀ ਨਹੀਂ ਸੀ ਆ ਸਕਦੀ। ਮੈਂ ਬਰਾਂਡੇ ਵਿਚ ਸੌਂਦਾ। ਉਸ ਨੇ ਮੇਰੇ ਕੱਪੜੇ ਧੋਤੇ। ਕਈ ਗੱਲਾਂ ਬੰਬਈ ਵਿਚ ਰਹਿਣ ਦੀਆਂ ਦੱਸੀਆਂ। ਜਿਸ ਤਰ੍ਹਾਂ ਕਿ ਮੈਲੇ ਕੱਪੜੇ ਨਾ ਪਾਇਆ ਕਰੋ, ਇਥੇ ਰਿਵਾਜ਼ ਨਹੀਂ। ਮੈਂ ਧੋ ਦਿਆ ਕਰਾਂਗੀ।

ਕਵੀ ਦਰਬਾਰ ਭੁਗਤਾਇਆ। ਇਕ ਦੋ ਦਿਨ ਹੋਰ ਹੋਰ ਥਾਈਂ ਵੀ ਕਵਿਤਾਵਾਂ ਬੋਲੀਆਂ। ਮੇਰੇ ਕਈ ਸਿਆਲਕੋਟ ਤੇ ਲਾਹੌਰ ਦੇ ਮਿੱਤਰ ਮਿਲੇ। ਮੈਂ ਮਸਾਂ ਬੋਲਣ ਦਾ ਗੁਜ਼ਾਰਾ ਕੀਤਾ। ਪੈਸੇ ਉਹ ਲੋਕ ਝੱਟ ਦਿੰਦੇ ਸਨ। ਗੁਰਪੁਰਬ ਉਤੇ ਆਟਾ ਮਸ਼ੀਨਾਂ ਗੰਨਦੀਆਂ। ਸਬਜੀਆਂ ਚੀਰਦੀਆਂ, ਇਤਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੰਗਰ ਹੁੰਦਾ, ਜਾਪਦਾ ਸਾਰੀ ਬੰਬਈ ਰੋਟੀ ਖਾਣ ਆ ਗਈ। ਹਰਨਾਮ ਸਿੰਘ ਨਾਜ਼ ਕੋਲ ਰਾਤ ਰਿਹਾ। ਸੁਖਬੀਰ ਕੋਲ ਇਕ ਰਾਤ ਰਿਹਾ। ਸੁਖਬੀਰ ਤੇ ਇਕ ਕਲਮ-ਮਸ਼ੀਨ ਸੀ ਜਿਹੜੀ ਚਾਬੀ ਲਾਇਆਂ ਚਲਦੀ ਰਹਿੰਦੀ ਸੀ। ਅਨੁਵਾਦ ਤੇ ਹਰ ਸਮੇਂ ਰਚਨਾ ਕਰਨੀ ਪੈਂਦੀ। ਆਪਣੇ ਪਿਤਾ ਦੇ ਘਰ ਵੀ ਉਹ ਓਪਰਾ ਸੀ। ਪਿਉ ਠੇਕੇਦਾਰ ਸੀ, ਪਹਿਲੀ ਵਾਰ ਦੇਖਿਆ ਕਿ ਇਕੋ ਸਾਂਝੇ ਘਰ ਵਿਚ ਵੱਖਰਾ ਕਿਸ ਤਰ੍ਹਾਂ ਰਹੀ ਦਾ ਹੈ। ਉਸ ਨੇ ਵੀ ਬਹੁਤਾ ਮੈਨੂੰ ਇਹੋ ਆਖਿਆ — ਰਾਹੀ ਤੂੰ ਸਾਹਿਤ ਵੱਲ ਪਉ। ਤੇਰੇ ਅੰਦਰ ਸਾਹਿਤ ਹੈ। ਨਾਹਰੇ-ਬਾਜ਼ੀ ਛੱਡ ਦੇ। ਉਸ ਨੇ ਆਪਣੇ ਪ੍ਰੀਤਲੜੀ ਵਿਚ ਕੰਮ ਕਰਨ ਦੀਆਂ ਕਈ ਮਾੜੀਆਂ ਗੱਲਾਂ ਦੱਸੀਆਂ। ਬੋਲਿਆ ਮੈਂ ਨਵਤੇਜ ਦੀ ਜੰਞੇ ਗਿਆ। ਉਹ ਦਿਨ ਮੇਰਾ ਤਨਖ਼ਾਹ 'ਚੋਂ ਕੱਟ ਲਿਆ। ਰੋਜ਼ਾਨਾ ਲਿਖਣ ਦਾ ਵੀ ਸਬਕ ਦਿੱਤਾ। ਕਿਸੇ ਪਰਚੇ ਵਿਚ ਹਰ ਹਫ਼ਤੇ ਕੋਈ ਫੀਚਰ ਲਿਖਣ ਲਈ ਮੈਨੂੰ ਆਖਿਆ, ਪੱਕੀ ਕੀਤੀ।

ਫਿਲਮੀ ਸਟੂਡਿਉ ਵੇਖੇ। ਜਨਤਕ ਸਟੂਡਿਉ ਕੋਲ ਵੀ ਇਕ ਰਾਤ ਰਿਹਾ। ਦਿੱਲੀ ਮੈਨੂੰ ਰੂਪਾ ਨੇ ਵਿਖਾਈ ਸੀ। ਬੰਬਈ ਮੈਨੂੰ ਕਰਤਾਰੋ ਤੇ ਉਸ ਦੀ ਸਹੇਲੀ ਨੇ ਵਿਖਾਈ। ਇਕ ਹਫ਼ਤਾ ਸਕੂਲੋਂ ਛੁੱਟੀ ਕਰ ਲਈ ਉਸ ਨੇ। ਵਰਣਨ ਕੀ ਕਰਾਂ ਜਿੰਨੀ ਦੇਖ ਸਕਿਆ ਦੇਖੀ। ਜਦੋਂ ਉਹ ਸਕੂਲ ਗਈ ਮੈਨੂੰ ਉਥੇ ਆਉਣ ਲਈ ਕਿਹਾ। ਮੈਂ ਗਿਆ। ਦਸ ਬਾਰਾਂ ਹੋਰ ਟੀਚਰਾਂ ਸਨ, ਸਭ ਪੰਜਾਬਣਾਂ। ਸਕੂਲ ਕੁੜੀਆਂ ਦਾ ਗੁਰਦੁਆਰੇ ਵੱਲੋਂ ਪ੍ਰਾਈਵੇਟ ਚਲ ਰਿਹਾ ਸੀ। ਇਕ ਕਮਰੇ ਵਿਚ ਪਹਿਲੋਂ ਚਾਹ ਹੋਈ ਫਿਰ ਕਰਤਾਰੋ ਨੇ ਮੇਰੀ ਜਾਣ ਪਛਾਣ ਕਰਵਾਈ, ਗੱਲ ਕਰਦੀ ਨੇ ਆਖਿਆ — ਇਹਨਾਂ ਨੇ ਮੈਨੂੰ ਜ਼ਿੰਦਗੀ ਦਿੱਤੀ ਹੈ। ਮੈਂ ਕਿਤਨੀ ਮਾਯੂਸ ਸਾਂ। ਆਤਰ ਸਾਂ। ਇਹਨਾਂ ਦੀਆਂ ਚਿੱਠੀਆਂ, ਕਵਿਤਾਵਾਂ ਤੇ ਮਿਲਣ ਨੇ, ਗੱਲਾਂ ਕਰਨ ਨੇ ਮੇਰੇ ਅੰਦਰ ਮੁੜ ਕੇ ਜੀਉਣ ਦਾ ਚਾਅ ਪੈਦਾ ਕਰ ਦਿੱਤਾ ਹੈ।......ਮੈਂ ਤਿੰਨ ਚਾਰ ਕਵਿਤਾਵਾਂ ਸੁਣਾਈਆਂ। ਗੁਰਦੁਆਰੇ ਮੇਰੀ ਸਾਈਕਲ ਨਜ਼ਮ ਕਿਸੇ ਲਾਹੌਰੀਏ ਨੇ ਸਿਫ਼ਾਰਿਸ਼ ਨਾਲ ਸੁਣੀ ਸੀ, ਉਹ ਇਕ ਟੀਚਰ ਦੇ ਕਹਿਣ ਤੇ ਸੁਣਾਈ। ਕਈਆਂ ਸਵਾਲ ਕੀਤੇ ? ਮੈਂ ਅਕਲ ਅਨੁਸਾਰ ਉੱਤਰ ਦਿੱਤੇ। ਉਹ ਸਾਰੀਆਂ ਬੜੀਆਂ ਖ਼ੁਸ਼। ਉਥੋਂ ਦੋਏਂ ਪੈਦਲ ਤੁਰੇ, ਲਾਗੇ ਸਮੁੰਦਰ ਸੀ। ਉਥੇ ਗਏ। ਰੇਤ ਉੱਤੇ ਕਿਸੇ ਭਾਰਤ ਮਾਤਾ ਬਣਾਈ ਹੋਈ ਸੀ। ਬਹੁਤ ਖ਼ੂਬਸੂਰਤ। ਉਥੇ ਰੁਪਿਆ ਚੜ੍ਹਾ ਦਿੱਤਾ। ਕਰਤਾਰੋ ਬੋਲੀ — ਕਿਥੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਥੇ ਰੁਖਿਆਂ ਚੜ੍ਹਉਗੇ। ਇਥੇ ਤਾਂ ਥਾਂ ਥਾਂ ਹੁੰਦਾ ਹੈ ਵਧੀਆ ਕੰਮ, ਮਾਮੂਲੀਆਂ ਬੰਦਿਆਂ ਨੇ ਕੀਤੇ ਹੋਏ ਹਨ। ਇਹ ਸ਼ਹਿਰ ਵੇਖ ਕੇ ਜਾਪਦਾ ਸੀ ਮੈਂ ਸਾਰੀ ਦੁਨੀਆਂ ਵੇਖ ਲਈ ਹੈ। ਅੱਤ ਗਰੀਬ ਅਤੇ ਅਮੀਰ ਲੋਕ ਟਰੇਨ ਉਤੇ ਬੈਠਿਆਂ ਹੋਇਆਂ ਕਈ ਭਝੱਤਰੀ ਵਾਲੇ ਸੀਨ ਬਦਲ ਜਾਂਦੇ ਸਨ। ਬੇਹੱਦ ਊਚ-ਨੀਚ ਹਮਵਾਰੀ ਕਿਤੇ ਵੀ ਨਾ। ਲੋਕ ਮਸ਼ੀਨਾਂ, ਪਲ ਪਲ ਵੰਡਿਆ ਹੋਇਆ। ਉਥੋਂ ਮੈਂ ਹਿੰਦੀ ਵਿਚ ਅਨੁਵਾਦ "ਲੇਡੀ ਚਟਰਲੀ ਕਾ ਪ੍ਰੇਮੀ" ਨਾਵਲ ਖ਼ਰੀਦ ਕੇ ਪੜ੍ਹਿਆ ਬੜਾ ਪਸੰਦ ਆਇਆ।

ਬੇਦੀ ਰਾਜਿੰਦਰ ਸਿੰਘ ਜੀ ਨੂੰ ਮਿਲਣ ਬਾਝੋਂ ਨਹੀਂ ਸਾਂ ਆ ਸਕਦਾ। ਦਿਲ ਨਹੀਂ ਸੀ ਲੱਗਦਾ। ਕਿਸੇ ਮਿੱਤਰ ਜਾਂ ਵਾਕਿਫ਼ ਕੋਲ ਸਮਾਂ ਨਹੀਂ ਸੀ। ਪੰਜ ਮਿੰਟ ਠਹਿਰ ਕੇ ਗੱਲ ਕਰਨ ਦਾ। ਬੜੀ ਮੁਸ਼ਕਲ ਨਾਲ ਉਹਨਾਂ ਦਾ ਅਸਥਾਨ ਲੱਭਾ। ਇਕ ਥਾਂ ਤੋਂ ਟੈਲੀਫ਼ੋਨ ਕੀਤਾ, ਉਹ ਇਕ ਸੜਕ ਦੇ ਗੋਲ-ਧਾਰੇ ਕੋਲ ਆ ਗਏ। ਮੈਂ ਮੱਥਾ ਟੇਕਿਆ ਬੜੀ ਸ਼ਾਂਤੀ ਮਿਲੀ। ਉਥੇ ਹੋਰ ਐਕਟਰ ਵੀ ਆਏ, ਗੱਪਾਂ ਮਾਰ ਕੇ ਚਲੇ ਗਏ। ਦੋ ਤਿੰਨ ਨੌਜਵਾਨ ਫ਼ਿਲਮਾਂ ਵਿਚ ਹੀਰੋ ਬਣਨ ਲਈ ਬੇਦੀ ਜੀ ਦੀ ਸਿਫ਼ਾਰਿਸ਼ ਮੰਗਣ ਆਏ। ਬੇ-ਆਸ ਚਲੇ ਗਏ। ਗੱਲਾਂ ਵਿਚ ਬੇਦੀ ਜੀ ਨੇ ਮੈਨੂੰ ਕਿਹਾ — ਰਾਹੀ ਸਾਹਿਤਕਾਰ ਜਾਂ ਸ਼ਾਇਰ ਕਿਸੇ ਪਾਰਟੀ ਦਾ ਮੈਂਬਰ ਨਹੀਂ ਹੋਣਾ ਚਾਹੀਦਾ ਸਿਧਾਂਤ ਭਾਵੇਂ ਕੋਈ ਅਪਨਾ ਲਏ। ਡਿਸਿਪਲਿਨ ਸਾਹਿਤ ਲਈ ਹਾਨੀਕਾਰਕ ਸਿੱਧ ਹੁੰਦਾ ਹੈ। ਵੇਖ ਮੈਂ ਪਾਰਟੀ ਨਾਲ ਹਾਂ ਤਰੱਕੀ ਪਸੰਦ ਅੰਜੁਮਨ ਦਾ ਸਰਗਰਮ ਮੈਂਬਰ ਹਾਂ। ਜਿਵੇਂ ਕਹਿੰਦੇ ਹਨ ਕਰਦਾ ਹਾਂ। ਪਰ ਮੈਂ ਮੈਂਬਰ ਨਹੀਂ। ਬਾਹਰਲੇ ਕਮਰੇ ਵਿਚ ਰਾਧਾ ਸਵਾਮੀ ਦੀ ਵੱਡੀ ਫ਼ੋਟੋ ਲੱਗੀ ਹੋਈ ਹੈ। ਸਰਦਾਰ ਜਾਫਰੀ ਕਹਿਣ ਲੱਗਾ ਬੇਦੀ ਸਾਹਿਬ ਤੁਸੀਂ ਇਹ ਕੀ ਲਾਇਆ ਹੋਇਆ ਹੈ ? ਮੈਂ ਕਿਹਾ ਤੁਹਾਨੂੰ ਕੀ ਮੈਨੂੰ ਇਥੋਂ ਸ਼ਾਂਤੀ ਮਿਲਦੀ ਹੈ। ਤੁਹਾਥੋਂ ਕਿਥੋਂ ਨੱਠਿਆ ਹਾਂ ਮੈਨੂੰ ਦੱਸੋ। ਹਰ ਗੱਲ ਉਹਨਾਂ ਦੀ ਮੈਂ ਆਪਣੇ ਲਈ ਮਰਹਮ ਸਮਝ ਰਿਹਾ ਸਾਂ। ਗੱਲਾਂ ਵਿਚ ਉਹਨਾਂ ਮੈਨੂੰ ਹੋਰ ਗੱਲ ਦੱਸੀ — ਮਿੰਟੋ ਦੀ ਬਰਸੀ ਮਨਾਉਣੀ ਸੀ। ਜਾਫਰੀ ਤੇ ਹੋਰ ਦੋ ਅਜ਼ੀਜ਼ ਮੇਰੇ ਕੋਲ ਆਏ ਕਹਿਣ ਲੱਗੇ "ਬੇਦੀ ਜੀ, ਮਿੰਟੋ ਪਰ ਕੁਝ ਲਿਖੀਏ" ਮੈਂ ਚੁੱਪ ਕਰ ਰਿਹਾ, ਗੱਲਾਂ ਵਿਚ ਗੱਲਾਂ ਵਾਈ ਰੱਖੀਆਂ। ਤੀਜੀ ਵਾਰੀ ਉਹਨਾਂ ਆਖਿਆ "ਬੇਦੀ ਜੀ ਹਮ ਨੇ ਅਰਜ਼ ਕੀ ਹੈ ਆਪ ਮਿੰਟੋ ਪਰ ਕੁਝ ਲਿਖੀਏ" ਮੈਂ ਆਖਰੀ ਉਹਨਾਂ ਨੂੰ ਇਹ ਉੱਤਰ ਦਿੱਤਾ "ਜਾਫਰੀ ਸਾਹਿਬ ਮੈਂ ਯੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਾਨਤਾ ਹੂ ਮਿੰਟੋ ਏਕ ਹੀ ਥਾ ਭਾਰਤ ਮੇਂ ਸੈਕਸ ਪਰ ਲਿਖਣੇ ਵਾਲਾ।' ਉਸ ਨੇ ਕਮਾਲ ਲਿਖਾ ਹੈ। ਮਗਰ ਏਕ ਲੇਖਕ ਕਾ ਸਿਰਫ਼ ਸਾਹਿਤ ਕੀ ਤਰਫ਼ ਹੀ ਜ਼ੁੰਮੇਵਾਰੀ ਨਹੀਂ ਹੋਤੀ। ਉਸ ਦੀ ਦੇਸ਼ ਕੀ ਤਰਫ਼, ਦੋਸਤੋਂ ਕੀ ਤਰਫ਼, ਪਰਿਵਾਰ ਕੀ ਤਰਫ਼ ਜ਼ੁੰਮੇਵਾਰੀ ਹੋਤੀ ਹੈ। ਸਾਰੀ ਦੁਨੀਆਂ ਕੀ ਤਰਫ਼ ਭੀ ਹੋਤੀ ਹੈ। ਮਗਰ ਉਸ ਨੇ ਸਿਵਾਏ ਆਪਣੀ ਪੂਰੀ ਤਾਕਤ ਸਾਹਿਤ ਪਰ ਲਗਾ ਕਰ ਔਰ ਕੋਈ ਜ਼ੁੰਮੇਦਾਰੀ ਨਹੀਂ ਨਿਭਾਈ। ਇਸ ਲੀਏ ਮੈਂ ਉਸ ਪਰ ਨਹੀਂ ਲਿਖ ਸਕਤਾ।''

ਬੇਦੀ ਜੀ ਦੀਆਂ ਗੱਲਾਂ ਹੁਣ ਤਕ ਮੇਰੀ ਅਗਵਾਈ ਕਰ ਰਹੀਆਂ ਹਨ। ਉਹ ਮੈਥੋਂ ਇਕ ਸਾਲ ਨਿੱਕੇ ਸਨ। ਮੇਰੀਆਂ ਨਜ਼ਰਾਂ ਵਿਚ ਮਹਾਨ ਸਨ, ਕਦੇ ਇਤਨੇ ਉੱਚੇ ਕਿ ਮੇਰੀ ਤੱਕਣੀ ਅਖ਼ੀਰ ਤਕ ਪਹੁੰਚ ਨਹੀਂ ਸੀ ਸਕਦੀ।

ਮੈਂ ਉਦੋਂ ਮਿਊਂਸਪਲ ਕਮਿਸ਼ਨਰ ਸਾਂ। ਬੇਦੀ ਜੀ ਨੇ ਆਖਿਆ — ਰਾਹੀ ਅੱਜ ਦਸ ਤਾਰੀਖ ਹੈ, ਰਾਜਕਪੂਰ ਨੇ ਪੰਜਾਬੀ ਮੁਸ਼ਾਇਰਾ ਕਰਾਉਣਾ ਹੈ। ਉਹਨਾਂ ਨੇ ਪੰਜ ਪੰਜ ਸੌ ਰੁਪਿਆ ਪੰਜਾਬੋਂ ਸੱਦੇ ਕਵੀਆਂ ਨੂੰ ਦੇਣਾ ਹੈ। ਤੇਰੀ ਗੱਲ ਉਸ ਨਾਲ ਕੀਤੀ ਸੀ, ਤੂੰ ਰਹੁ ਤੈਨੂੰ ਉਹ ਤਿੰਨ ਸੌ ਰੁਪਿਆ ਦੇਣਗੇ।......ਮੈਂ ਨਿਮਰਤਾ ਨਾਲ ਉੱਤਰ ਦਿੱਤਾ — ਬੇਦੀ ਜੀ ਅੱਜ ਮੈਂ ਤੇਰਾਂ ਤਾਰੀਖ ਦੀ ਟਿਕਟ ਬੁੱਕ ਕਰਾ ਆਇਆ ਹਾਂ, ਜ਼ਰੂਰ ਚਲਾ ਜਾਵਾਂਗਾ। ......ਉਹਨਾਂ ਕਿਹਾ, ਨਾ ਜਾ, ਹੋਰ ਪੈਸੇ ਹੋ ਜਾਣਗੇ। ਆਇਆ ਹੈਂ, ਕਾਮਰੇਡ ਹੈਂ, ਲੈ ਜਾ।

ਮੈਂ ਉੱਤਰ ਦਿੱਤਾ — ਬਾਬਾ ਜੀ ਮੈਨੂੰ ਇਥੇ ਕੋਈ ਆਪਣਾ ਨਹੀਂ ਲੱਗਦਾ। ਹਰ ਕੋਈ ਘੋੜੀ ਚੜ੍ਹਿਆ ਮਿਲਦਾ ਹੈ। ਬਸ ਕਹੇਗਾ ਤੁਹਾਨੂੰ ਮਿਲ ਕੇ ਬੜੀ ਖ਼ੁਸ਼ੀ ਹੋਈ, ਫਿਰ ਕਿਸੇ ਵਕਤ ਮਿਲਿਓ। ਮੈਂ ਬੰਬਈ ਵਿਚ ਇੰਝ ਫਿਰ ਰਿਹਾ ਹਾਂ ਜਿਵੇਂ ਗਵਾਚੀ ਵੈੜ੍ਹ ਚੌਣੇ ਵਿਚ। ਬੇਦੀ ਜੀ ਹੱਸ ਪਏ, ਮੈਂ ਕਹਿੰਦਾ ਗਿਆ, ਮੈਂ ਅੱਜ ਕੱਲ੍ਹ ਆਪਣੇ ਸ਼ਹਿਰ ਦਾ ਮਿਊਂਸਪਲ ਕਮਿਸ਼ਨਰ ਹਾਂ, ਸਾਡੀ ਕਮੇਟੀ ਦੀ ਦਾਤੋ ਸਫ਼ਾਈ ਵਾਲੀ ਮੁਲਾਜ਼ਮ ਹੈ, ਜਦ ਮਿਲਦੀ ਹੈ ਕਹਿੰਦੀ ਹੈ, "ਮੱਥਾ ਟੇਕਨੀ ਆਂ ਜੀ"। ਬੇਦੀ ਜੀ, ਪੂਰੀ ਜਿਸਮ ਸਣੇ ਰੂਹ ਸਣੇ ਖਿੜ ਜਾਂਦੀ ਹੈ। ਸਾਰੀ ਬੰਬਈ ਵਿਚ ਇਕ ਦਾਤੋ ਨਹੀਂ ਮਿਲੀ ਮੈਨੂੰ।''

ਬੇਦੀ ਜੀ ਖ਼ੂਬ ਹੱਸੇ — ਰਾਹੀ ਬਿਲਕੁਲ ਠੀਕ, ਇਥੇ ਲੋਕ ਮਸ਼ੀਨ ਹਨ। ਹਰ ਕੰਮ ਪੈਸੇ ਲਈ, ਹਰ ਗੱਲ ਮਤਲਬ ਲਈ, ਇਹੋ ਜਿਹਾ ਸਕੂਨ ਏਥੇ ਨਹੀਂ ਹੈ

CC-0. In Public Domain. Gurukul Kangri Collection, Haridwar

ਜਿਹੋ ਜਿਹਾ [illegible] Digitized by Arya Samaj Foundation Chennai and eGangotri

ਫਿਰ ਹੋਰ ਗੱਲਾਂ ਹੁੰਦੀਆਂ ਰਹੀਆਂ — ਰਾਹੀ ਮੈਂ ਅੱਜ-ਕੱਲ੍ਹ ਇਕ ਸਿੱਧੀ ਰਚਨਾ ਪੰਜਾਬੀ ਵਿਚ ਕਰ ਰਿਹਾ ਹਾਂ "ਇਕ ਚਾਦਰ ਅੱਧੋ ਰਾਣੀ"। ਮੈਂ ਖ਼ੁਸ਼ੀ ਪ੍ਰਗਟ ਕੀਤੀ। ਉਹਨਾਂ ਨੂੰ ਆਪਣੀ ਪਹਿਲੀ ਕਹਾਣੀਆਂ ਦੀ ਪੁਸਤਕ "ਦੋਜ਼ਕ ਦੀ ਅੱਗ" ਪੇਸ਼ ਕੀਤੀ। ਉਹਨਾਂ ਸਿਰ ਤੇ ਰੱਖੀ। ਮੈਂ ਕਿਹਾ, "ਬੇਦੀ ਜੀ ਇਸ ਪੁਸਤਕ ਦੀ ਪਹਿਲੀ ਤੇ ਆਖ਼ਰੀ ਕਹਾਣੀ ਜ਼ਰੂਰ ਪੜ੍ਹਿਉ। ਉਹਨਾਂ ਆਖਿਆ, ਰਾਹੀ ਮੈਂ ਸਾਰੀਆਂ ਕਹਾਣੀਆਂ ਪੜ੍ਹਾਂਗਾ। ਮੈਂ ਖ਼ੁਸ਼ ਹਾਂ, ਤੂੰ ਵੀ ਕਹਾਣੀਆਂ ਲਿਖਦਾ ਹੈਂ।"

ਬੰਬਈ ਤੋਂ ਆ ਗਿਆ। ਜਦ ਮੁੜ ਕੇ ਦੋ ਤਿੰਨ ਵਾਰੀ ਗਿਆ, ਉਹਨਾਂ ਦੇ ਚਰਨ ਛੂਹ ਕੇ ਸਿੱਖਿਆ ਲੈ ਕੇ ਮੁੜਦਾ। ਘਰ ਪਹੁੰਚ ਕੇ ਮੈਂ ਬੰਬਈ ਉਤੇ ਇਕ ਕਹਾਣੀ ਲਿਖੀ ਸੀ "ਸ਼ਰਾਬ ਉਤਰ ਗਈ"। ਸਾਡੀ ਇਕ ਤਿੱਕੜੀ ਬਣ ਗਈ ਸੀ, ਸਾਹਿਤ ਵਿਚ। ਮੈਂ, ਮਹਿਰਮ ਤੇ ਸੁਖਪਾਲ ਵੀਰ ਸਿੰਘ ਹਸਰਤ। ਉਹ ਲੋਕ ਸੰਪਰਕ ਵਿਭਾਗ ਦਾ ਜਿਲ੍ਹਾ ਅਫ਼ਸਰ ਲੱਗ ਗਿਆ। ਜਿਸ ਜਿਲ੍ਹੇ ਵਿਚ ਜਾਂਦਾ, ਸਾਨੂੰ ਸੱਦਾ ਦਿੰਦਾ ਰਹਿੰਦਾ। ਹੋਰ ਤਿੰਨ ਚਾਰ ਉਸ ਵਰਗੇ ਅਫ਼ਸਰਾਂ ਨਾਲ ਸਾਡੀ ਵਾਕਫ਼ੀਅਤ ਬਣ ਗਈ।

ਮੈਂ ਦੁੱਖਾਂ, ਕਸ਼ਟਾਂ, ਤੰਗੀਆਂ, ਔਕੜਾਂ, ਪਰੇਸ਼ਾਨੀਆਂ ਵਿਚੋਂ ਖ਼ੁਸ਼ੀਆਂ ਲੱਭਦਾ। ਹਰ ਸਮਾਜੀ ਤੌਰ ਤੇ ਭੈੜੇ ਅਤੇ ਬਦਨਾਮ ਬੰਦੇ ਤੋਂ ਉਸ ਦੇ ਤਜ਼ਰਬੇ ਸੁਣਦਾ। ਨਿਰਣਾ ਹੈ ਕਿ ਮੈਂ ਇਹਨਾਂ ਲੱਭਤਾਂ ਵਿਚੋਂ ਕਾਫ਼ੀ ਸਫਲ ਹੋ ਜਾਂਦਾ ਸਾਂ। ਦੋ ਬੰਦਿਆਂ ਤੋਂ ਮੈਂ ਸਾਰੀ ਸਾਰੀ ਰਾਤ ਲਟੀਫ਼ੇ ਸੁਣੇ ਹਨ। ਗੁਰਦਾਸਪੁਰੀ ਅਤੇ ਗੁਰਦੇਵ ਸਿੰਘ ਮਾਨ ਕੋਲੋਂ। ਜਿਹੜਾ ਰੂਸੋਂ ਆਉਂਦਾ, ਇੰਗਲੈਂਡੋਂ ਆਉਂਦਾ ਜਾਂ ਹੋਰ ਕਿਸੇ ਮੁਲਕੋਂ ਆਉਂਦਾ। ਮੈਨੂੰ ਮਿਲ ਪੈਂਦਾ, ਉਸ ਤੋਂ ਇਕ ਸਧਾਰਨ ਬੰਦਾ ਬਣ ਕੇ ਬੜਾ ਕੁਝ ਪੁੱਛਦਾ ਰਹਿੰਦਾ। ਸਭ ਤੋਂ ਪਹਿਲਾਂ ਮੇਰੀ ਕਵਿਤਾ ਉਤੇ ਹਸਰਤ ਨੇ ਲਿਖਿਆ ਸੀ, ਨਾਂ ਸੀ "ਸੱਚੀ ਕਵਿਤਾ।"

ਮੇਰੀਆਂ ਧਾਰਮਿਕ ਕਵਿਤਾਵਾਂ ਵਿਚ ਕੋਈ ਕਰਮਾਤਾਂ, ਭਰਮ, ਭੁਲੇਖੇ, ਮਜ਼੍ਹਬੀ, ਜਨੂੰਨ, ਬੇ-ਮਾਇਨੇ, ਅਲੰਕਾਰ ਜਾਂ ਉਪਮਾਵਾਂ ਨਹੀਂ ਸਨ ਹੁੰਦੀਆਂ। ਨੇਕੀ ਦੇ ਖਿਲਾਫ਼, ਜ਼ੁਲਮ ਦੇ ਖਿਲਾਫ਼ ਸ਼ਹੀਦੀਆਂ ਹੁੰਦੀਆਂ, ਤਵਾਰੀਖੀ ਸੱਚ ਹੁੰਦਾ। ਝੂਠੀਆਂ ਗੱਲਾਂ ਨਹੀਂ ਸੀ ਹੁੰਦੀਆਂ। ਅਸਲੀ ਸਮੇਂ ਦੀ ਤਸਵੀਰ ਹੁੰਦੀ। ਮੇਰੀ ਖ਼ਾਸ 35 ਕਵਿਤਾਵਾਂ ਦੀ ਇਕ ਪੁਸਤਕ ਵੀ ਤਿੰਨ ਕੁ ਸਾਲ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਏ ਛਪੇ ਸੀ, ਲੋਕਾਂ ਸੀ ''ਆਦੇਸ ਤਿਸੈ ਆਦੇਸ'' ਮਕਬੂਲ ਹੋਏ। ਕਾਪੀਆਂ ਨਹੀਂ ਸਨ ਲੱਭਦੀਆਂ। ਇਕ ''ਸੀਸ ਦੀ ਮੰਗ'' ਕਵਿਤਾ ਦਾ ਇਕ ਇਜ਼ਹਾਰ ਹੈ। ਗੁਰੂ ਗੋਬਿੰਦ ਸਿੰਘ ਸੀਸ ਮੰਗਦੇ ਹਨ, ਕੀ ਕਹਿੰਦੇ ਹਨ :-

ਸ਼ਮ੍ਹਾ ਅੱਜ ਕੁਰਬਾਨੀ ਦੀ ਜਗ ਪਈ ਹੈ,
ਜਿਗਰਾ ਵੇਖਣਾ ਅਜਾਂ ਪਰਵਾਨਿਆਂ ਦਾ,
ਉਥੇ ਮਹਿਲ ਉਸਾਰਨਾ ਚਾਹੁੰਦਾ ਹਾਂ,
ਜਿਥੇ ਰਿਹਾ ਚੋਂਦਾ ਛੱਪਰ ਕਾਨਿਆਂ ਦਾ।

ਇਸ ਕਵਿਤਾ ਨੇ ਮੈਨੂੰ ਤੇ ਕਈਆਂ ਹੋਰਨਾਂ ਢਾਡੀਆਂ ਨੂੰ ਬਹੁਤ ਰੁਪਏ ਕਮਾ ਕੇ ਦਿੱਤੇ। ਧਾਰਮਿਕ ਬਹੁਤੀਆਂ ਅਤੇ ਹੋਰ ਥੋੜ੍ਹੀਆਂ। ਕਈਆਂ ਨੇ ਮੈਥੋਂ ਲਿਖਵਾਣੀਆਂ, ਬੋਲੀਆਂ। ਮੈਂ ਆਪਣੇ ਕੋਲ ਉਹਨਾਂ ਦੀ ਨਕਲ ਨਹੀਂ ਰੱਖੀ, ਕਿ ਬੇਇਮਾਨ ਨਾ ਹੋ ਜਾਵਾਂ। ਮੇਰੀ ਹਰ ਲਿਖਤ ਵਿਚ ਕਿਤੇ ਨਾ ਕਿਤੇ ਮੈਂ ਜ਼ਰੂਰ ਹਾਂ। ਸਭ ਕੁਝ ਜ਼ਿੰਦਗੀ ਲਈ ਸਮਝਦਾ ਹਾਂ। ਜੋ ਜ਼ਿੰਦਗੀ ਲਈ ਨਹੀਂ ਉਹ ਜ਼ਿੰਦਗੀ ਦਾ ਦੁਸ਼ਮਣ ਹੈ। ਜੋ ਧਰਮ, ਮਜ਼੍ਹਬਵਾਦ, ਫਲਸਫੇ, ਪੰਜੇ ਕਲਾਵਾਂ ਜ਼ਿੰਦਗੀ ਲਈ ਹਨ। ਜ਼ਿੰਦਗੀ ਕਿਸੇ ਲਈ ਨਹੀਂ ਹੈ। ਜ਼ਿੰਦਗੀ ਹੀ ਅਸਲ ਰੱਬ ਹੈ। ਜਿਨ੍ਹਾਂ ਦੀ ਜਾਂ ਜਿੰਨੇ ਕਰਤੱਵੀ ਜ਼ਿੰਦਗੀ ਦੇ ਖਿਲਾਫ਼ ਜਾਂਦੇ ਹਨ, ਸਾਰਿਆਂ ਦਾ ਮੈਂ ਵੈਰੀ ਹਾਂ। ਗੋਰਕੀ ਨੇ ਕਿਹਾ ਹੈ ''ਜੋ ਕੁਝ ਵੀ ਦੁਨੀਆਂ ਉਤੇ ਬਣਿਆ ਦਿਸਦਾ ਹੈ ਸਭ ਬੰਦੇ ਦੀ ਕਰਾਮਾਤ ਹੈ।'' ਅੱਜ ਸਾਹਿਤਕਾਰ ਅਤੇ ਸ਼ਾਇਰ ਦਾ ਪਹਿਲਾ ਫਰਜ਼ ਹੈ, ਜ਼ਿੰਦਗੀ ਦੇ ਵੈਰੀਆਂ ਨੂੰ ਪਛਾਣੇ। ਜੋ ਉਹਨਾਂ ਨੂੰ ਖ਼ਤਮ ਨਾ ਕਰ ਸਕੇ ਉਹਨਾਂ ਨੂੰ ਨੰਗਿਆਂ ਕਰਕੇ ਦੱਸੇ ਕਿ ਵੇਖੋ ਜ਼ਿੰਦਗੀ ਦੇ ਦੁਸ਼ਮਣ, ਸਭ ਕੁਝ ਜ਼ਿੰਦਗੀ ਲਈ ਹੈ ਤਾਂ ਸਾਹਿਤ ਕਿਸ ਤਰ੍ਹਾਂ ਬੇ-ਮਕਸਦ ਤੇ ਆਵਾਰਾ ਹੋ ਸਕਦਾ ਹੈ।

ਮੈਂ ਰਾਮਗੜ੍ਹੀਆਂ, ਕਾਰਖ਼ਾਨੇਦਾਰਾਂ ਨਾਲ ਕਾਫ਼ੀ ਵੱਧ ਗਿਆ ਸੀ। ਖ਼ਾਸ ਕਰਕੇ ਉਸਾਹਨ ਪਰਿਵਾਰ ਨਾਲ। ਉਹਨਾਂ ਦਿਆਂ ਪ੍ਰੋਗਰਾਮਾਂ, ਭੋਗਾਂ, ਵਿਆਹਾਂ ਵਿਚ ਮੈਨੂੰ ਜ਼ਰੂਰ ਸੱਦਾ ਦਿੰਦੇ। ਬੋਲਦਾ, ਮੈਨੂੰ ਖ਼ੂਬ ਪੈਸੇ ਦਿੰਦੇ। ਅੰਮ੍ਰਿਤਸਰੀਏ ਖ਼ੁਸ਼ੀ ਵਿਚ ਆ ਕੇ ਕਹਿੰਦੇ — ਸਰਦਾਰ ਨੂੰ ਤੇਰੇ ਸ਼ਹਿਰ ਲੈ ਆਉਂਦੇ ਹਾਂ ਤੂੰ ਕਾਂਗਰਸ ਵਿਚ ਆ ਜਾ, ਮੈਂ ਟਾਲ ਛੱਡਦਾ। ਜਿੰਨੇ ਉਹ ਅੱਯਾਸ਼ ਅਤੇ ਗੰਦੀਆਂ ਕਰਤੂਤਾਂ ਅਤੇ ਹੰਕਾਰੀ ਸਨ, ਮੈਨੂੰ ਸਖਾਉਂਦੇ ਨਹੀਂ ਸਨ। ਹਰ ਤਰੀਕੇ ਵਿਚ ਪਾਰਟੀ ਵਿਚ ਰਹਿਣਾ ਚਾਹੁੰਦਾ ਸਾਂ। ਬੱਚੇ ਚੰਗੇ ਬਣਾਉਣੇ ਚਾਹੁੰਦਾ ਸਾਂ। ਕਵਿਤਾ ਤੇ ਆਪਣੀ ਸਾਹਿਤ-ਕਿਰਤ ਨੂੰ ਸਾਹਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਲਿਆਉਣਾ ਚਾਹੁੰਦਾ ਸਾਂ । ਇਸ ਕੰਮ ਲਈ ਪੈਸਾ ਜ਼ਰੂਰ ਚਾਹੀਦਾ ਸੀ । ਇਸ ਕਰਕੇ ਪੈਸਾ ਵਸੀਲਾ ਸੀ, ਇਸ ਮੇਲ-ਜੋਲ ਨੂੰ ਸਮਝਦਾ ਸਾਂ । ਇਸ ਸਾਰੇ ਕਰਮ 'ਚੋਂ ਮੇਰੇ ਸੱਚੇ ਮਿੱਤਰ ਵੀ ਤਿੰਨ ਚਾਰ ਨਿਕਲ ਆਏ । ਉਹ ਪਾਰਟੀ ਨੂੰ ਚੰਗਾ ਸਮਝਦੇ । ਮੈਥੋਂ ਪਾਰਟੀ ਬਾਰੇ ਹਮੇਸ਼ਾਂ ਪੁੱਛਦੇ ਰਹਿੰਦੇ । ਪ੍ਰੋਲਤਾਰੀ ਫ਼ਲਸਫੇ ਬਾਰੇ ਬਹਿਸ ਕਰਦੇ ।

ਮੈਂ ਹੁਣ ਪਾਰਟੀ ਲਈ ਅੰਨ੍ਹੇਵਾਹ ਨਹੀਂ ਸਾਂ ਭੱਜਿਆ ਨੱਠਿਆ ਰਹਿੰਦਾ । ਜਿੱਥੇ ਦਿਹਾੜੀ ਰਹਿੰਦਾ ਉਥੇ ਰਾਤ ਪਾਰਟੀ ਹਮਦਰਦਾਂ ਤੇ ਮੈਂਬਰਾਂ ਦਾ ਸਕੂਲ ਲਾਉਂਦਾ । ਕਈ ਵਾਰੀ ਨੱਠੀਆਂ ਵਿਚ ਜਾਂਦਾ । ਇਸ ਨਾਲ ਮੇਰੀ ਤਾਲੀਮ ਵੀ ਵੱਧ ਜਾਂਦੀ, ਲੋਕ ਪਾਰਟੀ ਵੱਲ ਮੂੰਹ ਕਰਦੇ । ਇਹ ਤਰੀਕਾ ਮੈਨੂੰ ਬੜਾ ਪਸੰਦ ਆਉਂਦਾ । ਜਲਸਿਆਂ ਵਿਚ ਮੈਨੂੰ ਜ਼ਰੂਰ ਸੱਦਿਆ ਜਾਂਦਾ । ਉਥੇ ਵੀ ਪਾਰਟੀ ਦੀਆਂ ਗੱਲਾਂ ਕਰਦਾ । ਜਲਸੇ ਵਿਚ ਤਕਰੀਰ ਵੀ ਕਰਦਾ, ਰਾਤ ਨੂੰ ਸਕੂਲ ਵੀ ਲਾਉਂਦਾ । ਕਾਮਰੇਡ ਤੇ ਲੋਕ ਮੈਨੂੰ ਪਸੰਦ ਕਰਦੇ । ਕਾਮਰੇਡਾਂ ਦੇ ਘਰ ਮੈਨੂੰ ਘਰ ਦਾ ਜੀ ਸਮਝਦੇ । ਮੈਨੂੰ ਡਰ ਕਿਸੇ ਲੀਡਰ ਜਾਂ ਕਿਸੇ ਪਾਰਟੀ ਦੇ ਜ਼ਾਬਤੇ ਤੋਂ ਲੱਗਣਾ ਹਟ ਗਿਆ ਸੀ । ਕਿਸੇ ਵੀ ਅਲੈਕਸ਼ਨ ਵਿਚ ਖਲੋਣ ਦੀ ਕਸਮ ਖਾ ਚੁੱਕਾ ਸਾਂ । ਭਾਵੇਂ ਪਾਰਟੀ ਦੀ, ਭਾਵੇਂ ਆਵਾਮ ਦੀ ।

ਪ੍ਰਿਥੀਪਾਲ ਸਿੰਘ ਉਸਾਹਨ ਦੇ ਮੁੰਡੇ ਦਾ ਵਿਆਹ ਆ ਗਿਆ । ਮੈਂ ਵੀ ਜਾਣਾ ਸੀ । ਗਿਆ, ਬਟਾਲੇ ਰਿਸ਼ਤਾ ਸਰਦਾਰ ਫੌਂਡਰੀ ਵਾਲਿਆਂ ਦੀ ਕੁੜੀ ਨਾਲ ਸੀ । ਦੋਹੇਂ ਸਾਮੀਆਂ ਨਰੋਈਆਂ, ਖ਼ਰਚ ਖਾਂ ਤੇ ਅੱਯਾਸ਼ ਸਨ । ਔਰਤ ਸ਼ਰਾਬ ਇਹਨਾਂ ਦਾ ਸ਼ੁਗਲ । ਘਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਇਕ ਕਮਰਾ ਵੱਖਰਾ । ਗਿਆਨੀ ਜ਼ੈਲ ਸਿੰਘ ਉਦੋਂ ਮਾਸਕੋ ਹੋ ਕੇ ਆਇਆ ਸੀ । ਉਹ ਵੀ ਆਇਆ । ਜੈ ਇੰਦਰ ਸਿੰਘ, ਅੰਮ੍ਰਿਤਸਰ ਦਾ ਕਾਂਗਰਸੀ ਲੀਡਰ, ਹਰ ਗੁੰਡਾ, ਹਰ ਜਵਾਰੀਆਂ ਦਾ ਅੱਡਾ ਉਹਦੇ ਹੁਕਮ ਵਿਚ । ਹਰ ਥਾਣਾ ਉਸ ਦੇ ਥੱਲੇ । ਉਹ ਵੀ ਕਾਰ ਉਤੇ ਸਫ਼ਰ ਕਰ ਰਿਹਾ ਸੀ । ਮੇਰੇ ਨਾਲ ਸਾਰੇ ਨਰਮ ਸਨ । ਜਦ ਜੰਞ ਦਾ ਕਾਫ਼ਲਾ ਅੰਮ੍ਰਿਤਸਰੋਂ ਬਟਾਲੇ ਨੂੰ ਰਵਾਨਾ ਹੋਣ ਲੱਗਾ ਤਾਂ ਪਤਾ ਲੱਗਾ ਸ: ਪ੍ਰਤਾਪ ਸਿੰਘ ਕੈਰੋਂ ਦਾ ਕਤਲ ਹੋ ਗਿਆ ਹੈ । ਸਾਰੇ ਹਲਚਲ ਪੈ ਗਈ । ਜ਼ੈਲ ਸਿੰਘ ਜੀ ਅਤੇ ਜੈ ਇੰਦਰ ਸਿੰਘ ਉਧਰ ਚਲੇ ਗਏ ।

ਜੰਞ ਤੁਰੀ ਬਟਾਲੇ ਨੂੰ । ਬਾਹਰ ਬਟਾਲਿਉਂ ਪੈਪਾਂ ਦੀ ਸਰਦਾਰ ਫੌਂਡਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ ਇਕ ਉਥੇ, [illegible] ਪਲੇਟਾਂ ਵਿਚ ਸੁੱਕਾ ਮੇਵਾ, ਹੋਰ ਕਈ ਕਿਸਮ ਦਾ ਫ਼ਰੂਟ, ਵਿਸਕੀ ਦੀਆਂ ਬੋਤਲਾਂ ਚਲ ਰਹੀਆਂ ਸਨ । ਦਿੱਲੀ ਤੋਂ ਪ੍ਰਕਾਸ਼ ਕੋਰ, ਜਗਜੀਤ ਸਿੰਘ, ਇਕ ਕੁੜੀਆਂ ਦੀ ਨਾਚ ਪਾਰਟੀ, ਹੋਰ ਸ਼ੁਗਲ ਲਈ ਕੁੜੀਆਂ ਇਕ ਵੱਖਰੀ ਜਗ੍ਹਾ ਸਨ ।

ਇਕ ਚਹੁੰ ਜਣਿਆਂ ਦੇ ਟੋਲੇ ਵਿਚ ਮੈਂ ਵੀ ਪੈੱਗ ਫੜੀ ਗੱਪਾਂ ਮਾਰ ਰਿਹਾ ਸਾਂ, ਪ੍ਰਿਥੀਪਾਲ ਵੀ ਸਾਡੇ ਟੋਲੇ ਵਿਚ ਸੀ । ਉਥੇ ਜੈ ਇੰਦਰ ਸਿੰਘ ਕਾਰ ਤੋਂ ਉਤਰਿਆ, ਸਾਨੂੰ ਚਹੁੰ ਨੂੰ ਵੱਖਰਿਆਂ ਕਰਕੇ ਪ੍ਰਿਥੀਪਾਲ ਸਿੰਘ ਨੂੰ ਕਹਿਣ ਲੱਗਾ — ਪ੍ਰਿਥੀਪਾਲ ਸਿੰਘਾ, ਸੁਣ ਅਸੀਂ ਜੋ ਕੁਝ ਵੀ ਬਣੇ ਹਾਂ, ਸਰਦਾਰ ਨੇ ਬਣਾਇਆ ਹੈ । ਉਹ ਅੱਜ ਕਤਲ ਹੋ ਗਿਆ ਹੈ । ਤੂੰ ਇੰਝ ਕਰ ਕਿ ਰਾਤ ਨੂੰ ਪ੍ਰੋਗਰਾਮ ਤੇ ਭੰਗੜਾ ਨਾ ਮਚਾਉ । ਏਨਾ ਜ਼ਰੂਰ ਕਰ । ਮੇਰੀ ਗੱਲ ਮੰਨ, ਇਹੋ ਮੈਂ ਤੈਨੂੰ ਕਹਿਣ ਆਇਆ ਹਾਂ, ਵਿਆਹ ਤੇ ਰੁਕ ਨਹੀਂ ਸਕਦਾ ।

ਉਹ ਇਹ ਕੁਝ ਕਹਿ ਕੇ ਚਲਿਆ ਗਿਆ । ਪੰਜ ਛੇ ਕਾਰਖ਼ਾਨੇਦਾਰ ਲੋਟ ਪੋਟ ਹੋਏ ਸਾਡੇ ਕੋਲ ਆ ਗਏ — ਓਏ ਉਸਾਹਨ, ਕੀ ਆਂਦ੍ਹਾ ਸੀ ਇਹ......ਯਾਉਣ ਦਾ ਜੈ ਇੰਦਰਾ, ਕੁੱਤਾ ਕੈਰੋਂ ਦਾ ।......

ਪ੍ਰਿਥੀਪਾਲ ਨੇ, ਜੋ ਉਸ ਨੇ ਕਿਹਾ ਸੀ ਦੱਸ ਦਿੱਤਾ । ਉਹ ਇਕ ਲਲਕਾਰ ਮਾਰ ਕੇ ਕਹਿਣ ਲੱਗੇ, ਮਰ ਗਿਆ ਸੋ ਮਰ ਗਿਆ । ਮਾਂ ਦੇ......'ਚ ਵੜੇ ਅਸੀਂ ਨਹੀਂ ਕਿਸੇ ਕੈਰੋਂ ਸ਼ੈਰੋਂ ਦੀ ਪਰਵਾਹ ਕਰਦੇ, ਹੋਣਗੇ, ਭੰਗੜੇ ਪੈਣਗੇ, ਕੁੜੀਆਂ ਨੱਚਣਗੀਆਂ, ਜੇ ਮਾਈ ਯਾਵਿਆਂ ਜਾਣਾ ਹੈ ਜਾਏ, ਅਸੀਂ ਰੋਜ਼ ਰੋਜ਼ ਮੁੰਡਾ ਨਹੀਂ ਵਿਆਹੁਣ ਆਉਣਾ ।......ਪ੍ਰਿਥੀਪਾਲ ਚੁੱਪ ਰਿਹਾ ।

ਖ਼ੂਬ ਜੰਞ ਲਈ ਬਟਾਲੇ ਵਾਲੀ ਫੌਂਡਰੀ ਦਾ ਹਾਲ ਸਜਾਇਆ ਗਿਆ । ਲੰਮਾ ਸਾਰਾ ਬਜ਼ਾਰ ਸਜਾਇਆ ਗਿਆ । ਲਾਗੇ ਖ਼ਾਲਸਾ ਸਕੂਲ ਵਿਚ ਇਕ ਰਾਤ ਨੰਗੇ ਨਾਚ ਤਕ ਪਹੁੰਚਦਾ ਪ੍ਰੋਗਰਾਮ ਕੀਤਾ ਗਿਆ । ਜਗਜੀਤ ਸਿੰਘ ਤੇ ਨਾਲ ਹੁਣ ਵਾਲੀ ਬੰਗਾਲਣ ਵਹੁਟੀ "ਪ੍ਰਕਾਸ਼ ਕੌਰ" ਗੰਦੇ ਗੀਤ, ਸ਼ਰਾਬ, ਇਨਾਮ ਤੇ ਲਲਕਾਰੇ ਸਾਰੀ ਰਾਤ । ਜੰਞ ਦੀ ਸੇਵਾ ? ਇਹ ਦੱਸਣ ਦੀ ਕੀ ਲੋੜ ਹੈ ? ਇਹ ਸਨ ਨਿੱਕੀ ਸਰਮਾਏਦਾਰੀ ਜੰਮਦੀ ਦੇ ਜਲਵੇ ।

ਮੈਂ ਵੇਖਿਆ ਹੈ । ਬੁੱਢੇ ਬੁੱਢੇ ਕਾਰਖ਼ਾਨੇਦਾਰ ਨੂੰਹਾਂ ਦੀਆਂ ਗੱਲਾਂ ਇੰਝ ਕਰਦੇ ਜਿਵੇਂ ਮਾਸ਼ੂਕਾਂ ਦੀਆਂ ਕਰੀ ਦੀਆਂ ਹਨ । ਪ੍ਰਿਥੀਪਾਲ ਨੂੰ ਛੱਡ ਕੇ ਬਾਕੀ ਚਾਰੇ ਭਰਾ ਸੰਜਮ ਵਾਲੇ ਸਨ । ਪ੍ਰਿਥੀ ਨਿੱਕਾ ਸੀ ਅਤੇ ਵੱਡਿਆਂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੰਨ ਕਟਦਾ ਸੀ। ਕੋਈ ਬਦੀ ਨਹੀਂ, ਕੋਈ ਬੇਈਮਾਨੀ ਨਹੀਂ, ਜਿਹੜੀ ਉਹ ਨਹੀਂ ਸੀ ਕਰਦਾ। ਉਸ ਦੇ ਧਨੀ ਬਣ ਜਾਣ ਦਾ ਰਾਜ਼ ਇਕੋ ਸੀ। ਕੈਰੋਂ ਨੇ ਇਸ ਦਾ 75 ਹਜ਼ਾਰ ਰੁਪੈ ਕਰਜ਼ਾ ਮੁਆਫ਼ ਕੀਤਾ ਸੀ। ਮਾਰਕਸ ਨੂੰ ਮੈਂ ਇਕ ਜਗ੍ਹਾ ਪੜ੍ਹਿਆ ਹੈ — ਜਦ ਨਿੱਕੀ ਸਰਮਾਏਦਾਰੀ ਪੈਦਾ ਹੋਏਗੀ ਉਸ ਦਾ ਇਖ਼ਲਾਕ ਇੰਨਾ ਗਿਰ ਗਿਆ ਹੋਵੇਗਾ ਕਿ ਸੱਕੀਆਂ ਭਣੇਵੀਆਂ ਨੂੰ ਵੀ ਨਹੀਂ ਛੱਡਣਗੇ। ਮੈਥੋਂ ਉਹਨਾਂ, ਰਣਜੀਤ ਫੌਂਡਰੀ ਅਤੇ ਦਲੀਪ ਸਿੰਘ ਢਿੱਲੋਂ ਫੌਂਡਰੀਆਂ ਵਾਲਿਆਂ ਅਤੇ ਮੇਰੇ ਮਿੱਤਰ ਜਿਹੜਾ ਹੁਣ ਮੇਰੇ ਗਭਲੇ ਪੁੱਤਰ ਦਾ ਸਹੁਰਾ ਹੈ, ਇਹ ਸਾਰਿਆਂ ਮੇਰੀ ਮਦਦ ਕਰਕੇ ਮੈਥੋਂ ਸ: ਰਾਮਗੜ੍ਹੀਆ ਜੱਸਾ ਸਿੰਘ ਦਾ ਮਹਾਂ-ਕਾਵਿ ਲਿਖਵਾਇਆ ਸੀ। ਬਾਬੇ ਗੁਰਮੁਖ ਸਿੰਘ ਲੁਧਿਆਣੇ ਵਾਲੇ ਨੇ ਭੂਮਿਕਾ ਲਿਖਾਈ ਸੀ, ਲਿਖੀ ਮੈਂ। ਸੁਣ ਕੇ ਬੜਾ ਖ਼ੁਸ਼ ਹੋਇਆ, ਝੱਟ ਮੈਨੂੰ ਪੰਜ ਸੌ ਰੁਪਿਆ ਕੱਢ ਕੇ ਦੇ ਦਿੱਤਾ। ਇਹ ਮਹਾਂ-ਕਾਵਿ ਭਰਾ ਸਾਧੂ ਸਿੰਘ ਉਸਾਹਨ ਪੁਤਲੀਘਰ ਵਾਲੇ ਨੇ ਪੰਜ ਹਜ਼ਾਰ ਰੁਪਿਆ ਖ਼ਰਚ ਕੇ ਛਪਵਾਇਆ, ਜਿਲਦ ਕਪੜੇ ਦੀ। ਵੱਡੇ ਸਾਈਜ਼ ਦੀ, ਸਾਢੇ ਤਿੰਨ ਸੌ ਸਫ਼ੇ ਦੀ ਪੁਸਤਕ ਹੈ। ਚਿੱਤਰ, ਅਮਰ ਚਿੱਤਰਕਾਰ ਨੇ ਬਣਾਇਆ। ਸਾਰਿਆਂ ਨੇ ਉਹ ਮਹਾਂ-ਕਾਵਿ ਲਿਆ, ਪੜ੍ਹਿਆ ਕਿਸੇ ਨੇ ਨਹੀਂ। ਰਾਮਗੜ੍ਹੀਆ ਸਕੂਲਾਂ ਫਗਵਾੜੇ ਵਾਲਿਆਂ ਵੀ ਪੰਜਾਹ ਪੰਜਾਹ ਕਾਪੀਆਂ ਲਈਆਂ। ਮੈਂ ਵੀ ਜਿਸ ਨੂੰ ਦੇ ਕੇ ਪੰਜਾਹ ਤੋਂ ਘੱਟ ਪੈਸੇ ਨਹੀਂ ਲਏ। ਕਈਆਂ ਨੂੰ ਮੁਫ਼ਤ ਵੀ ਦਿੱਤਾ। ਉਸ ਵਿਚ ਮੇਰੇ ਭਰਾ ਸਾਧੂ ਸਿੰਘ ਅਤੇ ਬਾਬੇ ਗੁਰਮੁਖ ਸਿੰਘ ਦੀਆਂ ਤਸਵੀਰਾਂ ਸਨ। ਦੋ ਸਾਲਾਂ ਵਿਚ ਲਿਖਿਆ ਸੀ।

ਮਜ਼ਾ ਇਹ ਹੈ ਕਿ ਸਿਵਾਏ ਚੰਡੀਗੜ੍ਹ ਦੇ ਰਾਮਗੜ੍ਹੀਆਂ ਤੋਂ ਕਿਸੇ ਮੈਨੂੰ ਸਿਰੋਪਾਉ ਤਕ ਨਹੀਂ ਦਿੱਤਾ। ਇਹ ਮਹਾਂ-ਕਾਵਿ ਮੈਂ ਇਤਿਹਾਸ ਪੜ੍ਹ ਕੇ, ਪ੍ਰਿਥੀਪਾਲ ਸਿੰਘ ਕਪੂਰ (ਡਾ:) ਦਾ ਥੀਸਿਜ਼ ਪੜ੍ਹ ਕੇ ਲਿਖਿਆ ਸੀ, ਪ੍ਰੈਸ ਦੀਆਂ ਗ਼ਲਤੀਆਂ ਮੇਰੀ ਕਿਸਮਤ ਸਨ। 1969 ਵਿਚ ਇਹ ਵੰਡਿਆ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈਂਤੜੇ

ਪੰਜਾਬੀ ਸੂਬੇ ਦਾ ਰੌਲਾ ਸੀ। ਪਾਰਟੀ ਬੋਲੀ ਦੇ ਆਧਾਰ ਉਤੇ ਮੰਗਦੀ ਸੀ। ਰਵਈਆ ਅਜੀਬ ਸੀ, ਸਾਡੀ ਹਾਲਤ ਭਾਵੇਂ ਕੈਸੀ ਸੀ, ਸ਼ਹਿ ਅਕਾਲੀਆਂ ਨੂੰ ਮਿਲਦੀ ਸੀ। ਕੈਰੋਂ ਨੇ ਨੰਗੇ ਪੈਰੀਂ ਪੁਲਿਸ ਹਰਿਮੰਦਿਰ ਸਾਹਿਬ ਵੱਲ ਕਰਕੇ ਲੀਡਰ ਫੜ ਲਏ। ਆਮ ਵਰਕਰ ਵੀ। ਸਾਡੇ ਡੇਰੇ ਦਾ ਗੁਰਦੁਆਰਾ ਵੀ ਇਤਿਹਾਸਿਕ ਹੈ। ਇਕ ਪਿੰਡ ਇਸ ਦੇ ਨਾਂ ਹੈ, ਹੋਰ ਜਾਇਦਾਦ ਵੀ। ਤਿੰਨਾਂ ਠਾਣਿਆਂ ਦੇ ਸਿੱਖ ਵੋਟਾਂ ਨਾਲ ਪੰਜਾਂ ਮੈਂਬਰਾਂ ਦੀ ਚੋਣ ਹੁੰਦੀ ਹੈ। ਪਾਰਟੀ ਨੇ ਮੈਨੂੰ ਖਲਿਆਰਿਆ, ਮੈਂ ਵੀ ਪੰਜਾਂ ਵਿਚੋਂ ਇਕ ਸਾਂ। ਨਾਲ ਦੇ ਚਾਰ ਮੈਂਬਰ ਫੜ ਲਏ ਗਏ। ਮੈਂ ਦੀਵਾਨ ਵਿਚ ਸਰਕਾਰ ਦੇ ਖ਼ਿਲਾਫ਼ ਰੈਜ਼ੂਲਿਉਸ਼ਨ ਦੀ ਬੜੇ ਸਖ਼ਤ ਲਫ਼ਜ਼ਾਂ ਨਾਲ ਤਕਰੀਰ ਕੀਤੀ। ਥੋੜ੍ਹੇ ਦਿਨਾਂ ਪਿਛੋਂ ਗ੍ਰਿਫ਼ਤਾਰ ਕਰ ਲਿਆ ਗਿਆ। ਜਿਲ੍ਹਾ ਜੇਲ੍ਹ ਦੀ ਇਕ ਬਾਰਕ ਵਿਚ ਹੋਰਨਾਂ ਅਕਾਲੀਆਂ ਦੇ ਨਾਲ ਬੰਦ। ਉਥੇ ਸਾਡੇ ਨਗਰ ਦਾ ਅਕਾਲੀ ਲੀਡਰ ਵੀ ਸੀ, ਡਾ: ਜੋਧ ਸਿੰਘ। ਸ਼ਰੀਫ਼ ਤੇ ਕਾਬਲ ਡਾਕਟਰ, ਉਂਝ ਸਿੱਧਾ ਜਨੂੰਨੀ। ਸ਼ਾਮ ਨੂੰ ਬਾਰਕਾਂ ਬੰਦ ਹੋਈਆਂ। ਉਸ ਮੈਨੂੰ ਤਕਰੀਰ ਕਰਨ ਲਾ ਦਿੱਤਾ। ਇਕ ਘੰਟਾ ਮੈਂ ਬੋਲਦਾ ਰਿਹਾ, ਸਾਰੇ ਬਿਲਕੁਲ ਚੁੱਪ ਚਾਪ ਸੁਣਦੇ ਰਹੇ, ਮੇਰਾ ਤਾਤਪਰਜ਼ ਸੀ — ਕਿ ਪੰਜਾਬੀ ਸੂਬਾ ਲੋਕਾਂ ਦੀ ਮੰਗ ਨਹੀਂ। ਪੰਜਾਬੀ ਸਿੱਖ ਸਰਮਾਇਆਦਾਰੀ ਦੀ ਮੰਗ ਹੈ। ਸਿੱਖ ਜਾਗੀਰਦਾਰ ਤੇ ਧਨੀ ਕਿਸਾਨ ਜਿਸ ਕੋਲ ਕਾਫ਼ੀ ਮਾਇਆ ਹੈ। ਸੈਂਟਰ ਅਜਾਰੇਦਾਰੀ ਕੋਲੋਂ ਹਿੱਸਾ ਲੈਣਾ ਚਾਹੁੰਦੀ ਹੈ। ਸੂਬਾ ਬਣ ਜਾਏ, ਫਿਰ ਅਸੀਂ ਆਪ ਝੁੱਟੀਏ। ਹਿੰਦੂ ਸਰਮਾਏਦਾਰ ਪੰਜਾਬ ਦਾ ਇਕ ਕਿਸਮ ਨਾਲ ਸੈਂਟਰ ਅਜਾਰੇਦਾਰੀ ਦਾ ਦਲਾਲ ਹੈ। ਉਹ ਵਿਸ਼ਾਲ ਪੰਜਾਬ ਚਾਹੁੰਦਾ ਹੈ। ਦੋਹੀਂ ਪਾਸੀਂ ਸੌਖਾ ਰਾਹ ਮਜ਼੍ਹਬੀ ਜਨੂੰਨ ਦਾ ਲੱਭ ਕੇ, ਤਾਕਤ ਹਾਸਲ ਕਰਨ ਪਿੱਛੇ ਲੱਗੇ ਹੋਏ ਹਨ। ਲੋਕਾਂ ਦਾ ਇਕੋ ਭਲਾ ਹੈ, ਪੰਜਾਬੀ ਜ਼ਬਾਨ ਦੇ ਆਧਾਰ ਉਤੇ ਬਣ ਜਾਏ। ਉਹ ਆਪਣੀ ਜ਼ਬਾਨ ਵਿਚ ਤਾਲੀਮ ਹਾਸਲ ਕਰ ਸਕਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਗ਼ੈਰਾ ਵਗ਼ੈਰਾ । ਦੂਜੇ ਦਿਨ ਮੈਨੂੰ ਬਾਹਰ ਵਿਚੋਂ ਕੱਢ ਕੇ ਚੱਕੀ ਵਿਚ ਦੇ ਦਿੱਤਾ ਗਿਆ ।

ਰਿਹਾਈਆਂ ਹੋਈਆਂ । ਮੱਸਿਆ ਦੇ ਦੀਵਾਨ ਉਤੇ ਸਿਰੋਪੇ ਦਿੱਤੇ ਗਏ, ਮੈਨੂੰ ਵੀ ਦਿੱਤਾ ਗਿਆ । ਜਿਲ੍ਹਾ ਪਾਰਟੀ ਦੀ ਮੀਟਿੰਗ ਹੋਈ । ਫਿਰ ਡੇਢ ਗਵਾਰ ਨੇ ਸਵਾਲ ਚੁੱਕਿਆ — ਅੰਦਰ ਜਿਹੜਾ ਗੁਰਦਵਾਰਿਉਂ ਮਾਲ ਜਾਂਦਾ ਰਿਹਾ ਹੈ, ਇਸ ਨੂੰ ਵੀ ਦੇਂਦੇ ਰਹੇ ਹਨ ।......ਮੈਂ ਉਦੋਂ ਦੱਬੂ ਸਾਂ । ਗ਼ਲਤੀ ਮੰਨ ਕੇ ਜਾਨ ਛੁਡਾਈ ।

ਜਦ ਮਾਸਟਰ ਤਾਰਾ ਸਿੰਘ ਨੇ ਪਹਿਲੀ ਵਾਰੀ ਭੁੱਖ ਹੜਤਾਲ ਕੀਤੀ, ਗ੍ਰਿਫ਼ਤਾਰੀਆਂ ਹੋਈਆਂ । ਪਾਰਟੀ ਨੇ ਵੀ ਚਤਾਲੀ ਦਫਾ ਤੋੜਨ ਦਾ ਪੱਜ ਪਾ ਕੇ ਸਤਿਆਗ੍ਰਹਿ ਕੀਤਾ । ਡੇਰੇ ਤੋਂ ਮੈਂ, ਬੇਦੀ ਲੰਙਾ, ਇੰਦਰ ਸਿੰਘ ਬਾਜਵਾ, ਦੋ ਇਸਾਈ, ਇਕ ਦਾ ਨਾਂ ਸੀ ਖੁਰਸ਼ੀਦ ਮਸੀਹ, ਸਤਿਆਗ੍ਰਹਿ ਕੀਤਾ । ਨਾਹਰੇ, ਪੰਜਾਬੀ ਸੂਬਾ ਜ਼ਿੰਦਾਬਾਦ, ਚਤਾਲੀ ਦਫਾ ਤੋੜ ਦਿਉ ।

ਰਾਤ ਠਾਣੇ ਰੱਖ ਕੇ, ਜੇਲ੍ਹ ਲੈ ਗਏ । ਮੇਰੇ ਨਾਲ ਦਿਆਂ ਨੂੰ ਅੰਦਰ ਘੱਲ ਦਿੱਤਾ । ਮੇਰਾ ਹਫ਼ਤੇ ਦਾ ਰਿਮਾਂਡ ਲੈ ਕੇ ਮੁੜ ਕੇ ਡੇਰੇ ਦੀ ਨਿੱਕੀ ਹਵਾਲਾਤ ਵਿਚ ਦੇ ਦਿੱਤਾ । ਕਿਸੇ ਪੁੱਛਿਆ ਨਹੀਂ । ਰੋਟੀ ਘਰੋਂ ਆਉਂਦੀ । ਸਾਰਾ ਠਾਣਾ ਮੇਰੀ ਇੱਜ਼ਤ ਕਰਦਾ । ਰਾਤ ਨੂੰ ਮੈਥੋਂ ਗੱਲਾਂ ਸੁਣਦਾ । ਹਫ਼ਤਾ ਮੁੱਕਦਿਆਂ ਜੇਲ੍ਹ ਵਿਚ ਘੱਲ ਦਿੱਤਾ । ਅੰਦਰ ਕਾਮਰੇਡ ਰਾਜਕੁਮਾਰ ਤੇ ਬੇਦੀ ਲੰਙਾ ਸੀ । ਬਾਕੀ ਦਿਆਂ ਨੂੰ ਪਟਿਆਲਾ ਜੇਲ੍ਹ ਲੈ ਗਏ । ਸਾਨੂੰ ਵੀ ਤੀਜੇ ਦਿਨ ਨਾਭਾ ਜੇਲ੍ਹ ਵਿਚ ਜੀਪ ਤੇ ਚੜ੍ਹਾ ਕੇ ਛੱਡ ਆਏ । ਉਹ ਜੇਲ੍ਹ ਹੱਦ ਸੀ । ਜੇਲ੍ਹ ਅੰਦਰ ਕਈ ਜੇਲ੍ਹਾਂ ਸਨ । ਹਰ ਬਾਰਕ ਵਿਚ ਇਕ ਜੇਲ੍ਹ ਸੀ । ਲਖਨਊ ਦੇ ਬਜ਼ਾਰਾਂ ਵਾਂਗ ਇਸ਼ ਦੀਆਂ ਬਾਰਕਾਂ ਵੀ ਇਕ ਖੁੱਲ੍ਹੇ ਸਾਰੇ ਚੌਂਕ ਵਿਚ ਮਿਲਦੀਆਂ ਸਨ । ਮੀਟਿੰਗਾਂ ਇਕ ਥਾਂ ਉਤੇ ਇਕੱਠਿਆਂ ਹੁੰਦੀਆਂ । ਉਥੇ ਪਾਰਟੀ ਦੇ ਸਾਰੇ ਲੀਡਰ, ਸਿੱਖ ਬੰਦੇ ਸਨ । ਆਨੰਦ, ਚੰਨ, ਸੁਰਜੀਤ, ਡਾਂਗ, ਡਾ: ਭਾਗ ਸਿੰਘ ਅਤੇ ਹੋਰ ਸਾਰੇ । ਰੋਟੀ ਬੜੀ ਚੰਗੀ । ਪੈਸੇ ਸਾਰਿਆਂ ਤੋਂ ਮੰਗੇ ਗਏ । ਆਪਣਾ ਲੰਗਰ ਵੱਖਰਾ ਕਰ ਲਿਆ ਸੀ । ਮੈਂ ਲੁਕਾ ਕੇ ਪੰਜਾਂ ਦਾ ਨੋਟ ਲੈ ਗਿਆ ਸਾਂ, ਦੇ ਦਿੱਤਾ । ਡਿਪਟੀ ਜੇਲ੍ਹਰ ਉਥੇ ਸਾਡੇ ਸ਼ਹਿਰ ਦਾ ਬੇਦੀ ਸੀ । ਉਸ ਨੂੰ ਪਤਾ ਲੱਗ ਗਿਆ । ਬੜਾ ਹੀ ਚੰਗਾ ਇਨਸਾਨ ਹੈ । ਉਸ ਨੇ ਸੁਰਜੀਤ ਨੂੰ ਕਿਹਾ ਕਿ ਰਾਹੀ ਜੀ ਅਤੇ ਮਹਿੰਦਰ ਸਿੰਘ ਵੰਡੇ ਜੋ ਆਉਂਦਾ ਹੈ ਮੈਥੋਂ ਲੈ ਲਿਆ ਕਰੋ । ਸਾਨੂੰ ਮਿਲ ਕੇ ਕਹਿਣ ਲੱਗਾ —

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਘਰੋਂ ਪੈਸੇ ਨਾ ਮੰਗਾਇਉ, ਸਭ ਚੀਜ਼ਾਂ ਮੈਂ ਦੇ ਦਿਆ ਕਰਾਂਗਾ।

ਕਵੀ ਦਰਬਾਰ ਹੁੰਦਾ। ਰੌਣਕ ਲੱਗਦੀ, ਕਵੀਸ਼ਰ ਜੱਥਾ ਬੋਲਦਾ। ਮੈਂ ਪੰਜਾਬੀ ਸੂਬੇ ਉਤੇ ਨਜ਼ਮ ਬੋਲੀ। ਮੈਨੂੰ ਡਾਂਗ ਕਹਿਣ ਲੱਗਾ — ਤੇਰੀ ਮੱਤ ਟਿਕਾਣੇ ਹੈ ?......ਮੈਂ ਮੂਰਖਾਂ ਵਾਂਗ ਉੱਤਰ ਦਿੱਤਾ, ਹਾਂ ਹੈ। ਇਕ ਹੋਰ ਸਾਥੀ ਬੋਲਿਆ — ਰਿਹਾਅ ਹੋ ਕੇ ਜਾਣ ਤੇ ਪੰਛੀ ਸਵਾਗਤ ਕਰਨਗੇ। ਡਾਂਗ ਨੇ ਆਖਿਆ — ਪੰਛੀ ਹੀ ਕਰਨਗੇ, ਹੋਰ ਕੋਈ ਨਹੀਂ। ਹੁਣ ਮੈਂ ਸੋਚਦਾ ਹਾਂ ਚੰਗਾ ਪੰਜਾਬੀ ਸੂਬਾ ਲਿਆ ਹੈ। ਨਾਲ ਸਟਾਫ ਬੱਸ ਵਿਰ ਦੋ ਵਾਰੀ ਹੰਗਲਾ ਆਏ ਤਾਂ ਪੰਜਾਬੀ ਸੂਬਾ ਮੁੱਕ ਜਾਂਦੈ। ਘਰ ਗਵਾ ਲਿਆ, ਹਰਿਆਣਾ ਤੇ ਹਿਮਾਚਲ ਬਣਾ ਦਿੱਤਾ। ਤੇ ਹੁਣ ਅੱਤਵਾਦੀਆਂ "ਸਾਰਾ ਬਾਗ ਉਜਾੜ ਕੇ ਰੱਖ ਦਿੱਤਾ" ਮੈਂ ਬੜੀਆਂ ਨਜ਼ਮਾਂ ਲਿਖੀਆਂ ਸਨ ਪਰ ਵਰਨਣਯੋਗ ਨਹੀਂ। ਪ੍ਰਾਪੇਗੰਡਾ ਸੀ, ਇਸ਼ਤਿਹਾਰ ਸੀ, ਮੁੱਕ ਗਿਆ।

ਨਾਭੇ ਜੇਲ੍ਹ ਵਿਚ ਮੈਂ ਤਿੰਨ ਹਿੰਦੀ ਪੁਸਤਕਾਂ ਪੜ੍ਹੀਆਂ। ਇਕ ਪਹਿਲੇ ਰੂਸੀ ਯਾਤਰੀ ਦਾ ਭਾਰਤ ਆਉਣ ਦਾ ਸਫ਼ਰਨਾਮਾ। ਕੁਝ "ਨੀਲਨਕਸ਼ਤ" ਕਰਕੇ ਨਾਂ ਸੀ। ਉਸ ਦੀ ਪ੍ਰਦੇਸੀ ਨਾਂ ਦੀ ਫ਼ਿਲਮ ਵੀ ਬਣੀ ਸੀ। ਦੂਜੀ "ਰਾਮਾਇਣ" ਦੱਸਿਆ ਸੀ, ਮੁੱਢਲੀਆਂ ਤਿੰਨ ਰਾਮਾਇਣਾਂ ਹਨ। ਬਾਲਮਿਕ ਦੀ ਮਹਾਂਭਾਰਤ ਵਿਚ ਇਕ ਕਿਸੇ ਨੇ ਕਿਸੇ ਨੂੰ ਸੁਣਾਈ ਸੀ, ਤੀਜੇ ਤੁਲਸੀਦਾਸ ਦੀ, ਜਿਹੜੀ ਗੁਰੂ ਨਾਨਕ ਕਾਲ ਵਿਚ ਲਿਖੀ ਗਈ ਸੀ। ਤੀਜੀ ਪੁਸਤਕ ਸੀ ਦੁਨੀਆਂ ਵਿਚ ਮਜ਼ਬ ਤੇ ਮਜ਼ਬਾਂ ਦੀ ਆਪੋ ਵਿਚ ਲੜਾਈ। ਬਸ ਕਮਾਲ ਦੀ ਪੁਸਤਕ ਸੀ। ਇਕ ਮਜ਼ਬ ਦੂਜੇ ਮਜ਼ਬ ਨੂੰ ਇਸ ਤਰ੍ਹਾਂ ਮਾਰਦਾ ਰਿਹਾ, ਜੀਕਰ ਕਰੰਗ ਨੂੰ ਕੁੱਤੇ ਵੀ ਲਿਹਾਜ ਨਾਲ ਖਾਂਦੇ ਹਨ। ਅੰਤ ਉਤੇ ਨਿਚੋੜ ਇਹ ਕਢਿਆ ਗਿਆ ਸੀ ਕਿ ਉੱਨੇ ਲੋਕ ਬਿਮਾਰੀ ਨਾਲ, ਵਬਾਵਾਂ ਨਾਲ, ਬੇ-ਇਲਾਜੇ ਜੰਗਾਂ ਵਿਚ ਨਹੀਂ ਮਰੇ ਜਿੰਨੇ ਮਜ਼ਬੀ ਫਸਾਂਦਾ ਵਿਚ ਮਰੇ ਹਨ। ਬੜੀ ਖੋਜ ਭਰੀ ਪੁਸਤਕ ਸੀ। ਇਹ ਸਾਰਾ ਲਿਟਰੇਚਰ ਪਾਰਟੀ ਵਲੋਂ ਗਿਆ ਹੋਇਆ ਸੀ। ਉਥੇ ਮੈਂ ਇਕ ਕਹਾਣੀ ਲਿਖੀ "ਸਜ਼ਾ" ਇਕ ਅੰਦਰ ਲੁਪੰਨ ਪ੍ਰੋਲੇਤਾਰੀ ਸਾਡੇ ਜਿਲ੍ਹੇ ਦਾ ਦਿਹਾਤੀ ਮਜ਼ਦੂਰ ਲੀਡਰ ਸੀ, ਜੋਤੀ ਰਾਮ। ਪਤਨੀ ਦਾ ਰੋਸ਼ਨੀ। ਪਤਾ ਨਹੀਂ ਕੀ ਕਾਰਨ, ਉਸ ਦਾ ਹੱਸਣਾ, ਬੋਲਣਾ, ਤੁਰਨਾ, ਖਾਣਾ, ਬਹਿਣਾ, ਕੱਦ-ਕਾਠ, ਪਾਰਟੀ ਵਿਚ ਬਹਿਸ ਕਰਨਾ, ਸਿਗਰਟਾਂ ਪੀਣਾ ਬਿਲਕੁਲ ਭੱਦਾ ਲੱਗਦਾ। ਨਫ਼ਰਤ ਹੁੰਦੀ। 'ਲਾਲਾਂ 'ਚੋਂ ਆਇਆ ਕੋਈ ਜੇਲ੍ਹ ਵਿਚ ਨਹੀਂ ਸੀ। ਜੇ ਹੋਏਗਾ, ਮੇਰੀ ਪਛਾਣ ਨਹੀਂ। ਉਹ ਵੱਖਰੇ ਜੁੱਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਕੰਮ ਕਰਦੇ ਕਰਦੇ ਵੱਧ ਰਹੇ ਸਨ। ਦੱਤ ਸੰਗੀ ਲੈ ਕੇ ਕੈਰੋਂ ਨੂੰ ਪਿੰਡ ਸੱਦ ਕੇ ਕਾਂਗਰਸ ਵਿਚ ਜਾ ਚੁੱਕਾ ਸੀ। ਤੁਗਲਵਾਲਾ, ਪੰਡਤ ਮੋਹਨ ਲਾਲ ਖਜ਼ਾਨ ਵਜ਼ੀਰ ਦਾ ਪ੍ਰਾਈਵੇਟ ਸੈਕਟਰੀ ਬਣ ਚੁੱਕਾ ਸੀ।

ਟੁੱਟ-ਭੱਜ

ਮੈਂ ਆਪਣੇ ਅਮਲ ਤੇ ਗਿਆਨ ਅਤੇ ਨਿੱਤ ਦੀ ਲਗਾਤਾਰ ਜੱਦੋ-ਜਹਿਦ ਵਿਚੋਂ ਇਹ ਅਰਕ ਕੱਢਿਆ ਹੈ ਕਿ ਕਿਸੇ ਪਾਰਟੀ ਦੇ ਡਿਸਿਪਲਨ ਵਿਚ ਰਹਿ ਕੇ ਜਾਂ ਕਿਸੇ ਧਰਮ ਦਾ ਪੈਰੋਕਾਰ ਰਹਿ ਕੇ ਸਾਹਿਤਕਾਰ ਸੱਚ ਨਹੀਂ ਲਿਖ ਸਕਦਾ। ਮੈਂ ਜਿਸ ਤਰ੍ਹਾਂ ਸੁਤੰਤਰ ਦਿਮਾਗ਼ ਰੱਖ ਕੇ ਇਹ ਆਪਣੀ ਜੀਵਨੀ ਲਿਖ ਰਿਹਾ ਹਾਂ, ਕਦੇ ਨਾ ਲਿਖ ਸਕਦਾ। ਪੱਖਵਾਦੀ ਬਦੋਬਦੀ ਹੋਣਾ ਪੈਣਾ ਸੀ।

1962 ਵਿਚ ਚੀਨ ਭਾਰਤ ਜੰਗ ਹੋਇਆ। ਪਾਰਟੀ ਦੇ ਦੇਸ਼ ਵਿਚ ਕਈ ਦਫ਼ਤਰ ਸਾੜੇ ਗਏ। ਕਈਆਂ ਕਾਮਰੇਡਾਂ ਨੂੰ ਮਾਰਿਆ ਗਿਆ। "ਚੀਨੀ ਹਿੰਦੀ ਭਾਈ ਭਾਈ" ਦੇ ਨਾਹਰੇ ਦੀ ਜੜ੍ਹ ਮਾਰੀ ਗਈ। ਪਾਰਟੀ ਦੇ ਅੰਦਰ ਜਿਹੜਾ ਮੁਖਾਲਫ਼ ਧੜਾ ਚਲਿਆ ਆਉਂਦਾ ਸੀ ਉਹ ਸਿਫ਼ਤੀ ਤਬਦੀਲੀਆਂ ਕਰਦਾ ਕਰਦਾ ਮਿਕਦਾਰੀ ਤਬਦੀਲੀ ਕਰ ਚੁੱਕਾ ਸੀ। ਕਹਿੰਦਾ ਸੀ ਭਾਰਤ ਨੇ ਚੀਨ ਉਤੇ ਹਮਲਾ ਕੀਤਾ ਹੈ। ਪਾਰਟੀ ਕਹਿ ਰਹੀ ਸੀ ਚੀਨ ਨੇ ਕੀਤਾ ਹੈ। ਸਰਕਾਰ ਨੇ ਉਸ ਧੜੇ ਦੇ ਲੀਡਰ ਤੇ ਮੋਹਰੀ ਕਾਮਰੇਡ ਗ੍ਰਿਫ਼ਤਾਰ ਕਰ ਲਏ। ਪੰਜਾਬੀ ਪਾਰਟੀ ਨੇ ਉਹਨਾਂ ਦੇ ਸਾਰੇ ਸਾਥੀ ਜਿਹੜੇ ਬਾਹਰ ਸਨ ਉਹਨਾਂ ਨੂੰ ਡੈਲੀਗੇਟ ਮੰਨ ਲਿਆ। ਪਾਰਟੀ ਦੇ ਡੈਲੀਗੇਟ ਚੁਣ ਕੇ ਗਏ। ਲੁਧਿਆਣੇ ਕਾਂਗਰਸ ਹੋਈ। ਇਹੋ ਪਾਸ ਹੋਇਆ, ਹਮਲਾ ਚੀਨ ਨੇ ਕੀਤਾ ਹੈ। ਜਿਲ੍ਹਾ ਪਾਰਟੀ ਦੀ ਜਿਲ੍ਹਾ ਕਮੇਟੀ ਵਿਚੋਂ ਮੈਂ ਹੀ ਇਕੱਲਾ ਰਹਿ ਗਿਆ। ਪਾਰਟੀ ਨਾਲ ਬਾਕੀ ਦੇ ਸਾਰੇ ਉਸ ਧੜੇ ਵਿਚ ਚਲੇ ਗਏ। ਇਹ ਮੇਰੀ ਦੂਜੀ ਵਾਰੀ ਸੀ, ਇਕੱਲਿਆਂ ਪਾਰਟੀ ਨਾਲ ਰਹਿਣ ਦੀ। ਪਹਿਲੇ ਨਾਲ ਪਾਰਟੀ ਸੁਤੰਤਰ ਵਾਲੀ ਵੇਲੇ ਵੀ ਮੈਂ ਜਿਲ੍ਹੇ ਵਿਚ ਇਕੱਲਾ ਰਹਿ ਗਿਆ ਸਾਂ।

ਮੇਰੀ ਸੋਚ ਇਹ ਸੀ ਕਿ ਇੰਟਰਨੈਸ਼ਨਲ ਪਾਰਟੀ ਦਾ ਮੁੱਢਲਾ ਅਸੂਲ ਹੈ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੁਕਮਰਾਨ ਕਮਿਊਨਿਸਟ ਪਾਰਟੀ ਵਾਲਾ ਦੇਸ਼ ਕਦੇ ਇਹ ਕਦਮ ਨਾ ਚੁੱਕੇ ਜਿਸ ਨਾਲ ਸਰਮਾਏਦਾਰ ਮੁਲਕ ਦੀ ਪਾਰਟੀ ਨੂੰ ਹਾਨੀ ਪਹੁੰਚੇ, ਉਹ ਕਮਜ਼ੋਰ ਹੋ ਜਾਏ। ਆਪ ਭਾਵੇਂ ਕੁਝ ਨੁਕਸਾਨ ਉਠਾ ਲਏ।

ਉਹ ਧੜਾ ਕਹਿੰਦਾ ਸੀ, ਸੋਸ਼ਲਿਸਟ ਦੇਸ਼ ਹਮਲਾ ਨਹੀਂ ਕਰ ਸਕਦਾ। ਮੇਰਾ ਖ਼ਿਆਲ ਸੀ ਮਾਰਕਸ ਲੈਨਿਨਵਾਦ ਕੋਈ ਕੁਰਾਨ ਦੀਆਂ ਆਇਤਾਂ ਨਹੀਂ। ਗੁਰਬਾਣੀ ਦਾ ਸ਼ਲੋਕ ਨਹੀਂ। ਇਹ ਚਾਲੂ ਸਿਧਾਂਤ ਹੈ। ਗ਼ਲਤੀ ਹੋ ਸਕਦੀ ਹੈ। (ਹੁਣ ਦੁਨੀਆਂ ਵਿਚ ਸੋਸ਼ਲਿਸਟ ਮੁਲਕਾਂ ਵਿਚ ਕੀ ਕੁਝ ਹੋਇਆ ਹੈ, ਮਾਰਕਸ ਲੈਨਿਨ ਨੇ ਤਾਂ ਇਹ ਵੀ ਨਹੀਂ ਸੀ ਕਿਹਾ) ਜੇ ਸਾਮਰਾਜੀ ਦੇਸ਼ ਫ਼ਾਸਿਸਟ ਬਣ ਸਕਦੇ ਹਨ ਤਾਂ ਮਾਰਕਸੀ ਟੂਕਾਂ ਵਿਚ ਵੀ ਵਧਾ ਚੜ੍ਹਾ ਹੋ ਸਕਦਾ ਹੈ। ਮਾਰਕਸਵਾਦ ਉਹ ਦਵਾਈਆਂ ਦਾ ਜ਼ਖ਼ੀਰਾ ਹੈ ਜਿਹਨਾਂ ਨੂੰ ਮਿਲਾ ਕੇ ਜਾਂ ਖ਼ਾਰਜ ਕਰਕੇ ਨਵੀਆਂ ਦਵਾਈਆਂ ਬਣ ਸਕਦੀਆਂ ਹਨ। ਦਵਾਈਆਂ ਦਾ ਅਸਰ ਕਾਇਮ ਰਹਿੰਦਾ ਹੈ। (ਹੁਣ ਸਭ ਕੁਝ ਮੰਨ ਰਹੇ ਹਨ) ਭਾਰਤ ਦੇ ਸਾਰਿਆਂ ਸੂਬਿਆਂ ਵਿਚ ਜਿੰਨਾਂ ਵੀ ਵੱਧ ਜਾਂ ਘੱਟ ਪਾਰਟੀ ਦਾ ਕੰਮ ਸੀ, ਉਹ ਸਾਰਾ ਸਾਂਝੀ ਪਾਰਟੀ ਦਾ ਸੀ।

ਕੌਮੀ ਕੌਂਸਲ ਵਿਚ 101 ਕਾਮਰੇਡ ਸਨ। ਜਿਨ੍ਹਾਂ ਵਿਚੋਂ 33 ਨੇ ਵੱਖ ਹੋ ਕੇ ਨਵੀਂ ਪਾਰਟੀ ਬਣਾ ਲਈ ਸੀ। ਸੀ. ਪੀ. ਆਈ (ਮਾਰਕਸੀ) ਜਿਨ੍ਹਾਂ ਸੂਬਿਆਂ ਵਿਚ ਬਹੁਤਾ ਕੰਮ ਸੀ ਉਹਨਾਂ ਸੂਬਿਆਂ ਦੇ ਬਹੁਤੇ ਕਾਮਰੇਡ ਤੇੜ੍ਹੀਆਂ ਨਿਕਲਣ ਵਾਲਿਆਂ ਵਿਚੋਂ ਸਨ। ਮਾਰਕਸੀਆਂ ਦੀ ਇਹ ਸੂਬੇ ਕੋਈ ਇਕੱਲਿਆਂ ਦੀ ਸ਼ੇਖੀ ਨਹੀਂ ਸੀ। ਸਾਡੇ ਪੰਜਾਬ ਵਿਚ ਲਾਲ ਪਾਰਟੀ ਜੋ ਸਮਾਨ, ਪ੍ਰੈਸ, ਪੈਸਾ, ਹਥਿਆਰ, ਹੋਰ ਜੋ ਕੁਝ ਸੀ ਸਾਰਾ ਹਰਕਿਸ਼ਨ ਸਿੰਘ ਸੁਰਜੀਤ ਕੋਲ ਸੀ। ਉਹ ਪਾਰਟੀ ਦਾ ਸੂਬਾ ਸੈਕਟਰੀ ਸੀ। ਸੂਬਾ ਪਾਰਟੀ ਆਫ਼ਿਸ ਪਾਰਟੀ ਕੋਲ ਰਹਿ ਗਿਆ, ਬਾਕੀ ਸਾਰਾ ਲਿਆ। ਪਾਰਟੀ ਹੱਥਲ ਹੋ ਗਈ। ਮੇਰੇ ਖਿਲਾਫ਼ ਮੇਰੇ ਨਗਰ ਵਿਚ ਜਲਸਾ ਕੀਤਾ ਗਿਆ। ਮੈਨੂੰ ਕੀ ਕੀ ਗਾਲ੍ਹਾਂ ਕੱਢੀਆਂ ਗਈਆਂ। ਉਸ ਦਿਨ ਮੇਰੇ ਪਰਮ ਮਿੱਤਰ, ਲੋਕ ਸੰਪਰਕ ਵਿਭਾਗ ਜਿਲ੍ਹਾ ਅਫ਼ਸਰ ਭਾਟੀਆ ਜੀ ਨੇ ਡੇਰੇ ਡਰਾਮਾ ਰਖਿਆ ਹੋਇਆ ਸੀ। ਲੋਕ ਉਥੇ ਜਾ ਵੜੇ। ਇਹਨਾਂ ਨੇ ਸਟੇਜ ਤੇ ਆਖਿਆ — ਇਹ ਪਾਰਟੀ ਸਰਾਕਾਰ ਨਾਲ ਮਿਲ ਗਈ ਹੈ, ਦੇਖੋ ਰਾਹੀ ਜੀ ਦੇ ਆਖੇ ਸਰਕਾਰੀ ਡਰਾਮਾ ਹੋ ਰਿਹਾ ਹੈ, ਸਾਡਾ ਜਲਸਾ ਫੇਲ੍ਹ ਕਰਨ ਲਈ......ਮੈਂ ਉਸ ਦਿਨ ਡੇਰੇ ਬਾਬੇ ਨਾਨਕ ਨਹੀਂ ਸਾਂ। ਜਲਸੇ ਦੇ ਮੋਹਰੀ, ਕਾ: ਸਲੱਖਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਿੰਘ, ਬਟਾਲੇ ਦਾ ਮਜ਼ਦੂਰ ਲੀਡਰ ਅਤੇ ਲੱਡਾ ਬੇਦੀ ਸੀ।

ਮੇਰੇ ਅੰਦਰ ਇਕ ਰੋਸ ਸੀ। ਪਿਛੋਂ ਦੋ ਸਾਲ ਦੀ ਗੱਲ ਹੈ। ਬਟਾਲੇ ਵਿਚ ਮਿਉਂਸਪਲ ਕਮੇਟੀ ਦੀਆਂ ਇਲੈਕਸ਼ਨਾਂ ਸਨ। ਸਲੱਖਣ ਖਲੋ ਗਿਆ। ਲੱਡਾ ਪਾਰਟੀ ਨਾਲ ਆ ਚੁੱਕਾ ਸੀ, ਮੈਂ ਬਟਾਲੇ ਦਿਆਂ ਸਾਥੀਆਂ ਨਾਲ ਸਲਾਹ ਕਰਕੇ ਸਿੰਬਲਾਂ ਦੀ ਸੀਟ ਉਤੇ ਲੱਡੇ ਬੇਦੀ ਨੂੰ ਖਲਿਆਰ ਦਿੱਤਾ। ਮੁਕਾਬਲੇ ਤੇ ਮੇਰਾ ਰਿਸ਼ਤੇਦਾਰ ਸਾਧੂ ਸਿੰਘ ਰਣਜੀਤ ਫੌਂਡਰੀ ਵਾਲਾ, ਕਾਂਗਰਸ ਵਲੋਂ ਖਲੋਤਾ ਸੀ। (ਹੁਣ ਉਹ ਮੇਰੀ ਵਿਚਲੀ ਨੂੰਹ ਦਾ ਸਕਾ ਮਾਮਾ ਹੈ) ਗਿਆਨੀ ਮੂਲਾ ਸਿੰਘ ਮਾਸਟਰ ਪੁਣਾ ਛੱਡ ਕੇ ਢਾਡੀ ਜੱਥਾ ਬਣਾ ਕੇ ਧਰਮ ਪ੍ਰਚਾਰਕ ਬਣਿਆ ਹੋਇਆ ਹੈ, ਉਹ ਰਣਜੀਤ ਵਾਲਿਆਂ ਦਾ ਸਕਾ ਜੀਜਾ ਹੈ। ਮੇਰੀ ਉਹਦੀ ਥੋੜ੍ਹੀ ਬੋਲਚਾਲ ਸੀ। ਉਹ ਸਾਡੇ ਨਾਲ ਆ ਗਿਆ। ਖ਼ਰਚ ਪੱਠਾ ਲੈ ਕੇ ਦਿੰਦਾ ਰਿਹਾ। ਅਸੀਂ ਆਪੋ ਵਿਚ ਪੱਕੇ ਮਿੱਤਰ ਬਣ ਗਏ ਸਾਂ (ਹੁਣ ਮੇਰਾ ਕੁੜਮ ਹੈ, ਵਿਚਕਾਰਲੇ ਲੜਕੇ ਦਾ ਸੋਹਰਾ) ਸਲੱਖਣ ਭਰਾ ਦੇ ਵਿਆਹ ਉਤੇ ਰਣਜੀਤ ਵਾਲਿਆਂ ਕੋਲੋਂ ਉਹਨਾਂ ਦੀ ਕਾਰ ਲੈ ਗਿਆ ਸੀ, ਇਕ ਉਹਨਾਂ ਹੋਰ ਕਾਰਖ਼ਾਨੇਦਾਰ ਦੀ ਦਿਵਾ ਦਿੱਤੀ ਸੀ। ਤਕਰੀਰ ਕਰਨ ਵੇਲੇ ਸਟੇਜ ਲਾਗੇ ਬੜੇ ਕਾਮਰੇਡ ਮਾਰਕਸੀਆਂ ਦੇ ਆਏ। ਮੇਰੇ ਤਰਲੇ ਕੀਤੇ। ਮੈਨੂੰ ਗ਼ੁੱਸਾ ਸੀ ਕਿਉਂਕਿ ਸਲੱਖਣ ਸਿੰਘ ਮੇਰਾ ਭੇਤੀ ਮਿੱਤਰ ਵੀ ਸੀ। ਮੈਂ ਇਨਕਾਰ ਕਰ ਦਿੱਤਾ। ਸਟੇਜ ਤੇ ਬੋਲਦਿਆਂ ਕਿਹਾ — ਮੇਰੇ ਭਰਾਵਾਂ ਦੀਆਂ ਕਾਰਾਂ ਖੜਦਾ ਹੈ, ਭਰਾ ਦੇ ਵਿਆਹ ਉਤੇ ਉਹਦੇ ਮੇਰੇ ਭਰਾ ਚੰਗੇ ਹੁੰਦੇ ਹਨ। ਅੱਜ ਉਹਨਾਂ ਦਾ ਲੂਣ ਹਰਾਮ ਕਰਨ ਲਈ ਮੁਕਾਬਲੇ ਵਿਚ ਖਲੋ ਗਿਆ ਹੈ ਤਾਂ ਉਹ ਸਰਮਾਇਆਦਾਰ ਬਣ ਗਏ ਹਨ ਵਗ਼ੈਰਾ ਵਗ਼ੈਰਾ। ਜਲਸੇ ਬਾਅਦ ਉਹਨਾਂ ਦੇ ਸਾਥੀ ਮਿਲੇ, ਕਹਿਣ ਲੱਗੇ — ਬਸ ਰਾਹੀ ਜੀ ਫੇਲ੍ਹ ਹੋ ਗਿਆ, ਅਸਾਂ ਇਸ ਨੂੰ ਕਿਹਾ ਸੀ ਤੂੰ ਡੇਰੇ ਰਾਹੀ ਦੇ ਖਿਲਾਫ਼ ਜਲਸਾ ਕਰਨ ਨਾ ਜਾ, ਇਹ ਮੰਨਿਆ ਨਹੀਂ ਸੀ। ਸਲੱਖਣ ਫੇਲ੍ਹ ਹੋ ਗਿਆ। ਮੇਰਾ ਦਿਲ ਠੰਢਾ ਹੋ ਗਿਆ। ਸਾਧੂ ਸਿੰਘ ਸ਼ਾਨ ਨਾਲ ਸਫਲ ਹੋਇਆ।

'ਲਾਲਾਂ' 'ਚੋਂ ਆਏ ਸਾਥੀ ਪਾਰਟੀ ਨਾਲ ਰਹਿੰਦੇ ਹੋਏ ਵੀ ਸਾਡੇ ਨਾਲ ਘੁਲ-ਮਿਲ ਕੇ ਨਹੀਂ ਸਨ ਰਹਿੰਦੇ। ਮਿਲਦੇ, ਕੰਮ ਕਈ ਥਾਈਂ ਇਕੱਠੇ ਕਰਦੇ ਪਰ ਦਿਲ ਨਾ ਰਲਦੇ। ਜਿਥੇ ਇਕ ਦੀ ਲੋੜ ਹੁੰਦੀ ਉਥੇ ਤਿੰਨ ਚਾਰ ਮਿਲ ਕੇ ਜਾਂਦੇ। ਜਿਲ੍ਹੇ ਵਿਚ ਉਹਨਾਂ ਆਪਣੀ ਸ਼ਾਖ ਕਾਇਮ ਕਰ ਲਈ ਸੀ। ਮੇਰੇ ਵੱਲ ਉਹਨਾਂ ਦਾ, ਉਹਨਾਂ ਵੱਲ ਮੇਰਾ ਰਵੱਈਆ ਨਫ਼ਰਤ ਐਮੇਜ਼ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੈਂ ਜਿਸ ਨੂੰ ਪਾਰਟੀ ਦੇ ਗੱਦਾਰਾਂ ਦਾ ਸਰਦਾਰ ਕਹਿੰਦਾਂ ਰਿਹਾ ਸੀ। ਦੋ ਤਿੰਨ ਸਾਲ ਉਹਨਾਂ ਨੂੰ ਸਲ੍ਹਾਉਣਾ ਮੇਰੇ ਲਈ ਕਠਿਨ ਸੀ। ਦੱਤ ਹੋਰੀਂ ਗਏ। ਇਹ ਧੜਾ ਆਇਆ। ਬਾਬਾ ਮਰਿਆ ਪੋਤਾ ਜੰਮਿਆ ਟੱਬਰ ਜਿਉਂ ਦਾ ਤਿਉਂ। ਜਿਹੜਾ ਲਾਲ ਪਾਰਟੀ ਨੇ ਇਕ ਕਿਤਾਬਚਾ ਪਾਰਟੀ ਦੇ ਖਿਲਾਫ਼ ਛਾਇਆ ਕੀਤਾ ਸੀ ਮੈਂ ਉਹ ਆਪਣਿਆਂ ਜਵਾਬਾਂ ਸਹਿਤ ਅਜੇ ਵੀ ਰਖਿਆ ਹੋਇਆ ਸੀ।

ਸੈਂਟਰ ਗੌਰਮਿੰਟ ਨੇ ਹਾਲਾਤਾਂ ਦਾ ਜਾਇਜ਼ਾ ਲੈ ਕੇ, ਕੁਝ ਪਾਰਟੀ ਦੇ ਧਨਾਢ ਹਮਦਰਦਾਂ ਦੇ ਕਹਿਣ ਉਤੇ ਕਾ: ਸੁਤੰਤਰ ਦੀ ਮਫਰੂਰੀ ਖ਼ਤਮ ਕਰ ਦਿੱਤੀ। ਉਹ ਸਿੱਧਾ ਪਾਰਟੀ ਆਫ਼ਿਸ ਗਿਆ। ਖ਼ੁਸ਼ ਸੀ ਕਿ ਉਤੇ ਟੋਲਾ ਪਾਰਟੀ 'ਚੋਂ ਨਿਕਲ ਗਿਆ ਹੈ। ਪਾਰਟੀ ਨੂੰ ਬਹੁਤ ਖ਼ੁਸ਼ੀ ਹੋਈ, ਸੁਤੰਤਰ ਦੀ ਸ਼ਖਸੀਅਤ ਬਹੁਤ ਸੀ ਅਤੇ ਪੈਸੇ ਵਾਲੇ ਲੋਕ ਅਤੇ ਧਨੀ ਕਿਸਾਨ ਉਸ ਦੇ ਪੁਜਾਰੀ ਕਾਫ਼ੀ ਸਨ। ਪਾਰਟੀ ਨੇ ਉਸ ਨੂੰ ਸਾਰੇ ਪੰਜਾਬ ਵਿਚ ਘੁੰਮਾਇਆ, ਸ਼ਹਿਰਾਂ ਵਿਚ ਜਲਸੇ ਕੀਤੇ। ਕਾਫੀ ਫੰਡ ਇਕੱਠਾ ਕੀਤਾ। ਪਾਰਟੀ ਨੇ ਆਪਣਾ ਰਸੂਖ਼ ਵੀ ਜ਼ੋਰ ਲਾ ਕੇ ਵਰਤਿਆ। ਮੁੜ ਕੇ ਪੈਰਾਂ ਉਤੇ ਖਲੋ ਗਈ। ਪ੍ਰੈਸ ਲੱਗ ਗਿਆ। ਅਖ਼ਬਾਰ ਤੱਕੜਾ ਹੋ ਗਿਆ। ਇਹ ਕੰਮ ਕਾ: ਸੁਤੰਤਰ ਦਾ ਮੇਰੇ ਖ਼ਿਆਲ ਮੁਤਾਬਕ ਬਹੁਤ ਹੀ ਦਰੁਸਤ ਤੇ ਚੰਗਾ ਸੀ। ਮਾਰਕਸੀ ਚੀਨ ਦੇ ਢੋਲੇ ਗਾਉਂਦੇ। ਰੂਸ ਨੂੰ ਗ਼ਲਤ ਕਹਿੰਦੇ। ਹੋਇਆ ਇਹ ਕਿ ਇਹਨਾਂ ਦੇ ਵਿਚੋਂ ਇਕ ਭੁੱਲੜ ਤੇ ਇਮਾਨਦਾਰ ਨਕਸਲ ਬਾੜੀ ਵਾਲੇ ਨਿਕਲ ਆਏ। ਇਹ ਕਹਿੰਦੇ ਪਾਰਟੀ ਦੀ ਅਕਸਰੀਅਤ ਛੱਡ ਕੇ ਗਏ ਹਨ। ਆਪ ਭੁੱਲ ਗਏ ਕਿ ਇਹ ਕਿਉਂ ਅਕਸਰੀਅਤ ਛੱਡ ਕੇ ਆਏ ਗਏ ਸਨ। ਚੀਨ ਪਹਿਲੋਂ ਇਹਨਾਂ ਦੇ ਢੋਲੇ ਰੇਡਿਉ ਉਤੇ ਗਾਉਂਦਾ। ਕਮਿਊਨਿਸਟ ਦੀ ਭੰਡ ਲਾਈ ਜਾਂਦਾ। ਫਿਰ ਚੀਨ ਨਕਸਲੀਆਂ ਦੇ ਢੋਲੇ ਗਾਉਣ ਲੱਗ ਪਿਆ। ਫਿਰ ਮਾਰਕਸੀ ਕਹਿਣ ਲੱਗੇ ਰੂਸ ਗ਼ਲਤ ਹੈ, ਨਹਿਰੂ ਸਰਕਾਰ ਦੀ ਮਦਦ ਕਰਦਾ ਹੈ। ਚੀਨ ਗ਼ਲਤ ਹੈ, ਪਾਕਿਸਤਾਨ ਦੀ ਮਦਦ ਕਰਦਾ ਹੈ। "ਜੰਞ ਕੁਪੱਤੀ ਸੁਥਰਾ ਭਲਾ ਮਾਣਸ"। ਮੇਰੇ ਨਾਲ ਹਮੇਸ਼ਾ ਕਾ: ਆਨੰਦ ਅਤੇ ਕਾਮਰੇਡ ਮਲਹੋਤਰਾ ਚੰਗਾ ਸਲੂਕ ਕਰਦੇ ਰਹੇ। ਪਿਆਰ ਦਿੰਦੇ ਰਹੇ। ਇੱਜ਼ਤ ਕਰਦੇ ਰਹੇ। ਸਲਾਹ ਪੁੱਛਦੇ ਦੱਸਦੇ ਰਹੇ। ਉਤਸ਼ਾਹ ਦਿੰਦੇ ਰਹੇ।

ਸੁਤੰਤਰ ਨੇ ਪੈਰ ਜਮਾ ਕੇ ਆਪਣੀ ਪੁਰਾਣੀ ਪੱਕ ਚੱਕੀ ਵਾਦੀ ਵਰਤਣੀ ਸ਼ੁਰੂ ਕਰ ਦਿੱਤੀ। ਸਾਡੇ ਜਿਲ੍ਹੇ ਉਸ ਦੇ ਲਾਲਾਂ ਵਿਚ ਜਾਨ ਪੈ ਗਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹਨਾਂ ਜਥੇਬੰਦੀਆਂ ਗੁਟਬੰਦੀਆਂ [illegible] ਕੀਤੀਆਂ ਜਦ ਜਿੱਤੀਆਂ । ਮੇਨ ਨਿਸ਼ਾਨਾ, ਮੈਂ ਤੇ ਕਾ: ਰਾਜਕੁਮਾਰ ਸੀ । ਖ਼ੂਬ ਟੱਕਰਾਂ ਲੱਗੀਆਂ । ਮੈਂ ਕੰਮ ਖ਼ੂਬ ਕਰਦਾ ਸਾਂ । ਪਰ ਮੇਰਾ ਪਰਿਵਾਰ ਬਹੁਤਾ ਹੋਣ ਕਰਕੇ ਪੂਰੀ ਟੱਕਰ ਨਹੀਂ ਸਾਂ ਲਾ ਸਕਦਾ । ਰਾਜਕੁਮਾਰ ਦੀ ਇਕ ਗੰਦੀ ਵਾਦੀ ਹੈ ਫੂੰ ਫੂੰ ਕਰਦਾ ਰਹਿੰਦਾ, ਧਰਤੀ ਤੇ ਆਪਣੇ ਪੈਰ ਟਿਕਣ ਨਾ ਦਿੰਦਾ, ਇਕ ਜਿਲ੍ਹਾ ਕੌਂਸਲ ਵਿਚ ਮੈਂ ਨਹੀਂ ਸਾਂ ਜਾ ਸਕਿਆ । ਉਹਨਾਂ ਰਾਜਕੁਮਾਰ ਨੂੰ ਜਿਲ੍ਹਾ ਸੈਕਟਰੀਸ਼ਿਪ ਤੋਂ ਲਾਹ ਕੇ ਗੁਰਬਖਸ਼ ਕਾਲਾ ਅਫ਼ਗਾਨਾ ਨੂੰ ਬਣਾ ਦਿੱਤਾ । ਮੇਰੇ ਹਲਕੇ ਦੇ ਤਿੰਨ ਵੋਟ ਵੀ ਰਾਜ ਦੇ ਖ਼ਿਲਾਫ਼ ਪਏ । ਮੈਂ ਬਾਹਰੋਂ ਆਇਆ ਤਾਂ ਸੜ ਭੁੱਜ ਗਿਆ । ਰਾਜਕੁਮਾਰ ਕੋਲ ਧਾਰੀਵਾਲ ਪਹੁੰਚਾ, ਉਸ ਨਾਲ ਝਗੜਾ ਕੀਤਾ । ਫੈਸਲਾ ਹੋਇਆ ਕਿ ਉਹ ਜਿਲ੍ਹੇ ਸਾਰੇ ਵਿਚ ਟਿਕ ਕੇ ਕੰਮ ਕਰੇਗਾ । ਮੈਂ ਉਸ ਨੂੰ ਨਾਲ ਲਿਆ । ਆਪਣੇ ਹਲਕੇ ਦੇ ਸਾਥੀਆਂ ਦੀ ਮੀਟਿੰਗ ਸ਼ਾਹਪੁਰ ਪੂਰਬੀਆਂ ਸੱਦੀ । ਸਕੂਲ ਲਵਾਇਆ । ਮਗਰੋਂ ਗੱਲਾਂ ਕਰਦੇ ਨੇ ਰਾਜਕੁਮਾਰ ਦੀਆਂ ਖ਼ੂਬੀਆਂ ਦੱਸ ਕੇ ਆਖਿਆ — ਜਿਹੜਾ ਕਾਮਰੇਡ ਜਿਲ੍ਹੇ ਦੀ ਪ੍ਰੈਸ ਕਾਨਫ਼ਰੰਸ ਨਹੀਂ ਸੱਦ ਸਕਦਾ ਉਹ ਸਾਡਾ ਸੈਕਟਰੀ । ਤਕਰੀਰ ਕਰਦਾ ਕਰਦਾ "ਮੈਂ ਸਮਝਦਾ ਹਾਂ, ਮੈਂ ਸਮਝਦਾ ਹਾਂ" ਤਕੀਆ ਕਲਾਮ ਨਹੀਂ ਛੱਡ ਸਕਿਆ । ਇਹ ਗੁਟਬੰਦੀ ਕੀਕਰ ਛੱਡੇਗਾ । ......ਸਾਰੇ ਸਾਥੀ ਹਸਾ ਦਿੱਤੇ । ਜਿਲ੍ਹੇ ਵਿਚ ਹੋਰਨੀਂ ਥਾਈਂ ਜਾ ਚੌਂਕੜੀ ਲਾਈ । ਕੌਂਸਲ ਮੀਟਿੰਗ ਜਿਲ੍ਹੇ ਦੀ ਹੋਈ । ਗੁਰਬਖਸ਼ ਥੱਲੇ ਤੇ ਰਾਜਕੁਮਾਰ ਸੈਕਟਰੀ ।

ਜਦ ਪਾਰਟੀ ਵਿਚੋਂ ਨਿਕਲੇ, ਗਰੁੱਪ ਨੇ ਆਪਣੇ ਨੂੰ ਪੂਰੀ ਤਰ੍ਹਾਂ ਪਾਰਟੀ ਕਾਂਗਰਸ ਕਰ ਕੇ ਪੱਕੀ ਪਾਰਟੀ ਬਣਾਈ । ਸੰਨ 1964 ਸੀ । ਕਲਕੱਤੇ ਵਿਚ ਪੂਰਾ ਐਲਾਨ ਕੀਤਾ । ਕਮਿਊਨਿਸਟ ਪਾਰਟੀ ਦਾ ਬੁਨਿਆਦੀ ਅਸੂਲ ਹੈ ਜਦ ਆਪਣੀ ਤਿੰਨ ਸਾਲ ਬਾਅਦ ਕਾਂਗਰਸ ਕਰਦੀ ਹੈ ਤਾਂ ਪਹਿਲੋਂ ਦੁਨੀਆਂ ਦਾ ਨਿਰਣਾ ਕਰਦੇ ਹਨ ਅਤੇ ਦੁਨੀਆਂ ਦੇ ਨਿਰਣੇ ਉਤੇ ਬਹਿਸ ਕਰਕੇ ਬਾਹਰ ਦੇ ਕਿਸੇ ਮੁਲਕ ਦੀ ਪਾਰਟੀ ਤੇ ਜਾਂ ਦੇਸ਼ ਦੀ ਪਾਲਸੀ ਉਤੇ ਮੋਹਰ ਲਾਉਂਦੇ ਹਨ । ਜਿਹੜੀ ਪਾਰਟੀ ਇੰਝ ਨਹੀਂ ਕਰਦੀ ਉਹ ਕਮਿਊਨਿਸਟ ਪਾਰਟੀ ਨਹੀਂ ਹੁੰਦੀ । ਸੀ. ਪੀ. ਆਈ. ਅਤੇ ਆਮ ਦੂਜਿਆਂ ਮੁਲਕਾਂ ਦੀਆਂ ਪਾਰਟੀਆਂ ਸੋਵੀਅਤ ਪਾਲਸੀ ਉਤੇ ਮੋਹਰ ਲਾਉਂਦੀਆਂ ਹਨ । ਜੇ ਕਿਸੇ ਦੁਨੀਆਂ ਦੀ ਕਿਸੇ ਦੇਸ਼ ਜਾਂ ਪਾਰਟੀ ਦੀ ਪਾਲਸੀ ਉਤੇ ਨਾ ਲਾਉਣੀ

CC-0. In Public Domain. Gurukul Kangri Collection, Haridwar

ਹੋਵੇ ਤਾਂ ਵੀ ਆਪਣੇ ਜਾਤੀ ਦੁਨੀਆਂ ਦੇ ਨਿਰਣੇ ਉਤੇ ਮੋਹਰ ਲਾਉਂਦੀ ਹੈ। Digitized by Arya Samaj Foundation Chennai and eGangotri ਇਹ ਜਿਹੜੀ ਨਵੀਂ ਪਾਰਟੀ ਬਣੀ, ਇਸ ਆਪਣੀਆਂ ਦੇ ਕਾਂਗਰਸਾਂ ਉਤੇ ਦੁਨੀਆਂ ਦਾ ਨਿਰਣਾ ਕੀਤਾ ਹੀ ਨਹੀਂ ਸੀ। ਦਾਅਵਾ ਕਰਦੇ ਸਭ ਤੋਂ ਵੱਡੀ ਹਿੰਦ ਦੀ ਕਮਿਊਨਿਸਟ ਪਾਰਟੀ ਹੋਣ ਦਾ, ਦੁਨੀਆਂ ਦੀਆਂ ਪਾਰਟੀਆਂ ਜਾਂ ਸੋਵੀਅਤ ਰੂਸ ਦੀ ਪਾਰਟੀ ਹਿੰਦ ਪਾਰਟੀ ਸੀ. ਪੀ. ਆਈ. ਨੂੰ ਮਹਾਨਤਾ ਦਿੰਦੀਆਂ ਹਨ।

ਕਾ: ਸੁਤੰਤਰ ਆਪਣਿਆਂ ਨੂੰ ਆ ਜਾ ਕੇ ਜਾਤੀ ਮਦਦ ਦਿੰਦਾ। ਆਪ ਵੀ ਧਨੀਆਂ ਕੋਲੋਂ ਜਾਤੀ ਮਦਦ ਲੈਣ ਲੱਗ ਪਿਆ। ਪਾਰਟੀ ਨਾਲ ਉਸ ਦੀ ਮੌਤ ਤਕ ਹਿਸਾਬ ਦਾ ਝਗੜਾ ਹੀ ਰਿਹਾ। ਪਾਰਲੀਮੈਂਟ ਦਾ ਮੈਂਬਰ ਚੁਣਿਆ ਗਿਆ। ਕਦੇ ਹਿਸਾਬ ਪਾਰਟੀ ਨੂੰ ਨਾ ਦਿੱਤਾ। ਸੁਤੰਤਰ ਸਿਆਸੀ ਤੌਰ ਉਤੇ ਕਦੇ ਦਰੁਸਤ ਨਹੀਂ ਰਿਹਾ। ਮਾਸਕੋ ਤੋਂ ਪੜ੍ਹ-ਲਿਖ ਕੇ ਆਇਆ। ਪਾਰਟੀ ਵਿਚ ਨਹੀਂ ਆਇਆ। ਇਕ ਕਿਰਤੀ ਗਰੁੱਪ ਸੀ ਉਸ ਨਾਲ ਰਲ ਗਿਆ। ਜਿਹੜਾ ਆਪਣੇ ਆਪ ਨੂੰ ਸਿੱਧਾ ਮਾਸਕੋ ਨਾਲ ਸੰਬੰਧਤ ਸਮਝਦਾ ਸੀ। ਦਿਉਲੀ ਕੈਂਪ ਵਿਚ ਅੰਗਰੇਜ਼ ਨੇ ਜਦ ਦੇਸ਼ ਦੇ ਕਮਿਊਨਿਸਟ ਲੀਡਰ ਕਿਰਤੀ ਗਰੁੱਪ ਸਣੇ ਇਕੱਠੇ ਕੀਤੇ, ਉਥੇ ਮੰਨ ਗਏ ਕਿ ਕਿਰਤੀ ਗਰੁੱਪ ਕੋਈ ਪਾਰਟੀ ਨਹੀਂ। ਉਥੋਂ ਦੀ ਪਾਰਟੀ ਵਿਚ ਆ ਗਏ। ਇਹ ਪਹਿਲੀ ਗ਼ਲਤੀ ਉਹਦੀ ਉਥੇ ਸੋਧੀ ਗਈ।

ਪਾਰਟੀ ਵਿਚ ਆ ਕੇ ਗੁੱਟਬੰਦੀ ਛੱਡੀ ਨਹੀਂ ਸੀ। ਪਾਕਿਸਤਾਨ ਦੀ ਪਾਰਟੀ ਨੇ ਗ਼ਲਤ ਸਪੋਰਟ ਕੀਤੀ। ਸੁਤੰਤਰ ਨੇ ਪਾਕਿਸਤਾਨ ਨਾਲ ਸਿੱਖ ਦੇਸ਼ ਭੂਮੀਆਂ ਇਕ ਪੰਮਫਲਿਟ ਲਿਖ ਮਾਰਿਆ। ਪਾਰਟੀ ਨੂੰ ਟਿੱਚ ਸਮਝ ਕੇ, ਇਹ ਸੀ ਦੂਜੀ ਗ਼ਲਤੀ।

ਪਾਕਿਸਤਾਨ ਬਣਿਆ। ਇਸ ਨੇ ਪਾਕਿਸਤਾਨ ਦੀ ਪਾਰਟੀ ਦਾ ਐਲਾਨ ਕਰ ਦਿੱਤਾ। ਆਪ ਜਨਰਲ ਸੈਕਟਰੀ ਬਣ ਗਿਆ। ਉਸ ਦੀ ਪਾਰਟੀ ਬਣੀ ਤੇ ਮਰਨ ਉਤੇ ਮੋਹਰ ਲਾ ਗਈ। ਇਹ ਇਕ ਵਾਰੀ ਰਾਵੀ ਟੱਪ ਕੇ ਪਾਰ ਗਿਆ। ਹਾਲਾਤ ਵੇਖ ਕੇ ਮੁੜ ਆਇਆ, ਇਹ ਸੀ ਤੀਸਰੀ ਗ਼ਲਤੀ।

ਫਿਰ ਹਿੰਦੁਸਤਾਨ ਵਿਚ ਆ ਕੇ ਲਾਲ ਕਮਿਊਨਿਸਟ ਪਾਰਟੀ ਬਣਾਈ। ਉਸ ਦਾ ਹਸ਼ਰ ਮੈਂ ਲਿਖ ਹੀ ਚੁੱਕਾ ਹਾਂ। ਇਹ ਚੋਥੀ ਗ਼ਲਤੀ ਸੀ। ਜ਼ਿੰਦਗੀ ਵਿਚ ਕੋਈ ਨਿਰਣਾ ਠੀਕ ਨਹੀਂ ਲੈ ਸਕਿਆ। ਹਾਂ ਇਕ ਗੱਲ ਮੰਨਣ ਵਾਲੀ ਹੈ, ਪਾਰਟੀ ਅੰਦਰ ਰਹਿ ਕੇ ਆਪਣਾ ਗੁੱਟ ਕਾਇਮ ਰੱਖਣ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਹ ਮਾਹਿਰ ਸੀ। ਲੋਕਾਂ ਵਿਚ ਉਸ ਦੀ ਮਕਬੂਲੀਅਤ ਸੀ। ਉਸ ਦੇ ਚੇਲੇ ਚਾਂਟੇ ਪਾਰਟੀ ਕਰਕੇ ਨਹੀਂ, ਉਸ ਦੀ ਜਾਤ ਦੇ ਢੋਲੇ ਗਾਉਂਦੇ। ਕਹਿੰਦੇ ਸਾਰੀ ਹਿੰਦੁਸਤਾਨੀ ਪਾਰਟੀ ਲੀਡਰਾਂ ਨਾਲੋਂ ਉਹ ਸਿਆਣਾ ਹੈ। ਪਾਰਟੀ ਉਸ ਨੂੰ ਅੱਗੇ ਨਹੀਂ ਆਉਣ ਦਿੰਦੀ। ਜਦ ਇਹ ਸਤਰਾਂ ਲਿਖ ਰਿਹਾ ਹਾਂ ਤਾਂ ਕਾ: ਅਵਤਾਰ ਸਿੰਘ ਮਲਹੋਤਰਾ ਤੇ ਸਾਡੇ ਜਿਲ੍ਹੇ ਵਿਚ ਲਾਲ ਗਰੁੱਪ ਘਿਉ ਖਿਚੜੀ ਹਨ।

ਇਕ ਪਛਤਾਵਾ

ਅਮਰਜੀਤ ਗੁਰਦਾਸਪੁਰੀ ਪਾਰਟੀ ਤੋਂ ਬਾਹਰਲਿਆਂ ਪ੍ਰੋਗਰਾਮਾਂ ਤੇ ਵੀ ਜਾਂਦਾ। ਉਸ ਦੀ ਬੜੀ ਵਾਹ ਵਾਹ ਹੁੰਦੀ। ਇਸ ਕਰਕੇ ਉਸ ਤੇ ਕੋਈ ਨਾ ਕੋਈ ਔਰਤ, ਮੁਟਿਆਰ ਕੁੜੀ ਮਰਦੀ ਰਹਿੰਦੀ। ਉਸ ਦੀ ਵਜ੍ਹਾ ਕਤਾ, ਕੱਦ ਕਾਠ, ਹੱਸਣਾ ਬੋਲਣਾ, ਤੁਰਨਾ, ਬਹਿਣਾ ਕਿਸੇ ਨਾਲ ਮੋਹ ਨਾਲ ਬੋਲਣਾ ਚੰਗਾ ਸੀ। ਇਕ ਵਿਧਵਾ ਮੁਟਿਆਰ ਜਿਹੜੀ ਖਾਂਦੀ ਪੀਂਦੀ ਸੀ ਵੱਡਿਆਂ ਲੋਕਾਂ ਦੀ ਨਵੀਂ ਆਬਾਦੀ ਵਿੱਚ ਉਸ ਦੀ ਕੋਠੀ ਸੀ, ਤਿੰਨ ਬੱਚੇ ਸਨ। ਵੇਖਣ ਵਿਚ ਚੰਗੀ ਜਚਦੀ। ਵੇਖਣ ਵਾਲੇ ਦਾ ਮਨ ਖਿੱਚ ਸਕਦੀ ਸੀ। ਰੰਗ ਉਸ ਦਾ ਕਣਕ ਭਿੰਨਾ। ਉਹ ਅਮਰਜੀਤ ਦੇ ਟੇਟੇ ਚੜ੍ਹ ਗਈ। ਇਕ ਦੁਪਹਿਰੇ ਮੈਨੂੰ ਵੀ ਉਸ ਦੇ ਘਰ ਲੈ ਗਿਆ, ਉਸ ਨੇ ਸਾਡੀ ਖਾਤਰ ਤਵਾਜਿਆ ਕੀਤੀ। ਕੋਠੀ ਦੇ ਅਲਹਿਦਾ ਕਮਰੇ ਵਿਚ ਅਸੀਂ ਤਿੰਨੇ ਬੈਠ ਗਏ। ਬੱਚੇ ਸਕੂਲੇ ਸਨ। ਗੱਲਾਂ ਚਲਦੀਆਂ ਰਹੀਆਂ। ਮੈਂ ਬਹੁਤੀ ਗੱਲ ਕੰਜਰੀ ਦੀ ਗੁੱਤ ਵਾਂਗ ਵਧਾਉਂਦਾ ਨਹੀਂ। ਅਸੀਂ ਦੋਏਂ ਠੀਕ ਠਾਕ ਹੋਏ।

ਆਉਣ ਲੱਗਿਆਂ ਮੈਂ ਉਸ ਨੂੰ ਆਖਿਆ — ਤੂੰ ਫਲਾਣੀ ਤਾਰੀਖ ਮੈਨੂੰ ਹਾਲ ਦਰਵਾਜੇ ਮਿਲੀਂ, ਇਕੱਠੇ ਸਿਨਮਾ ਦੇਖਾਂਗੇ। ਉਸ ਨੇ ਮੁਸਕੜੀ ਭਰ ਕੇ ਹਾਂ ਕੀਤੀ।

ਮੈਂ ਉਸ ਦਿਨ ਹਾਲ ਦਰਵਾਜੇ 'ਅਮਰ ਚਿੱਤਰਕਾਰ ਵਲੋਂ ਹੋ ਕੇ ਚਲਾ ਗਿਆ। ਪੰਜਾਂ ਮਿੰਟਾਂ ਬਾਅਦ ਉਹ ਆਈ। ਅਸੀਂ ਕੰਪਨੀ ਬਾਗ ਵਾਲੇ

CC-0. In Public Domain. Gurukul Kangri Collection, Haridwar

ਸਿਨਮੇ ਚਲੇ ਗਏ । ਉਹ ਪੈਸੇ ਨਹੀਂ ਸੀ ਖ਼ਰਚ ਰਹੀ । ਫ਼ਿਲਮ ਵੇਖਦਿਆਂ
Digitized by Arya Samaj Foundation Chennai and eGangotri
ਮੈਂ ਛੇੜਖਾਨੀ ਕਰਦਾ ਰਿਹਾ । ਉਹ ਕਦੇ ਮੈਨੂੰ ਮੱਢਾ ਮਾਰਦੀ, ਪਰ ਮੇਰਾ ਹੱਥ ਪਰ੍ਹਾਂ ਨਾ ਕਰਦੀ । ਫ਼ਿਲਮ ਖ਼ਤਮ ਹੋਈ । ਇਕ ਹੋਟਲ ਤੋਂ ਰੋਟੀ ਖਾਧੀ । ਰਿਕਸ਼ੇ ਉਤੇ ਬੈਠ ਕੇ ਉਸ ਦੀ ਕੋਠੀ । ਰਾਤ ਮੈਂ ਉਸ ਕੋਲ ਰਿਹਾ । ਉਹ ਮੇਰੇ ਕੋਲ ਦੋ ਵਾਰੀ ਆ ਕੇ ਆਪਣੇ ਕਮਰੇ ਵਿਚ ਸੁੱਤੀ । ਦਿਨੇ ਤੜਕੇ ਬੱਸ ਅੱਡੇ ਉਤੇ ਪਹੁੰਚ ਕੇ ਡੇਰੇ ਅੱਪੜ ਗਿਆ । ਸੋਚਿਆ ਬਜ਼ਾਰੋਂ ਮੀਟ ਖੜ੍ਹਦਾ ਹਾਂ, ਆਰਾਮ ਕਰਾਂਗਾ ਰੋਟੀ ਖਾ ਕੇ, ਤਿੰਨਾਂ ਦਿਨਾਂ ਪਿਛੋਂ ਘਰ ਮੁੜਿਆ ਸਾਂ । ਦੋ ਪ੍ਰੋਗਰਾਮ ਪੰਜਾਬ ਦੇ ਅੰਦਰ ਭੁਗਤਾ ਕੇ । ਬਾਜ਼ਾਰ ਵਿਚ ਮੈਨੂੰ ਬੇਦੀ ਅਮਰੀਕ ਸਿੰਘ ਬਜਾਜ ਆਪਣੀ ਹੱਟੀ ਅੱਗੇ ਖਲੋਤਾ ਮਿਲ ਗਿਆ, ਕਹਿਣ ਲੱਗਾ — ਰਾਹੀ ਜੀ, ਤੁਸੀਂ ਅੰਮ੍ਰਿਤਸਰ ਨਹੀਂ ਗਏ ? ਤੁਹਾਡੇ ਘਰੋਂ ਤਾਂ ਚਲੇ ਗਏ ਨੇ......ਪੁੱਛਿਆ ਕਿਉਂ ਕੀ ਗੱਲ ਹੈ ? — ਸਰਦਾਰ ਭਗਵਾਨ ਸਿੰਘ ਗੁਜ਼ਰ ਗਏ ਨੇ......ਸੁਣਿਆ ਹੈ ਹਾਰਟ ਫੇਲ੍ਹ ਹੋ ਗਿਆ ਹੈ ? ਮੇਰਾ ਮੱਥਾ ਠਣਕਿਆ ਪਹਿਲੋਂ ਵੀ ਉਹਨਾਂ ਨੂੰ ਇਕ ਵਾਰੀ ਦੌਰਾ ਪਿਆ ਸੀ । ਕਈ ਇਸ ਕਿਸਮ ਦੇ ਹਾਦਸੇ ਹੁੰਦੇ ਹਨ ਜਿਨ੍ਹਾਂ ਦੇ ਵਰਣਨ ਲਈ ਲਫ਼ਜ਼ ਬੰਦੇ ਕੋਲ ਮੁੱਕੇ ਹੁੰਦੇ ਹਨ । ਮੇਰਾ ਇਹੋ ਹਾਲ ਸੀ, ਮੈਂ ਕੋਠੇ ਤੋਂ ਡਿੱਗ ਪਿਆ ਹਾਂ । ਬੌਂਦਲ ਗਿਆ । ਸਾਰਾ ਸਰੀਰ ਝੂਣਿਆ ਗਿਆ । ਜ਼ਬਾਨ ਵੀ ਚੁੱਪ ਕਰਕੇ ਗ਼ਮਗੀਨ ਹੋ ਗਈ । ਅੱਖੀਆਂ ਵਿਚ ਭੰਬਰਤਾਰੇ ਕਿਰਨ ਲੱਗੇ । ਅੱਥਰੂ ਮੁੱਕ ਗਏ । ਬਿਨਾਂ ਕੁਝ ਆਖਿਆਂ ਮੁੜਕੇ ਬੱਸ ਅੱਡੇ ਵਿਚੋਂ ਬੱਸ ਲੈ ਲਈ । ਇਕ ਚੁੱਪ, ਇਕ ਪਛਤਾਵਾ, ਚਾਚਾ ਜੀ ਮਰ ਰਹੇ ਸਨ ਤੂੰ ਰਾਹੀ ਐਸ਼ ਕਰ ਰਿਹਾ ਸਾਂ, ਇਹੋ ਚਾਚਾ ਸੀ ਜਿਸ ਤੇਰਾ ਖ਼ਿਆਲ ਪੁੱਤਰਾਂ ਵਾਂਗ ਰਖਿਆ ਸੀ । ਮੂਰਖਾ ਤੇਰੀ ਮਸ਼ਹੂਰੀ ਉਤੇ ਕਿੰਨਾ ਫੁੱਲਦਾ ਹੁੰਦਾ ਸੀ । ਮੇਰਾ ਅੰਦਰ ਬਾਹਰ ਮੈਨੂੰ ਲਾਹਨਤਾਂ ਪਾਈ ਜਾ ਰਿਹਾ ਸੀ । ਜੀ ਕਰਦਾ ਸੀ ਆਪਣੇ ਆਪ ਨੂੰ ਬਾਹਰ ਵਗਾਹ ਸੁੱਟਾਂ । ਅੰਮ੍ਰਿਤਸਰ ਅੱਡੇ ਤੋਂ ਸਿੱਧਾ ਰਿਕਸ਼ਾ ਗੰਗਾ ਬਿਲਡਿੰਗ ਦਾ ਕੀਤਾ । ਆਬਾਦੀ ਵਿਚ ਜਿਸ ਗਲੀ ਵਿਚ ਮਾ: ਤਾਰਾ ਸਿੰਘ ਰਹਿੰਦਾ ਹੁੰਦਾ ਸੀ, ਉਸ ਗਲੀ ਉਹਨਾਂ ਦੀ ਕੋਠੀ ਸੀ । ਉਥੋਂ ਪਤਾ ਲੱਗਾ ਜਨਾਜ਼ਾ ਚਲਿਆ ਗਿਆ ਹੈ । ਸਸਕਾਰ ਦੁਰਗਿਆਣੇ ਦੇ ਮਸਾਣਾਂ ਵਿਚ ਕਰਨਾ ਹੈ । ਉਥੋਂ ਫਿਰ ਰਿਕਸ਼ਾ ਕੀਤਾ, ਰਾਹ ਵਿਚ ਚਹੁੰ ਪਹੀਆਂ ਦੀ ਸ਼ੀਸ਼ੇ ਵਾਲੀ ਰੇੜ੍ਹੀ ਵਿਚ ਲਾਸ਼ ਪਈ ਸੀ । ਮੂੰਹ ਨੰਗਾ ਸੀ । ਮੈਂ ਦਰਸ਼ਨ ਕੀਤੇ, ਜਾਪਿਆ ਮੈਨੂੰ ਕਹਿ ਰਹੇ ਸਨ — ਓਏ ਮੂਰਖਾ ਤੂੰ

CC-0. In Public Domain. Gurukul Kangri Collection, Haridwar

ਇਤਨੇ ਕਾਰਾਂ ਵਾਲੇ ਸਿਰ ਚੜ੍ਹੇ ਸਨ । ਤੂੰ ਇਹ ਕੀ ਕਰਮ ਕਰਦਾ ਰਿਹਾ
Digitized by Arya Samaj Foundation Chennai and eGangotri
ਹੈਂ । ਮੈਂ ਮਰਨ ਲੱਗੇ ਨੇ ਤੈਨੂੰ ਯਾਦ ਕੀਤਾ ਸੀ । ਔਂਤਰਿਆ, ਭੈੜੇ ਕੰਮਾਂ ਵਿਚ ਪੈ ਕੇ ਸ਼ੋਹਰਤ ਨਾ ਗਵਾ ਬਹੀਂ । ਲੋਕ-ਸੇਵਕਾਂ ਦੇ ਕੰਮ ਲੋਕ-ਸੇਵਕਾਂ ਵਾਲੇ ਹੋਣੇ ਚਾਹੀਦੇ ਹਨ । ਭੈੜੀਆਂ ਔਰਤਾਂ ਪੈਸੇ ਧੇਲੇ ਸਣੇ ਬੰਦੇ ਨੂੰ ਵੀ ਖਾ ਜਾਂਦੀਆਂ ਹਨ । ਝੱਟ ਮੇਰੀ ਸੁਰਤ ਮੁੜ ਆਈ । ਉਦਾਸੀ ਹੋਰ ਗਹਿਰੀ ਹੋ ਗਈ ।

ਚਿਖਾ ਅਸਾਂ ਮਿਲ ਕੇ ਚਿਣੀ । ਚਿਖਾ ਨੂੰ ਲੰਬੂ ਮੈਂ ਲਾਇਆ । ਮੇਹੇ ਲਾਗੇ ਜਗਤ ਸਿੰਘ ਖਲੋਤਾ ਸੀ । ਉਸ ਨੂੰ ਵੇਖ ਕੇ ਮੇਰਾ ਰੋਣ ਪਾਟ ਗਿਆ । ਇਕ ਹਾਅ ਮੇਰੇ ਅੰਦਰੋਂ ਜ਼ੋਰ ਨਾਲ ਨਿਕਲੀ — ਜਗਤ ਸਿੰਘ ਅੱਜ ਮੇਰਾ ਪਿਉ ਮਰਿਆ ਹੈ, ਹੁਣ ਮੈਨੂੰ ਇਹਨਾਂ ਵਾਂਗ ਕਿਸੇ ਨੇ ਜਸਵੰਤ ਨਹੀਂ ਕਹਿਣਾ । ਮੈਂ ਭੁਵਾਂਟੀ ਖਾ ਕੇ ਡਿੱਗ ਪੈਣ ਲੱਗਾ ਸਾਂ । ਇਕ ਦੋ ਨੇ ਸਾਨੂੰ ਦੋਹਾਂ ਨੂੰ ਸਾਂਭ ਲਿਆ । ਮੇਰਾ ਪਛਤਾਵਾ ਤੇ ਅੱਥਰੂ ਵਗੀ ਜਾ ਰਹੇ ਸਨ । ਕਈ ਮਹੀਨੇ ਚਾਚਾ ਜੀ ਨੂੰ ਜਦ ਇਕੱਲਿਆਂ ਯਾਦ ਕਰਨਾ ਤਾਂ ਅੱਖਾਂ ਵੱਗ ਪੈਣੀਆਂ, ਮੁੜਕੇ ਪਛਤਾਵੇ ਦੇ ਅੱਥਰੂਆਂ ਨਾਲ ।

ਚਾਚਾ ਜੀ ਦਾ ਵੱਡਾ ਲੜਕਾ ਤਾਰਾ ਸਿੰਘ ਨਹੀਂ ਸੀ ਦਿੱਸਦਾ । ਸਤਨਾਮ ਸਿੰਘ ਤੇ ਮਨਜੀਤ ਸਿੰਘ ਹਾਜ਼ਰ ਸਨ । ਤਾਰਾ ਸਿੰਘ ਚਾਚਾ ਜੀ ਦੇ ਸ਼ਾਨਦਾਰ ਪਰਿਵਾਰ ਨੂੰ ਇਕ ਕਾਲਾ ਧੱਬਾ ਸੀ । (ਪਿਛੇ ਜਿਹੇ ਮਰਿਆ ਹੈ ਮੈਥੋਂ ਚਾਰ ਸਾਲ ਨਿੱਕਾ ਸੀ, ਜੋੜੀ ਖ਼ੂਬਸੂਰਤ ਸੀ, ਬੱਚਿਆਂ ਸਣੇ ਫ਼ਜ਼ੂਲ) ਮੈਨੂੰ ਜ਼ਿੰਦਗੀ ਵਿਚ ਕਿਸੇ ਔਰਤ ਨਾਲ ਨਫ਼ਰਤ ਨਹੀਂ ਹੈ, ਨਾ ਹੋਈ ਹੈ । ਇਕ ਤਾਰਾ ਸਿੰਘ ਦੀ ਪਤਨੀ ਸੀ ਜਿਸ ਨਾਲ ਮੈਨੂੰ ਨਫ਼ਰਤ ਨਹੀਂ ਘਿਰਣਾ ਹੈ । ਇਹਨਾਂ ਦੋਹਾਂ ਜੀਆਂ ਦਾ ਆਪੋ ਵਿਚ ਮੁਆਹਿਦਾ ਸੀ, ਜੇ ਪਤੀ ਕੋਈ ਔਰਤ ਘਰ ਲੈ ਕੇ ਆਏ, ਉਹ ਰੋਕੇਗੀ ਨਹੀਂ । ਜੇ ਪਤਨੀ ਕੋਈ ਬੰਦਾ ਘਰ ਲੈ ਕੇ ਆਏ, ਉਹ ਰੋਕੇਗਾ ਨਹੀਂ । ਇਹ ਮੇਰਾ ਚਚੇਰਾ ਭਰਾ ਸੀ, ਜਿਸ ਨੂੰ ਸਲ੍ਹਾਉਣ ਵਾਲਾ ਇਕ ਬੰਦਾ ਨਹੀਂ ਮਿਲ ਸਕਦਾ । ਬੇਈਮਾਨ, ਫਰੇਬੀ, ਝੂਠਾ, ਆਕੜ ਖਾਂ, ਇਤਬਾਰ ਜਮਾ ਕੇ ਠੱਗੀ ਮਾਰਨੀ । ਇਸ ਨਾਲ ਦਾ ਮੰਦਾ ਬੰਦਾ ਮੈਂ ਦੂਜਾ ਕੋਈ ਨਹੀਂ ਵੇਖਿਆ । ਜੋ ਚੀਜ਼ ਘਰ ਦੀ, ਬਾਹਰ ਦੀ, ਹੱਥ ਲੱਗੀ ਵੇਚ ਖਾਧੀ, ਦੋਹਾਂ ਧੀਆਂ ਉਤੇ ਵੀ ਕਾਫ਼ੀ ਅਸਰ ਸੀ ਇਹਨਾਂ ਦਾ । ਉਹ ਗਰੈਜੂਏਟ ਸੀ । ਦੋ ਥਾਵਾਂ ਤੋਂ ਦੇਸ਼ ਵਿਚ ਚਾਚਾ ਜੀ ਨੇ ਹਵਾਲਾਤਾਂ ਵਿਚੋਂ ਕਢਵਾਇਆ ਸੀ । ਝਗੜਾ ਔਰਤਾਂ ਦਾ । ਦੇਸ਼ ਵਿਚ ਜਿਥੇ ਜਾਂਦਾ

CC-0. In Public Domain. Gurukul Kangri Collection, Haridwar

ਇਕ ਔਰਤ ਜ਼ਰੂਰ ਰਖਦਾ। ਪਤਨੀ ਇਕ ਬੰਦਾ ਜ਼ਰੂਰ ਰਖਦੀ। ਦੋ ਪੁੱਤਰ,
Digitized by Arya Samaj Foundation Chennai and eGangotri
ਇਕ ਹਜ਼ੂਰ ਸਾਹਿਬ ਰੁਲ ਕੇ ਮਰ ਗਿਆ। ਇਕ ਹੈ ਆਵਾਰਾ ਕੁੱਤਿਆਂ ਵਾਂਗ। ਜਾਇਦਾਦ ਦੇ ਝਗੜੇ ਵਿਚ ਅੱਕ ਕੇ ਨਿੱਕਾ ਮਨਜੀਤ ਸੌਹਰਿਆਂ ਕੋਲ ਦਿੱਲੀ ਚਲਿਆ ਗਿਆ। ਉਥੇ ਖ਼ੁਦਕਸ਼ੀ ਕਰ ਗਿਆ। ਚਾਚਾ ਜੀ ਬਰਮਾ ਦੇ ਬਾਰਡਰ ਤੇ ਐਸ. ਡੀ. ਓ. ਜਦ ਲੱਗੇ ਸਨ, ਪੈਸੇ ਘੱਲਦੇ। ਜਾਇਦਾਦ ਵਾਲੀ ਕੋਠੀ ਤਾਰਾ ਸਿੰਘ ਦੇ ਨਾਂ ਕਰਾਈ। ਸਰਕਾਰੀ ਮੁਲਾਜ਼ਿਮ ਹੋਣ ਕਰਕੇ। ਉਹ ਕੋਠੀ ਪਰਵਾਰ ਦੀ ਤਬਾਹੀ ਦਾ ਕਾਰਨ ਬਣੀ। ਸਤਨਾਮ ਦੇ ਸੌਹਰੇ ਸਨ 'ਕੱਲਾ' ਗੋਤ ਦੇ ਸਰਦਾਰ ਰਾਮਗੜ੍ਹੀਏ। ਰਾਮ ਬਾਗ ਉਹਨਾਂ ਦੀ 'ਕੱਲਾ' ਸਟਰੀਟ ਹੈ। ਉਹਨਾਂ ਥਾਂ ਦਿੱਤਾ। ਸ਼ਾਨਦਾਰ ਕੋਠੀ ਬਣਾ ਲਈ। ਉਹ ਮੇਰੇ ਨਾਲ ਮਿਲਦੇ ਹਨ। ਚਾਚਾ ਜੀ ਦੀ ਮੌਤ ਦਾ ਸਾਲ 18 ਮਾਰਚ 1963 ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟੁਕੜੀਆਂ

ਆਸਾਮ, ਕਰਨਾਟਕ, ਕੇਰਲਾ, ਆਂਧਰਾ ਇਹਨਾਂ ਸੂਬਿਆਂ ਨੂੰ ਛੱਡ ਕੇ ਮੈਂ ਸਾਰੇ ਦੇਸ਼ ਵਿਚ ਧਾਰਮਿਕ ਕਵੀ ਦਰਬਾਰਾਂ ਵਿਚ ਜਾਂਦਾ ਰਿਹਾ। ਪੰਜਾਬ ਵਿਚ ਤੁਰਿਆ ਰਹਿੰਦਾ। ਪਾਰਟੀ ਵਿਚ ਸਰਗਰਮੀ ਨਾਲ ਕੰਮ ਕਰਦਾ। ਬੇ-ਫ਼ਿਕਰ ਹੋ ਕੇ। ਸਫ਼ਰ ਵਿਚ ਕਈ ਪੁਸਤਕਾਂ ਪੜ੍ਹੀਆਂ, ਜੇ ਮੈਨੂੰ ਸੌ ਆਮਦਨੀ ਹੁੰਦੀ ਸੀ ਤਾਂ 75 ਰੁਪੈ ਧਾਰਮਿਕ ਕਵੀ ਦਰਬਾਰਾਂ ਵਿਚੋਂ ਆਉਂਦੇ।

ਸੂਬਾ ਕੌਂਸਲ ਦਾ ਮੈਂਬਰ ਸਾਂ। ਜਿਲ੍ਹੇ ਦੀ ਦਿਹਾਤੀ ਮਜ਼ਦੂਰ ਸਭਾ ਦਾ ਪ੍ਰਧਾਨ ਅਤੇ ਸੂਬੇ ਦਾ ਐਗਜ਼ੈਕਟਿਵ ਦਾ ਮੈਂਬਰ।

ਸੁਤੰਤਰ ਹਰ ਤਰ੍ਹਾਂ ਨਾਲ ਸਾਡੇ ਜਿਲ੍ਹੇ ਦੇ ਲਾਲਾਂ ਨੂੰ ਪਾਲਦਾ। ਤਕੜਿਆਂ ਕਰਦਾ। ਸਾਨੂੰ ਇਕ ਵੱਡੀ ਕਮਜ਼ੋਰੀ ਸੀ ਕਿ ਕਾ: ਰਾਜਕੁਮਾਰ ਟਿਕ ਕੇ ਜਿਲ੍ਹੇ ਵਿਚ ਕੰਮ ਨਹੀਂ ਸੀ ਕਰਦਾ। ਧਾਰੀਵਾਲ ਮਿਲ ਮਜ਼ਦੂਰ ਯੂਨੀਅਨ ਚਲਾਉਂਦਾ, ਟਿਕਾ ਕੇ। ਕਾ: ਕੁੰਦਨ ਸਿੰਘ ਬਹੁਤ ਸੁਲਝਿਆ ਸਾਥੀ ਯੂਨੀਅਨ ਦਾ ਜਨਰਲ ਸੈਕਟਰੀ ਸੀ। ਕਿਸਾਨ ਹੁੰਦਾ ਹੋਇਆ ਵੀ ਉਹ ਚੰਗੇ ਕਮਿਊਨਿਸਟ ਦਾ ਨਮੂਨਾ ਹੈ। ਸੂਬਾ ਕੌਂਸਲ ਦੀ ਮੀਟਿੰਗ ਸੀ, ਚੰਡੀਗੜ੍ਹ ਅਜੇ ਭਵਨ ਵਿਚ। ਮੈਂ ਉੱਠ ਕੇ ਗੱਲ ਕੀਤੀ। ਸੁਤੰਤਰ ਨੇ ਟੋਕ ਦਿੱਤਾ। ਪ੍ਰਵਾਹ ਨਾ ਕੀਤੀ। ਬੋਲ ਕੇ ਬੈਠਾ। ਮਗਰੋਂ ਗੁਰਬਖਸ਼ ਉਠਿਆ ਉਹ ਵੀ ਕੌਂਸਲ ਮੈਂਬਰ ਬਣ ਚੁੱਕਾ ਸੀ। ਪਾਰਟੀ ਦੀ ਤੰਗੀ ਤੋਂ ਸੁਤੰਤਰ ਨੇ ਆਪਣਾ ਗੁੱਟ ਪਾਲਣ ਦਾ ਕੰਮ ਲਿਆ ਸੀ। ਜਦ ਗੁਰਬਖਸ਼ ਨੇ ਜਿਲ੍ਹੇ ਦੀ ਗੱਲ ਕੀਤੀ ਜੋ ਗ਼ਲਤ ਸੀ, ਮੈਂ ਖਿੱਝ ਕੇ ਉਠ ਬੈਠਾ। ਆਖਿਆ — ਮੈਨੂੰ ਸੁਤੰਤਰ ਹੋਰਾਂ ਟੋਕਿਆ ਸੀ, ਹੁਣ ਗੁਰਬਖਸ਼ ਨੂੰ ਕਿਉਂ ਨਹੀਂ ਟੋਕਿਆ। ਜਿਲ੍ਹੇ ਵਿਚ ਸੁਤੰਤਰ ਹੋਰੀਂ ਜਾ ਕੇ ਇਹਨਾਂ ਨੂੰ ਸ਼ਹਿ ਦਿੰਦੇ ਹਨ।...... ਮੇਰੀ ਗੱਲ ਸੁਣ ਕੇ ਮਸਤਾਨਾ ਪੱਟੀ ਵਾਲਾ ਉਠ ਖਲੋਤਾ (ਲਾਲ ਸੀ) ਕਹਿਣ ਲੱਗਾ — ਝੂਠ ਬੋਲਦੇ ਹੋ ਰਾਹੀ, ਜ਼ਬਾਨ ਖਿੱਚ ਲਵਾਂਗੇ।......ਮੈਂ ਉੱਤਰ ਦਿੱਤਾ — ਇਹ ਜੱਟਾਂ ਦੀ ਮੀਟਿੰਗ ਨਹੀਂ ਕਮਿਊਨਿਸਟ ਪਾਰਟੀ ਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
......[illegible] ਮਾਈ ਭੈਣੀ...ਕੁੜੀ...ਹੋਰ ਤਿੰਨ ਚਾਰ ਗਾਲ੍ਹਾਂ ਖਾ ਕੇ ਕਹਿਣ ਲੱਗਾ, ਮੈਨੂੰ ਇਤਨੇ ਸਾਲ, ਇਤਨੇ ਮਹੀਨੇ, ਇਤਨੇ ਦਿਨ ਹੋ ਗਏ ਨੇ ਗੁਰਦਾਸਪੁਰ ਗਏ ਨੂੰ। ਖੱਪ ਪੈ ਗਈ। ਕਾਮਰੇਡ ਮਲਹੋਤਰਾ ਇਜਾਜ਼ਤ ਲੈ ਕੇ ਉਠਿਆ — ਰਾਹੀ ਬਿਨਾਂ ਇਜਾਜ਼ਤ ਤੋਂ ਕਿਉਂ ਉਠਿਆ, ਮੁਆਫ਼ੀ ਮੰਗੇ।......ਮੈਂ ਕੋਈ ਹੀਲ ਹੁੱਜਤ ਨਾ ਕੀਤੀ, ਮੁਆਫ਼ੀ ਮੰਗ ਲਈ। ਮਸਤਾਨਾ ਅਤੇ ਸੁਤੰਤਰ ਵੀ ਬਿਨਾਂ ਪੁੱਛਿਆਂ ਪ੍ਰਧਾਨ ਮੰਡਲੀ ਤੋਂ ਬੋਲੇ ਸਨ, ਮੇਰੇ ਵਾਂਗ ਉਹਨਾਂ ਵੀ ਮੁਆਫ਼ੀ ਮੰਗੀ। ਖੱਪ ਹਟੀ ਤਾਂ ਕਾ: ਆਨੰਦ ਇਜਾਜ਼ਤ ਲੈ ਕੇ ਉਠਿਆ — ਪਾਰਟੀ ਵਿਚ ਕਿਸੇ ਕਾਮਰੇਡ ਨੂੰ ਹੱਕ ਨਹੀਂ ਉਹ ਜਿਸਮਾਨੀ ਧਮਕੀ ਦੂਜੇ ਸਾਥੀ ਨੂੰ ਦੇਵੇ। ਮਸਤਾਨੇ ਨੇ ਰਾਹੀ ਨੂੰ ਜਿਸਮਾਨੀ ਧਮਕੀ ਦਿੱਤੀ ਹੈ।...... ਮਸਤਾਨੇ ਨੇ ਉਠ ਕੇ ਫਿਰ ਮੁਆਫ਼ੀ ਮੰਗੀ।......ਆਨੰਦ ਫਿਰ ਬੋਲਿਆ — ਕਿਸੇ ਨੂੰ ਗਾਲ੍ਹਾਂ ਕੱਢਣ ਦਾ ਸੂਖਸ਼ਮ ਢੰਗ ਹੈ, ਆਪਣੇ ਆਪ ਨੂੰ ਗਾਲ੍ਹਾਂ ਕੱਢਣੀਆਂ। ਕਾ: ਸੁਤੰਤਰ ਨੇ ਰਾਹੀ ਨੂੰ ਗਾਲ੍ਹਾਂ ਕੱਢੀਆਂ ਹਨ।......ਸੁਤੰਤਰ ਨੇ ਫਿਰ ਮੁਆਫ਼ੀ ਮੰਗੀ। ਕੌਂਸਲ ਦੀ ਕਾਰਵਾਈ ਅੱਗੇ ਚੱਲੀ। ਪਰਸੀਡਿੰਗ ਬੁੱਕ ਵਿਚ ਸਭ ਕੁਝ ਦਰਜ ਹੈ। ਪਾਰਟੀ ਕਾਂਗਰਸ ਬਠਿੰਡੇ ਹੋਈ। ਜਦ ਕੌਂਸਲ ਚੁਣੀ ਜਾਣ ਲੱਗੀ ਤਾਂ ਮੇਰੀ ਤੇ ਗੁਰਬਖਸ਼ ਦੀ ਟੱਕਰ ਹੋਈ, ਉਹ ਮੇਰੀ ਥਾਂ ਖੇਤ ਮਜ਼ਦੂਰ ਸਭਾ ਵਲੋਂ ਲੂੰਪਨ ਜੋਤੀ ਨੂੰ ਦੇਣਾ ਚਾਹੁੰਦੇ ਸਨ। ਉਠ ਕੇ ਕਹਿਣ ਲੱਗਾ — ਰਾਹੀ ਕੋਈ ਕੰਮ ਨਹੀਂ ਕਰਦਾ। ਡੇਰੇ ਬਾਬਾ ਨਾਨਕ ਬੈਠਾ ਹੋਇਆ ਸਾਰੇ ਜਿਲ੍ਹੇ ਨੂੰ ਖ਼ਰਾਬ ਕਰਦਾ ਹੈ।......ਮੈਨੂੰ ਖਿੱਝ ਆਈ ਉਠਣ ਲੱਗਾ, ਮਲਹੋਤਰੇ ਤੇ ਆਨੰਦ ਨੇ ਮਨ੍ਹਾ ਕਰ ਦਿੱਤਾ। ਮਲਹੋਤਰੇ ਨੇ ਉਠ ਕੇ ਕੌਂਸਲ ਮੈਂਬਰਾਂ ਦੀ ਲਿਸਟ ਪੇਸ਼ ਕਰ ਦਿੱਤੀ। ਸਾਰਿਆਂ ਮਹਾਂਜ਼ਾਂ ਵਲੋਂ ਮੈਂਬਰ ਲੈਂਦਿਆਂ ਨਾਂ ਬੋਲੇ, ਸਭਿਆਚਾਰਕ ਮਹਾਜ਼ ਵਲੋਂ ਜਸਵੰਤ ਸਿੰਘ ਰਾਹੀ, ਕਾ: ਨਵਤੇਜ ਸਿੰਘ। ਇਸ ਉਤੇ ਲਾਲ ਠੁੱਸ ਹੋ ਗਏ। ਸਾਰੇ ਕੌਂਸਲ ਮੈਂਬਰ ਦੱਸਣ ਤੋਂ ਪਹਿਲਾਂ ਮਲਹੋਤਰੇ ਨੇ ਗੁਰਬਖਸ਼ ਨੂੰ ਕਿਹਾ ਸੀ — ਕਾ: ਗੁਰਬਖਸ਼ ਨਾਲੇ ਤੂੰ ਕਹਿੰਦਾ ਹੈਂ ਕਿ ਰਾਹੀ ਕੰਮ ਨਹੀਂ ਕਰਦਾ, ਨਾਲ ਇਹ ਵੀ ਕਹਿੰਦਾ ਹੈਂ ਡੇਰੇ ਬੈਠਾ ਸਾਰੀ ਪਾਰਟੀ ਨੂੰ ਖ਼ਰਾਬ ਕਰਦਾ ਹੈ। ਇਹ ਕੀ ਗੱਲ ਹੋਈ।

ਜਿਲ੍ਹੇ ਵਿਚ ਆ ਕੇ ਲਾਲਾਂ ਨੇ ਪੂਰੀ ਸਾਜ਼ਿਸ਼ ਕਰਕੇ ਜਿਲ੍ਹੇ ਦੀ ਪ੍ਰਧਾਨਗੀ ਤੋਂ ਲਾਹ ਕੇ ਜੋਤੀ ਨੂੰ ਪ੍ਰਧਾਨ ਬਣਾ ਦਿੱਤਾ। ਇਸ ਤੋਂ ਪਹਿਲਾਂ ਕਾ:

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਬਖਸ਼ ਸਿੰਘ ਦੀਵਾਨ ਸੂਬੇ 'ਚੋਂ ਆਇਆ ਸੀ । ਸਾਡੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਵਿਚ ਉਹ ਕਹਿ ਗਿਆ ਸੀ — ਰਾਹੀ ਨੂੰ ਪ੍ਰਧਾਨਗੀ ਤੋਂ ਨਾ ਹਟਾਇਉ, ਇਸ ਦਾ ਨਾਂ ਹੀ ਕਾਫ਼ੀ ਹੈ ਦਿਹਾਤੀ ਮਜ਼ਦੂਰ ਸਭਾ ਲਈ ।

ਉਹਨਾਂ ਦਿਨਾਂ ਵਿਚ ਸਾਡੇ ਬਲਾਕ ਵਿਚ ਇਕ ਇੰਡਸਟਰੀ ਕਰਜ਼ਾ ਅਫ਼ਸਰ ਲੱਗਾ ਸੀ । ਉਹ ਪਾਰਟੀ ਪੱਖੀ ਸੀ । ਉਸ ਨੇ ਇਕ ਹਜ਼ਾਰ ਰੁਪਿਆ ਸਾਬਣ ਬਣਾਉਣ ਦੇ ਨਾਂ ਉਤੇ ਕਰਜ਼ਾ ਲੈ ਦਿੱਤਾ । ਲੈ ਦੇ ਕੇ ਮੇਰੇ ਪੱਲੇ 900 ਪਏ । ਮੈਂ ਤਿੰਨ ਕੁ ਸੌ ਖ਼ਰਚ ਕੇ ਇਕ ਨਿੱਕੀ ਜਿਹੀ ਘਰ ਲੰਘਣ ਲਾਗੇ ਥਾਂ ਉਤੇ ਬੈਠਕ ਬਣਾ ਲਈ । (ਜਿਸ ਦਾ ਬੂਹੇ ਤੇ ਬਾਰੀ ਨੂੰ ਹੁਣ ਤਕ ਤਖ਼ਤੇ ਨਹੀਂ ਲੱਗੇ) 1965 ਦਾ ਭਾਰਤ ਪਾਕਿ ਜੰਗ ਹੋਇਆ । ਅਸੀਂ ਲੋਕ ਸਾਰੇ ਡੇਰਾ ਬਾਬਾ ਨਾਨਕ ਛੱਡ ਕੇ ਬਾਹਰ ਚਲੇ ਗਏ । ਮੇਰੇ ਧਰਮ ਭਰਾ ਰਮਜੀ ਦਾ ਪਿੰਡ ਪੰਦਰਾਂ ਕਿਲੋਮੀਟਰ ਸਾਥੋਂ ਹੈ । ਸੜਕ ਦੇ ਬਿਲਕੁਲ ਉਤੇ । ਉਥੇ ਜਾ ਠਹਿਰੇ । ਮੈਂ ਡੇਰੇ ਆਉਂਦਾ ਰਹਿੰਦਾ । (ਭਾਰਤ ਪਾਕਿ ਦੋ ਜੰਗਾਂ ਦਾ ਹਾਲ ਮੈਂ ਰਲਾ ਮਿਲਾ ਕੇ ਆਪਣੇ ਨਾਵਲ "ਪਰਛਾਵਿਆਂ ਦਾ ਸੱਚ" ਵਿਚ ਦਿੱਤਾ ਹੈ) ਪਤਾ ਲੱਗਾ ਕਾਮਰੇਡ ਸੁਤੰਤਰ ਨੇ ਜਿਲ੍ਹੇ ਦੀ ਮੀਟਿੰਗ ਸੱਦੀ ਹੈ, ਧਾਰੀਵਾਲ । ਮੈਂ ਗਿਆ । ਰਾਜਕੁਮਾਰ ਨੇ ਕਿਹਾ, ਸੁਤੰਤਰ ਪਾਰਟੀ ਵਲੋਂ ਕਾਮਰੇਡਾਂ ਦੀ ਮਦਦ ਕਰਨ ਆਇਆ ਹੈ । ਤੂੰ ਵੀ ਬੇ-ਜਾਇਦਾਦੀ ਹੈਂ, ਗੱਲ ਕਰ ਲੈ ।......ਮੀਟਿੰਗ ਵਿਚ ਮੈਂ ਵੀ ਆਪਣੀ ਮਦਦ ਦਾ ਮਸਲਾ ਰੱਖ ਦਿੱਤਾ । ਸੁਤੰਤਰ ਨੇ ਆਖਿਆ — ਕਾ: ਰਾਹੀ ਤੂੰ ਜਿਸ ਪਿੰਡ ਆਇਆ ਹੈਂ, ਉਸ ਪਿੰਡ ਦੇ ਲੋਕ ਇਕੱਠੇ ਕਰਕੇ ਉਹਨਾਂ ਨੂੰ ਆਖ ਕਿ ਮੈਂ ਕਾਮਰੇਡ ਹਾਂ, ਤੁਹਾਡਾ ਸੇਵਕ ਹਾਂ, ਮੇਰੀ ਮਦਦ ਕਰੋ । .....ਇਹ ਲਫ਼ਜ਼ ਸੁਣ ਕੇ ਮੈਨੂੰ ਅੱਗ ਲੱਗ ਗਈ । ਪਰ ਮੈਂ ਆਪਣੇ ਆਪ ਨੂੰ ਘੁੱਟ ਲਿਆ । ਬੰਦਾ ਪੁੱਛੇ ਉਸ ਪਿੰਡ ਇੰਝ ਕਰਿਆਂ ਮੇਰੇ ਪੱਲੇ ਅਤੇ ਮੇਰੀ ਲੀਡਰੀ ਦਾ ਕੀ ਰਹਿ ਜਾਏਗਾ । ਮੇਰਾ ਸੱਚੇ ਦਿਲੋਂ ਬਿਨਾਂ ਕਿਸੇ ਤੱਸਬ ਦੇ ਨਿਰਣਾ ਹੈ ਕਿ ਦਸ ਧਨੀ ਕਿਸਾਨ ਇਕੱਠੇ ਕਰ ਲਉ, ਇਕ ਕਾ: ਸੁਤੰਤਰ ਬਣਦਾ ਸੀ ।

ਇਕ ਹੋਰ ਕੌਂਸਲ ਦਾ ਵਾਕਿਆ ਮੈਨੂੰ ਯਾਦ ਆ ਰਿਹਾ ਹੈ । ਪਾਰਟੀ ਦਾ ਫ਼ੈਸਲਾ ਸੀ ਕਿ ਖੇਤ ਮਜ਼ਦੂਰ ਪਾਰਟੀ ਵਿਚ ਆਵੇ । ਛੇ ਮਹੀਨੇ ਹਮਦਰਦ ਰਖਿਆ ਜਾਵੇ । ਦਰਮਿਆਨੇ ਦਰਜੇ ਦਾ ਆਏ, ਇਕ ਸਾਲ ਰਖਿਆ ਜਾਏ । ਧਨੀ ਕਿਸਾਨੀ 'ਚੋਂ ਆਏ, ਦੋ ਸਾਲ ਰਖਿਆ ਜਾਏ । ਪਰਖਿਆ ਜਾਏ, ਵਗ਼ੈਰਾ ਵਗੈਰਾ ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾ: ਸੁਤੰਤਰ ਉਠ ਕੇ ਬੋਲਿਆ — ਧਨੀ ਕਿਸਾਨ ਦੀ ਇਕ ਸਾਲ ਹਮਦਰਦ ਰਹਿਣਾ ਚਾਹੀਦਾ ਹੈ। ਉਹ ਧਨੀ ਕਿਸਾਨ ਹੀ ਸੀ ਜਿਸ ਨੇ ਮੁੱਢੋਂ ਲੈ ਕੇ ਪਾਰਟੀ ਦੀ ਮਦਦ ਕੀਤੀ। ਹੁਣ ਵੀ ਕਰ ਰਿਹਾ ਹੈ, ਇਸ ਨਿਰਣੇ ਨੂੰ ਬਦਲੋ। ਧਨੀ ਕਿਸਾਨ ਪਾਰਟੀ ਲਈ ਸਭ ਤੋਂ ਅੱਗੇ ਹੈ।

ਸਾਰੀ ਕੌਂਸਲ ਹੈਰਾਨ ਰਹਿ ਗਈ ।......ਇਹ ਸੁਤੰਤਰ ਕੀ ਕਹਿ ਰਿਹਾ ਹੈ। ਇਕ ਕਾਮਰੇਡ ਟਪਿਆਲੇ ਦਾ ਸੀ। ਹਿੰਦੂ ਬਰਾਦਰੀ ਦਾ, ਖਾਂਦੇ ਪੀਂਦੇ ਘਰ ਦਾ। ਉਠ ਕੇ ਕਹਿਣ ਲੱਗਾ — ਕਾਮਰੇਡੋ ਹੋਸ਼ ਕਰੋ, ਸੋਚੋ, ਸਾਡਾ ਮੋਹਰੀ ਕਾ: ਸੁਤੰਤਰ ਧਨੀ ਕਿਸਾਨੀ ਦਾ ਨੁਮਾਇੰਦਾ ਬਣ ਗਿਆ ਹੈ......ਗੱਲ ਕੀ, ਬੁਰੀ ਤਰ੍ਹਾਂ ਸੁਤੰਤਰ ਦਾ ਸੁਝਾਅ ਨਿੰਦਿਆ ਗਿਆ। ਕਿਸੇ ਨੇ ਹਾਮੀ ਨਾ ਭਰੀ, ਉਸ ਦੇ ਕਿਸੇ ਲਾਲ ਨੇ ਵੀ ਨਾ।

1965 ਵਿਚ ਮੈਂ ਤੀਜੀ ਲੜਕੀ ਰਾਜਕੁਮਾਰੀ ਦੀ ਸ਼ਾਦੀ ਪ੍ਰਤਾਪ ਸਿੰਘ ਨਾਗੀ ਨਾਲ ਕਰ ਦਿੱਤੀ। ਜੋ ਪੈਸਾ ਬੈਠਕ ਬਣਾ ਕੇ ਬਚਿਆ ਸੀ ਲਾ ਦਿੱਤਾ। ਬਾਕੀ ਹੋਰ ਵੀ ਸਾਰਿਆਂ ਨੇ ਲਾਇਆ, ਪਿਛਲੀਆਂ ਦੋ ਕੁੜੀਆਂ ਦੇ ਵਿਆਹ ਤੋਂ ਇਹ ਚੰਗਾ ਸੀ।

ਪਾਕਿ ਹਿੰਦ ਲੜਾਈ ਮੁੱਕੀ ਤਾਂ ਸਾਡੇ ਸ਼ਹਿਰ ਮੁੱਖ ਮੰਤਰੀ ਪੰਜਾਬ ਦਾ, ਕਾ: ਰਾਮ ਕਿਸ਼ਨ ਆਇਆ । ਹਿੰਦ ਦਾ ਕਾਂਗਰਸ ਦਾ ਪ੍ਰਧਾਨ ਕਾਮਰਾਜ ਆਇਆ, ਮੇਰੇ ਸ਼ੁਭ ਇੱਛਕ ਸਨ ਪੰਡਿਤ ਗੋਰਖ ਨਾਥ, ਪੰਡਿਤ ਮੋਹਨ ਲਾਲ ਅਤੇ ਸ: ਸੰਤੋਖ ਸਿੰਘ ਰੰਧਾਵਾ। ਮੈਂ ਤਕਰੀਰਾਂ ਵਿਚ ਆਮ ਕਾਮਰੇਡਾਂ ਵਾਂਗ ਗਾਲ੍ਹ ਮੰਦਾ ਨਹੀਂ ਸਾਂ ਕਹਿੰਦਾ ਹੁੰਦਾ। ਕਾਂਗਰਸ ਨਾਲ ਤੇ ਕਾਂਗਰਸੀਆਂ ਨਾਲ ਸਭ ਕੁਝ ਕਹਿਣ ਲਈ ਮੇਰੇ ਅੰਦਰ ਕਾਫ਼ੀ ਲਫ਼ਜ਼ਾਂ ਦਾ ਜ਼ਖ਼ੀਰਾ ਸੀ। ਮੈਨੂੰ ਸੰਤੋਖ ਸਿੰਘ ਹੋਰਾਂ ਆਪਣੀ ਮੀਟਿੰਗ ਵਿਚ ਜਾਣੋਂ ਨਾ ਰੋਕਿਆ। ਮੈਂ ਸਾਰੀ ਸਰਹੱਦ ਦੀ ਗੱਲ ਕੀਤੀ। ਅਤੇ ਪੰਡਿਤ ਮੋਹਨ ਲਾਲ ਲਈ ਆਖਿਆ ਕਿ ਇਹਨਾਂ ਨੂੰ ਜ਼ਿੰਮੇਵਾਰੀ ਦੇ ਜਾਉ, ਵਗ਼ੈਰਾ ਵਗ਼ੈਰਾ।

ਪਰ ਸਾਨੂੰ ਕਿਸੇ ਨੂੰ ਕੁਝ ਨਾ ਮਿਲਿਆ। ਮੈਂ ਉਦੋਂ ਸਰਹੱਦ ਉਤੇ ਡੇਰਾ ਬਾਬਾ ਨਾਨਕ ਨਜ਼ਮ ਲਿਖੀ ਸੀ, ਇਕ ਮਿਸਰਾ ਸੀ :—

ਸਾਡੀ ਕਿਸੇ ਨਹੀਂ ਆਣ ਕੇ ਬਾਤ ਪੁੱਛੀ,
ਅਸਾਂ ਆਪ ਹੱਥੀਂ ਹਿੱਕਾਂ ਸੀਤੀਆਂ ਨੇ।

(ਦੂਜੀ ਹਿੰਦ ਪਾਕਿ ਲੜਾਈ ਤੋਂ ਬਾਅਦ ਸੰਤੋਖ ਸਿੰਘ ਵਜ਼ੀਰ ਨੇ ਕਿੰਝ ਸਰਹੱਦ ਵਸਾਈ, ਇਹ ਪਰਛਾਵਿਆਂ ਦੇ ਸੱਚ ਨਾਵਲ ਵਿਚ ਹੈ) ਮਾਮਲੇ ਅੱਗੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਏ ਗਏ, ਪਰ ਇੰਡਸਟਰੀ [illegible] । ਮੈਂ [illegible] ।
ਮਲਦਾ ਗਿਲਦਾ ਰਿਹਾ, ਉਹ ਧੂੰਹਦਾ ਰਿਹਾ ।

ਅਕਾਲੀ ਵਜ਼ਾਰਤ ਬਣੀ । ਭਾਸ਼ਾ ਵਿਭਾਗ ਨੇ ਖ਼ਾਸ ਧਾਰਮਿਕ ਥਾਵਾਂ ਦਾ ਸਰਵੇਖਣ ਕਰਕੇ ਵੱਡੀਆਂ ਵੱਡੀਆਂ ਪੁਸਤਕਾਂ ਤਿਆਰ ਕੀਤੀਆਂ ਸਨ । ਡੇਰਾ ਬਾਬਾ ਨਾਨਕ ਦੀ ਵੀ ਭਾਸ਼ਾ ਵਿਭਾਗ ਦਾ ਅਮਲਾ ਫੈਲਾ ਆਇਆ, ਕਪੂਰ ਸਿੰਘ ਘੁੰਮਣ ਇੰਚਾਰਜ ਸੀ । ਮੈਂ ਉਹਨਾਂ ਦਾ "ਅਤੀਤ ਦੇ ਪਰਛਾਵੇਂ" ਨਾਟਕ ਪੜ੍ਹ ਚੁੱਕਾ ਸਾਂ । ਪੱਤਰਕਾਰ ਪਿਆਰਾ ਲਾਲ ਚੋਪੜਾ ਦੇ ਘਰ ਘੁੰਮਣ ਜੀ ਮੈਨੂੰ ਮਿਲੇ । ਬੜੀ ਖ਼ੁਸ਼ੀ ਹੋਈ । ਉਹਨਾਂ ਦੇ ਨਾਟਕ ਦੀ ਮੈਂ ਸਿਫ਼ਤ ਕੀਤੀ । ਸਾਡਾ ਚੰਗਾ ਮੇਲ ਮਿਲਾਪ ਹੋ ਗਿਆ । ਉਹ ਇਕ ਮਹੀਨਾ ਸਾਡੇ ਸ਼ਹਿਰ ਰਹੇ । ਹਰ ਥਾਂ ਮੈਂ ਤੇ ਚੋਪੜਾ ਉਹਨਾਂ ਨੂੰ ਲਈ ਫਿਰਦੇ ਰਹੇ । ਦਿਲੋਂ ਹੋ ਕੇ ਮਦਦ ਕੀਤੀ । ਉਹਨਾਂ ਆਪਣਾ ਸਾਰਾ ਸੌਣ ਰਹਿਣ ਦਾ, ਰੋਟੀ ਦਾ ਇੰਤਜ਼ਾਮ ਹਾਈ ਸਕੂਲ ਦਿਆਂ ਕਮਰਿਆਂ ਵਿਚ ਕੀਤਾ ਸੀ । ਪਰ ਅਸੀਂ ਘੁੰਮਣ ਨਾਲ ਤੇ ਉਸ ਦੇ ਹੋਰਨਾਂ ਬੰਦਿਆਂ ਨਾਲ ਕਿਤੇ ਨਾ ਕਿਤੇ ਰੋਟੀ ਰੱਖ ਲੈਂਦੇ । ਇਹ ਮਹੀਨਾ ਸੀ ਜਿਸ ਮਹੀਨੇ ਮੇਰੀ ਭਾਸ਼ਾ ਵਿਭਾਗ ਪੰਜਾਬ ਨਾਲ ਘੁੰਮਣ ਦੀ ਰਾਹੀਂ ਜ਼ਿੰਦਗੀ ਦੀ ਸਾਂਝ ਪੈ ਗਈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੇਲ੍ਹ ਵਿਚ ਸਕੂਲ

1965 ਦੀ ਲੜਾਈ ਥੰਮੀ ਤਾਂ ਕਾ: ਰਾਜੇਸ਼ਵਰ ਰਾਉ ਪੰਜਾਬ ਦਾ ਦੌਰਾ ਕਰਨ ਆਏ। ਮੇਰਾ ਪਰਿਵਾਰ ਅਜੇ ਰਾਏ ਚੱਕ ਸੀ। ਘਰ ਇਕੱਲਾ ਸਾਂ। ਕਾ: ਰਾਜੇਸ਼ਵਰ ਰਾਉ, ਕਾ: ਮਲਹੋਤਰਾ, ਕਾ: ਰਾਜਕੁਮਾਰ ਨੇ ਮੇਰੇ ਕਮਰੇ ਵਿਚ ਚਾਹ ਵਗੈਰਾ ਪੀਤੀ। ਬਾਰਡਰ ਦੇਖਣ ਚਲੇ ਗਏ। ਪਰ ਸਾਨੂੰ ਪਿਕਟ ਵਾਲਿਆਂ ਬਾਰਡਰ ਤਕ ਨਾ ਜਾਣ ਦਿੱਤਾ। ਹੋਰ ਜਾਤੀ ਰਿਪੋਰਟ ਮੈਂ ਕਾਮਰੇਡਾਂ ਨੂੰ ਕੀਤੀ। ਜਾਣ ਲੱਗੇ ਮੈਨੂੰ ਵੀ ਨਾਲ ਲੈ ਗਏ। ਜਿਲ੍ਹੇ ਵਿਚ ਖ਼ਾਸ ਥਾਵਾਂ ਤੇ ਜਲਸੇ ਕੀਤੇ। ਦੀਨਾ ਨਗਰ ਜਲਸਾ ਕਰਕੇ ਪਠਾਨਕੋਟ ਗਏ। ਉਥੋਂ ਜਲਸਾ ਕਰਕੇ ਕਾ: ਰਾਜੇਸ਼ਵਰ ਰਾਉ ਜਲੰਧਰ ਮਲਹੋਤਰਾ ਸਣੇ ਚਲੇ ਗਏ। ਰਾਜਕੁਮਾਰ ਧਾਰੀਵਾਲ ਤੇ ਮੈਂ ਡੇਰੇ।

1970 ਨੂੰ ਪਾਰਟੀ ਨੇ 15 ਅਗਸਤ ਤੋਂ ਪੰਜਾਬ ਵਿਚ ਫ਼ਾਲਤੂ ਜ਼ਮੀਨਾਂ ਉਤੇ ਜਬਰੀ ਕਬਜ਼ੇ ਦੀ ਲਹਿਰ ਚਲਾਈ। ਪਾਰਟੀ ਦੀ ਪਾਲਸੀ ਉਦੋਂ ਕਾਂਗਰਸ ਨਾਲ ਮਿਲਵਰਤਣ ਅਤੇ ਟੱਕਰ ਦੀ ਪਾਲਸੀ ਚਲਦੀ ਸੀ। (ਇਹ ਪਾਲਸੀ ਯਾਰਾਂ ਸਾਲ ਰਹੀ) ਜਿਲ੍ਹੇ ਦੀ ਮੀਟਿੰਗ ਵਿਚ ਮੈਂ ਆਖ ਦਿੱਤਾ ਕਿ ਮੇਰੀ ਸਿਹਤ ਠੀਕ ਨਹੀਂ ਰਹਿੰਦੀ, ਇਸ ਮੁਹਿੰਮ ਵਿਚ ਹਿੱਸਾ ਨਹੀਂ ਲਵਾਂਗਾ, ਪਾਰਟੀ ਨੇ ਇਜਾਜ਼ਤ ਦੇ ਦਿੱਤੀ। ਮੈਂ ਚੁੱਪ ਕਰਕੇ ਘਰ ਬਹਿ ਗਿਆ। ਸਿਹਤ ਮੇਰੀ ਵਿਗੜੀ ਬਣਦੀ ਰਹਿੰਦੀ ਸੀ। ਜਦ ਪੰਦਰਾਂ ਅਗਸਤ ਆਉਣ ਨੂੰ ਦੋ ਤਿੰਨ ਦਿਨ ਰਹਿ ਗਏ ਤਾਂ ਪੁਲਿਸ ਮੈਨੂੰ ਘਰੋਂ ਫੜ ਕੇ ਲੈ ਗਈ। ਬਟਾਲੇ ਕਚਹਿਰੀ ਪਹੁੰਚਿਆ ਤਾਂ ਅੱਗੇ ਕਾ: ਕਰਵਾਲੀਆ ਅਤੇ ਕਾ: ਵੱਸਣ ਸਿੰਘ ਵੀ ਹੱਥਕੜੀਆਂ ਲੱਗੇ ਹੋਏ ਮਿਲ ਪਏ। ਉਹ ਮੇਰੇ ਵਾਂਗ ਘਰੋਂ ਹੀ ਫੜੇ ਗਏ ਸਨ......ਸਾਨੂੰ ਤਿੰਨਾਂ ਨੂੰ ਜਿਲ੍ਹਾ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਉਹਨਾਂ ਦੋਹਾਂ ਨੂੰ ਬੈਰਿਕ ਵਿਚ ਅਤੇ ਮੈਨੂੰ ਚੱਕੀ ਵਿਚ ਬੰਦ ਕਰ ਦਿੱਤਾ ਗਿਆ। ਉਹਨੀਂ ਦਿਨੀਂ ਮੈਂ "ਅਧੂਰਾ ਸਫ਼ਰ" ਨਾਵਲ ਲਿਖ ਰਿਹਾ ਸਾਂ। ਜੇਲ੍ਹ ਵਿਚ ਕਾਗਜ਼ ਪੈਨਸਿਲ, ਇਕ ਦੋ ਪੁਸਤਕਾਂ ਲੈ ਗਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਂ । ਇਕ ਦਵਾਈਆਂ ਵਾਲਾ ਡੱਬਾ । ਦਵਾਈਆਂ ਵਾਲਾ ਡੱਬਾ ਕੋਠੜੀ ਵਿਚ ਰੱਖ ਲਿਆ ਗਿਆ, ਬਿਸਤਰਾ ਤੇ ਹੋਰ ਜੋ ਸੀ ਰਹਿਣ ਦਿੱਤਾ ਗਿਆ । ਜੇਲਰ ਦੇ ਪੇਸ਼ ਹੋ ਕੇ ਕਿਹਾ — ਮੈਂ ਲੇਖਕ ਹਾਂ, ਇਹ ਮੇਰਾ ਲਿਖਣ ਦਾ ਸਮਾਨ ਹੈ । ਉਹਨਾਂ ਕਾਗਜ਼ਾਂ ਉਤੇ ਨੰਬਰ ਲਾ ਦਿੱਤੇ । ਮੈਂ ਚੱਕੀ ਬੰਦ ਨੇ ਦੋ ਕਾਂਡ ਲਿਖੇ । ਇਕ ਹਫ਼ਤੇ ਬਾਅਦ ਮੈਨੂੰ ਕਾਮਰੇਡਾਂ ਕੋਲ ਬੈਰਿਕ ਵਿਚ ਘੱਲ ਦਿੱਤਾ ਗਿਆ, ਪੰਜਾਹ ਸੱਠ ਸਾਥੀ ਆਏ ਹੋਏ ਸਨ । ਮੈਨੂੰ ਵੇਖ ਕੇ ਖ਼ੁਸ਼ ਹੋਏ । ਇਕ ਜੇਲ੍ਹ ਕਮੇਟੀ ਬਣਾ ਲਈ । ਡਿਪਟੀ ਜੇਲ੍ਹ ਸੁਪਰਡੈਂਟ ਕਾ: ਰਾਜਕੁਮਾਰ ਦਾ ਰਿਸ਼ਤੇਦਾਰ ਸੀ । ਜੋ ਡਾਕਟਰ ਸੀ ਜੇਲ੍ਹ ਦਾ । ਉਹ ਵੀ ਪਾਰਟੀ ਨਾਲ ਸੀ । ਸਾਨੂੰ ਓਪਰੀ ਤਕਲੀਫ਼ ਨਾ ਹੁੰਦੀ । ਮੈਂ ਸਾਰਿਆਂ ਕਾਮਰੇਡਾਂ ਨੂੰ ਪੁਸਤਕਾਂ ਪੜ੍ਹ ਕੇ ਸੁਣਾਉਂਦਾ । ਸਾਰਿਆਂ ਕੋਲੋਂ ਵੀ ਉਹਨਾਂ ਦੇ ਤਜ਼ਰਬੇ ਤੇ ਜੋ ਕੁਝ ਉਹ ਕਹਿ ਸਕਦੇ ਸੁਣਦਾ । ਦੂਜੀ ਬੈਰਿਕ ਵਿਚ ਵੀ ਕੁਝ ਸਾਥੀ ਆ ਗਏ । ਮੈਂ ਦੁਪਹਿਰ ਦੀ ਰੋਟੀ ਤੋਂ ਘੰਟੇ ਬਾਅਦ ਪਾਰਟੀ ਸਕੂਲ ਲਾਉਣੇ ਆਰੰਭ ਕਰ ਦਿੱਤੇ । ਸਾਡੀ ਸੋਚ ਵਿਗਿਆਨਿਕ ਹੈ । ਵਿਰੋਧ ਵਿਕਾਸੀ ਹੈ, ਅਸੀਂ ਦੁਨੀਆਂ ਨੂੰ ਦੋ ਧੜਿਆਂ ਵਿਚ ਵੰਡੀ ਮੰਨਦੇ ਹਾਂ, ਇਕ ਲੁੱਟਣ ਵਾਲਾ, ਇਕ ਲੁੱਟਿਆ ਜਾਣ ਵਾਲਾ, ਜੋ ਦਰਮਿਆਨਾ ਹੈ ਉਹ ਕੀ ਹੈ ? ਕਿਹੜੀ ਸ਼ਕਤੀ ਹੈ ਜਿਸ ਨਾਲ 98 ਲੁੱਟੇ ਜਾਣ ਵਾਲਿਆਂ ਉਤੇ ਦੋ ਫ਼ੀ ਸਦੀ ਰਾਜ ਕਰਦੀ ਹੈ, ਸਟੇਟ ਕੀ ਹੈ ? ਅਤੇ ਇਨਕਲਾਬ ਕੀ ਹੈ ? ਪਾਰਟੀ ਕੀ ਹੈ ? ਕਾਮਰੇਡ ਨੂੰ ਕੀ ਤੇ ਕੈਸਾ ਹੋਣਾ ਚਾਹੀਦਾ ਹੈ ? ਧਰਮ ਕਿਸ ਤਰ੍ਹਾਂ ਮਿਹਨਤੀ ਲੋਕਾਂ ਨੂੰ ਖ਼ਰਾਬ ਕਰਦਾ ਹੈ, ਧਰਮ ਦਿਮਾਗੀ ਗ਼ੁਲਾਮੀ ਹੈ ।

ਸ਼ੁਰੂ ਕਰਨ ਤੋਂ ਪਹਿਲਾਂ ਮੈਂ ਆਖਿਆ — ਸਾਥੀਓ ਮੈਂ ਜੋ ਕੁਝ ਤੁਹਾਨੂੰ ਦੱਸਣ ਲੱਗਾ ਹਾਂ, ਇਹ ਸੱਚ ਹੈ । ਇਸ ਨਾਲ ਹੀ ਦੁਨੀਆਂ ਸਫ਼ਲ ਹੋਈ ਹੈ ਅਤੇ ਬਾਕੀ ਦੇਸ਼ ਤੇ ਸਾਡਾ ਦੇਸ਼ ਸਫ਼ਲ ਹੋਵੇਗਾ । ਇਸ ਨੂੰ ਮੰਨਿਉਂ ਅਤੇ ਸੋਸ਼ਲਿਸਟ ਨਿਜ਼ਾਮ ਲਈ ਜੱਦੋ ਜਹਿਦ ਕਰਿਉ । ਮੈਂ ਕਦੀ ਇਸ ਲਾਈਨ ਤੋਂ ਡਿੱਗ ਪਵਾਂ, ਇਸ 'ਚੋਂ ਨਿਕਲ ਜਾਵਾਂ, ਇਸ ਨਾਲ ਗ਼ੱਦਾਰੀ ਕਰ ਜਾਵਾਂ, ਤੁਸੀਂ ਬਿਲਕੁਲ ਇਸ ਨੂੰ ਨਾ ਛੱਡਿਓ । ਮੈਂ ਗ਼ਲਤ ਹੋ ਸਕਦਾ ਹਾਂ, ਮਾਰਕਸਵਾਦ, ਲੈਨਿਨਵਾਦ ਨਹੀਂ । ਮੈਂ ਜੋ ਕਹਾਂਗਾ ਉਹ ਠੀਕ ਹੋਏਗਾ, ਸਾਰਿਆਂ ਲਈ । ਕਿਹੜਾ ਇਸ ਦੀ ਜੱਦ ਵਿਚ ਆ ਜਾਏ ਮੈਨੂੰ ਕੋਈ ਮਤਲਬ ਨਹੀਂ । ਪਾਰਟੀ ਧੜੇ ਬੰਦੀ ਨਾਲ ਇਸ ਸਿੱਧਾਂਤ ਦਾ ਤਲਕ ਨਹੀਂ ਹੈ ।

 CC-0. In Public Domain. Gurukul Kangri Collection, Haridwar

ਵਗੈਰਾ, ਫ਼ਗੈਰਾ। ਚੌਹਾਂ ਬੈਰਿਕਾਂ ਵਿਚ ਇਕ ਇਕ ਘੰਟਾ ਰੋਜ਼ ਇਹ ਸਕੂਲ ਲਾਉਂਦਾ। ਸਾਰੇ ਸਾਥੀ ਬੜੀ ਖ਼ੁਸ਼ੀ ਨਾਲ ਸੁਣਦੇ। ਇਕ ਦੂਜੇ ਨਾਲ ਪਿਆਰ ਨਾਲ ਰਹਿੰਦੇ। ਜਦ ਇਕ ਮਜ਼ਮੂਨ ਮੁੱਕ ਜਾਂਦਾ ਉਸ ਉਤੇ ਬਹਿਸ ਕਰਾਉਂਦਾ। ਸਾਥੀ ਖ਼ੁਸ਼ੀ ਨਾਲ ਹਿੱਸਾ ਲੈਂਦੇ। ਬੜਾ ਮਜ਼ਾ ਮੈਨੂੰ ਵੀ ਤੇ ਸਾਰਿਆਂ ਨੂੰ ਆਉਣ ਲੱਗ ਪਿਆ। ਕਾ: ਗੁਰਦਿਆਲ ਸਿੰਘ ਕੋਤਵਾਲ ਵੀ ਮੇਰੀ ਬੈਰਿਕ ਵਿਚ ਸੀ। ਇਹ ਲਾਲਾਂ ਦਾ ਦੀਨਾ ਨਗਰ ਵਿਚ ਕੰਮ ਸੀ। ਇਕ ਵਾਰੀ ਮੈਂ ਤੇ ਰਾਜਕੁਮਾਰ ਦੀਨਾ ਨਗਰ ਪਾਰਟੀ ਮੀਟਿੰਗ ਕਰਾ ਕੇ, ਰਾਤ ਇਕ ਸ਼ਹਿਰ ਵਿਚ ਕਾਮਰੇਡ ਸੀ ਉਸ ਦੇ ਘਰ ਸਾਂ। ਮੈਂ, ਰਾਜਕੁਮਾਰ, ਕਾ: ਸਵਰਨ ਸਿੰਘ, ਇਕ ਦੋ ਕਾਮਰੇਡ ਹੋਰ। ਇਹ ਕੋਤਵਾਲੀਆ ਸ਼ਰਾਬ ਪੀ ਕੇ ਦੋ ਤਿੰਨ ਜਣੇ ਨਾਲ ਲੈ ਕੇ ਗੰਦੀਆਂ ਗਾਲ੍ਹਾਂ ਕੱਢਦਾ, ਸਾਨੂੰ ਵੰਗਾਰਦਾ ਆ ਗਿਆ — ਆ ਤਰਖਾਣਾ ਕੁੱਤਿਆ ਨਿਕਲ ਬਾਹਰ, ਖੱਤਰੀਆ ਰਾਜਕੁਮਾਰਾ ਤੇਰੀ ਦੀ......ਮਾਰਿਆ। ਉਏ! ਮਾਈਯਵਿਆ ਸਵਰਨਿਆਂ ਜੱਟ ਹੋ ਕੇ ਇਹਨਾਂ ਕੰਮੀਆਂ ਕਮੀਣਾਂ ਦੇ ਪਿੱਛੇ ਲੱਗਾ ਹੋਇਆ ਹੈਂ।......ਹੋਰ ਜੋ ਮੂੰਹ ਆਇਆ ਬੋਲੀ ਗਿਆ। ਘਰ ਵਾਲਿਆਂ ਬੂਹਾ ਬੰਦ ਕਰ ਦਿੱਤਾ। ਅਸੀਂ ਕੋਠੇ ਉਤੇ ਚੜ੍ਹ ਕੇ ਇਕ ਪਾਸੇ ਝੁੱਕ ਗਏ। ਦਸ ਪੰਦਰਾਂ ਮਿੰਟ ਲਲਕਾਰੇ ਮਾਰ ਕੇ ਚਲੇ ਗਏ।......ਰਾਜ ਕਹੇ, ਠਾਣੇ ਚੱਲੀਏ।......ਮੈਂ ਕਿਹਾ ਪਾਰਟੀ ਬਦਨਾਮ ਹੋਏਗੀ। ਮਗਰੋਂ ਉਸ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਸੀ। (ਹੁਣ ਉਹ ਵੱਡਾ ਚੌਧਰੀ ਹੈ, ਧਨੀ ਜੱਟ ਹੈ, ਪਾਰਟੀ ਵਿਚ)

ਇਕ ਕਾਮਰੇਡ ਹੋਰ ਸੀ। ਬੀ. ਏ. ਬੀ. ਟੀ. ਰਮਦਾਸੀਆ ਪ੍ਰੀਤਮ ਸਿੰਘ ਪੰਛੀ। ਉਂਝ ਸੋਹਣਾ ਸੀ, ਰੱਜ ਕੇ। ਉਸ ਦਾ ਸਾਰਾ ਪਰਿਵਾਰ ਸਰਕਾਰੀ ਅਹੁਦਿਆਂ ਉਤੇ ਸੀ। ਟੀਚਰਪੁਣਾ ਛੱਡ ਕੇ ਪਾਰਟੀ ਵਿਚ ਆਇਆ ਸੀ। ਸਾਡੇ ਨਾਲ ਸੀ। ਪੜ੍ਹਨ ਦੀ ਵਾਦੀ ਘੱਟ। ਮੈਂ ਉਸ ਨੂੰ ਬੰਨ੍ਹ ਬੰਨ੍ਹ ਕੇ ਪੁਸਤਕਾਂ ਪੜ੍ਹਨ ਲਾਇਆ। ਇਸ ਨੂੰ ਪਾਰਟੀ ਨੇ ਦੀਨਾ ਨਗਰ ਸੀਟ ਉਤੇ ਹਰੀਜਨ ਕਰਕੇ ਖਲਿਆਰਿਆ ਸੀ। ਮੈਂ ਇਕ ਮਹੀਨਾ ਦੀਨਾ ਨਗਰ ਰਿਹਾ ਸੀ। ਲਾਲਾਂ ਨੇ ਜੋਤੀ ਲੂੰਪਨ ਨੂੰ ਖ਼ੂਬ ਜੋੜਿਆ ਹੋਇਆ ਸੀ। ਇਹਨਾਂ ਫੰਡ ਵਿਚੋਂ ਕਾ: ਗੁਰਬਖਸ਼ ਨਾਲ ਮਿਲ ਕੇ ਇਲੈਕਸ਼ਨ ਆਫ਼ਿਸ ਦੇ ਨਾਲ ਹਲਵਾਈ ਦੀ ਹੱਟੀ ਤੋਂ ਡਬਲ ਰੋਟੀ, ਮੱਖਣ ਖਾਣਾ, ਦੁੱਧ ਪੀਣਾ, ਦਹੀਂ ਖਾਣਾ, ਮੈਂ ਖਿੱਝਣਾ। ਇਕ ਦਿਨ ਮੈਂ ਗ਼ੁੱਸੇ ਦੀ ਮੂਰਖਤਾ ਕਰਕੇ ਤਿੰਨ ਚਾਰ ਜੜ੍ਹ ਦਿੱਤੀਆਂ, ਜੋਤੀ ਨੂੰ। ਬਾਕੀਆਂ ਛੁਡਾ ਦਿੱਤਾ। ਉਥੇ ਹੀ ਗੱਲ ਠੱਪੀ

Digitized by Arya Samaj Foundation Chennai and eGangotri
CC-0. In Public Domain. Gurukul Kangri Collection, Haridwar

ਗਈ। ਇਕ ਵੱਡਾ ਬਰੀਫ਼ਹੀਲਰ ਰਿਕਸ਼ਾ ਸਾਡੇ ਕੋਲ ਸੀ। ਦਿਨ ਰਾਤ
Digitized by Arya Samaj Foundation Chennai and eGangotri
ਇਕ ਕਰਦੇ ਰਹੇ। ਕਾ: ਰਾਜੇਸ਼ਵਰ ਰਾਉ ਵੀ ਤਕਰੀਰ ਕਰ ਗਿਆ। ਮਲਹੋਤਰਾ ਦੌਰਾ ਕਰਨ ਆਇਆ, ਅਨੰਦ ਵੀ ਨਾਲ ਸੀ। ਮੈਂ ਮਲਹੋਤਰੇ ਨੂੰ ਰਿਪੋਰਟ ਦਿੱਤੀ ਤੇ ਆਖਿਆ — ਜਿਹੜਾ ਤੁਸਾਂ ਬਾਰਾਂ ਸੌ ਇਸ ਸੀਟ ਨੂੰ ਦੇਣਾ ਹੈ ਉਹ ਸਿੱਧਾ ਕਾ: ਪ੍ਰੀਤਮ ਪੰਛੀ ਨੂੰ ਦਿਉ।......ਉਹਨਾਂ ਪੰਛੀ ਨੂੰ ਹੀ ਦੇ ਦਿੱਤਾ। ਲਾਲਾਂ ਦੀਆਂ ਅੱਖੀਆਂ ਅੱਡੀਆਂ ਰਹਿ ਗਈਆਂ। ਕਾ: ਆਨੰਦ ਨੂੰ ਪਤਾ ਲੱਗਾ ਕਿ ਮੇਰੀ ਗੁਰਬਖਸ਼ ਦੀ ਲਗਦੀ ਰਹਿੰਦੀ ਹੈ। ਉਸ ਮੇਰੇ ਤਰਲੇ ਕਰਕੇ, ਸਮਝਾ ਕੇ ਗੁਰਬਖਸ਼ ਨਾਲ ਹੱਥ ਮਿਲਵਾ ਦਿੱਤੇ। ਇਸ ਦੇ ਬਾਅਦ ਸਾਡਾ ਕੋਈ ਬਹਿਸਮ ਬਹਿਸ ਨਾ ਹੋਇਆ। ਪੰਛੀ ਨੇ ਫੇਲ੍ਹ ਹੋਣਾ ਸੀ, ਹੋ ਗਿਆ। ਪੰਛੀ ਦੀ ਸੱਜਣੀ ਉਸ ਨੂੰ ਜੇਲ੍ਹ ਵਿਚ ਮੁਲਾਕਾਤ ਕਰਨ ਆਈ। ਉਹ ਮੈਨੂੰ ਨਾਲ ਲੈ ਗਿਆ। ਉਹਨੂੰ ਕਹਿਣ ਲੱਗਾ — ਇਹ ਮੇਰੇ ਗੁਰੂ ਹਨ, ਜਸਵੰਤ ਸਿੰਘ ਰਾਹੀ। ਉਸ ਨੇ ਮੁਸਕਰਾ ਕੇ, ਮੈਨੂੰ ਹੱਥ ਜੋੜ ਕੇ ਨਮਸਤੇ ਆਖੀ। ਉਹ ਜਾਣ ਲੱਗੀ ਰੋ ਪਈ। ਪੰਛੀ ਹੱਸ ਕੇ ਕਹਿਣ ਲੱਗਾ — ਅਸੀਂ ਆਏ ਕਿ ਆਏ, ਫਿਰ ਇਕੱਠੇ ਚਲਾਂਗੇ ਸੈਰ ਸਪਾਟੇ। ਉਹ ਕਈ ਕੁਝ ਦੇ ਗਈ। ਸਾਰਿਆਂ ਨੂੰ ਵੰਡਿਆ, ਜੋ ਪੁੱਛੇ — ਕੌਣ ਆਇਆ ਸੀ ਪੰਛੀ ? ਉਹ ਆਖੇ — ਕੋਈ ਆਏ ਨਾ ਆਏ ਤੁਸੀਂ ਤੇ ਗੱਫੇ ਲਾਉ।

ਮੈਂ ਜੇਲ੍ਹ ਵਿਚ ਕਾਫ਼ੀ ਨਜ਼ਮਾਂ ਲਿਖੀਆਂ। ਉਦੋਂ ਬਦਰ ਮਹੀਉਦੀਨ ਦੇ ਗੁਜ਼ਰਨ ਦਾ ਨੰਬਰ ਵੀ ਮੇਰੇ ਕੋਲ ਸੀ। ਬਾਹਰ ਕਾਫ਼ੀ ਛਪੀਆਂ। ਉਦੋਂ ਹੀ ਹਮਦਰਦ ਜੀ ਦੀ ਪਤਨੀ, ਬੀਬੀ ਨਿਰੰਜਨ ਕੌਰ ਸਵਰਗਵਾਸ ਹੋਈ ਸੀ। ਮੈਂ ਅੰਦਰੋਂ ਅਫਸੋਸ ਦੀ ਚਿੱਠੀ ਪਾਈ। ਆਪਣੀਆਂ ਸਭ ਮੁਲਾਕਾਤਾਂ ਹਮੇਸ਼ਾਂ ਵਾਂਗ ਮਨ੍ਹਾਂ ਕਰ ਦਿੱਤੀਆਂ ਹੋਈਆਂ ਸਨ। ਉਥੇ ਵੀ ਮੈਨੂੰ ਬੜੇ ਸਖ਼ਤ ਮਰੋੜ ਲੱਗੇ। ਟੱਟੀਆਂ ਰਾਤ ਵੇਲੇ ਲਈ ਅੰਦਰ ਬਣੀਆਂ ਹੋਈਆਂ ਸਨ। ਡਾਕਟਰ ਨੇ ਕਾਫ਼ੀ ਇਲਾਜ਼ ਕੀਤਾ। ਖੁਰਾਕ ਵੀ ਲਾ ਦਿੱਤੀ ਪਰ ਕੋਈ ਆਰਾਮ ਨਾ ਆਇਆ। ਸਕੂਲ ਬਰਾਬਰ ਚਲਦਾ ਰਿਹਾ। ਅੰਦਰ ਚਾਰ ਪੰਜ ਸਾਥੀ ਸੀ. ਪੀ. ਆਈ. (ਮਾਰਕਸੀ) ਦੇ ਵੀ ਸਨ। ਲਾਲ ਵੀ, ਲਾਲਾਂ ਦੇ ਵੀ। ਪਰ ਕੋਈ ਗੱਲ ਨਹੀਂ ਸੀ ਚੱਲ ਰਹੀ। ਬੜੇ ਪਿਆਰ ਨਾਲ ਰਹਿ ਰਹੇ ਸਨ। ਲੋਕ ਸੰਪਰਕ ਅਫ਼ਸਰ ਭਾਟੀਆ ਜੀ ਅਤੇ ਨਿੱਕਾ ਗਿੱਲ ਬ੍ਰਖਰਦਾਰ ਮੈਨੂੰ ਮਿਲਣ ਆਏ। ਖ਼ੂਬ ਬੈਠੇ, ਗੱਲਾਂ ਕੀਤੀਆਂ। ਉਹਨਾਂ ਕਿਹਾ, ਜੋ ਚਾਹੀਦਾ ਹੈ ਦੱਸ ? ਮੈਂ ਕਿਹਾ, ਤੁਸੀਂ ਭਾਸ਼ਾ ਵਿਭਾਗ ਕੋਲੋਂ ਮਹਾਂਭਾਰਤ ਦਾ ਅਨੁਵਾਦ ਅਜੇ ਦੋ

CC-0. In Public Domain. Gurukul Kangri Collection, Haridwar

ਜਿਲਦਾਂ ਛਪੀਆਂ ਨੇ ਘਲ੍ਹਾ ਦੇਣੀਆਂ। ਉਹਨੂੰ ਕਹਿ ਦੇਣਾ, ਮੈਂ ਆ ਕੇ ਪੈਸੇ
Digitized by Arya Samaj Foundation Chennai and eGangotri
ਦੇ ਦਿਆਂਗਾ।......ਗਿੱਲ ਕਹਿਣ ਲੱਗਾ ਬੱਸ ਕਰੋ ਰਾਹੀ ਜੀ ਅਸੀਂ ਆਪ ਘੱਲ ਦਿਆਂਗੇ।......ਉਹ ਚਲੇ ਗਏ, ਦੂਜੇ ਦਿਨ ਦੋਏ ਹਿੱਸੇ ਮੈਨੂੰ ਮਿਲ ਗਏ। ਮੈਂ ਉਹ ਦੋਏ ਵੀ ਪੜ੍ਹ ਲਏ। ਸਕੂਲ ਦਿੰਦਿਆਂ ਕਈ ਲਤੀਫ਼ੇ ਵੀ ਮਜਮੂਨ ਨਾਲ ਲਗਦੇ ਸੁਣਾਉਣੇ ਤਾਂਕਿ ਦਿਲਚਸਪੀ ਬਣੀ ਰਹੇ।......ਕੀ ਹੋਇਆ ਗੁਰਬਖਸ਼ ਸਿੰਘ, ਰਾਜਕੁਮਾਰ, ਗੁਰਨਾਮ ਸਿੰਘ ਅਤੇ ਹੋਰ ਜਿਲ੍ਹੇ ਦੇ ਦੋ ਲੀਡਰ ਵੀ ਆ ਗਏ। ਹੋਣ ਲੱਗ ਪਈ ਤੂੰ ਤੂੰ, ਮੈਂ ਮੈਂ, ਕਾਮਰੇਡ ਵੰਡੇ ਗਏ। ਮੈਂ ਕਿਹਾ, ਬੱਸ ਮੇਰੀ ਡਿਊਟੀ ਖ਼ਤਮ ਹੈ। ਦੋ ਕੁ ਮਹੀਨੇ ਕੈਦ ਰਹੇ ਅਤੇ ਰਿਹਾਅ ਹੋ ਗਏ। ਲਹਿਰ ਦਾ ਮੈਨੂੰ ਚੇਤਾ ਨਹੀਂ ਕੀ ਬਣਿਆ।

ਬਾਹਰ ਆਏ ਤਾਂ ਬਟਾਲੇ ਦਿਹਾਤੀ ਹਲਕੇ ਦੀ ਜਿਮਨੀ ਚੋਣ ਹੋ ਰਹੀ ਸੀ। ਪਾਰਟੀ ਅਕਾਲੀ ਦੀ ਮਦਦ ਕਰਦੀ ਸੀ। ਮੈਨੂੰ ਕਰਵਾਲੀਆ ਤੇ ਸੁਲੱਖਣ ਸਿੰਘ ਕਾਰ ਉਤੇ ਚੜ੍ਹਾ ਕੇ ਲੈ ਗਏ। ਮਰੋੜ ਕਿਸੇ ਦੇਸੀ ਦੀਆਂ ਪੜੀਆਂ ਖਾਕੇ ਥੰਮੇ ਪਰ ਸਿਹਤ ਨਾ ਹੋਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਬਿਮਾਰ ਪਿਆ

ਸਰੀਰ ਟੁੱਟਦਾ-ਭੱਜਦਾ ਰਹਿੰਦਾ ਸੀ। ਕਦੇ ਕਬਜ਼, ਕਦੇ ਸਿਰ ਦਰਦ, ਕਦੇ ਖੱਲੀਆਂ। ਅੰਦਰ ਇਤਨੀ ਚਿੰਤਾ ਨਹੀਂ ਸੀ ਕਿ ਬਹੁਤਾ ਬਿਮਾਰ ਹੋ ਸਕਦਾ ਹਾਂ। ਕਵੀ ਦਰਬਾਰ ਮੈਨੂੰ ਇਹਨਾਂ ਦਿਨਾਂ ਵਿਚ ਬੜੇ ਆਏ। ਜਿਵੇਂ ਗੋਰਖਪੁਰ। ਮੈਂ ਤੇ ਕੋਮਲ ਗਏ। ਮੈਂ ਇਕੱਲਾ ਦੇਹਰਾਦੂਨ, ਸਹਾਰਨਪੁਰ, ਅੰਬਾਲੇ ਹੋਰ ਪੰਜਾਬ ਵਿਚ। ਇਕ ਦਰਬਾਰ ਗੁਰੂ ਨਾਨਕ ਦਾ ਆਇਆ, ਧੰਨਵਾਦ। ਰਾਤ ਨੂੰ ਲੁਧਿਆਣੇ ਬੋਲ ਕੇ ਉਥੋਂ ਰਾਤ ਇਕ ਵਜੇ ਧੰਨਵਾਦ ਦੀ ਗੱਡੀ ਫੜੀ। ਭੀੜ ਦਾ ਕੋਈ ਅੰਤ ਨਹੀਂ ਸੀ। ਸਾਰੀ ਰਾਤ ਟੱਟੀ ਅੱਗੇ ਬੁੱਤ ਬਣਿਆ ਖਲੋਤਾ ਰਿਹਾ। ਦਿਨੇ ਕੁਝ ਭੀੜ ਘਟੀ। ਇਕ ਨੌਜਵਾਨ ਫੌਜੀ ਨੇ ਮੇਰੇ ਉਤੇ ਤਰਸ ਕਰਕੇ ਸੌਣ ਵਾਲੀ ਉਤਲੀ ਸੀਟ ਮੈਨੂੰ ਦੇ ਦਿੱਤੀ। ਸਰੀਰ ਠੀਕ ਨਹੀਂ ਸੀ। ਖ਼ੂਬ ਸੁੱਤਾ।

ਧੰਨਵਾਦ ਪਹੁੰਚ ਕੇ ਗੁਰਦਵਾਰੇ ਗਿਆ। ਉਥੋਂ ਦਾ ਮੈਨੇਜਰ ਸਾਡੇ ਜਿਲ੍ਹੇ ਦਾ ਸੀ। ਉਹ ਖ਼ੁਸ਼ ਹੋਇਆ। ਗੁਰਦਵਾਰਾ ਚੰਗਾ ਬਣਿਆ ਹੋਇਆ ਸੀ। ਕਮਰੇ ਹੋਟਲਾਂ ਵਰਗੇ, ਗੁਸਲਖ਼ਾਨੇ ਤੇ ਲੈਟਰੀਨਾਂ ਨਾਲ। ਆਰਾਮ ਕੀਤਾ।

ਲੌਢੇ ਵੇਲੇ ਦੀਵਾਨ ਲੱਗਾ। ਇਕ ਇਕ ਕਵਿਤਾ ਹੋਈ। ਮੈਂ ਗੁਰੂ ਘਰ ਉਤੇ ਲਿਖੀ ਮਸ਼ਹੂਰ ਕਵਿਤਾ ਬੋਲੀ। ਫੱਬ ਗਈ। ਹੋਰ ਚਾਰ ਕਵੀ ਲਖਨਊ ਵੱਲ ਦੇ ਸਨ। ਇਕ ਟਾਟਾ ਨਗਰ ਦਾ। ਕਈਆਂ ਨੇ ਆਖਿਆ — ਗੁਰੂ ਨਾਨਕ ਦੀ ਕਵਿਤਾ ਬੋਲੀ ਨਹੀਂ। ਮੈਂ ਚੁੱਪ ਕਰ ਰਿਹਾ। ਇਸ ਕਰਕੇ ਇਨਾਮ ਵੀ ਘੱਟ ਰਿਹਾ।

ਰਾਤ ਨੂੰ ਕਵੀ ਦਰਬਾਰ ਹੋਇਆ। ਮੈਂ ਦੋ ਕਵਿਤਾਵਾਂ ਸੁਣਾਈਆਂ। ਸਿਹਤ ਠੀਕ ਸੀ, ਗੁਜ਼ਾਰਾ ਕਰ ਲਿਆ। ਸੰਗਤਾਂ ਖ਼ਾਸ ਖ਼ੁਸ਼ ਨਹੀਂ ਸਨ ਪਰ ਸ਼ਾਇਰ ਤੇ ਵਿਦਵਾਨ ਖ਼ੁਸ਼ ਸਨ। ਸ਼ਾਇਰਾਂ ਨੇ ਕਮਰਿਆਂ ਵਿਚ ਆ ਕੇ ਮੈਥੋਂ ਹੋਰ ਕਵਿਤਾਵਾਂ ਸੁਣ ਕੇ ਖ਼ੁਸ਼ ਹੋਏ ਤੇ ਕਈ ਗੱਲਾਂ ਪੁੱਛਦੇ ਰਹੇ। ਪੈਸੇ ਉਹਨਾਂ ਰਾਤ ਨੂੰ ਦੇ ਦਿੱਤੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿਨੇ ਮੇਰੇ ਨਾਲ ਦੋ ਸ਼ਾਇਰ ਹੋਰ ਸਿੰਦਰੀ ਚਲੇ ਗਏ । ਉਹਨਾਂ ਦੀ ਜਗ੍ਹਾ ਗੁਰਦਵਾਰੇ ਸੀ । ਮੈਂ ਆਪਣੀ ਭੂਆ ਦੇ ਪੁੱਤਰ, ਭਰਾ ਹਜ਼ੂਰ ਸਿੰਘ ਕੋਲ ਚਲਿਆ ਗਿਆ । ਉਹ ਉਥੇ ਸੀ । ਖਾਦ ਦੀ ਫ਼ੈਕਟਰੀ ਵਿਚ ਫੋਰਮੈਨ ਸੀ । ਬੱਚੇ ਤੇ ਪਤਨੀ ਸਮੇਤ । ਪਹਿਲੋਂ ਵੀ ਇਕ ਵਾਰੀ ਮੈਂ ਤੇ ਦੀਵਾਨ ਸਿੰਘ ਮਹਿਰਮ ਸਿੰਦਰੀ ਤੋਂ ਆਏ ਸਾਂ । ਫ਼ੈਕਟਰੀ ਵਾਲਿਆਂ ਹਿੰਦੀ, ਬਿਹਾਰੀ, ਉਰਦੂ, ਪੰਜਾਬੀ ਦਾ ਮਿਲਵਾਂ ਕਵੀ ਦਰਬਾਰ, ਸ਼ਹੀਦ ਭਗਤ ਸਿੰਘ ਉਤੇ ਕਰਾਇਆ ਸੀ । ਅਸੀਂ ਦੋਏਂ ਖ਼ੂਬ ਵੱਸੇ ਸਾਂ । ਤਿੰਨ ਤਿੰਨ, ਚਾਰ ਚਾਰ ਨਜ਼ਮਾਂ ਸੁਣਾਈਆਂ । ਉਥੇ ਸ਼ਹਿਰ ਦੇ ਹੋਰ ਵੀ ਬੰਦੇ ਸਨ, ਸਾਰੇ ਅਫ਼ਸਰ । ਉਦੋਂ ਉਥੇ ਇਕ ਸੋਹਣੀ ਜਿਹੀ ਸਾੜ੍ਹੀ ਪਾ ਕੇ ਇਸਤਰੀ ਨੇ ਹਿੰਦੀ ਕਵਿਤਾ ਬੋਲੀ ਸੀ । ਜਦ ਮੈਂ ਤੇ ਮਹਿਰਮ ਬੋਲੇ, ਉਹ ਬੜੀ ਹੈਰਾਨੀ ਨਾਲ ਸੁਣਦੀ ਰਹੀ । ਮਹਿਰਮ ਆਪਣੀ ਕਿਸਮ ਨਾਲ ਗਾ ਕੇ ਗ਼ਜ਼ਲ ਬੋਲਦਾ ਸੀ । ਇਕ ਉਸ ਦੀ ਗ਼ਜ਼ਲ ਦਾ ਸ਼ੇਅਰ ਸੀ "ਇਸ਼ਕ ਲਾਇਆਂ ਵੀ ਲੱਗ ਸਕਦਾ ਹੈ ਤੇ ਤੋੜਿਆਂ ਵੀ ਟੁੱਟ ਸਕਦਾ ਹੈ, ਮਹਿਰਮ ਤੂੰ ਕਹਿ ਦੇ ਗ਼ਾਲਿਬ ਨੂੰ ਕਿੱਥੇ ਦੀਵਾਨੇ ਪਹੁੰਚ ਗਏ" । ਕੁਝ ਇਸ ਤਰ੍ਹਾਂ ਦਾ ਸੀ, ਜਦ ਤੀਜਾ ਦੌਰ ਚੱਲਿਆ ਤਾਂ ਉਹ ਬੀਬੀ ਸਾਨੂੰ ਠੇਠ ਪੰਜਾਬੀ ਵਿਚ ਕਹਿਣ ਲੱਗੀ — ਮੈਂ ਅੱਜ ਹੈਰਾਨ ਹੋਈ ਹਾਂ, ਖ਼ੁਸ਼ ਹੋਈ ਹਾਂ । ਅੱਜ ਤਕ ਇਹੋ ਸਮਝਦੀ ਸਾਂ ਪੰਜਾਬੀ ਕਵਿਤਾ ਸਿਰਫ਼ ਗੁਰਦਵਾਰਿਆਂ ਤਕ ਹੀ ਹੁੰਦੀ ਹੈ । ਤੁਸਾਂ ਕਮਾਲ ਕਰ ਦਿੱਤਾ । ਅਸੀਂ ਘੁਲ ਮਿਲ ਗਏ । ਮੁਸ਼ਾਇਰਾ ਮੁੱਕਾ, ਉਹ ਚਲੀ ਗਈ । ਸੁਣਿਆ, ਕਿਸੇ ਵੱਡੇ ਅਫ਼ਸਰ ਦੇ ਘਰੋਂ ਸੀ ।

ਸਿੰਦਰੀ ਗੁਰਦਵਾਰੇ ਰਾਤ ਕਵੀ ਦਰਬਾਰ ਹੋਇਆ । ਮੇਰੀ ਬੜੀ ਜੈ ਜੈ ਹੋਈ ਕਿਉਂਕਿ ਦੂਜੇ ਵਿਚਾਰੇ ਮਾੜੇ ਸਨ । ਉਜਾੜ ਵਿਚ ਰਿੰਡ ਪ੍ਰਧਾਨ ।

ਦੂਜੇ ਦਿਨ ਹੱਡ ਪੈਰ ਟੁੱਟਦੇ ਤੇ ਨਾਲ ਹੀ ਬੁਖ਼ਾਰ ਹੋ ਗਿਆ । ਦਿਨੇ ਗੱਡੀ ਅੰਮ੍ਰਿਤਸਰ ਆਉਂਦੀ ਸੀ । ਰਿਜ਼ਰਵ ਵਿਚ ਪੰਜ ਰੁਪੈ ਦੇ ਕੇ ਮੇਰਾ ਭਤੀਜਾ ਚੜ੍ਹਾ ਗਿਆ । ਰਸਤੇ ਵਿਚ ਦੀਪਕ ਜੈਤੋਈ ਤੇ ਦੋ ਸ਼ਾਇਰ ਹੋਰ ਮਿਲ ਪਏ । ਉਹ ਬਦੋਬਦੀ ਆਪਣੇ ਰਿਜ਼ਰਵ ਡੱਬੇ ਵਿਚ ਲੈ ਗਏ । ਬਹੁਤ ਜ਼ੋਰ ਦੇ ਕੇ ਸ਼ਰਾਬ ਪੈੱਗ ਪਿਆਈ । ਮੈਂ ਜਾਨ ਛੁਡਾ ਕੇ ਆਪਣੇ ਡੱਬੇ ਵਿਚ ਆ ਗਿਆ ।

ਅੰਮ੍ਰਿਤਸਰ ਉਤਰ ਕੇ ਘਰ ਗਿਆ । ਬੁਖ਼ਾਰ ਮੱਠਾ ਸੀ । ਕਿਸੇ ਨੇ ਦੱਸਿਆ, ਅੰਮ੍ਰਿਤਸਰ ਗੁਰੂ ਕੇ ਬਾਗ ਦੇਸੀ ਹਕੀਮ ਕੋਲ ਜਾਉ । ਮੈਂ ਤੇ ਸਤਵੰਤ ਕੌਰ ਗਏ । "ਸਮਾਜ ਕੋ ਬਦਲ ਡਾਲੋ" ਫ਼ਿਲਮ ਲੱਗੀ ਹੋਈ ਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਦੇਖੀ [illegible] ਮੈਂ ਤੇ ਹਰਭਜਨ ਨੇ ਪਹਿਲੀ ਵਾਰ ਇਕੱਠਿਆਂ ਫ਼ਿਲਮ ਦੇਖੀ ਸੀ। ਦਵਾਈ ਲਈ। ਰਾਤ ਹਰਭਜਨ ਸ਼ਮ੍ਹਾਂ ਵੱਲ ਰਹੇ। ਉਸ ਨੇ ਮੈਨੂੰ ਬਦੋਬਦੀ ਰੰਮ ਦਾ ਪੈਗ ਪਿਆਇਆ। ਕਹਿਣ ਲੱਗੀ — ਘੁੱਟ ਕੁ ਪੀ ਲਓ ਮੇਰੇ ਹੱਥੋਂ ਰਾਜ਼ੀ ਹੋ ਜਾਉਗੇ। ਉਸ ਦੇ ਪਤੀ ਨੇ ਵੀ ਹੁੰਗਾਰਾ ਭਰਿਆ। ਮੁੰਡਿਆਂ ਨੇ ਵੀ ਕਿਹਾ, ਜਿਹੜੇ ਅਜੇ ਨਿੱਕੀਆਂ ਜਮਾਤਾਂ ਵਿਚ ਪੜ੍ਹਦੇ ਸਨ। ਕੁੜੀ ਕੋਈ ਹੋਈ ਨਹੀਂ ਸੀ।

ਡੇਰੇ ਆ ਕੇ ਮੈਨੂੰ ਕੋਈ ਆਰਾਮ ਨਹੀਂ ਸੀ ਆਇਆ। ਇਕ ਦੋ ਹਕੀਮਾਂ ਨੇ ਇਲਾਜ ਕੀਤਾ। ਮੈਨੂੰ ਕਾ: ਸੋਹਣ ਸਿੰਘ ਰਮਦਾਸੀਏ ਨੇ ਵੇਖ ਕੇ ਆਖਿਆ —- ਰਾਹੀ ਜੀ, ਤੁਹਾਨੂੰ ਯਰਕਾਨ ਹੋਇਆ ਹੈ, ਅੱਖੀਆਂ ਤਾਂ ਵੇਖੋ। ਮੈਂ ਇਕ ਹਕੀਮ ਕੋਲ ਗਿਆ। ਉਸ ਨੇ ਮੈਨੂੰ ਨੁਸਖਾ ਲਿਖ ਦਿੱਤਾ, ਘੋਟ ਕੇ ਪੀਂਦਾ ਰਿਹਾ। ਸਿਹਤ ਡਿਗਦੀ ਜਾਏ। ਇਕ ਹੋਰ ਹਕੀਮ ਸੀ ਉਸ ਨੇ ਕਿਹਾ ਮੈਂ ਤੇ ਯਰਕਾਨ ਵਿਚ ਮੀਟ ਖਵਾ ਦਿੰਦਾ ਹਾਂ, ਯਰਕਾਨ ਕੀ ਹੋਇਆ। ਤਿੰਨਾਂ ਦਿਨਾਂ ਵਿਚ ਠੀਕ ਹੋ ਜਾਏਗਾ। ਨਾ ਹੋਇਆ। ਉਸ ਨੇ ਆਖਿਆ — ਰਾਹੀ ਜੀ, ਕਿਸੇ ਹਸਪਤਾਲ ਦਾਖ਼ਲ ਹੋ ਜਾਉ। ਗੱਲ ਵਿਗੜਦੀ ਪਈ ਹੈ। ਮੈਂ ਸਰਕਾਰੀ ਡਾਕਟਰ ਤੋਂ ਟੀਕੇ ਲਗਵਾਏ। ਆਰਾਮ ਨਾ ਆਇਆ। ਰੰਗ ਕਾਲਾ ਹੋ ਗਿਆ। ਹੱਥਾਂ ਪੈਰਾਂ ਨੂੰ ਸੋਜ ਪੈ ਗਈ। ਗਲੀ ਦੀਆਂ ਜਨਾਨੀਆਂ ਨੇ ਇੰਝ ਪੁੱਛਣਾ, ਮੈਨੂੰ ਜਾਂ ਘਰਦਿਆਂ ਨੂੰ ਜੀਕਰ ਮੈਂ ਕੁਝ ਦਿਨਾਂ ਦਾ ਪ੍ਰਾਹੁਣਾ ਹੋਵਾਂ। ਮਹੀਨਾ ਕੁ ਹੋ ਗਿਆ। ਬਜ਼ਾਰ ਦੇ ਇਕ ਪਾਸੇ ਧੁੱਪੇ ਮੰਜੀ ਉਤੇ ਪਏ ਰਹਿਣਾ। ਪੜ੍ਹਦੇ ਲਿਖਦੇ ਵੀ ਥੋੜ੍ਹਾ ਥੋੜ੍ਹਾ ਜ਼ਰੂਰ ਰਹਿਣਾ। ਰਾਤ ਨੂੰ ਵੀ ਔਖੇ ਹੋਣਾ। ਕਬਜ਼ ਵੱਲ ਮੇਰਾ ਬਹੁਤ ਖ਼ਿਆਲ ਸੀ। ਜਿਲ੍ਹੇ ਵਿਚ ਵੀ ਖ਼ਤ ਪਾਇਆ। ਸੂਬੇ ਵਿਚ ਵੀ ਚਿੱਠੀ ਪਾਈ, ਮਦਦ ਲਈ। ਪਰ ਜਿਲ੍ਹੇ ਦਾ ਕੋਈ ਵੀ ਕਾਮਰੇਡ ਨਾ ਆਇਆ। ਨਾ ਹੀ ਮੇਰੇ ਇਲਾਕੇ ਦਾ। ਇਕ ਕਾ: ਸਵਰਨ ਸਿੰਘ ਸ਼ਾਹਪੁਰ ਦਾ ਕਿਤੇ ਕਿਸੇ ਕੰਮ ਆਇਆ, ਮੈਨੂੰ ਵੇਖਿਆ। ਜੇਬ ਵਿਚੋਂ ਅੱਠ ਰੁਪਏ ਤੇ ਕੁਝ ਆਨੇ ਕੱਢ ਕੇ ਮੈਨੂੰ ਬਦੋਬਦੀ ਦੇ ਗਿਆ। ਪਿਆਰਾ ਲਾਲ ਚੋਪੜਾ ਰੋਜ਼ ਆਉਂਦਾ, ਕਦੇ ਦਵਾਈ, ਕਦੇ ਸੰਤਰੇ ਦੇ ਜਾਂਦਾ। ਮੈਂ ਰੋਜ਼ ਦਰਬਾਰ ਸਾਹਿਬ ਦੇ ਬਜ਼ਾਰ 'ਚੋਂ ਸੰਤਰਿਆਂ ਦਾ ਰਸ ਪੀਣ ਜਾਂਦਾ। ਸਾਡੇ ਨਗਰ ਸਬਜ਼ੀਆਂ ਤੇ ਫਰੂਟ ਉਤੇ ਮਹਿਰਾ ਬਰਾਦਰੀ ਦੀ ਅਜਾਰੇਦਾਰੀ ਹੈ। ਰੂੜੀਆਂ ਉਤੇ ਢੇਰ ਲਾ ਦੇਣਗੇ, ਪਰ ਸਸਤੀ ਚੀਜ਼ ਨਹੀਂ ਦੇਣਗੇ। ਪਹਿਲੇ ਦਿਨ ਰਸ ਦਾ ਗਲਾਸ ਇਕ ਰੁਪਏ ਦਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਜੇ ਦਿਨ ਡੇਢ ਰੁਪਏ ਦਾ, ਤੀਜੇ ਦਿਨ ਦੋ ਰੁਪਏ ਦਾ। ਮੈਂ ਕਿਹਾ ਕੀ ਗੱਲ ਹੈ ? ਰੋਜ਼ ਰੋਜ਼ ਮਹਿੰਗਾ ਹੁੰਦਾ ਜਾਂਦਾ ਹੈ। ਅੱਗੋਂ ਕਹਿਣ ਲੱਗਾ — ਸੰਗਤਰੇ ਮਹਿੰਗੇ ਹੁੰਦੇ ਜਾਂਦੇ ਹਨ। ਮੇਰੀ ਇਸ ਮਰਨ ਵਾਲੀ ਹਾਲਤ ਵਿਚੋਂ ਵੀ ਉਹ ਮੁਨਾਫ਼ਾ ਕਮਾ ਰਹੇ ਸਨ।

ਸੂਬੇ ਵਿਚੋਂ ਮੈਨੂੰ ਚਿੱਠੀ ਨਾ ਆਈ। ਕਾ: ਆਨੰਦ ਨੇ ਲਿਖਿਆ ਸੀ — ਪਾਰਟੀ ਤੇਰੀ ਕੋਈ ਮਦਦ ਨਹੀਂ ਕਰ ਸਕਦੀ। ਤੇਰੇ ਹੱਕ ਵਿਚ ਸੂਬਾ ਕਮੇਟੀ ਦਾ ਫ਼ੈਸਲਾ ਨਹੀਂ ਗਿਆ।......ਉਸ ਨੇ ਆਪ ਨਿੱਜੀ ਵੀਹ ਰੁਪੈ ਘੱਲੇ ਸਨ। ਇਹ ਕੁਝ ਪੜ੍ਹ ਕੇ, ਦੋ ਦਿਨ ਰਾਤ ਮੈਂ ਮੂੰਹ ਢੱਕ ਕੇ ਰੋਂਦਾ ਰਿਹਾ। ਪਾਰਟੀ ਲਈ ਮੈਂ ਪਰਿਵਾਰ ਸਣੇ ਜੂਝਦਾ ਰਿਹਾ ਹਾਂ। ਪਾਰਟੀ ਮੇਰਾ ਇਲਾਜ ਨਹੀਂ ਕਰਾ ਸਕਦੀ। ਹੁਣ ਮੈਂ ਮਰਾਂ ਜਾਂ ਜੀਵਾਂ ਪਾਰਟੀ ਦਾ ਕੋਈ ਆਸਰਾ ਨਹੀਂ ਮੈਨੂੰ। (ਮਗਰੋਂ ਪਤਾ ਲੱਗਾ ਕਿ ਮੀਟਿੰਗ ਵਿਚ ਕਾ: ਸੁਤੰਤਰ ਨੇ ਆਖਿਆ ਸੀ ਕਿ ਪਾਰਟੀ ਮੈਂਬਰ ਤੇ ਬੀਮਾਰ ਹੁੰਦੇ ਹੀ ਰਹਿੰਦੇ ਹਨ, ਕਿਸ ਕਿਸ ਦੀ ਮਦਦ ਕੀਤੀ ਜਾਏਗੀ। ਹਾਲੀਂ ਉਸ ਦੀ ਪਾਰਲੀਮੈਂਟ ਦੀ ਅਲੈਕਸ਼ਨ ਉਤੇ 63 ਹਜ਼ਾਰ ਰੁਪਿਆ ਖ਼ਰਚ ਆਇਆ ਸੀ। ਹੋਰਨਾਂ ਇਲੈਕਸ਼ਨਾਂ ਉਤੇ ਵੀ ਪਾਰਟੀ ਖ਼ਰਚ ਕਰਦੀ ਸੀ)

ਕਵੀ ਦਰਬਾਰਾਂ ਦਾ ਰੁਪਿਆ ਕੁਝ ਸੀ। ਉਹ ਖ਼ਰਚ ਕਰਦਾ ਰਿਹਾ। ਜਗਜੀਤ ਸਿੰਘ ਬਾਜਵੇ ਦੀ ਸਾਈਕਲਾਂ ਦੀ ਦੁਕਾਨ ਸੀ, ਕਿਸ਼ਤਾਂ ਉਤੇ ਵੀ ਸਾਈਕਲ ਦਿੰਦਾ। ਚੋਪੜੇ ਦਾ ਪੱਤਰਕਾਰੀ ਦਾ ਬੋਰਡ ਵੀ ਉਸ ਦੀ ਹੱਟੀ ਉਤੇ ਲੱਗਾ ਰਹਿੰਦਾ। ਮੇਰੇ ਵਿਚਕਾਰਲੇ ਲੜਕੇ ਨੂੰ ਸਾਈਕਲ ਦਾ ਬੜਾ ਸ਼ੌਕ ਸੀ। ਅੱਠਵੀਂ ਨੌਵੀਂ ਵਿਚ ਪੜ੍ਹਦਾ ਸੀ। ਬਹੁਤ ਪਿਆਰਾ ਪੁੱਤਰ ਹੈ। ਦਿਨੇ ਰਾਤ ਮੇਰੇ ਲਈ ਨੱਠਦਾ ਭੱਜਦਾ ਸੀ। ਉਸ ਨੂੰ ਸੌ ਰੁਪਿਆ ਦੇ ਕੇ ਬਾਜਵੇ ਕੋਲੋਂ ਕਿਸ਼ਤਾਂ ਉਤੇ ਸਾਈਕਲ ਲੈ ਦਿੱਤਾ। ਸੋਚਿਆ ਮੈਂ ਮਰਨਾ ਹੈ ਕਿ ਜਿਉਣਾ ਹੈ, ਇਹ ਪੁੱਤਰ ਕਿਉਂ ਸਾਈਕਲ ਨੂੰ ਤਰਸੇ। ਰਾਜਿੰਦਰ ਸਾਹਨੀ ਨੇ ਦੋ ਸੌ ਰੁਪਿਆ ਘੱਲਿਆ। ਮੇਰਾ ਵੱਡਾ ਲੜਕਾ ਸ੍ਰੀਨਗਰ ਸੀ, ਉਸ ਨੇ ਵੀ ਰੁਪਏ ਘੱਲੇ। ਸੁਖਬੀਰ ਤੇ ਆਤਮਜੀਤ ਨੇ ਕੋਈ ਉੱਤਰ ਨਾ ਦਿੱਤਾ ਚਿੱਠੀ ਦਾ ਵੀ।......ਆਖ਼ਰ ਜਦ ਮੇਰੀ ਹਾਲਤ ਬਹੁਤ ਖ਼ਰਾਬ ਹੋ ਗਈ, ਮੈਂ ਦਿੱਲੀ ਭੈਣ ਨੂੰ ਖ਼ਤ ਪਾਇਆ। ਮਹੀਨੇ ਤੋਂ ਯਰਕਾਨ ਨਾਲ ਬਿਮਾਰ ਹਾਂ। ਅੰਮ੍ਰਿਤਸਰ ਤੋਂ ਪਿਆਰਾ ਸਿੰਘ ਨਿਰਛਲ, ਜੋਗਿੰਦਰ ਪਾਲ ਸੇਵਕ, ਵਿਧਾਤਾ ਸਿੰਘ ਕਮਾਲ ਮੇਰੀ ਖ਼ਬਰ ਲੈਣ ਆਏ। ਜਿਧਰੋਂ ਆਏ, ਮਿਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਏ । ਮੇਰੇ ਘਰ ਦੇ ਆਏ ।

ਦਿੱਲੀ ਤੋਂ ਖ਼ਤ ਆਇਆ । ਤੁਸੀਂ ਹੀਲ ਹੁੱਜ਼ਤ ਕੁਝ ਨਾ ਵੇਖੋ, ਫੌਰਨ ਚਲੇ ਆਉ, ਖ਼ਤ ਨਾ ਸਮਝੋ ਤਾਰ ਸਮਝੋ । ਮੈਨੂੰ ਹੌਂਸਲਾ ਹੋ ਗਿਆ । ਤਿਆਰ ਹੋ ਕੇ ਅੰਮ੍ਰਿਤਸਰੋਂ ਫਲਾਇੰਗ ਮੇਲ ਉਤੇ ਦਿੱਲੀ ਪਹੁੰਚੇ । ਅੰਮ੍ਰਿਤਸਰੋਂ ਸਾਰੇ ਸ਼ਾਗਿਰਦ ਤੇ ਮਿੱਤਰ ਫਰੂਟ ਲੈ ਕੇ ਦੇ ਗਏ । ਸੁਖਣਾ ਸੁੱਖਦੇ ।

ਹਸਪਤਾਲ ਤੇ ਮੈਂ

ਨਵੀਂ ਦਿੱਲੀ ਸਟੇਸ਼ਨ ਉਤੇ ਮੇਰਾ ਭਣੇਵਾਂ ਇੰਜੀਨੀਅਰ ਟੈਕਸੀ ਲੈ ਕੇ ਆਇਆ ਹੋਇਆ ਸੀ । ਸਾਨੂੰ ਪਲੇਟਫਾਰਮ ਤੋਂ ਆ ਕੇ ਘਰ ਲੈ ਗਿਆ । ਜਦ ਆਪਣੀ ਭੈਣ ਦੇ ਸਾਹਮਣੇ ਟੈਕਸੀ ਤੋਂ ਉਤਰਿਆ, ਮੇਰਾ ਉੱਚੀ ਸਾਰੀ ਰੋਣ ਨਿਕਲ ਗਿਆ । ਮੇਰੇ ਭਣਵਈਏ ਤੇ ਭੈਣ ਨੇ ਮੈਨੂੰ ਜੱਫੀ ਪਾ ਲਈ — ਰਾਹੀ ਜੀ, ਕੋਈ ਫ਼ਿਕਰ ਨਾ ਕਰੋ ਹੁਣ ਟਿਕਾਣੇ ਆ ਗਏ ਹੋ, ਬਿਲਕੁਲ ਠੀਕ ਹੋ ਜਾਉਗੇ ।......ਮੇਰੀ ਭਣੇਵੀਂ ਡਾਕਟਰ ਵੀਨਾ ਸਲੈਚ ਵੀ ਆ ਗਈ । ਮੈਂ ਸਿਰ ਤੇ ਪਿਆਰ ਦਿੱਤਾ । ਇਸ ਨੂੰ ਅਸੀਂ ਗੁੱਡ ਆਖਦੇ ਹਾਂ ਅਤੇ ਭਣੇਵੇਂ ਵਿਨੋਦ ਸਿੰਘ ਨੂੰ ਕਾਕਾ । ਇਹ ਦੋਵੇਂ ਬੱਚੇ ਮੇਰੀ ਭੈਣ ਨੂੰ ਢਿੱਡ ਦਾ ਆਪਰੇਸ਼ਨ ਕਰਾ ਕੇ ਹੋਏ ਸਨ । ਮੈਨੂੰ ਕਾਫ਼ੀ ਸਬਰ ਹੋ ਗਿਆ । ਪੂਰਨ ਸਿੰਘ ਨੇ ਇਹ ਵੀ ਆਖਿਆ ਰਾਹੀ ਜੀ, ਤੁਹਾਨੂੰ ਤਕੜੇ ਕਰਾਂਗੇ ਭਾਵੇਂ ਨੋਟਾਂ ਨਾਲ ਤੋਲਣਾ ਪਏ । ਗੁੱਡ ਇਰਵਨ ਹਸਪਤਾਲ ਦੇ ਨਾਲ ਇਕ ਨਹਿਰੂ ਇੰਸਟੀਚਿਊਟ ਹੈ, ਉਸ ਵਿਚ ਹੱਡੀਆਂ ਦੀ ਡਾਕਟਰ ਸੀ । ਇਰਵਨ ਹਸਪਤਾਲ ਵਿਚ ਹੱਡੀਆਂ ਦੇ ਮਰੀਜ਼ਾਂ ਨੂੰ ਖ਼ਾਸ ਖ਼ਾਸ ਵੇਲੇ ਆ ਕੇ ਵੇਖਦੀ ਸੀ ।

ਜਿਸ ਡਾਕਟਰ ਦੇ ਵਾਰਡ ਵਿਚ ਉਹ ਮੈਨੂੰ ਦਾਖ਼ਲ ਕਰਨਾ ਚਾਹੁੰਦੀ ਸੀ ਉਹ ਡਾਕਟਰ ਗੁੱਡ ਨਾਲ ਮੈਡੀਕਲ ਕਾਲਜ ਵਿਚ ਲੈਕਚਰ ਵੀ ਦਿੰਦਾ ਸੀ । ਕਸ਼ਮੀਰੀ ਪੰਡਿਤ । ਉਹ ਛੁੱਟੀ ਉਤੇ ਸੀ । ਪਰ ਮੇਰੀ ਹਾਲਤ ਵਿਗੜਦੀ ਵੇਖ ਕੇ ਗੁੱਡ ਨੇ ਮੈਨੂੰ ਡਾ: ਸਕਸੈਨਾ ਦੇ ਵਾਰਡ ਵਿਚ ਦਾਖ਼ਲ ਕਰਵਾਇਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਤਵੰਤ ਤੇ ਨਿੱਕੀ ਭੈਣ ਨਾਲ ਸਨ। ਗੁੱਡ ਨੇ ਡਾਕਟਰੀ ਗਾਊਨ ਪਾਇਆ ਹੋਇਆ ਸੀ। ਕਿਸੇ ਰੋਕਿਆ ਨਾ। ਜਿਸ ਡਾਕਟਰ ਕੋਲ ਨਵੇਂ ਮਰੀਜ਼ ਜਾਂਦੇ ਸਨ ਉਸ ਨੇ ਗੁੱਡ ਨੂੰ ਦੇਖ ਕੇ ਕੁਝ ਅੰਗਰੇਜ਼ੀ ਵਿਚ ਪੁੱਛਿਆ, ਉਸ ਨੇ ਦੱਸਿਆ। ਡਾਕਟਰ ਨੇ ਸਾਰੇ ਮਰੀਜ਼ ਛੱਡੇ, ਮੈਨੂੰ ਚੰਗੀ ਤਰ੍ਹਾਂ ਵੇਖ ਕੇ ਇਕ ਨੌਜਵਾਨ ਡਾਕਟਰ ਦੇ ਸਪੁਰਦ ਕਰ ਦਿੱਤਾ। ਉਸ ਨੇ ਦੋ ਘੰਟੇ ਲਾ ਕੇ ਮੇਰੀ ਸਾਰੀ ਹਿਸਟਰੀ ਲਿਖੀ, ਬਿਮਾਰੀ ਸਮੇਤ। ਮੇਰੇ ਪਿਤਾ ਵੀ ਡਾਈਸੈਂਟਰੀ ਨਾਲ ਮਰੇ ਸਨ। ਮੈਨੂੰ ਡਾਇਸੈਂਟਰੀ ਨਾਲ ਪੀਲੀਆ ਹੋਇਆ ਸੀ।......ਇਸ ਦੇ ਬਾਅਦ ਮੈਨੂੰ ਵਾਰਡ ਵਿਚ ਇਕ ਬਿਸਤਰੇ ਉਤੇ ਲਿਟਾ ਦਿੱਤਾ ਗਿਆ। ਹਸਪਤਾਲ ਵਿਚ ਬਹੁਤ ਸਫ਼ਾਈ ਸੀ। ਇਕ ਘੰਟੇ ਬਾਅਦ ਮੇਰੇ ਲਈ ਸਭ ਕੁਝ ਰੱਖ ਕੇ ਖਾਣ ਵਾਲੀ ਥਾਲੀ ਆ ਗਈ। ਚੌਲ, ਸਬਜ਼ੀ, ਖੰਡ, ਦੋ ਕੇਲੇ, ਦੋ ਸੰਤਰੇ, ਗੰਢੇ ਤੋਂ ਬਿਨਾਂ ਸਲਾਦ। (ਗੰਢਾ ਲਸਣ ਉਥੇ ਨਹੀਂ ਸਨ ਵਰਤਦੇ) ਥਾਲੀ ਵੱਲ ਦੇਖ ਕੇ ਆਖਿਆ — ਮੈਨੂੰ ਭੁੱਖ ਨਹੀਂ। ਇਹ ਚੌਲ ਤੇ ਕੇਲਾ ਕਬਜ਼ ਕਰੇਗਾ।......ਇਕ ਪੈਂਤੀਆਂ ਕੁ ਸਾਲਾਂ ਦੀ ਹੈੱਡ ਨਰਸ ਆ ਖਲੋਤੀ — ਦੇਖੋ ਬਾਬਾ ਜੀ, ਆਪ ਕੋ ਕੁਝ ਕਹਿਣੇ ਕੀ ਬਾਤ ਨਹੀਂ ਹੈ, ਜਿਸ ਤਰ੍ਹਾਂ ਹਮ ਚਾਹੇਗਾ ਕਰੇਗਾ। ਯੇ ਸਭ ਥਾਲੀ ਵਾਲਾ ਤੁਮ ਕੋ ਖਾਣਾ ਪੜੇਗਾ। ਉਹ ਕਰਿਸਚਨ ਸੀ।

ਉਥੇ ਇਕ ਵੈਲਫੇਅਰ ਕਮੇਟੀ ਬਣੀ ਹੋਈ ਹੈ। ਉਸ ਦੀ ਅਫ਼ਸਰ ਨੂੰ ਤਨਖ਼ਾਹ ਮਿਲਦੀ ਹੈ। ਬਾਕੀ ਅਮੀਰਾਂ ਦੀਆਂ ਜਨਾਨੀਆਂ ਫਰੀ ਕੰਮ ਕਰਦੀਆਂ ਹਨ। ਇਕ ਤੋਂ ਇਕ ਦੋ ਦੋ ਦਿਨ। ਫੰਡ ਵੀ ਇਕੱਠਾ ਕਰਦੀਆਂ ਹਨ। ਜ਼ਰੂਰਤਮੰਦ ਦੀ ਜ਼ਰੂਰਤ ਪੂਰੀ ਕਰਦੀਆਂ ਹਨ। ਉਸ ਵਿਚ ਮੇਰੀ ਭੈਣ ਦੀ ਇਕ ਬਹੁਤ ਅਮੀਰ ਸਹੇਲੀ ਸੀ, ਜਿਸ ਨੂੰ ਮੈਂ ਪਹਿਲੋਂ ਵੀ ਜਾਣਦਾ ਸਾਂ, ਉਹ ਹਸਪਤਾਲ ਵਿਚ ਸੀ। ਆ ਗਈ — ਭਰਾ ਜੀ, ਤੁਸੀਂ ਕੋਈ ਫ਼ਿਕਰ ਨਾ ਕਰੋ ਖਾਉ ਖਾਉ, ਭੁੱਖ ਆਪੇ ਲੱਗ ਜਾਏਗੀ।......ਮੈਂ ਭੋਜਨ ਖਾਣਾ ਸ਼ੁਰੂ ਕੀਤਾ। ਕੀ ਸੀ ? ਸਾਰਾ ਖਾ ਗਿਆ। ਫਿਰ ਗੁੱਡ ਨਾਲ ਦੋ ਡਾਕਟਰ ਹੋਰ ਆਏ। ਸਤਵੰਤ ਤੇ ਸ਼ਰਨੋਂ ਵੀ ਨਾਲ। ਉਹਨਾਂ ਆਖਿਆ — ਅਸੀਂ ਚੱਲੀਆਂ ਹਾਂ। ਸਭ ਕੁਝ ਤੁਹਾਨੂੰ ਏਥੋਂ ਮਿਲੇਗਾ। ਅਸੀਂ ਵੇਲੇ ਸਿਰ ਰੋਜ਼ ਸ਼ਾਮ ਨੂੰ ਪੰਜ ਵਜੇ ਤੋਂ ਛੇ ਵਜੇ ਤਕ ਆਇਆ ਕਰਾਂਗੇ, ਇਹੋ ਸਮਾਂ ਹੁੰਦਾ ਹੈ ਮਿਲਣ ਦਾ। ਲੌਢੇ ਵੇਲੇ ਮੈਨੂੰ ਦਵਾਈ ਦਿੱਤੀ ਗਈ। ਰਾਤ ਦੀ ਥਾਲੀ ਚਿੱਟ ਵਾਲੀ ਮੇਰੇ ਅੱਗੇ ਆ ਗਈ। ਮੈਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣਾ ਸਰੀਰ ਬਿਲਕੁਲ ਬੇਫ਼ਿਕਰ ਹੋ ਕੇ ਢਿੱਲਾ ਛੱਡ ਦਿੱਤਾ। ਸਮਝਿਆ ਕਿ ਟਿਕਾਣੇ ਆ ਗਿਆ ਹਾਂ, ਚਲੋ ਮਰਾਂ ਭਾਵੇਂ ਜੀਵਾਂ, ਦੋ ਤਿੰਨ ਦਿਨ ਬੇਹੋਸ਼ੀ ਵਿਚ ਬੇ-ਗ਼ਮ ਪਿਆ ਰਿਹਾ। ਫਿਰ ਉਹ ਕਸ਼ਮੀਰੀ ਡਾ: ਜੋ ਦੂਜੇ ਵਾਰਡ ਦਾ ਇੰਚਾਰਜ ਸੀ, ਸਕਸੈਨਾ ਦੇ ਵਾਰਡ ਵਿਚ ਆਇਆ। ਉਸ ਨੂੰ ਪੁੱਛ ਕੇ ਮੈਨੂੰ ਵੇਖਿਆ। ਗੁੱਡ ਨਾਲ ਸੀ। ਮੇਰੀ ਫ਼ਾਈਲ ਵੇਖੀ। ਫਿਰ ਉਸ ਨੇ ਡਾਕਟਰ ਸਕਸੈਨਾ ਤੇ ਹੋਰ ਦੋ ਡਾਕਟਰਾਂ ਨਾਲ ਸਲਾਹ ਕਰਕੇ ਆਖਿਆ — ਤੁਸੀਂ ਇਸ ਦਾ ਇਲਾਜ ਸਿੱਧਾ ਪੀਲੀਏ ਦਾ ਕਰ ਰਹੇ ਹੋ, ਇਸ ਨੂੰ ਪੀਲੀਆ ਡਾਈਸੈਂਟਰੀ ਦੇ ਬਾਅਦ ਹੋਇਆ। ਸਿੱਧਾ ਡਾਈਸੈਂਟਰੀ ਦਾ ਇਲਾਜ ਕਰੋ, ਨਾਲ ਪੀਲੀਏ ਦਾ।......ਸਾਰਿਆਂ ਦੀ ਇਕ ਸਲਾਹ ਹੋ ਗਈ। ਉਥੇ ਪੰਜਾਬੀ ਬਹੁਤ ਸਨ। ਮੈਨੂੰ ਲੰਮੇ ਪਾ ਦਿੱਤਾ ਗਿਆ। ਕਦੀ ਇਸ ਵੱਖੀ, ਕਦੀ ਦੂਜੀ ਵੱਖੀ, ਕਦੇ ਸਿੱਧਾ। ਦੋ ਵਾਰੀ ਮਿੱਠੀ ਚਿੱਟੀ ਦਵਾਈ ਪੀਂਦਿਆਂ ਐਕਸਰੇ ਲਏ। ਸਾਰੇ ਪੰਦਰਾ ਸੋਲ੍ਹਾਂ ਐਕਸਰੇ ਲਏ ਗਏ। ਖ਼ੂਨ ਲਿਆ ਗਿਆ। ਗੋਲੀਆਂ ਤੇ ਕੈਪਸੂਲ ਤਿੰਨ ਵਾਰੀ ਦਿਨੇ, ਇਕ ਵਾਰੀ ਸੌਣ ਲੱਗਿਆਂ। ਟੱਟੀ ਵਗੈਰਾ ਉਠ ਕੇ ਜਾਂਦਾ ਸਾਂ। ਉਦਮੀ ਬਹੁਤ ਸਾਂ, ਕਿਸੇ ਨੂੰ ਆਪਣਾ ਕੰਮ ਥੋੜ੍ਹੇ ਕੀਤੇ ਨਹੀਂ ਕਹਿੰਦਾ। ਵਾਰਡ ਵਿਚ ਇਕ ਮੁਸਲਮਾਨ ਡਾਕਟਰ ਸੀ। ਜਿਸ ਕੋਲ ਚਾਰ ਮਰੀਜ ਸਨ, ਮੈਂ ਵੀ ਉਸ ਕੋਲ ਸਾਂ। ਰੋਜ਼ ਦੋ ਵਾਰੀ ਸਕਸੈਨਾ ਵੀ ਆਉਂਦਾ ਸੀ। ਇਹਨਾਂ ਪੰਦਰਾਂ ਦਿਨਾਂ ਵਿਚ ਮੈਂ ਚੰਗੀ ਤਰ੍ਹਾਂ ਹੋਸ਼ ਫੜ ਗਿਆ ਸਾਂ। ਆਉਣ ਜਾਣ ਵਾਲਿਆਂ ਨਾਲ ਖ਼ੂਬ ਗੱਲਾਂ ਕਰ ਲੈਂਦਾ। ਮੇਰੇ ਡਾਕਟਰ ਨੇ ਮੈਨੂੰ ਆਖਿਆ — ਆਪਕੇ ਜਿਗਰ ਮੈਂ ਛੇਕ ਹੋ ਗਏ ਥੇ ਅਗਰ ਸੋਜਨ ਪੜ ਜਾਤੀ ਤੋ ਫਿਰ ਨਹੀਂ ਬਚ ਸਕਤੇ ਥੇ। ਐਕਸਰੇ ਬਤਾਤੇ ਹੈਂ ਆਪਕੇ ਪੇਟ ਕੀ ਮਸ਼ੀਨ ਬਹੁਤ ਅੱਛੀ ਹੈ, ਮਜਬੂਤ ਔਰ ਤੰਦਰੁਸਤ ਹੈ।......ਕੁਝ ਇਸ ਤਰ੍ਹਾਂ ਮੇਰੀ ਸਮਝ ਪਈ।

ਮੇਰੇ ਚਾਚੇ ਦਾ ਪੁੱਤ ਭਰਾ ਮੈਨੂੰ ਰੋਜ਼ ਸਵੇਰੇ ਉਰਦੂ ਦੀ ਅਖ਼ਬਾਰ ਦੇ ਦੇ ਜਾਂਦਾ। ਬੀਰਾ ਨਾਂ ਸੀ, ਚਾਚੇ ਹਰੀ ਸਿੰਘ ਦਾ ਲੜਕਾ। ਕੋਮਲ ਦੇ ਨਾਲ ਚਾਰ ਕਵੀ, ਦੋ ਕਵਿਤਰੀਆਂ ਮੇਰੀ ਖ਼ਬਰ ਲੈਣ ਆਈਆਂ। ਫਰੂਟ, ਪਰਚੇ, ਰੁਪਏ ਦੇ ਗਏ। ਮੇਰਾ ਜੀਜਾ ਜਗਤ ਸਿੰਘ ਆਉਂਦਾ ਰਿਹਾ। ਇਕ ਦਿਨ ਘੁੱਟ ਪੀਤੀ, ਆ ਗਿਆ। ਉਸ ਨੇ ਚੰਗੀ ਹਾਲਤ ਵਿਚ ਇਕ ਲੰਮੀ ਕਾਰ ਲਈ ਸੀ। ਆਖੇ ਪਹਿਲੋਂ ਰਾਹੀ ਜੀ ਤੁਹਾਨੂੰ ਹੂਟਾ ਦੇਣਾ ਹੈ, ਡਾਕਟਰ ਨਾ ਮੰਨਿਆ। ਰੋਜ਼ ਮੇਰੀ ਭੈਣ ਤੇ ਸਤਵੰਤ ਆਉਂਦੀਆਂ। ਉਥੇ ਦਾਖ਼ਲ ਹੋਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਈ ਜ਼ੁੰਮੇਵਾਰੀ ਵਾਕਿਫ਼ ਬੰਦੇ ਦੀ ਲੈਂਦੇ ਹਨ। ਡਾ: ਨੇ ਮੈਨੂੰ ਆਖਿਆ — ਸੂਗਰ ਖ਼ੂਬ ਖਾਇਆ ਕਰੋ। ਕੇਲੇ, ਸੇਬ, ਪਪੀਤੇ ਇਹ ਮੈਨੂੰ ਆ ਜਾਂਦੇ। ਖੰਡ ਉਥੇ ਮੈਂ ਵੀਹ ਸੇਰ ਪੱਕੀ ਖਾ ਛੱਡੀ ਹੋਏਗੀ। ਡੇਢ ਮਹੀਨੇ ਵਿਚ ਹੋਰਨਾਂ ਨੂੰ ਵੀ ਚੀਜ਼ਾਂ ਦੇ ਦਿੰਦਾ।

ਤੇਰਾ ਸਿੰਘ ਚੰਨ, ਕਰਨਜੀਤ ਸਿੰਘ ਹੋਰ ਮੇਰੇ ਮਿੱਤਰ ਦੋ ਸਾਥੀ ਵੀ ਆਉਂਦੇ ਰਹੇ। ਮੇਰੀ ਕਵਿਤਾ ਸੋਵੀਅਤ ਦੇਸ਼ ਵਿਚ ਛਪੀ ਸੀ, ਉਸ ਦੇ ਪੌਣੇ ਦੋ ਸੌ ਰੁਪਏ ਆਪਣੇ ਦਸਤਖ਼ਤ ਕਰਕੇ ਕਰਨਜੀਤ ਨੇ ਮੈਨੂੰ ਲਿਆ ਦਿੱਤੇ। ਚਿੱਠੀਆਂ ਵੀ ਆਉਣ ਲੱਗ ਪਈਆਂ। ਡੇਰੇ ਦੇ ਮਿੱਤਰਾਂ ਦੀਆਂ ਵੀ, ਚੰਡੀਗੜ੍ਹ ਦਿਆਂ ਦੀਆਂ ਵੀ। ਜਿਹੜੀ ਪੁਸਤਕ ਦੀ ਲੋੜ ਪੈਂਦੀ, ਭਾਪਾ ਪ੍ਰੀਤਮ ਸਿੰਘ ਨਵਯੁਗ ਵਾਲਾ ਘੱਲ ਦਿੰਦਾ। ਉਥੇ ਹੀ ਮੈਂ ਮਾਇਆ ਕੋਵਸਕੀ ਦਾ ਮਹਾਂ-ਕਾਵਿ ਪੜ੍ਹਿਆ। ਲੈਨਿਨ ਬਾਰੇ। ਸੰਤੋਸ਼ ਸਾਹਨੀ ਵੀ ਦਿੱਲੀ ਆਏ। ਮੇਰਾ ਵੱਡਾ ਲੜਕਾ ਵੀ ਦਿੱਲੀ ਆਇਆ। ਮੇਰੀ ਨਿੱਕੀ ਭੂਆ ਪ੍ਰਭੋ ਆਨੰਦ ਗੁਜਰਾਤ ਤੋਂ ਲੜਕੀ ਦਾ ਵਿਆਹ ਕਰਨ ਆਈ, ਮਿਲ ਗਈ। ਆਤਮਜੀਤ ਪਾਰਟੀ ਦੇ ਕੰਮ ਆਇਆ, ਮਿਲ ਗਿਆ। ਵੱਡੀ ਲੜਕੀ ਸੁਖਬੀਰ ਨਾ ਆਈ, ਨਾ ਕੋਈ ਚਿੱਠੀ। ਰਾਜੀ ਧੀ ਅਤੇ ਨਾਗੀ ਦਾਮਾਦ ਜਿਹੜੇ ਲੁਧਿਆਣੇ ਰਹਿੰਦੇ ਸਨ, ਉਹ ਵੀ ਨਾ ਆਏ। ਮੈਂ ਸੋਚੀ ਜਾ ਰਿਹਾ ਸਾਂ ਕੌਣ ਮੇਰਾ ਬਣਿਆ ਹੈ। ਪਹਿਲੇ ਨੰਬਰ ਉਤੇ ਮੇਰੇ ਘਰ ਦੇ ਜੀਅ, ਦੂਜੇ ਨੰਬਰ ਉਤੇ ਮਿੱਤਰ।

ਉਸ ਬਿਸਤਰੇ ਉਤੇ ਮੇਰਾ ਕਾਇਆ ਕਲਪ ਹੋ ਗਿਆ। ਮੇਰੀਆਂ ਸੋਚਾਂ ਦਾ ਵੀ। ਮੈਂ ਸੋਚ ਰਿਹਾ ਸਾਂ ਮੇਰੇ ਅੱਠ ਬੱਚੇ ਹਨ, ਪੰਜ ਲੜਕੀਆਂ, ਤਿੰਨ ਲੜਕੇ। ਤਿੰਨ ਲੜਕੀਆਂ ਵਿਆਹੀਆਂ ਹੋਈਆਂ ਹਨ। ਪੰਜ ਬੱਚੇ ਬਾਕੀ ਹਨ। ਜੇ ਮੈਂ ਮਰ ਜਾਂਦਾ ਤਾਂ ਮੇਰੇ ਘਰ ਦਾ ਕੀ ਬਣਦਾ। ਪਾਰਟੀ ਤੇ ਮੈਨੂੰ ਜਵਾਬ ਦੇ ਚੁੱਕੀ ਸੀ। ਇਕ ਕਿਸਮ ਦਾ ਮੈਂ ਉਹਨਾਂ ਲਈ ਮਰ ਗਿਆ ਸਾਂ। ਖ਼ੂਬ ਸੋਚਿਆ। ਕੀ ਫ਼ੈਸਲਾ ਕਰਾਂ ? ਸੋਚੀ ਜਾ ਰਿਹਾ ਸਾਂ। ਸੱਕੇ ਚਾਚੇ ਦੋਏਂ ਮਰ ਚੁੱਕੇ ਸਨ। ਠੇਕੇਦਾਰੀ ਨਹੀਂ ਕਰ ਸਕਦਾ। ਪਿਛਾਂਹ ਨੂੰ ਕੀਕਣ ਜਾਵਾਂ ? ਜਾ ਹੀ ਨਹੀਂ ਸਕਦਾ। ਬੱਚਿਆਂ ਦਾ ਭਵਿਖ ਘੜੀ ਘੜੀ ਸਾਹਮਣੇ ਆ ਖਲੋਂਦਾ। ਸਾਰਿਆਂ ਬੰਦ ਰਾਹਾਂ 'ਚੋਂ ਇਕ ਖੁੱਲ੍ਹਾ ਰਾਹ ਦਿੱਸਿਆ। ਆਪਣੇ ਸਾਹਿਤ ਨੂੰ ਵਿਕਸਿਤ ਕਰਾਂ। ਕਾਂਗਰਸ ਨਾਲ ਮਿਲ ਕੇ ਕੰਮ ਕਰਾਂ, ਕੋਈ ਲੀਡਰੀ ਨਾ ਲਵਾਂ, ਕਿਉਂਕਿ ਮੇਰੇ ਅੰਦਰੋਂ ਮਾਰਕਸਵਾਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲੈਨਿਨਵਾਦ ਨਹੀਂ ਨਿਕਲ ਸਕਦਾ। ਮੇਰੀ ਰਾਮਗੜ੍ਹੀਆ ਬਰਾਦਰੀ ਵੀ ਇਹੋ ਚਾਹੁੰਦੀ ਸੀ। ਇਸ ਹਿਸਾਬ ਨਾਲ ਮੇਰੇ ਬੱਚੇ ਵੀ ਟਿਕਾਣੇ ਲੱਗ ਜਾਣਗੇ ਅਤੇ ਮੈਂ ਰੱਜ ਕੇ ਸਾਹਿਤਕ ਰਚਨਾ ਵੀ ਕਰ ਸਕਾਂਗਾ। ਪਾਰਟੀ ਦੇ ਅੰਨ੍ਹੇ ਡਿਸਿਪਲਨ ਤੋਂ ਮੁਕਤ ਹੋ ਜਾਵਾਂਗਾ। ਹੋਰ ਮੇਰੇ ਲਈ ਰਾਹ ਨਹੀਂ ਸੀ। ਦਿੱਲੀ ਵੀ ਕੋਈ ਪਾਰਟੀ ਲੀਡਰ ਮੈਨੂੰ ਵੇਖਣ ਨਹੀਂ ਸੀ ਆਇਆ। ਪੰਜਾਬੋਂ ਉਥੇ ਜਾਂਦੇ ਰਹਿੰਦੇ ਸਨ। ਉਂਝ ਪਾਰਟੀ ਵਿਚ ਕੀ ਨਹੀਂ ਸੀ ਹੁੰਦਾ। ਜਿਹੜੇ ਕਾਮਰੇਡ ਮਿਲਣ ਆਉਂਦੇ, ਉਹ ਵੀ ਮਿੱਤਰ ਕਿਸਮ ਦੇ ਸਨ ਜਾਂ ਸਭਿਆਚਾਰਕ। ਮੇਰੇ ਅੰਦਰ ਜਿਉਂ ਜਿਉਂ ਪਾਰਟੀ ਦਾ ਸਲੂਕ ਯਾਦ ਆਉਂਦਾ, ਮੈਂ ਨਿਰਾਸ਼ ਹੋ ਜਾਂਦਾ। ਕਈ ਵਾਰੀ ਅੱਖੀਆਂ ਭਰ ਜਾਂਦੀਆਂ। ਇਕ ਦਿਨ ਇਕ ਖ਼ੂਬਸੂਰਤ ਬੰਦਾ ਮੈਨੂੰ ਮਿਲਣ ਆ ਗਿਆ, ਦੁਪਹਿਰੇ। ਮੇਰੇ ਬੈੱਡ ਕੋਲ ਆ ਕੇ ਪੁੱਛਿਆ — ਤੁਸੀਂ ਰਾਹੀ ਸਾਹਿਬ ਹੋ ?......ਮੈਂ ਕਿਹਾ, ਹਾਂ ਕੀ ਹੁਕਮ ਹੈ।

ਉਸ ਨੇ ਕਿਹਾ — ਮੇਰਾ ਨਾਂ ਕ੍ਰਿਸ਼ਨ ਗੁਪਾਲ ਹੈ। ਮੈਂ ਬਿਜਨਸ ਕਰਦਾ ਹਾਂ, ਚੰਡੀਗੜ੍ਹ। ਏਥੇ ਆਉਣਾ ਸੀ, ਭੂਸ਼ਣ ਹੋਰਾਂ ਅਤੇ ਸ਼ਾਇਰਾਂ ਨੇ ਕਿਹਾ ਸੀ ਤੁਹਾਨੂੰ ਮਿਲ ਕੇ ਆਵਾਂ। ਆਹ ਇਕ ਸੌ ਰੁਪਿਆ ਵੀ ਉਹਨਾਂ ਦਿੱਤਾ ਹੈ। ਹੋਰ ਕੁਝ ਗੱਲਾਂ ਕਰ ਕੇ ਉਹ ਚਲਿਆ ਗਿਆ। ਮੁੜ ਕੇ ਮੈਨੂੰ ਕਦੇ ਨਹੀਂ ਮਿਲਿਆ।

ਮੈਂ ਉਥੇ ਕੁਝ ਨਜ਼ਮਾਂ ਲਿਖੀਆਂ। ਇਕ ਖੁੱਲ੍ਹੀ ਕਵਿਤਾ "ਡਾਕਟਰ" ਲਿਖੀ। ਉਹ ਭੂਸ਼ਣ ਨੂੰ ਘੱਲੀ, ਉਸ ਨੇ ਅੰਗਰੇਜ਼ੀ ਵਿਚ ਅਨੁਵਾਦ ਕਰਕੇ ਘੱਲੀ। ਚੰਦ ਬੰਦ ਇੰਝ ਸਨ :—

ਡਾਕਟਰ,
ਤੇਰੇ ਕਦਮਾਂ ਦੇ ਚੌਗਿਰਦੇ
ਜ਼ਿੰਦਗੀ ਨ੍ਰਿਤ ਕਰ ਰਹੀ ਹੈ
ਮੌਤ ਲੁਕਣ ਲਈ ਕਾਲੇ ਖੂੰਜੇ ਟੋਲਦੀ ਹੈ
ਸਾਇੰਸ ਦੇ ਯੁੱਗ ਦਾ ਤੂੰ ਯੁੱਗ ਪੁਰਸ਼ ਹੈ

ਅੱਗੇ ਜਾ ਕੇ ਫਿਰ ਲਿਖਿਆ ਸੀ, ਕਵਿਤਾ ਲੰਮੀ ਸੀ :—

ਡਾਕਟਰ,
ਰੱਬ ਨੇ ਜ਼ਿੰਦਗੀ ਬੰਦੇ ਨੂੰ ਦੇ ਕੇ
ਉਸ ਤੋਂ ਭਗਤੀ ਮੰਗੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੂੰ ਮਰੀਜ਼ ਨੂੰ ਜ਼ਿੰਦਗੀ ਦੇ ਕੇ ਖ਼ੁਸ਼ੀ ਪ੍ਰਾਪਤ ਕੀਤੀ
ਉਸ ਲਈ ਸਦੀਵੀਂ ਤੰਦਰੁਸਤੀ ਮੰਗੀ,
ਵਿਗੜੇ ਮੌਸਮ ਨੇ ਮਰਜ਼ਾਂ ਘੱਲੀਆਂ,
ਤੂੰ ਦਵਾਈਆਂ ਦਾ ਝੱਖੜ ਝੁਲਾ ਕੇ,
ਉਸ ਦਾ ਭੈੜਾ ਅੰਤ ਕੀਤਾ ।

ਅੱਗੇ ਜਾ ਕੇ ਇਕ ਥਾਂ ਫਿਰ ਲਿਖਿਆ ਹੈ :—

ਡਾਕਟਰ,
ਤੂੰ ਜਿਸ ਦਾ ਖ਼ੂਨ ਲਿਆ ਉਸ ਨੂੰ ਸੂਰਜ ਦਾ ਖ਼ੂਨ ਦਿੱਤਾ,
ਡਾਕਟਰ ?
ਮੈਂ ਰੋਗਾਂ ਤੋਂ ਜ਼ਿੰਦਗੀ ਖੁਹਾ ਕੇ
ਮੌਤ ਕੋਲੋਂ ਡਰ ਕੇ ਤੇਰੇ ਕੋਲ ਭੱਜ ਆਇਆ
ਮੌਤ ਮੇਰੇ ਬੂਹੇ ਉਤੇ ਦਸਤਕ ਦੇ ਰਹੀ ਸੀ ।
ਜੀਵਨ ਆਸ ਮੈਥੋਂ ਦੂਰ ਰੁਸ ਕੇ ਬਹਿ ਗਈ ।
ਮੈਂ ਤੇਰੀ ਸਲਤਨਤ ਵਿਚ ਆ ਕੇ ਝੁੱਕ ਗਿਆ,
ਕਿਉਂਕਿ ਮੈਂ ਅਜੇ ਮਹਾਨ ਬਣਨਾ ਚਾਹੁੰਦਾ ਸਾਂ ।

ਫਿਰ ਹੋਰ ਅੱਗੇ ਕਰਕੇ ਲਿਖਿਆ ਸੀ :—

ਡਾਕਟਰ,
ਤੂੰ ਮੇਰੇ ਸੁਪਨੇ ਮੌਤ ਕੋਲੋਂ ਖੋਹ ਕੇ,
ਜ਼ਿੰਦਗੀ ਨੂੰ ਫੜਾ ਦਿੱਤੇ,
ਤੂੰ ਮੈਨੂੰ ਆਪਣੇ ਮੱਥੇ ਦਾ ਤੇਜ਼ ਦਿੱਤਾ
ਭੋਜਨ ਤੇ ਫਰੂਟ ਦਿੱਤਾ
ਦਵਾਈਆਂ ਤੇਰਾ ਹੁਕਮ ਮੰਨ ਕੇ
ਮੇਰੇ ਅੰਗ ਅੰਗ ਵਿਚ ਸਮਾ ਗਈਆਂ
ਮੈਨੂੰ ਲੰਮੀ ਆਸ ਪੁੰਗਰਦੀ ਜਾਪੀ ।
ਡਾਕਟਰ,
ਤੂੰ ਮੈਥੋਂ ਦੂਰ ਨੱਸੀ ਸੱਤਿਆ ਨੂੰ ਹੁਕਮ ਦਿੱਤਾ,
''ਇਸ ਦੀ ਉਮਰ ਵਿਚ ਪ੍ਰਫੁੱਲਤ ਹੋ ਜਾ''
ਰੁੱਸੀ ਜ਼ਿੰਦਗੀ ਕਲੀ ਵਾਂਗ ਖਿੜ ਕੇ,
ਮੇਰੇ ਅੰਦਰ ਪਸਰ ਗਈ ।
ਡਾਕਟਰ,
ਤੂੰ ਫੇਰ ਮੈਨੂੰ ਇਸ਼ਾਰਾ ਕਰਕੇ ਭਰਮਾਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਸਤਕ ਦਿੰਦੀ ਮੌਤ ਨੂੰ ਆਖ,
ਅੱਖੀਆਂ ਤੋਂ ਦੂਰ ਹੋ ਜਾਏ ।

ਜਿੱਥੇ ਨਜ਼ਮ ਮੁੱਕਦੀ ਸੀ ਉਸ ਦੇ ਆਖ਼ਰੀ ਬੰਦ ਸਨ :—

ਡਾਕਟਰ,
ਅੱਜ ਤੋਂ ਰਚਿਆ ਸਾਹਿਤ
ਮੇਰਾ ਨਹੀਂ ਤੇਰਾ ਹੋਏਗਾ
ਤੇਰੀ ਦਿੱਤੀ ਜ਼ਿੰਦਗੀ ਮੇਰੀ ਪ੍ਰਾਥਨਾ ਹੈ
ਮੇਰਾ ਪ੍ਰਣਾਮ ਕਬੂਲ ਕਰ, ਡਾਕਟਰ ।

10068

ਮੇਰੀ ਭਣੇਵੀਂ ਗੁੱਡ ਨੇ ਦੋ ਕਾਪੀਆਂ ਟਾਈਪ ਕੀਤੀਆਂ । ਇਕ ਇਰਵਨ ਹਸਪਤਾਲ ਦੇ ਰਜਿਸਟਰ ਵਿਚ ਰੱਖ ਦਿੱਤੀ, ਇਕ ਅੰਗਰੇਜ਼ੀ ਟਰਬਿਊਨ ਨੂੰ ਘੱਲ ਦਿੱਤੀ । ਉਥੇ ਮੈਂ ਇਕ ਕਹਾਣੀ ਵੀ ਲਿਖੀ । ਮੈਨੂੰ ਕੁਝ ਹੋਰ ਤਜਰਬੇ ਵੀ ਹੋਏ, ਔਰਤ ਕਿਤਨੀ ਵਫ਼ਾਦਾਰ ਹੋਵੇ, ਡਾਂਗ ਫੜ ਕੇ ਯਾਰਾਂ ਵਾਂਗ ਲੜ ਨਹੀਂ ਸਕਦੀ । ਮੈਂ ਆਮ ਜ਼ਿੰਦਗੀ ਦੀ ਗੱਲ ਕਰਦਾ ਹਾਂ । ਔਰਤ ਸੱਜਣੀ ਔਰਤ ਹੈ । ਯਾਰ ਬੱਸ ਯਾਰ ਨੇ ।......ਮੈਂ ਸੋਚਿਆ ਸੀ, ਜੇਕਰ ਚਾਹੁੰਦੀ ਤਾਂ ਰੂਪਾ ਮੈਨੂੰ ਮਿਲਣ ਆ ਸਕਦੀ ਸੀ । ਉਸ ਕੋਲ ਸੋਰਸ ਸਨ । ਇਕ ਹੋਰ ਮੇਰੀ ਚੰਗੀ ਮਿੱਤਰ ਸੀ, ਮਨਿੰਦਰ ਸੋਹਣੀ ਸੀ । ਸੋਰਸ ਉਸ ਕੋਲ ਵੀ ਹੈ ਸਨ । ਮੈਨੂੰ ਜਦ ਮਿਲਦੀ ਰਹਿੰਦੀ, ਗਲਵਕੜੀ ਪਾਉਂਦੀ — ਜਦ ਤੁਸੀਂ ਯਾਦ ਆਉਂਦੇ ਹੋ, ਤੁਹਾਡੀ ਕਹਾਣੀਆਂ ਦੀ ਕਿਤਾਬ ਕੱਢ ਕੇ ਪੜ੍ਹਨ ਲੱਗ ਪੈਂਦੀ ਹਾਂ । ਦੋਹਾਂ ਕੋਲ ਕਾਰਾਂ ਸਨ, ਫਿਰ ਤੁਰ ਸਕਦੀਆਂ ਸਨ । ਪਰ ਮਰਨ ਸੇਜੇ ਤੇ ਪਏ ਨੂੰ ਮਿਲ ਕੇ ਕੌਣ ਬਦਨਾਮੀ ਸਹੇੜਦਾ ।

ਮੈਂ ਡੇਢ ਮਹੀਨੇ ਪਿਛੋਂ ਘਰ ਆਇਆ । ਫਿਰ ਰੋਜ਼ ਬੁਖ਼ਾਰ ਹੋ ਜਾਣਾ । ਸ਼ਾਮ ਤੋਂ ਲੱਗ ਕੇ ਸਵੇਰ ਤੜਕਸਾਰ ਤਕ ਫਿਰ ਗੁੱਡ ਨੇ ਦਵਾਈ ਲਿਆਉਣੀ । ਪਰ ਆਰਾਮ ਨਾ ਆਇਆ । ਮੁੜ ਕੇ ਹਸਪਤਾਲ ਦਾਖ਼ਲ ਕਰ ਲਿਆ । ਉਹਨਾਂ ਨੇ ਖ਼ੂਨ ਟੈਸਟ ਕੀਤਾ । ਤਿੰਨ ਚਾਰ ਡਾਕਟਰ ਇਕੱਠੇ ਬੈਠੇ । ਸਾਰੀਆਂ ਦਵਾਈਆਂ ਬੰਦ ਕਰ ਦਿੱਤੀਆਂ । ਸਿਰਫ਼ ਬੀ. ਕੰਪਲੈਕਸ ਦਾ ਇਕ ਟੀਕਾ ਲਾਇਆ । ਬੁਖ਼ਾਰ ਠੀਕ ਹੋ ਗਿਆ । ਗੁੱਡ ਨੇ ਦੱਸਿਆ — ਬਹੁਤੀਆਂ ਦਵਾਈਆਂ ਖਾਣ ਕਰਕੇ ਜ਼ੋਰ ਨਾਲ ਬੁਖ਼ਾਰ ਹੋ ਜਾਂਦਾ ਸੀ । ਛੱਬੀ ਜਨਵਰੀ ਮੈਨੂੰ ਹਸਪਤਾਲ ਬੈਡ ਉਤੇ ਹੀ ਆਈ ਸੀ ।

ਫਿਰ ਅਸੀਂ ਡੇਰਾ ਬਾਬਾ ਨਾਨਕ ਆ ਗਏ । ਗਲੀ ਵਾਲੇ ਬੜਾ ਖ਼ੁਸ਼ ਹੋਏ । ਮੇਰੀ ਮਾਤਾ ਨੇ ਪਤਾਸੇ ਵੰਡੇ । ਮੇਰੇ ਅੰਦਰ ਨਵੇਂ ਚਾਅ, ਨਵੀਆਂ ਆਸਾਂ, ਉਭਰਦੇ ਜਜ਼ਬੇ ਮੁੜ ਪੈਦਾ ਹੋ ਗਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY

	Signature	Date
[illegible]		2/7/15
[illegible]		
[illegible]		
[illegible]		
Filing		
E.A.R.		
Any other		
Checked		

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

ਰਾਹੀ ਯਾਰ ਕਿਵੇਂ ਜੀਵਿਆ

Digitized by Arya Samaj Foundation Chennai and eGangotri

(ਸਵੈ-ਜੀਵਨੀ ਦੇ ਪਹਿਲੇ ਭਾਗ ਬਾਰੇ ਪ੍ਰਭਾਵ)

ਜਸਵੰਤ ਸਿੰਘ ਰਾਹੀ ਨੂੰ ਮੈਂ ਪਿਛਲੇ ਪੰਜ ਦਹਾਕਿਆਂ ਤੋਂ ਨੇੜਿਓਂ ਜਾਣਦਾ ਹਾਂ, ਉਨ੍ਹਾਂ ਦਿਨਾਂ ਤੋਂ ਜਿਨ੍ਹਾਂ ਵਿਚ ਉਹਦੀ 'ਸਾਈਕਲ' ਵਾਲੀ ਕਵਿਤਾ ਨੇ ਪਹਿਲੀ ਵਾਰ ਉਸਦੀਆਂ ਧੁੰਮਾਂ ਪਾਈਆਂ ਸਨ ਜਾਂ ਫਿਰ ਉਨ੍ਹਾਂ ਦਿਨਾਂ ਤੋਂ ਜਿਨ੍ਹਾਂ ਵਿਚ ਉਹ ਆਤਮਘਾਤ ਕਰਨ ਦੀ ਠਾਣ ਕੇ ਫਿਲਮ 'ਮੰਗਤੀ' ਵੇਖਣ ਮੈਕਲੌਡ ਰੋਡ ਵਾਲੇ ਮੁੰਡਏ ਨੂੰ ਗਿਆ ਸੀ ਤੇ ਫਿਲਮ ਦੀ ਇੰਟਰਵਲ ਵੇਲੇ ਗੁਰਬਖਸ਼ ਸਿੰਘ 'ਪ੍ਰੀਤਲੜੀ' ਵੱਲੋਂ ਪ੍ਰੀਤ ਨਗਰ ਵਸਾਉਣ ਦੇ ਰੂਪਹਿਲੇ ਸੁਫਨੇ ਦਾ ਇਕ ਕਿਤਾਬਚਾ ਪੜ੍ਹ ਉਹ ਏਹਾ ਸਰੂਰਿਆ ਗਿਆ ਸੀ ਕਿ ਆਪਣਾ ਮੂੰਹ ਮੌਤ ਵਲੋਂ ਮੋੜ ਉਸਨੇ ਜ਼ਿੰਦਗੀ ਵੱਲ ਕਰ ਲਿਆ ਸੀ।

ਰਾਹੀ ਨੇ ਜ਼ਿੰਦਗੀ ਵਿਚ ਥਪੇੜੇ ਵੀ ਬਹੁਤ ਖਾਧੇ ਹਨ ਤੇ ਉਸਦੇ ਸਿਆਸੀ ਵਿਸ਼ਵਾਸ ਵਿਚ ਉਤਾਰ-ਚੜ੍ਹਾਅ ਵੀ ਬਹੁਤ ਆਏ ਹਨ। ਜਦੋਂ ਪਿਛੋਕੜ ਸਾਂਝ ਦਾ ਏਨਾ ਪੁਰਾਣਾ ਤੇ ਏਨਾ ਬਹੁ-ਪੱਖੀ ਹੋਵੇ, ਜਸਵੰਤ ਸਿੰਘ ਰਾਹੀ ਦੀ ਜੀਵਨ ਕਥਾ 'ਮੈਂ ਕਿਵੇਂ ਜੀਵਿਆ' ਨੂੰ ਭਲਾ ਮੈਂ ਸਿਰੇ ਤੋਂ ਸਿਰੇ ਤੱਕ ਕਿਉਂ ਨਾ ਪੜ੍ਹਦਾ ?...

ਰਾਹੀ ਨੇ ਸੱਚ ਦੇ ਜਿੰਨਾ ਨੇੜੇ ਖਲੋ ਕੇ ਆਪਣੀ ਇਹ ਜੀਵਨ ਕਥਾ ਲਿਖੀ ਹੈ, ਮੇਰੀ ਮਾਂ-ਬੋਲੀ ਦੇ ਕਿਸੇ ਵੀ ਸਾਹਿਤਕਾਰ ਨੇ (ਸਣੇ ਗੁਰਬਖਸ਼ ਸਿੰਘ ਦੇ) ਨਹੀਂ ਲਿਖੀ। ਹਰ ਹੋਰ ਲਿਖਣ ਵਾਲੇ ਨੇ, ਕੁਝ ਚੰਗੇ ਪਹਿਲੂਆਂ ਨੂੰ ਲਿਸ਼ਕਾ-ਪੁਸ਼ਕਾ ਕੇ ਤੇ ਕੁਝ ਮਾੜਿਆਂ ਨੂੰ ਦਰੀ-ਕਾਲੀਨ ਦੇ ਹੇਠਾਂ ਲੁਕੋ ਕੇ ਪੇਸ਼ ਕੀਤਾ ਹੈ। ਰਾਹੀ ਦੀ ਇਹ ਪੁਸਤਕ ਮੇਰੇ ਲਈ ਵੱਡੀ ਕਸ਼ਸ਼ ਰੱਖਦੀ ਹੈ।...ਇਹ ਉਸ ਪਿਛੋਕੜ ਉੱਤੋਂ ਪੜਦਾ ਚੁੱਕਦੀ ਹੈ, ਜਿਸ ਦਾ ਫਲ-ਸਰੂਪ ਮੇਰੀ ਡੇਰਾ ਬਾਬਾ ਨਾਨਕ ਦੀ ਪਹਿਲੀ ਫੇਰੀ ਦਾ ਇਕ ਅਮਿਟ ਸੀਨ ਸੀ।...

ਰਾਹੀ ਨੇ ਜ਼ਮਾਨੇ ਦੇ ਬੜੇ ਰੰਗ ਵੇਖੇ ਹਨ. ਢਿੱਡ ਨੂੰ ਝੁਲਸਾ ਦੇਣ ਲਈ ਬਾਲੜੀ ਉਮਰ ਤੋਂ ਹੀ ਕਲਕੱਤੇ ਤੋਂ ਲੈ ਕੇ ਕੋਇਟੇ 'ਤੇ ਉਸ ਤੋਂ ਪਰ੍ਹੇ-ਪਰੇਰੇ ਤੱਕ ਦੇ ਇਲਾਕਿਆਂ ਵਿਚ ਧੱਕੇ-ਧੋੜੇ ਖਾਧੇ ਹਨ। ਵੱਡੇ ਦਰਦ ਹੰਢਾਏ ਹਨ। ਪਰ ਪੈਰ ਸਦਾ ਅੱਗੇ ਵੱਲ ਹੀ ਵਧਾਇਆ ਹੈ ਅਤੇ ਉਮਰ ਦੀ ਡੂੰਘੀ ਹੁੰਦੀ ਜਾ ਰਹੀ ਸ਼ਾਮ ਵਿਚ ਵੀ ਉਹ ਆਪਣੀ ਬੀਮਾਰੀਆਂ ਗ੍ਰਸਤ ਨਿਰਬਲ ਦੇਹ ਨੂੰ ਲੈ ਕੇ ਸਾਹਿਤ ਰਚਨਾ ਦਾ ਕਾਰਜ ਨਿਰੰਤਰ ਨਿਭਾ ਰਿਹਾ ਹੈ ਤੇ ਕਦਮ ਉਤਸ਼ਾਹ ਤੇ ਖੇੜੇ ਦੀ ਦਿਸ਼ਾ ਵੱਲ ਹੀ ਵਧਾ ਰਿਹਾ ਹੈ।

ਸ਼ਾਲਾ ਇਹ ਕਦਮ ਹੋਰ ਚੋਖਾ ਚਿਰ ਵੱਧਦੇ ਰਹਿਣ।

—ਜਗਜੀਤ ਸਿੰਘ ਆਨੰਦ

CC-0. In Public Domain. Gurukul Kangri Collection, Haridwar